VOL NO: 180

abha
Panjab Digital Library

*Original with;*
Punjab Vidhan Sabha
*Digitized by;*
Panjab Digital Library

Vol No- 180 ~~to 182~~

# PUNJAB VIDHAN SABHA

## DEBATES

*Tuesday, the 3rd March, 2009*

**Vol. VI – No. 1**

OFFICIAL REPORT

CONTENTS


| | Page |
|---|---|
| Obituary References | (1) 1 |


**Punjab Vidhan Sabha Secretariat, Chandigarh**

Price : Rs.________.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Tuesday, the 3rd March, 2009*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 2.00 P.M. Mr. Speaker (Sardar Nirmal Singh Kahlon) in the Chair.*

---

## OBITUARY REFERENCES

**ਮਾਨਯੋਗ ਸਪੀਕਰ** : ਆਬੀਚੁਰੀਜ਼। ਲੀਡਰ ਆਫ ਦਿ ਹਾਊਸ, ਸਰਦਾਰ ਪ੍ਰਕਾਸ਼ ਸਿੰਘ ਬਾਦਲ।

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ)** : ਮਾਨਯੋਗ ਸਪੀਕਰ ਸਾਹਿਬ, ਪਿਛਲੇ ਸੈਸ਼ਨ ਤੇ ਹੁਣ ਦੇ ਸੈਸ਼ਨ ਦੇ ਦਰਮਿਆਨ ਸਾਡੇ ਦੇਸ਼ ਦੀਆਂ ਬਹੁਤ ਸਾਰੀਆਂ ਮਹਾਨ ਸ਼ਖਸੀਅਤਾਂ, ਸਾਡੇ ਸਦਨ ਦੇ ਰਹਿ ਚੁੱਕੇ ਮੈਂਬਰ ਸਾਹਿਬਾਨ ਔਰ ਫਰੀਡਮ ਫਾਈਟਰਜ਼ ਜਿਹੜੇ ਹਨ, ਉਹ ਸਾਨੂੰ ਹਮੇਸ਼ਾ ਲਈ ਜੁਦਾਈ ਦੇ ਗਏ ਹਨ। ਮੈਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਸਭ ਤੋਂ ਪਹਿਲਾਂ ਮੈਂ ਡਾਕਟਰ ਆਰ. ਵੈਂਕਟਾਰਮਨ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਜਿਹੜੇ ਸਾਡੇ ਦੇਸ਼ ਦੇ ਪ੍ਰੈਜ਼ੀਡੈਂਟ ਵੀ ਰਹੇ ਹਨ। ਉਹ ਮਿਤੀ 27 ਜਨਵਰੀ, 2009 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 4 ਦਸੰਬਰ, 1910 ਨੂੰ ਤਾਮਿਲਨਾਡੂ ਸਟੇਟ ਵਿੱਚ ਹੋਇਆ। ਉਹ ਦੇਸ਼ ਦੀ ਆਜ਼ਾਦੀ ਤੋਂ ਬਾਅਦ ਜਿਹੜੀ ਪਹਿਲੀ ਪ੍ਰੋਵਿਨਸ਼ੀਅਲ ਪਾਰਲੀਮੈਂਟ ਬਣੀ ਸੀ, ਉਸ ਦੇ ਮੈਂਬਰ ਵੀ ਰਹੇ। ਉਹ ਲੋਕ ਸਭਾ ਦੇ ਦੋ ਦਫਾ ਮੈਂਬਰ ਰਹੇ। ਉਹ ਯੂਨੀਅਨ ਮਨਿਸਟਰ ਆਫ ਫਾਇਨਾਂਸ ਐਂਡ ਇੰਡਸਟਰੀ ਵੀ ਲੰਮਾ ਸਮਾਂ ਰਹੇ। ਮਦਰਾਸ ਲੈਜਿਸਲੇਟਿਵ ਕਾਊਂਸਿਲ ਦੇ ਉਹ 10 ਸਾਲ ਮੈਂਬਰ ਰਹੇ। ਤਾਮਿਲ ਨਾਡੂ ਸਟੇਟ ਗੌਰਮਿੰਟ ਵਿੱਚ ਉਹ ਮਨਿਸਟਰ ਵੀ ਰਹੇ। ਫੇਰ ਉਹ ਦੇਸ਼ ਦੇ ਵਾਈਸ ਪ੍ਰੈਜ਼ੀਡੈਂਟ ਵੀ ਰਹੇ ਔਰ ਉਹ ਅੱਠਵੇਂ ਪ੍ਰੈਜੀਡੈਂਟ ਆਫ ਇੰਡੀਆ ਪੰਜ ਸਾਲ ਲਈ ਰਹੇ। ਉਹ ਬੜੇ ਵੱਡੇ ਫਰੀਡਮ ਫਾਈਟਰ ਸਨ ਔਰ ਕੁਇੱਟ ਇੰਡੀਆ ਮੂਵਮੈਂਟ ਵਿੱਚ ਤਕਰੀਬਨ 2 ਸਾਲ ਡਿਫੈਂਸ ਆਫ ਇੰਡੀਆ ਰੂਲਜ਼ ਦੇ ਤਹਿਤ ਉਨ੍ਹਾਂ ਨੂੰ ਡਿਟੇਨ ਵੀ ਕੀਤਾ ਗਿਆ। ਉਨ੍ਹਾਂ ਦੇ ਚਲੇ ਜਾਣ ਨਾਲ ਅਸੀਂ ਇਕ ਬਹੁਤ ਵੱਡੇ ਪੈਟਰੀਆਟਿਕ ਪਾਰਲੀਮੈਂਟਰੀਅਨ ਅਤੇ ਸਟੇਟਸਮੈਨ ਜੋ ਹਨ, ਉਹ ਖੋ ਗਏ ਹਾਂ ਔਰ ਉਨ੍ਹਾਂ ਦੇ ਚਲੇ ਜਾਣ ਨਾਲ ਜੋ ਘਾਟਾ ਪਿਆ ਹੈ, ਉਹ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਦੂਸਰੇ ਮਹਾਨ ਸ਼ਖਸ ਜੋ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ, ਉਹ ਹਨ ਸ਼੍ਰੀ ਵਿਸ਼ਵਾਨਾਥ ਪ੍ਰਤਾਪ ਸਿੰਘ ਜਿਹੜੇ ਕਿ ਸਾਡੇ ਦੇਸ਼ ਦੇ ਪ੍ਰਾਈਮ ਮਨਿਸਟਰ ਵੀ ਰਹੇ ਹਨ। ਉਹ ਮਿਤੀ 27 ਨਵੰਬਰ, 2008 ਨੂੰ ਸਾਡੇ ਤੋਂ ਜੁਦਾ ਹੋਏ ਹਨ। ਮਿਤੀ 25 ਜੂਨ, 1931

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਨੂੰ ਅਲਾਹਾਬਾਦ (ਉੱਤਰ ਪ੍ਰਦੇਸ਼) ਵਿੱਚ ਉਨ੍ਹਾਂ ਦਾ ਜਨਮ ਹੋਇਆ। ਉਹ ਉੱਤਰ ਪ੍ਰਦੇਸ਼ ਦੀ ਲੈਜਿਸਲੇਚਰ ਦੇ ਮੈਂਬਰ ਵੀ ਰਹੇ, ਉੱਤਰ ਪ੍ਰਦੇਸ਼ ਦੀ ਕਾਊਂਸਿਲ ਦੇ ਮੈਂਬਰ ਵੀ ਰਹੇ ਅਤੇ ਉਹ ਉੱਤਰ ਪ੍ਰਦੇਸ਼ ਰਾਜ ਦੇ ਮੁੱਖ ਮੰਤਰੀ ਵੀ ਰਹੇ। ਪੰਜ ਸਾਲ ਉਹ ਲੋਕ ਸਭਾ ਦੇ ਮੈਂਬਰ ਵੀ ਰਹੇ। ਉਹ ਯੂਨੀਅਨ ਡਿਪਟੀ ਮਨਿਸਟਰ ਫਾਰ ਕਾਮਰਸ ਵੀ ਰਹੇ। ਉਹ ਸਤਵੀਂ ਲੋਕ ਸਭਾ ਦੇ ਮੈਂਬਰ ਵੀ ਚੁਣੇ ਗਏ ਅਤੇ ਰਾਜ ਸਭਾ ਦੇ ਵੀ ਉਹ ਮੈਂਬਰ ਰਹੇ। ਉਹ ਸੈਂਟਰ ਵਿੱਚ ਯੂਨੀਅਨ ਮਨਿਸਟਰ ਫਾਰ ਕਾਮਰਸ ਡਿਫੈਂਸ ਅਤੇ ਫਾਇਨਾਂਸ ਦੇ ਅਹੁਦਿਆਂ ਤੇ ਵੀ ਬਿਰਾਜਮਾਨ ਰਹੇ। ਉਹ ਬਾਅਦ ਵਿੱਚ ਪ੍ਰਾਈਮ ਮਨਿਸਟਰ ਆਫ ਇੰਡੀਆ ਵੀ ਰਹੇ। ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਬਹੁਤ ਗਹਿਰਾ ਘਾਟਾ ਪਿਆ ਹੈ ਜੋ ਕਿ ਨਾ ਪੂਰਾ ਹੋਣ ਵਾਲਾ ਹੈ। ਉਨ੍ਹਾਂ ਦੇ ਚਲੇ ਜਾਣ ਨਾਲ ਦੇਸ਼ ਇਕ ਬਹੁਤ ਵੱਡੇ ਸਟਾਲਵਾਰਟ ਪਾਲੇਟੀਸ਼ੀਅਨ ਅਤੇ ਸੁਯੋਗ ਐਡਮਨਿਸਟਰੇਟਰ ਤੋਂ ਵਾਂਝਾ ਹੋ ਗਿਆ ਹੈ।

ਇਸੇ ਤਰ੍ਹਾਂ ਹੀ ਚੌਧਰੀ ਰਣਬੀਰ ਸਿੰਘ ਜੀ ਹੁੱਡਾ ਸਾਡੇ ਗੁਆਂਢੀ ਸਟੇਟ ਦੇ ਮੁੱਖ ਮੰਤਰੀ ਜੀ ਦੇ ਪਿਤਾ ਜੀ ਸਨ। ਉਹ ਵੀ ਮਿਤੀ 1 ਫਰਵਰੀ, 2009 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਰੋਹਤਕ ਦੇ ਪਿੰਡ ਸੰਗੀ ਵਿਖੇ ਹੋਇਆ ਔਰ ਉਹ ਕਾਂਸਟੀਚੂਐਂਟ ਅਸੈਂਬਲੀ ਜਿਹੜੀ ਬਣੀ, ਜਿਸ ਨੇ ਸਾਡਾ ਵਿਧਾਨ ਬਣਾਇਆ, ਉਸ ਦੇ ਉਹ ਲਾਸਟ ਸਰਵਾਈਵਿੰਗ ਮੈਂਬਰ ਰਹੇ। ਇਸ ਦੇ ਨਾਲ ਹੀ ਪ੍ਰੋਵਿਨਸ਼ੀਅਲ ਪਾਰਲੀਮੈਂਟ ਜਿਹੜੀ ਬਣੀ, ਉਸ ਦੇ ਵੀ ਉਹ ਮੈਂਬਰ ਬਣੇ। ਬਾਅਦ ਵਿੱਚ ਉਹ ਪੰਜਾਬ ਦੀ ਲੈਜਿਸਲੇਟਿਵ ਅਸੈਂਬਲੀ ਦੇ ਮੈਂਬਰ ਵੀ ਰਹੇ ਔਰ ਜੁਆਇੰਟ ਪੰਜਾਬ ਵਿੱਚ ਪਾਵਰ ਐਂਡ ਇਰੀਗੇਸ਼ਨ ਦੇ ਮਨਿਸਟਰ ਵੀ ਰਹੇ। ਉਹ ਹਰਿਆਣਾ ਲੈਜਿਸਲੇਟਿਵ ਅਸੈਂਬਲੀ ਦੇ ਦੋ ਵਾਰ ਮੈਂਬਰ ਵੀ ਰਹੇ। ਉਹ ਰਾਜ ਸਭਾ ਦੇ ਮੈਂਬਰ ਵੀ ਰਹੇ ਅਤੇ ਪਹਿਲੀ ਤੇ ਦੂਜੀ ਲੋਕ ਸਭਾ ਦੇ ਮੈਂਬਰ ਵੀ ਰਹੇ। ਕੁਇਟ ਇੰਡੀਆ ਮੂਵਮੈਂਟ ਵਿੱਚ ਉਨ੍ਹਾਂ ਨੇ ਬੜਾ ਵੱਡਾ ਯੋਗਦਾਨ ਪਾਇਆ। ਤਕਰੀਬਨ ਸਾਢੇ ਤਿੰਨ ਸਾਲ ਉਨ੍ਹਾਂ ਨੇ ਜੇਲ੍ਹ ਵਿੱਚ ਵੀ ਕੱਟੇ। ਉਨ੍ਹਾਂ ਦੀ ਸਾਡੇ ਕੋਲੋਂ ਜੁਦਾਈ ਹੋਈ ਹੈ। ਇਸ ਦੇ ਨਾਲ ਹੀ ਦੇਸ਼ ਦੇ ਇਕ ਮਹਾਨ ਸਪੂਤ ਪੈਟਰੀਔਟਿਕ ਪਾਲੇਟੀਸ਼ੀਅਨ ਅਤੇ ਬੜੇ ਵੱਡੇ ਫਰੀਡਮ ਫਾਈਟਰ ਦਾ ਸਾਡੇ ਕੋਲੋਂ ਵਿਛੋੜਾ ਹੋ ਗਿਆ ਹੈ। ਉਨ੍ਹਾਂ ਦਾ ਸਾਨੂੰ ਬਹੁਤ ਦੁੱਖ ਹੈ।

ਸਪੀਕਰ ਸਾਹਿਬ, ਸਰਦਾਰ ਗੁਰਦੀਪ ਸਿੰਘ ਭੁੱਲਰ ਜੋ ਸਾਡੀ ਇਸ ਵਿਧਾਨ ਸਭਾ ਦੇ ਮੈਂਬਰ ਸਨ, ਉਨ੍ਹਾਂ ਦੀ ਅਚਾਨਕ ਅਤੇ ਬੇਵਕਤੀ ਦੁਖਦਾਈ ਮੌਤ ਦਾ ਸਾਨੂੰ ਬੜਾ ਵੱਡਾ ਸਦਮਾ ਪਹੁੰਚਿਆ ਹੈ। ਉਨ੍ਹਾਂ ਦਾ ਜਨਮ ਪਿੰਡ ਭੁੱਲਰ, ਜ਼ਿਲ੍ਹਾ ਜਲੰਧਰ, ਵਿੱਚ ਹੋਇਆ। ਉਹ ਦੋ ਵਾਰ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੇ ਅਸੈਂਬਲੀ ਦੇ ਮੈਂਬਰ ਰਹੇ। ਉਹ ਇਸ ਸਦਨ ਦੇ ਮੈਂਬਰ ਹੁੰਦੇ ਹੋਏ ਵਿਧਾਨ ਸਭਾ ਦੀ ਪਬਲਿਕ ਅੰਡਰਟੇਕਿੰਗ ਕਮੇਟੀ ਦੇ ਚੇਅਰਮੈਨ ਰਹੇ ਅਤੇ ਹੋਰ ਵੀ ਬਹੁਤ ਸਾਰੀਆਂ ਹਾਊਸ ਦੀਆਂ ਕਮੇਟੀਆਂ ਦੇ ਮੈਂਬਰ ਰਹੇ। ਉਹ ਸ਼੍ਰੋਮਣੀ ਅਕਾਲੀ ਦਲ ਦੀ ਜ਼ਿਲ੍ਹਾ ਜਲੰਧਰ ਦੀ ਵਰਕਿੰਗ ਕਮੇਟੀ ਦੇ ਜਨਰਲ ਸਕੱਤਰ ਵੀ ਰਹੇ ਅਤੇ ਹੁਣ ਵੀ ਵਰਕਿੰਗ ਕਮੇਟੀ ਦੇ ਉਹ ਮੈਂਬਰ ਸਨ। ਉਹ ਬਹੁਤ ਵੱਡੇ ਕੁਰਬਾਨੀ

Original with;
Punjab Vidhan Sabha
Digitized by;
Panjab Digital Library

ਵਾਲੇ ਪਰਿਵਾਰ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਦੇ ਪਿਤਾ ਸਰਦਾਰ ਸੋਹਣ ਸਿੰਘ ਭੁੱਲਰ, ਜਿਸ ਵੇਲੇ ਪੰਜਾਬ ਦੇ ਹੱਕਾਂ ਖਾਤਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਧਰਮ ਯੁੱਧ ਮੋਰਚਾ ਲਗਾਇਆ ਗਿਆ ਤਾਂ ਉਸ ਵਿੱਚ ਉਨ੍ਹਾਂ ਨੇ ਸ਼ਹੀਦੀ ਪ੍ਰਾਪਤ ਕੀਤੀ। ਤੁਸੀਂ ਉਨ੍ਹਾਂ ਦੇ ਪਰਿਵਾਰ ਦੇ ਯੋਗਦਾਨ ਬਾਰੇ ਸੁਣੋਗੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਭੁੱਲਰ ਸਾਹਿਬ ਦੇ ਦਾਦੀ ਜੀ ਵੀ ਪੰਜਾਬ ਦੇ ਹੱਕਾਂ ਅਤੇ ਦੇਸ਼ ਦੇ ਹੱਕਾਂ ਲਈ ਜੇਲ੍ਹ ਵਿੱਚ ਰਹੇ। ਭੁੱਲਰ ਸਾਹਿਬ ਦੇ ਚਲੇ ਜਾਣ ਨਾਲ ਇਸ ਹਾਊਸ ਨੂੰ ਬੜਾ ਵੱਡਾ ਦੁੱਖ ਹੈ। ਅਸੀਂ ਸੋਚ ਵੀ ਨਹੀਂ ਸੀ ਸਕਦੇ ਕਿ ਭੁੱਲਰ ਸਾਹਿਬ ਇੰਨੀ ਛੇਤੀ ਸਾਡੇ ਕੋਲੋਂ ਜੁਦਾ ਹੋ ਜਾਣਗੇ।

ਸਰਦਾਰ ਬਚਨ ਸਿੰਘ ਚੀਮਾ ਵੀ ਇਸ ਹਾਊਸ ਦੇ ਦੋ ਦਫਾ ਮੈਂਬਰ ਰਹੇ। ਉਨ੍ਹਾਂ ਦਾ ਜਨਮ ਪਿੰਡ ਚੀਮਾ, ਜ਼ਿਲ੍ਹਾ ਲੁਧਿਆਣਾ, ਵਿੱਚ ਹੋਇਆ। ਉਹ ਸਮਰਾਲੇ ਲੈਂਡ ਮਾਰਗੇਜ ਬੈਂਕ ਦੇ ਡਾਇਰੈਕਟਰ ਰਹੇ। ਜਿੰਨੀਆਂ ਵੀ ਐਜੀਟੇਸ਼ਨਾਂ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਹਿੱਤਾਂ ਵਾਸਤੇ ਜਾਂ ਦੇਸ਼ ਦੇ ਹਿੱਤਾਂ ਵਾਸਤੇ ਕੀਤੀਆਂ, ਉਨ੍ਹਾਂ ਨੇ ਸਾਰੀਆਂ ਵਿੱਚ ਹੀ ਵਧ ਚੜ੍ਹ ਕੇ ਹਿੱਸਾ ਲਿਆ, ਖਾਸ ਕਰਕੇ ਐਮਰਜੈਂਸੀ ਦੇ ਦਿਨਾਂ ਵਿੱਚ ਉਨ੍ਹਾਂ ਨੇ ਲੰਮਾ ਸਮਾਂ ਜੇਲ੍ਹ ਕੱਟੀ। ਉਨ੍ਹਾਂ ਦੇ ਚਲੇ ਜਾਣ ਦਾ ਵੀ ਸਾਨੂੰ ਬੜਾ ਦੁੱਖ ਤੇ ਅਫਸੋਸ ਹੈ।

ਇਸੇ ਤਰ੍ਹਾਂ ਸਰਦਾਰ ਵਰਿਆਮ ਸਿੰਘ, ਸਾਬਕਾ ਐਮ.ਐਲ.ਏ., ਵੀ ਸਾਥੋਂ ਜੁਦਾ ਹੋ ਗਏ ਹਨ। ਉਨ੍ਹਾਂ ਦਾ ਜਨਮ 1916 ਵਿੱਚ ਹੋਇਆ। ਉਹ ਪੰਜਾਬ ਵਿਧਾਨ ਸਭਾ ਦੇ 1952 ਤੋਂ 1962 ਤੱਕ ਮੈਂਬਰ ਰਹੇ। ਉਨ੍ਹਾਂ ਨੇ ਬਹੁਤ ਸਾਰੀਆਂ ਮੂਵਮੈਂਟਾਂ ਵਿੱਚ ਹਿੱਸਾ ਲਿਆ। ਉਨ੍ਹਾਂ ਨੇ ਮੁਲਤਾਨ ਜੇਲ੍ਹ ਵਿੱਚ ਕੈਦ ਕੱਟੀ। ਉਨ੍ਹਾਂ ਦੇ ਚਲੇ ਜਾਣ ਦਾ ਵੀ ਸਾਨੂੰ ਬੜਾ ਦੁੱਖ ਹੈ ਅਤੇ ਬੜਾ ਵੱਡਾ ਘਾਟਾ ਹੈ।

ਇਸੇ ਤਰ੍ਹਾਂ ਸਰਦਾਰ ਜਗਤ ਸਿੰਘ, ਸਾਬਕਾ ਐਮ.ਐਲ.ਏ, ਮਿਤੀ 15 ਫਰਵਰੀ, 2009, ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਪਿੰਡ ਘੜੂੰਆਂ, ਤਹਿਸੀਲ ਖਰੜ, ਵਿੱਚ ਹੋਇਆ। ਉਹ ਪੰਜਾਬ ਲੈਜਿਸਲੇਟਿਵ ਅਸੈਂਬਲੀ ਦੇ ਕਾਂਗਰਸ ਟਿਕਟ ਤੋਂ ਖਰੜ ਕੰਸਟੀਚਿਊਐਂਸੀ ਤੋਂ ਮੈਂਬਰ ਚੁਣੇ ਗਏ। ਉਹ ਪਰਜਾ ਮੰਡਲ ਦੇ ਐਕਟਿਵ ਮੈਂਬਰ ਸਨ। ਉਨ੍ਹਾਂ ਦੀ ਜੁਦਾਈ ਬੜੀ ਦੁਖਦਾਈ ਹੈ।

ਇਸ ਤਰ੍ਹਾਂ ਹੀ ਅਮਰਨਾਥ ਜੀ, ਸਾਬਕਾ ਐਮ.ਐਲ.ਏ. ਵੀ ਮਿਤੀ 16 ਨਵੰਬਰ, 2008, ਨੂੰ ਸਾਨੂੰ ਜੁਦਾਈ ਦੇ ਗਏ ਹਨ। ਉਨ੍ਹਾਂ ਦਾ ਜਨਮ ਪਿੰਡ ਝੁਨਿਆਲ ਕਰਵਲ (ਪਾਕਿਸਤਾਨ) ਵਿੱਚ ਹੋਇਆ। ਉਹ ਕਾਂਗਰਸ ਵੱਲੋਂ ਨਰੋਟ ਮਹਿਰਾ ਤੋਂ ਮੈਂਬਰ ਰਹੇ। ਉਨ੍ਹਾਂ ਦੇ ਜਾਣ ਦਾ ਵੀ ਗਹਿਰਾ ਸਦਮਾ ਹੈ।

ਹੁਣ, ਸਪੀਕਰ ਸਾਹਿਬ, ਬਹੁਤ ਸਾਰੇ ਫਰੀਡਮ ਫਾਈਟਰ ਜਿਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਅੱਜ ਆਪਾਂ ਇਸ ਹਾਊਸ ਵਿੱਚ ਬੈਠੇ ਹਾਂ ਅਤੇ ਦੇਸ਼ ਅਜ਼ਾਦ ਹੋਇਆ ਹੈ, ਉਨ੍ਹਾਂ ਵਿੱਚੋਂ ਬਹੁਤ ਸਾਰੇ ਸਾਨੂੰ ਜੁਦਾਈ ਦੇ ਗਏ ਹਨ। ਉਨ੍ਹਾਂ ਵਿਚੋਂ ਮੈਂ ਸਰਦਾਰ ਗੁਰਚਰਨ ਸਿੰਘ ਫਰੀਡਮ ਫਾਈਟਰ ਦਾ ਜ਼ਿਕਰ ਕਰਦਾ ਹਾਂ। ਉਹ ਮਿਤੀ 5 ਜਨਵਰੀ, 2009, ਨੂੰ ਸਾਥੋਂ

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਜੁਦਾ ਹੋ ਗਏ ਹਨ। ਉਨ੍ਹਾਂ ਦਾ ਜਨਮ ਪਿੰਡ ਭੈਣੀ ਲਾਹੌਰ ਵਿਖੇ ਹੋਇਆ। ਉਨ੍ਹਾਂ ਨੇ ਕੁਇਟ ਇੰਡੀਆ ਮੂਵਮੈਂਟ ਵਿੱਚ ਹਿੱਸਾ ਲਿਆ ਅਤੇ ਸੈਂਟਰਲ ਜੇਲ੍ਹ ਲਾਹੌਰ ਵਿੱਚ ਕੈਦ ਕੱਟੀ। ਉਹ ਬਹੁਤ ਵੱਡੇ ਫਰੀਡਮ ਫਾਈਟਰ ਸਨ, ਕੁਰਬਾਨੀ ਵਾਲੇ ਸਨ ਅਤੇ ਉਨ੍ਹਾਂ ਤੇ ਅਸੀਂ ਜਿੰਨਾ ਵੀ ਮਾਣ ਕਰ ਸਕੀਏ, ਥੋੜ੍ਹਾ ਹੈ। ਉਨ੍ਹਾਂ ਦੇ ਵਿੱਛੜ ਜਾਣ ਨਾਲ ਵੀ ਸਾਨੂੰ ਬਹੁਤ ਦੁੱਖ ਹੈ।

ਇਸੇ ਤਰ੍ਹਾਂ ਹੀ ਸਰਦਾਰ ਨਰਾਇਣ ਸਿੰਘ, ਸੁਤੰਤਰਤਾ ਸੰਗਰਾਮੀ, ਵੀ ਮਿਤੀ 14.2.2009 ਨੂੰ ਸਵਰਗਵਾਸ ਹੋ ਗਏ ਹਨ। ਉਨ੍ਹਾਂ ਦਾ ਜਨਮ ਪਿੰਡ ਤੇਰਾਂ ਚੱਕ, ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਵਿੱਚ ਹੋਇਆ ਸੀ। ਉਨ੍ਹਾਂ ਨੇ ਵੀ ਜੰਗੇ-ਆਜ਼ਾਦੀ ਵਿੱਚ ਹਿੱਸਾ ਪਾਇਆ ਅਤੇ ਜੇਲ੍ਹਾਂ ਕੱਟੀਆਂ। ਉਨ੍ਹਾਂ ਦੇ ਵੀ ਵਿੱਛੜ ਜਾਣ ਦਾ ਸਾਨੂੰ ਦੁੱਖ ਹੈ।

ਇਸੇ ਤਰ੍ਹਾਂ ਸਰਦਾਰ ਚੰਨਣ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਡੇ ਵਿੱਚੋਂ ਵਿੱਛੜ ਚੁੱਕੇ ਹਨ। ਉਨ੍ਹਾਂ ਨੇ ਆਜ਼ਾਦ ਹਿੰਦ ਫੌਜ ਜੁਆਇਨ ਕੀਤੀ ਅਤੇ ਫਰੀਡਮ ਮੂਵਮੈਂਟ ਵਿੱਚ ਬਹੁਤ ਜ਼ਿਆਦਾ ਯੋਗਦਾਨ ਪਾਇਆ।

ਇਸੇ ਤਰ੍ਹਾਂ ਸਰਦਾਰ ਕਸ਼ਮੀਰਾ ਸਿੰਘ ਜੀ ਵੀ ਸੁਤੰਤਰਤਾ ਸੰਗਰਾਮੀ ਸਨ। ਉਹ ਮਿਤੀ 11.1.2009 ਨੂੰ ਹੁਸ਼ਿਆਰਪੁਰ ਵਿੱਚ ਸਵਰਗਵਾਸ ਹੋ ਗਏ। ਉਨ੍ਹਾਂ ਦਾ ਜਨਮ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿੱਚ ਹੋਇਆ ਸੀ। ਉਹ ਪਹਿਲਾਂ ਸਿੱਖ ਰੈਜਮੈਂਟ ਵਿੱਚ ਭਰਤੀ ਹੋਏ ਅਤੇ ਉਸ ਤੋਂ ਬਾਅਦ ਆਜ਼ਾਦੀ ਸੰਗਰਾਮ ਲਈ ਕੰਮ ਕੀਤਾ। ਉਹ ਜਰਮਨੀ ਵਿੱਚ ਵਾਰ ਪ੍ਰਿਜ਼ਨਰ ਵੀ ਰਹੇ। ਉਨ੍ਹਾਂ ਨੇ ਵੀ ਜੰਗੇ-ਆਜ਼ਾਦੀ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ।

ਸਪੀਕਰ ਸਾਹਿਬ, ਸਰਦਾਰ ਬਲਦੇਵ ਸਿੰਘ ਬੇਦੀ ਵੀ ਮਿਤੀ 17.12.2008 ਨੂੰ ਸਾਡੇ ਤੋਂ ਸਦਾ ਲਈ ਜੁਦਾ ਹੋ ਗਏ ਹਨ। ਉਨ੍ਹਾਂ ਦਾ ਪਿੰਡ ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ, ਵਿੱਚ ਜਨਮ ਹੋਇਆ ਅਤੇ ਉਨ੍ਹਾਂ ਨੇ ਬੜਾ ਲੰਮਾ ਸਮਾਂ ਜੇਲ੍ਹਾਂ ਕੱਟੀਆਂ। ਉਹ ਜ਼ਿਲ੍ਹਾ ਕਾਂਗਰਸ ਕਮੇਟੀ, ਜਲੰਧਰ, ਦੇ ਜਨਰਲ ਸੈਕਟਰੀ ਵੀ ਰਹੇ। ਉਨ੍ਹਾਂ ਦੇ ਵਿੱਛੜ ਜਾਣ ਦਾ ਵੀ ਸਾਨੂੰ ਬਹੁਤ ਦੁੱਖ ਹੈ।

ਸਰਦਾਰ ਸਰਦਾਰਾ ਸਿੰਘ, ਸੁਤੰਤਰਤਾ ਸੰਗਰਾਮੀ, ਵੀ ਸਾਡੇ ਤੋਂ ਜੁਦਾ ਹੋ ਗਏ ਹਨ। ਉਨ੍ਹਾਂ ਦਾ ਜਨਮ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਹੋਇਆ ਸੀ। ਉਨ੍ਹਾਂ ਨੇ ਬੜੀ ਸਰਗਰਮੀ ਨਾਲ ਸੁਤੰਤਰਤਾ ਸੰਗਰਾਮ ਵਿੱਚ ਹਿੱਸਾ ਪਾਇਆ ਅਤੇ ਬੜਾ ਲੰਮਾ ਸਮਾਂ ਜੇਲ੍ਹਾਂ ਵੀ ਕੱਟੀਆਂ। ਉਨ੍ਹਾਂ ਦੇ ਵਿੱਛੜ ਜਾਣ ਦਾ ਵੀ ਸਾਨੂੰ ਬਹੁਤ ਦੁੱਖ ਹੈ।

ਇਸੇ ਤਰ੍ਹਾਂ ਸਰਦਾਰ ਈਸ਼ਰ ਸਿੰਘ, ਸੁਤੰਤਰਤਾ ਸੰਗਰਾਮੀ, ਵੀ ਮਿਤੀ 6.2.2009 ਨੂੰ ਸਾਡੇ ਤੋਂ ਸਦਾ ਲਈ ਜੁਦਾ ਹੋ ਗਏ ਹਨ। ਉਨ੍ਹਾਂ ਦਾ ਜਨਮ ਟਾਲੀਵਾਲਾ ਕੋਟ, ਜ਼ਿਲ੍ਹਾ ਗੁੱਜਰਾਂਵਾਲਾ (ਪਾਕਿਸਤਾਨ), ਵਿੱਚ ਹੋਇਆ। ਉਨ੍ਹਾਂ ਨੇ ਵੀ ਆਜ਼ਾਦੀ ਸੰਗਰਾਮ ਵਿੱਚ

riginal with;
unjab Vidhan Sabha
igitized by;
anjab Digital Library

ਬਹੁਤ ਜ਼ਿਆਦਾ ਯੋਗਦਾਨ ਪਾਇਆ ਅਤੇ ਬਹੁਤ ਵੇਰ ਜੇਲ੍ਹ ਗਏ। ਉਨ੍ਹਾਂ ਦੇ ਵਿੱਛੜ ਜਾਣ ਦਾ ਵੀ ਸਾਨੂੰ ਬਹੁਤ ਦੁੱਖ ਹੈ।

ਸਰਦਾਰ ਬਲਵੰਤ ਸਿੰਘ ਜੀ ਵੀ ਬਹੁਤ ਵੱਡੇ ਫਰੀਡਮ ਫਾਈਟਰ ਸਨ। ਉਹ ਵੀ ਮਿਤੀ 21.1.2009 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਨੇ ਪਿੰਡ ਕਰਨਾਮਾ, ਤਹਿਸੀਲ ਬਟਾਲਾ, ਵਿੱਚ ਜਨਮ ਲਿਆ। ਉਨ੍ਹਾਂ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਜੀ ਨਾਲ ਮਿਲ ਕੇ ਜੰਗੇ-ਆਜ਼ਾਦੀ ਵਿੱਚ ਬਹੁਤ ਯੋਗਦਾਨ ਪਾਇਆ।

ਇਸੇ ਤਰ੍ਹਾਂ, ਸਰਦਾਰ ਹਰਬੰਸ ਸਿੰਘ ਫਰੀਡਮ ਫਾਈਟਰ ਵੀ ਸਾਡੇ ਤੋਂ ਸਦਾ ਲਈ ਜੁਦਾ ਹੋ ਗਏ ਹਨ। ਉਨ੍ਹਾਂ ਦਾ ਜਨਮ ਪਿੰਡ ਗੋਬਿੰਦਪੁਰ (ਪਾਕਿਸਤਾਨ) ਵਿੱਚ ਹੋਇਆ ਸੀ। ਉਨ੍ਹਾਂ ਨੇ 92 ਸਾਲ ਉਮਰ ਭੋਗੀ ਅਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਜੀ ਦੀ ਆਰਮੀ ਵਿੱਚ ਹਿੱਸਾ ਪਾਇਆ। ਉਨ੍ਹਾਂ ਦੇ ਵਿੱਛੜ ਜਾਣ ਦਾ ਸਾਨੂੰ ਬਹੁਤ ਦੁੱਖ ਹੈ।

ਸਪੀਕਰ ਸਾਹਿਬ, ਥੋੜ੍ਹੇ ਦਿਨ ਪਹਿਲਾਂ ਹੀ ਇਕ ਬਹੁਤ ਵੱਡੀ ਘਟਨਾ ਵਾਪਰੀ ਹੈ। ਬਰਨਾਲਾ ਕੋਲ ਇਕ ਐਕਸੀਡੈਂਟ ਹੋਇਆ ਹੈ ਜਿਸ ਵਿੱਚ 10 ਕੀਮਤੀ ਜਾਨਾਂ ਚਲੀਆਂ ਗਈਆਂ ਹਨ ਅਤੇ ਬਹੁਤ ਸਾਰੇ ਲੋਕ ਜ਼ਖ਼ਮੀ ਵੀ ਹੋਏ ਹਨ। ਸਰਕਾਰ ਨੇ ਉਨ੍ਹਾਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਇਕ-ਇਕ ਲੱਖ ਰੁਪਿਆ ਦਿੱਤਾ ਹੈ। ਸਪੀਕਰ ਸਾਹਿਬ, ਜਿਹੜੀਆਂ ਜਾਨਾਂ ਚਲੀਆਂ ਜਾਂਦੀਆਂ ਹਨ, ਉਨ੍ਹਾਂ ਦੀ ਕੋਈ ਕੀਮਤ ਤਾਂ ਨਹੀਂ ਦੇ ਸਕਦਾ, ਪਰ ਸਰਕਾਰਾਂ ਦਾ ਫਰਜ਼ ਹੁੰਦਾ ਹੈ ਕਿ ਉਨ੍ਹਾਂ ਦੇ ਪਰਿਵਾਰਾਂ ਦੀ ਮਾਲੀ ਮੱਦਦ ਕੀਤੀ ਜਾਵੇ। ਇਸ ਲਈ ਸਰਕਾਰ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਇਕ-ਇਕ ਲੱਖ ਰੁਪਿਆ ਅਤੇ ਜ਼ਿਆਦਾ ਜ਼ਖਮੀਆਂ ਨੂੰ 50,000/- ਰੁਪਏ ਅਤੇ ਘੱਟ ਜ਼ਖਮੀਆਂ ਨੂੰ 25,000/- ਰੁਪਏ ਪ੍ਰਤੀ ਵਿਅਕਤੀ ਦਿੱਤੇ ਹਨ।

ਇਸ ਲਈ, ਸਪੀਕਰ ਸਾਹਿਬ, ਮੈਂ ਆਪ ਜੀ ਅਤੇ ਸਮੂਹ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਇਕ ਸ਼ੋਕ ਮਤਾ ਪਾਸ ਕਰਕੇ ਜਿਹੜੀਆਂ ਸ਼ਖਸੀਅਤਾਂ, ਜਿਨ੍ਹਾਂ ਦਾ ਮੈਂ ਜ਼ਿਕਰ ਕੀਤਾ ਹੈ ਅਤੇ ਜਿਹੜੀਆਂ ਸਾਡੇ ਤੋਂ ਸਦਾ ਲਈ ਵਿੱਛੜ ਗਈਆਂ ਹਨ, ਉਨ੍ਹਾਂ ਦੇ ਪਰਿਵਾਰਾਂ ਨੂੰ ਭੇਜ ਕੇ ਉਨ੍ਹਾਂ ਨਾਲ ਦੁੱਖ ਦੀ ਸਾਂਝ ਪਾਈ ਜਾਵੇ ਅਤੇ ਵਾਹਿਗੁਰੂ ਕੋਲ ਅਰਦਾਸ ਕੀਤੀ ਜਾਵੇ ਕਿ ਵਿਛੜੀਆਂ ਰੂਹਾਂ ਨੂੰ ਉਹ ਆਪਣੇ ਚਰਣਾਂ ਵਿੱਚ ਨਿਵਾਸ ਬਖਸ਼ੇ। ਇਹ ਕਹਿ ਕੇ, ਮੈਂ ਫਿਰ ਉਨ੍ਹਾਂ ਮਹਾਨ ਯੋਧਿਆਂ ਨੂੰ, ਫਰੀਡਮ ਫਾਈਟਰਜ਼ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

**ਸਰਦਾਰ ਅਵਤਾਰ ਸਿੰਘ ਬਰਾੜ (ਫਰੀਦਕੋਟ)** : ਸਪੀਕਰ ਸਾਹਿਬ, ਬੇਸ਼ੁਮਾਰ ਲੋਕ ਇਸ ਸੰਸਾਰ ਵਿੱਚ ਆਉਂਦੇ ਹਨ ਅਤੇ ਆਪਣੀ ਜ਼ਿੰਦਗੀ ਦਾ ਪੈਂਡਾ ਤੈਅ ਕਰਕੇ ਇਸ ਸੰਸਾਰ ਤੋਂ ਰੁਖਸਤ ਹੁੰਦੇ ਹਨ। ਬਹੁਤ ਸਾਰੇ ਲੋਕ ਆਪਣੇ ਆਪ ਤੱਕ, ਆਪਣੇ ਪਰਿਵਾਰਾਂ ਤੱਕ ਸੀਮਿਤ ਹੋ ਕੇ ਇਹ ਪੈਂਡਾ ਤੈਅ ਕਰਦੇ ਹਨ ਪਰ ਕੁਝ ਲੋਕ ਐਸੇ ਵੀ ਹੁੰਦੇ ਹਨ ਕਿ ਉਹ ਮੰਜ਼ਲ ਤੈਅ ਕਰਦਿਆਂ ਅਜਿਹੀਆਂ ਪੈੜਾਂ ਛੱਡ ਜਾਂਦੇ ਹਨ ਜਿਨ੍ਹਾਂ ਨੂੰ ਦੇਰ ਤੱਕ

Original with;
Punjab Vidhan Sabha
Digitized by;
Punjab Digital Library

[ ਸਰਦਾਰ ਅਵਤਾਰ ਸਿੰਘ ਬਰਾੜ ]

ਸਮੇਂ ਦੀ ਧੂੜ ਪੂਰ ਨਹੀਂ ਸਕਦੀ। ਅਜਿਹੀਆਂ ਸ਼ਖਸੀਅਤਾਂ ਵਿੱਚੋਂ ਹੀ ਇੱਕ ਮਹਾਨ ਸ਼ਖਸੀਅਤ ਭਾਰਤ ਦੇ ਸਾਬਕਾ ਰਾਸ਼ਟਰਪਤੀ, ਡਾਕਟਰ ਆਰ. ਵੈਂਕਟਾਰਮਨ ਜੀ ਸਨ ਜਿਨ੍ਹਾਂ ਨੂੰ ਅੱਜ ਅਸੀਂ ਸਦਨ ਵਿੱਚ ਸ਼ਰਧਾ ਦੇ ਫੁੱਲ ਭੇਂਟ ਕਰਨ ਜਾ ਰਹੇ ਹਾਂ। ਉਨ੍ਹਾਂ ਨੇ ਆਪਣੀ ਜਵਾਨੀ ਦੀ ਉਮਰੇ ਹੀ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ। ਇਕ ਮਹਾਨ ਦੇਸ਼ ਭਗਤ ਅਤੇ ਸੁਤੰਤਰਤਾ ਸੰਗਰਾਮੀ ਦੇ ਤੌਰ ਤੇ ਦੇਸ਼ ਦੀ ਆਜ਼ਾਦੀ ਲਈ ਬਹੁਤ ਵੱਡਾ ਯੋਗਦਾਨ ਪਾ ਕੇ ਉਨ੍ਹਾਂ ਆਪਣਾ ਬਣਦਾ ਕਿਰਦਾਰ ਦੇਸ਼ ਵਾਸਤੇ ਅਦਾ ਕੀਤਾ। ਉਹ ਵਿਧਾਨ ਸਭਾ ਦੇ ਮੈਂਬਰ ਤੋਂ ਲੈ ਕੇ ਲੋਕ ਸਭਾ ਦੇ ਮੈਂਬਰ ਬਣੇ। ਉਹ ਆਪਣੇ ਸੂਬੇ ਤਾਮਿਲਨਾਡੂ ਵਿੱਚ ਮੰਤਰੀ ਰਹੇ ਔਰ ਫਿਰ ਭਾਰਤ ਸਰਕਾਰ ਵਿੱਚ ਮੰਤਰੀ ਦੇ ਤੌਰ ਤੇ ਸੇਵਾ ਨਿਭਾਈ। ਉਨ੍ਹਾਂ ਨੇ ਦੁਨੀਆਂ ਦੀ ਸਭ ਤੋਂ ਵੱਡੀ ਜਮੂਹਰੀਅਤ ਭਾਰਤ ਦੇ ਪਹਿਲਾਂ ਉਪ ਰਾਸ਼ਟਰਪਤੀ ਤੇ ਫਿਰ ਰਾਸ਼ਟਰਪਤੀ ਹੋਣ ਦਾ ਮਾਣ ਪ੍ਰਾਪਤ ਕੀਤਾ। ਕੋਈ 100 ਸਾਲ ਦੇ ਕਰੀਬ ਭਰਪੂਰ ਜ਼ਿੰਦਗੀ ਗੁਜ਼ਾਰ ਕੇ ਭਾਰਤ ਦਾ ਇਹ ਮਹਾਨ ਸਪੂਤ ਸਾਥੋਂ ਜੁਦਾ ਹੋਇਆ। ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਮਾਨਯੋਗ ਸਪੀਕਰ ਸਾਹਿਬ, ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸਵਰਗਵਾਸੀ ਸ਼੍ਰੀ ਵੀ.ਪੀ. ਸਿੰਘ ਜੀ ਜਿਨ੍ਹਾਂ ਨੂੰ ਸਦਨ ਅੱਜ ਸ਼ਰਧਾ ਦੇ ਫੁੱਲ ਭੇਂਟ ਕਰ ਰਿਹਾ ਹੈ, ਦਾ ਜਨਮ ਮਿਤੀ 23 ਜੂਨ, 1931, ਨੂੰ ਅਲਾਹਾਬਾਦ, ਉੱਤਰ ਪ੍ਰਦੇਸ਼ ਵਿੱਚ ਹੋਇਆ। ਜਿੱਥੇ ਉਨ੍ਹਾਂ ਨੇ ਆਪਣੀ ਉਮਰ ਦੇ 77 ਸਾਲਾਂ ਵਿੱਚ ਵਿਧਾਨ ਪ੍ਰੀਸ਼ਦ, ਵਿਧਾਨ ਸਭਾ ਦੇ ਮੈਂਬਰ ਦੇ ਤੌਰ ਤੇ ਅਤੇ ਫਿਰ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਦੇ ਤੌਰ ਤੇ ਜ਼ਿੰਮੇਂਵਾਰੀ ਨਿਭਾਈ, ਉਥੇ ਉਨ੍ਹਾਂ ਨੇ ਮੈਂਬਰ ਲੋਕ ਸਭਾ, ਮੈਂਬਰ ਰਾਜ ਸਭਾ ਬਣਨ ਉਪਰੰਤ ਕੇਂਦਰ ਵਿੱਚ ਉਪ ਮੰਤਰੀ, ਰਾਜ ਮੰਤਰੀ, ਵਪਾਰ ਮੰਤਰੀ, ਵਿੱਤ ਮੰਤਰੀ ਅਤੇ ਰੱਖਿਆ ਮੰਤਰੀ ਦੇ ਤੌਰ ਤੇ ਦੇਸ਼ ਦੀ ਸੇਵਾ ਕੀਤੀ। ਇਕ ਸਾਲ ਦੇ ਕਰੀਬ ਉਹ ਇਸ ਮਹਾਨ ਦੇਸ਼ ਦੇ ਪ੍ਰਧਾਨ ਮੰਤਰੀ ਵੀ ਰਹੇ। ਸਿਹਤ ਖਰਾਬ ਹੋਣ ਦੇ ਬਾਵਜੂਦ ਅੰਤ ਤੱਕ ਉਹ ਰਾਜਨੀਤੀ ਵਿੱਚ ਸਰਗਰਮ ਰਹੇ। ਬੜੇ ਭਰੇ ਦਿਲ ਨਾਲ ਮੈਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਇਸ ਸਦਨ ਦੇ ਬਜ਼ੁਰਗ ਅਤੇ ਨਿਡਰ ਸੁਤੰਤਰਤਾ ਸੰਗਰਾਮੀ, ਸੱਚੇ ਗਾਂਧੀਵਾਦੀ, ਮਹਾਨ ਦੇਸ਼ ਭਗਤ, ਉਤਮ ਸਾਂਸਦ, ਦੂਰਦਰਸ਼ੀ ਰਾਜ ਨੇਤਾ, ਦ੍ਰਿੜ੍ਹ ਸੰਕਲਪ ਵਾਲੇ, ਧਰਮ ਨਿਰਪੇਖ, ਸੱਚੇ ਰਾਸ਼ਟਰਵਾਦੀ, ਧਰਤੀ ਦੇ ਮਹਾਨ ਸਪੂਤ, ਯੋਗ ਪ੍ਰਸ਼ਾਸਕ ਅਤੇ ਸੰਵਿਧਾਨ ਸਭਾ ਦੇ ਆਖਰੀ ਜੀਵਤ ਮੈਂਬਰ ਚੌਧਰੀ ਰਣਬੀਰ ਸਿੰਘ ਜੀ ਦੀ ਮਿਤੀ 1 ਫਰਵਰੀ, 2009 ਨੂੰ ਹੋਈ ਮੌਤ ਤੇ ਵੀ ਮੈਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ। ਮਾਨਵਤਾ ਨਾਲ ਭਰੇ ਹੋਏ ਚੌਧਰੀ ਰਣਬੀਰ ਸਿੰਘ ਦਾ ਜੀਵਨ, ਨਿਰਸਵਾਰਥ ਸੇਵਾ, ਸੰਘਰਸ਼ ਅਤੇ ਬਲੀਦਾਨ ਸਾਡੇ ਲਈ ਪ੍ਰੇਰਣਾ ਦਾ ਸ੍ਰੋਤ ਹਨ। ਉਨ੍ਹਾਂ ਦਾ ਜਨਮ ਮਿਤੀ 26 ਨਵੰਬਰ, 1914, ਨੂੰ ਜ਼ਿਲ੍ਹਾ ਰੋਹਤਕ ਦੇ ਪਿੰਡ ਸੰਗੀ ਵਿੱਚ ਹੋਇਆ। ਲਾਲਾ ਲਾਜਪਤ ਰਾਏ ਅਤੇ ਸਰਦਾਰ ਭਗਤ ਸਿੰਘ ਦੇ ਪਰਿਵਾਰਾਂ ਦੇ ਨੇੜੇ ਹੋਣ ਕਾਰਨ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਅਗਾਂਹ ਹੋ ਕੇ ਹਿੱਸਾ ਲਿਆ ਅਤੇ ਲੰਬੀ ਜ਼ਿੰਦਗੀ ਗੁਜ਼ਾਰ ਕੇ ਵੱਖ ਵੱਖ ਥਾਵਾਂ ਤੇ ਸੇਵਾ ਕੀਤੀ।

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੇ ਤਿੰਨ ਸਾਲ ਕੈਦ ਕੱਟੀ ਔਰ ਫਿਰ ਉਹ ਸੰਨ 1947 ਤੋਂ ਲੈ ਕੇ ਸੰਨ 1950 ਤੱਕ ਭਾਰਤੀ ਸੰਵਿਧਾਨ ਸਭਾ ਦੇ ਮੈਂਬਰ ਰਹੇ। ਸੰਨ 1950 ਤੋਂ 1952 ਤੱਕ ਉਹ ਅਸਥਾਈ ਲੋਕ ਸਭਾ ਦੇ ਮੈਂਬਰ ਰਹੇ। 1952 ਤੋਂ 1962 ਤੱਕ ਪਹਿਲੀ ਅਤੇ ਦੂਜੀ ਲੋਕ ਸਭਾ ਦੇ ਮੈਂਬਰ ਰਹੇ। 1962 ਤੋਂ 1966 ਤੱਕ ਉਹ ਸੰਯੁਕਤ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ। 1966 ਤੋਂ 1967 ਅਤੇ 1968 ਤੋਂ 1972 ਤੱਕ ਉਹ ਹਰਿਆਣਾ ਵਿਧਾਨ ਸਭਾ ਦੇ ਮੈਂਬਰ ਰਹੇ। ਸੰਨ 1972 ਤੋਂ 1978 ਤੱਕ ਉਹ ਰਾਜ ਸਭਾ ਦੇ ਮੈਂਬਰ ਰਹੇ। ਉਹ ਸੰਯੁਕਤ ਪੰਜਾਬ ਵਿੱਚ ਸਿੰਚਾਈ ਅਤੇ ਬਿਜਲੀ ਮੰਤਰੀ ਰਹੇ ਅਤੇ ਇਸੇ ਸਮੇਂ ਦੌਰਾਨ ਹੀ ਭਾਖੜਾ ਬੰਨ੍ਹ ਦਾ ਨਿਰਮਾਣ ਹੋਇਆ ਅਤੇ ਦੇਸ਼ ਨੂੰ ਸਮਰਪਿਤ ਹੋਇਆ। ਇਸ ਵਾਸਤੇ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਹ 1966-67 ਦੌਰਾਨ ਹਰਿਆਣਾ ਦੇ ਲੋਕ ਨਿਰਮਾਣ ਅਤੇ ਸਿਹਤ ਮੰਤਰੀ ਰਹੇ। ਉਹ ਰਾਜ ਸਭਾ ਵਿੱਚ ਕਾਂਗਰਸ ਸੰਸਦੀ ਪਾਰਟੀ ਦੇ ਉਪ ਨੇਤਾ ਰਹੇ। 31 ਸਾਲ ਵੱਖ ਵੱਖ ਸਦਨਾਂ ਦੇ ਬੇਦਾਗ ਮੈਂਬਰ ਰਹਿਣ ਤੋਂ ਬਾਅਦ ਉਨ੍ਹਾਂ ਨੇ 65 ਸਾਲ ਦੀ ਉਮਰ ਵਿੱਚ ਸਰਗਰਮ ਰਾਜਨੀਤੀ ਤੋਂ ਸੰਨਿਆਸ ਲੈ ਲਿਆ ਅਤੇ ਸੁਤੰਤਰਤਾ ਸੈਨਾਨੀਆਂ ਦੇ ਹਿੱਤਾਂ ਅਤੇ ਸਮਾਜਿਕ ਕਾਰਜਾਂ ਵਿੱਚ ਸਮਰਪਿਤ ਹੋ ਗਏ।

ਉਹ ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੇ ਸੰਵਿਧਾਨ ਸਭਾ ਵਿੱਚ ਕਿਸਾਨਾਂ ਦੀ ਉਪਜ ਨੂੰ ਘੱਟੋ ਘੱਟ ਸਮਰਥਨ ਮੁੱਲ ਨਿਰਧਾਰਿਤ ਕਰਨ ਦਾ ਸੁਝਾਅ ਦਿੱਤਾ ਜਿਸ ਨੂੰ ਮੰਨ ਵੀ ਲਿਆ ਗਿਆ। ਉਨ੍ਹਾਂ ਨੇ ਖੇਤੀ ਤੇ ਇਨਕਮ ਟੈਕਸ ਨੂੰ ਖਤਮ ਕਰਨ ਦੀ ਵਕਾਲਤ ਵੀ ਕੀਤੀ, ਉਸ ਨੂੰ ਵੀ ਮੰਨ ਲਿਆ ਗਿਆ। ਮੈਂ, ਆਪਣੇ ਅਤੇ ਆਪਣੀ ਪਾਰਟੀ ਵੱਲੋਂ ਇਸ ਮਹਾਨ ਸ਼ਖਸੀਅਤ ਨੂੰ ਜਿਥੇ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ, ਉਥੇ ਤੁਹਾਨੂੰ ਇਹ ਵੀ ਬੇਨਤੀ ਕਰਦਾ ਹਾਂ ਕਿ ਇਸ ਮਹਾਨ ਸ਼ਖਸੀਅਤ ਦੀ ਤਸਵੀਰ ਸਾਡੀ ਇਸ ਗੈਲਰੀ ਵਿੱਚ ਲਗਾਈ ਜਾਵੇ।

ਇਸੇ ਤਰ੍ਹਾਂ ਸਾਡੇ ਵਿਧਾਇਕ ਸਰਦਾਰ ਗੁਰਦੀਪ ਸਿੰਘ ਭੁੱਲਰ, ਜਿਨ੍ਹਾਂ ਨਾਲ ਦੋ ਟਰਮ ਮੈਨੂੰ ਵੀ ਕੰਮ ਕਰਨ ਦਾ ਮੌਕਾ ਮਿਲਿਆ ਹੈ, ਅਸੀਂ ਕਮੇਟੀ ਵਿੱਚ ਇਕੱਠੇ ਰਹੇ ਹਾਂ, ਉਹ ਸਾਡੇ ਕੋਲੋਂ ਜੁਦਾ ਹੋ ਗਏ ਹਨ। ਸਰਦਾਰ ਬਚਨ ਸਿੰਘ ਚੀਮਾ, ਸਰਦਾਰ ਵਰਿਆਮ ਸਿੰਘ, ਸਰਦਾਰ ਜਗਤ ਸਿੰਘ ਅਤੇ ਸ਼੍ਰੀ ਅਮਰਨਾਥ ਜੋ ਇਸ ਸਦਨ ਦੇ ਮੈਂਬਰ ਰਹੇ ਹਨ ਅਤੇ ਸਾਡੇ ਕੋਲੋਂ ਵਿੱਛੜ ਗਏ ਹਨ, ਮੈਂ ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਾਡੇ ਦੇਸ਼ ਦੀ ਆਜ਼ਾਦੀ ਵਿੱਚ ਬਹੁਤ ਵਡਮੁੱਲਾ ਹਿੱਸਾ ਪਾਉਣ ਵਾਲੇ ਸੁਤੰਤਰਤਾ ਸੰਗਰਾਮੀ ਸਰਦਾਰ ਗੁਰਚਰਨ ਸਿੰਘ, ਸਰਦਾਰ ਨਰਾਇਣ ਸਿੰਘ, ਸਰਦਾਰ ਚੰਨਣ ਸਿੰਘ, ਸਰਦਾਰ ਕਸ਼ਮੀਰਾ ਸਿੰਘ, ਸਰਦਾਰ ਬਲਦੇਵ ਸਿੰਘ ਬੇਦੀ, ਸਰਦਾਰ ਸਰਦਾਰਾ ਸਿੰਘ, ਸਰਦਾਰ ਈਸ਼ਰ ਸਿੰਘ, ਸਰਦਾਰ ਬਲਵੰਤ ਸਿੰਘ ਢਿੱਲੋਂ, ਸਰਦਾਰ ਹਰਬੰਸ ਸਿੰਘ ਵੀ ਇਸ ਸੰਸਾਰ ਤੋਂ ਚਲੇ ਗਏ ਹਨ, ਮੈਂ ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸ਼੍ਰੀਮਾਨ ਸ਼੍ਰੋਮਣੀ ਕਵੀਸ਼ਰ ਸਰਦਾਰ ਕਰਨੈਲ ਸਿੰਘ ਪਾਰਸ ਜੀ ਜਿਨ੍ਹਾਂ ਨੇ ਪੰਜਾਬ

Original with;
Punjab Vidhan Sabha
Digitized by;
Panjab Digital Library

[ ਸਰਦਾਰ ਅਵਤਾਰ ਸਿੰਘ ਬਰਾੜ ]

ਦੀ ਕਵੀਸ਼ਰੀ ਵਿੱਚ ਲੋਕ ਗਾਇਕ ਹੋਣ ਦੇ ਨਾਤੇ ਬਹੁਤ ਵੱਡਾ ਨਾਮ ਖੱਟਿਆ, ਉਹ ਵੀ ਸਾਡੇ ਕੋਲੋਂ ਪਿਛਲੇ ਦਿਨੀਂ ਜੁਦਾ ਹੋਏ ਹਨ ਅਤੇ ਮੈਂ ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ ਸਮਾਜ ਸੇਵੀ ਅਤੇ ਸਾਬਕਾ ਪ੍ਰਧਾਨ, ਨਗਰ ਕੌਂਸਲ, ਮੱਖੂ ਸ੍ਰੀ ਮੰਗਤ ਰਾਏ ਕਟਾਰੀਆ, ਜੋ ਮੌਜੂਦਾ ਵਿਧਾਇਕ ਨਰੇਸ਼ ਕਟਾਰੀਆ ਦੇ ਮਾਨਯੋਗ ਪਿਤਾ ਜੀ ਸਨ, ਪਿਛਲੇ ਦਿਨੀਂ ਸਵਰਗਵਾਸ ਹੋਏ ਹਨ। ਮੈਂ ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਏਥੇ ਨਾਲ ਹੀ ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਦੋਵਾਂ ਨਾਵਾਂ ਦੀ ਇਸ ਲਿਸਟ ਵਿੱਚ ਸ਼ਮੂਲੀਅਤ ਕੀਤੀ ਜਾਵੇ।

ਸਪੀਕਰ ਸਾਹਿਬ, ਪਿਛਲੇ ਦਿਨੀਂ 27 ਫਰਵਰੀ ਨੂੰ ਜੋ ਭਿਆਨਕ ਹਾਦਸਾ ਬਰਨਾਲਾ ਵਿਖੇ ਹੋਇਆ, ਉਸ ਵਿੱਚ 10 ਵਿਅਕਤੀ ਸਾਡੇ ਕੋਲੋਂ ਜੁਦਾ ਹੋਏ ਹਨ। ਮੈਂ ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਔਰ ਇਨ੍ਹਾਂ ਸ਼ਬਦਾਂ ਨਾਲ ਇਹ ਵੀ ਬੇਨਤੀ ਕਰਦਾ ਹਾਂ ਕਿ ਵਿੱਛੜੇ ਹੋਏ ਵਿਅਕਤੀਆਂ ਦੇ ਪਰਿਵਾਰਾਂ ਨੂੰ ਸ਼ੋਕ ਸੰਦੇਸ਼ ਭੇਜ ਦਿੱਤੇ ਜਾਣ।

**ਸਰਦਾਰ ਜਸਬੀਰ ਸਿੰਘ ਖੰਗੂੜਾ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ 26 ਨਵੰਬਰ, 2008 ਵਾਲੇ ਦੁਖਾਂਤ ਦੇ ਮੁੰਬਈ ਵਿਕਟਮਜ਼ ਦੇ ਨਾਮ ਵੀ ਇਸ ਸ਼ੋਕ ਮਤੇ ਵਿੱਚ ਐਡ ਕਰ ਲਵੋ।

**ਸਥਾਨਕ ਸਰਕਾਰ, ਉਦਯੋਗ ਅਤੇ ਵਪਾਰ ਮੰਤਰੀ (ਸ਼੍ਰੀ ਮਨੋਰੰਜਨ ਕਾਲੀਆ)** : ਮਾਨਯੋਗ ਸਪੀਕਰ ਸਾਹਿਬ, ਵਕਤ ਚਲਦਾ ਰਹਿੰਦਾ ਹੈ, ਆਦਮੀ ਆਉਂਦਾ ਹੈ, ਆਪਣੀ ਭੂਮਿਕਾ ਨਿਭਾਉਂਦਾ ਹੈ ਅਤੇ ਚਲਾ ਜਾਂਦਾ ਹੈ। ਕੁਝ ਲੋਕ ਹਨ ਜਿਹੜੇ ਆਪਣੇ ਲਈ ਜਿਉਂਦੇ ਹਨ ਜਾਂ ਆਪਣੇ ਪਰਿਵਾਰ ਨੂੰ ਪਾਲ ਕੇ ਉਮਰ ਭੋਗ ਕੇ ਚਲੇ ਜਾਂਦੇ ਹਨ। ਕੁਝ ਲੋਕ ਹਨ ਜਿਹੜੇ ਸਮਾਜ ਲਈ ਜਿਉਂਦੇ ਹਨ, ਦੇਸ਼ ਲਈ ਜਿਉਂਦੇ ਹਨ। ਉਨ੍ਹਾਂ ਦਾ ਜੀਵਨ ਇੱਕ ਚਾਨਣ ਮੁਨਾਰਾ ਬਣ ਜਾਂਦਾ ਹੈ ਔਰ ਆਉਣ ਵਾਲੀਆਂ ਨਸਲਾਂ ਨੂੰ ਉਹ ਰੋਸ਼ਨ ਕਰਦਾ ਹੈ। ਪਿਛਲੇ ਸਦਨ ਤੋਂ ਹੁਣ ਤੱਕ ਕਈ ਅਜ਼ੀਮ ਸ਼ਖਸੀਅਤਾਂ, ਜਿਨ੍ਹਾਂ ਨੇ ਆਪਣੇ ਜੀਵਨ ਵਿੱਚ ਐਸੀਆਂ ਘਾਲਣਾਵਾਂ ਘਾਲੀਆਂ ਕਿ ਉਹ ਆਪਣੇ ਸਮਾਜ ਲਈ, ਦੇਸ਼ ਲਈ ਜੀਏ, ਉਹ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਵਿੱਚੋਂ ਇੱਕ ਨਾਮ ਸਾਡੇ ਭਾਰਤ ਦੇ ਰਾਸ਼ਟਰਪਤੀ ਡਾਕਟਰ ਆਰ. ਵੈਂਕਟਰਮਨ ਜੀ ਦਾ ਹੈ। ਉਨ੍ਹਾਂ ਦਾ ਇੱਕ ਲੰਬਾ ਰਾਜਨੀਤਿਕ ਜੀਵਨ ਸੀ ਔਰ ਉਸ ਲੰਬੇ ਰਾਜਨੀਤਿਕ ਜੀਵਨ ਦੇ ਵਿੱਚ ਉਨ੍ਹਾਂ ਨੇ ਵੱਖ ਵੱਖ ਅਹੁਦਿਆਂ ਤੇ ਕੰਮ ਕੀਤਾ, ਜ਼ਿੰਮੇਵਾਰੀ ਨਿਭਾਈ ਔਰ ਦੇਸ਼ ਦੀ ਸੇਵਾ ਕੀਤੀ। ਭਾਰਤ ਦੇ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਉਨ੍ਹਾਂ ਨੇ ਉਪ ਰਾਸ਼ਟਰਪਤੀ ਦੇ ਤੌਰ ਤੇ ਵੀ ਆਪਣੀ ਜ਼ਿੰਮੇਵਾਰੀ ਨਿਭਾਈ। ਉਹ ਯੂਨੀਅਨ ਫਾਈਨਾਂਸ ਮਨਿਸਟਰ ਵੀ ਰਹੇ ਅਤੇ ਯੂਨੀਅਨ ਇੰਡਸਟਰੀ ਮਨਿਸਟਰ ਵੀ ਰਹੇ। ਉਹ ਤਿੰਨ ਵਾਰੀ ਮੈਂਬਰ ਪਾਰਲੀਮੈਂਟ ਦੇ ਤੌਰ ਤੇ ਚੁਣੇ ਗਏ ਔਰ ਅੰਤਰਿਮ ਪਾਰਲੀਮੈਂਟ ਦੇ ਸਦੱਸਯ ਵੀ ਰਹੇ। ਉਨ੍ਹਾਂ ਨੇ ਕੁਇੱਟ ਇੰਡੀਆ

Original with;
Punjab Vidhan Sabha
Digitized by;
Panjab Digital Library

ਮੂਵਮੈਂਟ ਦੇ ਵਿੱਚ ਵੀ ਆਪਣਾ ਵੱਡਾ ਹਿੱਸਾ ਪਾਇਆ। ਸਪੀਕਰ ਸਾਹਿਬ, ਅਜਿਹੀ ਅਜ਼ੀਮ ਸ਼ਖਸੀਅਤ ਦੇ ਚਲੇ ਜਾਣ ਨਾਲ ਦੇਸ਼ ਨੂੰ ਔਰ ਸਮਾਜ ਨੂੰ ਵੀ ਘਾਟਾ ਹੋਇਆ ਹੈ। ਸਪੀਕਰ ਸਾਹਿਬ, ਮੈਂ ਉਨ੍ਹਾਂ ਨੂੰ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾ ਦੇ ਸੁਮਨ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਸਾਡੇ ਦੇਸ਼ ਦੇ ਪੂਰਵ ਪ੍ਰਧਾਨ ਮੰਤਰੀ ਸ਼੍ਰੀ ਵਿਸ਼ਵਾਨਾਥ ਪ੍ਰਤਾਪ ਸਿੰਘ ਜੀ ਸਾਨੂੰ ਮਿਤੀ 27 ਨਵੰਬਰ, 2008, ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਵੀ ਬਹੁਤ ਲੰਮਾ ਰਾਜਨੀਤਕ ਜੀਵਨ ਰਿਹਾ ਔਰ ਉਨ੍ਹਾਂ ਨੇ ਆਪਣੇ ਲੰਮੇ ਰਾਜਨੀਤਿਕ ਜੀਵਨ ਦੇ ਵਿੱਚ ਵੱਖ ਵੱਖ ਅਹੁਦਿਆਂ ਉਤੇ ਕੰਮ ਕੀਤਾ ਹੈ। ਉਹ ਦੋ ਸਾਲ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਰਹੇ, ਉੱਤਰ ਪ੍ਰਦੇਸ਼ ਵਿਧਾਨ ਸਭਾ ਦੇ ਦੋ ਵਾਰੀ ਮੈਂਬਰ ਰਹੇ ਔਰ ਵਿਧਾਨ ਪ੍ਰੀਸ਼ਦ ਦੇ ਮੈਂਬਰ ਵੀ ਰਹੇ। ਇਸੇ ਤਰ੍ਹਾਂ ਉਹ ਕਈ ਵਾਰ ਮੈਂਬਰ ਪਾਰਲੀਮੈਂਟ ਵੀ ਚੁਣੇ ਗਏ। ਉਹ ਯੂਨੀਅਨ ਫਾਈਨਾਂਸ ਮਨਿਸਟਰ ਵੀ ਰਹੇ ਅਤੇ ਯੂਨੀਅਨ ਡਿਫੈਂਸ ਮਨਿਸਟਰ ਵੀ ਰਹੇ। ਉਹ ਮਿਤੀ 5 ਦਸੰਬਰ, 1989, ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਬਣੇ। ਉਨ੍ਹਾਂ ਨੂੰ ਆਪਣੇ ਅੰਤਿਮ ਸਮੇਂ ਦੇ ਵਿੱਚ ਲੰਮੀ ਬਿਮਾਰੀ ਦਾ ਸਾਹਮਣਾ ਕਰਨਾ ਪਿਆ ਲੇਕਿਨ ਉਨ੍ਹਾਂ ਨੇ ਇਸ ਨਾਲ ਵੀ ਸੰਘਰਸ਼ ਕੀਤਾ ਔਰ ਪੂਰੇ ਸੰਘਰਸ਼ ਤੋਂ ਬਾਅਦ ਉਹ ਸਾਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਤੇ ਦੇਸ਼ ਨੂੰ ਵੱਡਾ ਘਾਟਾ ਪਿਆ ਹੈ। ਮੈਂ ਉਨ੍ਹਾਂ ਨੂੰ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾ ਦੇ ਸੁਮਨ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਚੌਧਰੀ ਰਣਬੀਰ ਸਿੰਘ ਹੁੱਡਾ ਜੀ ਜਿਹੜੇ ਕਿ ਭਾਰਤ ਦੀ ਸੰਵਿਧਾਨ ਸਭਾ ਦੇ, ਜਦੋਂ ਸਾਡੇ ਦੇਸ਼ ਦਾ ਕਾਂਸਟੀਚਿਊਸ਼ਨ ਬਣਾਇਆ ਗਿਆ ਸੀ, ਉਸ ਦੇ ਉਹ ਮੈਂਬਰ ਰਹੇ। ਸਪੀਕਰ ਸਾਹਿਬ, ਉਹ ਇਸ ਸਭਾ ਦੇ ਇਕੋ ਇਕ ਜੀਵਤ ਮੈਂਬਰ ਸਨ। ਉਹ ਮਿਤੀ 1 ਫਰਵਰੀ, 2009 ਨੂੰ ਅਕਾਲ ਚਲਾਣਾ ਕਰ ਗਏ ਹਨ। ਜਦੋਂ ਸਾਂਝਾ ਪੰਜਾਬ ਸੀ ਤਾਂ ਉਹ ਦੋ ਵਾਰੀ ਪੰਜਾਬ ਵਿਧਾਨ ਸਭਾ ਦੇ ਮੈਂਬਰ ਵੀ ਚੁਣੇ ਗਏ। ਉਹ ਹਰਿਆਣਾ ਵਿਧਾਨ ਸਭਾ ਦੇ ਸਦੱਸਯ ਵੀ ਰਹੇ। ਉਨ੍ਹਾਂ ਨੇ ਸੁਤੰਤਰਤਾ ਸੰਗਰਾਮ ਦੇ ਵਿੱਚ ਵੀ ਆਪਣਾ ਹਿੱਸਾ ਪਾਇਆ। ਉਹ ਹਰਿਆਣਾ ਦੇ ਮੁੱਖ ਮੰਤਰੀ, ਚੌਧਰੀ ਭੁਪਿੰਦਰ ਸਿੰਘ ਹੁੱਡਾ ਦੇ ਪਿਤਾ ਜੀ ਸਨ। ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਤੇ ਸਾਨੂੰ ਘਾਟਾ ਪਿਆ ਹੈ। ਮੈਂ ਉਨ੍ਹਾਂ ਨੂੰ ਵੀ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾ ਦੇ ਸੁਮਨ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਸ ਤੋਂ ਅੱਗੇ ਇਸ ਅਜ਼ੀਮ ਹਾਊਸ ਦੀ ਇਕ ਮਹਾਨ ਸ਼ਖਸੀਅਤ ਸਰਦਾਰ ਗੁਰਦੀਪ ਸਿੰਘ ਭੁੱਲਰ ਸਾਨੂੰ ਮਿਤੀ 28 ਦਸੰਬਰ, 2008, ਨੂੰ ਸਦੀਵੀ ਵਿਛੋੜਾ ਦੇ ਗਈ ਹੈ। ਉਹ ਪਹਿਲੀ ਵਾਰੀ 1997 ਦੇ ਵਿੱਚ ਇਸ ਸਦਨ ਦੇ ਮੈਂਬਰ ਚੁਣੇ ਗਏ ਸਨ। ਸਪੀਕਰ ਸਾਹਿਬ, ਉਹ ਅਜਿਹੇ ਵਿਅਕਤੀ ਸਨ, ਜੋ ਕਿ ਬਹੁਤ ਹੀ ਮਿੱਠ ਬੋਲੜੇ ਸਨ ਅਤੇ ਹਰੇਕ ਨੂੰ ਪਿਆਰ ਕਰਦੇ ਸਨ। ਮੈਂ ਉਨ੍ਹਾਂ ਨੂੰ ਕਦੇ ਵੀ ਗੁੱਸੇ ਨਾਲ ਜਾਂ

Original with;
Punjab Vidhan Sabha
Digitized by;
Panjab Digital Library

[ ਸਥਾਨਕ ਸਰਕਾਰ, ਉਦਯੋਗ ਅਤੇ ਵਪਾਰ ਮੰਤਰੀ ]

ਉਚੀ ਬੋਲਦਿਆਂ ਨਹੀਂ ਸੁਣਿਆ। ਉਹ ਹਮੇਸ਼ਾ ਹੱਸ ਕੇ ਮਿਲਦੇ ਸਨ। ਸਪੀਕਰ ਸਾਹਿਬ, ਉਨ੍ਹਾਂ ਦੀਆਂ ਆਪਣੀਆਂ ਪਿਛਲੀਆਂ ਜ਼ਿੰਮੇਵਾਰੀਆਂ ਪਈਆਂ ਸਨ ਜਿਹੜੀਆਂ ਕਿ ਉਨ੍ਹਾਂ ਨੇ ਅਜੇ ਨਿਭਾਉਣੀਆਂ ਸਨ। ਸਪੀਕਰ ਸਾਹਿਬ, ਜੇਕਰ ਕੋਈ ਸ਼ਖਸੀਅਤ ਠੀਕ ਉਮਰ ਭੋਗ ਕੇ ਅਕਾਲ ਚਲਾਣਾ ਕਰ ਜਾਂਦੀ ਹੈ ਤਾਂ ਉਸ ਦੇ ਬਾਰੇ ਇਹ ਕਹਿ ਦਿੱਤਾ ਜਾਂਦਾ ਹੈ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਤੋਂ ਸੁਰਖਰੂ ਹੋ ਗਿਆ ਹੈ। ਲੇਕਿਨ ਇਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਤੇ ਜਿੱਥੇ ਉਨ੍ਹਾਂ ਦੇ ਪਰਿਵਾਰ ਨੂੰ ਘਾਟਾ ਪਿਆ ਹੈ, ਉਥੇ ਸਾਡੇ ਇਸ ਪ੍ਰਦੇਸ਼ ਨੂੰ ਵੀ ਔਰ ਦੇਸ਼ ਨੂੰ ਵੀ ਘਾਟਾ ਪਿਆ ਹੈ। ਉਹ ਮੇਰੇ ਪਰਮ ਮਿੱਤਰ ਵੀ ਸਨ। ਇਕ ਅਜਿਹੇ ਸੂਝਵਾਨ ਸਿਆਸਤਦਾਨ ਦੇ ਅਕਾਲ ਚਲਾਣਾ ਕਰ ਜਾਣ ਤੇ ਮੈਨੂੰ ਨਿਜੀ ਤੌਰ ਤੇ ਵੀ ਬਹੁਤ ਘਾਟਾ ਪਿਆ ਹੈ। ਮੈਂ ਉਨ੍ਹਾਂ ਨੂੰ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾ ਦੇ ਸੁਮਨ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਸਾਬਕਾ ਵਿਧਾਇਕ ਸਰਦਾਰ ਬਚਨ ਸਿੰਘ ਚੀਮਾ ਜਿਹੜੇ ਇਸ ਅਜ਼ੀਮ ਸਦਨ ਦੇ ਦੋ ਵਾਰੀ ਸਦੱਸਯ ਰਹੇ। ਉਹ ਲੈਂਡ ਮਾਰਟਗੇਜ ਬੈਂਕ ਦੇ ਡਾਇਰੈਕਟਰ ਵੀ ਰਹੇ ਔਰ ਉਨ੍ਹਾਂ ਨੇ ਐਮਰਜੈਂਸੀ ਦੇ ਦੌਰਾਨ ਜੇਲ੍ਹ ਵੀ ਕੱਟੀ। ਮੈਂ ਉਨ੍ਹਾਂ ਨੂੰ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾ ਦੇ ਸੁਮਨ ਭੇਂਟ ਕਰਦਾ ਹਾਂ।

ਸਰਦਾਰ ਵਰਿਆਮ ਸਿੰਘ, ਸਾਬਕਾ ਵਿਧਾਇਕ, ਜਿਹੜੇ ਕਿ ਮਿਤੀ 19 ਅਕਤੂਬਰ, 2008 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ, ਉਹ ਇਸ ਮਹਾਨ ਸਦਨ ਦੇ 1952 ਤੋਂ ਲੈ ਕੇ 1962 ਤੱਕ ਸਦੱਸਯ ਰਹੇ। ਉਨ੍ਹਾਂ ਨੇ ਸੱਤਿਆਗ੍ਰਹਿ ਅੰਦੋਲਨ ਵਿੱਚ ਭਾਗ ਲਿਆ। ਕਾਂਗਰਸ ਕਮੇਟੀ, ਅੰਮ੍ਰਿਤਸਰ ਦੇ ਉਹ ਪ੍ਰਧਾਨ ਰਹੇ। ਮੈਂ ਉਨ੍ਹਾਂ ਨੂੰ ਵੀ ਸ਼ਰਧਾ ਸੁਮਨ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ, ਸਾਬਕਾ ਵਿਧਾਇਕ ਸਰਦਾਰ ਜਗਤ ਸਿੰਘ ਮਿਤੀ 15 ਫਰਵਰੀ, 2009 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ 1980 ਵਿੱਚ ਖਰੜ ਵਿਧਾਨ ਸਭਾ ਕਾਂਸਟੀਚੂਐਂਸੀ ਤੋਂ ਚੁਣੇ ਗਏ ਅਤੇ ਇਸ ਅਜ਼ੀਮ ਸਦਨ ਦੇ ਸਦੱਸਯ ਰਹੇ। ਮੈਂ ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾ ਸੁਮਨ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ, ਸ਼੍ਰੀ ਅਮਰਨਾਥ, ਸਾਬਕਾ ਵਿਧਾਇਕ ਮਿਤੀ 15 ਨਵੰਬਰ, 2008, ਨੂੰ ਅਕਾਲ ਚਲਾਣਾ ਕਰ ਗਏ ਹਨ। ਉਹ ਨਰੋਟ ਮਹਿਰਾ ਕਾਂਸਟੀਚੂਐਂਸੀ ਤੋਂ ਇਸ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਉਨ੍ਹਾਂ ਦੇ ਦੁਖਦਾਈ ਸਦੀਵੀ ਵਿਛੋੜੇ ਨਾਲ ਪੰਜਾਬ ਇੱਕ ਮਹਾਨ ਸਿਆਸਤਦਾਨ ਤੋਂ ਸਦਾ ਲਈ ਵਾਂਝਾ ਹੋ ਗਿਆ ਹੈ। ਮੈਂ ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾਂਜ਼ਲੀ ਦਿੰਦਾ ਹਾਂ। ਇਸੇ ਤਰ੍ਹਾਂ, ਮਾਨਯੋਗ ਸਪੀਕਰ ਸਾਹਿਬ, ਇਸ ਸਮੇਂ ਦੌਰਾਨ 9 ਆਜ਼ਾਦੀ ਘੁਲਾਟੀਏ ਜਿਨ੍ਹਾਂ ਵਿੱਚ ਸਰਦਾਰ ਗੁਰਚਰਨ ਸਿੰਘ, ਸਰਦਾਰ ਨਰਾਇਣ ਸਿੰਘ, ਸਰਦਾਰ ਚੰਨਣ ਸਿੰਘ, ਸਰਦਾਰ ਕਸ਼ਮੀਰਾ ਸਿੰਘ, ਸਰਦਾਰ ਬਲਦੇਵ ਸਿੰਘ ਬੇਦੀ, ਸਰਦਾਰ ਸਰਦਾਰਾ ਸਿੰਘ, ਸਰਦਾਰ ਈਸ਼ਰ ਸਿੰਘ, ਸਰਦਾਰ ਬਲਵੰਤ ਸਿੰਘ ਢਿੱਲੋਂ ਅਤੇ

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਬੰਸ ਸਿੰਘ ਸ਼ਾਮਲ ਹਨ, ਇਹ 9 ਸੁਤੰਤਰਤਾ ਸੰਗਰਾਮੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਨ੍ਹਾਂ ਦੇ ਸੁਤੰਤਰਤਾ ਸੰਗਰਾਮ ਵਿੱਚ ਵਡਮੁੱਲੇ ਹਿੱਸੇ ਕਾਰਨ ਅਸੀਂ ਅੱਜ ਆਜ਼ਾਦੀ ਦੀ ਲੋਅ ਮਾਣ ਰਹੇ ਹਾਂ। ਮੈਂ ਇਨ੍ਹਾਂ ਸਾਰਿਆਂ ਨੂੰ ਆਪਣੇ ਦਿਲ ਦੀ ਗਹਿਰਾਈ ਤੋਂ ਸ਼ਰਧਾ ਸੁਮਨ ਭੇਂਟ ਕਰਦਾ ਹਾਂ। ਇਸੇ ਤਰ੍ਹਾਂ ਮਿਤੀ 27.2.09 ਨੂੰ ਬਰਨਾਲਾ ਵਿਖੇ ਇਕ ਬੱਸ ਹਾਦਸਾ ਹੋਇਆ ਜਿਸ ਵਿੱਚ 10 ਬੇਸ਼ਕੀਮਤੀ ਜਾਨਾਂ ਗਈਆਂ। ਉਨ੍ਹਾਂ ਪ੍ਰਤੀ ਵੀ ਮੈਂ ਆਪਣੀ ਸ਼ਰਧਾਂਜਲੀ ਅਰਪਿਤ ਕਰਦਾ ਹਾਂ।

ਇਸੇ ਤਰ੍ਹਾਂ ਹੀ ਮੁੰਬਈ ਵਿੱਚ ਜੋ ਹਾਦਸਾ 26 ਨਵੰਬਰ ਨੂੰ ਹੋਇਆ ਅਤੇ ਦੇਸ਼ ਦੀ ਏਕਤਾ, ਅਖੰਡਤਾ ਉੱਪਰ ਜਿਸ ਤਰ੍ਹਾਂ ਪਾਕਿਸਤਾਨ ਤੋਂ ਆਏ ਅੱਤਵਾਦੀਆਂ ਨੇ ਹਮਲਾ ਕੀਤਾ ਅਤੇ ਉਸ ਹਾਦਸੇ ਵਿੱਚ ਜਿਹੜੇ ਸ਼ਹੀਦ ਹੋਏ ਹਨ, ਮੈਂ ਉਨ੍ਹਾਂ ਨੂੰ ਵੀ ਸ਼ਰਧਾ ਸੁਮਨ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਨ੍ਹਾਂ ਤੋਂ ਇਲਾਵਾ ਸਾਡੇ ਇਸ ਹਾਊਸ ਦੇ ਸਦੱਸਯ ਅਤੇ ਮੰਤਰੀ ਸ੍ਰੀ ਤਿਕਸ਼ਨ ਸੂਦ ਦੇ ਪਿਤਾ ਜੀ ਸ੍ਰੀ ਜਗਦੀਸ਼ ਰਾਮ ਸੂਦ ਇਸ ਸਮੇਂ ਦੌਰਾਨ ਮਿਤੀ 28.11.08 ਨੂੰ ਅਕਾਲ ਚਲਾਣਾ ਕਰ ਗਏ। ਉਹ ਉਸ ਵਕਤ 92 ਵਰ੍ਹਿਆਂ ਦੇ ਸਨ। ਉਨ੍ਹਾਂ ਨੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਵੀ ਕੰਮ ਕੀਤਾ। ਉਨ੍ਹਾਂ ਨੇ ਦੇਸ਼ ਦੀ ਆਰਮੀ ਵਿੱਚ ਆਪਣੀਆਂ ਸੇਵਾਵਾਂ ਦਿੱਤੀਆਂ। ਉਨ੍ਹਾਂ ਨੇ ਸਿਵਲ ਸਰਵਿਸ ਵਿੱਚ ਵੀ ਕੰਮ ਕੀਤਾ। ਸਪੀਕਰ ਸਾਹਿਬ, ਸਾਡੀ ਸੰਸਕ੍ਰਿਤੀ ਅਨੁਸਾਰ ਜੀਵਨ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ : ਬ੍ਰਹਮਚਰਿਆ, ਗ੍ਰਿਹਿਸਥ, ਵਾਣਪ੍ਰਸਥ ਅਤੇ ਸੰਨਿਆਸ। ਉਨ੍ਹਾਂ ਨੇ ਇਹ ਗੱਲ ਯਥਾਰਥ ਕਰਕੇ ਦਿਖਾਈ। ਅੰਤ ਸਮੇਂ ਉਨ੍ਹਾਂ ਨੇ ਸੰਨਿਆਸ ਲੈ ਲਿਆ। ਉਨ੍ਹਾਂ ਦੇ ਦੋ ਬੇਟਿਆਂ ਵਿਚੋਂ ਇੱਕ ਸ੍ਰੀ ਤਿਕਸ਼ਨ ਸੂਦ, ਜੋ ਕਿ ਇਸ ਹਾਊਸ ਦੇ ਸਦੱਸਯ ਹਨ, ਮੰਤਰੀ ਹਨ। ਉਨ੍ਹਾਂ ਦੇ ਸੰਸਕਾਰਾਂ ਦੇ ਸਦਕਾ ਹੀ, ਜਿਹੜੇ ਸੰਸਕਾਰ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਦਿੱਤੇ, ਸ੍ਰੀ ਤਿਕਸ਼ਨ ਸੂਦ ਜੀ ਅਤੇ ਪ੍ਰਮੋਦ ਸੂਦ ਜੀ ਇਸ ਮੁਕਾਮ ਤੇ ਹਨ। ਮੈਂ ਇਨ੍ਹਾਂ ਦੇ ਪਿਤਾ ਜੀ ਨੂੰ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾ ਸੁਮਨ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ ਹੀ ਮੈਂਬਰ ਪਾਰਲੀਮੈਂਟ ਸ੍ਰੀ ਅਵਿਨਾਸ਼ ਰਾਏ ਖੰਨਾ ਜੀ ਦੇ ਪਿਤਾ ਜੀ ਸ੍ਰੀ ਸੁਰਿੰਦਰ ਕੁਮਾਰ ਖੰਨਾ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਦਿਹਾਂਤ 19 ਅਕਤੂਬਰ, 2008, ਨੂੰ ਹੋਇਆ। ਉਸ ਵੇਲੇ ਉਹ 72 ਵਰ੍ਹਿਆਂ ਦੇ ਸਨ। ਆਪਣੀ ਉਮਰ ਦੇ 35 ਵਰ੍ਹੇ ਉਨ੍ਹਾਂ ਨੇ ਬਤੌਰ ਮਿਊਂਸਿਪਲ ਕਮਿਸ਼ਨਰ ਸੇਵਾ ਕੀਤੀ। ਉਨ੍ਹਾਂ ਨੇ ਸੇਵਾ ਭਾਰਤੀ ਵਿੱਚ ਬਤੌਰ ਪ੍ਰਧਾਨ ਕੰਮ ਕੀਤਾ। ਡਿਸਟ੍ਰਿਕਟ ਬਾਰ ਐਸੋਸੀਏਸ਼ਨ ਦੇ ਉਹ ਮੈਂਬਰ ਰਹੇ। ਸਨਾਤਨ ਧਰਮ ਸਭਾ ਦੇ ਉਹ ਮੈਂਬਰ ਰਹੇ। ਉਨ੍ਹਾਂ ਦੇ ਸੰਸਕਾਰਾਂ ਸਦਕਾ ਸ੍ਰੀ ਅਵਿਨਾਸ਼ ਰਾਏ ਖੰਨਾ ਪਿਛਲੇ ਸਮੇਂ ਇਸ ਹਾਊਸ ਦੇ ਮੈਂਬਰ ਰਹੇ ਔਰ ਹੁਣ ਪਿਛਲੀ ਪਾਰਲੀਮੈਂਟ ਦੇ ਵਿੱਚ ਉਨ੍ਹਾਂ ਨੇ ਮੈਂਬਰ ਪਾਰਲੀਮੈਂਟ ਦੇ ਤੌਰ ਤੇ ਹੁਸ਼ਿਆਰਪੁਰ ਲੋਕ ਸਭਾ ਕਾਂਸਟੀਚੂਐਂਸੀ ਦੀ ਨੁਮਾਇੰਦਗੀ ਕੀਤੀ। ਉਨ੍ਹਾਂ ਦੇ ਸੰਸਕਾਰਾਂ ਸਦਕਾ ਹੀ ਸ੍ਰੀ ਅਵਿਨਾਸ਼

Original with;
Punjab Vidhan Sabha
Digitized by;
Panjab Digital Library

[ ਸਥਾਨਕ ਸਰਕਾਰ, ਉਦਯੋਗ ਅਤੇ ਵਪਾਰ ਮੰਤਰੀ ]

ਰਾਏ ਖੰਨਾ ਜੀ ਇਸ ਉੱਚ ਅਹੁਦੇ ਤੇ ਪਹੁੰਚੇ। ਮੈਂ ਸ਼੍ਰੀ ਸੁਰਿੰਦਰ ਕੁਮਾਰ ਖੰਨਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਨੂੰ ਪ੍ਰਾਰਥਨਾ ਕਰਦਾ ਹਾਂ ਕਿ ਲੀਡਰ ਆਫ਼ ਦਿ ਹਾਊਸ ਨੇ ਜੋ ਮਤਾ ਲਿਆਂਦਾ ਹੈ, ਮੈਂ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਚਾਹੁੰਦਾ ਹਾਂ ਕਿ ਇਹ ਦੋਵੇਂ ਨਾਂ ਵੀ ਉਸ ਸ਼ੋਕ ਮਤੇ ਵਿੱਚ ਸ਼ਾਮਲ ਕਰ ਲਏ ਜਾਣ। ਧੰਨਵਾਦ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.) :** ਮਾਨਯੋਗ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ

*"ਆਗਾਹ ਅਪਨੀ ਮੌਤ ਸੇ ਕੋਈ ਬਸ਼ਰ ਨਹੀਂ, ਸਾਮਾਨ ਸੌ ਬਰਸ ਕਾ, ਪਲ ਕੀ ਖਬਰ ਨਹੀਂ।"*

ਮੌਤ ਕਿਸੇ ਨੂੰ ਕਦੋਂ ਆ ਜਾਣੀ ਹੈ, ਇਸ ਦਾ ਭੇਦ ਪ੍ਰਮਾਤਮਾ ਨੇ ਆਪਣੇ ਕੋਲ ਰੱਖਿਆ ਹੋਇਆ ਹੈ। ਲੇਕਿਨ ਮੌਤ ਇੱਕ ਅਟੱਲ ਸਚਾਈ ਹੈ। ਗੁਰਬਾਣੀ ਵਿੱਚ ਵੀ ਆਉਂਦਾ ਹੈ।

*"ਦਇਆ ਕਰੋ ਦੀਨ ਕੇ ਦਾਤੇ*
*ਮੇਰਾ ਗੁਣ ਅਵਗੁਣ ਨਾ ਬੀਚਾਰੋ ਕੋਈ॥*
*ਮਾਟੀ ਕਾ ਕਿਆ ਧੋਪੈ ਸੁਆਮੀ*
*ਮਾਨਸ ਕੀ ਗਤ ਏਹੀ॥"*

ਆਖਰ ਮੌਤ ਨੇ ਹਰ ਕਿਸੇ ਨੂੰ ਆਪਣੇ ਸ਼ਿਕੰਜੇ ਵਿੱਚ ਜਕੜਨਾ ਹੈ। ਪਰ ਕੁਝ ਸ਼ਖਸੀਅਤਾਂ ਆਪਣੇ ਜੀਵਨ ਵਿੱਚ ਅਜਿਹੇ ਸੱਚੇ ਸੁੱਚੇ ਕੰਮ ਕਰ ਜਾਂਦੀਆਂ ਹਨ ਅਤੇ ਦੇਸ਼ ਤੇ ਕੌਮ ਦੀ ਸੇਵਾ ਕਰਦੀਆਂ ਹਨ, ਆਪਣੇ ਸੂਬੇ ਦੀ ਸੇਵਾ ਕਰ ਜਾਂਦੀਆਂ ਹਨ, ਜਿਨ੍ਹਾਂ ਨੂੰ ਫਿਰ ਅਜਿਹੇ ਵੱਡੇ ਸਦਨ ਵਿੱਚ ਸ਼ਰਧਾਂਜਲੀ ਭੇਂਟ ਕੀਤੀ ਜਾਂਦੀ ਹੈ। ਉਨ੍ਹਾਂ ਵਿਚੋਂ ਡਾਕਟਰ ਆਰ. ਵੈਂਕਟਾਰਮਨ, ਸਾਬਕਾ ਰਾਸ਼ਟਰਪਤੀ, ਸ਼੍ਰੀ ਵਿਸ਼ਵਾਨਾਥ ਪ੍ਰਤਾਪ ਸਿੰਘ, ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਜੀ, ਚੌਧਰੀ ਰਣਬੀਰ ਸਿੰਘ ਹੁੱਡਾ, ਸਾਬਕਾ ਮੰਤਰੀ ਪੰਜਾਬ ਅਤੇ ਸਾਬਕਾ ਮੰਤਰੀ ਹਰਿਆਣਾ; ਜੋ ਕਿ ਬਹੁਤ ਹੀ ਨੇਕ ਅਤੇ ਸੱਚੀਆਂ ਸੁੱਚੀਆਂ ਸ਼ਖਸੀਅਤਾਂ ਦੇ ਮਾਲਕ ਸਨ, ਉਨ੍ਹਾਂ ਦਾ ਚਲੇ ਜਾਣਾ ਬਹੁਤ ਹੀ ਦੁਖਦਾਈ ਹੈ। ਸਪੀਕਰ ਸਾਹਿਬ, ਗੁਰਬਾਣੀ ਵਿੱਚ ਆਉਂਦਾ ਹੈ :

*"ਫਰੀਦਾ ਦਰਿਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ*
*ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ॥*
*ਬਾਜ ਪਏ ਤਿਸ ਰਬ ਦੇ ਕੇਲਾਂ ਵਿਸਰੀਆਂ॥*
*ਜੋ ਮਨਿ ਚਿਤਿ ਨ ਚੇਤੇ ਸਨਿ ਜੋ ਗਾਲੀਂ ਰਬ ਕੀਆਂ॥"*

ਅੱਜ ਬਹੁਤ ਹੀ ਦੁਖੀ ਹਿਰਦੇ ਨਾਲ ਇਹ ਗੱਲ ਮੈਂ ਕਹਿ ਰਿਹਾ ਹਾਂ ਕਿ ਸਾਡੇ ਬਹੁਤ ਹੀ ਸਤਿਕਾਰਯੋਗ ਸਰਦਾਰ ਗੁਰਦੀਪ ਸਿੰਘ ਭੁੱਲਰ ਜੀ, ਜੋ ਕਿ ਇਸ ਸਦਨ ਦੇ ਮੈਂਬਰ ਸਨ,

riginal with;
unjab Vidhan Sabha
igitized by;
unjab Digital Library

ਉਹ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਬਹੁਤ ਹੀ ਛੋਟੀ ਉਮਰ ਦੇ ਸਨ ਅਤੇ ਅਜੇ ਲਗਭੱਗ 48 ਕੁ ਵਰ੍ਹੇ ਦੇ ਹੀ ਹੋਏ ਸਨ। ਉਹ ਸਰਕਾਰੀ ਕਾਰੋਬਾਰ ਕਮੇਟੀ ਦੇ ਚੇਅਰਮੈਨ ਵੀ ਸਨ ਅਤੇ ਮੈਨੂੰ ਬਤੌਰ ਮੈਂਬਰ ਉਨ੍ਹਾਂ ਦੇ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਮੈਂ ਉਨ੍ਹਾਂ ਨੂੰ ਬੜੇ ਨੇੜੇ ਤੋਂ ਦੇਖਿਆ ਹੈ। ਉਹ ਬਹੁਤ ਹੀ ਸ਼ਾਂਤ, ਬਹੁਤ ਹੀ ਨਿਮਰਤਾ ਵਾਲੇ ਅਤੇ ਲਿਆਕਤ ਵਾਲੇ ਇਨਸਾਨ ਸਨ। ਉਨ੍ਹਾਂ ਦੇ ਚਲੇ ਜਾਣ ਨਾਲ ਪਰਿਵਾਰ ਨੂੰ ਜਾਂ ਸ਼੍ਰੋਮਣੀ ਅਕਾਲੀ ਦਲ ਨੂੰ ਹੀ ਨਹੀਂ, ਬਲਕਿ ਪੂਰੇ ਪੰਜਾਬ ਨੂੰ ਅਤੇ ਇਸ ਸਦਨ ਨੂੰ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਇਕ ਵਾਰ ਗੱਲ ਕੀਤੀ ਸੀ ਕਿ ਐਮ.ਐਲ.ਏ. ਜ਼ਰੂਰੀ ਨਹੀਂ ਕਿ ਬਹੁਤ ਅਮੀਰ ਘਰ ਵਿੱਚੋਂ ਬਣ ਕੇ ਆਏ। ਲੋਕ ਗਰੀਬਾਂ ਨੂੰ ਵੀ ਮਾਣ ਬਖ਼ਸ਼ ਦਿੰਦੇ ਹਨ। ਇਕ ਸਵਾਲ ਖੜ੍ਹਾ ਹੋ ਗਿਆ ਹੈ ਕਿ ਐਮ.ਐਲ.ਏ. ਦੀ ਅਚਾਨਕ ਇਸ ਤਰ੍ਹਾਂ ਜੇ ਮੌਤ ਹੋ ਜਾਵੇ ਤਾਂ ਉਸ ਦੇ ਪਰਿਵਾਰ ਦੀ ਪਿੱਛੋਂ ਕੀ ਸਕਿਉਰਟੀ ਹੈ ? ਮੈਂ ਇਸ ਮੌਕੇ ਤੇ ਬੇਨਤੀ ਕਰ ਦੇਣੀ ਚਾਹੁੰਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਇਕ ਵੱਡੀ ਪਿਰਤ ਹੈ ਕਿ ਜੇਕਰ ਇਨ੍ਹਾਂ ਦੇ ਕਿਸੇ ਲੀਡਰ ਦੀ ਇਸ ਤਰ੍ਹਾਂ ਦੇ ਤਰੀਕੇ ਨਾਲ ਬਾਈਚਾਂਸ ਕਿਸੇ ਕਰੋਪੀ ਨਾਲ ਮੌਤ ਹੋ ਜਾਵੇ ਤਾਂ ਆਮ ਤੌਰ ਤੇ ਇਹ ਉਨ੍ਹਾਂ ਦੇ ਪਰਿਵਾਰ ਵਿਚੋਂ ਕਿਸੇ ਨੂੰ ਅੱਗੇ ਟਿਕਟ ਦੇ ਕੇ ਨਿਵਾਜ ਦਿੰਦੇ ਹਨ। ਇਸ ਤਰ੍ਹਾਂ ਉਸ ਦੇ ਪਰਿਵਾਰ ਦਾ ਪਿਛੋਂ ਗੁਜ਼ਾਰਾ ਵਧੀਆ ਚਲ ਜਾਂਦਾ ਹੈ। ਉਹ ਐਮ.ਐਲ.ਏ. ਬਣ ਕੇ ਆਪਣੇ ਪਰਿਵਾਰ ਦੀ ਵੀ ਸੇਵਾ ਕਰ ਲੈਂਦੇ ਹਨ। ਮੈਂ ਇੱਕ ਬੜੇ ਨਜ਼ਦੀਕੀ ਪਰਿਵਾਰ ਨੂੰ ਜਾਣਦਾ ਹਾਂ ਜਿਨ੍ਹਾਂ ਨਾਲ ਇਸ ਤਰ੍ਹਾਂ ਹੋਇਆ। ਚਾਹੀਦਾ ਇਹ ਹੈ ਕਿ ਜੇਕਰ ਕਿਸੇ ਮਾਨਯੋਗ ਐਮ.ਐਲ.ਏ. ਦੀ ਡੈੱਥ ਹੋ ਜਾਂਦੀ ਹੈ ਤਾਂ ਸਰਕਾਰ ਉਸ ਪਰਿਵਾਰ ਨੂੰ ਨੌਕਰੀ ਆਫਰ ਕਰੇ ਅਤੇ ਉਸ ਪਰਿਵਾਰ ਦੀ ਸਿਕਿਉਰਟੀ ਦਾ ਧਿਆਨ ਰੱਖੇ।

ਮਾਨਯੋਗ ਸਪੀਕਰ ਸਾਹਿਬ, ਅੱਜ ਬਹੁਤ ਹੀ ਸਤਿਕਾਰਯੋਗ ਆਜ਼ਾਦੀ ਘੁਲਾਟੀਆਂ ਨੂੰ ਸ਼ਰਧਾਂਜਲੀ ਦੇਣ ਲਈ ਤੁਸੀਂ ਮੈਨੂੰ ਹੁਕਮ ਕੀਤਾ ਹੈ :

*"ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁੱਖਲੀਆਂ ਨੇ,*
*ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।"*

ਜਿਨ੍ਹਾਂ ਸਾਡੇ ਆਜ਼ਾਦੀ ਘੁਲਾਟੀਆਂ ਨੇ ਆਪਣੀਆਂ ਜਾਨਾਂ ਦਾਅ ਤੇ ਲਗਾ ਕੇ ਸਾਨੂੰ ਆਜ਼ਾਦੀ ਦੁਆਈ, ਉਨ੍ਹਾਂ ਵਿੱਚ ਸਰਦਾਰ ਗੁਰਚਰਨ ਸਿੰਘ ਜੀ, ਸਰਦਾਰ ਨਰਾਇਣ ਸਿੰਘ ਜੀ, ਸਰਦਾਰ ਚੰਨਣ ਸਿੰਘ ਜੀ, ਸਰਦਾਰ ਕਸ਼ਮੀਰਾ ਸਿੰਘ ਜੀ, ਸਰਦਾਰ ਬਲਦੇਵ ਸਿੰਘ ਬੇਦੀ ਜੀ, ਸਰਦਾਰ ਸਰਦਾਰਾ ਸਿੰਘ ਜੀ, ਸਰਦਾਰ ਈਸ਼ਰ ਸਿੰਘ ਜੀ, ਸਰਦਾਰ ਬਲਵੰਤ ਸਿੰਘ ਜੀ, ਸਰਦਾਰ ਹਰਬੰਸ ਸਿੰਘ ਜੀ ਅਤੇ ਮੇਰੇ ਆਪਣੇ ਪਿੰਡ ਦੇ ਸਰਦਾਰ ਰਾਮ ਸਿੰਘ ਜੀ ਸ਼ਾਮਲ ਹਨ ਜੋ ਭੜੋਲੀ ਦੇ ਜੰਮਪਲ ਸਨ। ਇਹ ਆਜ਼ਾਦੀ ਘੁਲਾਟੀਏ ਸਾਨੂੰ ਛੱਡ ਕੇ ਚਲੇ ਗਏ ਹਨ। ਮੈਂ ਇਨ੍ਹਾਂ ਸਾਰਿਆਂ ਨੂੰ ਆਪਣੇ ਵੱਲੋਂ ਅਤੇ ਆਪਣੇ ਆਜ਼ਾਦ ਸਾਥੀ ਐਮ.ਐਲ.ਏਜ਼ ਸ਼੍ਰੀ ਮਦਨ ਲਾਲ ਠੇਕੇਦਾਰ ਜੀ, ਸ਼੍ਰੀ ਇਕਬਾਲ ਸਿੰਘ ਝੂੰਦਾਂ ਜੀ, ਸਰਦਾਰ

Original with;
Punjab Vidhan Sabha
Digitized by;
Panjab Digital Library

[ ਸਰਦਾਰ ਚਰਨਜੀਤ ਸਿੰਘ ਚੰਨੀ ]

ਸੰਗਤ ਸਿੰਘ ਗਿਲਜੀਆਂ ਜੀ ਅਤੇ ਸਰਦਾਰ ਅਜੀਤ ਸਿੰਘ ਸ਼ਾਂਤ ਜੀ ਵੱਲੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ ਅਤੇ ਨਾਲ ਹੀ ਬਰਨਾਲਾ ਵਿਖੇ ਬੱਸ ਐਕਸੀਡੈਂਟ ਵਿੱਚ ਜਿਹੜਾ ਨੁਕਸਾਨ ਹੋਇਆ ਹੈ, ਉਸ ਲਈ ਮੈਂ ਸੀ.ਐਮ. ਸਾਹਿਬ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਪ੍ਰਤੀ ਵਿਅਕਤੀ ਇੱਕ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਹੈ। ਮੈਂ ਉਸ ਟ੍ਰੇਜਡੀ ਦੇ ਮ੍ਰਿਤਕਾਂ ਨੂੰ ਆਪਣੇ ਸ਼ਰਧਾ ਸੁਮਨ ਭੇਟ ਕਰਦਾ ਹਾਂ। ਇਸ ਦੇ ਨਾਲ ਹੀ ਸ਼੍ਰੀ ਤਿਕਸ਼ਨ ਸੂਦ ਜੀ ਦੇ ਪਿਤਾ ਜੀ ਸ਼੍ਰੀ ਜਗਦੀਸ਼ ਰਾਮ ਸੂਦ ਜੀ ਵੀ ਸਾਨੂੰ ਵਿਛੋੜਾ ਦੇ ਗਏ ਹਨ। ਮੈਂ ਉਥੇ ਭੋਗ ਤੇ ਵੀ ਗਿਆ ਸੀ ਅਤੇ ਉਥੇ ਦੇਖਿਆ ਕਿ ਉਹ ਲੋਕਾਂ ਦੇ ਬਹੁਤ ਹੀ ਹਰਮਨ ਪਿਆਰੇ ਅਤੇ ਸਤਿਕਾਰਯੋਗ ਵਿਅਕਤੀ ਸਨ। ਉਨ੍ਹਾਂ ਨੂੰ ਵੀ ਮੈਂ ਆਪਣੇ ਸ਼ਰਧਾ ਸੁਮਨ ਭੇਟ ਕਰਦਾ ਹਾਂ। ਅਖੀਰ ਵਿੱਚ ਮੈਂ ਇਹੀ ਕਹਿਣਾ ਚਾਹੁੰਦਾ ਹਾਂ :

*ਸੰਬਤਿ ਸਾਹਾ ਲਿਖਿਆ*
*ਮਿਲਿ ਕਰਿ ਪਾਵਹੁ ਤੇਲੁ॥*
*ਦੇਹੁ ਸਜਣ ਅਸੀਸੜੀਆ*
*ਜਿਉ ਹੋਵੈ ਸਾਹਿਬ ਸਿਉ ਮੇਲੁ॥"*

ਜੈ ਹਿੰਦ।

**ਸਰਦਾਰ ਵਿਰਸਾ ਸਿੰਘ ਵਲਟੋਹਾ (ਵਲਟੋਹਾ) :** ਮਾਨਯੋਗ ਸਪੀਕਰ ਸਾਹਿਬ, ਪਿਛਲੇ ਦਿਨੀਂ ਸਾਡੇ ਪੰਜਾਬ ਦੀਆਂ ਦੋ ਬੜੀਆਂ ਮਹਾਨ ਸ਼ਖਸੀਅਤਾਂ ਦੀ ਐਕਸੀਡੈਂਟ ਵਿੱਚ ਡੈੱਥ ਹੋ ਗਈ। ਉਹ ਸਨ ਡਾਕਟਰ ਸ਼ਿਵਿੰਦਰ ਸਿੰਘ ਜੀ ਸੰਧੂ, ਐਮ.ਡੀ., ਸਪਰਿੰਗਡੇਲ ਐਜੂਕੇਸ਼ਨਲ ਸੋਸਾਇਟੀ, ਅੰਮ੍ਰਿਤਸਰ ਅਤੇ ਸ਼੍ਰੀਮਤੀ ਮਨਵੀਨ ਕੌਰ ਸੰਧੂ ਜੋ ਕਿ ਉਨ੍ਹਾਂ ਦੀ ਧਰਮਪਤਨੀ ਸਨ। ਉਹ ਸਪਰਿੰਗਡੇਲ ਸੀਨੀਅਰ ਸਕੈਂਡਰੀ ਸਕੂਲ, ਅੰਮ੍ਰਿਤਸਰ ਦੇ ਪ੍ਰਿੰਸੀਪਲ ਸਨ। ਉਨ੍ਹਾਂ ਵਿਦਿਆ ਦੇ ਖੇਤਰ ਦੇ ਵਿੱਚ ਵੀ, ਕਲਾ ਦੇ ਖੇਤਰ ਦੇ ਵਿੱਚ ਵੀ ਅਤੇ ਮੈਡੀਕਲ ਦੇ ਖੇਤਰ ਦੇ ਵਿੱਚ ਵੀ ਯੋਗਦਾਨ ਪਾਇਆ। ਉਨ੍ਹਾਂ ਦੀ ਸਮਾਜ ਨੂੰ ਬਹੁਤ ਵੱਡੀ ਦੇਣ ਹੈ। ਸਪੀਕਰ ਸਾਹਿਬ, ਮੈਂ ਇੱਥੇ ਇਹ ਵੀ ਦੱਸਣਾ ਮੁਨਾਸਿਬ ਸਮਝਦਾ ਹਾਂ ਕਿ ਹਜ਼ਾਰਾਂ ਬੱਚੇ ਉਨ੍ਹਾਂ ਦੇ ਦਾਨ ਦੀ ਕ੍ਰਿਪਾ ਸਦਕਾ ਵਿਦਿਆ ਹਾਸਲ ਕਰ ਰਹੇ ਹਨ ਔਰ ਖੇਡ ਦੇ ਪੱਖ ਵਿੱਚ ਵੀ ਉਨ੍ਹਾਂ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਹ ਮੇਰੇ ਹਲਕੇ ਨਾਲ ਸਬੰਧਤ ਸਨ। ਉਨ੍ਹਾਂ ਨੇ ਆਪਣੇ ਜੱਦੀ ਪਿੰਡ ਵਿੱਚ ਇੱਕ ਖੇਡ ਅਕਾਦਮੀ ਨਾਮਧਾਰੀ ਬਾਬਾ ਬਿਹਲਾ ਸਿੰਘ ਜੀ ਦੇ ਨਾਂ ਤੇ ਸ਼ੁਰੂ ਕੀਤੀ ਸੀ। ਮੈਂ ਆਪ ਜੀ ਨੂੰ ਅਤੇ ਸਮੁੱਚੇ ਸਦਨ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਦੇ ਪਰਿਵਾਰ ਨੂੰ ਵੀ ਇਸ ਹਾਊਸ ਵੱਲੋਂ ਸ਼ੋਕ ਮਤਾ ਪਾਸ ਕਰਕੇ ਭੇਜਿਆ ਜਾਵੇ ਅਤੇ ਜਿਹੜੀ ਉਨ੍ਹਾਂ ਵੱਲੋਂ ਸਮਾਜ ਨੂੰ ਬਹੁਤ ਵੱਡੀ ਦੇਣ ਹੈ, ਉਸ ਨੂੰ ਯਾਦ ਕੀਤਾ ਜਾਵੇ।

**ਮਾਨਯੋਗ ਸਪੀਕਰ :** ਇਸ ਮਹਾਨ ਸਦਨ ਦੇ ਸਾਰੇ ਸਤਿਕਾਰਯੋਗ ਮੈਂਬਰ ਸਾਹਿਬਾਨ, ਪਿਛਲੇ ਸੈਸ਼ਨ ਤੋਂ ਹੁਣ ਤੱਕ ਸਮਾਜ ਦੀਆਂ ਕੁਝ ਮਹਾਨ ਸ਼ਖਸੀਅਤਾਂ, ਜਿਨ੍ਹਾਂ

Original with;
Punjab Vidhan Sabha
Digitized by;
Punjab Digital Library

ਦਾ ਦੇਸ਼ ਵਾਸਤੇ, ਕੌਮ ਵਾਸਤੇ ਔਰ ਰਾਜ ਵਾਸਤੇ ਯੋਗਦਾਨ ਹੈ, ਉਹ ਸਾਥੋਂ ਵਿਛੜ ਗਈਆਂ ਹਨ। ਉਨ੍ਹਾਂ ਵਿੱਚ ਸਾਡੇ 8ਵੇਂ ਰਾਸ਼ਟਰਪਤੀ ਡਾਕਟਰ ਆਰ. ਵੈਂਕਟਾਰਮਨ ਜਿਹੜੇ ਪਹਿਲਾਂ ਹਿੰਦੁਸਤਾਨ ਦੇ ਵਾਇਸ ਪ੍ਰੈਜ਼ੀਡੈਂਟ ਰਹੇ, ਫੇਰ ਉਹ ਰਾਸ਼ਟਰਪਤੀ ਬਣੇ ਔਰ ਮੰਤਰੀ ਦੇ ਪਦ ਤੇ ਵੀ ਰਹੇ। ਵੱਖ ਵੱਖ ਥਾਵਾਂ ਤੇ ਰਹਿ ਕੇ ਉਨ੍ਹਾਂ ਨੇ ਹਿੰਦੁਸਤਾਨ ਦੀ ਸੇਵਾ ਕੀਤੀ। ਉਹ ਬੜੇ ਵੱਡੇ ਫਰੀਡਮ ਫਾਈਟਰ ਸਨ ਅਤੇ ਉਹ ਕਾਬਲ ਸਿਆਸਤਦਾਨ ਵੀ ਸਨ ਜਿਨ੍ਹਾਂ ਨੇ ਹਿੰਦੁਸਤਾਨ ਲਈ ਵੱਖ ਵੱਖ ਥਾਵਾਂ ਤੇ ਰਹਿ ਕੇ ਚੰਗੀ ਸੇਵਾ ਦਾ ਪ੍ਰਦਰਸ਼ਨ ਕੀਤਾ ਅਤੇ ਹਿੰਦੁਸਤਾਨ ਦੀ ਸੇਵਾ ਕੀਤੀ। ਉਹ ਸਾਡੇ ਤੋਂ ਵਿਛੜ ਗਏ ਹਨ।

ਇਨ੍ਹਾਂ ਤੋਂ ਇਲਾਵਾ ਸ਼੍ਰੀ ਵਿਸ਼ਵਾਨਾਥ ਪ੍ਰਤਾਪ ਸਿੰਘ ਜੀ ਹਨ ਜਿਹੜੇ ਭਾਰਤ ਦੇ ਪ੍ਰਧਾਨ ਮੰਤਰੀ ਵੀ ਰਹੇ। ਉਹ ਯੂ.ਪੀ. ਦੇ ਮੁੱਖ ਮੰਤਰੀ ਵੀ ਰਹੇ ਅਤੇ ਹਿੰਦੁਸਤਾਨ ਸਰਕਾਰ ਦੇ ਮੰਤਰੀ ਵੀ ਰਹੇ। ਉਹ ਬਹੁਤ ਹੀ ਮਿਠ ਬੋਲੜੇ ਮਹਾਨ ਸਿਆਸਤਦਾਨ ਸਨ ਜਿਨ੍ਹਾਂ ਨੇ ਆਪਣਾ ਯੋਗਦਾਨ ਹਿੰਦੁਸਤਾਨ ਦੀ ਪਾਲੇਟਿਕਸ ਵਿੱਚ ਬਹੁਤ ਚੰਗੇ ਅਤੇ ਸੁਚੱਜੇ ਢੰਗ ਨਾਲ ਪਾਇਆ, ਦੇਸ਼ ਦੀ ਸੇਵਾ ਕੀਤੀ। ਉਹ ਲੰਮੀ ਬਿਮਾਰੀ ਤੋਂ ਬਾਅਦ ਸਾਡੇ ਤੋਂ ਵਿਛੜ ਗਏ ਹਨ।

ਇਸੇ ਤਰ੍ਹਾਂ ਹੀ ਗੁਆਂਢੀ ਰਾਜ ਹਰਿਆਣਾ ਦੇ ਮੁੱਖ ਮੰਤਰੀ ਚੌਧਰੀ ਭੁਪਿੰਦਰ ਸਿੰਘ ਜੀ ਹੁੱਡਾ ਦੇ ਪਿਤਾ ਜੀ ਸਤਿਕਾਰਯੋਗ ਚੌਧਰੀ ਰਣਬੀਰ ਸਿੰਘ ਜੀ ਹੁੱਡਾ ਜਿਹੜੇ ਸੰਵਿਧਾਨ ਸਭਾ ਦੇ ਅੰਤਮ ਜੀਵਤ ਮੈਂਬਰ ਸਨ, ਪਿਛਲੀ ਦਿਨੀਂ ਉਹ ਵੀ ਸਾਡੇ ਤੋਂ ਵਿਛੜ ਗਏ ਹਨ। ਪੰਜਾਬ ਦੇ ਉਹ ਇਰੀਗੇਸ਼ਨ ਐਂਡ ਪਾਵਰ ਮਨਿਸਟਰ ਵੀ ਰਹੇ। ਹਰਿਆਣੇ ਵਿੱਚ ਵੀ ਮੰਤਰੀ ਦੇ ਪਦ ਤੇ ਰਹਿ ਕੇ ਉਨ੍ਹਾਂ ਨੇ ਬੜੀ ਸੇਵਾ ਕੀਤੀ, ਹਿੰਦੁਸਤਾਨ ਦੀ ਆਜ਼ਾਦੀ ਵਿੱਚ ਵੀ ਉਨ੍ਹਾਂ ਨੇ ਬੜਾ ਅਹਿਮ ਰੋਲ ਨਿਭਾਇਆ, ਜੇਲ੍ਹਾਂ ਵੀ ਕੱਟੀਆਂ। ਮੈਂ ਉਨ੍ਹਾਂ ਦੇ ਅੰਤਮ ਸਸਕਾਰ ਵਿੱਚ ਸ਼ਾਮਲ ਹੋਇਆ ਸੀ। ਜਿੱਥੇ ਉਨ੍ਹਾਂ ਦੀ ਰਿਹਾਇਸ਼ ਸੀ ਉਹ ਬੈੱਡ ਰੂਮ ਮੈਨੂੰ ਦਿਖਾਇਆ। ਉਥੇ ਭਾਖੜਾ ਡੈਮ ਉਦਘਾਟਨੀ ਸਮਾਰੋਹ ਦੀ ਫੋਟੋ ਲੱਗੀ ਹੋਈ ਸੀ ਉਸ ਡੈਮ ਦਾ ਉਦਘਾਟਨ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਕੀਤਾ ਸੀ। ਉਨ੍ਹਾਂ ਵਿੱਚ ਦੇਸ਼ ਭਗਤੀ ਦੀ ਬੜੀ ਭਾਵਨਾ ਸੀ। ਉਹ ਉਸ ਫੋਟੋ ਨੂੰ ਹਰ ਰੋਜ਼ ਸਵੇਰੇ ਨਮਸਕਾਰ ਕਰਦੇ ਹੁੰਦੇ ਸਨ। ਉਨ੍ਹਾਂ ਨੇ ਪੰਜਾਬ ਦੀ ਬੜੀ ਸੇਵਾ ਕੀਤੀ। ਉਹ ਜੋਆਇੰਟ ਪੰਜਾਬ ਦੇ ਵਿੱਚ ਪਾਵਰ ਐਂਡ ਇਰੀਗੇਸ਼ਨ ਮਨਿਸਟਰ ਰਹੇ ਅਤੇ ਉਨ੍ਹਾਂ ਨੇ ਚੰਗੇ ਪ੍ਰਾਜੈਕਟ ਪੰਜਾਬ ਵਿੱਚ ਲਿਆਂਦੇ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦਾ ਜੀਵਨ ਇਕ ਬਹੁਤ ਹੀ ਸੇਵਾ ਭਾਵਨਾ ਵਾਲਾ ਜੀਵਨ ਸੀ। ਉਹ ਵੀ ਸਾਡੇ ਤੋਂ ਵਿੱਛੜ ਗਏ ਹਨ।

ਇਸ ਤੋਂ ਅੱਗੇ ਸਰਦਾਰ ਗੁਰਦੀਪ ਸਿੰਘ ਜੀ ਭੁੱਲਰ ਵੀ ਸਾਡੇ ਤੋਂ ਵਿੱਛੜ ਗਏ ਹਨ। ਇਸ ਹਾਊਸ ਦੇ ਜਿੱਥੇ ਆਪਾਂ ਅੱਜ ਬੈਠੇ ਹਾਂ, ਇਸ ਵਿਧਾਨ ਸਭਾ ਦੇ ਉਹ ਮੈਂਬਰ ਸਨ। ਉਨ੍ਹਾਂ ਦੀ ਉਮਰ ਬਹੁਤ ਛੋਟੀ ਸੀ। ਮੇਰਾ ਖਿਆਲ ਹੈ ਕਿ ਉਨ੍ਹਾਂ ਦੀ ਉਮਰ 50 ਸਾਲ ਤੋਂ ਥੱਲੇ ਸੀ, ਛੋਟੀ ਉਮਰ ਵਿੱਚ ਹੀ ਉਨ੍ਹਾਂ ਨੇ ਆਪਣੀਆਂ ਜ਼ਿੰਮੇਂਵਾਰੀਆਂ ਬਹੁਤ ਹੀ ਚੰਗੇ ਰੂਪ ਵਿੱਚ, ਸਿਆਸੀ ਜੀਵਨ ਦੇ ਵਿੱਚ ਨਿਭਾਈਆਂ। ਉਨ੍ਹਾਂ ਦਾ ਪਰਿਵਾਰ ਚੜ੍ਹਦੀ ਕਲਾ

Original with;
Punjab Vidhan Sabha
Digitized by;
Panjab Digital Library

[ ਮਾਨਯੋਗ ਸਪੀਕਰ ]

ਵਾਲਾ, ਕੁਰਬਾਨੀ ਵਾਲਾ ਪਰਿਵਾਰ ਹੈ। ਜਿਸ ਤਰ੍ਹਾਂ ਮੇਰੇ ਤੋਂ ਪਹਿਲਾਂ ਗੱਲ ਹੋਈ ਹੈ, ਉਨ੍ਹਾਂ ਦੇ ਪਿਤਾ ਜੀ ਨੇ ਕੁਰਬਾਨੀ ਦਿੱਤੀ, ਉਨ੍ਹਾਂ ਦੇ ਦਾਦੀ ਜੀ ਨੇ ਵੀ ਜੇਲ੍ਹ ਕੱਟੀ ਔਰ ਉਨ੍ਹਾਂ ਨੇ ਪਾਰਟੀ ਦੀ ਸੇਵਾ ਵੀ ਬਹੁਤ ਹੀ ਸਿਆਣਪ ਅਤੇ ਸੁਚੱਜੇ ਢੰਗ ਨਾਲ ਕੀਤੀ। ਉਹ ਹਾਊਸ ਦੀ ਪਬਲਿਕ ਅੰਡਰਟੇਕਿੰਗ ਕਮੇਟੀ ਦੇ ਚੇਅਰਮੈਨ ਵੀ ਸਨ ਅਤੇ ਇਸ ਤੋਂ ਇਲਾਵਾ ਉਹ ਹੋਰ ਵੀ ਕਮੇਟੀਆਂ ਦੇ ਮੈਂਬਰ ਰਹੇ। ਸਰਦਾਰ ਗੁਰਦੀਪ ਸਿੰਘ ਭੁੱਲਰ ਦੇ ਮੇਰੇ ਨਾਲ ਤਾਲੁਕਾਤ ਬੜੇ ਵਧੀਆ ਸਨ। ਉਹ ਬੜੇ ਹੀ ਭਲੇ ਪੁਰਸ਼ ਸਨ। ਉਹ ਕਦੇ ਕਿਸੇ ਨੂੰ ਵੱਧ ਘੱਟ ਨਹੀਂ ਬੋਲਦੇ ਸਨ। ਉਹ ਜਿਸ ਕਿਸੇ ਨੂੰ ਵੀ ਮਿਲਦੇ ਸਨ ਉਸਦਾ ਬਹੁਤ ਸਤਿਕਾਰ ਕਰਦੇ ਸਨ। ਉਹ ਵੀ ਸਾਡੇ ਤੋਂ ਵਿਛੜ ਗਏ ਹਨ। ਆਪਾਂ ਸਾਰਿਆਂ ਨੂੰ ਹੀ ਉਨ੍ਹਾਂ ਦੇ ਚਲੇ ਜਾਣ ਨਾਲ ਬਹੁਤ ਵੱਡਾ ਘਾਟਾ ਪਿਆ ਹੈ। ਉਹ ਵੀ ਬਹੁਤ ਮਿੱਠ ਬੋਲੜੇ ਸਨ। ਉਨ੍ਹਾਂ ਨੇ ਆਪਣੇ ਹਲਕੇ ਦੀਆਂ ਗੱਲਾਂ, ਪੰਜਾਬ ਦੀਆਂ ਗੱਲਾਂ ਆਪਣੇ ਭਾਸ਼ਣਾਂ ਵਿੱਚ ਚੰਗੇ ਢੰਗ ਨਾਲ ਪੇਸ਼ ਕੀਤੀਆਂ।

ਅੱਗੇ ਮੈਂ ਸਰਦਾਰ ਬਚਨ ਸਿੰਘ ਚੀਮਾ ਨੂੰ ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹਾਂ ਜਿਹੜੇ ਇਸ ਹਾਊਸ ਦੇ ਮੈਂਬਰ ਰਹੇ। ਉਨ੍ਹਾਂ ਨੇ ਆਪਣੇ ਵਿਚਾਰ ਇਸ ਹਾਊਸ ਵਿੱਚ ਬੜੇ ਮਾਣ-ਸਤਿਕਾਰ ਨਾਲ ਚੰਗੇ ਢੰਗ ਨਾਲ ਨਿਭਾਏ ਅਤੇ ਚੰਗੇ ਵਿਚਾਰ ਹਾਊਸ ਨੂੰ ਦਿੱਤੇ। ਸਰਦਾਰ ਜਗਤ ਸਿੰਘ, ਸਾਬਕਾ ਐਮ.ਐਲ.ਏ., ਸਰਦਾਰ ਵਰਿਆਮ ਸਿੰਘ, ਸਾਬਕਾ ਐਮ.ਐਲ.ਏ. ਅਤੇ ਸ਼੍ਰੀ ਅਮਰਨਾਥ, ਸਾਬਕਾ ਐਮ.ਐਲ.ਏ. ਨੇ ਆਪਣੇ ਆਪਣੇ ਹਲਕਿਆਂ ਵਿੱਚ ਸੇਵਾ ਕੀਤੀ, ਪੰਜਾਬ ਦੀ ਸੇਵਾ ਕੀਤੀ ਅਤੇ ਇਸ ਸਦਨ ਦੇ ਮੈਂਬਰ ਬਣ ਕੇ ਅੱਛੀਆਂ ਰਵਾਇਤਾਂ ਰੱਖੀਆਂ, ਚੰਗੇ ਵਿਚਾਰ ਪੰਜਾਬ ਪ੍ਰਤੀ ਰੱਖੇ। ਇਨ੍ਹਾਂ ਸਾਰਿਆਂ ਦੇ ਜਾਣ ਦਾ ਸਾਨੂੰ ਬਹੁਤ ਦੁੱਖ ਹੈ।

ਸਰਦਾਰ ਗੁਰਚਰਨ ਸਿੰਘ ਫਰੀਡਮ-ਫਾਈਟਰ ਸਨ। ਫਰੀਡਮ-ਫਾਈਟਰ ਲਫਜ਼ ਬੜਾ ਮਹਾਨ ਹੈ। ਇਨ੍ਹਾਂ ਨੇ ਹਿੰਦੁਸਤਾਨ ਨੂੰ ਆਜ਼ਾਦੀ ਦਿਵਾਉਣ ਵਾਸਤੇ ਬੜਾ ਯੋਗਦਾਨ ਪਾਇਆ, ਕੁਰਬਾਨੀਆਂ ਕੀਤੀਆਂ, ਜੇਲ੍ਹਾਂ ਕੱਟੀਆਂ ਅਤੇ ਹਿੰਦੁਸਤਾਨ ਨੂੰ ਆਜ਼ਾਦ ਕਰਵਾ ਕੇ ਅੱਜ ਇਥੋਂ ਤੱਕ ਲਿਆਂਦਾ। ਬੜਾ ਵੱਡਾ ਯੋਗਦਾਨ ਪਾਇਆ, ਬੜੀ ਵੱਡੀ ਸੇਵਾ ਕੀਤੀ, ਕੁਰਬਾਨੀਆਂ ਦਿੱਤੀਆਂ, ਆਪਣੇ ਪਰਿਵਾਰਾਂ ਦੀ ਪ੍ਰਵਾਹ ਨਾ ਕਰਦੇ ਹੋਏ ਹਿੰਦੁਸਤਾਨ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਵਿਚੋਂ ਆਜ਼ਾਦ ਕਰਵਾਇਆ। ਇਨ੍ਹਾਂ ਫਰੀਡਮ-ਫਾਈਟਰਾਂ ਵਿੱਚ ਸ਼੍ਰੀ ਗੁਰਚਰਨ ਸਿੰਘ, ਸ਼੍ਰੀ ਨਰਾਇਣ ਸਿੰਘ, ਸਰਦਾਰ ਚੰਨਣ ਸਿੰਘ, ਸਰਦਾਰ ਕਸ਼ਮੀਰਾ ਸਿੰਘ, ਸਰਦਾਰ ਬਲਦੇਵ ਸਿੰਘ ਬੇਦੀ, ਸਰਦਾਰ ਸਰਦਾਰਾ ਸਿੰਘ, ਸਰਦਾਰ ਈਸ਼ਰ ਸਿੰਘ, ਸਰਦਾਰ ਬਲਵੰਤ ਸਿੰਘ ਅਤੇ ਸਰਦਾਰ ਹਰਬੰਸ ਸਿੰਘ ਦੇ ਨਾਂ ਸ਼ਾਮਲ ਹਨ। ਇਹ ਸਾਰੀਆਂ ਹੀ ਕੁਰਬਾਨੀ ਦੇਣ ਵਾਲੀਆਂ ਮਹਾਨ ਸ਼ਖਸੀਅਤਾਂ ਹਨ ਅਤੇ ਇਹ ਇਨ੍ਹਾਂ ਦਿਨਾਂ ਵਿੱਚ ਸਾਥੋਂ ਵਿੱਛੜ ਗਈਆਂ ਹਨ।

ਬਰਨਾਲਾ ਵਿਖੇ ਇਕ ਮੰਦਭਾਗੀ ਬੱਸ ਦੁਰਘਟਨਾ ਹੋਈ ਹੈ ਜਿਸ ਵਿੱਚ 10 ਜਾਨਾਂ

Original with;
Punjab Vidhan Sabha
Digitized by;
Punjab Digital Library

ਗਈਆਂ ਹਨ। ਸ਼੍ਰੀ ਤਿਕਸ਼ਨ ਸੂਦ ਜੀ ਦੇ ਵਾਲਿਦ ਸਾਹਿਬ ਦੇ ਸਸਕਾਰ ਸਮੇਂ ਮੈਂ ਉਥੇ ਗਿਆ। ਮੈਂ ਉਨ੍ਹਾਂ ਦਾ ਬਹੁਤ ਹੀ ਵਧੀਆ ਅਸਰ-ਰਸੂਖ ਲੋਕਾਂ ਵਿੱਚ ਵੇਖਿਆ। ਉਨ੍ਹਾਂ ਦੀ ਸੇਵਾ ਦੀਆਂ ਲੋਕ ਗੱਲਾਂ ਕਰਦੇ ਸਨ। ਉਹ ਬੜੇ ਮਹਾਨ ਪੁਰਸ਼ ਸਨ। ਇਸੇ ਤਰ੍ਹਾਂ ਹੀ ਸ਼੍ਰੀ ਨਰੇਸ਼ ਕਟਾਰੀਆ ਸਾਹਿਬ ਦੇ ਵਾਲਿਦ ਸਾਹਿਬ ਤੇ ਸ਼੍ਰੀ ਅਵਿਨਾਸ਼ ਰਾਏ ਖੰਨਾ ਜੀ ਦੇ ਪਿਤਾ ਜੀ ਵੀ ਗੁਜ਼ਰ ਗਏ ਹਨ। ਮੰਦਭਾਗੀ ਮੁੰਬਈ ਦੀ ਘਟਨਾ ਵਿੱਚ ਵੀ ਕਾਫੀ ਸ਼ਹੀਦੀਆਂ ਹੋਈਆਂ ਹਨ। ਇਨ੍ਹਾਂ ਸਾਰਿਆਂ ਦੇ ਚਲੇ ਜਾਣ ਨਾਲ ਦੇਸ਼ ਨੂੰ, ਸਮਾਜ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਜਿਨ੍ਹਾਂ ਦਾ ਜ਼ਿਕਰ ਅੱਜ ਹਾਊਸ ਵਿੱਚ ਹੋਇਆ ਹੈ, ਉਨ੍ਹਾਂ ਸਾਰਿਆਂ ਵਿੱਚ ਬਹੁਤ ਗੁਣ ਸਨ, ਸੇਵਾ ਦੀ ਭਾਵਨਾ ਸੀ, ਆਜ਼ਾਦੀ ਲਈ ਤੜਪ ਸੀ। ਉਹ ਦੇਸ਼ ਵਾਸਤੇ ਕੁਝ ਕਰ ਕੇ ਗਏ ਹਨ। ਉਨ੍ਹਾਂ ਨੂੰ ਸੱਚੀ ਸ਼ਰਧਾਂਜ਼ਲੀ ਇਹੀ ਹੋਵੇਗੀ ਕਿ ਸਾਨੂੰ ਉਨ੍ਹਾਂ ਮਹਾਨ ਸ਼ਖਸੀਅਤਾਂ ਦੇ ਗੁਣਾਂ ਨੂੰ ਅਪਣਾਉਣ ਦਾ ਯਤਨ ਕਰਨਾ ਚਾਹੀਦਾ ਹੈ। ਹਾਊਸ ਵਿੱਚ ਪੰਜਾਬ ਨੂੰ ਚੜ੍ਹਦੀ ਕਲਾ ਵਿੱਚ ਲੈ ਕੇ ਜਾਣ ਦੇ ਵਿਚਾਰ ਸਾਡੇ ਵਿੱਚ ਹਮੇਸ਼ਾ ਰਹਿਣੇ ਚਾਹੀਦੇ ਹਨ। ਮੇਰੀ ਇਹ ਭਾਵਨਾ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਨੂੰ ਹੈ ਕਿ ਚੰਗੇ ਵਿਚਾਰ ਦੇ ਕੇ, ਚੰਗੀਆਂ ਤੇ ਵਧੀਆ ਗੱਲਾਂ ਕਰਕੇ, ਇਸ ਹਾਊਸ ਦੀ ਮਰਿਆਦਾ ਨੂੰ ਧਿਆਨ ਵਿੱਚ ਰੱਖਦੇ ਹੋਏ ਵਧੀਆ ਤਰੀਕੇ ਨਾਲ ਅਸੀਂ ਪੰਜਾਬ ਦੀ ਸੇਵਾ ਕਰੀਏ। ਮੈਂ ਸਮਝਦਾ ਹਾਂ ਕਿ ਜਦੋਂ ਅਸੀਂ ਇਨ੍ਹਾਂ ਮਹਾਨ ਪੁਰਸ਼ਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ, ਉਨ੍ਹਾਂ ਦੇ ਕਾਰਨਾਮਿਆਂ, ਉਨ੍ਹਾਂ ਦੀ ਸੇਵਾ, ਉਨ੍ਹਾਂ ਦਾ ਯੋਗਦਾਨ, ਜਿਸ ਢੰਗ ਨਾਲ ਉਨ੍ਹਾਂ ਨੇ ਆਪਣੀਆਂ ਜ਼ਿਮੇਵਾਰੀਆਂ ਨਿਭਾਈਆਂ, ਉਸੇ ਤਰ੍ਹਾਂ ਅਸੀਂ ਵੀ ਨਿਭਾਉਣ ਦਾ ਯਤਨ ਕਰੀਏ। ਸਤਿਕਾਰਯੋਗ ਮੈਂਬਰ ਸਾਹਿਬਾਨ, ਤੁਸੀਂ ਸਾਰਿਆਂ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਹਨ। ਮੈਂ ਗੁਰੂ ਮਹਾਰਾਜ ਅੱਗੇ ਅਰਦਾਸ ਕਰਦਾ ਹਾਂ ਕਿ ਪ੍ਰਮਾਤਮਾ ਇਨ੍ਹਾਂ ਵਿੱਛੜੀਆਂ ਰੂਹਾਂ ਨੂੰ ਆਪਣੇ ਚਰਣਾਂ ਵਿੱਚ ਨਿਵਾਸ ਬਖਸ਼ਣ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀ ਕਲਾ ਵਿੱਚ ਰਹਿਣ ਦਾ ਬਲ ਬਖਸ਼ਣ। ਸਦਨ ਦੀ ਇੱਛਾ ਅਨੁਸਾਰ ਸ਼ੋਕ ਪ੍ਰਸਤਾਵ ਸਾਰੀਆਂ ਵਿੱਛੜੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣਗੇ। ਹੁਣ ਮੈਂ ਸਦਨ ਦੇ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦੀ ਯਾਦ ਵਿੱਚ ਦੋ ਮਿੰਟ ਖੜ੍ਹੇ ਹੋ ਕੇ ਮੋਨ ਧਾਰਨ ਕਰੀਏ।

(ਇਸ ਸਮੇਂ ਹਾਊਸ ਵਿੱਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਨੇ ਖੜ੍ਹੇ ਹੋ ਕੇ ਦੋ ਮਿੰਟ ਦਾ ਮੋਨ ਧਾਰਨ ਕੀਤਾ।)

**ਮਾਨਯੋਗ ਸਪੀਕਰ** : ਹੁਣ ਸਦਨ 4 ਮਾਰਚ, 2009 ਦੇ 10-00 ਵਜੇ ਸਵੇਰ ਤੱਕ ਸਥੱਗਿਤ ਕੀਤਾ ਜਾਂਦਾ ਹੈ।

*2.56 ਵਜੇ ਬਾਅਦ ਦੁਪਹਿਰ

(*ਇਸ ਉਪ੍ਰੰਤ ਸਦਨ ਮਿਤੀ 4 ਮਾਰਚ, 2009 ਦੇ 10-00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 2009

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈੱਸ, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ।

Punjab Govt. Press, S.A.S. Nagar/6621/04-09(2)

Original with;
Punjab Vidhan Sabha
Digitized by;
Panjab Digital Library

# PUNJAB VIDHAN SABHA
## DEBATES

*Wednesday, the 4th March, 2009*

**Vol. VI — No. 2**

OFFICIAL REPORT

CONTENTS


| | Page |
|---|---|
| Starred Questions and Answers .. | (2)2 |
| Unstarred Questions and Answers .. | (2)32 |
| RESOLUTIONS : | |
| (1) *Reg.* Expressing deep grief over the murderous terrorists attack in Lahore (Pakistan) on the visiting Sri Lankan Cricket Team players/ officials, playing test match series .. | (2)68 |
| (2) *Reg.* Sending congratulatory message to Mr. Justice Kamaljit Singh Garewal, Hon'ble Judge, Punjab and Haryana High Court, on his elevation to the Panel of the United Nations Appeals Tribunal, he being a Punjabi and a Jurist of India | (2)70 |
| Matters raised during Zero Hour and Statements by the Chief Minister and the Minister thereon .. | (2)71 |
| Announcement by the Hon'ble Speaker *reg.* : | |
| (1) Panel of Chairmen | |
| (2) Governor's Address .. | (2)77 |
| Announcement by the Secretary .. | (2)109 |
| Call Attention Notices under Rule 66 .. | (2)109 |
| Presentation of the First Report of the Business Advisory Committee .. | (2)116 |
| Paper Re-laid/Laid on the Table of the House .. | (2)120 |
| OFFICIAL RESOLUTIONS : | |
| (1) *Reg.* Recommendation to the Government of India to take up the matter with the Government of France for lifting the restrictions imposed on wearing of Turbans on the College/School going children of Sikh Community .. | (2)122 |
| Walk out : .. | (2)128 |
| (1) *Reg.* Recommendation to the Government of India to take up the matter with the Government of France for lifting the restrictions imposed on wearing of Turbans on the College/School going children of Sikh Community *(Resumption)* .. | (2)128 |
| (2) *Reg.* Recommendation to the Government of India to fix the price of the agricultural produce in conformity with the recommendations of Dr. M.S. Swaminathan, a renowned Agricultural Scientist, and to make Diesal available to the farmers at a price of 20% less than the prevailing market rate besides bringing down the rate of Interest for agricultural requirements to a maximum of 4% .. | (2)130 |
| Motion of Thanks and Discussion on Governor's Address .. | (2)133 |
| Walk- out .. | (2)143 |
| Motion of Thanks and Discussion on Governor's Address *(Resumption)* .. | (2)143 |



**Punjab Vidhan Sabha Secretariat, Chandigarh**

**Price : Rs. ...............**



453-D

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

# PUNJAB VIDHAN SABHA

*Wednesday, the 4th March, 2009*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Sardar Nirmal Singh Kahlon) in the Chair.*

---

## STARRED QUESTIONS AND ANSWERS

### ਮੋਹਾਲੀ ਵਿਖੇ ਜਾਇਦਾਦਾਂ ਦੀ ਰਜਿਸਟ੍ਰੇਸ਼ਨ

*799. **ਕੈਪਟਨ ਬਲਬੀਰ ਸਿੰਘ ਬਾਠ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਅਗਸਤ, 2008 ਦੌਰਾਨ ਗਮਾਡਾ ਨੇ ਹਾਊਸ ਬਿਲਡਿੰਗ ਸੁਸਾਇਟੀਜ਼ ਜਾਂ ਮੋਹਾਲੀ ਵਿਖੇ ਫਲੈਟਾਂ ਦੇ ਮਾਲਕਾਂ ਨੂੰ ਆਪਣੀਆਂ ਜਾਇਦਾਦਾਂ ਨੂੰ ਮੌਜੂਦਾ ਮਾਰਕੀਟ ਦਰਾਂ ਤੇ ਨਵੇਂ ਸਿਰਿਓਂ ਰਜਿਸਟ੍ਰੇਸ਼ਨ ਕਰਵਾਉਣ ਲਈ ਕੋਈ ਹੁਕਮ ਜਾਰੀ ਕੀਤੇ ਹਨ; ਜੇਕਰ ਅਜਿਹਾ ਹੋਵੇ, ਤਾਂ ਕੀ ਉਹ ਮਾਲਕ ਜਿਨ੍ਹਾਂ ਨੇ ਸਬੰਧਤ ਅਥਾਰਿਟੀਆਂ ਪਾਸ ਮਲਕੀਅਤ ਲਈ ਪਹਿਲਾਂ ਹੀ ਅਦਾਇਗੀਆਂ ਕਰ ਦਿੱਤੀਆਂ ਹਨ, ਕਿਸੇ ਰਿਆਇਤ ਲਈ ਹੱਕਦਾਰ ਹਨ ;

(ਅ) ਕੀ ਉਪਰੋਕਤ ਹੁਕਮ ਉਨ੍ਹਾਂ ਸੁਰੱਖਿਆ ਕਰਮਚਾਰੀਆਂ ਤੇ ਵੀ ਲਾਗੂ ਹੁੰਦੇ ਹਨ, ਜਿਨ੍ਹਾਂ ਨੂੰ ਰੱਖਿਆ ਕੋਟੇ ਅਧੀਨ ਪਲਾਟ/ਫਲੈਟ ਅਲਾਟ ਕੀਤੇ ਗਏ ਸਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਗਮਾਡਾ ਵੱਲੋਂ ਨਵੇਂ ਰੇਟਾਂ ਤੇ ਰਜਿਸਟਰੀ ਕਰਾਉਣ ਦੇ ਕੋਈ ਹੁਕਮ ਨਹੀਂ ਕੀਤੇ ਗਏ । ਜਿਹਨਾਂ ਅਲਾਟੀਆਂ ਵੱਲੋਂ ਆਪਣੇ ਪਲਾਟਾਂ ਦੀ ਪੂਰੀ ਕੀਮਤ ਅਦਾ ਕੀਤੀ ਗਈ ਹੋਵੇ, ਉਹਨਾਂ ਵਾਸਤੇ ਅਲਾਟਮੈਂਟ ਪੱਤਰ ਦੀਆਂ ਸ਼ਰਤਾਂ ਅਨੁਸਾਰ ਪਲਾਟ ਦੀ ਕਨਵੇਅਨਸ ਡੀਡ (ਰਜਿਸਟਰੀ) ਕਰਾਉਣੀ ਹੁੰਦੀ ਹੈ। ਇਸ ਸਬੰਧੀ ਗਮਾਡਾ ਵੱਲੋਂ ਮੋਹਾਲੀ ਸ਼ਹਿਰੀ ਮਿਲਖ ਦੇ ਸਾਰੇ ਅਲਾਟੀਆਂ ਨੂੰ ਜਿਹਨਾਂ ਨੇ ਆਪਣੇ ਪਲਾਟਾਂ/ਫਲੈਟਾਂ/ਕਮਰਸ਼ੀਅਲ ਸਾਈਟਾਂ ਅਤੇ ਸੰਸਥਾਵਾਂ ਦੀ ਪੂਰੀ ਕੀਮਤ ਅਦਾ ਕਰ ਦਿੱਤੀ ਹੋਵੇ, ਨੂੰ ਕਨਵੇਅਨਸ ਡੀਡ ਕਰਾਉਣ ਲਈ ਮਿਤੀ 27 ਅਗਸਤ, 2008 ਨੂੰ ਅਖਬਾਰਾਂ ਵਿੱਚ ਪਬਲਿਕ ਨੋਟਿਸ ਦਿੱਤਾ ਗਿਆ ਸੀ ।

(ਅ) ਇਹ ਪਬਲਿਕ ਨੋਟਿਸ ਸਾਰੇ ਪਲਾਟ ਹੋਲਡਰਜ਼ ਤੇ ਲਾਗੂ ਹੁੰਦਾ ਹੈ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੈਂ ਲੰਮੀ-ਚੌੜੀ ਗੱਲ ਨਹੀਂ ਕਰਦਾ ਪਰ ਕਹਿਣਾ ਚਾਹੁੰਦਾ ਹਾਂ ਕਿ ਲੋਕਾਂ ਨੇ ਭਾਵੇਂ ਸ਼ੁਰੂ ਵਿੱਚ ਪਲਾਟ ਲੈਣ ਲੱਗਿਆਂ ਰਜਿਸਟਰੀ ਤਾਂ ਨਹੀਂ ਕਰਵਾਈ ਪਰ ਓਨਰਸ਼ਿਪ ਲੈਣ ਲਈ ਪੈਸੇ ਦੇਣੇ ਪਏ। ਹੁਣ ਕੀਮਤਾਂ ਬਹੁਤ ਵੱਧ ਗਈਆਂ ਹਨ। ਸਰਕਾਰ ਦਾ ਹੁਕਮ ਨਵੇਂ ਸਿਰੇ ਤੋਂ ਕਨਵੇਅਨਸ ਡੀਡ ਕਰਵਾਉਣ ਦਾ ਹੈ ਪਰ ਉਨ੍ਹਾਂ ਲੋਕਾਂ ਨੂੰ ਨਵੀਆਂ ਕੀਮਤਾਂ ਤੇ ਵੱਧ ਪੈਸੇ ਤਾਰਨੇ ਪੈਣਗੇ। ਪ੍ਰਾਬਲਮ ਇਹ ਹੈ ਕਿ ਕਈ ਲੋਕਾਂ ਨੇ ਪਹਿਲਾਂ ਓਨਰਸ਼ਿਪ ਲੈਣ ਲਈ ਪੈਸੇ ਦਿੱਤੇ ਤੇ ਹੁਣ ਫਿਰ ਉਨ੍ਹਾਂ ਨੂੰ ਪੈਸੇ ਦੇਣੇ ਪੈਣਗੇ। ਕੀ ਮੁੱਖ ਮੰਤਰੀ ਜੀ ਇਸ ਤੇ ਮੁੜ ਵਿਚਾਰ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿੱਥੋਂ ਤੱਕ ਕਨਵੇਅਨਸ ਡੀਡ ਦਾ ਸਬੰਧ ਹੈ, ਇਹ ਰਜਿਸਟਰੀ ਵਾਂਗ ਹੀ ਹੈ। ਕੋਈ ਲੰਮੀ-ਚੌੜੀ ਗੱਲ ਨਹੀਂ ਹੈ। ਲਫਜ਼ਾਂ ਦਾ ਹੀ ਹੇਰ-ਫੇਰ ਹੈ। ਇਸ ਨੂੰ ਹੋਰ ਕਲੀਅਰ ਕਰਨ ਵਾਸਤੇ ਰੈਵੀਨਿਊ ਡਿਪਾਰਟਮੈਂਟ ਨੇ ਇੱਕ ਨਵਾਂ ਨੋਟੀਫਿਕੇਸ਼ਨ ਦੋ-ਤਿੰਨ ਦਿਨ ਪਹਿਲਾਂ ਜਾਰੀ ਕੀਤਾ ਹੈ ਜਿਸ ਅਨੁਸਾਰ ਅਸਲ ਅਲਾਟੀ ਨੋਟੀਫਿਕੇਸ਼ਨ ਦੀ ਮਿਤੀ ਤੋਂ ਤਿੰਨ ਮਹੀਨੇ ਦੇ ਅੰਦਰ-ਅੰਦਰ ਕਨਵੇਅਨਸ ਡੀਡ ਰਜਿਸਟਰਡ ਕਰਵਾ ਲੈਂਦਾ ਹੈ ਤਾਂ ਸਟੈਂਪ ਡਿਊਟੀ ਅਲਾਟਮੈਂਟ ਦੀਆਂ ਕੀਮਤਾਂ ਦੇ ਅਨੁਸਾਰ ਹੀ ਹੋਵੇਗੀ । ਇਹ ਕਲੀਅਰ ਕਰਨ ਲਈ ਰੈਵੀਨਿਊ ਡਿਪਾਰਟਮੈਂਟ ਤੋਂ ਨੋਟੀਫਿਕੇਸ਼ਨ ਕਰਵਾ ਦਿੱਤਾ ਹੈ ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੈਂ ਕਲੀਅਰ ਕਰਨਾ ਚਾਹੁੰਦਾ ਹਾਂ ..................।

**ਮਾਨਯੋਗ ਸਪੀਕਰ** : ਬਾਠ ਸਾਹਿਬ, ਥੋੜ੍ਹਾ ਜਿਹਾ ਹੌਲੀ ਬੋਲੋ। ਆਪਣੇ ਗਲੇ ਦਾ ਧਿਆਨ ਰੱਖੋ ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੈਂ ਫੌਜੀਆਂ ਬਾਰੇ, ਡਿਫੈਂਸ ਪਰਸੋਨਲ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਡਿਫੈਂਸ ਪਰਸੋਨਲ ਦੇ ਆਪਣੇ ਐਚ.ਆਈ.ਜੀ. ਜਾਂ ਐਲ.ਆਈ.ਜੀ. ਫਲੈਟ ਹਨ, ਉਹਨਾਂ ਨੂੰ ਓਨਰਸ਼ਿਪ ਦੇਣ ਵੇਲੇ ਧਿਆਨ ਵਿੱਚ ਰੱਖਿਆ ਜਾਵੇ ਕਿਉਂਕਿ ਪਲਾਟਾਂ ਦੀਆਂ ਕੀਮਤਾਂ ਬਹੁਤ ਵਧ ਗਈਆਂ ਹਨ। ਉਹ ਲੋਕ ਪਹਿਲਾਂ ਹੀ ਮਾਰੇ ਹੋਏ ਹਨ ਅਤੇ ਉਨ੍ਹਾਂ ਕੋਲ ਆਮਦਨ ਦੇ ਸਾਧਨ ਬਹੁਤ ਘੱਟ ਹਨ ਤੇ ਉਹ ਪੈਸੇ ਦੇਣ ਦੇ ਕਾਬਲ ਨਹੀਂ ਹਨ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਕਲੀਅਰ ਕਰ ਦਿੱਤਾ ਹੈ ਜਿਸ ਕੀਮਤ ਤੇ ਉਨ੍ਹਾਂ ਨੂੰ ਫਲੈਟ ਦਿੱਤੇ ਗਏ ਹਨ ਅਤੇ ਉਨ੍ਹਾਂ ਨੇ ਪੈਸੇ ਦੇ ਦਿੱਤੇ ਹਨ, ਉਨ੍ਹਾਂ ਨੂੰ ਰੈਵੀਨਿਊ ਡਿਪਾਰਟਮੈਂਟ ਵੱਲੋਂ ਜੋ ਨੋਟੀਫਿਕੇਸ਼ਨ ਕੀਤਾ ਗਿਆ ਹੈ, ਉਸ ਦੇ ਤਿੰਨ ਮਹੀਨੇ ਦੇ ਅੰਦਰ-ਅੰਦਰ ਜਿਸ ਕੀਮਤ ਤੇ ਪੈਸੇ ਦਿੱਤੇ ਹਨ, ਉਸ ਕੀਮਤ ਤੇ ਰਜਿਸਟਰੀ ਹੋਵੇਗੀ । ਕੋਈ ਪ੍ਰਾਬਲਮ ਨਹੀਂ ਹੈ ।

**ਸਰਦਾਰ ਬਲਬੀਰ ਸਿੰਘ ਸਿੱਧੂ** : ਸਪੀਕਰ ਸਾਹਿਬ, ਇਸ ਵਿੱਚ ਇੱਕ ਲਕੂਨਾ ਹੈ। ਇਹ ਤਾਂ ਹਾਲੇ ਪਰਸੋਂ ਫੈਸਲਾ ਹੋਇਆ ਹੈ। ਜਿਹੜੇ ਲੋਕ ਪਹਿਲਾਂ ਸੀ.ਡੀ. ਕਰਵਾ ਚੁੱਕੇ ਹਨ ਔਰ ਉਨ੍ਹਾਂ ਨੂੰ 2-3 ਲੱਖ ਰੁਪਿਆ ਇੱਕ ਪਲਾਟ ਤੇ ਦੇਣਾ ਪਿਆ ਹੈ, ਕੀ ਸਰਕਾਰ ਉਨ੍ਹਾਂ ਬਾਰੇ ਰਿਵੀਊ ਕਰੇਗੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੂੰ ਗਲਤਫਹਿਮੀ ਹੋਈ ਹੈ। ਕੋਈ ਇਹੋ ਜਿਹੀ ਗੱਲ ਨਹੀਂ ਹੈ । ਜਿਹੜੇ ਪਲਾਟ ਲਏ ਗਏ ਹਨ, ਜਿਸ ਵੇਲੇ ਰਜਿਸਟਰੀ ਕਰਵਾਉਣਗੇ, ਉਨ੍ਹਾਂ ਨੂੰ ਉਹੀ ਕੀਮਤ ਲੱਗੇਗੀ। ਮਾਰਕੀਟ ਰੇਟ ਜਾਂ ਵੈਲਿਊ ਨਹੀਂ ਲੱਗੇਗੀ ਔਰ ਜੋ ਓਰੀਜਨਲ ਰੇਟ ਦਾ ਪਲਾਟ ਲਿਆ ਹੈ, ਉਸ ਤੇ ਹੀ ਰਜਿਸਟਰੀ ਹੋਵੇਗੀ। ਫਿਰ ਵੀ ਤੁਹਾਡੀ ਸੁਜੈਸ਼ਨ ਤੇ ਗੌਰ ਕਰ ਲਵਾਂਗੇ ।

---

Original with;
Punjab Vidhan Sabha
Digitized by;
Punjab Digital Library

## ਪਿੰਡ ਡਾਡੂ ਜੋਧ ਵਿਖੇ ਵਾਟਰ ਵਰਕਸ ਦੀ ਉਸਾਰੀ

*875. **ਡਾਕਟਰ ਦਲਬੀਰ ਸਿੰਘ** : ਕੀ ਉੱਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਗੁਰਦਾਸਪੁਰ, ਤਹਿਸੀਲ ਬਟਾਲਾ ਵਿੱਚ ਪੈਂਦੇ ਪਿੰਡ ਡਾਡੂ ਜੋਧ ਵਿਖੇ ਵਾਟਰ ਵਰਕਸ ਦੀ ਉਸਾਰੀ ਲਈ ਕੋਈ ਨੀਂਹ ਪੱਥਰ ਰੱਖਿਆ ਗਿਆ ਸੀ; ਜੇਕਰ ਅਜਿਹਾ ਹੋਵੇ, ਤਾਂ ਸਰਕਾਰ ਦੁਆਰਾ ਇਸ ਉਪਰੰਤ, ਉਕਤ ਵਾਟਰ ਵਰਕਸ ਨੂੰ ਸ਼ੁਰੂ ਕਰਨ ਲਈ ਕੀਤੇ ਗਏ ਯਤਨਾਂ ਦੇ ਵੇਰਵੇ ਕੀ ਹਨ ?

**ਸਰਦਾਰ ਸੁਖਬੀਰ ਸਿੰਘ ਬਾਦਲ** : ਹਾਂ ਸ਼੍ਰੀਮਾਨ ਜੀ, ਵਿਸ਼ਵ ਬੈਂਕ ਸਹਾਇਤਾ ਪ੍ਰਾਜੈਕਟ (ਬੈਚ-1) ਤਹਿਤ ਪਿੰਡ ਦਾਦੂ (ਡਾਡੂ) ਜੋਧ ਅਤੇ ਢਾਂਡੇ ਲਈ ਇਕ ਸਾਂਝੇ ਵਾਟਰ ਵਰਕਸ ਦੀ ਉਸਾਰੀ ਲਈ ਪਿੰਡ ਦਾਦੂ ਜੋਧ ਵਿਖੇ ਮਿਤੀ 17 ਨਵੰਬਰ, 2007 ਨੂੰ ਨੀਂਹ ਪੱਥਰ ਰੱਖਿਆ ਗਿਆ ਸੀ । ਟੈਂਡਰ ਮਿਤੀ 6 ਦਸੰਬਰ, 2008 ਨੂੰ ਸੱਦੇ ਗਏ ਸਨ ਅਤੇ ਕੰਮ ਮਿਤੀ 25 ਫਰਵਰੀ, 2009 ਨੂੰ ਅਲਾਟ ਕਰ ਦਿੱਤਾ ਗਿਆ ਹੈ। ਇਹ ਸਕੀਮ 6 ਮਹੀਨਿਆਂ ਦੇ ਅੰਦਰ-ਅੰਦਰ ਚਾਲੂ ਕਰ ਦਿੱਤੀ ਜਾਵੇਗੀ ।

**ਡਾਕਟਰ ਦਲਬੀਰ ਸਿੰਘ** : ਡਿਪਟੀ ਸੀ.ਐਮ. ਸਾਹਿਬ ਦਾ ਬਹੁਤ-ਬਹੁਤ ਧੰਨਵਾਦ ਜੀ ।

**ਮਾਨਯੋਗ ਸਪੀਕਰ** : ਇਹ ਮੇਰਾ ਪਿੰਡ ਹੈ, ਧੰਨਵਾਦ ਜੀ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 711**

**ਮਾਨਯੋਗ ਸਪੀਕਰ** : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ ।

---

## ਪਿੰਡ ਧੂਰਕੋਟ ਦੇ ਸਰਪੰਚ ਦੀ ਚੋਣ

*732. **ਸਰਦਾਰ ਹਰਮਹਿੰਦਰ ਸਿੰਘ ਪ੍ਰਧਾਨ** : ਕੀ ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਪਿੰਡ ਧੂਰਕੋਟ, ਸਬ-ਡਿਵੀਜ਼ਨ ਰਾਏਕੋਟ ਦੀ ਗ੍ਰਾਮ ਪੰਚਾਇਤ ਦੇ ਮੈਂਬਰਾਂ ਦੇ ਜਾਤ-ਵਾਰ ਨਾਂ ਕੀ-ਕੀ ਹਨ ;

(ਅ) ਕੀ ਉਪਰੋਕਤ ਗ੍ਰਾਮ ਪੰਚਾਇਤ ਦੇ ਸਰਪੰਚ ਦੀ ਚੋਣ ਕਰ ਲਈ ਗਈ ਹੈ ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਨ ਹਨ ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿੱਚ ਹੋਵੇ, ਤਾਂ ਉਸ ਦਾ ਨਾਂ ਕੀ ਹੈ ?

---

** For Starred Question No. 711 & reply thereto, please see P.V.S. Debates dated 9-3-2009.

*Original with;*
Punjab Vidhan Sabha
*Digitized by;*
Panjab Digital Library

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਸ੍ਰੀਮਾਨ ਜੀ :—

(ੳ) 1. ਸ੍ਰੀ ਪਰਮਜੀਤ ਸਿੰਘ (ਜਨਰਲ)

2. ਸ੍ਰੀ ਸਿੰਦਰ ਸਿੰਘ (ਜਨਰਲ)

3. ਸ੍ਰੀ ਤੀਰਥ ਸਿੰਘ (ਐਸ.ਸੀ.)

4. ਸ੍ਰੀਮਤੀ ਗੁਰਮੇਲ ਕੌਰ (ਇਸਤਰੀ)

5. ਸ੍ਰੀਮਤੀ ਸਿੰਦਰਪਾਲ ਕੌਰ (ਇਸਤਰੀ)

(ਅ) ਹਾਂ, ਜੀ ।

(ੲ) ਸ੍ਰੀਮਤੀ ਗੁਰਮੇਲ ਕੌਰ।

**ਸਰਦਾਰ ਹਰਮਹਿੰਦਰ ਸਿੰਘ ਪ੍ਰਧਾਨ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿੰਡ ਧੂਰਕੋਟ ਵਿੱਚ ਜਦੋਂ ਸਰਪੰਚ ਦੀ ਇਲੈਕਸ਼ਨ ਹੋਈ ਔਰ ਉਸ ਤੋਂ ਬਾਅਦ ਜਿਹੜੀ ਨੋਟੀਫਿਕੇਸ਼ਨ ਹੋਈ ਸੀ, ਉਹ ਕਿਸ ਕੈਟੇਗਰੀ ਦੀ ਹੋਈ ਸੀ ਅਤੇ ਸਰਪੰਚ ਕਿਸ ਕੈਟੇਗਰੀ ਦਾ ਬਣਾਇਆ ਗਿਆ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ.................

**ਮਾਨਯੋਗ ਸਪੀਕਰ** : ਸਵਾਲ ਮੈਨੂੰ ਵੀ ਸਪੱਸ਼ਟ ਨਹੀਂ ਹੋਇਆ ਕਿ ਤੁਸੀਂ ਕੀ ਸਪਲੀਮੈਂਟਰੀ ਕੀਤੀ ਹੈ ?

**ਸਰਦਾਰ ਹਰਮਹਿੰਦਰ ਸਿੰਘ ਪ੍ਰਧਾਨ** : ਸਪੀਕਰ ਸਾਹਿਬ, ਸਰਪੰਚ ਬਣਾਉਣ ਤੋਂ ਪਹਿਲਾਂ ਜਿਹੜੀ ਪੰਜਾਬ ਸਰਕਾਰ ਨੋਟੀਫਿਕੇਸ਼ਨ ਕਰਦੀ ਹੈ ਕਿ ਇਸ ਪਿੰਡ ਵਿੱਚ ਫਲਾਣੀ ਕੈਟੇਗਰੀ ਦਾ ਸਰਪੰਚ ਹੋਏਗਾ, ਉਹ ਕਿਸ ਕੈਟੇਗਰੀ ਦੀ ਸੀ ?

**ਮਾਨਯੋਗ ਸਪੀਕਰ** : ਮੰਤਰੀ ਜੀ, ਕੀ ਤੁਹਾਨੂੰ ਸਵਾਲ ਸਮਝ ਆਇਆ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੀ ਪਹਿਲਾਂ ਨੋਟੀਫਿਕੇਸ਼ਨ ਹੋਈ ਸੀ, ਉਹ ਗਲਤ ਹੋਈ ਸੀ ਔਰ ਦੁਬਾਰਾ ਹਾਈ ਕੋਰਟ ਦੇ ਹੁਕਮਾਂ ਦੇ ਮੁਤਾਬਿਕ ਨਵੀਂ ਨੋਟੀਫਿਕੇਸ਼ਨ ਕਮਿਸ਼ਨ ਨੇ ਜਾਰੀ ਕੀਤੀ ਸੀ । ਇਹ ਨੋਟੀਫਿਕੇਸ਼ਨ ਠੀਕ ਹੋਈ ਹੈ ਔਰ ਇਹ ਹੁਣ ਐਗਜ਼ਿਸਟ ਕਰਦੀ ਹੈ।

**ਸਰਦਾਰ ਹਰਮਹਿੰਦਰ ਸਿੰਘ ਪ੍ਰਧਾਨ** : ਸਪੀਕਰ ਸਾਹਿਬ ...............

**ਮਾਨਯੋਗ ਸਪੀਕਰ** : ਹਾਈ ਕੋਰਟ ਦੇ ਆਰਡਰਾਂ ਦੇ ਮੁਤਾਬਿਕ ਹੋਈ ਹੈ.............

**ਸਰਦਾਰ ਹਰਮਹਿੰਦਰ ਸਿੰਘ ਪ੍ਰਧਾਨ** : ਨਹੀਂ ਨਹੀਂ, ਸਪੀਕਰ ਸਾਹਿਬ, ਇਹ ਗਲਤ ਕਹਿ ਰਹੇ ਹਨ ਜੀ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਅਗਲਾ ਪ੍ਰਸ਼ਨ, ਪਲੀਜ਼ । ................. (ਵਿਘਨ)....... ਇਹ ਹਾਈ ਕੋਰਟ ਦਾ ਕੁਐਸਚਨ ਹੈ, ਤੁਸੀਂ ਇਨ੍ਹਾਂ ਨਾਲ (ਮੰਤਰੀ ਜੀ ਨਾਲ) ਗੱਲ ਕਰ ਲੈਣਾ ।

**ਸਰਦਾਰ ਹਰਮਹਿੰਦਰ ਸਿੰਘ ਪ੍ਰਧਾਨ** : ਇਹ ਹਾਈ ਕੋਰਟ ਦੇ ਹੁਕਮਾਂ ਮੁਤਾਬਿਕ ਨਹੀਂ ਹੋਇਆ ਜੀ, ਇਹ ਧੱਕਾ ਕੀਤਾ ਗਿਆ ਹੈ। ਹਾਈ ਕੋਰਟ ਨੇ ਧੱਕਾ ਨਹੀਂ ਕੀਤਾ, ਸਰਕਾਰ ਨੇ ਧੱਕਾ ਕੀਤਾ ਹੈ ।

**ਮਾਨਯੋਗ ਸਪੀਕਰ** : ਇਸ ਵਿੱਚ ਹਾਈ ਕੋਰਟ ਦੀ ਇਨਵਾਲਵਮੈਂਟ ਜਿਹੜੀ ਹੈ................

**ਸਰਦਾਰ ਹਰਮਹਿੰਦਰ ਸਿੰਘ ਪ੍ਰਧਾਨ** : ਕੋਈ ਹਾਈ ਕੋਰਟ ਨੇ ਨਹੀਂ ਕਿਹਾ । ਉੱਥੇ ਐਸ.ਸੀ. ਸਰਪੰਚ ਦੀ ਨੋਟੀਫਿਕੇਸ਼ਨ ਹੋਈ ਸੀ ਔਰ ਐਸ.ਸੀ. ਸਰਪੰਚ ਕਾਂਗਰਸ ਦਾ ਬਣਦਾ ਸੀ ਪਰ ਉੱਥੇ ਅਕਾਲੀ ਲੇਡੀ ਨੂੰ ਸਰਪੰਚ ਬਣਾ ਦਿੱਤਾ ਜਿਹੜੀ ਕਿ ਜਨਰਲ ਸੀਟ ਤੋਂ ਜਿੱਤੀ ਹੈ।

**ਮੰਤਰੀ** : ਸਪੀਕਰ ਸਾਹਿਬ, ਇੱਕ ਮੈਡਮ ਗੁਰਮੇਲ ਕੌਰ ਹੈ। ਉੱਥੇ ਦੋ ਇਸਤਰੀਆਂ ਹੋਰ ਵੀ ਬਣੀਆਂ ਹਨ, ਉਨ੍ਹਾਂ ਦੀਆਂ ਤਿੰਨ-ਤਿੰਨ ਵੋਟਾਂ ਸੀ ।

(ਇਸ ਸਮੇਂ ਸਰਦਾਰ ਹਰਮਹਿੰਦਰ ਸਿੰਘ ਪ੍ਰਧਾਨ ਆਪਣੀ ਸੀਟ ਤੇ ਹੀ ਖੜ੍ਹੇ ਸਨ।) ਤੁਸੀਂ ਬੈਠੋ ਨਾ । ਉਨ੍ਹਾਂ ਦੀਆਂ ਤਿੰਨ-ਤਿੰਨ ਵੋਟਾਂ ਸੀ ਪਰ ਗੁਰਮੇਲ ਕੌਰ ਦੀਆਂ 30-31 ਵੋਟਾਂ ਸੀ। ਪਹਿਲਾਂ ਗੁਰਮੇਲ ਕੌਰ ਦਾ ਨਾਮ ਗਲਤੀ ਨਾਲ ਲਿਖ ਕੇ ਨਹੀਂ ਭੇਜਿਆ ਗਿਆ ਸੀ। ਗੁਰਮੇਲ ਕੌਰ ਹਾਈ ਕੋਰਟ ਵਿੱਚ ਗਈ । ਹਾਈ ਕੋਰਟ ਨੇ ਕਮਿਸ਼ਨ ਨੂੰ ਸਪੀਕਿੰਗ ਆਰਡਰ ਕੀਤੇ ਔਰ ਕਮਿਸ਼ਨ ਨੇ ਬਕਾਇਦਾ ਨੋਟੀਫਿਕੇਸ਼ਨ ਕਰ ਦਿੱਤੀ ਔਰ ਉਹ ਮੁੜ ਸਰਪੰਚ ਬਣ ਗਈ। ਇਹ ਪੁਜ਼ੀਸ਼ਨ ਹੈ।

**ਸਰਦਾਰ ਹਰਮਹਿੰਦਰ ਸਿੰਘ ਪ੍ਰਧਾਨ** : ਜਿਹੜੀ ਨੋਟੀਫਿਕੇਸ਼ਨ ਸੀ, ਉਹ ਐਸ.ਸੀ. ਦੀ ਸੀ ਅਤੇ ਗੁਰਮੇਲ ਕੌਰ ਜਨਰਲ ਦੀ ਇਸਤਰੀ ਹੈ ।

**ਮੰਤਰੀ** :ਸਪੀਕਰ ਸਾਹਿਬ, ਇਸ ਦਾ ਵੀ ਜਵਾਬ ਇਹ ਹੈ ਕਿ ਉਹ ਬੀਬੀ ਸ਼ਡਿਊਲਡ ਕਾਸਟ ਸੀ ਪਰ ਉਸ ਨੇ ਇਲੈਕਸ਼ਨ ਜਨਰਲ ਦੇ ਵਿੱਚ ਲੜੀ ਸੀ ਅਤੇ ਉਹ ਜਨਰਲ ਦੇ ਵਿੱਚ ਬਣ ਗਈ। ਫਿਰ ਇੱਕ ਸ਼ਖਸ ਇਸੇ ਕਰਕੇ ਹਾਈ ਕੋਰਟ ਵਿੱਚ ਅਪੀਲ ਕਰਨ ਲਈ ਗਿਆ । ਹਾਈ ਕੋਰਟ ਨੇ ਤੀਰਥ ਸਿੰਘ ਨੂੰ ਕਿਹਾ ਕਿ ਗੁਰਮੇਲ ਕੌਰ ਜਨਰਲ ਵਿੱਚ ਬਣ ਸਕਦੀ ਹੈ। ਇਸ ਕਰਕੇ ਉਸ ਨੂੰ ਬਣਾ ਦਿੱਤਾ ਗਿਆ ।

**ਸਰਦਾਰ ਹਰਮਹਿੰਦਰ ਸਿੰਘ ਪ੍ਰਧਾਨ** : ਸਪੀਕਰ ਸਾਹਿਬ.............

**ਮਾਨਯੋਗ ਸਪੀਕਰ** : ਪ੍ਰਧਾਨ ਸਾਹਿਬ, ਇੱਕ ਮਿੰਟ। ਮੇਰੀ ਗੱਲ ਸੁਣੋ। ਜਿਹੜੀ ਨੋਟੀਫਿਕੇਸ਼ਨ ਹੋ ਗਈ, ਸਰਕਾਰ ਜਿਹੜੀ ਹੈ ਮੇਰਾ ਖਿਆਲ ਉਸ ਵਿੱਚ ਦਖ਼ਲ ਨਹੀਂ ਦੇ ਸਕਦੀ। ਉਸ ਨੂੰ ਚੈਲੇਂਜ ਕਰਨਾ ਪੈਂਦਾ ਹੈ। ਜੋ ਵੀ ਗਲਤ ਹੈ ਜਾਂ ਠੀਕ ਹੈ, ਉਸ ਨੂੰ ਤੁਹਾਨੂੰ ਚੈਲੇਂਜ ਕਰਨਾ ਪਵੇਗਾ। ਉਸ ਦੇ ਵਿੱਚ ਕੁਰੈਕਸ਼ਨ ਸ਼ਾਇਦ ਸਰਕਾਰ ਨਾ ਕਰ ਸਕਦੀ ਹੋਵੇ ਕਿਉਂਕਿ ਇਹ ਇਲੈਕਸ਼ਨ ਕਮਿਸ਼ਨ ਨੇ ਕੀਤੀ ਹੈ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਮਹਿੰਦਰ ਸਿੰਘ ਪ੍ਰਧਾਨ** : ਇਹ ਸਰਕਾਰ ਨੇ ਆਪ ਕਰਵਾਈ ਹੈ।

**ਮੰਤਰੀ** :ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਹੋਰ ਭੁਲੇਖਾ ਕੱਢ ਦਿੰਦਾ ਹਾਂ। ਗੁਰਮੇਲ ਕੌਰ ਵੀ ਐਸ.ਸੀ. ਹੈ ਲੇਕਿਨ ਜਿੱਤੀ ਉਹ ਜਨਰਲ ਵਿੱਚ ਹੈ। ਉਹ ਇਧਰਲੇ ਬੰਨੇ ਸਰਪੰਚ ਬਣ ਸਕਦੀ ਹੈ। ਹਾਈ ਕੋਰਟ ਨੇ ਕਹਿ ਦਿੱਤਾ ਕਿ ਉਹ ਬਣ ਸਕਦੀ ਹੈ, ਫਿਰ ਝਗੜਾ ਖਤਮ ਹੋ ਗਿਆ ।

**ਮਾਨਯੋਗ ਸਪੀਕਰ** : ਅਗਲਾ ਕੁਐਸਚਨ, ਪਲੀਜ਼ ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਬਠਿੰਡਾ ਵਿਖੇ ਬਲਾਕ ਸੰਮਤੀਆਂ ਅਤੇ ਪੰਚਾਇਤਾਂ ਦੇ ਇਲੈਕਸ਼ਨ ਹੋਏ ਸਨ.......

**ਮਾਨਯੋਗ ਸਪੀਕਰ** : ਇਸ ਦੇ ਬਾਰੇ ਤੁਸੀਂ ਵੱਖਰਾ ਸਵਾਲ ਕਰੋ।

**ਸਰਦਾਰ ਮੱਖਣ ਸਿੰਘ** : ਨਹੀਂ ਜੀ, ਇਸੇ ਸਵਾਲ ਦੇ ਨਾਲ ਸਬੰਧਤ ਹੈ ਜੀ.....

**ਮਾਨਯੋਗ ਸਪੀਕਰ** : ਅਗਲਾ ਪ੍ਰਸ਼ਨ, ਸ਼੍ਰੀ ਅਨਿਲ ਜੋਸ਼ੀ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 712

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

---

## ਕੇਂਦਰੀ ਯੂਨੀਵਰਸਿਟੀ ਦੀ ਸਥਾਪਨਾ

*716. **ਕੈਪਟਨ ਬਲਬੀਰ ਸਿੰਘ ਬਾਠ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਕੇਂਦਰ ਸਰਕਾਰ ਦੁਆਰਾ ਕੋਈ ਕੇਂਦਰੀ ਯੂਨੀਵਰਸਿਟੀ ਸਥਾਪਿਤ ਕੀਤੀ ਜਾ ਰਹੀ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਸਥਾਪਿਤ ਕਰਨ ਲਈ ਲੋੜੀਂਦੇ ਮੁੱਢਲੇ ਬੁਨਿਆਦੀ ਢਾਂਚੇ ਦੇ ਵੇਰਵੇ ਅਤੇ ਨਾਲ ਹੀ ਇਸ ਦੁਆਰਾ ਪ੍ਰਾਪਤ ਕੀਤੇ ਜਾਣ ਵਾਲੇ ਉਦੇਸ਼ ਕੀ ਹਨ ?

**ਡਾਕਟਰ ਉਪਿੰਦਰਜੀਤ ਕੌਰ** : ਹਾਂ ਜੀ। ਕੇਂਦਰ ਸਰਕਾਰ ਵੱਲੋਂ ਪਿੰਡ ਘੁੱਦਾ, ਜ਼ਿਲ੍ਹਾ ਬਠਿੰਡਾ ਵਿਖੇ ਕੇਂਦਰੀ ਯੂਨੀਵਰਸਿਟੀ ਸਥਾਪਤ ਕੀਤੀ ਜਾ ਰਹੀ ਹੈ। ਇਸ ਮੰਤਵ ਲਈ 544 ਏਕੜ, 2 ਕਨਾਲ, 1 ਮਰਲਾ ਭੌਂ ਐਕੁਆਇਰ ਕਰਨ ਲਈ ਲੈਂਡ ਐਕੋਜ਼ੀਸ਼ਨ ਐਕਟ, 1894 ਦੀ ਧਾਰਾ 4 ਅਤੇ ਫਿਰ ਧਾਰਾ 6 ਦੀਆਂ ਨੋਟੀਫਿਕੇਸ਼ਨਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਤਜਵੀਜ਼ਤ ਭੌਂ ਦੀ ਪ੍ਰਾਪਤੀ ਲਈ 166 ਕਰੋੜ ਰੁਪਏ ਦੀ ਰਾਸ਼ੀ ਜ਼ਮੀਨ ਮਾਲਕਾਂ ਨੂੰ ਮੁਆਵਜ਼ੇ ਵਜੋਂ ਦੇਣ ਦੀ ਮਨਜ਼ੂਰੀ ਜਾਰੀ ਕਰ ਦਿੱਤੀ ਗਈ ਹੈ। ਇਹ ਯੂਨੀਵਰਸਿਟੀ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਸਿੱਖਿਆ ਦਾ ਪਸਾਰ ਅਤੇ ਮਿਆਰ ਉੱਚਾ ਕਰਨ ਵਿੱਚ ਸਹਾਈ ਹੋਵੇਗੀ।

Original with;
Punjab Vidhan Sabha
Digitized by;
Panjab Digital Library

**ਕੈਪਟਨ ਬਲਬੀਰ ਸਿੰਘ ਬਾਠ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪਣੀ ਸਤਿਕਾਰਯੋਗ ਭੈਣ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਕੇਂਦਰੀ ਯੂਨੀਵਰਸਿਟੀ ਬਠਿੰਡਾ ਵਿਖੇ ਬਣਾਈ ਜਾ ਰਹੀ ਹੈ ਕੀ ਇਹ ਪਹਿਲਾਂ ਅੰਮ੍ਰਿਤਸਰ ਦੇ ਨੇੜੇ-ਤੇੜੇ ਬਣਾਉਣ ਦਾ ਕੋਈ ਵਿਚਾਰ ਨਹੀਂ ਸੀ ? ਇਸ ਦੇ ਨਾਲ ਹੀ ਮੈਂ ਇਹ ਵੀ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਆਲਰੈਡੀ ਯੂਨੀਵਰਸਿਟੀਆਂ ਐਗਜ਼ਿਸਟ ਕਰਦੀਆਂ ਹਨ ਅਤੇ ਆਰਥਿਕ ਤੌਰ ਤੇ ਪਤਨ ਵਾਲੇ ਪਾਸੇ ਜਾ ਰਹੀਆਂ ਹਨ, ਕੀ ਉਨ੍ਹਾਂ ਨੂੰ ਅਡਾਪਟ ਕਰਨਾ ਬਿਹਤਰ ਨਹੀਂ ਸੀ, ਬਜਾਏ ਕਿ ਨਵੀਆਂ ਬਣਾਉਣ ਦੇ ।

**ਮਾਨਯੋਗ ਸਪੀਕਰ** : ਇਸ ਦੇ ਬਾਰੇ ਮੁੱਖ ਮੰਤਰੀ ਸਾਹਿਬ ਜਵਾਬ ਦੇ ਰਹੇ ਹਨ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਸੈਂਟਰ ਗੌਰਮਿੰਟ ਵੱਲੋਂ ਪੰਜਾਬ ਵਾਸਤੇ ਦੋ ਯੂਨੀਵਰਸਿਟੀਆਂ ਸੈਂਕਸ਼ਨ ਹੋਈਆਂ ਹਨ। ਉਨ੍ਹਾਂ ਵਿੱਚੋਂ ਇੱਕ ਵਰਲਡ ਕਲਾਸ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਹੋਈ ਹੈ ਅਤੇ ਦੂਜੀ ਜਿਹੜੀ ਸੈਂਟਰਲ ਯੂਨੀਵਰਸਿਟੀ ਹੈ, ਉਹ ਬਠਿੰਡਾ ਵਿਖੇ ਹੈ ਅਤੇ ਜਿਹੜੀ ਵਰਲਡ ਕਲਾਸ ਯੂਨੀਵਰਸਿਟੀ ਹੈ ਉਹ ਅੰਮ੍ਰਿਤਸਰ ਵਿਖੇ ਹੈ। ਇਨ੍ਹਾਂ ਦੋਹਾਂ ਦਾ ਫੈਸਲਾ ਹੋ ਚੁੱਕਾ ਹੈ ਅਤੇ ਬਠਿੰਡੇ ਵਾਲੀ ਯੂਨੀਵਰਸਿਟੀ ਦੇ ਬਾਰੇ ਜ਼ਮੀਨ ਐਕੁਆਇਰ ਕਰਨ ਦਾ ਨੋਟਿਸ ਵੀ ਜਾਰੀ ਹੋ ਗਿਆ ਹੈ। ਜਿਹੜੀ ਵਰਲਡ ਕਲਾਸ ਯੂਨੀਵਰਸਿਟੀ ਹੈ ਉਸ ਦੇ ਲਈ ਸਾਈਟ ਦੇ ਬਾਰੇ ਸੈਂਟਰ ਸਰਕਾਰ ਦੀ ਕਮੇਟੀ ਨੇ ਆਉਣਾ ਹੈ।

**ਕੈਪਟਨ ਬਲਬੀਰ ਸਿੰਘ ਬਾਠ** : ਧੰਨਵਾਦ ਜੀ ।

---

## ਸਿਵਲ ਹਸਪਤਾਲ, ਦਸੂਹਾ ਵਿੱਚ ਟਰੋਮਾ ਸੈਂਟਰ

*701. **ਸਰਦਾਰ ਅਮਰਜੀਤ ਸਿੰਘ ਸਾਹੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿਵਲ ਹਸਪਤਾਲ, ਦਸੂਹਾ ਵਿੱਚ ਟਰੋਮਾ ਸੈਂਟਰ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਿਵਲ ਹਸਪਤਾਲ, ਦਸੂਹਾ ਵਿਖੇ ਟਰੋਮਾ ਸੈਂਟਰ ਸਥਾਪਿਤ ਕਰਨ ਦੀ ਤਜਵੀਜ਼ ਰਾਜ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।

ਨੁਕਤਾ (i) ਅਤੇ (ii) ਲਾਗੂ ਨਹੀਂ ਹੁੰਦੇ ਹਨ।

**ਸਰਦਾਰ ਅਮਰਜੀਤ ਸਿੰਘ ਸਾਹੀ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਦੇ ਧਿਆਨ ਵਿੱਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਸਾਡਾ ਦਸੂਹਾ ਹਲਕਾ ਬਹੁਤ ਹੀ ਪਛੜਿਆ ਹੈ। ਉਥੇ ਕੋਈ ਟਰੋਮਾ ਸੈਂਟਰ ਨਹੀਂ ਹੈ। ਸਪੀਕਰ ਸਾਹਿਬ, ਜਦੋਂ ਜੀ.ਟੀ. ਰੋਡ ਦੇ ਉੱਤੇ ਕੋਈ ਐਕਸੀਡੈਂਟ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਲਿਆਉਣ ਲਈ ਕੋਈ ਵੀ ਅਜਿਹਾ ਸੈਂਟਰ ਨੇੜੇ ਨਹੀਂ ਹੈ। ਵੱਡੇ ਸ਼ਹਿਰਾਂ ਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਮਰਜੀਤ ਸਿੰਘ ਸਾਹੀ]

ਵਿੱਚ ਤਾਂ ਅਜਿਹੇ ਸੈਂਟਰ ਹਨ ਜਿਵੇਂ ਲੁਧਿਆਣਾ ਵਿਖੇ ਵੀ ਹੈ ਅਤੇ ਜਲੰਧਰ ਵਿਖੇ ਵੀ ਹੈ। ਪਰ ਹੁਸ਼ਿਆਰਪੁਰ ਵਿਖੇ ਕੋਈ ਅਜਿਹਾ ਟਰੋਮਾ ਸੈਂਟਰ ਨਹੀਂ ਹੈ । ਇਸ ਲਈ ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਥੇ ਹਾਊਸ ਦੇ ਵਿੱਚ ਵਿਸ਼ਵਾਸ ਦਿਵਾਉਣ ਕਿ ਸਾਡੇ ਦਸੂਹਾ ਹਸਪਤਾਲ ਵਿਖੇ ਇੱਕ ਟਰੋਮਾ ਸੈਂਟਰ ਬਣਾ ਦਿੱਤਾ ਜਾਵੇਗਾ। ਸਪੀਕਰ ਸਾਹਿਬ, ਅੱਜ ਕੱਲ੍ਹ ਕੈਜੂਅਲਟੀਜ਼ ਬਹੁਤ ਜ਼ਿਆਦਾ ਹੋ ਰਹੀਆਂ ਹਨ, ਜੇਕਰ ਉੱਥੇ ਇਹ ਟਰੋਮਾ ਸੈਂਟਰ ਬਣਾ ਦਿੱਤਾ ਜਾਂਦਾ ਹੈ ਤਾਂ ਇਸ ਦੇ ਨਾਲ ਉਥੋਂ ਦੇ ਨੇੜੇ ਦੇ ਲੋਕਾਂ ਨੂੰ ਇਸ ਦਾ ਬਹੁਤ ਜ਼ਿਆਦਾ ਲਾਭ ਹੋ ਸਕੇਗਾ ।

**मंत्री** : स्पीकर साहिब, भारत सरकार के दिशा निर्देशों के अनुसार 100 किलोमीटर की दूरी पर टरोमा सैंटर बनाना है । अब जो नये निर्देश हैं, जो चतुरभूज सड़क योजना है, उस के अतरगत बनने है । पठानकोट में एक टरोमा सैंटर L-3 का बन चुका है । जालंधर में L-2 का टरोमा सैंटर जिस पर लगभग 9 करोड़ 63 लाख रुपये का खर्चा आना है, वह बन रहा है और मई में शुरू हो जायेगा। पठानकोट से जालंधर 105 किलोमीटर की दूरी पर है । दसूहा से 50 किलोमीटर एक तर्फ और 50 किलोमीटर दूसरी तर्फ टरोमा सैंटर हैं । वैसे दसूहा होसिपिटल में भी सुविधायें हैं । यह पैसा भारत सरकार की तर्फ से आता है । भारत सरकार के जो दिशा निदेश हैं, उस के मुताबिक 100 किलोमीटर पर बन चुका है ।

---

### ਨਿਸ਼ਾਨ ਵਾਲਾ ਪ੍ਰਸ਼ਨ ਨੰ: 739**

**ਮਾਨਯੋਗ ਸਪੀਕਰ** : ਇਹ ਪ੍ਰਸ਼ਨ ਪੋਸਟਪੋਨ ਕੀਤਾ ਜਾਂਦਾ ਹੈ ।

---

### ਰਾਸ਼ਟਰੀ ਹਾਈਵੇ-1 ਮਿਆਣੀ ਸੜਕ ਦੀ ਮੁੜ ਉਸਾਰੀ

*700. **ਸਰਦਾਰ ਅਮਰਜੀਤ ਸਿੰਘ ਸਾਹੀ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਸ਼ਟਰੀ ਹਾਈਵੇ-1 ਤੋਂ ਮਿਆਣੀ ਬਰਾਸਤਾ ਬਿਦੋਬਾਰਕਤ, ਕੁਲੀਆ, ਕੋਟਲੀ, ਹਮਜਾ ਸੜਕ ਨੂੰ ਚੌੜਾ ਕਰਨ/ਮੁੜ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਨਹੀਂ ਜੀ ।

**ਸਰਦਾਰ ਅਮਰਜੀਤ ਸਿੰਘ ਸਾਹੀ** : ਸਪਲੀਮੈਂਟਰੀ ਸਪੀਕਰ ਸਾਹਿਬ, ਇਹ ਜਿਹੜਾ ਸੜਕਾਂ ਬਾਰੇ ਮਾਨਯੋਗ ਪੀ.ਡਬਲਿਊ.ਡੀ. ਮਨਿਸਟਰ ਸਾਹਿਬ ਨੇ ਜਵਾਬ ਦਿੱਤਾ

---

** For Starred Question No. 739 and reply thereto, please see Appendix to this Debates.

Original with;
Punjab Vidhan Sabha
Digitized by;
Panjab Digital Library

ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸੜਕ ਹੈ ਇਹ ਤਕਰੀਬਨ 40-45 ਪਿੰਡਾਂ ਨੂੰ ਟੱਚ ਕਰਦੀ ਹੈ ਅਤੇ ਇਸ ਸੜਕ ਤੇ ਆਲਰੈਡੀ 40 ਫੁੱਟ ਦੀ ਜ਼ਮੀਨ ਹੈ। ਉੱਥੇ ਜ਼ਮੀਨ ਐਕੁਆਇਰ ਕਰਨ ਦੀ ਕੋਈ ਲੋੜ ਨਹੀਂ ਹੈ। ਪੰਜਾਬ ਵਿੱਚ ਕਈ ਐਸੀਆਂ ਥਾਵਾਂ ਹਨ, ਜਿੱਥੇ ਜ਼ਮੀਨ ਐਕੁਆਇਰ ਕਰਨ ਦੀ ਲੋੜ ਪੈਂਦੀ ਹੈ। ਪਰ ਇਹ ਜਿਹੜੀ ਰੋਡ ਹੈ ਇਹ ਦਰਿਆ ਤੋਂ ਚਲਦੀ ਹੈ ਅਤੇ ਮਿਆਣੀ ਰੋਡ ਤੋਂ ਜੀ.ਟੀ. ਰੋਡ ਨੂੰ ਜਾ ਕੇ ਮਿਲਦੀ ਹੈ । ਮੈਂ ਪੀ.ਡਬਲਿਊ.ਡੀ. ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਸੜਕ ਨੂੰ ਪਹਿਲ ਦੇ ਆਧਾਰ ਤੇ ਕੰਸਿਡਰ ਕੀਤਾ ਜਾਵੇ ਅਤੇ ਧਿਆਨ ਦਿੱਤਾ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਮਾਨਯੋਗ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸੜਕ ਹੈ, ਇਹ ਤਕਰੀਬਨ 9.45 ਕਿਲੋਮੀਟਰ ਹੈ ਅਤੇ ਇਸ ਵਿੱਚ ਸਿਰਫ਼ 5 ਕਿਲੋਮੀਟਰ ਰਸਤਾ ਅਵੇਲੇਬਲ ਹੈ। ਇਹ 18 ਫੁੱਟ ਸੜਕ ਬਣਾਉਣ ਨੂੰ ਕਹਿੰਦੇ ਹਨ ਜਦ ਕਿ 16 ਫੁੱਟ ਅਵੇਲੇਬਲ ਹੈ। ਸਾਨੂੰ ਟੋਟਲ 27 ਫੁੱਟ ਜਗ੍ਹਾ ਅਵੇਲੇਬਲ ਚਾਹੀਦੀ ਹੈ। ਇਹ ਤਿੰਨ ਕਿਲੋਮੀਟਰ ਤੋਂ ਉੱਪਰ ਰਸਤਾ ਹੈ। ਇਸ ਵਿੱਚ 22 ਫੁੱਟ ਅਵੇਲੇਬਲ ਹੈ। ਪੀ.ਐਮ.ਜੀ.ਐਸ.ਵਾਈ. ਅਤੇ ਨਬਾਰਡ ਦੀਆਂ ਸਕੀਮਾਂ ਹਨ। ਇਨ੍ਹਾਂ ਦੋਹਾਂ ਵਿੱਚੋਂ ਇਹ ਨਬਾਰਡ ਦਾ ਹਿੱਸਾ ਹੈ । ਉਸ ਮੁਤਾਬਿਕ ਇੱਥੇ ਜਗ੍ਹਾ ਅਵੇਲੇਬਲ ਨਹੀਂ ਹੈ। ਨਬਾਰਡ ਦੀਆਂ ਜੋ ਗਾਈਡਲਾਈਨਜ਼ ਹਨ, ਉਸ ਮੁਤਾਬਿਕ ਘੱਟੋ-ਘੱਟ 4 ਤੋਂ 5 ਸਾਲ ਰਿਪੇਅਰ ਨੂੰ ਹੋਣੇ ਚਾਹੀਦੇ ਹਨ। ਇਸ ਵਿੱਚ ਜਿਹੜਾ 5 ਕਿਲੋਮੀਟਰ ਰਸਤਾ ਹੈ, ਉਸ ਨੂੰ ਪੰਜ ਸਾਲ ਹਾਲੇ ਹੋਣੇ ਹਨ। ਉਸ ਤੋਂ ਬਾਅਦ ਰਿਪੇਅਰ ਹੋਣੀ ਹੈ । ਉਸ ਵਿੱਚ ਜਿਹੜੀ ਲੈਂਡ ਐਕੁਆਇਰ ਕਰਨਾ ਇਨਵਾਲਵਡ ਹੈ, ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਇਹ ਉਸ ਜਗ੍ਹਾ ਦਾ ਪ੍ਰਬੰਧ ਕਰ ਦੇਣ ਤਾਂ ਜ਼ਰੂਰ ਇਸ ਤੇ ਵਿਚਾਰ ਕਰ ਲਵਾਂਗੇ।

**ਸਰਦਾਰ ਅਮਰਜੀਤ ਸਿੰਘ ਸਾਹੀ :** ਸਪੀਕਰ ਸਾਹਿਬ, ਉੱਥੇ ਐਨਕ੍ਰੋਚਮੈਂਟਸ ਬਹੁਤ ਹੋਈਆਂ ਹਨ। ਜੇਕਰ ਮਹਿਕਮਾ ਧਿਆਨ ਦੇਵੇ ਤਾਂ ਉਹ ਐਨਕ੍ਰੋਚਮੈਂਟਸ ਉੱਥੋਂ ਹਟਾਈਆਂ ਜਾ ਸਕਦੀਆਂ ਹਨ। 22 ਫੁੱਟ, 5 ਕਿਲੋਮੀਟਰ ਦੀ ਜਿਹੜੀ ਇਹ ਗੱਲ ਕਰਦੇ ਹਨ, 22 ਫੁੱਟ ਦਾ ਏਰੀਆ ਹੈ ਅਤੇ ਸਵਾ ਤਿੰਨ ਕਿਲੋਮੀਟਰ ਉਸ ਉੱਪਰ ਸੜਕ ਬਣਾਈ ਜਾ ਸਕਦੀ ਹੈ। ਬਾਕੀ ਜੇਕਰ ਕੋਈ ਹੋਰ ਰਿਕੁਆਇਰਡ ਹੈ ਤਾਂ ਪੀ. ਡਬਲਿਊ. ਡੀ. ਮਹਿਕਮਾ ਐਕੁਆਇਰ ਕਰ ਸਕਦਾ ਹੈ। ਇਹ ਬਹੁਤ ਅਹਿਮ ਹੈ। ਇਹ ਬੇਟ ਏਰੀਆ ਦੀ ਲੋੜ ਹੈ। ਮੈਂ ਉਮੀਦ ਕਰਦਾ ਹਾਂ ਕਿ ਮੰਤਰੀ ਸਾਹਿਬ ਜ਼ਰੂਰ ਗੌਰ ਕਰਨਗੇ।

**ਮੰਤਰੀ :** ਪੀ.ਐਮ.ਜੀ.ਐਸ.ਵਾਈ. ਵਿੱਚ ਇਹ ਸੜਕ ਕਵਰ ਨਹੀਂ ਹੁੰਦੀ। ਜਿੱਥੋਂ ਤੱਕ ਨਬਾਰਡ ਦਾ ਸਵਾਲ ਹੈ, ਉਸ ਵਾਸਤੇ ਅਸੀਂ ਜ਼ਮੀਨ ਐਕੁਆਇਰ ਨਹੀਂ ਕਰਦੇ। ਜਿੱਥੇ ਲੈਂਡ ਅਵੇਲੇਬਲ ਹੁੰਦੀ ਹੈ, ਉੱਥੇ ਅਸੀਂ ਸੜਕਾਂ ਬਣਾ ਰਹੇ ਹਾਂ। ਇਸ ਸੜਕ ਵਾਸਤੇ 27 ਫੁੱਟ ਜਗ੍ਹਾ ਚਾਹੀਦੀ ਹੈ। ਇਹ ਸਾਨੂੰ ਅਵੇਲੇਬਲ ਕਰਵਾ ਦੇਣ, ਅਸੀਂ ਇਸ ਨੂੰ ਕੰਸਿਡਰ ਕਰ ਲਵਾਂਗੇ ।

**ਮਾਨਯੋਗ ਸਪੀਕਰ :** ਅਗਲਾ ਸਵਾਲ ।

---

Original with;
Punjab Vidhan Sabha
Digitized by;
Panjab Digital Library

## ਲਿੰਕ ਸੜਕਾਂ ਦੇ ਨਾਲ-ਨਾਲ ਅਣ-ਅਧਿਕਾਰਤ ਕਬਜ਼ੇ ਨੂੰ ਹਟਾਉਣਾ

*770. **ਸਰਦਾਰ ਈਸ਼ਰ ਸਿੰਘ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਲਿੰਕ ਸੜਕਾਂ ਦੇ ਨਾਲ-ਨਾਲ ਕਿਨਾਰਿਆਂ ਤੋਂ ਅਣ-ਅਧਿਕਾਰਤ ਕਬਜ਼ੇ ਨੂੰ ਹਟਾਉਣ ਲਈ ਪਿਛਲੇ ਦੋ ਸਾਲਾਂ ਦੇ ਸਮੇਂ ਦੌਰਾਨ ਸਰਕਾਰ ਦੁਆਰਾ ਚੁੱਕੇ ਗਏ ਕਦਮਾਂ ਦੇ ਵੇਰਵੇ ਕੀ ਹਨ ?

**ਸਰਦਾਰ ਸੁੱਚਾ ਸਿੰਘ ਲੰਗਾਹ** : ਰਾਜ ਵਿੱਚ ਲਿੰਕ ਸੜਕਾਂ ਦੇ ਨਾਲ-ਨਾਲ ਬਰਮਜ਼ ਤੇ ਅਣ-ਅਧਿਕਾਰਤ ਕਬਜ਼ੇ ਹਟਾਉਣ ਸਬੰਧੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ। ਡਿਪਟੀ ਕਮਿਸ਼ਨਰਾਂ ਵੱਲੋਂ ਇਸ ਸ਼ਬੰਧੀ ਕਾਰਵਾਈ ਕਰਦੇ ਹੋਏ ਨਜਾਇਜ਼ ਕਬਜ਼ੇ ਹਟਾਏ ਜਾ ਰਹੇ ਹਨ।

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਹਾਊਸ ਵਿੱਚ ਇਹ ਕੁਐਸਚਨ ਲਿਆਂਦਾ ਗਿਆ ਹੈ। ਬਾਕੀ ਜੋ ਹਦਾਇਤਾਂ ਭੇਜੀਆਂ ਗਈਆਂ ਹਨ ਉਨ੍ਹਾਂ ਸਬੰਧੀ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੋਈ ਸਮਾਂ ਨਿਸ਼ਚਿਤ ਕੀਤਾ ਹੈ ਕਿ ਕਦੋਂ ਤੱਕ ਇਹ ਨਜਾਇਜ਼ ਕਬਜ਼ੇ ਹਟਵਾ ਦੇਣਗੇ। ਜੇਕਰ ਨਹੀਂ ਤਾਂ ਕੀ ਇਹ ਹਾਊਸ ਨੂੰ ਭਰੋਸਾ ਦਿਵਾਉਣਗੇ ਕਿ ਕਦੋਂ ਤੱਕ ਕਬਜ਼ੇ ਹਟਾ ਦਿੱਤੇ ਜਾਣਗੇ ?

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਹੈ, ਇਸ ਦੇ ਵਿੱਚ 269 ਸੜਕਾਂ ਹਨ ਅਤੇ ਇਨ੍ਹਾਂ ਦੀ ਲੰਬਾਈ 590 ਕਿਲੋਮੀਟਰ ਬਣਦੀ ਹੈ। ਅਸੀਂ ਉੱਥੇ ਜਿਹੜੇ ਕਬਜ਼ੇ ਹਟਾਏ ਹਨ, ਉਸ ਦੇ ਵਿੱਚੋਂ 609 ਏਕੜ ਜ਼ਮੀਨ ਨਿਕਲੀ ਹੈ। ਅਸੀਂ ਸਮਝਦੇ ਹਾਂ ਕਿ ਜੇਕਰ ਬਹੁਤ ਜ਼ਿਆਦਾ ਸਖਤੀ ਕੀਤੀ ਤਾਂ ਇਨ੍ਹਾਂ ਕਾਂਗਰਸ ਵਾਲਿਆਂ ਨੇ ਹੀ ਕਹਿਣਾ ਹੈ ਕਿ ਅਸੀਂ ਤੰਗ ਕਰਦੇ ਹਾਂ । ਇਹ ਥੋੜ੍ਹਾ ਜਿਹਾ ਇਸ ਕੰਮ ਵਿੱਚ ਸਾਡੇ ਨਾਲ ਸਹਿਯੋਗ ਦੇਣ। ਜੋ ਥੋੜ੍ਹੇ-ਬਹੁਤ ਬਾਕੀ ਰਹਿੰਦੇ ਹਨ, ਉਹ ਵੀ ਅਸੀਂ ਦੂਰ ਕਰਵਾ ਦਿਆਂਗੇ।

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਇੱਥੇ ਕਾਂਗਰਸ ਅਤੇ ਅਕਾਲੀ ਦਲ ਦੀ ਗੱਲ ਨਹੀਂ ਹੈ। ਅਸੀਂ ਸਾਰੇ ਹੀ ਮਹਿਸੂਸ ਕਰਦੇ ਹਾਂ। ਸਤਿਕਾਰਯੋਗ ਮੈਂਬਰ ਸਾਹਿਬ ਇੱਥੇ ਬੈਠੇ ਹਨ ਔਰ ਪੰਜਾਬ ਦੇ ਲੋਕ ਵੀ ਮਹਿਸੂਸ ਕਰਦੇ ਹਾਂ ਕਿ ਜਿਹੜੀਆਂ ਲਿੰਕ ਰੋਡਜ਼ ਬਣੀਆਂ ਹਨ, ਇਨ੍ਹਾਂ ਉਪਰੋਂ ਜੇਕਰ ਇੱਕ ਪਾਸੇ ਤੋਂ ਭਰੀ ਹੋਈ ਟਰਾਲੀ ਲੰਘ ਰਹੀ ਹੋਵੇ ਤਾਂ ਦੂਸਰੀ ਟਰਾਲੀ ਜਾਂ ਵਾਹਨ ਇਸ ਨੂੰ ਓਵਰਟੇਕ ਕਰਕੇ ਨਹੀਂ ਲੰਘ ਸਕਦਾ। ਸਤਿਕਾਰਯੋਗ ਮੰਤਰੀ ਜੀ ਨੇ ਵੀ ਇਹ ਮਹਿਸੂਸ ਕੀਤਾ ਸੀ ਕਿ ਵਾਕਿਆ ਹੀ ਇਸੇ ਤਰ੍ਹਾਂ ਦੀ ਹਾਲਤ ਹੈ। ਕੀ ਮੰਤਰੀ ਜੀ ਕੋਈ ਸਮਾਂਬੱਧ ਕਰਨਗੇ? ਕੋਈ ਨਾਰਾਜ਼ ਨਹੀਂ ਹੋਵੇਗਾ, ਐਨਕਰੋਚਮੈਂਟ ਹਟਾਈ ਜਾਵੇ।

**ਮਾਨਯੋਗ ਸਪੀਕਰ** : ਕਿਸੇ ਦਾ ਬਹੁਤਾ ਲਿਹਾਜ਼ ਨਾ ਕਰੋ ਜੀ ।

**ਮੰਤਰੀ** : ਜੇਕਰ ਤੁਸੀਂ ਕਹਿੰਦੇ ਹੋ ਤਾਂ ਮੈਂ ਉੱਥੇ ਆ ਜਾਂਦਾ ਹਾਂ।...(ਵਿਘਨ) (ਸ਼ੋਰ)......

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਇਹ ਹਾਊਸ ਦੀ ਗੱਲ ਹੈ, ਉਥੇ ਜਾਣ ਦੀ ਨਹੀਂ ਹੈ । ......(ਵਿਘਨ) ...... ਬੈਠੋ ਜੀ ਸਾਰੇ। ਮੈਂ ਸਾਰੇ ਮੰਤਰੀ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇੱਥੇ ਹਾਊਸ ਵਿਚ ਜਿਹੜੀ ਗੱਲ ਕਰਦੇ ਹੋ, ਆਪਾਂ ਜਵਾਬ ਦਿੰਦੇ ਹਾਂ, ਜਦੋਂ ਐਸ਼ੋਰੈਂਸ ਦੇ ਦਿੰਦੇ ਹਾਂ, ਤੁਸੀਂ ਸਮਝਦੇ ਹੋ ਕਿ ਸ਼ਾਇਦ ਇਸ ਤੋਂ ਬਾਅਦ ਕੋਈ ਗੱਲ ਨਹੀਂ ਹੋਵੇਗੀ। ਜਿਸ ਤਰ੍ਹਾਂ ਉਨ੍ਹਾਂ ਨੇ ਗੱਲ ਕੀਤੀ ਹੈ ਕਿ ਪਿਛਲੀ ਵਾਰੀ ਵੀ ਕੁਐਸਚਨ ਇਸ ਬਾਰੇ ਕੀਤਾ ਸੀ। ਜਿਹੜੀ ਐਸ਼ੋਰੈਂਸ ਇੱਥੇ ਦਿੱਤੀ ਜਾਂਦੀ ਹੈ, ਉਸ ਤੇ ਮੁੜ ਅਮਲ ਸ਼ੁਰੂ ਹੁੰਦਾ ਹੈ। ਇਹ ਐਸ਼ੋਰੈਂਸ ਕਮੇਟੀ ਕੋਲ ਜਾਣਾ ਹੁੰਦਾ ਹੈ। ਜਦੋਂ ਇੱਕ ਵਾਰੀ ਇੱਥੋਂ ਐਸ਼ੋਰੈਂਸ ਹੋ ਜਾਂਦੀ ਹੈ, ਇਸ ਨੂੰ ਪੂਰਾ ਕਰਨਾ ਹੁੰਦਾ ਹੈ, ਅਗਲੀ ਵਾਰੀ ਸਵਾਲ ਕਰਨ ਦੀ ਲੋੜ ਨਹੀਂ ਪੈਣੀ ਚਾਹੀਦੀ। ਅਗਲਾ ਸਵਾਲ।

---

## ਘਨੌਰ ਮਾਈਨਰ ਦੀ ਮੁਰੰਮਤ

*816. **ਸ਼੍ਰੀ ਮਦਨ ਲਾਲ ਠੇਕੇਦਾਰ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜ਼ਿਲ੍ਹਾ ਪਟਿਆਲਾ ਦੇ ਘਨੌਰ ਖੇਤਰ ਵਿੱਚ ਪੈਂਦੀ ਘਨੌਰ ਮਾਈਨਰ ਕਦੋਂ ਤੋਂ ਖਸਤਾ ਹਾਲਤ ਵਿੱਚ ਹੈ ਅਤੇ ਉਕਤ ਮਾਈਨਰ ਦੀ ਮੁਰੰਮਤ ਨਾ ਕਰਨ ਦੇ ਕੀ ਕਾਰਣ ਹਨ ;

(ਅ) ਭਾਗ (ੳ) ਵਿਚ ਵਰਣਿਤ ਮਾਈਨਰ ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਜਨਮੇਜਾ ਸਿੰਘ ਸੇਖੋਂ** : (ੳ) ਹਾਂ ਜੀ, ਘਨੌਰ ਸਬ-ਮਾਈਨਰ ਆਰ. ਡੀ. 14500 ਤੋਂ 20500 ਤੱਕ ਪਿਛਲੇ 5 ਸਾਲਾਂ ਤੋਂ ਟੁੱਟੀ ਪਈ ਹੈ। ਇਸ ਚੈਨਲ ਨੂੰ ਰਿਪੇਅਰ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਫੰਡਜ਼ ਉਪਲਬਧ ਹੋਣ ਤੇ ਕੰਮ ਕਰਵਾਉਣ ਦੀ ਤਜਵੀਜ਼ ਹੈ।

(ਅ) ਘਨੌਰ ਸਬ-ਮਾਈਨਰ ਦੀ ਮੁਰੰਮਤ ਦਾ ਕੰਮ ਸਾਲ 2009-10 ਦੌਰਾਨ ਵਿੱਤ ਵਿਭਾਗ ਵੱਲੋਂ ਫੰਡਜ਼ ਉਪਲਬਧ ਹੋਣ ਤੇ ਕਰਵਾਉਣ ਦੀ ਤਜਵੀਜ਼ ਹੈ।

**ਸ਼੍ਰੀ ਮਦਨ ਲਾਲ ਠੇਕੇਦਾਰ** : ਮੰਤਰੀ ਜੀ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਫੰਡ ਉਪਲਬਧ ਹੋਣ ਤੇ ਇਸ ਨੂੰ ਬਣਾਇਆ ਜਾਵੇਗਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਫੰਡ ਕਦੋਂ ਤੱਕ ਉਪਲਬਧ ਹੋ ਜਾਣਗੇ ?

**ਮੰਤਰੀ** : ਸਪੀਕਰ ਸਾਹਿਬ, ਆਉਣ ਵਾਲੇ ਸਾਲਾਂ ਵਿੱਚ ਬਾਦਲ ਸਾਹਿਬ ਨੇ, ਮੈਂ ਹਾਊਸ ਵਿਚ ਇੱਕ ਖੁਸ਼ੀ ਦੀ ਗੱਲ ਦੱਸਦਾ ਹਾਂ ਕਿ 3500 ਕਰੋੜ ਰੁਪਏ ਦੇ ਲੱਗਭਗ ਦਾ ਪ੍ਰੋਜੈਕਟ ਬਣਾਇਆ ਹੈ। (ਥੰਪਿੰਗ) ਆਉਣ ਵਾਲੇ ਤਿੰਨਾਂ ਸਾਲਾਂ ਵਿਚ ਸ਼ਾਇਦ ਹੀ ਪੰਜਾਬ ਦੀ ਕੋਈ ਨਹਿਰ ਰਹਿ ਜਾਵੇ ਜਿਸ ਦੀ ਕਿ ਰੀਹੈਬਲੀਟੇਸ਼ਨ ਨਾ ਕੀਤੀ ਜਾਵੇ।

**ਮਾਨਯੋਗ ਸਪੀਕਰ** : ਹਾਂ ਜੀ, ਠੇਕੇਦਾਰ ਸਾਹਿਬ, ਸਰ ਗਿਆ ਤੁਹਾਡਾ।

---

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 729**

**ਮਾਨਯੋਗ ਸਪੀਕਰ** : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---

## ਅਧਿਆਪਕਾਂ ਦੀਆਂ ਖਾਲੀ ਅਸਾਮੀਆਂ

***812. ਸਰਦਾਰ ਵਿਰਸਾ ਸਿੰਘ ਵਲਟੋਹਾ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਵਿਧਾਨ ਸਭਾ ਚੋਣ ਹਲਕਾ ਵਲਟੋਹਾ ਵਿਚ ਪੈਂਦੀਆਂ ਜ਼ਿਲ੍ਹਾ ਪਰੀਸ਼ਦਾਂ ਅਧੀਨ ਚਲਾਏ ਜਾ ਰਹੇ ਸਕੂਲਾਂ ਦੀ ਗਿਣਤੀ ਕਿੰਨੀ ਹੈ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਸਕੂਲਾਂ ਵਿਚ ਮਨਜ਼ੂਰਸ਼ੁਦਾ ਅਤੇ ਖਾਲੀ ਪਈਆਂ ਅਸਾਮੀਆਂ ਦੀ ਸਕੂਲ-ਵਾਰ ਗਿਣਤੀ ਕਿੰਨੀ ਹੈ ਅਤੇ ਉਕਤ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਸ਼੍ਰੀਮਾਨ ਜੀ,

(ੳ) ਵਿਧਾਨ ਸਭਾ ਚੋਣ ਹਲਕਾ ਵਲਟੋਹਾ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਧੀਨ ਐਲੀਮੈਂਟਰੀ ਸਕੂਲਾਂ ਦੀ ਕੁੱਲ ਗਿਣਤੀ 59 ਹੈ ਜਿਨ੍ਹਾਂ ਵਿਚੋਂ 31 ਸਕੂਲ ਪੰਚਾਇਤ ਸੰਮਤੀ ਵਲਟੋਹਾ ਵਿੱਚ ਹਨ ਅਤੇ 28 ਸਕੂਲ ਪੰਚਾਇਤ ਸੰਮਤੀ ਭਿੱਖੀਵਿੰਡ ਵਿੱਚ ਹਨ।

(ਅ) ਇਹਨਾਂ ਸਕੂਲਾਂ ਵਿੱਚ ਮਨਜ਼ੂਰਸ਼ੁਦਾ ਅਸਾਮੀਆਂ ਅਤੇ ਖਾਲੀ ਅਸਾਮੀਆਂ ਦਾ ਸਕੂਲਵਾਰ ਵੇਰਵਾ ਅਨੁਲੱਗ "ੳ" ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ। ਇਹਨਾਂ ਅਸਾਮੀਆਂ ਨੂੰ ਭਰਨ ਸਬੰਧੀ ਮਿਤੀ 13-12-2008 ਦੇ ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤਾ ਗਿਆ ਸੀ ਪਰੰਤੂ ਕੁਝ ਤਕਨੀਕੀ ਕਾਰਨਾਂ ਕਰਕੇ ਇਹ ਇਸ਼ਤਿਹਾਰ ਰੱਦ ਕਰ ਦਿੱਤਾ ਗਿਆ ਸੀ। ਹੁਣ ਪੰਜਾਬ ਪੰਚਾਇਤੀ ਰਾਜ ਪ੍ਰਾਇਮਰੀ ਟੀਚਰਜ਼ (ਭਰਤੀ ਅਤੇ ਸੇਵਾਵਾਂ ਦੀਆਂ ਸ਼ਰਤਾਂ) ਰੂਲਜ਼, 2006 ਵਿੱਚ ਵਿਦਿਅਕ ਯੋਗਤਾ ਸਬੰਧੀ ਸੋਧ ਕਰਨ ਲਈ ਡਰਾਫਟ ਰੂਲ ਮਿਤੀ 20-2-2009 ਦੇ ਅਸਾਧਾਰਨ ਗਜ਼ਟ ਨੋਟੀਫਿਕੇਸ਼ਨ ਵਿੱਚ ਛਾਪ ਕੇ 30 ਦਿਨਾਂ ਅੰਦਰ ਇਤਰਾਜ਼ ਮੰਗੇ ਗਏ ਹਨ। ਇਹਨਾਂ ਇਤਰਾਜ਼ਾਂ ਨੂੰ ਵਿਚਾਰਨ ਉਪਰੰਤ ਇਹਨਾਂ ਦਾ ਨਿਪਟਾਰਾ ਕਰਕੇ ਸੋਧੇ ਨਿਯਮਾਂ ਦੀ ਅੰਤਿਮ ਨੋਟੀਫਿਕੇਸ਼ਨ ਕੀਤੀ ਜਾਵੇਗੀ। ਇਸ ਉਪਰੰਤ ਛੇਤੀ ਹੀ ਖਾਲੀ ਥਾਵਾਂ ਭਰ ਲਈਆਂ ਜਾਣਗੀਆਂ।

---

** For Starred Question No. 729 & reply thereto, please see Appendix to this Debates.

Original with;
Punjab Vidhan Sabha
Digitized by;
Panjab Digital Library

## ਅਨੁਲੱਗ "ੳ"

| ਲੜੀ ਨੰ: | ਬਲਾਕ ਦਾ ਨਾਂ | ਸਕੂਲ ਦਾ ਨਾਂ | ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ | ਖਾਲੀ ਅਸਾਮੀਆਂ ਦੀ ਗਿਣਤੀ |
|---|---|---|---|---|
| 1 | 2 | 3 | 4 | 5 |
| 1 | ਵਲਟੋਹਾ | ਆਸਲ ਉਤਾੜ | 5 | 2 |
| 2 | | ਡਿੱਬੀਪੁਰਾ | 2 | – |
| 3 | | ਬੱਲਿਆ ਵਾਲਾ | 2 | – |
| 4 | | ਭੰਗਾਲਾ | 5 | 1 |
| 5 | | ਵਲਟੋਹਾ | 3 | – |
| 6 | | ਲਾਖਣਾ | 3 | 1 |
| 7 | | ਚੀਮਾਂ ਖੁਰਦ | 4 | – |
| 8 | | ਫਤਿਹਪੁਰ | 3 | 2 |
| 9 | | ਰਾਮ ਖਾਰਾ | 2 | – |
| 10 | | ਮੁਠਿਆ ਵਾਲਾ | 6 | 1 |
| 11 | | ਮਹਿਦੀਪੁਰ | 6 | 3 |
| 12 | | ਤੂਤ | 3 | 1 |
| 13 | | ਰਾਧਲਕੇ | 2 | – |
| 14 | | ਜੰਡ | 2 | 1 |
| 15 | | ਗਜਲ | 3 | 3 |
| 16 | | ਮਾਛੀਕੇ | 2 | 1 |
| 17 | | ਢੋਲਣ | 2 | – |
| 18 | | ਵਾਂ ਤਾਰਾ ਸਿੰਘ | 2 | – |
| 19 | | ਬਹਾਦਰ ਨਗਰ | 1 | – |
| 20 | | ਚੱਕ ਬਾਂਬਾ | 2 | 1 |
| 21 | | ਮਹਿਮੂਦਪੁਰਾ | 3 | 1 |
| 22 | | ਮਨਾਵਾਂ | 1 | – |
| 23 | | ਭੂਰਾ ਕਰੀਮਪੁਰਾ | 2 | 1 |
| 24 | | ਮਸਤਗੜ੍ਹ | 2 | 2 |
| 25 | | ਦੂਹਲ ਕੋਹਨਾਂ | 2 | – |
| 26 | | ਮਾਹਣੇਕੇ | 1 | 1 |
| 27 | | ਕਲਸ | 2 | 2 |
| 28 | | ਰੱਤੋਕੇ ਹਵੇਲੀਆਂ | 2 | 2 |
| 29 | | ਦੂਹਲ ਨੌ | 2 | 2 |
| 30 | | ਕਲੰਜਰ ਉਤਾੜ | 2 | 2 |
| 31 | | ਮਦਰ ਮਥਰਾ ਭਾਗੀ | 3 | 3 |
| | | ਜੋੜ : | 82 | 33 |

Original with;
Punjab Vidhan Sabha
Digitized by;
Panjab Digital Library

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

| ਲੜੀ ਨੰ: | ਬਲਾਕ ਦਾ ਨਾਂ | ਸਕੂਲ ਦਾ ਨਾਂ | ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ | ਖਾਲੀ ਅਸਾਮੀਆਂ ਦੀ ਗਿਣਤੀ |
|---|---|---|---|---|
| 1 | 2 | 3 | 4 | 5 |
| 1 | ਭਿਖੀਵਿੰਡ | ਅਲਗੋ ਹਵੇਲੀਆਂ | 2 | 1 |
| 2 | | ਅਲਗੋ ਕਲਾਂ | 3 | – |
| 3 | | ਅਮੀਸ਼ਾਹ | 5 | – |
| 4 | | ਬਾਸਰਕੇ | 5 | – |
| 5 | | ਭਗਵਾਨਪੁਰਾ | 4 | 1 |
| 6 | | ਭਾਈ ਲੱਧੂ | 4 | 1 |
| 7 | | ਭੈਣੀ ਮੱਸਾ ਸਿੰਘ | 2 | – |
| 8 | | ਚੇਲਾ | 2 | – |
| 9 | | ਚੁੰਘ | 3 | – |
| 10 | | ਡਲੀਰੀ | 2 | – |
| 11 | | ਦਰਾਜਕੇ | 4 | – |
| 12 | | ਗਿੱਲਪੁਨ | 2 | 1 |
| 13 | | ਕਲਸੀਆਂ ਕਲਾਂ | 6 | – |
| 14 | | ਕਲਸੀਆਂ ਖ਼ੁਰਦ | 3 | 1 |
| 15 | | ਮਾੜੀ ਕੰਬੋਕੇ | 4 | – |
| 16 | | ਮਾੜੀ ਮੇਘਾ | 4 | – |
| 17 | | ਮਾੜੀ ਗੌੜ ਸਿੰਘ | 2 | – |
| 18 | | ਮਾੜੀ ਸਮਰਾ | 2 | 1 |
| 19 | | ਮਾੜੀ ਬੇਹ ਵਾਲੀ | 4 | – |
| 20 | | ਮਾੜੀ ਨੌ ਅਬਾਦ | 2 | 1 |
| 21 | | ਮੁੱਗਲ ਚੱਕ | 2 | – |
| 22 | | ਨਾਰਲੀ | 11 | 1 |
| 23 | | ਸਾਂਡਪੁਰਾ | 2 | 1 |
| 24 | | ਬੇਹ ਕਲਾਂ | 2 | – |
| 25 | | ਬੇਹ ਨੌਸ਼ਿਹਰਾ | 2 | 1 |
| 26 | | ਵਾਂੜਾ ਸ਼ੇਰ ਸਿੰਘ | 2 | – |
| 27 | | ਵਾੜਾ ਤੇਲੀਆਂ | 2 | 1 |
| 28 | | ਸਿੱਧਵਾ | 4 | 2 |
| | | ਜੋੜ : | 92 | 13 |

Original with;
Punjab Vidhan Sabha
Digitized by;
Panjab Digital Library

**ਸਰਦਾਰ ਵਿਰਸਾ ਸਿੰਘ ਵਲਟੋਹਾ** : ਸਪੀਕਰ ਸਾਹਿਬ, ਮੇਰੇ ਹਲਕੇ ਵਿਚ 59 ਸਕੂਲ ਹਨ, ਜਿਹੜੇ ਕਿ ਜ਼ਿਲ੍ਹਾ ਪ੍ਰੀਸ਼ਦ ਦੇ ਅਧੀਨ ਹਨ। ਇਨ੍ਹਾਂ 59 ਸਕੂਲਾਂ ਵਿਚੋਂ 10 ਕੁ ਸਕੂਲ ਅਜਿਹੇ ਹਨ, ਜਿਹੜੇ ਕਿ ਬਿਲਕੁਲ ਬੰਦ ਹਨ ਅਤੇ ਜਿੱਥੋਂ ਕੋਈ ਵੀ ਟੀਚਰ ਨਹੀਂ ਹੈ । ਇੰਨੀ ਵੱਡੀ ਗਿਣਤੀ ਦੇ ਵਿੱਚ ਬਾਕੀ ਸਕੂਲਾਂ ਵਿੱਚ ਵੀ ਅਸਾਮੀਆਂ ਖਾਲੀ ਪਈਆਂ ਹਨ ਜਿਸ ਨਾਲ ਬੱਚਿਆਂ ਦੀ ਪੜ੍ਹਾਈ ਦਾ ਮਿਆਰ ਗਿਰਨ ਦੀ ਗੱਲ ਤਾਂ ਕੀ ਕਰੀਏ, ਪੜ੍ਹਾਈ ਦਾ ਨਾਮੋ-ਨਿਸ਼ਾਨ ਤੱਕ ਨਹੀਂ ਰਿਹਾ। ਮੈਂ ਮਾਨਯੋਗ ਮੰਤਰੀ ਸਾਹਿਬ ਤੋਂ ਐਸ਼ੋਰੈਂਸ ਲੈਣੀ ਚਾਹੁੰਦਾ ਕਿ ਇਹ ਜਿਹੜੀ ਇਨ੍ਹਾਂ ਨੇ ਹੁਣ ਭਰਤੀ ਕਰਾਉਣ ਵਿਚ ਸੋਧ ਕਰਨੀ ਹੈ, ਉਹ ਜਿਹੜੀ ਇਹ ਨੋਟਿਫੀਕੇਸ਼ਨ ਕਰਦੇ ਹਨ ਜਾਂ ਇਸ਼ਤਿਹਾਰ ਦਿੰਦੇ ਹਨ ਅਤੇ ਉਸ ਤੋਂ ਬਾਅਦ ਭਰਤੀ ਪ੍ਰਕ੍ਰਿਆ ਸ਼ੁਰੂ ਹੁੰਦੀ ਹੈ, ਉਸ ਤੋਂ ਬਾਅਦ ਕੀ ਇਹ ਪਹਿਲ ਦੇ ਆਧਾਰ ਤੇ ਵਲਟੋਹਾ ਹਲਕੇ ਦੇ ਵਿੱਚ ਟੀਚਰ ਤਾਇਨਾਤ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਵਲਟੋਹਾ ਕੰਸਟੀਚੂਐਂਸੀ ਬਿਲਕੁਲ ਬਾਰਡਰ ਤੇ ਹੈ ਅਤੇ ਮੈਂ ਦੇਖਿਆ ਹੈ ਕਿ ਜਿਹੜੇ ਸਭ ਤੋਂ ਘੱਟ ਟੀਚਰ ਸਕੂਲਾਂ ਵਿੱਚ ਹਨ, ਉਹ ਇਸ ਹਲਕੇ ਵਿੱਚ ਹਨ। ਜਦੋਂ ਭਰਤੀ ਹੋਵੇਗੀ ਤਾਂ ਪਹਿਲ ਦੇ ਆਧਾਰ ਤੇ ਉੱਥੇ ਟੀਚਰ ਤਾਇਨਾਤ ਕੀਤੇ ਜਾਣਗੇ।

**ਸਰਦਾਰ ਵਿਰਸਾ ਸਿੰਘ ਵਲਟੋਹਾ** : ਧੰਨਵਾਦ ਜੀ ।

---

## ਸਰਕਟ ਹਾਊਸਾਂ ਦਾ ਨਵੀਨੀਕਰਨ

*751. **ਸ਼੍ਰੀ ਮਦਨ ਲਾਲ ਠੇਕੇਦਾਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਰਾਜ ਅਤੇ ਹੋਰ ਸਥਾਨਾਂ ਤੇ ਸਥਿਤ ਪੰਜਾਬ ਸਰਕਾਰ ਦੇ ਸਰਕਟ ਹਾਊਸਾਂ ਅਤੇ ਪੰਜਾਬ ਭਵਨਾਂ ਦਾ ਨਵੀਨੀਕਰਨ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ;

(ਅ) ਕੀ ਸਰਕਾਰ ਰਾਜ ਦੇ ਸਾਰੇ ਜ਼ਿਲ੍ਹਾ ਸਦਰਮੁਕਾਮਾਂ ਤੇ ਸਰਕਟ ਹਾਊਸਾਂ ਦੀ ਉਸਾਰੀ ਕਰਨ ਦਾ ਵਿਚਾਰ ਰੱਖਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਕਦੋਂ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਹਾਂ ਜੀ। ਸਰਕਟ ਹਾਊਸਾਂ ਅਤੇ ਪੰਜਾਬ ਭਵਨ, ਨਵੀ ਦਿੱਲੀ, ਨੂੰ ਰੈਨੋਵੇਟ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਮਾਨਯੋਗ ਮੁੱਖ ਮੰਤਰੀ, ਪੰਜਾਬ, ਜੀ ਦੀਆਂ ਹਦਾਇਤਾਂ ਤੇ ਮੁੱਖ ਸਕੱਤਰ, ਪੰਜਾਬ, ਵੱਲੋਂ ਮੰਡਲ ਕਮਿਸ਼ਨਰਾਂ ਦੀ ਪ੍ਰਧਾਨਗੀ ਹੇਠ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਸਰਕਟ ਹਾਊਸਾਂ ਅਤੇ ਪੰਜਾਬ ਭਵਨ, ਨਵੀਂ ਦਿੱਲੀ, ਲਈ ਪ੍ਰਿੰਸੀਪਲ ਰੈਜ਼ੀਡੈਂਟ ਕਮਿਸ਼ਨਰ, ਨਵੀਂ ਦਿੱਲੀ ਦੀ ਪ੍ਰਧਾਨਗੀ ਹੇਠ ਇਨ੍ਹਾਂ ਇਮਾਰਤਾਂ ਦਾ ਨਿਰੀਖਣ ਅਤੇ ਇਨ੍ਹਾਂ ਦੀ ਨਵੀਨੀਕਰਨ ਅਤੇ ਅਪਗਰੇਡੇਸ਼ਨ ਕਰਨ ਸਬੰਧੀ ਸਿਫਾਰਸ਼ਾਂ ਦੇਣ ਲਈ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਇਨ੍ਹਾਂ ਕਮੇਟੀਆਂ ਦੀਆਂ ਸਿਫਾਰਸ਼ਾਂ ਪ੍ਰਾਪਤ ਹੋਣ ਉਪਰੰਤ ਅਗਲੀ ਕਾਰਵਾਈ ਕੀਤੀ ਜਾਵੇਗੀ ।

(ਅ) ਜਿੱਥੋਂ ਤੱਕ ਰਾਜ ਦੇ ਸਾਰੇ ਜ਼ਿਲ੍ਹਾ ਹੈੱਡ ਕੁਆਟਰਾਂ ਦੇ ਸਰਕਟ ਹਾਊਸਾਂ ਦੀ ਉਸਾਰੀ ਦਾ ਸਬੰਧ ਹੈ, ਇਸ ਸਬੰਧ ਵਿੱਚ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਮਦਨ ਲਾਲ ਠੇਕੇਦਾਰ :** ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਜ਼ਿਲ੍ਹਾ ਪੱਧਰ ਤੇ ਸਰਕਟ ਹਾਊਸ ਬਣਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਨਹੀਂ ਹੈ। ਸਪੀਕਰ ਸਾਹਿਬ, ਸਰਕਟ ਹਾਊਸ ਜ਼ਿਲ੍ਹਾ ਪੱਧਰ ਤੇ ਹੋਣੇ ਬਹੁਤ ਜ਼ਰੂਰੀ ਹਨ। ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕੀ ਉਹ ਜ਼ਿਲ੍ਹਾ ਪੱਧਰ ਤੇ ਸਰਕਟ ਹਾਊਸ ਬਣਾਉਣ ਲਈ ਕੋਈ ਵਿਚਾਰ ਕਰਨਗੇ ?

**ਮੁੱਖ ਮੰਤਰੀ :** ਵਿਚਾਰ ਕਰ ਲਵਾਂਗੇ ਜੀ ।

**ਸ਼੍ਰੀ ਮਦਨ ਲਾਲ ਠੇਕੇਦਾਰ :** ਧੰਨਵਾਦ ਜੀ ।

**ਮਾਨਯੋਗ ਸਪੀਕਰ :** ਅਗਲਾ ਸੁਆਲ, ਸਰਦਾਰ ਕੇਵਲ ਸਿੰਘ ਢਿੱਲੋਂ ।

---

## ਕਰਜ਼ਿਆਂ ਦੀ ਵਸੂਲੀ

***710. ਸਰਦਾਰ ਕੇਵਲ ਸਿੰਘ ਢਿੱਲੋਂ :** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਪੰਜਾਬ ਵਿੱਚ ਕਾਰਪੋਰੇਸ਼ਨ ਦੁਆਰਾ ਉਦਯੋਗਿਕ ਯੂਨਿਟਾਂ ਨੂੰ ਦਿੱਤੇ ਗਏ ਕਰਜ਼ਿਆਂ ਦੀ ਗੈਰ-ਵਸੂਲੀ ਲਈ ਨੈਗੋਸ਼ੀਏਬਲ ਇੰਸਟਰੂਮੈਂਟ ਐਕਟ (ਐਨ. ਆਈ. ਏ.) ਦੀ ਧਾਰਾ 138 ਅਧੀਨ ਰਜਿਸਟਰ ਕੀਤੇ ਗਏ ਕੇਸਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿਚੋਂ ਉਨ੍ਹਾਂ ਕੇਸਾਂ ਦੇ ਵੇਰਵੇ ਕੀ ਹਨ ਜਿਨ੍ਹਾਂ ਵਿਚ ਹੁਣ ਤੱਕ ਪੂਰੀ ਵਸੂਲੀ ਕਰ ਲਈ ਗਈ ਹੈ ;

(ੲ) ਕੀ ਉਨ੍ਹਾਂ ਕੇਸਾਂ ਜਿਨ੍ਹਾਂ ਦੀ ਹੁਣ ਤੱਕ ਪੂਰੀ ਵਸੂਲੀ ਕਰ ਲਈ ਗਈ ਹੈ ; ਵਾਪਸ ਲਏ ਗਏ ਮੰਨੇ ਜਾਣਗੇ ; ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ਅਤੇ ਅਜਿਹੇ ਕੇਸਾਂ ਨੂੰ ਕਦੋਂ ਤੱਕ ਵਾਪਸ ਲਏ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਮਨੋਰੰਜਨ ਕਾਲੀਆ :** (ੳ) ਨੈਗੋਸ਼ੀਏਬਲ ਇੰਸਟਰੂਮੈਂਟ ਐਕਟ ਦੀ ਧਾਰਾ 138 ਅਧੀਨ ਪੰਜਾਬ ਵਿੱਤ ਨਿਗਮ ਵੱਲੋਂ ਉਦਯੋਗਿਕ ਇਕਾਈਆਂ ਨੂੰ ਦਿੱਤੇ ਕਰਜ਼ੇ ਦੀ ਨਾ ਹੋ ਰਹੀ ਵਸੂਲੀ ਬਾਰੇ 155 ਕੇਸ ਰਜਿਸਟਰਡ ਹਨ। ਜ਼ਿਲ੍ਹੇ ਮੁਤਾਬਕ ਲਿਸਟ ਅਨੁਲੱਗ-'ੳ' ਤੇ ਹੈ ।

(ਅ) ਉਪਰੋਕਤ 'ੳ' ਵਿਚੋਂ 19 ਕੇਸਾਂ ਦਾ ਵਿਵਰਨ, ਜਿੱਥੇ ਸਾਰੀ ਵਸੂਲੀ ਹੋ ਚੁੱਕੀ ਹੈ, ਪਰ ਕੇਸ ਵਾਪਸ ਨਹੀਂ ਲਏ ਗਏ, ਅਨੁਲੱਗ 'ਅ' ਤੇ ਹੈ।

(ੲ) ਨੈਗੋਸ਼ੀਏਬਲ ਇੰਸਟਰੂਮੈਂਟ ਐਕਟ, 1881 ਦੀ ਧਾਰਾ 138 ਦੇ ਤਹਿਤ ਕੀਤੇ ਗਏ ਜੁਰਮ ਨੂੰ ਧਿਆਨ ਵਿੱਚ ਰੱਖਦਿਆਂ ਨਿਗਮ ਨੇ ਉਹ ਕੇਸ ਵੀ ਵਾਪਿਸ ਨਹੀਂ

Original with;
Punjab Vidhan Sabha
Digitized by;
Panjab Digital Library

ਲਈ ਜਿੱਥੇ ਕਿ ਪੂਰੀ ਵਸੂਲੀ ਹੋ ਚੁੱਕੀ ਸੀ। ਇਸ ਕਰਕੇ ਨਿਗਮ ਨੇ ਇਹ ਫੈਸਲਾ ਕੀਤਾ ਕਿ ਕਾਨੂੰਨ ਆਪਣੀ ਕਾਰਵਾਈ ਕਰੇ ।

### ਅਨੁਲੱਗ - "ੳ"

ਧਾਰਾ 138 ਦੇ ਅੰਤਰਗਤ ਰਜਿਸਟਰਡ ਕੇਸਾਂ ਦਾ ਜ਼ਿਲ੍ਹੇਵਾਰ ਵੇਰਵਾ :—

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਕੇਸਾਂ ਦੀ ਗਿਣਤੀ |
|---|---|---|
| 1 | ਅੰਮ੍ਰਿਤਸਰ | 10 |
| 2 | ਗੁਰਦਾਸਪੁਰ | 05 |
| 3 | ਤਰਨ ਤਾਰਨ | 00 |
| 4 | ਬਠਿੰਡਾ | 05 |
| 5 | ਮਾਨਸਾ | 00 |
| 6 | ਫਿਰੋਜ਼ਪੁਰ | 10 |
| 7 | ਫਰੀਦਕੋਟ | 02 |
| 8 | ਮੋਗਾ | 00 |
| 9 | ਮੁਕਤਸਰ | 00 |
| 10 | ਹੁਸ਼ਿਆਰਪੁਰ | 06 |
| 11 | ਨਵਾਂ ਸ਼ਹਿਰ | 00 |
| 12 | ਜਲੰਧਰ | 16 |
| 13 | ਕਪੂਰਥਲਾ | 04 |
| 14 | ਲੁਧਿਆਣਾ | 37 |
| 15 | ਪਟਿਆਲਾ | 23 |
| 16 | ਫਤਿਹਗੜ੍ਹ ਸਾਹਿਬ | 00 |
| 17 | ਰੋਪੜ | 18 |
| 18 | ਮੋਹਾਲੀ | 02 |
| 19 | ਸੰਗਰੂਰ | 17 |
| | ਕੁੱਲ | 155 |

### ਅਨੁਲੱਗ-ਅ

ਧਾਰਾ 138 ਦੇ ਅੰਤਰਗਤ ਰਜ਼ਿਸਟਰਡ ਕੀਤੇ ਅਤੇ ਚਾਲੂ ਕੇਸਾਂ ਦਾ ਜ਼ਿਲ੍ਹੇਵਾਰ ਵੇਰਵਾ ਜਿਨ੍ਹਾਂ ਨੇ ਸਾਰਾ ਕਰਜ਼ਾ ਵਾਪਿਸ ਕਰ ਦਿੱਤਾ ਹੈ :—

ਪਟਿਆਲਾ :

1. ਮੈਸ. ਗੋਇਲ ਸੰਨਜ਼ ਇੰਡਸਟਰੀਜ਼

Original with;
Punjab Vidhan Sabha
Digitized by;
Panjab Digital Library

[ਉਦਯੋਗ ਮੰਤਰੀ]

2. ਮੈਸ. ਮਿੱਤਲ ਬਾਇਓ ਕੋਅਲ

ਫਤਿਹਗੜ੍ਹ ਸਾਹਿਬ .. ਕੋਈ ਨਹੀਂ

ਬਠਿੰਡਾ .. ਕੋਈ ਨਹੀਂ

ਮਾਨਸਾ .. ਕੋਈ ਨਹੀਂ

ਸੰਗਰੂਰ :

1. ਮੈਸ. ਸ਼ਿਵ ਸ਼ਕਤੀ ਰਾਈਸ ਮਿਲਜ਼ .. ਤਿੰਨ ਸ਼ਿਕਾਇਤਾਂ

2. ਮੈਸ. ਰਜਿੰਦਰਾ ਕਲਰ ਲੈਬ

ਹੁਸ਼ਿਆਰਪੁਰ :

1. ਮੈਸ. ਮਨਪ੍ਰੀਤ ਐਗਰੋ ਇੰਡਸਟਰੀਜ਼ .. ਦੋ ਸ਼ਿਕਾਇਤਾਂ

2. ਮੈਸ. ਅੰਕੁਰ ਜਵੈਲਰਜ਼

ਨਵਾਂ ਸ਼ਹਿਰ .. ਕੋਈ ਨਹੀਂ

ਜਲੰਧਰ

1. ਮੈਸ. ਆਰਿਅਨ ਪੇਂਟਸ ਐਂਡ ਕੰਮੀਕਲਜ਼

ਕਪੂਰਥਲਾ :

1. ਮੈਸ. ਵੀ.ਕੇ. ਜਵੈਲਰਜ਼

ਫਿਰੋਜ਼ਪੁਰ .. ਕੋਈ ਨਹੀਂ

ਫਰੀਦਕੋਟ .. ਕੋਈ ਨਹੀਂ

ਮੋਗਾ .. ਕੋਈ ਨਹੀਂ

ਮੁਕਤਸਰ .. ਕੋਈ ਨਹੀਂ

ਅੰਮ੍ਰਿਤਸਰ :

1. ਮੈਸ. ਐਚ.ਬੀ. ਇੰਡਸਟਰੀਜ਼

ਗੁਰਦਾਸਪੁਰ .. ਕੋਈ ਨਹੀਂ

ਤਰਨਤਾਰਨ .. ਕੋਈ ਨਹੀਂ

ਲੁਧਿਆਣਾ :

1. ਮੈਸ. ਪੁਸ਼ਪ੍ਰੀਤ ਮਨ ਟੈਕਸਟਾਈਲਜ਼
2. ਮੈਸ. ਰੁਪਾਲੀ ਸਵੀਟਸ
3. ਮੈਸ. ਟੀ-ਐਕਸ. ਓ. ਇੰਡਸਟਰੀਜ਼
4. ਮੈਸ. ਜਗਮੀਤ ਐਗਰੋ ਇੰਡਸਟਰੀਜ਼
5. ਮੈਸ. ਜਸਬੀਰ ਡਾਇੰਗ
6. ਮੈਸ. ਲੁਧਿਆਣਾ ਇੰਡਸਟਰੀਅਲ ਕਾਰਪੋਰੇਸ਼ਨ
7. ਮੈਸ. ਸਿਟੀਜ਼ਨ ਫੋਰਜ਼ ਲਿਮਟਿਡ
8. ਮੈਸ. ਸਚਿੰਦਾਨੰਦ ਸਾਇਕਲਜ਼

ਰੋਪੜ :

1. ਮੈਸ. ਸੁਖਦੇਵ ਐਂਟਰਪ੍ਰਾਈਜ਼ਜ਼

ਮੋਹਾਲੀ :

1. ਮੈਸ. ਵਿਨੋਦ ਪਲਾਸਟਿਕ

ਕੁੱਲ ਕੇਸ : 19

Original with;
Punjab Vidhan Sabha
Digitized by;
Panjab Digital Library

ਮੈਂ ਪੰਜਾਬ ਫਾਇਨੈਂਸ਼ਲ ਕਾਰਪੋਰੇਸ਼ਨ ਨੂੰ ਹਦਾਇਤ ਦਿੱਤੀ ਹੈ ਕਿ ਐਪਲੀਕੇਸ਼ਨ ਦੇ ਕੇ ਕੋਰਟ ਵਿੱਚੋਂ ਇਹ ਕੇਸ ਵਿਦਡਰਾਅ ਕਰ ਲਏ ਜਾਣ।

**ਸਰਦਾਰ ਕੇਵਲ ਸਿੰਘ ਢਿਲੋਂ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ। ਪਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇੰਡਸਟਰੀ ਤਾਂ ਬੰਦ ਹੋ ਰਹੀ ਹੈ ਅਤੇ ਅਸੀਂ ਉਨ੍ਹਾਂ ਨੂੰ ਸਜ਼ਾ ਦੁਆ ਰਹੇ ਹਾਂ। ਪੂਰੀ ਪੇਮੈਂਟ ਵੀ ਦੇ ਦਿੱਤੀ, ਇੰਟਰਸਟ ਅਤੇ ਪੀਨਲ ਇੰਟਰਸਟ ਵੀ ਦੇ ਦਿੱਤਾ ਪਰ ਫਿਰ ਵੀ ਪੰਜਾਬ ਫਾਇਨੈਂਸਲ ਕਾਰਪੋਰੇਸ਼ਨ ਦੀ ਐਗਜ਼ੈਕਟਿਵ ਕਮੇਟੀ ਨੇ ਫੈਸਲਾ ਕੀਤਾ ਕਿ ਇਨ੍ਹਾਂ ਨੂੰ ਐਕਟ ਅਧੀਨ ਸਜ਼ਾ ਕਰਵਾਈ ਜਾਵੇ ।

**ਮਾਨਯੋਗ ਸਪੀਕਰ** : ਜੁਆਬ ਤਾਂ ਆ ਗਿਆ ਹੈ।

**ਸਰਦਾਰ ਕੇਵਲ ਸਿੰਘ ਢਿੱਲੋਂ** : ਸਰ, ਇਹ ਤਾਂ ਹੁਣ ਕੀਤਾ ਹੈ, ਪਹਿਲਾਂ ਤਾਂ ਨਹੀਂ ਕੀਤਾ। (ਹਾਸਾ)................

**ਮਾਨਯੋਗ ਸਪੀਕਰ** : ਚਲੋ ਜਦੋਂ ਕੀਤਾ, ਉਦੋਂ ਹੀ ਠੀਕ ਹੈ। ਨੈਕਸਟ ਕੁਐਸਚਨ, ਸਰਦਾਰ ਅਮਰਜੀਤ ਸਿੰਘ ਸਮਰਾ ।

---

## ਨਰੇਗਾ ਅਧੀਨ ਪ੍ਰਾਪਤ ਕੀਤੇ ਗਏ ਫੰਡ

*738. (1) **ਸਰਦਾਰ ਅਮਰਜੀਤ ਸਿੰਘ ਸਮਰਾ**
(2) **ਸਰਦਾਰ ਮੱਖਣ ਸਿੰਘ**
(3) **ਸਰਦਾਰ ਸੁਖਪਾਲ ਸਿੰਘ ਖਹਿਰਾ** : ਕੀ ਦਿਹਾਤੀ

ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 2007-08 ਅਤੇ 2008-09 ਦੇ ਸਮੇਂ ਦੌਰਾਨ ਰਾਜ ਸਰਕਾਰ ਦੁਆਰਾ ਨਰੇਗਾ ਅਧੀਨ ਕੇਂਦਰ ਸਰਕਾਰ ਤੋਂ ਕੁੱਲ ਕਿੰਨੀ ਰਕਮ ਪ੍ਰਾਪਤ ਕੀਤੀ ਗਈ ਹੈ ਅਤੇ ਉਸ ਵਿਚੋਂ ਵਰਤੀ ਗਈ ਰਕਮ ਕਿੰਨੀ ਹੈ ਅਤੇ ਉਪਰੋਕਤ ਸਮੇਂ ਦੌਰਾਨ ਉਕਤ ਸਕੀਮ ਅਧੀਨ ਲਾਭਪਾਤਰਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਸ਼੍ਰੀਮਾਨ ਜੀ, ਭਾਰਤ ਸਰਕਾਰ ਵੱਲੋਂ ਨਰੇਗਾ ਸਕੀਮ ਤਹਿਤ ਸਾਲ 2007-08 ਅਤੇ 2008-09 ਦੌਰਾਨ (ਫਰਵਰੀ, 2009 ਤੱਕ) 2819.47 ਲੱਖ ਅਤੇ 6449.57 ਲੱਖ ਰੁਪਏ ਪ੍ਰਾਪਤ ਹੋਏ ਜੋ ਕੁੱਲ ਰਕਮ 9269.04 ਲੱਖ ਰੁਪਏ ਬਣਦੀ ਹੈ ਜਿਸ ਵਿਚੋਂ 7465.21 ਲੱਖ ਰੁਪਏ ਦੀ ਰਕਮ ਵਰਤੀ ਗਈ ਹੈ। ਇਸ ਨਾਲ 177544 ਲਾਭਪਾਤਰਾਂ ਨੂੰ ਰੁਜ਼ਗਾਰ ਦਿੱਤਾ ਗਿਆ ਹੈ। ਲਾਭਪਾਤਰਾਂ ਦੀ ਜ਼ਿਲ੍ਹਾਵਾਰ ਗਿਣਤੀ ਅਨੁਲੱਗ ੳ ਤੇ ਰੱਖੀ ਗਈ ਹੈ ਜੋ ਕਿ ਸਦਨ ਦੀ ਮੇਜ਼ ਉੱਤੇ ਰੱਖੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

## ਅਨੁਲੱਗ-ੳ

### ਸਾਲ 2007-08 ਦੌਰਾਨ ਨਰੇਗਾ ਸਕੀਮ ਤਹਿਤ ਪ੍ਰਾਪਤ ਹੋਏ ਫੰਡ ਅਤੇ ਪਰਿਵਾਰਾਂ ਦੀ ਗਿਣਤੀ ਜਿਨ੍ਹਾਂ ਨੂੰ ਰੁਜ਼ਗਾਰ ਦਿੱਤਾ ਗਿਆ

| ਲੜੀ ਨੰ. | ਜ਼ਿਲ੍ਹੇ ਦਾ ਨਾਂ | ਪਿਛਲੇ ਸਾਲ ਦੇ ਬਕਾਇਆ ਫੰਡ | ਕੇਂਦਰ ਸਰਕਾਰ ਵੱਲੋਂ ਪ੍ਰਾਪਤ ਹੋਏ ਫੰਡ | ਰਾਜ ਸਰਕਾਰ ਵੱਲੋਂ ਪ੍ਰਾਪਤ ਹੋਏ ਫੰਡ | ਫੁਟਕਲ ਪ੍ਰਾਪਤੀਆਂ | ਕੁੱਲ ਉਪਲਬਧ ਫੰਡ | ਕੁੱਲ ਖਰਚਾ | ਪਰਿਵਾਰਾਂ ਦੀ ਗਿਣਤੀ ਜਿਨ੍ਹਾਂ ਨੂੰ ਰੁਜ਼ਗਾਰ ਦਿੱਤਾ ਗਿਆ |
|---|---|---|---|---|---|---|---|---|
| 1 | ਹੁਸ਼ਿਆਰਪੁਰ | 1341.00 | 380.15 | 441.53 | 22.91 | 2185.59 | 1676.93 | 26297 |
| 2 | ਅੰਮ੍ਰਿਤਸਰ | 66.99 | 1196.28 | 203.66 | 00 | 1466.93 | 1086.84 | 15555 |
| 3 | ਜਲੰਧਰ | 81.79 | 893.74 | 142.37 | 0.63 | 1118.53 | 102.80 | 3111 |
| 4 | ਨਵਾਂ ਸ਼ਹਿਰ | 0.43 | 349.30 | 101.08 | 5.50 | 456.31 | 137.72 | 4727 |
| | ਕੁੱਲ ਜੋੜ | 1490.21 | 2819.47 | 888.64 | 29.04 | 5227.36 | 3004.29 | 49690 |

Original with;
Punjab Vidhan Sabha
Digitized by;
Panjab Digital Library

## ਅਨੁਲੱਗ-ੳ

ਸਾਲ 2008-09 ਦੌਰਾਨ(ਫਰਵਰੀ 2009 ਤੱਕ) ਨਰੇਗਾ ਸਕੀਮ ਤਹਿਤ ਪ੍ਰਾਪਤ ਹੋਏ ਫੰਡ ਅਤੇ ਪਰਿਵਾਰਾਂ ਦੀ ਗਿਣਤੀ ਜਿਨ੍ਹਾਂ ਨੂੰ ਰੁਜ਼ਗਾਰ ਦਿੱਤਾ ਗਿਆ

| ਲੜੀ ਨੰ. | ਜ਼ਿਲ੍ਹੇ ਦਾ ਨਾਂ | ਪਿਛਲੇ ਸਾਲ ਦੇ ਬਕਾਇਆ ਫੰਡ (ਐਸ.ਜੀ.ਆਰ. ਵਾਈ. ਦੇ ਬਕਾਇਆ ਸਮੇਤ) | ਕੇਂਦਰ ਸਰਕਾਰ ਵੱਲੋਂ ਪ੍ਰਾਪਤ ਹੋਏ ਫੰਡ | ਰਾਜ ਸਰਕਾਰ ਵੱਲੋਂ ਪ੍ਰਾਪਤ ਹੋਏ ਫੰਡ | ਫੁਟਕਲ ਪ੍ਰਾਪਤੀਆਂ | ਕੁੱਲ ਉਪਲਬੱਧ ਫੰਡ | ਕੁੱਲ ਖਰਚਾ | ਪਰਿਵਾਰਾਂ ਦੀ ਗਿਣਤੀ ਜਿਨ੍ਹਾਂ ਨੂੰ ਰੁਜ਼ਗਾਰ ਦਿੱਤਾ ਗਿਆ |
|---|---|---|---|---|---|---|---|---|
| 1 | ਅੰਮ੍ਰਿਤਸਰ | 380.09 | 630.94 | 70.10 | 2.09 | 1083.22 | 764.96 | 11513 |
| 2 | ਬਠਿੰਡਾ | 176.07 | 325.53 | 36.17 | 1.28 | 539.05 | 357.97 | 16975 |
| 3 | ਬਰਨਾਲਾ | 81.42 | 279.24 | 14.93 | 00 | 375.59 | 132.80 | 1028 |
| 4 | ਫਰੀਦਕੋਟ | 23.01 | 93.25 | 0 | 1.95 | 118.21 | 45.87 | 4106 |
| 5 | ਫਤਹਿਗੜ੍ਹ ਸਾਹਿਬ | 87.56 | 89.58 | 0 | 0 | 177.14 | 124.34 | 1325 |
| 6 | ਫਿਰੋਜ਼ਪੁਰ | 51.00 | 205.75 | 0 | 0 | 256.75 | 86.84 | 16090 |
| 7 | ਗੁਰਦਾਸਪੁਰ | 146.72 | 268.87 | 29.88 | 54.50 | 499.97 | 300.97 | 5714 |
| 8 | ਹੁਸ਼ਿਆਰਪੁਰ | 508.66 | 1862.53 | 91.97 | 51.11 | 2514.27 | 984.92 | 26297 |
| 9 | ਜਲੰਧਰ | 1015.73 | 00 | 0 | 0 | 1015.73 | 150.25 | 4105 |
| 10 | ਕਪੂਰਥਲਾ | 00 | 95.89 | 0 | 8.82 | 104.71 | 9.74 | 0 |

Original with;
Punjab Vidhan Sabha
Digitized by;
Panjab Digital Library

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

| ਲੜੀ ਨੰ. | ਜ਼ਿਲ੍ਹੇ ਦਾ ਨਾਂ | ਪਿਛਲੇ ਸਾਲ ਦੇ ਬਕਾਇਆ ਫੰਡ (ਐਸ.ਜੀ.ਆਰ. ਵਾਈ. ਦੇ ਬਕਾਇਆ ਸਮੇਤ) | ਕੇਂਦਰ ਸਰਕਾਰ ਵੱਲੋਂ ਪ੍ਰਾਪਤ ਹੋਏ ਫੰਡ | ਰਾਜ ਸਰਕਾਰ ਵੱਲੋਂ ਪ੍ਰਾਪਤ ਹੋਏ ਫੰਡ | ਫੁਟਕਲ ਪ੍ਰਾਪਤੀਆਂ | ਕੁੱਲ ਉਪਲਬੱਧ ਫੰਡ | ਕੁੱਲ ਖਰਚਾ | ਪਰਿਵਾਰਾਂ ਦੀ ਗਿਣਤੀ ਜਿਨ੍ਹਾਂ ਨੂੰ ਰੁਜ਼ਗਾਰ ਦਿੱਤਾ ਗਿਆ |
|---|---|---|---|---|---|---|---|---|
| 11 | ਲੁਧਿਆਣਾ | 231.24 | 170.83 | 0 | 0 | 402.07 | 64.33 | 505 |
| 12 | ਮਾਨਸਾ | 19.14 | 203.93 | 22.66 | 0 | 245.73 | 169.86 | 4951 |
| 13 | ਮੋਗਾ | 0.91 | 92.95 | 0 | 0 | 93.86 | 60.42 | 1134 |
| 14 | ਮੁਹਾਲੀ | 00 | 134.36 | 0 | 81.50 | 215.86 | 96.78 | 2065 |
| 15 | ਮੁਕਤਸਰ | 52.79 | 187.45 | 9.66 | 69.55 | 319.45 | 92.62 | 8380 |
| 16 | ਨਵਾਂ ਸ਼ਹਿਰ | 318.59 | 00 | 46.50 | 1.57 | 366.66 | 338.54 | 8679 |
| 17 | ਪਟਿਆਲਾ | 13.50 | 563.19 | 53.39 | 0 | 630.08 | 74.69 | 1495 |
| 18 | ਰੂਪਨਗਰ | 165.10 | 242.52 | 26.95 | 0 | 434.57 | 133.73 | 824 |
| 19 | ਸੰਗਰੂਰ | 16.20 | 868.40 | 0 | 0 | 884.60 | 451.15 | 12000 |
| 20 | ਤਰਨਤਾਰਨ | 0.05 | 134.36 | 14.93 | 0 | 149.34 | 20.14 | 668 |
| | ਕੁੱਲ ਜੋੜ | 3287.78 | 6449.57 | 417.14 | 272.37 | 10426.86 | 4460.92 | 127854 |

Original with;
Punjab Vidhan Sabha
Digitized by;
Panjab Digital Library

**ਸਰਦਾਰ ਅਮਰਜੀਤ ਸਿੰਘ ਸਮਰਾ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੋਈ 18 ਲੱਖ ਰੁਪਏ ਤੋਂ ਵੀ ਵੱਧ ਰਕਮ ਦੇ ਜੋ ਵੇਰਵੇ ਮਿਲੇ ਦੱਸੇ ਗਏ ਹਨ, 18 ਲੱਖ ਰੁਪਏ ਤੋਂ ਵੱਧ ਜਿਹੜੇ ਪੈਸੇ ਹਨ ਉਹ ਵਰਤੇ ਨਹੀਂ ਗਏ ਇਸ ਦੇ ਕੀ ਕਾਰਨ ਹਨ ?

(ਆਵਾਜ਼ਾਂ : 18 ਲੱਖ ਰੁਪਏ ਨਹੀਂ, ਇਹ 18 ਕਰੋੜ ਰੁਪਏ ਹੈ)

ਹਾਂ ਜੀ, ਸੌਰੀ। 1803 ਲੱਖ ਰੁਪਏ ਇਨ੍ਹਾਂ ਨੇ ਦੱਸਿਆ ਹੈ। ਕੀ ਕਾਰਨ ਹੈ ਕਿ ਇਹ ਪੈਸੇ ਵਰਤੇ ਕਿਉਂ ਨਹੀਂ ਗਏ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਰਾਜ ਵਿੱਚ ਨਰੇਗਾ ਸਕੀਮ ਨੂੰ ਭਰਵਾਂ ਹੁੰਗਾਰਾ ਡੇਢ ਮਹੀਨਾ ਪਹਿਲਾਂ ਤੱਕ ਨਹੀਂ ਮਿਲ ਸਕਿਆ ਸੀ ਕਿਉਂਕਿ ਪਹਿਲਾਂ ਮਜ਼ਦੂਰ ਦੀ ਦਿਹਾੜੀ 102 ਰੁਪਏ ਸੀ ਅਤੇ ਇਸ ਦਿਹਾੜੀ ਦੇ ਰੇਟ ਤੇ ਮਜ਼ਦੂਰ ਕੰਮ ਨਹੀਂ ਕਰਨਾ ਚਾਹੁੰਦੇ ਸਨ । ਉਨ੍ਹਾਂ ਨੂੰ ਮਾਰਕੀਟ ਦੇ ਵਿੱਚ ਵੱਧ ਦਿਹਾੜੀ ਮਿਲਦੀ ਸੀ । ਹੁਣ ਮਾਨਯੋਗ ਮੁੱਖ ਮੰਤਰੀ ਜੀ ਦੇ ਫੈਸਲੇ ਦੇ ਮੁਤਾਬਿਕ ਦਿਹਾੜੀ ਦਾ ਰੇਟ 123 ਰੁਪਏ ਕਰ ਦਿੱਤਾ ਗਿਆ ਹੈ ਜਿਸ ਕਰਕੇ ਇਹ ਸਕੀਮ ਹੁਣ ਲੋੜੀਂਦੀ ਸਪੀਡ ਨਾਲ ਚੱਲ ਰਹੀ ਹੈ। ਜਨਵਰੀ, 2009 ਤੱਕ 29 ਕਰੋੜ ਰੁਪਿਆ ਖਰਚ ਹੋਇਆ ਸੀ। ਜਦੋਂ ਕਿ ਹੁਣ ਤੱਕ 44 ਕਰੋੜ ਰੁਪਏ ਤੋਂ ਵੱਧ ਖਰਚ ਹੋ ਗਿਆ ਹੈ। ਇਸ ਦਾ ਮਤਲਬ ਹੈ ਕਿ ਅਪ੍ਰੈਲ ਤੋਂ ਦਸੰਬਰ ਤੱਕ 9 ਮਹੀਨੇ ਬਣਦੇ ਹਨ ਉਸ ਵਿੱਚ 29 ਕਰੋੜ ਰੁਪਏ ਖਰਚ ਹੋਏ ਅਤੇ ਜਨਵਰੀ, ਫਰਵਰੀ ਵਿੱਚ 15 ਕਰੋੜ ਰੁਪਏ। ਤਕਰੀਬਨ ਅੱਧ ਡਬਲ ਤੋਂ ਵੱਧ ਖਰਚ ਹੋਏ ।

ਭਾਵੇਂ ਇਸ ਸਕੀਮ ਵਿੱਚ ਡੀ.ਸੀਜ਼ ਨੂੰ ਸੈਂਟਰ ਵੱਲੋਂ ਸਿੱਧੇ ਪੈਸੇ ਦਿੱਤੇ ਜਾਂਦੇ ਹਨ ਅਤੇ ਭਾਵੇਂ ਸੈਂਟਰ ਵੱਲੋਂ ਮਿਲੇ ਪੈਸੇ ਦਾ 80% ਖਤਮ ਹੋ ਚੁੱਕਾ ਹੈ ਪਰੰਤੂ ਅਸੀਂ ਸਟੇਟ ਲੈਵਲ ਤੇ ਕੋਆਰਡੀਨੇਟਰ ਦੇ ਤੌਰ ਤੇ ਫੈਸਲਾ ਕੀਤਾ ਹੈ ਕਿ ਅਗਲੇ ਸਾਲ ਪੰਜਾਬ ਵਿੱਚ 350 ਕਰੋੜ ਰੁਪਏ ਇਸ ਸਕੀਮ ਤਹਿਤ ਖਰਚ ਕੀਤੇ ਜਾਣਗੇ। ਇਸ ਸਕੀਮ ਦੇ ਰਸਤੇ ਪੰਜਾਬ ਵਿੱਚ ਆਉਂਦੀਆਂ ਕਠਨਾਈਆਂ ਵਿੱਚ ਦਿਹਾੜੀ ਦਾ ਰੇਟ ਘੱਟ ਹੋਣਾ, ਕਈ ਜ਼ਿਲ੍ਹਿਆਂ ਵਿੱਚ ਐਨ.ਆਰ.ਆਈ. ਆਬਾਦੀ ਤੇ ਨਿਰਭਰ ਲੋਕ ਵੱਧ ਹੋਣਾ, ਮਾਰਕੀਟ ਵਿੱਚ ਦਿਹਾੜੀ ਜ਼ਿਆਦਾ ਹੋਣਾ, ਔਰਤਾਂ ਦਾ ਮਰਦਾਂ ਦੇ ਬਰਾਬਰ ਕੰਮ ਨਾ ਕਰ ਸਕਣਾ ਆਦਿ ਹੈ । ਆਮ ਦਿਹਾੜੀਦਾਰ ਦਾ ਸ਼ਡਿਊਲਡ ਰੇਟਾਂ ਦੇ ਮੁਤਾਬਿਕ ਕੰਮ ਕਰਨ ਦੀ ਸਮਰੱਥਾ ਨਾ ਰੱਖਣਾ ਆਦਿ ਸ਼ਾਮਲ ਹਨ।

ਪੜੌਸੀ ਰਾਜਾਂ ਵਿੱਚ ਜਿਵੇਂ ਕਿ ਹਰਿਆਣਾ ਵਿੱਚ ਦਿਹਾੜੀ ਦਾ ਰੇਟ 140 ਰੁਪਏ ਤੋਂ ਵੱਧ ਹੈ ਪਰ ਅਸੀਂ ਦਿਹਾੜੀ ਰੇਟ ਇੰਨਾ ਨਹੀਂ ਦੇ ਸਕਦੇ ਕਿਉਂਕਿ ਇਸ ਦਾ ਪੰਜਾਬ ਤੇ ਅਤੇ ਪਹਿਲਾਂ ਹੀ ਸੰਤਾਪ ਭੋਗਦੇ ਉਦਯੋਗਿਕ ਅਦਾਰਿਆਂ ਤੇ ਵਾਧੂ ਬੋਝ ਪਵੇਗਾ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ ਕਿ ਇੰਨੇ ਪੈਸੇ ਜ਼ਿਲ੍ਹਾ ਵਾਰ ਗਰੀਬਾਂ ਨੂੰ ਦਿੱਤੇ ਗਏ ਹਨ। ਪਰ ਸਾਡੇ ਏਰੀਏ ਵਿੱਚ, ਜ਼ਿਲ੍ਹਾ ਮਾਨਸਾ ਵਿੱਚ ਇਹੋ ਜਿਹੇ ਪਿੰਡ ਹਨ, ਇਹ ਖੁਦ ਪਰਸਨਲੀ ਜਾ ਕੇ ਦੇਖ ਲੈਣ ਕਿ ਸਾਰੇ ਪੈਸਿਆਂ ਨਾਲ ਸਿਰਫ ਟਰੈਕਟਰ ਨਾਲ ਮਿੱਟੀ ਕੱਢ ਕੇ ਪਾਈ ਜਾ ਰਹੀ ਹੈ, ਕਿਸੇ ਗਰੀਬ ਨੂੰ ਇੱਕ ਰੁਪਿਆ ਵੀ ਨਹੀਂ ਮਿਲਿਆ । ਕੀ ਇਹ ਜਿਹੜੇ ਪੈਸੇ ਦਿੱਤੇ ਹਨ ਇਹ ਟਰੈਕਟਰ ਵਾਲਿਆਂ ਨੂੰ ਦਿੱਤੇ ਹਨ ਜਾਂ ਕਿ ਗਰੀਬ ਆਦਮੀਆਂ ਨੂੰ ਦਿਹਾੜੀ ਦੇ ਰਹੇ ਹਨ ? ਇਸ ਦੇ ਬਾਰੇ ਦੱਸੋ । ਇਸ ਦੇ ਬਾਰੇ ਇਹ ਕੋਈ ਇਨਕੁਆਰੀ ਕਰਾਉਣਗੇ ਜਾਂ ਹਾਊਸ ਦੀ ਕੋਈ ਕਮੇਟੀ ਬਣਾਉਣਗੇ ਜਿਹੜੀ ਇਸ ਦੀ ਇਨਕੁਆਰੀ ਕਰੇ ?

**ਮੰਤਰੀ** : ਸਪੀਕਰ ਸਾਹਿਬ, ਹਰ ਕੰਮ ਕਰਨ ਲਈ ਬਕਾਇਦਾ ਨਿਯਮ ਹਨ। ਉਨ੍ਹਾਂ ਨਿਯਮਾਂ ਦੇ ਤਹਿਤ ਕੰਮ ਕਰਵਾਇਆ ਜਾ ਰਿਹਾ ਹੈ। ਸਭ ਤੋਂ ਪਹਿਲਾਂ ਇਹ ਹੈ ਕਿ ਜਿਸ ਨੇ ਕੰਮ ਲੈਣਾ ਹੈ, ਰੋਜ਼ਗਾਰ ਲੈਣਾ ਹੈ, ਉਸ ਦੇ ਜਾਬ ਕਾਰਡ ਪੰਚਾਇਤ ਵੱਲੋਂ ਬਣਾਏ ਜਾਂਦੇ ਹਨ। ਫਿਰ ਜਿਹੜਾ ਕੰਮ ਹੁੰਦਾ ਹੈ ਜਿਹੜੀ ਐਮ.ਬੀ. ਹੈ ਉਸ ਵਿੱਚ ਦਰਜ ਹੁੰਦਾ ਹੈ ਔਰ ਉਹ ਬਕਾਇਦਾ ਆਡਿਟ ਹੁੰਦਾ ਹੈ, ਚੈਕ ਹੁੰਦਾ ਹੈ। ਇਹ ਨਹੀਂ ਹੈ ਕਿ ਕੰਮ ਕਰਵਾ ਲਿਆ ਜਾਂਦਾ ਹੈ ਅਤੇ ਪੈਸੇ ਨਹੀਂ ਦਿੱਤੇ ਜਾਂਦੇ । ਜੇ ਕੋਈ ਖਾਸ ਕੇਸ ਇਨ੍ਹਾਂ ਦੇ ਧਿਆਨ ਵਿੱਚ ਹੈ ਤਾਂ ਇਹ ਮੈਨੂੰ ਦੱਸ ਦੇਣ, ਅਸੀਂ ਇਨਕੁਆਰੀ ਕਰਵਾ ਦਿਆਂਗੇ।

**ਮਾਨਯੋਗ ਸਪੀਕਰ** : ਤੁਸੀਂ ਬੀ.ਪੀ.ਐਲ. ਦੇ ਕੰਮ ਬਾਰੇ ਕਹਿੰਦੇ ਹੋ ?

**ਮੰਤਰੀ** : ਨਹੀਂ ਜੀ , ਨਰੇਗਾ ਸਕੀਮ ਬਾਰੇ ਕਹਿ ਰਿਹਾ ਹਾਂ।

**ਮਾਨਯੋਗ ਸਪੀਕਰ** : ਜਿਹੜੀ ਕੰਮ ਦੇਣ ਦੀ ਗੱਲ ਹੈ ਕੀ ਉਸ ਵਿੱਚ ਬੀ.ਪੀ.ਐਲ. ਲੈਵਲ ਨੂੰ ਸਾਹਮਣੇ ਰੱਖਦੇ ਹੋ ?

**ਮੰਤਰੀ** :ਸਪੀਕਰ ਸਾਹਿਬ, ਕੋਈ ਵੀ ਜੋ ਬੇਰੁਜ਼ਗਾਰ ਹੈ, ਲੋੜਵੰਦ ਹੈ, ਉਹ ਆਪਣਾ ਨਾਂ ਪੰਚਾਇਤ ਕੋਲ ਦਰਜ ਕਰਵਾ ਸਕਦਾ ਹੈ। ਪੰਚਾਇਤ ਉਸਦਾ ਜਾਬ ਕਾਰਡ ਬਣਾਵੇਗੀ ਔਰ ਫਿਰ ਉਸ ਨੂੰ ਰੋਜ਼ਗਾਰ ਦਿੱਤਾ ਜਾਵੇਗਾ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਜ਼ਿਲ੍ਹਾ ਮਾਨਸਾ ਵਿੱਚ ਪਿੰਡ ਦਾਨੇਵਾਲ ਹੈ, ਮੈਂ ਉਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਉੱਥੇ ਜਿੰਨਾ ਕੰਮ ਹੋਇਆ ਹੈ, ਤੁਸੀਂ ਭਾਵੇਂ ਜਾਬ ਕਾਰਡ ਚੈਕ ਕਰਵਾ ਲਓ, ਕਿਸੇ ਗਰੀਬ ਨੂੰ ਪੈਸਾ ਮਿਲਿਆ ਹੋਵੇ ਤਾਂ ਦੱਸੋ। ਕਿਸੇ ਗਰੀਬ ਨੂੰ ਇਕ ਰੁਪਿਆ ਵੀ ਨਹੀਂ ਦਿੱਤਾ ਗਿਆ। ਟਰੈਕਟਰ ਨਾਲ ਮਿੱਟੀ ਪਾਈ ਗਈ। ਸਾਰਾ ਪੈਸਾ ਸਰਪੰਚ ਆਪਣੀ ਜੇਬ ਵਿੱਚ ਪਾ ਰਿਹਾ ਹੈ। ਕੀ ਤੁਸੀਂ ਇਸ ਦੀ ਕੋਈ ਇਨਕੁਆਰੀ ਕਰਰਾਓਗੇ, ਹਾਊਸ ਦੀ ਕੋਈ ਕਮੇਟੀ ਬਣਾਓਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** :ਜ਼ਰੂਰ ਕਰਵਾਵਾਂਗੇ ਜੀ ਅਤੇ ਜੇਕਰ ਕੋਈ ਦੋਸ਼ੀ ਪਾਇਆ ਗਿਆ ਤਾਂ ਉਸ ਦੇ ਖਿਲਾਫ ਕਾਰਵਾਈ ਵੀ ਕਰਾਂਗੇ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਪੈਸੇ ਨਾ ਵਰਤਣ ਦੇ ਕਾਰਨ ਦੱਸ ਰਹੇ ਹਨ। ਇਹ ਕੇਵਲ ਕਾਗਜ਼ਾਂ ਵਿੱਚ ਹੀ ਐਕਸਪਲੇਨੇਸ਼ਨ ਹੈ। ਕਪੂਰਥਲਾ ਜ਼ਿਲ੍ਹੇ ਵਿੱਚ ਡੀ.ਸੀ. ਦੀ ਡਿਸਪੋਜ਼ਲ ਤੇ ਤਕਰੀਬਨ 1.4 ਕਰੋੜ ਰੁਪਏ ਸਨ। ਪਰ ਉਥੇ ਇਕ ਵੀ ਜਾਬ-ਕਾਰਡ ਨਹੀਂ ਬਣਿਆ। ਉਥੇ 8.82 ਲੱਖ ਰੁਪਏ ਦਾ ਮਿਸਲੇਨੀਅਸ ਖਰਚਾ ਪਾਇਆ ਗਿਆ ਹੈ। ਇਹ ਜਰੂਰ ਡੀ.ਸੀ. ਸਾਹਿਬ ਦੇ ਘਰ ਜਾਂ ਦਫਤਰ ਵਿਚ ਹੀ ਖਰਚ ਹੋਇਆ ਹੋਵੇਗਾ ਜਾਂ ਏ.ਸੀ. ਵਗੈਰਾ ਖਰੀਦੇ ਗਏ ਹੋਣਗੇ। ਇਹ ਫੰਡ ਨਰੇਗਾ ਸਕੀਮ ਦੇ ਫੰਡ ਸਨ। ਟੋਟਲ ਫੰਡ ਵਿੱਚੋਂ 10 ਲੱਖ ਰੁਪਏ ਦਾ ਖਰਚਾ ਰਿਸੀਵ ਵੀ ਕੀਤਾ ਗਿਆ ਹੈ। ਪਰ ਉਹ ਪੈਸਾ ਕਿੱਥੇ ਗਿਆ। ਮੁਆਫ ਕਰਨਾ, ਕਹਿਣਾ ਚੰਗਾ ਨਹੀਂ ਲਗਦਾ ਪਰ ਪੰਜਾਬ ਵਿੱਚ ਅਜੇ ਵੀ ਇੰਨੀ ਗੁਰਬਤ ਹੈ ਕਿ ਜਿਵੇਂ ਇਹ ਕਹਿੰਦੇ ਹਨ ਕਿ ਪਹਿਲਾਂ 104 ਰੁਪਏ ਦਿਹਾੜੀ ਤੇ ਕੋਈ ਜਾਂਦਾ ਨਹੀਂ ਸੀ ਤੇ ਹੁਣ ਵਧਾ ਕੇ 123 ਰੁਪਏ ਦਿਹਾੜੀ ਕੀਤੀ ਗਈ ਹੈ, ਲੋਕ ਕੰਮ ਲੈਣ ਵਾਲੇ ਬਹੁਤ ਹਨ। ਪਰ ਅਨਫਾਰਚੁਨੇਟਲੀ ਬਿਉਰੋਕਰੇਸੀ ਤੇ ਅਫਸਰਸ਼ਾਹੀ ਇਸ ਸਕੀਮ ਨੂੰ ਪਰਮੋਟ ਕਰਨ ਵਿੱਚ ਅਸਫਲ ਰਹੀ ਹੈ। ਪਿੰਡਾਂ ਵਿੱਚ ਕਿਸੇ ਨੂੰ ਇਸ ਸਕੀਮ ਦਾ ਪਤਾ ਨਹੀਂ ਹੈ। ਕੀ ਕਪੂਰਥਲਾ ਦੇ ਉਦੋਂ ਦੇ ਡੀ.ਸੀ. (ਮੌਜੂਦਾ ਨਹੀਂ) will be brought to the book. ਇਹ ਇੱਕ ਸੈਂਟਰਲ ਫੰਡ ਸੀ ।..............

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ, ਸਪਲੀਮੈਂਟਰੀ ਪੁੱਛੋ, ਭਾਸ਼ਣ ਨਾ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਪੂਰਥਲਾ ਦੇ ਉਦੋਂ ਦੇ ਡੀ.ਸੀ. ਨੂੰ ਨਰੇਗਾ ਦੀ ਰਕਮ ਨਾ ਖਰਚ ਹੋਣ ਕਾਰਨ, ਉਨ੍ਹਾਂ ਦੀ ਰਿਸਪਾਂਸੀਬਿਲਟੀ ਫਿਕਸ ਕੀਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਮੈਂ ਖਹਿਰਾ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ 95.89 ਲੱਖ ਰੁਪਏ ਕਪੂਰਥਲਾ ਡੀ.ਸੀ. ਨੂੰ ਦਿੱਤੇ ਸਨ। ਇਸ ਵਿਚੋਂ 8.82 ਲੱਖ ਰੁਪਏ ਵਰਤੇ ਗਏ। ਕੁੱਝ ਖਰਚਾ ਜ਼ਰੂਰ ਹੋਇਆ ਹੈ ਜਿਹੜਾ ਸਟੇਸ਼ਨਰੀ, ਦਫਤਰ ਵਗੈਰਾ ਤੇ ਖਰਚ ਹੋਇਆ ਹੈ। ਜੇਕਰ ਮੈਂਬਰ ਸਾਹਿਬ ਨੂੰ ਕੋਈ ਪਾਰਟੀਕੁਲਰ ਸ਼ਿਕਾਇਤ ਹੈ ਤਾਂ ਉਹ ਲਿਖ ਕੇ ਦੇ ਦੇਣ, ਅਸੀਂ ਇਨਕੁਆਇਰੀ ਕਰਵਾ ਲਵਾਂਗੇ। ਇਹ ਇਕ ਨਵੀਂ ਸਕੀਮ ਹੈ। ਅਜੇ ਇਸ ਬਾਰੇ ਬਹੁਤੇ ਲੋਕਾਂ ਨੂੰ ਪਤਾ ਨਹੀਂ ਹੈ। ਇਸ ਬਾਰੇ ਅਜੇ ਮਹਿਕਮੇ ਵਾਲਿਆਂ ਨੂੰ ਵੀ ਜ਼ਿਆਦਾ ਪਤਾ ਨਹੀਂ ਹੈ। ਇਹ ਸਕੀਮ ਸਾਰੇ ਹਿੰਦੁਸਤਾਨ ਵਿੱਚ ਚਲ ਰਹੀ ਹੈ। ਇਹ ਬੜੀ ਵੱਡੀ ਸਕੀਮ ਹੈ। ਅਸੀਂ ਅਖਬਾਰਾਂ ਵਿੱਚ ਵੀ ਇਸ਼ਤਿਹਾਰ ਦਿੱਤੇ ਹਨ, ਟ੍ਰੇਨਿੰਗ ਇੰਸਟੀਚਿਊਟ ਨੂੰ ਕਿਹਾ ਹੈ, ਜ਼ਿਲ੍ਹਾ ਪ੍ਰੀਸ਼ਦਾਂ ਨੂੰ ਵੀ ਕਿਹਾ ਹੈ ਕਿ ਉਹ ਪੰਚਾਂ ਤੇ ਸਰਪੰਚਾਂ ਨੂੰ ਇਸ ਸਕੀਮ ਤੋਂ ਜਾਗਰੂਕ ਕਰਾਉਣ ਤਾਂ ਜੋ ਲੋਕਾਂ ਨੂੰ ਇਸ ਬਾਰੇ ਪਤਾ ਲੱਗ ਸਕੇ। ਅੱਗੇ ਤੋਂ ਸਾਰਾ ਕੰਮ ਠੀਕ ਚੱਲੇਗਾ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਬ੍ਰਹਮਪੁਰਾ ਸਾਹਿਬ, ਤੁਸੀਂ ਹਰ ਦਫਤਰ, ਬਲਾਕ ਲੈਵਲ ਤੇ ਬੀ.ਡੀ.ਪੀ.ਓ. ਨੂੰ ਦੱਸੋ, ਲਿਖ ਕੇ ਭੇਜੋ। ਇਹ ਜਿਹੜਾ ਕਨਫਿਊਜ਼ਨ ਹੈ ਇਸ ਨੂੰ ਤੁਸੀਂ ਹੀ ਦੂਰ ਕਰਨਾ ਹੈ।

**ਮੰਤਰੀ** : ਠੀਕ ਹੈ ਜੀ, ਭੇਜ ਦਿਆਂਗੇ।

**ਮਾਨਯੋਗ ਸਪੀਕਰ** : ਹੁਣ ਅਗਲਾ ਸਵਾਲ। ਇਸ ਤੇ ਬਹੁਤ ਸਪਲੀਮੈਂਟਰੀਆਂ ਹੋ ਗਈਆਂ ਹਨ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਤੁਸੀਂ ਆਪ ਹੀ ਕਹਿੰਦੇ ਹੋ ਕਿ ਸਵਾਲ ਕਰੋ। ਮੈਂ ਸਵਾਲ ਕਰ ਰਿਹਾ ਹਾਂ ਕਿ ਕੀ ਇਹ ਇਨਕੁਆਇਰੀ ਕਰਾਉਣਗੇ ?

**ਮਾਨਯੋਗ ਸਪੀਕਰ** : ਤੁਸੀਂ ਲਿਖ ਕੇ ਦੇ ਦਿਉ। ਤੁਸੀਂ ਇੱਕ ਜਾਂ ਦੋ ਪਿੰਡਾਂ ਵਾਸਤੇ ਲਿਖ ਕੇ ਦੇ ਦਿਉ। ਇਹ ਜਨਰਲ ਇਨਕੁਆਇਰੀ ਦੀ ਗੱਲ ਤਾਂ ਨਹੀਂ ਹੈ। ਦੋ-ਚਾਰ ਪਿੰਡਾਂ ਵਿਚ ਜਿਥੇ ਨਰੇਗਾ ਸਕੀਮ ਦੇ ਪੈਸੇ ਖਰਚੇ ਗਏ ਹਨ। ਉਨ੍ਹਾਂ ਦੇ ਨਾਂ ਲਿਖ ਕੇ ਦੇ ਦਿਉ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਰ, ਮੈਂ ਹਾਊਸ ਦੇ ਵਿੱਚ ਹੀ ਕਹਿ ਰਿਹਾ ਹਾਂ । ਲਿਖ ਕੇ ਦੇਣ ਦੀ ਕੀ ਲੋੜ ਹੈ। ਕਪੂਰਥਲਾ ਜ਼ਿਲ੍ਹੇ ਵਿੱਚ ਇਕ ਵੀ ਜਾਬ-ਕਾਰਡ ਨਹੀਂ ਬਣਿਆ। ਮੈਂ ਮੁੱਖ ਮੰਤਰੀ ਸਾਹਿਬ ਨੂੰ ਅਨੇਕਾਂ ਚਿੱਠੀਆਂ ਲਿਖੀਆਂ ਹਨ। ਪਰ ਕਿਸੇ ਦਾ ਵੀ ਜਵਾਬ ਨਹੀਂ ਆਇਆ । ਮੈਂ ਫਲੋਰ ਆਫ ਦੀ ਹਾਊਸ ਵਿੱਚ ਖੜ੍ਹਾ ਹੋ ਕੇ ਕਪੂਰਥਲਾ ਐਡਮਨਿਸਟਰੇਸ਼ਨ ਦੇ ਖਿਲਾਫ ਇਨਕੁਆਇਰੀ ਕਰਾਉਣ ਦੀ ਮੰਗ ਕਰਦਾ ਹਾਂ। ਉਥੇ ਇੱਕ ਵੀ ਜਾਬ ਕਾਰਡ ਨਹੀਂ ਬਣਿਆ।

**ਮਾਨਯੋਗ ਸਪੀਕਰ** : ਬ੍ਰਹਮਪੁਰਾ ਸਾਹਿਬ, ਜਾਬ-ਕਾਰਡਾਂ ਬਾਰੇ ਦੱਸੋ।

**ਮੰਤਰੀ** : ਸਪੀਕਰ ਸਾਹਿਬ, ਜੇ ਸਤਿਕਾਰਯੋਗ ਮੈਂਬਰ ਨੂੰ ਕੋਈ ਇਤਰਾਜ਼ ਹੈ ਤਾਂ ਇਹ ਲਿਖ ਕੇ ਦੇ ਦੇਣ। ........(ਸ਼ੋਰ..........ਵਿਘਨ........) ਪਹਿਲਾਂ ਮੈਨੂੰ ਗੱਲ ਕਰ ਲੈਣ ਦਿਉ। ਉਥੇ 95.89 ਲੱਖ ਰੁਪਏ ਸਨ। ਇਸ ਵਿਚੋਂ ਥੋੜ੍ਹੇ ਜਿਹੇ ਪੈਸੇ ਹੀ ਖਰਚੇ ਗਏ ਹਨ। ਇਹ ਲਿਖ ਕੇ ਦੇ ਦੇਣ, ਅਸੀਂ ਇਨਕੁਆਇਰੀ ਕਰਵਾ ਲਵਾਂਗੇ । ਮੋਟੇ ਤੌਰ ਤੇ ਡਿਪਟੀ ਕਮਿਸ਼ਨਰ ਇਸ ਸਕੀਮ ਨੂੰ ਚਲਾਉਣ ਵਾਲੇ ਜ਼ਿੰਮੇਵਾਰ ਅਫਸਰ ਹਨ ।

(ਇਸ ਸਮੇਂ ਆਪੋਜੀਸ਼ਨ ਦੇ ਕਈ ਮੈਂਬਰ ਸਾਹਿਬਾਨ ਬਿਨਾਂ ਇਜ਼ਾਜ਼ਤ ਇਕੱਠੇ ਹੀ ਬੋਲ ਰਹੇ ਸਨ ।)

**ਮਾਨਯੋਗ ਸਪੀਕਰ** : ਇਕ ਜਣਾ ਗੱਲ ਕਰੋ, ਤਾਂ ਹੀ ਸੁਣਿਆ ਜਾਵੇਗਾ । ਜੇਕਰ ਸਾਰੇ ਹੀ ਇਕੱਠੇ ਬੋਲੋਗੇ ਤਾਂ ਗੱਲ ਕਿਵੇਂ ਸੁਣੀ ਜਾਵੇਗੀ ।

(ਇਸ ਸਮੇਂ ਮਾਨਯੋਗ ਮੁੱਖ ਮੰਤਰੀ ਜਵਾਬ ਦੇਣ ਲਈ ਖੜ੍ਹੇ ਹੋਏ ।)

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਸਾਹਮਣੇ ਬੈਠੇ ਵੀਰਾਂ ਦਾ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਕ ਅਹਿਮ ਮਸਲੇ ਵੱਲ ਸਾਡਾ ਧਿਆਨ ਦਿਵਾਇਆ ਹੈ। ਜਿੱਥੋਂ ਤੱਕ ਕਪੂਰਥਲੇ ਦੀ ਗੱਲ ਹੈ, ਅਸੀਂ ਇੰਨਕੁਆਇਰੀ ਕਰਵਾ ਲਵਾਂਗੇ (ਥੰਪਿੰਗ)। ਦੂਸਰਾ ਤੁਹਾਨੂੰ ਜਾਣ ਕੇ ਇਹ ਵੀ ਖੁਸ਼ੀ ਹੋਵੇਗੀ ਕਿ ਸਾਰੇ ਹਿੰਦੁਸਤਾਨ ਵਿੱਚ ਸਾਡੇ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੂੰ ਨਰੇਗਾ ਦੇ ਪੈਸੇ ਯੂਜ਼ ਕਰਨ ਦਾ ਪਹਿਲਾ ਇਨਾਮ ਮਿਲਿਆ ਹੈ। (ਥੰਪਿੰਗ) । ਤੀਸਰਾ ਥੋੜ੍ਹਾ ਚਿਰ ਪਹਿਲਾਂ ਮੈਂ ਮੁੱਖ ਸਕੱਤਰ ਸਾਹਿਬ ਨੂੰ ਕਿਹਾ ਸੀ ਅਤੇ ਉਨ੍ਹਾਂ ਨੇ ਸਾਰੇ ਡਿਪਟੀ ਕਮਿਸ਼ਨਰਾਂ ਦੇ ਨਾਲ ਨਰੇਗਾ ਬਾਰੇ ਮੀਟਿੰਗ ਕੀਤੀ ਸੀ ਅਤੇ ਉਨ੍ਹਾਂ ਨੂੰ ਹਦਾਇਤ ਕੀਤੀ ਸੀ ਕਿ ਅੱਗੇ ਤੋਂ ਜਿਹੜੀ ਕਮੀ ਹੈ ਉਹ ਨਹੀਂ ਰਹਿਣ ਦੇਣੀ ਚਾਹੀਦੀ ਅਤੇ ਅੱਗੇ ਤੋਂ ਵੱਧ ਤੋਂ ਵੱਧ ਪੈਸੇ ਨਰੇਗਾ ਸਕੀਮ ਵਿੱਚ ਯੂਜ਼ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ।

**ਸਰਦਾਰ ਮੱਖਣ ਸਿੰਘ** : ਮਾਨਯੋਗ ਸਪੀਕਰ ਸਾਹਿਬ............

**ਮਾਨਯੋਗ ਸਪੀਕਰ** : ਸਰਦਾਰ ਮੱਖਣ ਸਿੰਘ ਜੀ, ਸਾਰੀ ਗੱਲ ਕਲੀਅਰ ਹੋ ਗਈ ਹੈ, ਇੱਥੋਂ ਪਤਾ ਲੱਗ ਜਾਵੇਗਾ ।

(ਇਸ ਸਮੇਂ ਸਰਦਾਰ ਮੱਖਣ ਸਿੰਘ ਜੀ ਆਪਣੀ ਸੀਟ ਤੇ ਖੜ੍ਹੇ ਕੁਝ ਬੋਲ ਰਹੇ ਸਨ ਜੋ ਮਾਇਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਸਰਦਾਰ ਮੱਖਣ ਸਿੰਘ ਜੀ, ਤੁਸੀਂ ਮੇਰੀ ਗੱਲ ਤਾਂ ਸੁਣੋ, ਬੈਠ ਜਾਵੋ। ਇਸ਼ੂ ਜਿਹੜਾ ਕੋਈ ਵੀ ਹੈ, ਉਹ ਇਨਕੁਆਇਰੀ ਤੋਂ ਪਤਾ ਲੱਗ ਜਾਵੇਗਾ। ਮੁੱਖ ਮੰਤਰੀ ਸਾਹਿਬ ਨੇ ਕਪੂਰਥਲੇ ਦੀ ਇਨਕੁਆਇਰੀ ਬਾਰੇ ਕਹਿ ਦਿੱਤਾ ਹੈ ਕਿ ਕਰ ਲਵਾਂਗੇ। ਉਸ ਤੋਂ ਬਾਅਦ ਜੇ ਕੋਈ ਗੱਲ ਰਹਿ ਜਾਵੇਗੀ ਤਾਂ ਤੁਸੀਂ ਇਹ ਮਾਮਲਾ ਅਗਲੇ ਸੈਸ਼ਨ ਵਿੱਚ ਉਠਾ ਸਕਦੇ ਹੋ। ਅਗਲਾ ਸਵਾਲ, ਸਰਦਾਰ ਅਮਰਜੀਤ ਸਿੰਘ ਸਮਰਾ ਜੀ।

---

## ਸੰਪੂਰਣ ਸੇਵਾ ਨਿਵਿਰਤੀ ਲਾਭਾਂ ਦੀ ਅਦਾਇਗੀ

*737. **ਸਰਦਾਰ ਅਮਰਜੀਤ ਸਿੰਘ ਸਮਰਾ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਿਸੇ ਸਰਕਾਰੀ ਕਰਮਚਾਰੀ ਦੁਆਰਾ ਸੰਪੂਰਣ ਸੇਵਾ ਨਿਵਿਰਤੀ ਲਾਭਾਂ ਨੂੰ ਪ੍ਰਾਪਤ ਕਰਨ ਲਈ 33 ਸਾਲਾਂ ਦੀ ਸੇਵਾ ਪੂਰੀ ਕਰਨੀ ਜ਼ਰੂਰੀ ਹੈ; ਜੇਕਰ ਅਜਿਹਾ ਹੋਵੇ, ਤਾਂ ਕੀ ਸਰਕਾਰੀ ਕਰਮਚਾਰੀਆਂ ਦੇ ਸਰਕਾਰੀ ਨੌਕਰੀ ਵਿਚ ਦੇਰ ਨਾਲ ਪ੍ਰਵੇਸ਼ ਕਰਨ ਨੂੰ ਮੁੱਖ ਰੱਖਦੇ ਹੋਏ ਉਕਤ ਸਮੇਂ ਨੂੰ ਘਟਾਉਣ ਦਾ ਵਿਚਾਰ ਰੱਖਦੀ ਹੈ ?

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਹਾਂ ਜੀ। ਸਰਕਾਰੀ ਕਰਮਚਾਰੀਆਂ ਦੇ ਸਰਕਾਰੀ ਨੌਕਰੀ ਵਿੱਚ ਦੇਰ ਨਾਲ ਪ੍ਰਵੇਸ਼ ਕਰਨ ਤੇ 33 ਸਾਲਾਂ ਦੀ ਸੇਵਾ ਘਟਾਉਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਮਰਜੀਤ ਸਿੰਘ ਸਮਰਾ** : ਸਪੀਕਰ ਸਾਹਿਬ, ਸਰਦਾਰ ਮਨਪ੍ਰੀਤ ਸਿੰਘ ਬਾਦਲ ਦੀ ਬੜੀ ਚਰਚਾ ਹੋਈ ਹੈ ਕਿ ਇਹ ਬਹੁਤ ਸਿਆਣਾ ਬੰਦਾ ਹੈ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ...........

**ਮਾਨਯੋਗ ਸਪੀਕਰ** : ਤੁਸੀਂ ਸਰਟੀਫਿਕੇਟ ਦੇ ਦਿਤਾ ਹੈ ਜਾਂ ਉਂਜ ਹੀ ਗੱਲ ਕਰ ਰਹੇ ਹੋ ?

**ਸਰਦਾਰ ਅਮਰਜੀਤ ਸਿੰਘ ਸਮਰਾ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਹਿਲਾਂ ਸਰਕਾਰੀ ਨੌਕਰੀ ਵਿੱਚ ਭਰਤੀ ਹੋਣ ਦੀ ਉਮਰ 25 ਸਾਲ ਤੱਕ ਸੀ ਅਤੇ ਹੁਣ 35 ਸਾਲ ਕਰ ਦਿੱਤੀ ਹੈ ਅਤੇ ਜੇ 33 ਸਾਲ ਦੀ ਪੂਰੀ ਸਰਵਿਸ ਕੋਈ ਮੁਲਾਜ਼ਮ ਨਹੀਂ ਕਰਦਾ ਤਾਂ ਉਸਨੂੰ ਰਿਟਾਇਰਮੈਂਟ ਤੇ ਪੂਰੇ ਬੈਨੀਫਿਟ ਨਹੀਂ ਮਿਲ ਸਕਦੇ। ਇਹ ਮੇਰੀ ਗੱਲ ਨੂੰ ਸਮਝਦੇ ਹੋਣਗੇ ਕਿ ਪਹਿਲਾਂ 25 ਸਾਲ ਦੀ ਉਮਰ ਭਰਤੀ ਲਈ ਸੀ ਅਤੇ ਹੁਣ 35 ਕਰ ਦਿੱਤੀ ਹੈ............

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ ?

**ਸਰਦਾਰ ਅਮਰਜੀਤ ਸਿੰਘ ਸਮਰਾ** : ਸਪੀਕਰ ਸਾਹਿਬ, ਹੁਣ ਜਿਹੜੀ ਉਮਰ 35 ਸਾਲ ਹੋ ਗਈ ਹੈ, ਉਸ ਤੋਂ ਬਾਅਦ 33 ਸਾਲ ਦੀ ਸਰਵਿਸ ਪੂਰੀ ਨਹੀਂ ਹੁੰਦੀ। ਇਸ ਲਈ ਕੀ ਇਹ 33 ਸਾਲ ਦੀ ਸਰਵਿਸ ਕੰਡੀਸ਼ਨ ਪੂਰੇ ਰਿਟਾਇਰਮੈਂਟ ਬੈਨੀਫਿਟ ਲੈਣ ਲਈ ਘਟਾਉਣ ਲਈ ਕੋਈ ਵਿਚਾਰ ਰੱਖਦੇ ਹਨ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਾਨਯੋਗ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਪੰਜਾਬ ਦੇ ਸਿਵਲ ਸਰਵਿਸ ਰੂਲਜ਼ ਹਨ, ਉਨ੍ਹਾਂ ਦੇ ਵਿੱਚ 20 ਸਾਲ ਤੱਕ ਨੌਕਰੀ ਕਰਨ ਤੋਂ ਬਾਅਦ ਮੁਲਾਜ਼ਮ ਪੈਨਸ਼ਨ ਵਾਸਤੇ ਕੁਆਲੀਫਾਈ ਕਰ ਜਾਂਦੇ ਹਨ ਅਤੇ 20 ਸਾਲ ਦੀ ਨੌਕਰੀ ਤੋਂ ਬਾਅਦ ਜਿਉਂ-ਜਿਉਂ ਸੇਵਾ ਵਧਦੀ ਜਾਂਦੀ ਹੈ, 25, 30, 33 ਸਾਲ, ਉਸੇ ਤਰ੍ਹਾਂ ਪੈਨਸ਼ਨ ਵਧਦੀ ਜਾਂਦੀ ਹੈ। ਇਸ ਕਰਕੇ ਇਹ ਕਹਿਣਾ ਕਿ 33 ਸਾਲ ਨੂੰ ਘਟਾ ਦਿਉ ਠੀਕ ਨਹੀਂ। ਜਿੰਨੇ ਸਾਲ ਪੰਜਾਬ ਦੇ ਕਿਸੇ ਵੀ ਮੁਲਾਜ਼ਮ ਨੇ ਖਿਦਮਤ ਕੀਤੀ ਹੈ, ਉਸਦੇ ਮੁਤਾਬਿਕ ਉਸਨੂੰ ਪੈਨਸ਼ਨ ਮਿਲਦੀ ਰਹਿੰਦੀ ਹੈ। 33 ਸਾਲ ਤੋਂ ਬਾਅਦ 50% ਉਸਦੀ ਪੈਨਸ਼ਨ ਬਣ ਜਾਂਦੀ ਹੈ। ਮੈਂ ਇਸ ਲਈ ਸਮਝਦਾ ਹਾਂ ਕਿ ਇਸ ਹਾਲਾਤ ਵਿੱਚ 33 ਸਾਲ ਵਾਲੀ ਸਰਵਿਸ ਕੰਡੀਸ਼ਨ ਨੂੰ ਘਟਾਉਣ ਦੀ ਕੋਈ ਜ਼ਰੂਰਤ ਨਹੀਂ । ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਕਈ ਨੌਕਰੀਆਂ ਪੰਜਾਬ ਸਰਕਾਰ ਦੀਆਂ ਐਸੀਆਂ ਵੀ ਹਨ, ਜਿਨ੍ਹਾਂ ਦੇ ਵਿੱਚ ਕੋਈ ਸਪੈਸ਼ੇਲਾਈਜੇਸ਼ਨ ਟਰੇਨਿੰਗ ਦੀ ਲੋੜ ਹੁੰਦੀ ਹੈ ਜਿਵੇਂ ਸਾਇੰਟਿਸਟ ਹਨ ਜਾਂ ਹੋਰ ਕੁਝ ਟੈਕਨੀਕਲ ਪੋਸਟਾਂ ਹਨ ਜਿਨ੍ਹਾਂ ਦੇ ਲਈ ਪੋਸਟ ਗਰੈਜੂਏਸ਼ਨ ਕਰਨੀ ਪੈਂਦੀ ਹੈ। ਐਸੇ ਮੁਲਾਜ਼ਮ ਜਿਹੜੇ ਹਨ, ਸਰਵਿਸ ਰੂਲਜ਼ ਦੇ ਮੁਤਾਬਿਕ ਉਨ੍ਹਾਂ ਦੀ ਸੇਵਾ ਵਿੱਚ 5 ਸਾਲ ਦੀ ਸੇਵਾ ਦਾ ਇਜ਼ਾਫਾ ਹੋ ਜਾਂਦਾ ਹੈ। ਪੈਨਸ਼ਨ ਵਿਚ ਵੀ ਇਜ਼ਾਫਾ ਹੋ ਜਾਂਦਾ ਹੈ। ਦੂਸਰਾ ਸਪੀਕਰ ਸਾਹਿਬ, ਪੇ-ਕਮਿਸ਼ਨ ਦੇ ਜੋ ਅਖਤਿਆਰ ਵਿੱਚ ਹੈ, ਕਿ ਕੀ ਕੁਆਲੀਫਿਕੇਸ਼ਨ ਚਾਹੀਦੀ ਹੈ, ਉਹ ਰਿਪੋਰਟ ਆਉਣ ਵਾਲੀ ਹੈ। ਸੋ, ਸਾਰੀਆਂ ਗੱਲਾਂ ਨੂੰ ਮੱਦੇ-ਨਜ਼ਰ ਰੱਖਦੇ ਹੋਏ ਮੈਂ ਨਹੀਂ ਸਮਝਦਾ ਕਿ ਇਸ ਵੇਲੇ 33 ਸਾਲ ਤੋਂ ਘਟਾਉਣ ਦੀ ਜ਼ਰੂਰਤ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਮਰਜੀਤ ਸਿੰਘ ਸਮਰਾ :** ਸਪੀਕਰ ਸਾਹਿਬ, ਜਿਸ ਤਰ੍ਹਾਂ ਮਨਪ੍ਰੀਤ ਹੋਰਾਂ ਨੇ ਦੱਸਿਆ ਹੈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ 33 ਸਾਲ ਤੋਂ ਘਟਾ ਦਿੱਤੀ ਜਾਵੇ ਤਾਂ ਕੀ ਹਰਜ ਹੈ ? ਮੈਨੂੰ ਪਤਾ ਹੈ ਕਿ 20 ਸਾਲ ਤੋਂ ਬਾਅਦ ਪੈਨਸ਼ਨ ਲੱਗ ਜਾਂਦੀ ਹੈ ਪਰ 33 ਸਾਲ ਦੀ ਸ਼ਰਤ ਕਿਉਂ ਰੱਖੀ ਹੋਈ ਹੈ ? ਪਹਿਲਾਂ ਇਹ 25 ਸਾਲ ਸੀ ਤੇ ਹੁਣ 35 ਸਾਲ ਕਰ ਦਿੱਤਾ ਹੈ। ਇਸ ਲਈ ਇਹ 33 ਸਾਲ ਘਟਾਉਣੀ ਬਣਦੀ ਹੈ। ਇਹ ਪਤਾ ਨਹੀਂ ਕਿ ਇਸ ਤੇ ਕਿਉਂ ਵਿਚਾਰ ਨਹੀਂ ਕਰ ਰਹੇ ? ਇਹ 33 ਸਾਲ ਦਾ 23 ਸਾਲ ਕਰਨਾ ਚਾਹੀਦਾ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਹ 33 ਸਾਲ ਤੋਂ 23 ਸਾਲ ਕਰ ਦੇਣ ਤਾਂ ਕਿ ਸਰਕਾਰੀ ਮੁਲਾਜ਼ਮ ਟੋਟਲ ਲਾਭ ਲੈ ਸਕਣ ਤੇ ਉਨ੍ਹਾਂ ਨੂੰ ਆਪਣੀ ਸਰਵਿਸ ਦਾ ਪੂਰਾ ਲਾਭ ਮਿਲੇ ।

**ਮਾਨਯੋਗ ਸਪੀਕਰ :** ਟੋਟਲ ਜਵਾਬ ਆ ਗਿਆ ਹੈ।

**ਸਰਦਾਰ ਅਮਰਜੀਤ ਸਿੰਘ ਸਮਰਾ :** ਜੋ ਨਹੀਂ ਕਰਨਾ ਚਾਹੁੰਦੇ, ਉਸ ਦਾ ਟੋਟਲ ਜਵਾਬ ਆਇਆ ਹੈ।

**ਮਾਨਯੋਗ ਸਪੀਕਰ :** ਅਗਲਾ ਸਵਾਲ।

---

### ਨਿਸ਼ਾਨ ਵਾਲੇ ਪ੍ਰਸ਼ਨ ਨੰ: 725 ਅਤੇ 748*

**ਮਾਨਯੋਗ ਸਪੀਕਰ :** ਇਨ੍ਹਾਂ ਪ੍ਰਸ਼ਨਾਂ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ। ਅਗਲਾ ਸਵਾਲ। ਸ਼੍ਰੀ ਨਰੇਸ਼ ਕਟਾਰੀਆ ਜੀ ।

---

### ਤਹਿਸੀਲ ਜ਼ੀਰਾ ਅਤੇ ਧਰਮਕੋਟ ਵਿੱਚ ਰੇਤ ਦੀ ਵਿਕਰੀ

*728. **ਸ਼੍ਰੀ ਨਰੇਸ਼ ਕਟਾਰੀਆ :** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਤਹਿਸੀਲ ਜ਼ੀਰਾ, ਧਰਮਕੋਟ ਅਤੇ ਸਬ-ਤਹਿਸੀਲ ਮੱਖੂ ਦੇ ਖੇਤਰ ਵਿਚ ਪੈਂਦੇ ਰੇਤ ਦੇ ਟਿੱਬਿਆਂ ਦੀ ਗਿਣਤੀ ਕਿੰਨੀ ਹੈ ਅਤੇ ਸਾਲ 2006-07 ਅਤੇ 2007-08 ਦੇ ਦੌਰਾਨ ਵੇਚੀ ਗਈ ਰੇਤ ਤੋਂ ਪ੍ਰਾਪਤ ਹੋਈ ਆਮਦਨ ਦੇ ਵੇਰਵੇ ਕੀ ਹਨ ;

(ਅ) ਚਾਲੂ ਵਿੱਤੀ ਸਾਲ ਦੇ ਦੌਰਾਨ ਪ੍ਰਤੀ ਭਰੀ ਹੋਈ ਟਰਾਲੀ/ਟਰੱਕ ਦੀਆਂ ਨਿਯਤ ਕੀਤੀਆਂ ਗਈਆਂ ਵੱਖੋ-ਵੱਖ ਕੀਮਤਾਂ ਕੀ ਹਨ ਅਤੇ ਇਸ ਖੇਤਰ ਦੇ ਜ਼ਮੀਨ ਮਾਲਕਾਂ ਅਤੇ ਸਬੰਧਤ ਖੇਤਰ ਨੂੰ ਆਮਦਨ ਦੇ ਇਸ ਸਾਧਨ ਤੋਂ ਪ੍ਰਾਪਤ ਹੋਏ ਲਾਭ, ਜੇਕਰ ਕੋਈ ਹੋਣ, ਦੇ ਵੇਰਵੇ ਕੀ ਹਨ ?

---

* For Starred Questions No. 725 and 748 and replies thereto, please see Appendix to this Debates.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਮਨੋਰੰਜਨ ਕਾਲੀਆ** : (ੳ) ਸ਼੍ਰੀਮਾਨ ਜੀ, ਜਵਾਬ ਸਦਨ ਦੇ ਟੇਬਲ ਤੇ ਪੇਸ਼ ਹੈ।

ਸਾਲ 2006-07 ਅਤੇ 2007-08 ਦੌਰਾਨ ਜ਼ਿਲ੍ਹਾ ਫਿਰੋਜ਼ਪੁਰ ਦੀ ਤਹਿਸੀਲ ਜ਼ੀਰਾ ਅਤੇ ਸਬ-ਤਹਿਸੀਲ ਮਖੂ ਵਿੱਚ 30 ਰੇਤੇ ਦੀਆਂ ਖੱਡਾਂ ਠੇਕੇ ਤੇ ਸਨ। ਇਨ੍ਹਾਂ ਖੱਡਾਂ ਦੀ ਨਿਲਾਮੀ ਇੱਕ-ਇੱਕ ਕਰਕੇ ਨਹੀਂ ਕੀਤੀ ਗਈ ਸੀ ਬਲਕਿ ਜ਼ਿਲ੍ਹਾ ਫਿਰੋਜ਼ਪੁਰ ਦੀਆਂ ਸਾਰੀਆਂ ਖੱਡਾਂ ਦਾ ਇੱਕ ਗਰੁੱਪ ਬਣਾਕੇ ਕੀਤੀ ਗਈ ਸੀ। ਜ਼ਿਲ੍ਹਾ ਫਿਰੋਜ਼ਪੁਰ ਦੀਆਂ ਸਾਰੀਆਂ 100 ਖੱਡਾਂ ਦੀ ਨਿਲਾਮੀ 77.25 ਲੱਖ ਰੁਪਏ ਪ੍ਰਤੀ ਸਾਲ ਦੀ ਦਰ ਤੇ ਕੀਤੀ ਗਈ ਸੀ। ਔਸਤ ਅਨੁਸਾਰ ਇਹਨਾਂ ਖੱਡਾਂ ਤੋਂ ਸਾਲ 2006-07 ਅਤੇ ਸਾਲ 2007-08 ਦੌਰਾਨ 23.17 ਲੱਖ ਰੁਪਏ ਪ੍ਰਤੀ ਸਾਲ ਦੀ ਆਮਦਨ ਹੋਈ ।

ਜ਼ਿਲ੍ਹਾ ਮੋਗਾ ਦੀ ਸਬ-ਤਹਿਸੀਲ ਧਰਮਕੋਟ ਵਿੱਚ 20 ਰੇਤੇ ਦੀਆਂ ਖੱਡਾਂ ਠੇਕੇ ਤੇ ਸਨ। ਸਾਰੇ ਜ਼ਿਲ੍ਹੇ ਦੀਆਂ 1 ਤੋਂ 23 ਖੱਡਾਂ ਦਾ ਇੱਕਠਾ ਠੇਕਾ 20.50 ਲੱਖ ਰੁਪਏ ਪ੍ਰਤੀ ਸਾਲ ਦੀ ਦਰ ਤੇ ਸੀ। ਔਸਤ ਅਨੁਸਾਰ ਇਹਨਾਂ ਖੱਡਾਂ ਤੋਂ ਸਾਲ 2006-07 ਅਤੇ ਸਾਲ 2007-08 ਦੌਰਾਨ 19.56 ਲੱਖ ਰੁਪਏ ਪ੍ਰਤੀ ਸਾਲ ਦੀ ਆਮਦਨ ਹੋਈ।

(ਅ) ਸ਼੍ਰੀਮਾਨ ਜੀ, ਰੂਲਾਂ ਵਿੱਚ ਰੇਤ ਅਤੇ ਹੋਰ ਛੋਟੇ ਖਣਿਜਾਂ ਦੇ ਸੇਲ ਰੇਟ ਨੂੰ ਫਿਕਸ ਕਰਨ ਦਾ ਕੋਈ ਉਪਬੰਧ ਨਹੀਂ ਹੈ। ਠੇਕੇਦਾਰ ਵੱਲੋਂ ਜ਼ਮੀਨ ਮਾਲਕਾਂ ਨੂੰ ਰਾਇਲਟੀ ਦਾ 1/3 ਹਿੱਸਾ ਬਤੌਰ ਮੁਆਵਜ਼ਾ ਦੇਣਾ ਹੁੰਦਾ ਹੈ।

**ਸ਼੍ਰੀ ਨਰੇਸ਼ ਕਟਾਰੀਆ** : ਸਪੀਕਰ ਸਾਹਿਬ, ਮੈਂ ਦੋ ਨੁਕਤਿਆਂ ਤੇ ਗੱਲ ਕਰਨੀ ਚਾਹੁੰਦਾ ਹਾਂ। ਇੱਕ ਤਾਂ ਇਹ ਹੈ ਕਿ ਪਰਚੀ ਮੇਰੇ ਪਾਸ ਹੈ। ਇਥੇ ਟਰਾਲੀ ਦਾ ਰੇਟ 1500/- ਰੁਪਏ ਲਿਆ ਜਾ ਰਿਹਾ ਹੈ। 2005-06 ਵਿਚ ਜਦੋਂ ਟਰਾਲੀ ਦਾ ਰੇਟ 100/- ਰੁਪਏ ਹੁੰਦਾ ਸੀ ਤਾਂ ਸਾਲ ਦਾ ਠੇਕਾ ਲੱਖਾਂ ਵਿੱਚ ਸੀ। ਇਸ ਤੇ ਕੌਣ ਯਕੀਨ ਕਰੇਗਾ। ਇਸ ਕਰਕੇ ਇਸ ਦੀ ਪੜਤਾਲ ਕਰਵਾਈ ਜਾਵੇ। ਇਸ ਬਾਰੇ ਸਦਨ ਦੀ ਕਮੇਟੀ ਗਠਿਤ ਕੀਤੀ ਜਾਵੇ। ਦੂਸਰੀ ਗੱਲ ਇਹ ਹੈ ਕਿ ਮੇਰਾ ਸਵਾਲ ਸੀ, ਇਸ ਇਲਾਕੇ ਨੂੰ ਜਿੱਥੋਂ ਸਰਕਾਰ ਨੂੰ ਅਰਬਾਂ ਰੁਪਿਆ ਮਿਲਦਾ ਹੈ, ਉਸ ਇਲਾਕੇ ਦੀ ਤਰੱਕੀ ਲਈ ਕੋਈ ਵਿਸ਼ੇਸ਼ ਗਰਾਂਟ ਦਿੱਤੀ ਜਾਵੇ। ਇਸ ਬਾਰੇ ਮੰਤਰੀ ਜੀ ਦੱਸਣ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਜੋ ਪਿੱਛੇ ਚੱਲ ਰਿਹਾ ਸੀ, ਉਸ ਵਿਚ ਕੋਈ ਕੈਪ ਨਹੀਂ ਲਗਾਈ ਗਈ ਸੀ ਕਿ ਇੰਨੇ ਪ੍ਰਾਈਸ ਤੇ ਵੇਚਣਗੇ। ਹੁਣ ਅੱਗੇ ਵਾਸਤੇ ਜਦੋਂ ਨਿਲਾਮੀ ਹੋਵੇਗੀ, ਹੁਣ ਅਸੀਂ ਪ੍ਰਾਈਸ ਫਿਕਸ ਕਰਾਂਗੇ ਕਿ ਇਸ ਤੋਂ ਵੱਧ ਨਹੀਂ ਵੇਚ ਸਕਦਾ। ਹੁਣ ਅਸੀਂ ਅਮੈਂਡ ਕਰ ਰਹੇ ਹਾਂ ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬੜਾ ਅਹਿਮ ਸਵਾਲ ਉਠਾਇਆ ਹੈ । ਪੰਜਾਬ ਦੇ ਲੋਕਾਂ ਦੇ ਮਨ ਵਿਚ ਖਦਸ਼ਾ ਹੈ । ਪ੍ਰਿੰਸੀਪਲੀ ਸਾਰੀ ਅਪੋਜ਼ੀਸ਼ਨ ਪਾਰਟੀ, ਕਾਂਗਰਸ ਪਾਰਟੀ ਦੇ ਮਨ ਵਿਚ ਭਰਪੂਰ ਖਦਸ਼ਾ ਹੈ ਕਿ ਜੋ ਰੈਵੀਨਿਊ ਮਾਈਨਿਗਜ਼ ਤੋਂ ਪੰਜਾਬ ਭਰ ਦੇ ਵਿੱਚ ਇੱਕਠਾ ਹੋਣਾ ਚਾਹੀਦਾ ਸੀ, ਉਹ ਨਹੀਂ ਹੋ ਰਿਹਾ ਔਰ ਬਕਾਇਦਾ ਮਾਫੀਆ ਬਣ ਗਿਆ ਹੈ। ਇਸ ਨੇ ਲੋਕਾਂ ਨੂੰ ਡਰਾ ਕੇ ਮਨੋਪਲਾਈਜ਼ ਕੀਤਾ ਹੈ। ਇਸ ਵਿਚ ਆਜ਼ਾਦੀ ਨਾਲ ਕੋਈ ਆਕਸ਼ਨ ਨਹੀਂ ਹੋਣ ਦਿੱਤੀ ਜਾਂਦੀ। ਗੁਰਦਾਸਪੁਰ, ਅੰਮ੍ਰਿਤਸਰ, ਫਿਰੋਜ਼ਪੁਰ ਜਾਂ ਚੰਡੀਗੜ੍ਹ ਦੇ ਨੇੜੇ-ਤੇੜੇ ਜਿਹੜੀ

Original with;
Punjab Vidhan Sabha
Digitized by;
Panjab Digital Library

ਮਾਈਨਿੰਗ ਹੈ, ਕਾਂਗਰਸ ਦਾ ਇਹ ਸਵਾਲ ਹੈ ਕਿ ਕੀ ਮੁੱਖ ਮੰਤਰੀ ਸਾਹਿਬ ਇਸ ਮੁਤੱਲਕ ਕੋਈ ਟਰਾਂਸਪੇਰੈਂਟ ਇਨਕੁਆਰੀ ਕਰਵਾ ਕੇ ਸਦਨ ਨੂੰ ਦੱਸਣਗੇ ਕਿ..........

**ਮਾਨਯੋਗ ਸਪੀਕਰ** : ਤੁਸੀਂ ਕਾਂਗਰਸ ਦਾ ਸਵਾਲ ਨਾ ਕਰੋ, ਅਸੈਂਬਲੀ ਦਾ ਸਵਾਲ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਜਿਹੜੀ 1500/- ਰੁਪਏ ਦੀ ਟਰਾਲੀ ਵਿਕੀ ਹੈ, ਇਸ ਤੋਂ ਵੱਡਾ ਧੱਕਾ ਪੰਜਾਬ ਵਿੱਚ ਕੋਈ ਨਹੀਂ ਹੈ। ਇਹ ਚੰਗਾ ਤਾਂ ਨਹੀਂ ਲੱਗਦਾ ਪਰ ****

**ਮਾਨਯੋਗ ਸਪੀਕਰ** : ਇਹ ਐਕਸਪੰਜ ਕਰ ਦਿਓ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਮੈਂ ਮੰਗ ਕਰਦਾ ਹਾਂ ਕਿ ਕਿਨ੍ਹਾਂ-ਕਿਨ੍ਹਾਂ ਲੋਕਾਂ ਨੇ ਰੇਤੇ ਦੇ ਠੇਕੇ ਲਏ ਹੋਏ ਹਨ, ਇਸ ਦੀ ਡਿਟੇਲਡ ਇਨਕੁਆਇਰੀ ਕਰਵਾ ਕੇ ਹਾਊਸ ਨੂੰ ਦੱਸਿਆ ਜਾਵੇ। ਕਿਉਂ 1500/- ਰੁਪਏ ਟਰਾਲੀ ਵਿਕ ਰਹੀ ਹੈ ? ਸਾਡੇ ਵੱਲ ਤਾਂ 1800/- ਰੁਪਏ ਵਿਕ ਰਹੀ ਹੈ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਇਨ੍ਹਾਂ ਨੇ ਕਿਹਾ ਰਾਜ ਨਹੀਂ, ਸੇਵਾ ਕਰਾਂਗੇ। ਕੀ ਆਹ ਸੇਵਾ ਹੈ ?

**ਮਾਨਯੋਗ ਸਪੀਕਰ** : ਜਦੋਂ ਸਵਾਲ ਹੋਏਗਾ ਤਾਂ ਹੀ ਜਵਾਬ ਦਿਓ।

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ** ਹੈ। ਇਹ ਸਦਨ ਦੀ ਤੌਹੀਨ ਹੈ। ਇਨ੍ਹਾਂ ਨੇ ਇਹ ਜਿਹੜੀ ਐਕੋਜ਼ੇਸ਼ਨ ਕੀਤੀ ਹੈ, ਇਹ ਬਿਲਕੁਲ ਗਲਤ ਹੈ।

**ਮਾਨਯੋਗ ਸਪੀਕਰ** : ਮੈਂ ਇਹ ਲਫ਼ਜ਼ ਕਟਾ ਦਿੱਤੇ ਹਨ।

**ਮੰਤਰੀ** : ** **

**ਮਾਨਯੋਗ ਸਪੀਕਰ** : ਇਹ ਲਫ਼ਜ਼ ਐਕਸਪੰਜ ਕਰ ਦਿਓ ਜੀ।

**ਮੰਤਰੀ** : ਇਹ ਲਫ਼ਜ਼ ਵਾਪਸ ਲੈਣ।.......(ਵਿਘਨ).......... ਪਹਿਲਾਂ ਇਹ ਲਫ਼ਜ਼ ਵਾਪਸ ਲੈਣ, ਫਿਰ ਮੈਂ ਜਵਾਬ ਦੇਵਾਂਗਾ।..........(ਵਿਘਨ).....ਇਹ ਲਫ਼ਜ਼ ਵਾਪਸ ਲੈਣ । ਜਿਹੜੀ ਗੱਲ ਇਹ ਕਰਦੇ ਪਏ ਹਨ, ਪਹਿਲਾਂ ਇਹ ਲਫ਼ਜ਼ ਵਾਪਸ ਲੈਣ। ਇਨ੍ਹਾਂ ਨੇ ਅਨਪਾਰਲੀਮੈਂਟਰੀ ਲੈਂਗੂਏਜ ਯੂਜ਼ ਕੀਤੀ ਹੈ।

(ਇਸ ਸਮੇਂ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ** ** ਬੋਲ ਰਹੇ ਸਨ, ਜੋ ਰਿਕਾਰਡ ਨਹੀਂ ਕੀਤਾ ਗਿਆ

**ਮਾਨਯੋਗ ਸਪੀਕਰ** : ਇਹ ਕੁਝ ਨਹੀਂ ਰਿਕਾਰਡ ਕਰਨਾ।

**ਮੰਤਰੀ** : ਇਹ** ਕਹਿ ਰਹੇ ਹਨ। ਇਨ੍ਹਾਂ ਨੇ ਅਨਪਾਰਲੀਮੈਂਟਰੀ ਲਫ਼ਜ਼ ਯੂਜ਼ ਕੀਤੇ ਹਨ। ........(ਵਿਘਨ)......... ਪਹਿਲਾਂ ਇਹ ਲਫ਼ਜ਼ ਵਾਪਸ ਲੈਣ, ਫਿਰ ਮੈਂ ਜਵਾਬ ਦੇਵਾਂਗਾ।

---

** Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਪਲੀਜ਼ ਬੈਠੋ ਜੀ। ਇਹ ਸਵਾਲਾਂ ਦਾ ਸਮਾਂ ਹੈ। ਤੁਸੀਂ ਸਾਰੇ ਖੜ੍ਹੇ ਹੋ, ਇਸ ਦਾ ਮਤਲਬ ਕੀ ਹੋਇਆ ? ਬੈਠੋ ਪਲੀਜ਼। ਬੈਠੋ ਜੀ । (ਵਿਘਨ)....... ਬੈਠੋ ਜੀ ਸਾਰੇ, ਫਿਰ ਗੱਲ ਕਰੋ। ਇਹ ਕੁਐਸਚਨ ਆਵਰ ਹੈ। (ਕੁੱਝ ਮੈਂਬਰ ਰੂਲਿੰਗ ਪਾਰਟੀ ਦੇ ਵੀ ਖੜ੍ਹੇ ਸਨ) ਤੁਸੀਂ ਵੀ ਬੈਠੋ ਜੀ । ਬੈਠੋ ਸਾਰੇ, ਬਰਾੜ ਸਾਹਿਬ। ਇਹ ਕੁਐਸਚਨ ਆਵਰ ਹੈ, ਕੁਐਸਚਨ ਕਰੋ। ਆਹ ਗੱਲ ਕਰਨ ਦਾ ਤੁਹਾਨੂੰ ਅਦਰਵਾਈਜ਼ ਵੀ ਮੌਕਾ ਮਿਲਦਾ ਹੈ। ਆਪਾਂ ਕੁਐਸਚਨ ਨਹੀਂ ਕਰਦੇ, ਭਾਸ਼ਣ ਕਰ ਰਹੇ ਹਾਂ। ਤੁਸੀਂ ਜਿਹੜੀ ਗੱਲ ਕਰਦੇ ਹੋ ਕਿ ਕਾਂਗਰਸ ਦਾ ਸਵਾਲ ਹੈ, ਕਾਂਗਰਸ ਦਾ ਸਵਾਲ ਹਾਊਸ ਵਿੱਚ ਕਿੱਥੋਂ ਆ ਗਿਆ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਇਹ ਲੋਕਾਂ ਦਾ ਸਵਾਲ ਹੈ।

**ਮੰਤਰੀ** : ਸਪੀਕਰ ਸਾਹਿਬ, ਇਹ ** **

(ਇਸ ਸਮੇਂ ਵੀ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ *** ਬੋਲ ਰਹੇ ਸਨ, ਜੋ ਰਿਕਾਰਡ ਨਹੀਂ ਕੀਤਾ ਗਿਆ।

**ਮਾਨਯੋਗ ਸਪੀਕਰ** : ਆਹ ਰਿਕਾਰਡ ਤੇ ਨਾ ਲਿਆਓ। ਕਾਲੀਆ ਜੀ, ਬੈਠੋ। ਕਟਾਰੀਆ ਜੀ, ਬੈਠੋ। ਕੁਐਸਚਨਜ਼ ਖਤਮ ਹਨ। ਹੁਣ ਹੋਰ ਸਪਲੀਮੈਂਟਰੀ ਕੋਈ ਨਹੀਂ ਜੀ।

---

## UNSTARRED QUESTIONS AND ANSWERS

### ਪੰਜਾਬ ਤਕਨੀਕੀ ਯੂਨੀਵਰਸਿਟੀ ਦਾ ਨਾਂ ਬਦਲਣਾ

163. **ਸਰਦਾਰ ਅਮਰਜੀਤ ਸਿੰਘ ਸਾਹੀ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਤਕਨੀਕੀ ਯੂਨੀਵਰਸਿਟੀ ਦਾ ਨਾਂ ਦੁਬਾਰਾ ਬਾਬਾ ਵਿਸ਼ਵਕਰਮਾ ਤਕਨੀਕੀ ਯੂਨੀਵਰਸਿਟੀ ਰੱਖਣ ਦੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਸਵਰਨਾ ਰਾਮ** : ਨਹੀਂ ਜੀ, ਪੰਜਾਬ ਤਕਨੀਕੀ ਯੂਨੀਵਰਸਿਟੀ ਦਾ ਨਾਂ ਦੁਬਾਰਾ ਬਾਬਾ ਵਿਸ਼ਵਕਰਮਾ ਤਕਨੀਕੀ ਯੂਨੀਵਰਸਿਟੀ ਰੱਖਣ ਦੀ ਸਰਕਾਰ ਪਾਸ ਕੋਈ ਤਜਵੀਜ਼ ਨਹੀਂ ਹੈ।

---

* Not recorded as ordered by the Chair.

Original with;
Punjab Vidhan Sabha
Digitized by;
Punjab Digital Library

## ਦਸੂਹਾ/ਤਲਵਾੜਾ ਵਿਖੇ ਸਟੇਡੀਅਮ ਦੀ ਉਸਾਰੀ

164. **ਸਰਦਾਰ ਅਮਰਜੀਤ ਸਿੰਘ ਸਾਹੀ** : ਕੀ ਉਪ-ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਲਾਕਾਂ ਦਸੂਹਾ ਅਤੇ ਤਲਵਾੜਾ ਵਿਚ ਅੰਤਰਰਾਸ਼ਟਰੀ ਪੱਧਰ ਦੇ ਸਟੇਡੀਅਮ ਦੀ ਉਸਾਰੀ ਕਰਨ ਦੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸ ਦੀ ਉਸਾਰੀ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਸੁਖਬੀਰ ਸਿੰਘ ਬਾਦਲ** : ਨਹੀਂ ਜੀ।

---

## ਕਮਾਹੀ ਦੇਵੀ-ਚੰਡੀਗੜ੍ਹ ਰੂਟ ਤੇ ਬੱਸ ਸਰਵਿਸ

165. **ਸਰਦਾਰ ਅਮਰਜੀਤ ਸਿੰਘ ਸਾਹੀ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕਮਾਹੀ ਦੇਵੀ ਤੋਂ ਚੰਡੀਗੜ੍ਹ ਵਾਇਆ ਢੋਲਬਾਹਾ-ਹੁਸ਼ਿਆਰਪੁਰ ਤੇ ਨਵਾਂ ਬੱਸ ਰੂਟ ਸ਼ੁਰੂ ਕਰਨ ਦੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਮਾਸਟਰ ਮੋਹਨ ਲਾਲ** : ਨਹੀਂ ਜੀ।

---

## ਠੇਕੇਦਾਰਾਂ ਤੋਂ ਸਥਿਰਤਾ ਸਰਟੀਫਿਕੇਟ ਲੈਣਾ

166. **ਸਰਦਾਰ ਅਮਰਜੀਤ ਸਿੰਘ ਸਾਹੀ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਇਮਾਰਤਾਂ, ਸੜਕਾਂ ਅਤੇ ਪੁੱਲਾਂ ਦੀ ਉਸਾਰੀ ਨਾਲ ਸਬੰਧਤ ਠੇਕੇਦਾਰਾਂ ਤੋਂ ਸਰਕਾਰ ਦੁਆਰਾ ਕੋਈ ਸਥਿਰਤਾ ਸਰਟੀਫਿਕੇਟ ਪ੍ਰਾਪਤ ਕੀਤਾ ਜਾਂਦਾ ਹੈ, ਜੇਕਰ ਅਜਿਹਾ ਹੋਵੇ, ਤਾਂ ਕੀ ਨਿਸ਼ਚਿਤ ਕੀਤੇ ਸਮੇਂ ਦੇ ਖਤਮ ਹੋਣ ਤੋਂ ਪਹਿਲਾਂ ਇਮਾਰਤਾਂ, ਸੜਕਾਂ ਅਤੇ ਪੁੱਲਾਂ ਦੀ ਟੁੱਟ-ਭੱਜ ਹੋਣ ਤੇ ਸਬੰਧਤ ਅਫਸਰ/ਠੇਕੇਦਾਰ ਵਿਰੁੱਧ ਕੋਈ ਕਾਰਵਾਈ ਕੀਤੀ ਜਾਂਦੀ ਹੈ ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਨਹੀਂ ਸ਼੍ਰੀਮਾਨ ਜੀ। ਠੇਕੇ ਦੇ ਦਸਤਾਵੇਜ਼/ਇਕਰਾਰਨਾਮੇ ਵਿੱਚ ਇੱਕ ਡਿਫੈਕਟ ਲਾਇਬਿਲਟੀ ਦੀ ਧਾਰਾ ਹੁੰਦੀ ਹੈ, ਜਿਸ ਅਧੀਨ ਠੇਕੇਦਾਰ ਆਪਣੇ ਰਿਸਕ ਅਤੇ ਕਾਸਟ ਤੇ ਲੋਕ ਇਮਾਰਤਾਂ, ਸੜਕਾਂ ਅਤੇ ਪੁੱਲਾਂ ਦੀ ਉਸਾਰੀ ਨਾਲ ਸਬੰਧਤ ਕਿਸੇ ਵੀ ਨੁਕਸ ਨੂੰ ਦੂਰ ਕਰਨ ਲਈ ਕੰਮ ਖਤਮ ਹੋਣ ਤੋਂ 12 ਮਹੀਨੇ ਤੱਕ ਪਾਬੰਦ ਹੁੰਦਾ ਹੈ। ਠੇਕੇ ਦੀ ਰਕਮ ਦਾ 5% ਬਤੌਰ ਪਰਫਾਰਮੈਂਸ ਗਰੰਟੀ ਡਿਫੈਕਟ ਲਾਇਬਿਲਟੀ ਦਾ ਸਮਾਂ ਖਤਮ ਹੋਣ ਤੱਕ ਵਿਭਾਗ ਵੱਲੋਂ ਰੋਕ ਲਿਆ ਜਾਂਦਾ ਹੈ।

---

Original with;
Punjab Vidhan Sabha
Digitized by;
Panjab Digital Library

## ਭਿੱਖੀਵਿੰਡ ਵਿਖੇ ਪਾਲੀਟੈਕਨਿਕ ਵਿਚ ਅਮਲੇ/ਬੁਨਿਆਦੀ ਢਾਂਚੇ ਦੀ ਘਾਟ

168. **ਸਰਦਾਰ ਵਿਰਸਾ ਸਿੰਘ ਵਲਟੋਹਾ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਭਿੱਖੀਵਿੰਡ ਵਿਖੇ ਪਾਲੀਟੈਕਨਿਕ ਵਿਚ ਅਮਲੇ ਅਤੇ ਬੁਨਿਆਦੀ ਢਾਂਚੇ ਦੀ ਘਾਟ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ ਅਤੇ ਇਸ ਘਾਟ ਨੂੰ ਕਦੋਂ ਤੱਕ ਪੂਰਾ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਸਵਰਨਾ ਰਾਮ** : ਹਾਂ ਜੀ, ਇਹ ਠੀਕ ਹੈ ਕਿ ਭਿੱਖੀਵਿੰਡ ਵਿਖੇ ਬਹੁਤਕਨੀਕੀ ਸੰਸਥਾ ਵਿੱਚ ਇਨਫਰਾਸਟਰਕਚਰ ਅਤੇ ਸਟਾਫ ਦੀ ਘਾਟ ਹੈ। ਖਾਲੀ ਸੀਟਾਂ ਅਤੇ ਇਨਫਰਾਸਟਰਕਚਰ ਦੀ ਘਾਟ ਬਾਰੇ ਵੇਰਵਾ ਹੇਠ ਅਨੁਸਾਰ ਦਰਸਾਇਆ ਜਾਂਦਾ ਹੈ।

ਇੱਥੇ ਮਸ਼ੀਨਰੀ ਅਤੇ ਸਾਜ਼ੋ-ਸਮਾਨ ਦੀ ਵੀ ਘਾਟ ਹੈ । ਜਿੱਥੋਂ ਤੱਕ ਖਾਲੀ ਆਸਾਮੀਆਂ ਦਾ ਸਬੰਧ ਹੈ, ਦੀ ਭਰਤੀ ਕਰਨ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਹਿੱਤ ਮਾਮਲਾ ਪ੍ਰਸੋਨਲ ਵਿਭਾਗ ਤੋਂ ਆਗਿਆ ਲੈਣ ਲਈ ਨਾਲ ਉਠਾਇਆ ਗਿਆ ਅਤੇ ਕੁਝ ਦਿਨ ਪਹਿਲਾਂ ਹੀ ਇਸ ਦੀ ਪ੍ਰਵਾਨਗੀ ਪ੍ਰਾਪਤ ਹੋਈ ਹੈ। ਅਰਜ਼ੀਆਂ ਪਹਿਲਾਂ ਹੀ ਅਖਬਾਰਾਂ ਵਿੱਚ ਵਿਗਿਆਪਨ ਦੇ ਕੇ ਪ੍ਰਾਪਤ ਕੀਤੀਆਂ ਹੋਈਆਂ ਹਨ ਅਤੇ ਕੰਟਰੈਕਟ ਬੇਸ ਤੇ ਆਸਾਮੀਆਂ ਭਰਨ ਲਈ ਉਮੀਦਵਾਰਾਂ ਦੀ ਸਿਲੈਕਸ਼ਨ ਕਰਨ ਲਈ ਮੁਲਾਕਾਤ ਦੀਆਂ ਮਿਤੀਆਂ ਰੱਖਣ ਬਾਰੇ ਕਾਰਵਾਈ ਛੇਤੀ ਹੀ ਆਰੰਭੀ ਜਾਵੇਗੀ

**(ੳ) ਸਟਾਫ ਦੀ ਸਥਿਤੀ ਬਾਰੇ ਵੇਰਵਾ**

| | ਗਰੁੱਪ ਏ | ਗਰੁੱਪ ਬੀ | ਗਰੁੱਪ ਸੀ | ਗਰੁੱਪ ਡੀ |
|---|---|---|---|---|
| ਕੁੱਲ ਆਸਾਮੀਆਂ | 40 | 1 | 27 | 25 |
| ਖਾਲੀ ਆਸਾਮੀਆਂ | 21 | 1 | 20 | 13 |

**(ਅ) ਇਨਫਰਾਸਟਰਕਚਰ ਦੀ ਘਾਟ ਬਾਰੇ ਵੇਰਵਾ**

* ਇਸ ਸਮੇਂ ਸੰਸਥਾ ਵਿੱਚ ਤਿੰਨ ਡਿਪਲੋਮਾ ਕੋਰਸ ਮਕੈਨੀਕਲ ਇੰਜੀਨੀਅਰਿੰਗ, ਕੰਪਿਊਟਰ ਇੰਜੀਨੀਅਰਿੰਗ ਅਤੇ ਇਲੈਕਟ੍ਰੀਕਲ ਇੰਜੀਨੀਅਰਿੰਗ 150 ਸੀਟਾਂ ਦੀ ਅੰਤਰਗ੍ਰਹਿਣ ਨਾਲ ਚੱਲ ਰਹੇ ਹਨ।

* ਮਕੈਨੀਕਲ ਇੰਜੀਨੀਅਰਿੰਗ ਦਾ ਡਿਪਲੋਮਾ ਕੋਰਸ 1996 ਤੋਂ ਚੱਲ ਰਿਹਾ ਹੈ ਅਤੇ ਇਸ ਕੋਰਸ ਦਾ ਇਨਫਰਾਸਟਰਕਚਰ 90-95% ਦੀ ਹੱਦ ਤੱਕ ਉਪਲਬਧ ਹੈ।

Original with;
Punjab Vidhan Sabha
Digitized by;
Panjab Digital Library

* ਕੰਪਿਊਟਰ ਇੰਜੀਨੀਅਰਿੰਗ ਦੇ ਡਿਪਲੋਮਾ ਕੋਰਸ ਸਬੰਧੀ 80% ਦੀ ਹੱਦ ਤੱਕ ਕੰਪਿਊਟਰ ਦੇ ਸਟਾਫ ਦੀ ਘਾਟ ਫੰਡਾਂ ਦੀ ਘਾਟ ਕਾਰਨ ਹੈ ਅਤੇ ਇਸ ਦੀ ਉਪਲਬਧੀ ਲਈ ਕੋਸਿਸ਼ ਕੀਤੀ ਜਾ ਰਹੀ ਹੈ।

* ਇਲੈਕਟ੍ਰੀਕਲ ਇੰਜੀਨੀਅਰਿੰਗ ਦਾ ਡਿਪਲੋਮਾ ਕੋਰਸ 2008 ਵਿੱਚ ਸ਼ੁਰੂ ਕੀਤਾ ਗਿਆ ਸੀ। ਇਸ ਕੋਰਸ ਦੀ ਲੋੜ ਅਨੁਸਾਰ ਮਸ਼ੀਨਰੀ ਅਤੇ ਸਾਜੋ-ਸਮਾਨ ਸਾਲ 2009-10 ਦੌਰਾਨ ਖਰੀਦ ਲਿਆ ਜਾਵੇਗਾ।

* ਸੰਸਥਾ ਕੋਲ ਨਵੇਂ ਕੋਰਸਾਂ ਲਈ ਫੰਡਾਂ ਦੀ ਉਪਲਬਧੀ ਨਾ ਹੋਣ ਕਾਰਨ ਲਾਇਬਰੇਰੀ ਅਤੇ ਫਰਨੀਚਰ ਦੀ ਘਾਟ ਹੈ, ਪਰ ਹੁਣ ਇਹ ਸੰਸਥਾ ਨਾਬਾਰਡ ਪ੍ਰੋਜੈਕਟ ਅਧੀਨ ਆ ਗਈ ਹੈ, ਇਸ ਲਈ ਅਕੈਡਮਿਕ ਸਾਲ 2009-10 ਦੌਰਾਨ ਇਹ ਸਾਰੀਆਂ ਘਾਟਾਂ ਪੂਰੀਆਂ ਕਰ ਲਈਆਂ ਜਾਣਗੀਆਂ।

---

## ਗੁੱਦੇਪੁਰ ਵਿਖੇ ਬਿਜਲੀ ਸਬ-ਸਟੇਸ਼ਨ ਸਥਾਪਿਤ ਕਰਨਾ

169. ਸ਼੍ਰੀ ਕੇ. ਡੀ. ਭੰਡਾਰੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਗੁੱਦੇਪੁਰ ਉਦਯੋਗਿਕ ਜ਼ੋਨ, ਜ਼ਿਲ੍ਹਾ ਜਲੰਧਰ ਵਿਖੇ ਨਵਾਂ ਸਬ-ਸਟੇਸ਼ਨ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਸਥਾਪਿਤ ਕੀਤੇ ਜਾਣ ਦੀ ਸੰਭਾਵਨਾ ਹੈ ;

(ਅ) ਕੀ ਸਰਕਾਰ ਦੁਆਰਾ ਮੌਜੂਦਾ ਬਿਜਲੀ ਕੁਨੈਕਸ਼ਨਾਂ ਦਾ ਲੋਡ ਵਧਾਉਣ ਲਈ ਕੋਈ ਕਦਮ ਚੁੱਕੇ ਜਾ ਰਹੇ ਹਨ; ਜੇਕਰ ਨਹੀਂ, ਤਾਂ ਇਸਦੇ ਕੀ ਕਾਰਣ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) 66 ਕੇ. ਵੀ. ਸਬ-ਸਟੇਸ਼ਨ, ਫੋਕਲ ਪੁਆਇੰਟ, ਜਲੰਧਰ ਤੋਂ ਗੁੱਦੇਪੁਰ ਉਦਯੋਗਿਕ ਜ਼ੋਨ ਨੂੰ ਬਿਜਲੀ ਦਿੱਤੀ ਗਈ ਹੈ । ਇਸ ਸਮੇਂ ਗੁੱਦੇਪੁਰ ਵਿਖੇ ਇੱਕ ਨਵਾਂ ਸਬ-ਸਟੇਸ਼ਨ ਸਥਾਪਿਤ ਕਰਨ ਦੀ ਤਜਵੀਜ਼ ਨਹੀਂ ਹੈ । ਪ੍ਰੰਤੂ ਬਿਜਲੀ ਬੋਰਡ ਵੱਲੋਂ ਸਬ-ਸਟੇਸ਼ਨ ਫੋਕਲ ਪੁਆਇੰਟ ਜਲੰਧਰ ਵਿਖੇ ਇੱਕ ਵਾਧੂ 66 ਕੇ.ਵੀ. ਟਰਾਂਸਫਾਰਮਰ ਲਗਾਉਣ ਦੀ ਯੋਜਨਾ ਹੈ । ਇਹ ਵਾਧੂ ਟਰਾਂਸਫਾਰਮਰ ਸਾਲ 2009-10 ਵਿੱਚ ਚਾਲੂ ਹੋ ਜਾਵੇਗਾ ।

(ਅ) ਇਸ ਖੇਤਰ ਵਿੱਚ ਬਿਜਲੀ ਕੁਨੈਕਸ਼ਨਾਂ ਦੇ ਲੋਡ ਵਿੱਚ ਵਾਧਾ ਕਰਨ ਲਈ ਇੱਕ ਨਵਾਂ 132 ਕੇ.ਵੀ. ਸਬ-ਸਟੇਸ਼ਨ ਪਿੰਡ ਕਾਹਨਪੁਰ, ਪਠਾਨਕੋਟ ਰੋਡ, ਜਲੰਧਰ ਵਿਖੇ ਸਥਾਪਤ ਕਰਨ ਦੀ ਤਜਵੀਜ਼ ਹੈ । ਇਹ ਸਬ-ਸਟੇਸ਼ਨ ਵੀ ਸਾਲ 2009-10 ਵਿੱਚ ਚਾਲੂ ਹੋ ਜਾਵੇਗਾ ।

---

Original with;
Punjab Vidhan Sabha
Digitized by;
Panjab Digital Library

## ਸਹਿਕਾਰੀ ਖੰਡ/ਕਤਾਈ ਮਿੱਲਾਂ ਦੇ ਕਲਰਕ ਅਮਲੇ ਲਈ ਨੌਕਰੀਆਂ

**170. ਸ਼੍ਰੀ ਅਨਿਲ ਜੋਸ਼ੀ :** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਸੇਰੋਂ ਸਹਿਕਾਰੀ ਖੰਡ ਮਿੱਲ ਅਤੇ ਸਹਿਕਾਰੀ ਕਤਾਈ ਮਿੱਲ, ਗੋਇੰਦਵਾਲ ਸਾਹਿਬ, ਜ਼ਿਲ੍ਹਾ ਤਰਨਤਾਰਨ ਦਾ ਸਾਰਾ ਕਲਰਕ ਅਮਲਾ ਐਡਜਸਟ ਕਰ ਲਿਆ ਗਿਆ ਹੈ ; ਜੇਕਰ ਨਹੀਂ, ਤਾਂ ਬਾਕੀ ਰਹਿੰਦਾ ਅਮਲਾ ਕਦੋਂ ਤੱਕ ਐਡਜਸਟ ਕਰ ਲਏ ਜਾਣ ਦੀ ਸੰਭਾਵਨਾ ਹੈ ;

(ਅ) ਕੀ ਡੈਪੂਟੇਸ਼ਨ ਤੇ ਸੇਵਾ ਕਰ ਰਹੇ ਅਮਲੇ ਨੂੰ ਰੈਗੂਲਰ (ਨਿਯਮਿਤ) ਕਰ ਦਿੱਤਾ ਗਿਆ ਹੈ ;

(ੲ) ਹੁਣ ਤਕ ਡੈਪੂਟੇਸ਼ਨ ਤੇ ਸੇਵਾ ਨਾ ਕਰ ਰਹੇ ਅਮਲੇ ਨੂੰ ਕਦੋਂ ਤੋਂ ਤਨਖਾਹਾਂ ਨਹੀਂ ਦਿੱਤੀਆਂ ਗਈਆਂ ਹਨ ?

**ਕੈਪਟਨ ਕੰਵਲਜੀਤ ਸਿੰਘ :** (ੳ) ਸਹਿਕਾਰੀ ਖੰਡ ਮਿੱਲ, ਸੇਰੋਂ (ਤਰਨ ਤਾਰਨ) ਵਿੱਚ ਤਾਇਨਾਤ ਕਲਰਕ ਅਮਲੇ ਵਿਚੋਂ ਅਜੇ ਤੱਕ ਕੋਈ ਵੀ ਅਡਜਸਟ ਨਹੀਂ ਕੀਤਾ ਗਿਆ । ਇਸ ਮਿੱਲ ਨੂੰ ਮੁੜ ਤੋਂ ਚਲਾਉਣ ਲਈ ਸ਼ੂਗਰਫੈਡ ਪੰਜਾਬ ਵੱਲੋਂ ਇੱਕ ਸਲਾਹਕਾਰ ਦੀ ਨਿਯੁਕਤੀ ਕੀਤੀ ਗਈ ਹੈ, ਜਿਸ ਦੀ ਰਿਪੋਰਟ ਥੋੜ੍ਹੇ ਸਮੇਂ ਵਿੱਚ ਪ੍ਰਾਪਤ ਹੋਣ ਦੀ ਆਸ ਹੈ । ਰਿਪੋਰਟ ਪ੍ਰਾਪਤ ਹੋਣ ਉਪਰੰਤ ਹੀ ਸਟਾਫ ਦੀ ਐਡਜਸਟਮੈਂਟ ਬਾਰੇ ਸੰਭਾਵਨਾ ਦਾ ਪਤਾ ਲੱਗ ਸਕੇਗਾ ।

ਗੋਇੰਦਵਾਲ ਸਹਿਕਾਰੀ ਸਪੀਨਿੰਗ ਮਿੱਲ ਦੇ ਕਲੈਰੀਕਲ ਸਟਾਫ ਦੀਆਂ ਸੂਚੀਆਂ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਵੱਲੋਂ ਰਾਜ ਦੀਆਂ ਸਮੂਹ ਅਪੈਕਸ ਸਹਿਕਾਰੀ ਸੰਸਥਾਵਾਂ ਨੂੰ ਯੋਗਤਾਵਾਂ ਅਤੇ ਤਜਰਬੇ ਨੂੰ ਵੇਖਦੇ ਹੋਏ ਖਾਲੀ ਅਸਾਮੀਆਂ ਤੇ ਐਡਜਸਟਮੈਂਟ ਲਈ ਵਿਚਾਰਨ ਲਈ ਪਹਿਲਾਂ ਹੀ ਭੇਜੀਆਂ ਜਾ ਚੁੱਕੀਆਂ ਹਨ । ਸਬੰਧਤ ਅਪੈਕਸ ਸਹਿਕਾਰੀ ਸੰਸਥਾਵਾਂ ਐਡਜਸਟਮੈਂਟ ਬਾਰੇ ਉਸ ਸਮੇਂ ਵਿਚਾਰ ਕਰਨਗੀਆਂ ਜਦੋਂ ਸਬੰਧਤ ਸੰਸਥਾਵਾਂ ਵੱਲੋਂ ਖਾਲੀ ਅਸਾਮੀਆਂ ਭਰੀਆਂ ਜਾਣਗੀਆਂ ।

(ਅ) ਸਹਿਕਾਰੀ ਖੰਡ ਮਿੱਲ, ਸੇਰੋਂ (ਤਰਨ ਤਾਰਨ) ਦੇ 3 ਕਰਮਚਾਰੀ ਡੈਪੂਟੇਸ਼ਨ ਤੇ ਘੱਲੇ ਹੋਏ ਹਨ, ਪਰ ਇਨ੍ਹਾਂ ਨੂੰ ਅਜੇ ਤੱਕ ਨਿਯਮਤ ਨਹੀਂ ਕੀਤਾ ਗਿਆ ।

ਇਸ ਸਮੇਂ ਗੋਇੰਦਵਾਲ ਸਪੀਨਿੰਗ ਮਿੱਲ ਦਾ ਕੋਈ ਵੀ ਕਰਮਚਾਰੀ ਡੈਪੂਟੇਸ਼ਨ ਤੇ ਨਹੀਂ ਹੈ, ਕਿਉਂਜੋ ਇਹ ਮਿਲ ਸਾਲ 2003 ਵਿੱਚ ਬੰਦ ਕਰ ਦਿੱਤੀ ਗਈ ਸੀ।

Original with;
Punjab Vidhan Sabha
Digitized by;
Panjab Digital Library

(ੲ) ਖੰਡ ਮਿੱਲ ਦੇ ਪੱਕੇ ਕਰਮਚਾਰੀ, ਜੋ ਡੈਪੂਟੇਸ਼ਨ ਤੇ ਨਹੀਂ ਹਨ, ਨੂੰ ਦਸੰਬਰ 2007 ਤੱਕ ਦੀ ਤਨਖਾਹ ਦਿੱਤੀ ਜਾ ਚੁੱਕੀ ਹੈ ਅਤੇ ਸੀਜਨਲ ਕਾਮਿਆਂ ਨੂੰ ਉਨ੍ਹਾਂ ਦੇ ਜਨਵਰੀ 2006 ਤੋਂ ਫਰਵਰੀ 2009 ਤੱਕ ਬਣਦੇ ਰਿਟੇਨਿੰਗ ਅਲਾਊਂਸ ਦੇ ਵਿਰੁੱਧ 78 ਲੱਖ ਰੁਪਏ ਐਡਵਾਂਸ ਵਜੋਂ ਦਿੱਤੇ ਜਾ ਚੁੱਕੇ ਹਨ ।

ਗੋਇੰਦਵਾਲ ਸਹਿਕਾਰੀ ਸਪੀਨਿੰਗ ਮਿੱਲ ਦੇ ਕਰਮਚਾਰੀਆਂ ਨੂੰ ਮਿੱਲ ਦੇ ਬੰਦ ਹੋਣ ਤੱਕ ਦੀ ਸਾਰੀ ਬਣਦੀ ਤਨਖਾਹ ਦਿੱਤੀ ਜਾ ਚੁੱਕੀ ਹੈ ।

---

## ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਸਕੀਮ ਅਧੀਨ ਸੜਕਾਂ ਬਣਾਉਣਾ

171. **ਸਰਦਾਰ ਅਮਰਜੀਤ ਸਿੰਘ ਸਮਰਾ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਸਾਲ 2007-08 ਅਤੇ 2008-09 ਦੌਰਾਨ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਅਧੀਨ ਕੇਂਦਰ ਸਰਕਾਰ ਤੋਂ ਕੁੱਲ ਕਿੰਨੀ ਰਕਮ ਪ੍ਰਾਪਤ ਕੀਤੀ ਗਈ ਅਤੇ ਇਸ ਵਿਚੋਂ ਕਿੰਨੀ ਰਕਮ ਵਰਤੀ ਗਈ ;

(ਅ) ਸਰਕਾਰ ਦੁਆਰਾ ਸਾਲ 2007-08 ਅਤੇ 2008-09 ਦੌਰਾਨ ਇਸ ਸਕੀਮ ਅਧੀਨ ਬਣਾਈਆਂ ਗਈਆਂ ਸੜਕਾਂ ਦੇ ਜ਼ਿਲ੍ਹਾ-ਵਾਰ ਵੇਰਵੇ ਕੀ ਹਨ ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸਾਲ 2007-08 ਅਤੇ 2008-09 ਦੌਰਾਨ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਸਕੀਮ ਅਧੀਨ ਭਾਰਤ ਸਰਕਾਰ ਤੋਂ ਪ੍ਰਾਪਤ ਹੋਈ ਕੁੱਲ ਅਤੇ ਉਸ ਵਿੱਚ ਵਰਤੀ ਗਈ ਰਾਸ਼ੀ ਨਿਮਨਲਿਖਤ ਅਨੁਸਾਰ ਹੈ:—

| ਸਾਲ | ਪ੍ਰਾਪਤ ਰਾਸ਼ੀ | ਵਰਤੀ ਰਾਸ਼ੀ |
|---|---|---|
| 2007-08 | 360.21 ਕਰੋੜ ਰੁਪਏ | 366.96 ਕਰੋੜ ਰੁਪਏ |
| 2008-09 | 243.43 ਕਰੋੜ ਰੁਪਏ | 169.69 ਕਰੋੜ ਰੁਪਏ (31-1-2009 ਤੱਕ) |

ਰਾਜ ਵਿੱਚ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਅਧੀਨ ਸਾਲ 2007-08 ਅਤੇ 2008-09 ਦੌਰਾਨ ਮੁਕੰਮਲ ਕੀਤੀਆਂ ਗਈਆਂ ਸੜਕਾਂ ਦਾ ਜ਼ਿਲ੍ਹਾਵਾਰ ਵੇਰਵਾ ਕ੍ਰਮਵਾਰ ਅਨੁਲੱਗ-1 ਅਤੇ 2 ਤੇ ਉਪਲਬਧ ਹੈ ।

Original with;
Punjab Vidhan Sabha
Digitized by;
Panjab Digital Library

## ਅਨੁਲੱਗ 1

### ਸਾਲ 2007-08 ਦੌਰਾਨ ਪੀ.ਐਮ.ਜੀ.ਐਸ.ਵਾਈ. ਅਧੀਨ ਨਵੀਆਂ ਬਣੀਆਂ/ਅਪਗ੍ਰੇਡਡ ਕੀਤੀਆਂ ਸੜਕਾਂ ਦਾ ਵੇਰਵਾ

| ਕ੍ਰਮ ਸੰਖਿਆ | ਜ਼ਿਲ੍ਹੇ ਦਾ ਨਾਮ | ਬਲਾਕ ਦਾ ਨਾਮ | ਪੈਕੇਜ ਨੰ: | ਸੜਕ ਦਾ ਨਾਮ | ਲੰਬਾਈ ਕਿ:ਮੀ: | ਬਣਨ ਦੀ ਤਰੀਕ |
|---|---|---|---|---|---|---|
| 1 | 2 | 3 | 4 | 5 | 6 | 7 |
| 1 | ਬਠਿੰਡਾ | ਤਲਵੰਡੀ ਸਾਬੋ | ਪੀ.ਬੀ. 203 | ਬੰਗੀ ਦੀਪਾ ਤਲਵੰਡੀ ਸਾਬੋ (ਸੜਕ ਨੰ: 1, ਪਾਰਟ 1) ਆਰ.ਡੀ. 0 ਤੋਂ 15.21 ਕਿ: ਮੀ: | 15.21 | ਦਸੰਬਰ, 2007 |
| 2 | ਬਠਿੰਡਾ | ਤਲਵੰਡੀ ਸਾਬੋ | ਪੀ.ਬੀ. 203 | ਬੰਗੀ ਦੀਪਾ ਤਲਵੰਡੀ ਸਾਬੋ (ਸੜਕ ਨੰ: 2, ਪਾਰਟ 2) ਆਰ. ਡੀ. 15.21 ਤੋਂ 17.63 ਕਿ: ਮੀ: | 2.42 | ਜੂਨ, 2007 |
| 3 | ਫਰੀਦਕੋਟ | ਫਰੀਦਕੋਟ | ਪੀ.ਬੀ. 302 | ਡੋਡ ਫਰੀਦਕੋਟ ਫਿਰੋਜ਼ਪੁਰ ਸੜਕ | 15.7 | ਸਤੰਬਰ, 2007 |
| 4 | ਫਤਹਿਗੜ੍ਹ ਸਾਹਿਬ | ਖੇੜਾ | ਪੀ.ਬੀ. 402 | ਚੁੱਨੀ ਸਲੇਮਪੁਰ ਐਨ. ਐਚ. 1 ਤੱਕ (ਪਾਰਟ-3) ਆਰ.ਡੀ 12.4 ਤੋਂ 18.1 ਕਿ: ਮੀ: | 5.7 | ਅਪ੍ਰੈਲ, 2007 |

Original with;
Punjab Vidhan Sabha
Digitized by;
Punjab Digital Library

| | | | | | | |
|---|---|---|---|---|---|---|
| 5 | ਫਤਹਿਗੜ੍ਹ ਸਾਹਿਬ | ਖਮਾਣੋਂ | ਪੀ.ਬੀ. 408 | ਖੰਨਾ ਜ਼ਿਲ੍ਹਾ ਹੱਦ ਤੋਂ ਕਾਲੇਮਾਜਰਾ | 9.7 | ਸਤੰਬਰ, 2007 |
| 6 | ਫਿਰੋਜ਼ਪੁਰ | ਫਾਜ਼ਿਲਕਾ | ਪੀ.ਬੀ. 509 | ਭੈਣੀ ਰਾਮ ਸਿੰਘ ਤੋਂ ਗੁਲਾਬਾ ਭੈਣੀ ਵਾਇਆ ਝੰਗੋਰ, ਰੇਤਾਵਾਲੀ ਭੈਣੀ | 4.25 | ਅਪ੍ਰੈਲ, 2007 |
| 7 | ਗੁਰਦਾਸਪੁਰ | ਕਾਹਨੂੰਵਾਨ | ਪੀ.ਬੀ. 612 | ਕਾਦੀਆਂ ਠੀਕਰੀਵਾਲ ਸੜਕ ਤੋਂ ਬੁੱਟਰ ਕਲਾਂ | 0.7 | ਦਸੰਬਰ, 2007 |
| 8 | ਗੁਰਦਾਸਪੁਰ | ਕਾਹਨੂੰਵਾਨ | ਪੀ.ਬੀ. 613 | ਮੇਹਰੇ ਤੋਂ ਡੇਰੇ ਮੇਹਰੇ | 1.92 | ਮਈ, 2007 |
| 9 | ਗੁਰਦਾਸਪੁਰ | ਕਾਹਨੂੰਵਾਨ | ਪੀ.ਬੀ. 613 | ਧੁਸੀ ਬੰਧ ਤੋਂ ਡੇਰੇ ਫੂਲਰਾਂ ਅਤੇ ਡੇਰੇ ਮੰਨਣ | 2.4 | ਮਈ, 2007 |
| 10 | ਗੁਰਦਾਸਪੁਰ | ਧਾਰੀਵਾਲ | ਪੀ.ਬੀ. 614 | ਪਸਣਵਾਲ ਤੋਂ ਡੇਰੇ ਭੁਮਲੀ | 2.22 | ਮਈ, 2007 |
| 11 | ਗੁਰਦਾਸਪੁਰ | ਧਾਰੀਵਾਲ | ਪੀ.ਬੀ. 614 | ਅਲਾਵਲਪੁਰ ਤੋਂ ਡੇਰੇ ਬਾਬਰੀ ਨੰਗਲ | 2.38 | ਮਈ, 2007 |
| 12 | ਗੁਰਦਾਸਪੁਰ | ਧਾਰੀਵਾਲ | ਪੀ.ਬੀ. 614 | ਭੰਗਵਾਂ ਤੋਂ ਭੰਗਵਾਂ ਡੇਰੇ | 0.51 | ਮਈ, 2007 |
| 13 | ਗੁਰਦਾਸਪੁਰ | ਧਾਰੀਵਾਲ | ਪੀ.ਬੀ. 614 | ਗਾਧੜੀਆਂ ਤੋਂ ਗਾਧੜੀਆਂ ਡੇਰੇ | 1.85 | ਮਈ, 2007 |

Original with;
Punjab Vidhan Sabha
Digitized by;
Panjab Digital Library

[ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ]

| ਕ੍ਰਮ ਸੰਖਿਆ | ਜ਼ਿਲ੍ਹੇ ਦਾ ਨਾਮ | ਬਲਾਕ ਦਾ ਨਾਮ | ਪੈਕੇਜ ਨੰ: | ਸੜਕ ਦਾ ਨਾਮ | ਲੰਬਾਈ ਕਿ:ਮੀ: | ਬਣਨ ਦੀ ਤਰੀਖ |
|---|---|---|---|---|---|---|
| 1 | 2 | 3 | 4 | 5 | 6 | 7 |
| 14 | ਗੁਰਦਾਸਪੁਰ | ਧਾਰੀਵਾਲ | ਪੀ.ਬੀ. 614 | ਘੁੰਮਣ ਕਲਾਂ ਤੋਂ ਢੀਡੰਸਾ ਡੇਰੇ | 1.25 | ਮਈ, 2007 |
| 15 | ਗੁਰਦਾਸਪੁਰ | ਧਾਰੀਵਾਲ | ਪੀ.ਬੀ. 614 | ਦਾਨਿਆਂਵਾਲੀ ਤੋਂ ਡੇਹਰੀਵਾਲ | 2.57 | ਮਈ, 2007 |
| 16 | ਗੁਰਦਾਸਪੁਰ | ਧਾਰੀਵਾਲ | ਪੀ.ਬੀ. 614 | ਘੁੰਮਣ ਕਲਾਂ ਤੋਂ ਡੇਰੇ ਨੰਬਰਦਾਰ | 1.95 | ਮਈ, 2007 |
| 17 | ਗੁਰਦਾਸਪੁਰ | ਕਾਹਨੂੰਵਾਨ | ਪੀ.ਬੀ. 621 | ਗੁਰਦਾਸਪੁਰ- ਸ੍ਰੀ ਹਰਗੋਬਿੰਦਪੁਰ ਸੜਕ ਤੋਂ ਹਰੀਜਨ ਬਸਤੀ ਜਲਾਲਪੁਰ ਚਿਭ | 4.73 | ਦਿਸੰਬਰ, 2007 |
| 18 | ਗੁਰਦਾਸਪੁਰ | ਕਾਹਨੂੰਵਾਨ | ਪੀ.ਬੀ. 625 | ਭੱਟੀਆਂ ਤੋਂ ਡੇਰੇ ਭੱਟੀਆਂ | 3.21 | ਮਈ, 2007 |
| 19 | ਗੁਰਦਾਸਪੁਰ | ਕਾਹਨੂੰਵਾਨ | ਪੀ.ਬੀ. 625 | ਗੁਰਦਾਸਪੁਰ- ਸ੍ਰੀ ਹਰਗੋਬਿੰਦਪੁਰ ਸੜਕ ਤੋਂ ਹਰੀਜਨ ਬਸਤੀ ਸਠਿਆਲੀ | 2.1 | ਮਈ, 2007 |

Original with; Punjab Vidhan Sabha Digitized by; Panjab Digital Library

| | | | | | | |
|---|---|---|---|---|---|---|
| 20 | ਗੁਰਦਾਸਪੁਰ | ਕਾਹਨੂੰਵਾਨ | ਪੀ.ਬੀ. 626 | ਲਾਧੋਪੁਰ ਤੋਂ ਡੇਰੇ ਕੀਰੀ ਅਫਗਾਨਾ | 2.17 | ਮਈ, 2007 |
| 21 | ਗੁਰਦਾਸਪੁਰ | ਕਾਹਨੂੰਵਾਨ | ਪੀ.ਬੀ. 626 | ਗੁਰਦਾਸਪੁਰ- ਸ੍ਰੀ ਹਰਗੋਬਿੰਦਪੁਰ ਸੜਕ ਤੋਂ ਡੇਰੇ ਫੱਤੂ ਬਰਕਤ | 3.96 | ਮਈ, 2007 |
| 22 | ਗੁਰਦਾਸਪੁਰ | ਕਾਹਨੂੰਵਾਨ | ਪੀ.ਬੀ. 626 | ਨੂਨ ਤੋਂ ਡੇਰੇ ਬੁੱਢਾ ਬਾਲਾ | 2.74 | ਮਈ, 2007 |
| 23 | ਹੁਸ਼ਿਆਰਪੁਰ | ਦਸੂਹਾ | ਪੀ.ਬੀ. 705 | ਦਸੂਹਾ-ਕੁਮਾਹੀ ਦੇਵੀ ਸੜਕ | 21.04 | ਜੂਨ, 2007 |
| 24 | ਕਪੂਰਥਲਾ | ਸੁਲਤਾਨਪੁਰ | ਪੀ.ਬੀ. 901 | ਧੁਸੀ ਬੰਧ ਤੋਂ ਖਿਜਰਪੁਰ ਬਸਤੀ | 4.24 | ਜੂਨ, 2007 |
159. The Government has decided to allot 42,195 acres of available evacuee land under undisputed, uninterrupted continuous and unauthorized occupation of cultivators from Kharif 2000. The land shall be allotted to eligible occupants @Rs. 15,000 and Rs. 12,000 per acre, to the members of General and SC's/BC's categories to an individuals land holder, inclusive of his own holding. The value shall be realized in six equated monthly installments.

160. My Government has decided to allot 2481 LIG/MIG/ Government houses and 727 booths to the 1984 riot victims, on concessional rates.

**RURAL DEVELOPMENT & PANCHAYATS**

161. My Government has transferred some of the important activities of 6 Departments to the PRIs, in 2006-07. These include transfer of 1193 Rural Health Dispensaries, 582 Rural Veterinary Hospitals and 5752 Primary Schools to the Zila Parishads.

162. Immediately in the aftermath of the peaceful and fair elections to 12826 panchayat, 141 panchayat samities and 20 Zila Parishads, which is a singular achievement of my Government, we took various initiatives in order to develop rural areas. An amount of Rs. 14.5 crore was spent, on self-employment programs and to provide capital to Self-Help Groups.

163. An amount of Rs. 31.26 crore was spent, to provide houses for the scheduled castes.

164. I would also like to add here that ownership rights have been accorded to more than 7000 Bazigars and persons belonging to other 'Vimukt' Jatis.

Original with;
Punjab Vidhan Sabha
Digitized by;
Punjab Digital Library

165. An amount of Rs. 22 crore was spent, under BADP, for development of various works in the four border districts of Gurdaspur, Amritsar, Ferozepur and Taran-taran.

166. This year National Rural Employment Guarantee Programme (NREGA) has been extended to all the 20 districts of the State. My Government has restarted revenue sharing schemes for the Panchayats, which was discontinued by the previous Government. Under this scheme, Panchayats are being provided with funds to raise capital assets, which can generate revenue for the Panchayats.

167. Lastly, we are laying special stress to find a solution to the 3 major needs of the rural areas. We are provisioning Rs. 50 Crore for cleaning of ponds, Rs. 25 Crores for Brick-paving of kacha roads to Dhanis and Rs. 30 Crore for SC housing.

SCHOOL EDUCATION

168. My Government has given top, most priority to the School Education in the State. I have already given details of the pioneering efforts of my Government, the Adarsh School scheme for the poor meritorious students. I have also spoken about the up-gradation of existing schools in every block.

169. In addition my Government has recruited 14000 teachers.

170. For providing buildings and science laboratories, in 339 out of 351 schools, a sum of Rs. 80.51 Crores has been released, covering almost 3 schools in each Assembly constituency and the remaining schools will be covered shortly.

171. My Government has set up the Punjab Edusat Society. Under this Project, 216 new Satellite Interactive Terminals (SITs) have been provided, to cover all the Sr. Secondary Schools having a Science stream.

172. My Government is implementing Sarva Shiksha Abhiyan programme to attain universalization of Elementary Education by the year 2010. A sum of Rs. 265.10 crores has been provided, under this programme, during the year 2008-09, which will be utilized by the end of the financial year.

Original with;
Punjab Vidhan Sabha
Digitized by;
Panjab Digital Library

**[Mr. Speaker]**

SCIENCE, TECHNOLOGY ENVIRONMENT & NON-CONVENTIONAL ENERGY

173. Special efforts are afoot, to generate more power through non-conventional means. Punjab Energy Development Agency, during the current financial year, has facilitated the commissioning of Co-generation Power Project of capacity 135.05MW in different industries.

174. Biomass based 29 power projects, with a total capacity of 324 MW, have been allotted to private developers.

175. On the basis of competitive bidding, attracting private investment of Rs. 1300 crores (approx) a MoU has been signed with M/s. Suzlon Gujarat Wind Parks Ltd., for setting up two Wind Power projects, each of capacity 50MW, in Districts Hoshiarpur and Muktsar.

176. The work of 36 Mini Hydel Projects, of a total capacity of 34.43 MW has been commenced at different locations on canal falls.

177. Punjab Energy Development Agency, during the financial year 2009-2010, shall Commission biomass based power Co-generation Projects of capacity 65.4 MW. Work on 36 nos. Mini / Micro Hydel (BOO) projects of total capacity 34.43 MW is likely to be completed.

SOCIAL SECURITY & WOMEN AND CHILD DEVELOPMENT

178. My Govt. has taken major steps to ensure the timely release and disbursement of pension/financial assistance to Old Age, Widow's and Destitute Women, Dependent Children and Handicapped Persons. My Govt. has set up a "Dedicated Social Security Fund" of Rs. 450/- crore. Under the pension scheme 15,38,425 beneficiaries were covered, during the year 2007-08 and 16,44,527 beneficiaries were covered, up to November, 2008.

179. My Govt. has simplified the procedure for the sanction of pension/financial assistance to deserving beneficiaries, by empowering our Panchayati Raj Institutions. The disbursement of pension/financial assistance has been made through Panchayati Raj Institutions in rural areas and in urban areas through banks, in the joint accounts of beneficiaries w.e.f. July 1, 2008.

iginal with;
njab Vidhan Sabha
gitized by;
njab Digital Library

## YOUTH SERVICES & SPORTS DEPARTMENT

180. During the current financial year, the Sports Department admitted 3200 talented boys and girls, in 237 sports wings in various schools and colleges, in the state, on the basis of state level selection trials.

181. As a mark of my Government's respect for achievements in the field of sports, an award of Rs. 1 crore was disbursed to Mr. Abhinav Bindra, who had brought laurels to the State by winning the maiden individual gold medal for India, in the Beijing Olympics-2008.

182. With a view to regain our pristine glory in hockey, the State Government is in the process of laying a new Astro Turf at Jalandhar City and village Sansarpur, District Jalandhar. The depeartment also plans to lay 6 Six-a-Side Hockey Synthetic Grounds, in rich pockets of Hockey, at different locations in the State where the game is popular.

183. For the first time in our history, the State Government organized a major four nation hockey tournament, the Punjab Gold Cup, in which Holland, Germany, New Zealand and India participated. This cup would be made an annual feature.

## TECHNICAL EDUCATION AND INDUSTRIAL TRAINING

184. A new IIT is to come up at Ropar, the foundation stone of which has been laid on 24-2-09. The academic session of this institution has already begun in the mentor IIT at Delhi.

185. My Government has laid special emphasis on self-employment and entrepreneurship, to generate employment potential. To meet the global competition, the discipline of Information Technology has been introduced, in various Diploma level Institutes.

186. 30 ITIs are being upgraded as "Centres of Excellence", in order to impart multi skill training, as per the requirement of Industries and Service Sector.

187. My Government has introduced a scheme to provide free education to 10% of the total number of students admitted in all the technical institutions from this year.

Original with;
Punjab Vidhan Sabha
Digitized by;
Panjab Digital Library

**[Mr. Speaker]**

TOURISM AND CULTURAL AFFAIRS

188. Punjab has a rich cultural heritage. My govt. is committed to conserve, preserve and show case this rich Cultural Heritage of the State.

189. Grants, amounting to Rs. 1.25 Crores, have been released to the CEO/Superintendent, Gurudwara Takhata Sachkand Sri Hazur Abchal Nagar Sahib, Nanded, Mahrashtra for the construction of New Yatri Niwas/Punjab Bhawan.

190. Cutural Festivals at Kapurthala, Amritsar and Patiala were organized by the Punjab Art Council.

191. Birth Centenary Celebrations of Shaheed-E-Azam Sardar Bhagat Singh was celebrated, at Khatkar Kalan and Amritsar, at the national level. A coin in the name of Shaheed-E-Azam Sardar Bhagat Singh was also released. Rs. 50.00 Crore has been released to the Anandpur Sahib Foundation, as Corpus fund.

TRANSPORT

192. The State Govt. has initiated the most radical reforms on the fiscal as well as the administrative side, with the objective of "providing efficient and affordable public transport in order to reduce congestion, pollution and road accidents."

193. To make AC bus travel affordable to the common man the fare of AC bus has been reduced and is only 10% more than the normal fare.

194. AC Radio Cab Taxi Services are being provided in 4 cities of Punjab, Mohali, Ludhiana, Jalandhar and Amritsar and the matter is under consideration. This facility will be provided to other cities, after its success. A city bus service has been introduced in Jalandhar City.

195. In order to provide better service to the Rural folk, a new Mini bus Scheme 2008 has been introduced, and permits will be issued in the ratio of 20:80. A new Tempo Permit scheme has also been published, as per the direction of Hon'ble Punjab and Haryana High Court.

VIGILANCE DEPARTMENT

196. My Government is keen to eradicate corruption amongst public servants. As a result of a sustained drive launched by the Vigilance Bureau 128 trap cases were registered, in which 19 Gazetted Officers,

Original with;
Punjab Vidhan Sabha
Digitized by;
Panjab Digital Library

124 Non-Gazetted Officers and 2 private persons were nabbed, while demanding and accepting illegal gratification during the year 2008. Besides this, 50 criminal cases, involving 31 GOs and 87 NGOs and 101 private persons, 9 cases pertaining to disproportionate assets involving 5GOs and 5 NGOs were also registered. 35 Vigilance Enquiries were registered against 18 Gazetted Officers, 24 Non-Gazetted Officers and 8 private persons and 70 Vigilance Enquiries were finalized during the period.

WATER SUPPLY & SANITATION

197. The State Govt. has accorded priority for the coverage of all habitations, particularly those inhabited by SC and BC population, in the villages of the State by supply of clean drinking water.

198. Reverse Osmosis and water purification schemes, to provide clean drinking water, in the water-quality affected villages, has been launched. 471 villages will be covered under the Reverse Osmosis scheme by 31st March, 2009.

199. The State of Punjab was awarded the first prize by the Govt. of India, for best use of the Water Supply & Sanitation Services by an independent NGO.

200. 22 villages in the state were awarded the Nirmal Gram Puraskar awards, by the Government of India, under the Total Sanitation Programme during 2008-09.

201. Upper ceiling of household share of capital cost has been reduced from Rs. 1500/- to Rs. 800/- for general category & from Rs. 750/- to Rs. 400/- per household in difficult area villages i.e. notified villages along the international border, kandi area, 'bet' area & water-logged areas.

202. In addition, the improvement of environmental sanitation will be taken up in a few villages by renovating village ponds in about 1000 villages and the development of under-ground drainage/sewage system in 100 villages.

WELFARE OF SCHEDULED CASTES & BACKWARD CLASSES

203. My Government is implementing various welfare schemes for the overall development of Scheduled Castes and Backward Classes. As per the census of 2001, SC population constitutes about 28.85% of the State population, which is the highest in the country.

Original with;
Punjab Vidhan Sabha
Digitized by;
Panjab Digital Library

**[Mr. Speaker]**

204. The State Government has created a "Social Security Fund" for the purpose of implementation of various social and educational welfare schemes like Shagun Scheme, Free Books to scheduled Castes students studying in 1st to 10th classes, Attendance Scholarship to primary girl students and scholarship to the students, under the schemes of post Matric Scholarship, Pre-matric Scholarship and promotion of Education among educationally Backward classes.

205. Financial assistance @ Rs. 15,000/- per beneficiary is given as Shagun, to Scheduled Castes/ Christian girls at the time of their marriage and widow/divorcees at the time of their re-marriage and daughters of widows of any caste at the time of their marriage. During the year 2008-09, an amount of Rs. 40.00 crores has been spent to, cover 26666 beneficiaries.

206. The Government stands committed to construct Dr. B.R. Ambedkar Bhawans at all District Headquarters. These Bhawans have been completed in 13 districts in the State and construction work in 4 districts is in progress. Land is being acquired in three newly created districts namely Barnala, SAS Nagar and Tarn Taran.

207. In the end, while I thank all the Honourable Members for giving me this patient hearing, I also take this opportunity to appeal to you all to continue to work for the greater glory of Punjab and Punjabis. I also seek your cooperation and support for the process of development and growth ushered in by my Government, so that Punjab re-emerges as a front runner in the country.

208. I wish you all a healthy, constructive and fruitful exchange of ideas during the session, for the greater good of our people.

JAI HIND

(Thumping)

(At this stage National Anthem was played.)

Original with;
Punjab Vidhan Sabha
Digitized by;
Panjab Digital Library

## ANNOUNCEMENT BY THE SECRETARY

**ਮਾਨਯੋਗ ਸਪੀਕਰ :** ਸਕੱਤਰ ਦੁਆਰਾ ਐਲਾਨ।

**ਸਕੱਤਰ :** ਮੈਂ 13ਵੀਂ ਪੰਜਾਬ ਵਿਧਾਨ ਸਭਾ ਦੇ 5ਵੇਂ ਸਮਾਗਮ ਦੌਰਾਨ ਪਾਸ ਕੀਤੇ ਗਏ ਬਿੱਲਾਂ ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦਾ ਹਾਂ।

1. ਜ਼ਾਬਤਾ ਫੌਜਦਾਰੀ ਸੰਘਤਾ (ਪੰਜਾਬ ਸੋਧਨਾ) ਬਿਲ, 2008 ।

2. ਪੰਜਾਬ ਡਾਕਟਰੀ ਸੇਵਾ ਅਧੀਨ ਵਿਅਕਤੀਆਂ ਅਤੇ ਡਾਕਟਰੀ ਸੇਵਾ ਸੰਸਥਾਵਾਂ (ਹਿੰਸਾ ਅਤੇ ਜਾਇਦਾਦ ਦੇ ਨੁਕਸਾਨ ਤੇ ਰੋਕ) ਦੀ ਸੁਰੱਖਿਆ ਬਿਲ, 2008।

3. ਪੰਜਾਬ ਮੁੱਲ ਆਧਾਰਿਤ ਕਰ (ਦੂਜੀ ਸੋਧਨਾ) ਬਿਲ, 2008।

4. ਪੰਜਾਬ ਮੁੱਲ ਆਧਾਰਿਤ ਕਰ (ਤੀਜੀ ਸੋਧਨਾ) ਬਿਲ, 2008।

5. ਪੰਜਾਬ ਵਿੱਚ ਪੰਜਾਬੀ ਅਤੇ ਹੋਰ ਭਾਸ਼ਾਵਾਂ ਨੂੰ ਪੜ੍ਹਾਉਣਾ ਬਿਲ, 2008।

6. ਪੰਜਾਬ ਦਫ਼ਤਰੀ ਭਾਸ਼ਾ (ਸੋਧਨਾ) ਬਿਲ, 2008।

**ਮਾਨਯੋਗ ਸਪੀਕਰ :** ਹੁਣ, ਕਾਲ ਅਟੈਨਸ਼ਨਜ਼, ਸ਼੍ਰੀ ਮਦਨ ਲਾਲ ਠੇਕੇਦਾਰ ਜੀ ।

---

## CALL ATTENTION NOTICES UNDER RULE 66

(ਕ੍ਰਮ ਨੰ: 2)

**ਸ਼੍ਰੀ ਮਦਨ ਲਾਲ ਠੇਕੇਦਾਰ :** ਸ੍ਰੀ ਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਬਲਾਕ ਘਨੌਰ ਵਿਖੇ ਸਥਿਤ ਸਰਕਾਰੀ ਹਸਪਤਾਲ ਵਿਖੇ ਡਾਕਟਰਾਂ ਦੇ ਕੁਆਰਟਰਾਂ ਦੀ ਹਾਲਤ ਅਤਿ ਤਰਸਯੋਗ ਹੈ। ਇਨ੍ਹਾਂ ਕੁਆਰਟਰਾਂ ਦੀ ਪਿਛਲੇ ਕਾਫੀ ਸਮੇਂ ਤੋਂ ਰਿਪੇਅਰ ਨਾ ਹੋਣ ਕਾਰਨ ਕਈ ਕੁਆਰਟਰ ਰਹਿਣ ਦੇ ਕਾਬਲ ਨਹੀਂ ਰਹੇ ਜਿਸ ਕਾਰਨ ਹਰ ਸਮੇਂ ਜਾਨੀ ਨੁਕਸਾਨ ਦਾ ਡਰ ਬਣਿਆ ਰਹਿੰਦਾ ਹੈ। ਇਨ੍ਹਾਂ ਕੁਆਰਟਰਾਂ ਨੂੰ ਨਵਾਂ ਬਣਾਉਣ/ਰਿਪੇਅਰ ਕਰਨ ਦੀ ਅਤਿ ਜ਼ਰੂਰਤ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

Original with;
Punjab Vidhan Sabha
Digitized by;
Panjab Digital Library

**स्वास्थ्य एवं परिवार कल्याण मंत्री (श्रीमति लक्ष्मीकांता चावला) :** स्पीकर साहिब, ध्यान दिलाने के लिये मान्नीय सदस्य जी का धन्यवाद । धानौर अस्पताल जो कि Community Health Centre है, उस में कुछ महीने पहले मैं आप हो कर आई हूँ और पहले हफते हमारे M.D. साहिब वहां हो कर आये थे, निरीक्षण करके आये हैं । धानौर का यह अस्पताल 1979 में P.W.D. ने बनाया था और यह Rural Hospital है । लम्बे समय तक किसी भी सरकार ने इस पर कोई भी पैसा खर्च नहीं किया । पर 1997 में बादल साहिब की सरकार के समय इस की Renovation की गई और उस पर लगभग 10 लाख रूपये खर्च किये गये थे । जिस समय विश्व बैंक द्वारा अस्पतालों के लिये हमें N.R.H.M. के द्वारा पैसे दिये गये, 19.87 लाख रूपये इस पर खर्च किये गये जिस से Operation Theatre, Labour Room, O.P.D., Wating Hall का काम किया गया हैं। उस समय से यह अस्पताल अच्छी हालत में चल रहा है । डाक्टर वहां रहते हैं और 24 घंटे ऐमरजैंसी को अटैंड करने का पूरा प्रबंध है। जो माननीय मैंबर साहिब कह रहे हैं कि वहां घरों की हालत खस्ता है, इस में कोई शक वाली बात नहीं है, लेकिन जानी नुक्सान वाली बात नहीं हैं क्योंकि वहां कोई जान रहती ही नहीं । हमारी समस्या यह है कि जो सरकारी कर्मचारी अस्पताल के हैं, वे वहां रहते ही नहीं क्योंकि उन के घर नजदीक ही हैं । सिर्फ तीसरे दर्जे के और चौथे दर्जे के कर्मचारी हैं लेकिन केवल एक चौथे दर्जे का कर्मचारी वहां रहता है । जो M.O. के लिए क्वार्टर है, उस में कोई मैडिकल अफसर लंबे समय से नहीं रह रहा । पर फिर भी माननीय मैंबर साहब का कहना ठीक है कि क्वार्टरों की हालत खसता है । जिस मकान में कोई नहीं रहता, वह मकान कुछ समय बाद वैसे ही खराब हो जाता है । इनको मैं यह बताना चाहती हूँ कि हम पूरे पंजाब में सारे अस्पतालों का अनुमान लगा रहे हैं कि कहां पर क्या-क्या होने वाला है और कौन से मकान खराब है । इस के लिए ऐसटीमैट लगा रहे हैं । जब पैसे का प्रबंध हो जायेगा, तब यह सारा काम ठीक कर दिया जायेगा । एक शिकायत मेरे पास भी है जो कॉल-अटैंशन नोटिस में नहीं कि वहां चार-दिवारी के बाहर गंदा पानी इक्ट्ठा रहता है और वह पानी बारिश के आने के बाद अंदर आ जाता है । इस का भी प्रबंध जल्दी हो जाऐगा ।

**ਸ਼੍ਰੀ ਮਦਨ ਲਾਲ ਠੇਕੇਦਾਰ :** ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਦੇ ਧਿਆਨ ਵਿੱਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਜੇਕਰ ਉਥੇ ਕੋਈ ਕਮਰੇ ਰਹਿਣ ਵਾਸਤੇ ਠੀਕ ਹੀ ਨਹੀਂ ਅਤੇ ਡਾਕਟਰ ਉੱਥੇ ਰਹਿੰਦੇ ਨਹੀਂ ਲੇਕਿੰਨ ਐਮਰਜੰਸੀ ਉੱਥੇ 24 ਘੰਟੇ ਬਣੀ ਰਹਿੰਦੀ ਹੈ। ਜਿਹੜੇ ਡਾਕਟਰ ਹਨ ਉਹ ਅੰਬਾਲੇ, ਰਾਜਪੁਰੇ ਜਾਂ ਪਟਿਆਲੇ ਰਹਿੰਦੇ ਹਨ। ਉੱਥੇ 25-30 ਕੁਆਰਟਰ ਹਨ । ਕੋਈ ਵੀ ਜੇਕਰ ਕਿਸੇ ਵੇਲੇ ਐਮਰਜੰਸੀ ਪੈਂਦੀ ਹੈ ਤਾਂ ਉੱਥੇ ਕਦੇ ਕੋਈ ਡਾਕਟਰ ਨਹੀਂ ਮਿਲਦਾ। ਜਦੋਂ ਵੀ ਉੱਥੇ ਕਦੇ ਫਲੱਡ

Original with;
Punjab Vidhan Sabha
Digitized by;
Panjab Digital Library

ਆਇਆ ਤਾਂ ਸਭ ਤੋਂ ਪਹਿਲਾਂ ਏਥੇ ਹਸਪਤਾਲ ਵਿੱਚ ਪਾਣੀ ਭਰ ਜਾਂਦਾ ਹੈ। ਇਹ ਕੁਆਰਟਰ ਜਿਹੜੇ ਹਨ, ਇਨ੍ਹਾਂ ਵਿੱਚ ਡਾਕਟਰਾਂ ਦੇ ਰਹਿਣ ਦਾ ਉੱਥੇ ਕੋਈ ਉਚਿਤ ਪ੍ਰਬੰਧ ਨਹੀਂ ਹੈ। ਮੈਂ ਸਮਝਦਾ ਹਾਂ ਕਿ ਜੇਕਰ ਉੱਥੇ ਕੁਆਰਟਰ ਸਹੀ ਹੁੰਦੇ ਤਾਂ ਡਾਕਟਰਾਂ ਨੇ ਉੱਥੇ ਜ਼ਰੂਰ ਰਹਿਣਾ ਸੀ ਅੌਰ ਲੋਕਾਂ ਦਾ ਵੀ ਇਸ ਨਾਲ ਭਲਾ ਹੋਣਾ ਸੀ। ਮੈਂ ਬੇਨਤੀ ਕਰਾਂਗਾ ਕਿ ਜਲਦੀ ਤੋਂ ਜਲਦੀ ਇਸੇ ਬਜਟ ਸੈਸ਼ਨ ਵਿੱਚ ਪੈਸੇ ਰੱਖ ਕੇ ਅਤੇ ਇਸ ਕੰਮ ਨੂੰ ਟਾਈਮਬਾਊਂਡ ਕੀਤਾ ਜਾਵੇ ਅਤੇ ਇਹ ਕਮਰੇ ਨਵੇਂ ਬਣਾਏ ਜਾਣ ਜਾਂ ਇਨ੍ਹਾਂ ਦੀ ਬਕਾਇਦਾ ਰਿਪੇਅਰ ਕੀਤੀ ਜਾਵੇ। ਇਹ ਕਦੋਂ ਤੱਕ ਠੀਕ ਕਰ ਦਿੱਤੇ ਜਾਣਗੇ ?

**मंत्री :** मैंबर साहिब का यह कहना कि वहां ऐमरजैंसी अटैंड नहीं होती यह तथ्या से बहुत दूर की बात है । 31 दिस्मबर, 2008 तक 1273 मरीज़ अस्पताल में रहें 959 की सर्जरी की गई और सजेरियन अपरेशन भी हुए । 58 बच्चे यहां पैदा हुए और 37570 मरीज़ ओ.पी.डी. में आए। उन्हें चैक किया गया और जो डाक्टर वहां ऐमरजैंसी डॅयूटी दे रहे हैं, उन का वहां रहने का प्रबंध साफ-सुथरा है। डाक्टर के लिए रिटारिंग रूम है । मैं फिर भी कहती हूँ कि मैं ऐसा आश्वाशन नहीं दूँगी जो पूरा न हो सके । मैं ऐसा नहीं करती । लेकिन जो डाक्टरों की बात है, उनके लिए हम प्रबंध करवा देंगे । हां, मैं मैंबर साहिब से एक बात जरूर कहूँगी कि अगर कोई डाक्टर विशेष तौर पर वहां रहना चाहता है तो उस का प्रबंध कर दिया जाएगा ।

**ਸ਼੍ਰੀ ਮਦਨ ਲਾਲ ਠੇਕੇਦਾਰ :** ਮੈਂ ਆਪ ਹਸਪਤਾਲ ਵਿਚ ਜਾ ਕੇ ਆਇਆ ਹਾਂ । ਉਥੇ ਡਾਕਟਰ ਕਹਿੰਦੇ ਹਨ ਕਿ ਜੇਕਰ ਸਾਡੇ ਕੁਆਰਟਰ ਠੀਕ ਹੋਣਗੇ ਤਾਂ ਅਸੀਂ ਜ਼ਰੂਰ ਇਥੇ ਰਹਾਂਗੇ । ਸਾਨੂੰ ਰੋਜ਼ ਦਾ ਆਉਣਾ-ਜਾਣਾ ਬੜਾ ਔਖਾ ਲੱਗਦਾ ਹੈ। ਜਦੋਂ ਉੱਥੇ ਕੁਆਰਟਰ ਬਣ ਜਾਣਗੇ, ਤਾਂ ਸਾਰੇ ਡਾਕਟਰ ਉੱਥੇ ਰਹਿਣ ਲੱਗ ਜਾਣਗੇ। ਮੰਤਰੀ ਜੀ ਜਦੋਂ ਇਹ ਕੁਆਰਟਰ ਠੀਕ ਕਰਵਾ ਦੇਣਗੇ, ਉਸ ਤੋਂ ਬਆਦ ਮੈਂ ਜ਼ਿੰਮੇਵਾਰੀ ਲੈਂਦਾ ਹਾਂ ਕਿ ਮੈਂ ਆਪ ਡਾਕਟਰਾਂ ਕੋਲ ਜਾ ਕੇ, ਉਨ੍ਹਾਂ ਨੂੰ ਪ੍ਰੇਰਨਾ ਦੇ ਕੇ ਉਥੇ ਲਿਆਵਾਂਗਾ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ।)

(ਕ੍ਰਮ ਨੰ: 3)

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸ਼੍ਰੀ ਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਭਿੱਖੀਵਿੰਡ 220 ਕੇ.ਵੀ. ਸਟੇਸ਼ਨ ਤੋਂ ਸਬ-ਸਟੇਸ਼ਨ ਅਮਰਕੋਟ ਲਈ ਨਿਕਲਦੀ 66 ਕੇ.ਵੀ. ਹਾਈਪਾਵਰ ਲਾਈਨ ਆਬਾਦੀ ਅਮਰਕੋਟ, ਦਾਊਦਪੁਰਾ ਅਤੇ ਬੀ.ਐਸ.ਐਫ. ਹੈੱਡ ਕੁਆਰਟਰ ਅਮਰਕੋਟ ਦੀਆਂ ਸੰਘਣੀਆਂ ਆਬਾਦੀਆਂ ਦੇ ਉੱਪਰ ਲੰਘਦੀ ਹੈ। ਪਿਛਲੇ ਸਮੇਂ ਵਿੱਚ ਇਸ ਹਾਈਪਾਵਰ ਲਾਈਨ ਕਾਰਨ ਕਈ ਜਾਨੀ-ਮਾਲੀ ਹਾਦਸੇ ਵਾਪਰ ਚੁੱਕੇ ਹਨ ਅਤੇ ਅੱਗੇ ਲਈ ਵੀ ਲੋਕਾਂ ਦੇ ਮਨਾਂ ਵਿੱਚ ਜਾਨ-ਮਾਲ ਦੇ ਖਤਰੇ ਦਾ ਡਰ ਬਣਿਆ ਹੋਇਆ ਹੈ ਅਤੇ ਉਨ੍ਹਾਂ ਦੇ ਮਨਾਂ

Original with;
Punjab Vidhan Sabha
Digitized by;
Panjab Digital Library

**[ਸਰਦਾਰ ਵਿਰਸਾ ਸਿੰਘ ਵਲਟੋਹਾ]**

ਵਿੱਚ ਬੜਾ ਭਾਰੀ ਰੋਸ਼ ਪਾਇਆ ਜਾ ਰਿਹਾ ਹੈ। ਲੋਕਾਂ ਨੂੰ ਇਸ ਖਤਰੇ ਤੋਂ ਨਿਜਾਤ ਦਿਵਾਉਣ ਲਈ ਵਸੋਂ ਵਾਲੀਆਂ ਸੰਘਣੀਆਂ ਆਬਾਦੀਆਂ ਉਪਰੋਂ ਗੁਜ਼ਰ ਰਹੀ ਇਸ 66 ਕੇ.ਵੀ. ਦੀ ਹਾਈਪਾਵਰ ਲਾਈਨ ਨੂੰ ਤੁਰੰਤ ਹਟਾਉਣ ਦੀ ਜ਼ਰੂਰਤ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) :** ਪੰਜਾਬ ਰਾਜ ਬਿਜਲੀ ਬੋਰਡ ਦੀ ਪਾਲਿਸੀ ਦੇ ਅਨੁਸਾਰ ਜੇਕਰ ਕਿਸੇ ਆਬਾਦੀ ਜਾਂ ਇਮਾਰਤਾਂ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਹਾਈ ਪਾਵਰ ਬਿਜਲੀ ਦੀਆਂ ਤਾਰਾਂ ਪਈਆਂ ਹੁੰਦੀਆਂ ਹਨ, ਤਾਂ ਇਨ੍ਹਾਂ ਤਾਰਾਂ ਨੂੰ ਉਨ੍ਹਾਂ ਇਲਾਕਿਆਂ ਜਾਂ ਇਮਾਰਤਾਂ ਦੇ ਵਸਨੀਕਾਂ ਵੱਲੋਂ ਲੋੜੀਂਦਾ ਖਰਚਾ ਜਮ੍ਹਾ ਕਰਵਾਉਣ ਉਪ੍ਰੰਤ ਹੀ ਤਬਦੀਲ ਕੀਤਾ ਜਾ ਸਕਦਾ ਹੈ। 33 ਕੇ.ਵੀ. ਭਿਖੀਵਿੰਡ-ਅਮਰਕੋਟ ਲਾਈਨ ਸਾਲ 1972 ਵਿੱਚ ਲਾਈ ਗਈ ਸੀ ਅਤੇ ਇਸ ਨੂੰ ਸਾਲ 1986 ਵਿਚ 66 ਕੇ.ਵੀ. ਲਾਈਨ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਇਸ ਲਾਈਨ ਦੀ ਉਸਾਰੀ ਸਮੇਂ ਇਸ ਦੇ ਨਜ਼ਦੀਕ ਅਮਰਕੋਟ, ਦਾਊਦਪੁਰਾ ਅਤੇ ਬੀ.ਐਸ.ਐਫ. ਹੈੱਡਕੁਆਰਟਰ ਵਾਲੀ ਥਾਂ ਤੇ ਕੋਈ ਆਬਾਦੀ ਨਹੀਂ ਸੀ। ਇਸ ਲਾਈਨ ਨੂੰ ਖਿਚਣ ਤੋਂ ਬਾਅਦ ਅਮਰਕੋਟ ਦੇ ਵਸਨੀਕਾਂ ਨੇ ਸਬ-ਸਟੇਸ਼ਨ ਨੇੜੇ ਅਤੇ ਤਾਰਾਂ ਦੇ ਥੱਲੇ ਬਿਨਾਂ ਪ੍ਰਵਾਨਗੀ ਦੇ ਰਿਹਾਇਸ਼ੀ ਅਤੇ ਵਪਾਰਕ ਇਮਾਰਤਾਂ ਬਣਾ ਲਈਆਂ ਹਨ। ਇਸ ਲਈ ਹੁਣ ਲਾਈਨ ਨੂੰ ਇਥੋਂ ਸਿਰਫ ਵਸਨੀਕਾਂ ਦੇ ਖਰਚ ਤੇ ਹੀ ਸ਼ਿਫਟ ਕੀਤਾ ਜਾ ਸਕਦਾ ਹੈ। ਪ੍ਰੰਤੂ ਇਹ ਪਾਇਆ ਗਿਆ ਹੈ ਕਿ ਅਮਰਕੋਟ ਵਿਚ ਮੌਜੂਦਾ 66 ਕੇ.ਵੀ. ਲਾਈਨ ਨੂੰ ਸ਼ਿਫਟ ਕਰਨ ਲਈ ਕੋਈ ਵੀ ਢੁਕਵੀਂ ਥਾਂ ਨਹੀਂ ਹੈ। ਇਸ ਲਈ ਇਸ ਨੂੰ ਸ਼ਿਫਟ ਨਹੀਂ ਕੀਤਾ ਜਾ ਸਕਦਾ ਹੈ।

ਜਿੱਥੋਂ ਤੱਕ ਦਾਊਦਪੁਰਾ ਦਾ ਸਵਾਲ ਹੈ, ਇਹ ਲਾਈਨ ਸਿਰਫ ਪਿੰਡ ਦੇ ਖੇਡ ਦੇ ਮੈਦਾਨ ਤੋਂ ਲੰਘਦੀ ਹੈ ਅਤੇ ਪਿੰਡ ਵਾਸੀਆਂ ਦੀ ਬੇਨਤੀ ਤੇ ਖੇਡ ਮੈਦਾਨ ਵਿਚ 2 ਵੱਡੇ ਟਾਵਰ ਮੈਦਾਨ ਦੀਆਂ ਸਾਈਡਾਂ ਤੇ ਉਸਾਰ ਕੇ ਇਹ ਲਾਈਨ ਸ਼ਿਫਟ ਕੀਤੀ ਜਾ ਸਕਦੀ ਹੈ। ਇਸ ਲਈ ਪਿੰਡ ਵਾਸੀਆਂ ਨੂੰ ਲਗਭਗ 5.50 ਲੱਖ ਰੁਪਏ ਜਮ੍ਹਾਂ ਕਰਵਾਉਣੇ ਪੈਣਗੇ ਪਰ ਮੈਂ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਭਾਵੇਂ ਇਹ ਪਿੰਡ ਵਾਲਿਆਂ ਵੱਲੋਂ ਹੀ ਖਰਚਾ ਕੀਤਾ ਜਾਣਾ ਹੈ ਪਰ ਮੈਂ ਇਹ ਕੰਮ ਬਿਜਲੀ ਬੋਰਡ ਤੋਂ ਹੀ ਕਰਵਾਵਾਂਗਾ।

ਇਸੇ ਤਰ੍ਹਾਂ ਬੀ.ਐਸ.ਐਫ. ਹੈੱਡਕੁਆਰਟਰ ਤੋਂ ਲੰਘਦੀਆਂ ਤਾਰਾਂ ਦਾ ਸਬੰਧ ਹੈ, ਇਨ੍ਹਾਂ ਲਾਈਨਾਂ ਨੂੰ ਤਬਦੀਲ ਕਰਨ ਲਈ ਵੀ ਕੋਈ ਢੁਕਵੀਂ ਜਗ੍ਹਾ ਉਪਲਬਧ ਨਹੀਂ ਹੈ। ਹਾਲ ਦੀ ਘੜੀ ਇਨ੍ਹਾਂ ਲਾਈਨਾਂ ਨੂੰ ਸਿਰਫ ਕੱਸ ਕੇ ਠੀਕ ਕੀਤਾ ਜਾ ਸਕਦਾ ਹੈ ਜਿਸ ਤੇ ਲਗਭਗ 1.00 ਲੱਖ ਰੁਪਏ ਦਾ ਖਰਚਾ ਆਉਣ ਦਾ ਅਨੁਮਾਨ ਹੈ।

**ਸਰਦਾਰ ਵਿਰਸਾ ਸਿੰਘ ਵਲਟੋਹਾ :** ਮੈਂ ਮਾਨਯੋਗ ਮੁੱਖ ਮੰਤਰੀ ਜੀ ਦਾ

Original with;
Punjab Vidhan Sabha
Digitized by;
Panjab Digital Library

ਧੰਨਵਾਦੀ ਹਾਂ ਕਿ ਉਨ੍ਹਾਂ ਨੇ ਪਿੰਡ ਦਾਊਦਪੁਰ ਦੇ ਖੇਡ ਦੇ ਮੈਦਾਨ ਉੱਤੋਂ ਲੰਘਦੀ ਹਾਈ-ਪਾਵਰ ਲਾਈਨ ਨੂੰ ਸ਼ਿਫਟ ਕਰਨ ਦਾ ਖਰਚਾ ਸਰਕਾਰ ਤੋਂ ਕਰਾਉਣ ਦਾ ਆਸ਼ਵਾਸਨ ਦਿੱਤਾ ਹੈ। ਮੈਂ ਉਨ੍ਹਾਂ ਦਾ ਬਹੁਤ ਬੁਹਤ ਧੰਨਵਾਦ ਕਰਦਾ ਹਾਂ ।

**ਮਾਨਯੋਗ ਸਪੀਕਰ** : ਹੁਣ ਅਗਲਾ ਧਿਆਨ ਦਿਵਾਊ ਨੋਟਿਸ, ਸਰਦਾਰ ਜਤਿੰਦਰ ਸਿੰਘ ਕਰੀਹਾ ਜੀ ।

(ਕ੍ਰਮ ਨੰ: 7)

**ਸਰਦਾਰ ਜਤਿੰਦਰ ਸਿੰਘ ਕਰੀਹਾ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ ਇਹ ਕਿ ਰਾਜ ਵਿੱਚ ਕੁਝ ਥਾਵਾਂ ਤੇ ਵੇਰਕਾ ਦੁੱਧ ਦੀ ਨਕਲ ਕਰਕੇ ਕਿਸੇ ਨੇ ਨਕਲੀ ਤੇ ਜ਼ਹਿਰੀਲਾ ਦੁੱਧ "ਵੇਰਕਾ" ਨਾਂ ਥੱਲੇ ਵੇਚਣਾ ਸ਼ੁਰੂ ਕਰ ਦਿੱਤਾ ਹੈ। ਦੁੱਧ ਦੇ ਪੈਕਟ ਦਾ ਰੰਗ ਅਤੇ ਸਾਈਜ਼ ਵੇਰਕਾ ਦੁੱਧ ਦੇ ਪੈਕਟਾਂ ਵਰਗਾ ਹੂ-ਬ-ਹੂ ਬਣਾ ਦਿੱਤਾ ਹੈ। ਇਹ ਨਕਲੀ ਦੁੱਧ ਤਿਆਰ ਕਰਕੇ ਕਿਸੇ ਨੇ ਲੋਕਾਂ ਦੀ ਜਾਨ, ਖਾਸ ਕਰਕੇ ਬੱਚਿਆਂ ਦੀ ਜਾਨ ਨਾਲ ਖੇਡਣ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਪਹਿਲਾਂ ਵੀ ਸਿਹਤ ਵਿਭਾਗ ਨੇ ਸਿਨਥੈਟਿਕ ਦੁੱਧ ਅਤੇ ਪਨੀਰ ਛਾਪੇ ਮਾਰ ਕੇ ਪਕੜਿਆ ਸੀ ਪਰ ਦੋਸ਼ੀਆਂ ਨੂੰ ਕੀ ਸਜ਼ਾ ਹੋਈ, ਇਸ ਬਾਰੇ ਕਿਸੇ ਨੂੰ ਕੋਈ ਪਤਾ ਨਹੀਂ। ਸਰਕਾਰ ਇਸ ਗੰਭੀਰ ਮਾਮਲੇ ਵੱਲ ਤੁਰੰਤ ਧਿਆਨ ਦੇ ਕੇ ਸਖ਼ਤ ਕਾਰਵਾਈ ਕਰੇ ਅਤੇ ਅਜਿਹੇ ਅਸਮਾਜਿਕ ਵਿਅਕਤੀਆਂ ਵਿਰੁੱਧ ਸਖ਼ਤ ਕਾਰਵਾਈ ਕਰਕੇ ਉਨ੍ਹਾਂ ਨੂੰ ਜਨਤਾ ਵਿੱਚ ਨਸ਼ਰ ਕਰੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**स्वास्थ्य एवं परिवार कल्याण मंत्री (श्रीमति लक्ष्मीकांता चावला)** : माननीय स्पीकर साहिब,पंजाब सरकार और स्वास्थ्य विभाग दोनों ही मिलावटी सामान बेचने वालों के खिलाफ अभियान चलाते हैं और 365 दिन 24 घंटे का अभियान है । Prevention of Adulteration Act, 1954 और Rule 1955 यह भारत सरकार का ऐक्ट है, सैंटरल ऐक्ट है। इसे लागू करने का काम स्वास्थ्य विभाग के पास है। Director, Health Services इस के मुखी हैं और Districts में Civil Surgeons मुखी हैं। यह जो Prevention of Adulteration Act है, यह हमारे कार्यकाल में मुख्य मंत्री जी के प्रोत्साहन से पंजाब में लागू हुआ है। 2008 में 1105 सेंपल भरे गए थे। इन में से 356 नकली दूध और मिलावटी दूध के थे और नियमों में ऐसा provision है कि Food Inspector सेंपल भरने से 6 हफ्ते के अन्दर अन्दर केस अदालत में

Original with;
Punjab Vidhan Sabha
Digitized by;
Panjab Digital Library

**[स्वास्थ्य एवं परिवार कल्याण मंत्री]**

दे देते हैं और अदालत में केस चलते रहते हैं । यह जो ताज़ी घटना हुई है और मैंबर साहिब ने जो सवाल रखा है, यह शिवरात्री वाले दिन और अगले दिन की बात है। पंचकूला में दूध पकड़ा गया था और जिसने यह काम किया उसने भी वह दिन चुना जिस दिन ज्यादा दूध बिकता है। उसने Verka से Vedka बना कर बेचा और जो हमारे General Manager, Milk Plant, Mohali हैं, उसने इस पे कारवाई शुरू की है। हमे पता चला है कि यह लुधियाना में बनाया गया था और अब हमने लुधियाना में अभियान और भी तेज़ कर दिया है। हमारे सारे मैंबर साहिबान को पता है और हमें सूचना मिली है कि 3000 क्विंटल से भी ज्यादा दूध दूसरी चीज़ों से बना कर मिलावटी बिका है। मैं माननीय मैंबर साहिबान से निवेदन करती हूँ कि हमारे स्वास्थ्य विभाग के कर्मचारियों ने इसके खिलाफ कमरकस के अभियान शुरू कर दिया है। अफसोस की बात है कि जब मैंने Health Department संभाला था, उस समय केवल 9 Analyst थे और 6, 7 Food Inspector थे और अब हमने पूरी भर्ती Pujab Public Service Commission के ज़रिए कर ली है। यह जो Verka और Vedka की बात है, स्वास्थ्य विभाग ने इसे गंभीरता से लिया है और रात के समय भी हमारी टीमें घूमती हैं, किसी को भी छोड़ा नहीं जाएगा। मैं सारे मैंबर साहिबान को बिनती करती हूँ कि वे हमें पूरा सहियोग दें क्योंकि हमारे Employees जब कभी काम के लिए जाते हैं तो उनको परेशानी आती है। मानसा और अजनाला मे जब वे गए तो लोगों ने उनकी गाडियां तोड़ दी और लोगों से ऐसा सहियोग मिलता है । पिछले 60 साल का रिकार्ड देख लें । पिछले 60 साल में इतने मिलावटी खाद्य पदार्थ नहीं पकड़े गये, जितने इन दो सालों में पकड़े गये हैं । यह पंजाब के सेहत विभाग ने पकड़े हैं। मैं बड़ी जिम्मेदारी के साथ कहती हूँ और करीहा साहिब का धन्यावाद करती हूँ जिन्होंने वेडका की तरफ ध्यान दिलाया है। हमारा प्रयत्न है कि कुछ दिनों के अन्दर पंजाब में जो छिपे हुये देश के दुश्मन बैठे हैं, इन दुश्मनों पर नकेल कसेंगे। यह मैं आप से भी अपेक्षा करती हूँ।

**ਸਰਦਾਰ ਜਤਿੰਦਰ ਸਿੰਘ ਕਰੀਹਾ** : ਸਪੀਕਰ ਸਾਹਿਬ, ਮੰਤਰੀ ਜੀ ਨੇ ਵਿਸਥਾਰ ਨਾਲ ਸਦਨ ਨੂੰ ਜਾਣਕਾਰੀ ਦਿੱਤੀ ਹੈ । ਸਪੀਕਰ ਸਾਹਿਬ, ਮੇਰੇ ਮਨ ਵਿੱਚ ਕੁਝ ਖਦਸ਼ੇ ਹਨ। ਕੋਆਪ੍ਰੇਟਿਵ ਲਹਿਰ ਪੰਜਾਬ ਵਿੱਚ ਬੜੀ ਪ੍ਰਫੁਲਿਤ ਹੋਈ ਹੈ ਅਤੇ ਵੇਰਕੇ ਨਾਲ ਰਲਦਾ-ਮਿਲਦਾ ਪ੍ਰੋਡਕਟ ਆਉਣ ਵਾਲੇ ਸਮੇਂ ਵਿਚ ਪੂਰੀ ਤਰ੍ਹਾਂ ਰੋਕਣ ਲਈ ਕੁਝ ਕਰਨਾ ਪਵੇਗਾ। ਜੋ ਸੈਂਟਰਲ ਐਕਟ ਹੈ, ਉਸ ਨੂੰ ਹੋਰ ਸਖ਼ਤੀ ਨਾਲ ਲਾਗੂ ਕਰਨ ਲਈ ਸਾਡੇ ਮੁੱਖ

Original with;
Punjab Vidhan Sabha
Digitized by;
Panjab Digital Library

ਮੰਤਰੀ ਜੀ ਸੈਂਟਰ ਤੱਕ ਅਪਰੋਚ ਕਰਨ। ਜੋ ਡਰੱਗਜ਼ ਵਿੱਚ ਨਸ਼ੀਲੀਆਂ ਚੀਜ਼ਾਂ ਆਉਂਦੀਆਂ ਹਨ, ਉਸ ਦੀ ਅਡਲਟਰੇਸ਼ਨ ਵਾਸਤੇ ਇਮੀਜੀਏਟ ਵੱਖਰੇ ਕਾਨੂੰਨ ਦੀ ਲੋੜ ਹੈ ਤਾਂ ਕਿ ਸਮਾਜ ਨੂੰ ਨੁਕਸਾਨ ਤੋਂ ਬਚਾਇਆ ਜਾ ਸਕੇ । ਮੁੱਖ ਮੰਤਰੀ ਜੀ ਇਸ ਕਾਨੂੰਨ ਨੂੰ ਸਖ਼ਤੀ ਨਾਲ ਬਣਾਉਣ ਲਈ ਸੈਂਟਰ ਨੂੰ ਪਰਪੋਜ਼ਲ ਭੇਜਣ ਲਈ ਬੇਨਤੀ ਕਰਦਾ ਹਾਂ।

**मंत्री** : स्पीकर साहिब, मैं इस बारे में कहना चाहती हूँ । स्पीकर साहिब, बहुत दिन पहले भारत सरकार को लिखा है । डरगज़ एक्ट भी भारत सरकार का है और फूड एकट भी भारत सरकार का है। हमने पहले ही प्रार्थना की है कि इस को सखती से बनाया जाए । मैं पंजाब सरकार को भी प्रार्थना करती हूँ, मुख्यमंत्री जी से भी प्रार्थना करती हूँ कि एक ज़िले में एक Food Inspector और एक Drug Inspector काफी नहीं है। महांनगरों में 5—5 और छोटे ज़िलों में 3—3 Drug Inspector और Food Inspector लगाए जाएं। जब यह कानून बना था उस समय सारे देश में 36,000 दवाईयों की दुकानें थी । पिछले पांच साल में सिर्फ 58 लाख रुपये की नशीली दवाईयां पकड़ी गई पर इन दो सालों में 5 करोड़ रुपये से ज्यादा नशीली दवाईयां पकड़ चुके हैं और एक करोड़ रुपये की दवाईयां जला चुके हैं । बच्चों से इन्होंने होली भी मनवाई और लोहड़ी भी मनवाई और यह दवाईयां जलाई। अगर भारत सरकार Act में संशोधन करे और हमारी सरकार Inspector बढ़ा दे तो हम और प्रभावी ढंग से काम कर सकते हैं। मैं सदन को जानकारी देना चाहती हूँ कि जो अमृतसर, जालंधर और बठिंडा में Laboratory थीं वहां पर Analyst असर पा सकते थे पर अब Central Laboratory चण्डीगढ़ में आ गई है और बदल बदल कर Sample दिये जाते हैं और बदल बदल कर Food Inspector और Analyst को दिये जाते हैं ताकि पारदरश्ता आ सके।

**ਮਾਨਯੋਗ ਸਪੀਕਰ** : ਬੀਬੀ ਜੀ, ਕਰੀਹਾ ਜੀ ਨੇ ਲਫਜ਼ ਇਮੀਜੀਏਟ ਵਰਤਿਆ ਹੈ । ਇਸ ਬਾਰੇ ਦੱਸੋ, ਇਮੀਜੀਏਟ ਐਕਸ਼ਨ ਬਾਰੇ ਦੱਸੋ ।

**मंत्री** : स्पीकर साहिब, Food Act का नियम है कि जब खरीद के चीज़ घर आ गई तो उस पर कोई केस नहीं बन सकता लेकिन आप अगर कानून के बारे कहते हो तो मैं मान कर चलती हूँ कि आप ने पढ़ा हुआ है ।

**ਮਾਨਯੋਗ ਸਪੀਕਰ** : ਅਗਲੀ ਆਈਟਮ ।

---

Original with;
Punjab Vidhan Sabha
Digitized by;
Panjab Digital Library

## PRESENTATION OF THE FIRST REPORT OF THE BUSINESS ADVISORY COMMITTEE

**ਮਾਨਯੋਗ ਸਪੀਕਰ** : ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ ਜੋ ਇਸ ਤਰ੍ਹਾਂ ਹੈ—

ਕਮੇਟੀ ਨੇ ਆਰਜ਼ੀ ਪ੍ਰੋਗਰਾਮ ਤੇ ਵਿਚਾਰ ਕਰਨ ਤੋਂ ਬਾਅਦ ਕਮੇਟੀ ਨੇ ਸਿਫਾਰਸ਼ ਕੀਤੀ ਕਿ 4 ਮਾਰਚ, 2009 ਤੋਂ 9 ਮਾਰਚ, 2009 ਤੱਕ ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਨਿਮਨਲਿਖਤ ਕੰਮ-ਕਾਰ ਕੀਤਾ ਜਾਵੇ :—

| | | |
|---|---|---|
| ਬੁੱਧਵਾਰ, 4 ਮਾਰਚ, 2009 (10.00 ਵਜੇ ਸਵੇਰੇ) | (i) | ਸਾਲ 2007-08 ਲਈ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਸਿਵਲ, ਵਪਾਰਕ ਅਤੇ ਮਾਲੀਆ ਪ੍ਰਾਪਤੀਆਂ) ਅਤੇ ਸਾਲ 2007-08 ਲਈ ਪੰਜਾਬ ਸਰਕਾਰ ਦੇ ਵਿੱਤੀ ਲੇਖੇ ਅਤੇ ਸਾਲ 2007-08 ਲਈ ਨਮਿੱਤਣ ਲੇਖੇ |
| | (ii) | ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਅਤੇ ਰਾਜਪਾਲ ਦੇ ਭਾਸ਼ਣ ਤੇ ਬਹਿਸ |
| ਵੀਰਵਾਰ, 5 ਮਾਰਚ, 2009 (10.00 ਵਜੇ ਸਵੇਰੇ) | | ਗੈਰ-ਸਰਕਾਰੀ ਦਿਨ |
| ਸ਼ੁੱਕਰਵਾਰ, 6 ਮਾਰਚ, 2009 (10.00 ਵਜੇ ਸਵੇਰੇ) | | ਰਾਜਪਾਲ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਕਰਨਾ |
| ਸ਼ਨਿੱਚਰਵਾਰ, 7 ਮਾਰਚ, 2009 ਐਤਵਾਰ, 8 ਮਾਰਚ, 2009 } | | ਛੁੱਟੀਆਂ |
| ਸੋਮਵਾਰ, 9 ਮਾਰਚ, 2009 (ਸਵੇਰ ਦੀ ਬੈਠਕ) (10.00 ਵਜੇ ਸਵੇਰ ਤੋਂ 2.00 ਵਜੇ ਬਾਅਦ ਦੁਪਹਿਰ) | | ਰਾਜਪਾਲ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਕਰਨਾ (ਸਮਾਪਤੀ ਕੀਤੀ ਜਾਵੇਗੀ) |

Original with;
Punjab Vidhan Sabha
Digitized by;
Panjab Digital Library

| | | |
|---|---|---|
| ਸੋਮਵਾਰ, 9 ਮਾਰਚ, 2009 (ਬਾਅਦ ਦੁਪਹਿਰ ਦੀ ਬੈਠਕ) | (i) | ਪੰਜਾਬ ਵਿਧਾਨ ਸਭਾ ਦੀਆਂ ਚੁਣੀਆਂ ਜਾਂਦੀਆਂ ਕਮੇਟੀਆਂ ਸਬੰਧੀ ਪ੍ਰਸਤਾਵ |
| | (ii) | ਵਿਧਾਨਕ ਕੰਮ-ਕਾਰ |
| | (iii) | ਸਾਲ 2008-09 ਲਈ ਅਨੁਪੂਰਕ ਅਨੁਮਾਨ ਪੇਸ਼ ਕਰਨਾ |
| (3.00 ਵਜੇ ਬਾਅਦ ਦੁਪਹਿਰ ਤੋਂ 6.00 ਵਜੇ ਸ਼ਾਮ) | (iv) | ਸਾਲ 2008-09 ਲਈ ਅਨੁਪੂਰਕ ਅਨੁਮਾਨਾਂ ਸਬੰਧੀ ਗ੍ਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ |
| | (v) | ਸਾਲ 2008-09 ਲਈ ਅਨੁਪੂਰਕ ਅਨੁਮਾਨਾਂ ਸਬੰਧੀ ਨਮਿੱਤਣ ਬਿਲ |
| | (vi) | ਸਾਲ 2009-10 ਲਈ ਲੇਖਾ ਅਨੁਦਾਨ ਪੇਸ਼ ਕਰਨਾ |
| | (vii) | ਸਾਲ 2009-10 ਲਈ ਲੇਖਾ ਅਨੁਦਾਨ ਸਬੰਧੀ ਪ੍ਰਸਤਾਵ |
| | (viii) | ਪੰਜਾਬ ਨਮਿੱਤਣ (ਲੇਖਾ ਅਨੁਦਾਨ) ਬਿਲ, 2009 |
| | (ix) | ਸਦਨ ਨੂੰ ਅਣਮਿੱਥੇ ਸਮੇਂ ਲਈ ਸਥਗਿੱਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ । |

ਕਮੇਟੀ ਨੇ ਇਹ ਵੀ ਸਿਫਾਰਿਸ਼ ਕੀਤੀ ਕਿ ਜੇਕਰ, ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਵੇ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ ।

ਮਾਨਯੋਗ ਸਪੀਕਰ : ਹੁਣ ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ।

ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ—

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ। "

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਵਿਧਾਨ ਸਭਾ ਦੀ ਕਾਰਵਾਈ ਬਾਰੇ ਮੇਰੀ ਬੇਨਤੀ ਹੈ ਕਿ ਜੋ ਇਤਿਹਾਸ ਮੈਂ ਦੇਖਿਆ ਹੈ, ਪਿਛਲੇ ਸਮੇਂ ਦੀ ਡਿਟੇਲ ਕੱਢ ਲਵੋ ਅਤੇ ਇਸ ਸਾਲ ਦੀ ਵੀ, ਪੰਜਾਬ ਸਰਕਾਰ ਜੋ ਕੰਮ ਕਰਦੀ ਹੈ, ਉਸ ਦਾ ਇੱਕ ਫੀਸਦੀ ਨਾਲੋਂ ਵੀ ਘੱਟ ਟਾਈਮ ਆਪਾਂ ਇਥੇ ਸਪੈਂਡ ਕਰਦੇ ਹਾਂ। ਤੁਹਾਡੇ ਤੋਂ ਪਿਛਲੇ ਸਪੀਕਰ ਸਾਹਿਬ ਨੇ ਮਿਨੀਮਮ ਸਿਟਿੰਗਜ਼ ਬਾਰੇ ਰਿਕੁਮੈਂਡੇਸ਼ਨਜ਼ ਕੀਤੀਆਂ ਹੋਈਆਂ ਹਨ। ਮੇਰੀ ਬੇਨਤੀ ਹੈ........

**ਮਾਨਯੋਗ ਸਪੀਕਰ** : ਤੁਸੀਂ ਪਹਿਲਾਂ ਮੇਰੀ ਗੱਲ ਸੁਣਨ ਦਾ ਯਤਨ ਕਰੋ, ਫਿਰ ਸ਼ਾਇਦ ਤੁਹਾਨੂੰ ਬੋਲਣ ਦੀ ਲੋੜ ਨਾ ਪਵੇ। ਇਹ ਬਿਜ਼ਨਿਸ਼ ਐਡਵਾਈਜ਼ਰੀ ਕਮੇਟੀ ਦੀ ਸਿਫਾਰਸ਼ ਹੈ ਅਤੇ ਕਮੇਟੀ ਵਿੱਚ ਸਾਰੇ ਹਾਊਸ ਵਲੋਂ ਮੈਂਬਰ ਨਿਯਤ ਕੀਤੇ ਹੁੰਦੇ ਹਨ ਅਤੇ ਉਸ ਕਮੇਟੀ ਵੱਲੋਂ ਜੋ ਸਿਫਾਰਸ਼ਾਂ ਕੀਤੀਆਂ ਗਈਆਂ ਹਨ, ਉਨ੍ਹਾਂ ਮੁਤਾਬਿਕ ਹੀ ਗੱਲ ਕੀਤੀ ਗਈ ਹੈ। ਇਹ ਰਿਪੋਰਟ ਮੇਰੇ ਵੱਲੋਂ ਨਹੀਂ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਇਥੇ ਡਿਸਕਸ਼ਨ ਕਰਨ ਵਾਸਤੇ ਬਹੁਤ ਕੁਝ ਹੈ ਪਰ ਸਾਡਾ ਬਹੁਤ ਜ਼ਿਆਦਾ ਸਮਾਂ ਆਪਸ ਦੇ ਵਿੱਚ ਐਵੇਂ ਵੀ ਤਕਰਾਰ ਕਰਨ ਵਿੱਚ ਨਿਕਲ ਜਾਂਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਲੋਕਾਂ ਦੀਆਂ ਮੁੱਢਲੀਆਂ ਗੱਲਾਂ ਹਨ ਉਹ ਇੱਥੇ ਹਾਊਸ ਦੇ ਵਿੱਚ ਡਿਸਕਸ ਨਹੀਂ ਹੁੰਦੀਆਂ .......

**ਮਾਨਯੋਗ ਸਪੀਕਰ** : ਤਿੰਨ ਦਿਨ ਬਹਿਸ ਕਰਨ ਦੇ ਲਈ ਰੱਖੇ ਹੋਏ ਹਨ, ਉਸ ਦੇ ਵਿੱਚ ਤੁਸੀਂ ਜਿੰਨੀਆਂ ਮਰਜ਼ੀ ਗੱਲਾਂ ਕਰ ਲੈਣਾ ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਇਕੱਲੀ ਬਹਿਸ ਕਰਨ ਦੀ ਗੱਲ ਨਹੀਂ ਹੈ ਬਲਕਿ ਅਸੀਂ ਜਿਹੜਾ ਸਰਕਾਰ ਚਲਾਉਣ ਦਾ ਸਿਸਟਮ ਹੈ ਅਤੇ ਅਸੀਂ ਉਸ ਦੇ ਵਿੱਚੋਂ 8 ਪ੍ਰਤੀਸ਼ਤ ਤੋਂ ਵੀ ਘੱਟ ਵਿਧਾਨ ਸਭਾ ਦਾ ਸਮਾਂ ਇਸਤੇਮਾਲ ਕਰ ਰਹੇ ਹਾਂ। ਇਸ ਦੇ ਨਾਲ ਬਹੁਤ ਕੁਝ ਜੁੜਿਆ ਹੈ ਅਤੇ ਸਭ ਕੁਝ ਇਥੇ ਹੀ ਡਿਸਕਸ ਹੋਣਾ ਹੈ।

**ਮਾਨਯੋਗ ਸਪੀਕਰ** : ਦੇਖੋ, ਜਿਹੜਾ ਸਦਨ ਦਾ ਟਾਈਮ ਹੈ, ਉਸ ਦੇ ਵਿੱਚ ਕੋਈ ਕਮੀ ਨਹੀਂ ਕੀਤੀ ਗਈ। 10 ਤਰੀਕ ਨੂੰ ਹੋਲਾ-ਮੁਹੱਲਾ ਹੈ ਅਤੇ 11 ਤਰੀਕ ਨੂੰ ਹੋਲੀ ਹੈ। ਜਿਹੜਾ ਬਿਜ਼ਨਸ ਮਿਤੀ 10 ਤਰੀਕ ਨੂੰ ਡਿਸਕਸ ਕੀਤਾ ਜਾਣਾ ਸੀ ਉਹ ਹੁਣ ਮਿਤੀ 9 ਤਰੀਕ ਵਿੱਚ ਲੈ ਆਂਦਾ ਹੈ। ਇਸ ਤਰ੍ਹਾਂ ਸਦਨ ਦੇ ਸਮੇਂ ਵਿੱਚ ਕੋਈ ਘਾਟ ਨਹੀਂ ਕੀਤੀ ਗਈ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੈਂ ਜਨਰਲ ਗੱਲ ਕਰ ਰਿਹਾ ਹਾਂ । ਤੁਸੀਂ ਪਿਛਲੇ ਸਪੀਕਰ ਸਾਹਿਬ ਵੱਲੋਂ ਜੋ ਰਿਕੁਮੈਂਡੇਸ਼ਨਜ਼ ਕੀਤੀਆਂ ਗਈਆਂ ਸਨ ਉਹ ਵੇਖ ਲਵੋ..............

**ਮਾਨਯੋਗ ਸਪੀਕਰ** : ਉਸ ਦੀ ਹੁਣ ਲੋੜ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਜਿਸ ਤਰ੍ਹਾਂ ਪਾਰਲੀਮੈਂਟ ਕਾਫ਼ੀ ਸਮਾਂ ਬੈਠਦੀ ਹੈ, ਜੇਕਰ ਸਾਡੇ ਕੋਲ ਉਤਨਾ ਬਿਜ਼ਨੈਸ ਨਹੀਂ ਹੈ ਤਾਂ ਉਸ ਤੋਂ ਥੋੜ੍ਹਾ ਸਮਾਂ ਘਟਾ ਕੇ ਸਿਟਿੰਗਜ਼ ਕਰ ਲੈਣੀਆਂ ਚਾਹੀਦੀਆਂ ਹਨ ਕਿਉਂਕਿ ਲੋਕਾਂ ਦੀਆਂ ਬੇਸੀਕਲੀ ਗੱਲਾਂ ਇਥੇ ਹੀ ਡਿਸਕਸ ਕੀਤੀਆਂ ਜਾ ਸਕਦੀਆਂ ਹਨ, ਉਨ੍ਹਾਂ ਲੋਕਾਂ ਦੀਆਂ ਜੋ ਗ੍ਰੀਵੈਂਸਿਜ਼ ਹਨ। ਉਹ ਐਡਰੈੱਸ ਨਹੀਂ ਹੋ ਰਹੀਆਂ। ਇਹ ਗੱਲ ਅਲੱਗ ਹੈ ਕਿ ਜੋ ਕਾਂਸਟੀਚਿਊਸ਼ਨਲੀ 6 ਮਹੀਨੇ ਦੇ ਵਿੱਚ ਸਦਨ ਨੂੰ ਬੁਲਾਉਣ ਦੀ ਰਿਕੁਆਇਰਮੈਂਟ ਹੁੰਦੀ ਹੈ, ਉਹ ਕਰ ਲਈ ਜਾਂਦੀ ਹੈ।

**ਮਾਨਯੋਗ ਸਪੀਕਰ** : ਇਹ ਗੱਲ ਤੁਸੀਂ ਬਾਅਦ ਵਿੱਚ ਕਰ ਲੈਣਾ। ਤੁਹਾਡੇ ਕੋਲ ਬਹਿਸ ਕਰਨ ਦਾ ਸਮਾਂ ਕਾਫ਼ੀ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਇਸ ਦੇ ਬਾਰੇ ਮੈਂ ਤੁਹਾਨੂੰ ਚਿੱਠੀ ਵੀ ਲਿਖ ਕੇ ਭੇਜੀ ਹੈ ਤੇ ਮੈਨੂੰ ਦੁੱਖ ਹੈ ਕਿ ਉਸ ਦਾ ਕੋਈ ਰਿਸਪਾਂਸ ਵੀ ਨਹੀਂ ਆਇਆ।

**ਮਾਨਯੋਗ ਸਪੀਕਰ** : ਹੁਣ ਇਸ ਦਾ ਵਕਤ ਨਹੀਂ ਹੈ। ਜਿਹੜੀ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਹੋਈ ਹੈ, ਉਸ ਦੀ ਜੋ ਕਾਰਵਾਈ ਹੈ, ਉਹ ਇਥੇ ਪੇਸ਼ ਹੋਈ ਹੈ......

**ਸਰਦਾਰ ਸੁਖਪਾਲ ਸਿੰਘ ਖਹਿਰਾ** : ਜਿਹੜੇ ਸਾਡੀ ਪਾਰਟੀ ਦੇ ਮੈਂਬਰ ਇਸ ਕਮੇਟੀ ਦੇ ਮੈਂਬਰ ਹਨ, ਉਹ ਸਾਡੀ ਮਰਜ਼ੀ ਤੋਂ ਬਗੈਰ ਸਹਿਮਤ ਹੋ ਕੇ ਆਉਂਦੇ ਹਨ ਜਿਹੜੀ ਕਿ ਗਲਤ ਗੱਲ ਹੈ। ਮੈਂ ਇਨ੍ਹਾਂ ਦੇ ਨਾਲ ਸਹਿਮਤ ਨਹੀਂ ਹਾਂ। ਸਾਨੂੰ ਜ਼ਿਆਦਾ ਟਾਈਮ ਚਾਹੀਦਾ ਹੈ।

**ਮਾਨਯੋਗ ਸਪੀਕਰ** : ਪਲੀਜ਼, ਤੁਸੀਂ ਬੈਠ ਜਾਓ। ਤੁਸੀਂ ਬੇ-ਮਤਲਬ ਦੀ ਗੱਲ ਕਰਦੇ ਹੋ। ਤੁਸੀਂ ਮਤਲਬ ਦੀ ਗੱਲ ਕਰਨ ਦਾ ਯਤਨ ਕਰੋ ਅਤੇ ਹਰ ਇੱਕ ਗੱਲ ਦੇ ਵਿੱਚ ਖੜ੍ਹੇ ਹੋ ਕੇ ਬੇਤੁਕੀ ਗੱਲ ਕਰਨੀ ਫੱਬਦੀ ਨਹੀਂ ਹੈ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫ਼ਾਰਸ਼ਾਂ ਨਾਲ ਸਹਿਮਤ ਹੈ।"

*ਪ੍ਰਸਤਾਵ ਪ੍ਰਵਾਨ ਹੋਇਆ।*

(ਇਸ ਸਮੇਂ ਸਰਦਾਰ ਅਵਤਾਰ ਸਿੰਘ ਬਰਾੜ ਬੋਲਣ ਲਈ ਖੜ੍ਹੇ ਹੋਏ ।)

ਬਰਾੜ ਸਾਹਿਬ, ਇਹ ਰਿਪੋਰਟ ਪਾਸ ਹੋ ਗਈ ਹੈ। ਗੱਲ ਵਿਸ਼ਵਾਸ ਕਰਨ ਦੀ ਹੁੰਦੀ ਹੈ। ਜੇ ਕਿਸੇ ਦੇ ਉਤੇ ਤੁਹਾਨੂੰ ਵਿਸ਼ਵਾਸ ਨਹੀਂ ਹੈ ਤਾਂ ਤੁਸੀਂ ਉਸ ਨੂੰ ਇਸ ਕਮੇਟੀ ਦਾ ਮੈਂਬਰ ਕਿਉਂ ਬਣਾਉਂਦੇ ਹੋ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਅਵਤਾਰ ਸਿੰਘ ਬਰਾੜ** : ਠੀਕ ਹੈ, ਸਪੀਕਰ ਸਾਹਿਬ, ਜੋ ਤੁਸੀਂ ਪ੍ਰਸਤਾਵ ਰੱਖਿਆ ਹੈ, ਉਹ ਬਿਜਨੈੱਸ ਐਡਵਾਈਜ਼ਰੀ ਕਮੇਟੀ ਦੇ ਵਿੱਚ ਸਾਰਿਆਂ ਨੇ ਸਰਬਸੰਮਤੀ ਨਾਲ ਕੀਤਾ ਹੈ ਅਤੇ ਸਾਡੇ ਕੋਲ ਬੋਲਣ ਲਈ ਕਾਫ਼ੀ ਸਮਾਂ ਹੈ । ਇਸ ਦੇ ਵਿੱਚ ਸਿਰਫ਼ ਇੱਕ ਸਿਟਿੰਗ ਅੱਗੇ ਪਿੱਛੇ ਕੀਤੀ ਗਈ ਹੈ।

---

## PAPERS RE-LAID/LAID ON THE TABLE OF THE HOUSE

**ਮਾਨਯੋਗ ਸਪੀਕਰ** : ਅਗਲੀ ਆਈਟਮ । ਹੁਣ ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ। ਹਾਂ ਜੀ, ਸ਼੍ਰੀ ਤਿਕਸ਼ਨ ਸੂਦ ਜੀ ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ)** : ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿੱਚ ਮੱਦ ਨੰਬਰ 5 ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 9 ਤੱਕ ਦੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ/ਮੁੜ ਰੱਖਦਾ ਹਾਂ, ਜਿਵੇਂ ਕਿ ਵੱਖ-ਵੱਖ ਨਿਯਮਾਂ ਅਧੀਨ ਲੋੜੀਂਦਾ ਹੈ :—

1. (i) ਪੰਜਾਬ ਸੁੱਖ ਸਾਧਨਾਂ ਤੇ ਕਰ ਆਰਡੀਨੈਂਸ, 2008 (2008 ਦਾ ਪੰਜਾਬ ਆਰਡੀਨੈਂਸ ਨੰ: 4) ; ਅਤੇ

   (ii) ਪੰਜਾਬ ਮਨੋਰੰਜਨ ਕਰ (ਸਿਨੇਮੈਟੋਗ੍ਰਾਫ ਸ਼ੋਅਜ਼) ਸੋਧਨਾ ਆਰਡੀਨੈਂਸ, 2009 ।

ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213 (2) (ੳ) ਅਧੀਨ ਲੋੜੀਂਦਾ ਹੈ।

2. (i) ਸਾਲ 2007-2008 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ), ਪੰਜਾਬ ਸਰਕਾਰ ;

   (ii) ਸਾਲ 2007-2008 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਵਪਾਰਕ), ਪੰਜਾਬ ਸਰਕਾਰ ;

   (iii) ਸਾਲ 2007-2008 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਮਾਲੀਆ ਪ੍ਰਾਪਤੀਆਂ), ਪੰਜਾਬ ਸਰਕਾਰ ;

   (iv) ਸਾਲ 2007-2008 ਲਈ ਪੰਜਾਬ ਸਰਕਾਰ ਦੇ ਵਿੱਤੀ ਲੇਖੇ : ਅਤੇ

   (v) ਸਾਲ 2007-2008 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖੇ ।

ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਧੀਨ ਲੋੜੀਂਦਾ ਹੈ।

3. (i) ਪੰਜਾਬ ਭੋਂ ਸੁਧਾਰ (ਪਹਿਲੀ ਸੋਧਨਾ) ਨਿਯਮਾਵਲੀ, 2008 ; ਅਤੇ

   (ii) ਪੰਜਾਬ ਭੋਂ ਸੁਧਾਰ (ਦੂਜੀ ਸੋਧਨਾ) ਨਿਯਮਾਵਲੀ, 2008।

Original with;
Punjab Vidhan Sabha
Digitized by;
Panjab Digital Library

ਜਿਵੇਂ ਕਿ ਪੰਜਾਬ ਭੌਂ ਸੁਧਾਰ ਐਕਟ, 1972 ਦੀ ਧਾਰਾ 26 (2) ਅਧੀਨ ਲੋੜੀਂਦਾ ਹੈ।

4. ਪੰਜਾਬ ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ ਨਿਯਮਾਵਲੀ, 2007 ਜਿਵੇਂ ਕਿ ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ ਐਕਟ, 2005 ਦੀ ਧਾਰਾ 29(2) ਅਧੀਨ ਲੋੜੀਂਦਾ ਹੈ।

5. (i) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਵਿਨਿਯਮਨ, 2007 ;

(ii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅਪੀਲ ਅਥਾਰਿਟੀ ਅੱਗੇ ਅਪੀਲ ਦਾਇਰ ਕਰਨ ਲਈ ਕਾਰਜ ਵਿਧੀ) (ਪਹਿਲੀ ਸੋਧਨਾ) ਵਿਨਿਯਮਨ, 2007;

(iii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਫੀਸ) (ਪਹਿਲੀ ਸੋਧਨਾ) ਵਿਨਿਯਮਨ, 2007;

(iv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਆਮ ਪਹੁੰਚ) (ਪਹਿਲੀ ਸੋਧਨਾ) ਵਿਨਿਯਮਨ, 2007 ;

(v) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕੋਆਪ੍ਰੇਟਿਵ ਗਰੁੱਪ ਹਾਊਸਿੰਗ ਸੁਸਾਇਟੀਜ਼/ਇੰਪਲਾਇਰਜ਼ ਨੂੰ ਸਿੰਗਲ ਪੁਆਇੰਟ ਸਪਲਾਈ ਕਰਨਾ) ਵਿਨਿਯਮਨ, 2008 ; ਅਤੇ

(vi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਲੋਕਪਾਲ ਅਤੇ ਅਦਾਲਤ) (ਪਹਿਲੀ ਸੋਧਨਾ) ਵਿਨਿਯਮਨ, 2008।

ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 182 ਅਧੀਨ ਲੋੜੀਂਦਾ ਹੈ ।

6. ਸਾਲ 2005-06 ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀ ਸਾਲਾਨਾ ਰਿਪੋਰਟ ਅਤੇ ਉਸ ਤੇ ਕੀਤੀਆਂ ਗਈਆਂ ਟਿੱਪਣੀਆਂ ਜਿਵੇਂ ਕਿ ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀਜ਼ ਐਕਟ, 1970 ਦੀ ਧਾਰਾ 39(3) ਅਧੀਨ ਲੋੜੀਂਦਾ ਹੈ।

7. ਸਾਲ 2002-03, 2003-04 ਅਤੇ 2004-05 ਲਈ ਸਥਾਨਕ ਆਡਿਟ ਵਿਭਾਗ ਦੀਆਂ ਸਾਲਾਨਾ ਪ੍ਰਬੰਧਕੀ ਰਿਪੋਰਟਾਂ।

8. ਸਾਲ 2004-05 ਅਤੇ 2005-06 ਲਈ ਪੰਜਾਬ ਸੂਚਨਾ ਅਤੇ ਪ੍ਰਸਾਰਣ ਤਕਨਾਲੋਜੀ ਕਾਰਪੋਰੇਸ਼ਨ ਲਿਮਟਿਡ ਦੀਆਂ 29ਵੀਂ ਅਤੇ 30ਵੀਂ ਸਾਲਾਨਾ ਰਿਪੋਰਟਾਂ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

9. ਸਾਲ 2004-05 ਲਈ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਦੀਆਂ ਸਾਲਾਨਾ ਰਿਪੋਰਟਾਂ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54(2) ਅਧੀਨ ਲੋੜੀਂਦਾ ਹੈ।

---

Original with;
Punjab Vidhan Sabha
Digitized by;
Panjab Digital Library

## OFFICIAL RESOLUTIONS

(1) OFFICIAL RESOLUTION REG. RECOMMENDATION TO THE GOVERNMENT OF INDIA TO TAKE UP THE MATTER WITH THE GOVERNMENT OF FRANCE FOR LIFTING THE RESTRICTIONS IMPOSED ON WEARING OF TURBANS ON THE COLLEGE/SCHOOL GOING CHILDREN OF SIKH COMMUNITY

**ਮਾਨਯੋਗ ਸਪੀਕਰ** : ਅਗਲੀ ਆਈਟਮ। ਸਰਕਾਰੀ ਮਤੇ ਪੇਸ਼ ਕਰਨਾ। ਹਾਂ ਜੀ, ਮੁੱਖ ਮੰਤਰੀ ਜੀ।

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ —

"ਇਹ ਸਦਨ ਸਰਬਸੰਮਤੀ ਨਾਲ ਭਾਰਤ ਸਰਕਾਰ ਨੂੰ ਜ਼ੋਰ ਦੇ ਕੇ ਆਖਦਾ ਹੈ ਕਿ ਫਰਾਂਸ ਸਰਕਾਰ ਵਲੋਂ ਸਿੱਖ ਬੱਚਿਆਂ ਤੇ ਸਕੂਲਾਂ/ਕਾਲਜਾਂ ਵਿੱਚ ਪਗੜੀ ਸਜਾ ਕੇ ਜਾਣ ਤੇ ਲਾਈ ਗਈ ਪਾਬੰਦੀ ਨੂੰ ਤੁਰੰਤ ਹਟਾਉਣ ਲਈ ਉਹ ਇਹ ਮਾਮਲਾ ਫਰਾਂਸ ਸਰਕਾਰ ਨਾਲ ਉੱਚ ਪੱਧਰ ਤੇ ਉਠਾਏ ਅਤੇ ਪਗੜੀ ਸਜਾ ਕੇ ਬੱਚਿਆਂ ਤੇ ਸਕੂਲਾਂ/ਕਾਲਜਾਂ ਵਿੱਚ ਜਾਣ ਤੇ ਲਾਈ ਗਈ ਪਾਬੰਦੀ ਨੂੰ ਤੁਰੰਤ ਖਤਮ ਕਰਾਏ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਵਸਦੇ ਸਮੁੱਚੇ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਲੱਗੀ ਠੇਸ ਨੂੰ ਤੁਰੰਤ ਦੂਰ ਕਰਵਾਏ ।"

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ ਕਿ—

"ਇਹ ਸਦਨ ਸਰਬਸੰਮਤੀ ਨਾਲ ਭਾਰਤ ਸਰਕਾਰ ਨੂੰ ਜ਼ੋਰ ਦੇ ਕੇ ਆਖਦਾ ਹੈ ਕਿ ਫਰਾਂਸ ਸਰਕਾਰ ਵੱਲੋਂ ਸਿੱਖ ਬੱਚਿਆਂ ਤੇ ਸਕੂਲਾਂ/ਕਾਲਜਾਂ ਵਿੱਚ ਪਗੜੀ ਸਜਾ ਕੇ ਜਾਣ ਤੇ ਲਾਈ ਗਈ ਪਾਬੰਦੀ ਨੂੰ ਤੁਰੰਤ ਹਟਾਉਣ ਲਈ ਉਹ ਇਹ ਮਾਮਲਾ ਫਰਾਂਸ ਸਰਕਾਰ ਨਾਲ ਉੱਚ ਪੱਧਰ ਤੇ ਉਠਾਏ ਅਤੇ ਪਗੜੀ ਸਜਾ ਕੇ ਬੱਚਿਆਂ ਤੇ ਸਕੂਲ/ਕਾਲਜਾਂ ਵਿੱਚ ਜਾਣ ਤੇ ਲਾਈ ਗਈ ਪਾਬੰਦੀ ਨੂੰ ਤੁਰੰਤ ਖਤਮ ਕਰਾਏ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਵਸਦੇ ਸਮੁੱਚੇ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਲੱਗੀ ਠੇਸ ਨੂੰ ਤੁਰੰਤ ਦੂਰ ਕਰਵਾਏ ।"

ਇਸ ਉੱਪਰ ਕੋਈ ਬਹਿਸ ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ)** : ਸਪੀਕਰ ਸਾਹਿਬ, ਬਹੁਤ ਹੀ ਰੈਲੇਵੈਂਟ ਇਸ਼ੂ ਸਰਕਾਰ ਨੇ ਅੱਜ ਮਤੇ ਦੀ ਸ਼ਕਲ ਵਿੱਚ ਲਿਆਂਦਾ ਹੈ। ਜਿਵੇਂ ਕਹਿੰਦੇ ਹਨ ਕਿ ਦੇਰ ਆਇਦ ਦਰੁਸਤ ਆਇਦ। ਇਹ ਸਾਲ 2004 ਦੀ ਬੜੀ ਵੱਡੀ ਇੰਟਰਨੈਸ਼ਨਲ

Original with;
Punjab Vidhan Sabha
Digitized by;
Panjab Digital Library

ਲੈਵਲ ਦੀ ਸਮੱਸਿਆ ਸੀ ਅਤੇ ਇਹ ਫਰਾਂਸ ਦੀ ਪਾਰਲੀਮੈਂਟ ਤੋਂ ਸ਼ੁਰੂ ਹੋ ਕੇ ਸਰਕਾਰੀ ਸਕੂਲਾਂ ਵਿੱਚ, ਦਫਤਰਾਂ ਵਿੱਚ, ਗੌਰਮਿੰਟ ਡਾਕੂਮੈਂਟਸ ਉੱਪਰ ਵਿਸ਼ੇਸ਼ ਤੌਰ ਤੇ ਸਿੱਖਾਂ ਨੂੰ ਆਪਣੀ ਪੱਗੜੀ ਨਾਲ ਫੋਟੋ ਖਿਚਵਾਉਣ ਦੀ ਇਜਾਜ਼ਤ ਨਹੀਂ ਸੀ। ਲੋਕਾਂ ਦੇ ਜਜ਼ਬਾਤਾਂ ਨੂੰ ਠੇਸ ਪਹੁੰਚੀ ਅਤੇ ਉਥੇ ਰਹਿੰਦੇ ਪੰਜਾਬੀ ਸਮੁਦਾਇ ਨੇ ਇਹ ਸਾਰਾ ਮਸਲਾ ਫਰਾਂਸ ਦੀ ਸਰਕਾਰ ਕੋਲ ਬੜੇ ਜ਼ੋਰਦਾਰ ਢੰਗ ਨਾਲ ਉਠਾਇਆ। ਲੇਕਿਨ ਰਿਪੀਟਡ ਰੀਪ੍ਰੈਜ਼ੈਂਟੇਸ਼ਨ ਅਤੇ ਇਕੱਠੇ ਹੋ ਕੇ ਵੱਖ-ਵੱਖ ਜਥੇਬੰਦੀਆਂ ਵੱਲੋਂ ਕਾਫ਼ੀ ਜ਼ੋਰਦਾਰ ਢੰਗ ਨਾਲ ਉਠਾਏ ਜਾਣ ਦੇ ਬਾਵਜੂਦ ਫਰਾਂਸ ਦੀ ਸਰਕਾਰ ਨੇ ਆਪਣੀ ਪਾਲਿਸੀ ਵਿੱਚ ਕੋਈ ਤਬਦੀਲੀ ਨਹੀਂ ਕੀਤੀ। ਇਸ ਤੋਂ ਬਾਅਦ ਨਾ ਸਿਰਫ਼ ਫਰਾਂਸ ਦੀ ਸਰਕਾਰ ਬਲਕਿ ਇਸ ਮਸਲੇ ਨੂੰ ਯੂਰਪੀਅਨ ਕੋਰਟ ਵਿੱਚ ਵੀ ਚੁਣੌਤੀ ਦਿੱਤੀ ਗਈ। ਕੁਝ ਸਮੇਂ ਦੀ ਪ੍ਰਕ੍ਰਿਆ ਜਾਂ ਕਹਿ ਲਓ ਕੰਮਕਾਰ ਦਾ ਬੋਝ ਲੇਕਿਨ ਯੂਰਪੀਅਨ ਕੋਰਟ ਵਿੱਚ ਫਿਲਹਾਲ ਇਹ ਪਟੀਸ਼ਨ ਪੈਂਡਿੰਗ ਪਈ ਹੈ। ਇਸ ਦੇ ਨਾਲ ਹੀ ਇਸ ਤੋਂ ਅੱਗੇ ਇੱਕ ਹੋਰ ਕਦਮ ਵਧਦਿਆਂ ਵਿਸ਼ਵ ਦੀਆਂ ਕੁਝ ਜਾਗਰੂਕ ਜਥੇਬੰਦੀਆਂ ਨੇ ਵਿਸ਼ੇਸ਼ ਤੌਰ ਤੇ ਯੂਨਾਈਟਿਡ ਸਿੱਖਜ਼ ਨਾਂ ਦੀ ਇੱਕ ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਕਾਇਮ ਕੀਤੀ ਹੈ ਜਿਨ੍ਹਾਂ ਦਾ ਹੈੱਡ ਆਫਿਸ ਯੂਨਾਈਟਿਡ ਸਟੇਟਸ ਆਫ਼ ਅਮੇਰਿਕਾ ਵਿੱਚ ਹੈ। ਉਨ੍ਹਾਂ ਨੇ ਹਾਲ ਹੀ ਵਿੱਚ ਤਿੰਨ ਮਹੀਨੇ ਪਹਿਲਾਂ ਯੂਨਾਈਟਿਡ ਨੇਸ਼ਨਜ਼ ਹਿਊਮਨ ਰਾਈਟਸ ਕਮਿਸ਼ਨ ਕੋਲ ਇੱਕ ਪਟੀਸ਼ਨ ਫਾਈਲ ਕੀਤੀ ਹੈ ਅਤੇ ਇਸ ਦੇ ਨਾਲ ਹੀ ਆ ਕੇ ਸਾਨੂੰ ਰਿਕੁਐਸਟ ਕੀਤੀ ਹੈ ਕਿ ਥੋੜ੍ਹੀ ਬਹੁਤ ਹਿਲਜੁਲ ਪੰਜਾਬ ਵਿੱਚ ਕੀਤੀ ਜਾਵੇ ਕਿਉਂਕਿ ਪੰਜਾਬ ਦਾ ਮੇਜਰ ਇੰਟਰਸਟ ਇਸ ਇਸ਼ੂ ਦੇ ਨਾਲ ਹੈ। ਇਹ ਪੰਜਾਬ ਦੇ ਲੋਕਾਂ ਨਾਲ ਰਿਲੇਟਿਡ ਹੈ ਜਿਸ ਸਬੰਧੀ ਮੈਂ ਪਰਸਨਲੀ ਇੱਕ ਸਪੈਸ਼ਲ ਰਿਕੁਐਸਟ ਲੈਟਰ ਆਨਰੇਬਲ ਮੁੱਖ ਮੰਤਰੀ ਸਾਹਿਬ ਨੂੰ 17.12.2008 ਨੂੰ ਲਿਖੀ ਸੀ। ਇਸ ਵਿਸ਼ੇ ਉੱਤੇ ਬਕਾਇਦਾ ਲਿਖ ਕੇ ਬੇਨਤੀ ਕੀਤੀ ਸੀ ਕਿ ਇਸ ਮਸਲੇ ਵਾਸਤੇ ਆਪਾਂ ਨੂੰ ਇੱਕ ਦਿਨ ਦਾ ਸਪੈਸ਼ਲ ਸਮਾਗਮ ਲਿਆਉਣਾ ਪੈ ਜਾਵੇ ਤਾਂ ਕੋਈ ਇਤਰਾਜ਼ ਨਹੀਂ ਹੈ। ਸਿਰਫ਼ ਇੱਕ ਦਿਨ ਦਾ ਸੈਸ਼ਨ ਅਤੇ ਉਸ ਵਿੱਚ ਇਹ ਰੈਜ਼ੋਲਿਊਸ਼ਨ ਮੂਵ ਕੀਤਾ ਜਾਵੇ। ਰਾਦਰਦੈਨ ਆਫੀਸ਼ੀਅਲ ਰੈਜ਼ੋਲਿਊਸ਼ਨ ਯੂਨਾਨੀਮਸਲੀ ਸਾਰਿਆਂ ਵੱਲੋਂ ਰੈਜ਼ੋਲਿਊਸ਼ਨ ਦੀ ਸ਼ਕਲ ਵਿੱਚ ਕਾਂਗਰਸ ਪਾਰਟੀ ਅਤੇ ਹੋਰ ਸਾਰੀਆਂ ਪਾਰਟੀਆਂ ਵੱਲੋਂ ਲਿਆਂਦਾ ਜਾਵੇ, ਕਿਉਂਕਿ ਪੰਜਾਬ ਦੇ ਤਿੰਨ ਕਰੋੜ ਲੋਕਾਂ ਦੇ ਜਜ਼ਬਾਤਾਂ ਨੂੰ ਉਨ੍ਹਾਂ ਦੇ ਨੁਮਾਇੰਦਿਆਂ ਰਾਹੀਂ ਕੇਂਦਰ ਸਰਕਾਰ ਤੱਕ ਪਹੁੰਚਾਇਆ ਜਾਵੇ ਤਾਂ ਕਿ Government of India can send the entire issue to the French Government, to the European Court and to the United Nations Human Rights Commission ਜਿੱਥੇ ਕਿ ਕੇਸ ਪੈਂਡਿੰਗ ਹੈ। ਮੈਨੂੰ ਖੇਦ ਨਾਲ ਕਹਿਣਾ ਪੈਂਦਾ ਹੈ ਕਿ ਇਸ ਚਿੱਠੀ ਦਾ ਮੁੱਖ ਮੰਤਰੀ ਸਾਹਿਬ ਵੱਲੋਂ ਕੋਈ ਜਵਾਬ ਨਹੀਂ ਆਇਆ। Normally he would say ਕਿ ਮੈਂ ਤਾਂ ਐਮ.ਐਲ.ਏ. ਸਾਹਿਬ ਦਾ ਬਹੁਤ ਸਤਿਕਾਰ ਕਰਦਾ ਹਾਂ। ਇਹ ਅਹਿਮ ਮਸਲਾ ਹੈ ਮੈਂ ਕੋਈ ਨੁਕਤਾਚੀਨੀ ਨਹੀਂ ਕਰ ਰਿਹਾ। ਫਿਰ ਮੈਂ ਹਾਰ ਕੇ ਮਿਤੀ 23-2-09 ਨੂੰ ਫਿਰ ਚਿੱਠੀ ਲਿਖੀ ਕਿਉਂਕਿ 27 ਤਰੀਕ ਨੂੰ ਸਦਨ ਨੇ ਇਕੱਠਾ ਹੋਣਾ ਸੀ। ਸੋ, ਮੈਂ ਕਿਹਾ ਕਿ ਸਪੈਸ਼ਲ ਸਦਨ ਬੁਲਾਉਣ ਦੀ ਲੋੜ ਨਹੀਂ। ਇਸ ਇਸ਼ੂ ਨੂੰ ਇਸ ਵਿੱਚ ਇਨਕਲੂਡ ਕਰਕੇ ਰੈਜ਼ੋਲਿਊਸ਼ਨ ਪਾਸ ਕੀਤਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਪਾਲ ਸਿੰਘ ਖਹਿਰਾ]

ਜਾਵੇ। ਇਸ ਸਬੰਧ ਵਿੱਚ ਮੈਂ ਇੱਕ ਕਾਲ ਅਟੈਂਸ਼ਨ ਵੀ ਤੁਹਾਡੇ ਦਫ਼ਤਰ ਵਿੱਚ ਦਿੱਤੀ ਹੈ ਜਿਹੜੀ ਕਿ ਸਪੀਕਰ ਸਾਹਿਬ, ਤੁਸੀਂ ਅੰਡਰ ਕੰਸੀਡ੍ਰੇਸ਼ਨ ਰੱਖੀ ਹੈ। ਮੈਂ 27 ਤਰੀਕ ਨੂੰ ਪਹਿਲੇ ਦਿਨ ਹੀ ਕਾਲ ਅਟੈਂਸ਼ਨ ਮੋਸ਼ਨ ਦੇ ਦਿੱਤੀ ਸੀ। ਮੇਰੇ ਕਹਿਣ ਦਾ ਭਾਵ ਹੈ ਕਿ ਇਹ ਪੰਜਾਬ ਅਤੇ ਪੰਜਾਬੀਅਤ ਦਾ ਬਹੁਤ ਭਾਵੁਕ ਮੁੱਦਾ ਹੈ। ਜਦੋਂ ਮੈਂ ਚਿੱਠੀ ਲਿਖੀ ਸੀ ਤਾਂ ਉਸ ਦਾ ਜਵਾਬ ਮੈਂ ਪ੍ਰੈਸ ਰਾਹੀਂ ਪੜ੍ਹਿਆ। ਸੀ.ਐਮ. ਸਾਹਿਬ ਨੇ ਕਿਹਾ ਕਿ ਕੋਈ ਲੋੜ ਨਹੀਂ ਹੈ, ਇਹ ਇੰਟਰਨੈਸ਼ਨਲ ਮੁੱਦਾ ਹੈ ਜਿਸ ਕਰਕੇ ਪੰਜਾਬ ਦੇ ਲੋਕਾਂ ਨੂੰ ਇਸ ਵਿੱਚ ਮੁਦਾਖਲਤ ਕਰਨ ਦੀ ਕੋਈ ਲੋੜ ਨਹੀਂ ਹੈ। ਉਦੋਂ ਇਹ ਕਹਿ ਕੇ ਟਾਲ ਦਿੱਤਾ ਗਿਆ। ਲੇਕਿਨ ਹੁਣ ਪਤਾ ਸੀ ਕਿ ਕਾਲ ਅਟੈਂਸ਼ਨ ਮੋਸ਼ਨ ਵੀ ਆ ਰਹੀ ਹੈ ਅਤੇ ਸਦਨ ਵਿੱਚ ਅਹਿਮ ਮਸਲਿਆਂ ਉੱਤੇ ਗੱਲ ਉਠਾਈ ਜਾ ਸਕਦੀ ਹੈ ਤਾਂ ਹੁਣ ਇਸ ਇਸ਼ੂ ਨੂੰ ਲੈ ਕੇ ਆਏ ਹਨ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਇੰਟਰਨੈਸ਼ਨਲ ਮੁੱਦਾ ਨਹੀਂ ਹੈ। ਅੱਜ ਜੇਕਰ ਸ੍ਰੀ ਲੰਕਾ ਵਿੱਚ ਕੋਈ ਪ੍ਰਾਬਲਮ ਹੁੰਦੀ ਹੈ ਤਾਂ ਤਾਮਿਲਨਾਡੂ ਦੀਆਂ ਪਾਰਟੀਆਂ ਇਕੱਠੀਆਂ ਹੋ ਕੇ ਕੰਸਰਨਡ ਹੁੰਦੀਆਂ ਹਨ ਜਦਕਿ ਉਹ ਵੀ ਇੰਟਰਨੈਸ਼ਨਲ ਇਸ਼ੂ ਹੈ ਪਰ ਤਾਮਿਲਨਾਡੂ ਦੀਆਂ ਪਾਰਟੀਆਂ ਚਾਹੇ ਉਹ ਡੀ.ਐਮ.ਕੇ. ਹੈ ਜਾਂ ਅੰਨਾ.ਡੀ.ਐਮ.ਕੇ. ਹੈ ਉਹ ਪਾਰਟੀਆਂ ਇਕੱਠੀਆਂ ਹੁੰਦੀਆਂ ਹਨ।

**ਟਰਾਂਸਪੋਰਟ ਮੰਤਰੀ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ। ਇਹ ਮਤਾ ਆਨਰੇਬਲ ਲੀਡਰ ਆਫ਼ ਦਿ ਹਾਊਸ ਨੇ ਰੱਖਿਆ ਹੈ। ਅਸੀਂ ਬੇਨਤੀ ਕੀਤੀ ਹੈ ਕਿ ਸਾਰਾ ਸਦਨ ਸਰਬਸੰਮਤੀ ਨਾਲ ਜੋ ਫਰਾਂਸ ਦੀ ਸਰਕਾਰ ਨੇ ਕੀਤਾ ਹੈ, ਇਸ ਸਬੰਧੀ ਕੇਂਦਰ ਸਰਕਾਰ ਨੂੰ ਲਿਖਿਆ ਜਾਵੇ। ਇਨ੍ਹਾਂ ਨੇ 15 ਮਿੰਟ ਇਸ ਤੇ ਲਾ ਦਿੱਤੇ ਹਨ। ਇਨ੍ਹਾਂ ਨੇ ਆਪਣੀ ਐਕਸਪਲੇਨੇਸ਼ਨ ਦਿੱਤੀ ਹੈ ਕਿ ਮੈਂ ਇਹ ਕੀਤਾ, ਮੈਂ ਉਹ ਕੀਤਾ। ਇਨ੍ਹਾਂ ਨੇ ਕਿਹਾ ਹੈ ਕਿ ਮੇਰੇ ਦੁਆਰਾ ਇਹ ਇਸ਼ੂ ਉਠਾਇਆ ਗਿਆ, ਮੇਰੇ ਪੇਪਰਾਂ ਦੁਆਰਾ ਹੀ ਇਹ ਹੋਇਆ ਹੈ। ਮੈਂ ਇਸ ਤੇ ਕਹਿਣਾ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਨੂੰ ਕੋਈ ਇਸ ਸਬੰਧੀ ਵਿਰੋਧ ਹੈ, ਤਾਂ ਇਹ ਕਹਿ ਦੇਣ ਜਾਂ ਇਹ ਕਹਿਣ ਕਿ ਇਸ ਪ੍ਰਸਤਾਵ ਨੂੰ ਪਾਸ ਕੀਤਾ ਜਾਵੇ ਪਰ ਇਹ ਤਾਂ ਆਪਣੀ ਐਕਸਪਲੇਨੇਸ਼ਨ ਹੀ ਦੇਈ ਜਾ ਰਹੇ ਹਨ। ਮੈਨੂੰ ਸਮਝ ਨਹੀਂ ਲੱਗੀ ਕਿ ਇਕ ਲਾਈਨ ਦਾ ਪ੍ਰਸਤਾਵ ਹੈ (ਥੰਪਿੰਗ) ਕਿ ਭਾਰਤ ਸਰਕਾਰ ਨੂੰ ਲਿਖਿਆ ਜਾਵੇ ਕਿ ਉਹ ਇਹ ਮੁੱਦਾ ਫਰਾਂਸ ਸਰਕਾਰ ਨਾਲ ਉਠਾਵੇ। ਉਥੋਂ ਦੀ ਸਰਕਾਰ ਸਿੱਖ ਬੱਚਿਆਂ ਨੂੰ ਪਗੜੀ ਬੰਨਣ ਨਹੀਂ ਦੇ ਰਹੀ, ਪਰ ਇਹ ਸਾਡਾ ਰਾਈਟ ਹੈ, ਸਾਡੇ ਰਾਈਟ ਨੂੰ ਵਾਇਲੇਟ ਕੀਤਾ ਜਾ ਰਿਹਾ ਹੈ। ਸਾਡੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾ ਰਹੀ ਹੈ, ਇਸ ਸਬੰਧੀ ਸਾਡੀ ਸਭ ਦੀ ਇੱਕ ਆਵਾਜ਼ ਹੋ ਸਕਦੀ ਹੈ। ਮੈਨੂੰ ਸਮਝ ਨਹੀਂ ਲੱਗੀ ਕਿ ਇਹ ਕਿਉਂ ਵਾਰ-ਵਾਰ ਆਪਣੀ ਹੀ ਗੱਲ ਦੱਸ ਰਹੇ ਹਨ (ਥੰਪਿੰਗਿ)......(ਵਿਘਨ).......(ਸ਼ੋਰ)..............

**ਸਰਦਾਰ ਸੁਖਪਾਲ ਸਿੰਘ ਖਹਿਰਾ** : ਮੈਂ ਸਿਰਫ ਇਹੀ ਨਹੀਂ ਕਹਿ ਰਿਹਾ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ, ਸਗੋਂ ਇਸ ਤੋਂ ਵੀ ਅੱਗੇ ਜਾ ਕੇ ਕਹਿੰਦਾ ਹਾਂ ਕਿ ਕਾਂਗਰਸ ਪਾਰਟੀ ਨੇ ਮੰਗ ਕੀਤੀ ਹੈ ਕਿ ਇਸ ਦੇ ਵਾਸਤੇ ਵਿਸ਼ੇਸ਼ ਸਮਾਗਮ ਲਿਆਂਦਾ ਜਾਵੇ, ਇਹ ਦੱਸ ਰਿਹਾ ਹਾਂ। ਤਿੰਨ ਮਹੀਨੇ ਪਹਿਲਾਂ ਅਸੀਂ...........

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਖਹਿਰਾ ਸਾਹਿਬ, ਤੁਸੀਂ ਮੰਗ ਕੀਤੀ ਹੈ। ਇਹ ਮੇਰੇ ਕੋਲ ਆਈ ਹੈ। ਸੀ.ਐਮ. ਸਾਹਿਬ ਕੋਲ ਵੀ ਗਈ ਹੈ। ਸੀ.ਐਮ. ਸਾਹਿਬ ਨੇ ਸਾਰੇ ਪੰਜਾਬ ਦੀ ਰਿਪ੍ਰੇਜ਼ੈਂਟੇਸ਼ਨ ਕਰਦਿਆਂ ਹਾਊਸ ਵਿਚ ਇਹ ਮੁੱਦਾ ਲਿਆਂਦਾ ਹੈ। ਸਾਰੇ ਸਹਿਮਤ ਹਨ। ਮੈਂ ਕਹਿੰਦਾ ਹਾਂ ਕਿ ਇੱਥੇ ਗੱਲ ਮੁੱਕ ਗਈ ਹੈ। ਜੋ ਤੁਹਾਡੀ ਮੰਗ ਸੀ, ਉਹ ਪੂਰੀ ਹੋ ਗਈ ਹੈ। ਹੁਣ ਇਸ ਤੇ ਅੱਗੇ ਬੋਲੋ, ਜੇਕਰ ਤੁਹਾਡੇ ਕੋਲ.........

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਅਸੀਂ ਤਾਂ ਵਿਸ਼ੇਸ਼ ਸਮਾਗਮ ਦੀ ਮੰਗ...........

**ਮਾਨਯੋਗ ਸਪੀਕਰ** : ਪਹਿਲਾਂ ਮੇਰੀ ਗੱਲ ਸੁਣ ਲਵੋ.........। ਹੁਣ ਇਸ ਗੱਲ ਤੇ ਬੋਲੋ ਕਿ ਇਹ ਇਸ਼ੂ ਕੀ ਸੀ ? ਇਸ ਤਰ੍ਹਾਂ ਕਿਉਂ ਹੋਇਆ ? ਸਾਨੂੰ ਇਸ ਗੱਲ ਤੇ ਨਾਂਹ ਕਿਉਂ ਕੀਤੀ ਗਈ ? ਅਸੀਂ ਕਿਉਂ ਇਸ ਗੱਲ ਦੀ ਵਿਰੋਧਤਾ ਕਰਦੇ ਹਾਂ ? ਸਾਡੇ ਮਾਣ-ਸਨਮਾਨ ਨੂੰ ਵੱਜੀ ਸੱਟ ਦੇ ਬਾਰੇ ਵਿੱਚ ਬੋਲਿਆ ਜਾਵੇ, ਲੋੜ ਤੇ ਇਸ ਗੱਲ ਦੀ ਹੈ। ਨਾ ਕਿ ਇਹ ਕਿਹਾ ਜਾਵੇ ਕਿ ਮੈਂ ਇਹ ਗੱਲ ਕੀਤੀ, ਮੈਂ ਉਹ ਗੱਲ ਕੀਤੀ। ਇਹ ਗੱਲਾਂ ਤਾਂ ਹੋ ਗਈਆਂ । ਸੀ.ਐਮ. ਸਾਹਿਬ ਵੱਲੋਂ ਹਾਊਸ ਵਿੱਚ ਇਹ ਮੁੱਦਾ ਲਿਆ ਦਿੱਤਾ ਗਿਆ ਹੈ। ਬਾਕੀ ਗੱਲਾਂ ਇਸ ਦੇ ਨਾਲ ਹੀ ਖਤਮ ਹੋ ਗਈਆਂ ਹਨ ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੈਂ ਤਾਂ ਇਸ ਦੀ ਬੈਕਗਰਾਊਂਡ ਬਾਰੇ ਦੱਸ ਰਿਹਾ ਹਾਂ। ਜੇਕਰ ਅਸੀਂ ਇਹ ਗੱਲ ਨਾ ਹੀ ਕਰਦੇ, ਇਸ ਬਾਰੇ ਮੁੱਦਾ ਨਾ ਉਠਾਉਂਦੇ ਤਾਂ ਇੱਥੇ ਇਹ ਗੱਲ ਨਹੀਂ ਹੋਣੀ ਸੀ। ਜੇਕਰ ਅਸੀਂ ਇਸ ਬਾਰੇ ਗੱਲ ਉਠਾਈ ਤਾਂ ਹੀ ਹਾਊਸ ਵਿੱਚ ਇਹ ਮਤਾ ਆਇਆ ਹੈ......

**ਮਾਨਯੋਗ ਸਪੀਕਰ** : ਜੋ ਆਪਾਂ ਕਹਿ ਰਹੇ ਹਾਂ, ਹੋ ਸਕਦਾ ਹੈ ਕਿ ਇਨ੍ਹਾਂ ਦੀਆਂ ਆਪਣੀਆਂ ਭਾਵਨਾਵਾਂ ਵੀ ਇਸੇ ਤਰ੍ਹਾਂ ਦੀਆਂ ਹੀ ਹੋਣ। ਫਰਾਂਸ ਦੀ ਸਰਕਾਰ ਨੇ ਪਹਿਲਾਂ ਸਾਨੂੰ ਨਾਂਹ ਕੀਤੀ ਹੈ। ਹੁਣ ਇੱਥੇ ਫਰਾਂਸ ਦੀ ਸਰਕਾਰ ਦੇ ਨਾਂਹ ਪੱਖ ਨੂੰ ਉਭਾਰੋ। ਸਾਨੂੰ ਉਥੇ ਕੀ ਮੁਸ਼ਕਿਲਾਂ ਪੇਸ਼ ਆ ਰਹੀਆਂ ਹਨ, ਇਸ ਬਾਰੇ ਵੀ ਗੱਲ ਕਰੋ। ਇਸ ਦੇ ਹੱਲ ਬਾਰੇ ਗੱਲ ਕਰੋ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਇਹ ਜੋ ਮਸਲਾ ਹੈ, ਇਹ ਅੱਜ ਦਾ ਮਸਲਾ ਨਹੀਂ ਹੈ। ਬੜੇ ਲੰਮੇ ਸਮੇਂ ਤੋਂ ਇਹ ਮਸਲਾ ਲਟਕਦਾ ਆ ਰਿਹਾ ਹੈ। ਬਾਦਲ ਸਾਹਿਬ ਨੇ ਸਿਰਫ ਹੁਣ ਹੀ ਨਹੀਂ ਸਗੋਂ ਅੱਜ ਤੋਂ ਬਹੁਤ ਸਮਾਂ ਪਹਿਲਾਂ ਕਈ ਵਾਰੀ ਹਿੰਦੁਸਤਾਨ ਦੇ ਪ੍ਰਾਈਮ ਮਨਿਸਟਰ ਜੋ ਕਿ ਸਿੱਖ ਹਨ, ਉਨ੍ਹਾਂ ਨੂੰ ਮਿਲ ਕੇ ਇਸ ਸਬੰਧੀ ਕਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਕਈ ਸਿੱਖ ਜਥੇਬੰਦੀਆਂ ਵੀ ਉਨ੍ਹਾਂ ਨੂੰ ਮਿਲੀਆਂ ਹਨ । ਜਦੋਂ ਪ੍ਰਧਾਨ ਮੰਤਰੀ ਫਰਾਂਸ ਵਿੱਚ ਗਏ ਹਨ, ਉਥੋਂ ਦੇ ਲੀਡਰਾਂ ਨਾਲ ਉਨ੍ਹਾਂ ਦੀ ਗੱਲ ਹੋਈ ਹੈ। ਅਖ਼ਬਾਰਾਂ ਦੇ ਵਿੱਚ ਵੀ ਆਇਆ ਹੈ। ਜੋ ਗੱਲਾਂ ਉਨ੍ਹਾਂ ਨੇ ਕੀਤੀਆਂ ਹਨ, ਅਖ਼ਬਾਰਾਂ ਵਿੱਚ ਵੀ ਆਈਆਂ ਹਨ ਪਰ ਇਹ ਗੱਲ ਸੁਣੀ ਨਹੀਂ ਗਈ।

Original with;
Punjab Vidhan Sabha
Digitized by;
Panjab Digital Library

[ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ]

ਅੱਜ ਜੋ ਮਤਾ ਲਿਆਂਦਾ ਜਾ ਰਿਹਾ ਹੈ, ਇਸ ਦਾ ਮਤਲਬ ਇਹ ਨਹੀਂ ਕਿ ਅੱਜ ਹੀ ਇਹ ਗੱਲ ਧਿਆਨ ਵਿਚ ਆਈ ਹੈ। ਇਹ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ, ਅਸੀਂ ਚਾਹੁੰਦੇ ਹਾਂ ਕਿ ਸਰਬਸੰਮਤੀ ਨਾਲ ਇਸ ਨੂੰ ਪਾਸ ਕੀਤਾ ਜਾਵੇ। ਇਸ ਨੂੰ ਕਰਨ ਕਰਾਉਣ ਵਾਲੀ ਜੋ ਗੱਲ ਹੈ, ਇਸ ਬਾਰੇ ਆਪਾਂ ਬਹੁਤ ਚਿਰ ਪਹਿਲਾਂ ਹੀ ਗੱਲ ਕੀਤੀ ਸੀ। (ਵਿਘਨ) (ਸ਼ੋਰ)...........

**ਸਰਦਾਰ ਸੁਖਪਾਲ ਸਿੰਘ ਖਹਿਰਾ** : ਮੈਂ ਦੱਸਣਾ ਚਾਹੁੰਦਾ ਹਾਂ ਕਿ ਯੂਨਾਨੀਮਸਲੀ ਰੈਜ਼ੋਲਿਊਸ਼ਨ ਹੀ ਨਹੀਂ ਸਗੋਂ ਇੱਕ ਕਦਮ ਅੱਗੇ ਚਲ ਕੇ ਸਪੈਸ਼ਲ ਸੈਸ਼ਨ ਕਰਾਉਣ ਬਾਰੇ ਕਾਂਗਰਸ ਪਾਰਟੀ ਨੇ ਡਿਮਾਂਡ ਕੀਤੀ ਸੀ। ਅਸੀਂ ਮੰਗਿਆ ਸੀ ਕਿ ਰੈਜ਼ੋਲਿਊਸ਼ਨ ਪਾਸ ਕਰਨ ਲਈ ਸਪੈਸ਼ਲ ਸੈਸ਼ਨ ਰੱਖਿਆ ਜਾਵੇ। (ਵਿਘਨ) (ਸ਼ੋਰ) ਸਾਡੀ ਗੱਲ ਸੁਣ ਲਵੋ। ਕਿਉਂਕਿ ਮੈਨੂੰ.........(ਵਿਘਨ) (ਸ਼ੋਰ)......

ਆਨਰੇਬਲ ਚੀਫ ਮਨਿਸਟਰ ਸਾਹਿਬ ਦੀ ਰਿਕੁਮੈਂਡੇਸ਼ਨ ਸੀ ਕਿ ਕਿਉਂਕਿ ਇਹ ਇੰਟਰਨੈਸ਼ਨਲ ਮਸਲਾ ਹੈ, ਇਸ ਲਈ ਇਸ ਵਾਸਤੇ ਸਾਡੀ ਮੁਖਾਫਲਤ ਦੀ ਲੋੜ ਨਹੀਂ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਅੱਜ ਫਿਰ ਇਸ ਦੀ ਕੀ ਲੋੜ ਪੈ ਗਈ ? (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਇਸੇ ਮੁੱਦੇ ਤੇ ਬਹਿਸ ਕਰ ਰਹੇ ਹਾਂ.....(ਵਿਘਨ)(ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ** : ਚੀਫ ਮਨਿਸਟਰ ਸਾਹਿਬ ਨੇ ਕਹਿ ਦਿੱਤਾ ਕਿ ਇਹ ਇੰਟਰਨੈਸ਼ਨਲ ਮਾਮਲਾ ਹੈ..........

**ਮਾਨਯੋਗ ਸਪੀਕਰ** : ਖਹਿਰਾ ਸਾਹਿਬ, ਇਸ ਮੁੱਦੇ ਤੇ ਹੀ ਬਹਿਸ ਕਰ ਰਹੇ ਹਾਂ । ਗੱਲ ਇਸੇ ਮੁੱਦੇ ਨਾਲ ਸਬੰਧਤ ਹੈ। ਤੁਸੀਂ ਆਪਣੀ ਗੱਲ ਇਸ ਮੁੱਦੇ ਦੇ ਸਬੰਧ ਵਿੱਚ ਕਰੋ। ਉਹ ਗੱਲ ਕਰੋ, ਜਿਸ ਦੀ ਕਿ ਅੱਜ ਲੋੜ ਹੈ।

**ਸਰਦਾਰ ਵਿਰਸਾ ਸਿੰਘ ਵਲਟੋਹਾ (ਵਲਟੋਹਾ)** : ਸਪੀਕਰ ਸਾਹਿਬ, ਅੱਜ ਬਹੁਤ ਹੀ ਅਹਿਮ ਮਸਲਾ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਸਾਹਿਬ ਨੇ ਉਠਾਇਆ ਹੈ। ਇਹ ਮਸਲਾ ਅੱਜ ਸਦਨ ਦੇ ਵਿੱਚ ਉਠਾਇਆ ਗਿਆ ਹੈ, ਇਸ ਤੋਂ ਪਹਿਲਾਂ ਵੀ ਬਹੁਤ ਮਸਲੇ ਪੈਦਾ ਹੋਏ ਹਨ। ਇਸ ਮਸਲੇ ਨੂੰ ਬਹੁਤ ਪਹਿਲਾਂ ਤੋਂ ਲਗਾਤਾਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਠਾਇਆ ਹੈ। ਮੈਨੂੰ ਹੈਰਾਨੀ ਹੈ ਕਿ ਮੇਰੇ ਵੀਰ ਇਸ ਮਸਲੇ ਬਾਰੇ ਅੱਜ ਇੱਥੇ ਆਪਣੇ ਕੋਈ ਚੰਗੇ ਵਿਚਾਰ ਦੇਣ ਜਾਂ ਉਨ੍ਹਾਂ ਲੋਕਾਂ ਦੀ ਨਿੰਦਿਆ ਕਰਨ ਜਿਨ੍ਹਾਂ ਵੱਲੋਂ ਇਹ ਮਸਲਾ ਉਠਾਏ ਜਾਣ ਦਾ ਫਰਜ਼ ਬਣਦਾ ਸੀ। ਫਰਾਂਸ ਦੀ ਸਰਕਾਰ ਦੇ ਨਾਲ ਇਹ ਮੈਟਰ ਉਠਾਉਣਾ ਹਿੰਦੁਸਤਾਨ ਦੀ ਸਰਕਾਰ ਦਾ ਔਰ ਖਾਸ ਕਰਕੇ ਸਿੱਖ ਪ੍ਰਧਾਨ ਮੰਤਰੀ ਜੋ ਹਨ, ਉਨ੍ਹਾਂ ਦਾ ਫਰਜ਼ ਬਣਦਾ ਸੀ ਪਰ ਉਨ੍ਹਾਂ ਨੇ ਇਕ ਵਾਰ ਵੀ ਇਸ ਸਬੰਧੀ ਗੱਲ ਨਹੀਂ ਕੀਤੀ। (ਵਿਘਨ) (ਸ਼ੋਰ) ਸਿੱਖੀ ਸਰੂਪ ਤਾਂ ਇਨ੍ਹਾਂ ਦਾ (ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲ ਇਸ਼ਾਰਾ) ਆਪਣਾ ਵੀ ਨਹੀਂ ਹੈ, ਪਰ ਇਹ ਇੱਥੇ ਗੱਲ ਸਿੱਖੀ ਸਰੂਪ ਅਤੇ ਪੱਗ ਦੀ ਕਰਦੇ ਹਨ (ਰੂਲਿੰਗ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਇਨ੍ਹਾਂ ਨੇ ਪੱਗ ਦੀ ਗੱਲ ਕੀਤੀ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਵਤਾਰ ਸਿੰਘ ਬਰਾੜ (ਫਰੀਦਕੋਟ)** : ਸਪੀਕਰ ਸਾਹਿਬ, ਹਾਊਸ ਦੇ ਨੇਤਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਜਿਹੜਾ ਮਤਾ ਲੈ ਕੇ ਆਂਦਾ ਹੈ, ਖਹਿਰਾ ਸਾਹਿਬ ਉਸ ਤੇ ਸਾਡੀ ਪਾਰਟੀ ਵੱਲੋਂ ਆਪਣਾ ਪ੍ਰਤੀਕ੍ਰਮ ਦੇ ਰਹੇ ਸਨ। ਉਹ ਵਿਸ਼ੇਸ ਤੌਰ ਤੇ ਖੜ੍ਹੇ ਹੀ ਇਸ ਕਰਕੇ ਹੋਏ ਸੀ। ਅਸੀਂ ਆਪਣੀ ਪਾਰਟੀ ਵੱਲੋਂ ਇਸ ਦਾ ਸਮਰਥਨ ਕਰਨਾ ਹੈ ਪਰ ਉਹ ਫਿਰ ਵਿੱਚ ਥੋੜ੍ਹਾ ਜਿਹਾ ਆਪਣਾ ਦੱਸਣ ਲੱਗ ਪਏ ਔਰ ਹੁਣ ਦੱਸਣ ਦਾ ਥੋੜ੍ਹਾ ਜਿਹਾ ਅੰਦਾਜ਼ ਇਸ ਤਰ੍ਹਾਂ ਹੈ ਕਿ ਉਹ ਆਪਣੀ ਗੱਲ ਥੋੜ੍ਹਾ ਜਿਹਾ ਜ਼ਿਆਦਾ ਜ਼ੋਰ ਨਾਲ ਕਹਿ ਜਾਂਦੇ ਹਨ। ਉਸ ਨਾਲ ਸਾਹਮਣੇ ਇਰੀਟੇਸ਼ਨ ਇਸ ਤਰ੍ਹਾਂ ਦੀ ਪੈਦਾ ਹੁੰਦੀ ਹੈ ਕਿ ਲੱਗਦਾ ਹੈ ਕਿ ਖਹਿਰਾ ਸਾਹਿਬ ਤੋਂ ਐਲਰਜੀ ਹੁੰਦੀ ਹੈ ਇਨ੍ਹਾਂ ਨੂੰ। ਇਹ ਜਿਹੜੇ ਮੁੱਖ ਮੰਤਰੀ ਜੀ ਦੇ **ਦੋਸਤ ਹਨ, ਮੁੱਖ ਮੰਤਰੀ ਜੀ ਦੇ **ਹਨ........

**ਮਾਨਯੋਗ ਸਪੀਕਰ** : ਇਹ ** ਲਫਜ਼ ਐਕਸਪੰਜ ਕਰ ਦਿਓ ।

**ਸਰਦਾਰ ਅਵਤਾਰ ਸਿੰਘ ਬਰਾੜ** : ਪ੍ਰਧਾਨ ਮੰਤਰੀ ਜੀ ਦਾ ਵੀ ਇੱਥੇ ਜ਼ਿਕਰ ਹੋਇਆ ।

(ਇਸ ਸਮੇਂ ਟਰਾਂਸਪੋਰਟ ਮੰਤਰੀ ਸਾਹਿਬ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਗੈਰ ਇਜਾਜ਼ਤ ਬੋਲ ਰਹੇ ਸਨ।)

ਸਪੀਕਰ ਸਾਹਿਬ, ਗੱਲ ਇਹ ਨਹੀਂ ਹੈ ਕਿ ਕੌਣ ਪੱਗ ਦਾ ਜ਼ਿਆਦਾ ਹਮਾਇਤੀ ਹੈ ਅਤੇ ਕੌਣ ਨਹੀਂ ਹੈ। ਅਸੀਂ ਸਾਰੇ ਆਪਣੀ ਪਾਰਟੀ ਵੱਲੋਂ ਬਾਦਲ ਸਾਹਿਬ ਦੁਆਰਾ ਲਿਆਂਦੇ ਗਏ ਇਸ ਮਤੇ ਦਾ ਸਮਰਥਨ ਕਰਦੇ ਹਾਂ, ਪਰ ਜੇਕਰ ਉਨ੍ਹਾਂ ਨੇ ਕੋਈ ਗੱਲ ਕਹਿ ਦਿੱਤੀ ਹੈ ਤਾਂ ਇਸ ਵਿੱਚ ਇੰਨਾ ਵਾਵੇਲਾ ਖੜ੍ਹਾ ਕਰਨ ਵਾਲੀ ਗੱਲ ਨਹੀਂ ਹੈ। ਜਿੱਥੇ ਅਸੀਂ ਆਪਣੀ ਗੱਲ ਕਰਨ ਦਾ ਅਧਿਕਾਰ ਸਮਝਦੇ ਹਾਂ ਤਾਂ ਸਾਨੂੰ ਸੁਣਨ ਦਾ ਹਾਜ਼ਮਾ ਵੀ ਰੱਖਣਾ ਚਾਹੀਦਾ ਹੈ, ਫਰਾਖਦਿਲੀ ਰੱਖਣੀ ਚਾਹੀਦੀ ਹੈ। ਹੁਣ ਖਹਿਰਾ ਸਾਹਿਬ ਬੋਲ ਰਹੇ ਹਨ, ਵਿੱਚੋਂ ਮਾਸਟਰ ਜੀ ਖੜ੍ਹੇ ਹੋ ਗਏ, ਆਪਣੀ ਪਰਿਭਾਸ਼ਾ ਦੇਣ ਲੱਗ ਪਏ, ਤੁਹਾਨੂੰ ਗਾਈਡ ਕਰਨ ਲੱਗ ਪਏ (ਮਾਨਯੋਗ ਸਪੀਕਰ ਸਾਹਿਬ ਨੂੰ ਸੰਬੋਧਨ ਕਰਦੇ ਹੋਏ)। ਤੁਸੀਂ ਪੂਰੀ ਗੱਲ ਸੁਣ ਰਹੇ ਹੋ, ਮਾਸਟਰ ਮੋਹਨ ਲਾਲ ਜੀ ਨੂੰ ਪਤਾ ਨਹੀਂ ਕੀ ਤਕਲੀਫ ਹੋ ਗਈ। ਮੈਂ ਆਪਣੀ ਪਾਰਟੀ ਵੱਲੋਂ ਇਸ ਮਤੇ ਦਾ ਸਮਰਥਨ ਕਰਨ ਲਈ ਖੜ੍ਹਾ ਹੋਇਆ ਹਾਂ। ਸਰਬਸੰਮਤੀ ਨਾਲ ਇਹ ਮਤਾ ਪਾਸ ਕਰ ਦਿੱਤਾ ਜਾਵੇ।

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ)** : ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਕੁਝ ਕਾਂਗਰਸ ਦੇ ਸੀਨੀਅਰ ਲੀਡਰ ਦਿੱਲੀ ਬੈਠੇ ਹਨ ਟਿਕਟਾਂ ਦੀ ਵੰਡ ਦੇ ਸਿਲਸਿਲੇ ਵਿੱਚ ਅਤੇ ਸਾਡੇ ਬਰਾੜ ਸਾਹਿਬ ਨੂੰ ਲੀਡਰ ਆਫ ਦੀ ਆਪੋਜ਼ੀਸ਼ਨ ਬਣਨ ਦਾ ਮੌਕਾ ਮਿਲਿਆ ਹੈ। ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ ਕਿ as a Leader of the opposition ਜਿਸ ਤਰ੍ਹਾਂ ਸੰਜੀਦਗੀ ਨਾਲ ਇਨ੍ਹਾਂ ਨੂੰ ਆਪਣੀ ਡਿਊਟੀ ਦੇਣੀ ਚਾਹੀਦੀ ਹੈ, ਉਹ ਇਨ੍ਹਾਂ ਨੇ ਦਿੱਤੀ ਹੈ। ਪਹਿਲਾਂ ਜੋ ਬਿਜ਼ਨਸ ਐਡਵਾਇਜ਼ਰੀ ਕਮੇਟੀ ਵਿੱਚ ਫੈਸਲਾ ਹੋਇਆ ਸੀ, ਉਸ ਤੇ ਵੀ ਇਨ੍ਹਾਂ ਨੇ ਆਪਣੀ ਮੋਹਰ ਲਗਾਈ ਭਾਵੇਂ ਕਿ ਇਨ੍ਹਾਂ ਦੇ ਇੱਕ

* Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ ]

ਨੌਜਵਾਨ ਜੋਸ਼ੀਲੇ ਮੈਂਬਰ ਦੇ ਕੁਝ ਹੋਰ ਵਿਊ ਸਨ। ਮੈਂ ਬਰਾੜ ਸਾਹਿਬ ਨੂੰ ਵਿਸ਼ ਕਰਦਾ ਹਾਂ ਕਿ ਉਹ ਲੀਡਰ ਆਫ ਦੀ ਆਪੋਜ਼ੀਸ਼ਨ ਹੀ ਬਣ ਜਾਣ। (ਹਾਸਾ) ਦੂਜਾ ਇਹ ਕਿ ਹੈ ਤਾਂ ਸਾਡਾ ਨੌਜਵਾਨ, ਬੱਚਾ ਹੀ ਸਮਝ ਲਓ, ਉਹ ਗੁੱਸਾ ਵੀ ਕਰੇਗਾ, ਪਰ ਸਾਡੇ ਮਾਲਵੇ ਵਿੱਚ ਇੱਕ ਲਫਜ਼ ਹੁੰਦਾ ਹੈ ** ਇਹ ਖਹਿਰਾ ਸਾਹਿਬ..........

(ਇਸ ਵੇਲੇ ਆਪੋਜ਼ੀਸ਼ਨ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਹਾਊਸ ਵਿੱਚ ਕਾਫੀ ਸ਼ੋਰ ਸੀ।)

ਮੁੱਖ ਮੰਤਰੀ : ਬੇਟਾ ਗੱਲ ਤਾਂ ਸੁਣ ਲਓ।

ਮਾਨਯੋਗ ਸਪੀਕਰ : ਇਹ ਰਿਕਾਰਡ ਤੇ ਨਾ ਲਿਆਂਦਾ ਜਾਵੇ।

(ਇਸ ਸਮੇਂ ਹਾਊਸ ਵਿੱਚ ਕਾਫੀ ਸ਼ੋਰ ਸੀ ਅਤੇ ਵਿਰੋਧੀ ਧਿਰ ਦੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਸ਼ੋਰ ਪਾ ਰਹੇ ਸਨ।)

ਮਾਨਯੋਗ ਸਪੀਕਰ : ਬੈਠ ਜਾਓ, ਮੈਂ ਗੱਲ ਕਰਦਾ ਹਾਂ, ਤੁਸੀਂ ਬੈਠੋ, ਤੁਸੀਂ ਬੈਠੋ ਪਲੀਜ਼।.............ਮੈਂ ਕਹਿੰਦਾ ਹਾਂ ਤੁਸੀਂ ਬੈਠੋ।............ਇਹ ਸਟੇਜ ਦੀਆਂ ਗੱਲਾਂ ਹਨ। ਤੁਸੀਂ ਬੈਠ ਜਾਓ। ਇੱਕ ਮਿੰਟ ਲਈ ਤੁਸੀਂ ਬੈਠੋ ਪਲੀਜ਼।........ਆਹ **ਵਾਲੀ ਗੱਲ ਐਕਸਪੰਜ ਕਰ ਦਿਓ। ਇਹ ਇਨ੍ਹਾਂ ਨੂੰ ਬੁਰੀ ਲੱਗੀ ਹੈ।.........(ਵਿਘਨ)...... (ਸ਼ੋਰ)......ਤੁਸੀਂ ਬੈਠੋ ਜੀ, ਬੈਠੋ ਜੀ ਬੈਠੋ......

(ਟਰੈਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਬੈਠੋ ਜੀ। ਰਣੀਕੇ ਸਾਹਿਬ ਤੁਸੀਂ ਵੀ ਬੈਠੋ। ਬੈਠੋ ਜੀ.... ਪਲੀਜ਼ ਬੇਮਤਲਬ ਦੀਆਂ ਗੱਲਾਂ ਤੁਸੀਂ ਕਿਉਂ ਕਰੀ ਜਾਂਦੇ ਹੋ**..........(ਵਿਘਨ).......** ਤੁਸੀਂ ਬੈਠਦੇ ਕਿਉਂ ਨਹੀਂ ?.......... ਪਲੀਜ਼ ਤੁਸੀਂ ਸਾਰੇ ਬੈਠੋ।......... ਬੈਠੋ ਹੁਣ, ਹਾਊਸ ਦੀ ਕਾਰਵਾਈ ਚਲਾਈਏ। ......ਇਹ ਸਾਰਾ ਕੁਝ ਐਕਸਪੰਜ ਕਰ ਦਿਓ।

---

## WALK-OUT

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਪ੍ਰਤੀ ਮੁੱਖ ਮੰਤਰੀ ਸਾਹਿਬ ਵੱਲੋਂ ਕਹੇ ਗਏ ਸ਼ਬਦਾਂ ਤੇ ਰੋਸ ਪ੍ਰਗਟ ਕਰਦੇ ਹੋਏ ਹਾਊਸ ਵਿੱਚ ਕਾਂਗਰਸ ਪਾਰਟੀ ਦੇ ਸਮੂਹ ਹਾਜ਼ਰ ਮੈਂਬਰ ਸਾਹਿਬਾਨ ਅਤੇ ਸਰਦਾਰ ਅਜੀਤ ਸਿੰਘ ਸ਼ਾਂਤ, ਆਜ਼ਾਦ ਮੈਂਬਰ ਹਾਊਸ ਵਿੱਚੋਂ **ਨਾਹਰੇ ਮਾਰਦੇ ਹੋਏ ਵਾਕ ਆਊਟ ਕਰ ਗਏ ਜੋ ਰਿਕਾਰਡ ਨਹੀਂ ਕੀਤੇ ਗਏ।)

ਮਾਨਯੋਗ ਸਪੀਕਰ : ਇਹ ਨਾਹਰੇ ਰਿਕਾਰਡ ਤੇ ਨਹੀਂ ਆਉਣਗੇ। ਇਹ ਐਕਸਪੰਜ ਕਰ ਦਿੱਤੇ ਜਾਣ।.........ਬੈਠੋ ਜੀ, ਹੁਣ ਬੈਠੋ।......... ਚਲੋ ਹੁਣ ਆ ਜਾਓ। ਮਤੇ ਨੂੰ ਪਾਸ ਕਰਾਈਏ।.............

---

(1)OFFICIAL RESOLUTION REG. RECOMMONDATION TO THE GOVERNMENT OF INDIA TO TAKE UP THE MATTER WITH THE GOVERNMENT OF FRANCE FOR LIFTING THE RESTRICTIONS IMPOSED ON WEARING OF TURBANS ON THE COLLEGE/SCHOOL GOING CHILDREN OF SIKH COMMUNITY *(RESUMPTION)*

---

* Expunged not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਹਿਕਾਰਤਾ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਮੰਤਰੀ** : ਸਪੀਕਰ ਸਾਹਿਬ, ਵੋਟਿੰਗ ਕਰਾਉ ਜੀ। ਤੁਸੀਂ ਵੋਟਿੰਗ ਕਰਾਉ, ਵੋਟਿੰਗ ।

**ਮਾਨਯੋਗ ਸਪੀਕਰ** : ਤੁਸੀਂ ਬੈਠੋ ਜੀ।

**ਸਹਿਕਾਰਤਾ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਮੰਤਰੀ** : ਸਪੀਕਰ ਸਾਹਿਬ, ਤੁਸੀਂ ਵੋਟਿੰਗ ਕਰਾਉ ਜੀ।

**ਮਾਨਯੋਗ ਸਪੀਕਰ** : ਬਈ ਤੁਸੀਂ ਬੈਠੋ। ਸਾਰੇ ਪਹਿਲਾਂ ਸੀਟਾਂ ਤੇ ਬੈਠ ਜਾਉ।

**ਜੇਲ੍ਹਾਂ, ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ** : ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹੁੰਦਾ ਹਾਂ.............

(ਕੁਝ ਆਵਾਜ਼ਾਂ : ਹੁਣ ਮਤਾ ਪਾਸ ਹੋਣ ਦਿਉ।)

**ਮਾਨਯੋਗ ਸਪੀਕਰ** : ਮਤੇ ਤੇ ਕਿਸੇ ਨੇ ਬਹਿਸ ਦਾ ਟਾਈਮ ਲੈਣਾ ਹੈ, ਬੋਲਣਾ ਹੈ ਤਾਂ ਉਸ ਨੂੰ ਕੋਈ ਰੁਕਾਵਟ ਨਹੀਂ ਹੈ।

**ਸਹਿਕਾਰਤਾ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਮੰਤਰੀ** : ਸਪੀਕਰ ਸਾਹਿਬ, ਤੁਸੀਂ ਮਤੇ ਨੂੰ ਪਾਸ ਕਰਵਾਉ। ਸੀ.ਐਮ. ਸਾਹਿਬ ਤੋਂ ਉਪਰ ਹੋਰ ਕਿਹੜਾ ਬੋਲੇਗਾ। ਤੁਸੀਂ ਵੋਟਿੰਗ ਕਰਾਉ ।

(ਇਸ ਸਮੇਂ ਟਰੈਜ਼ਰੀ ਬੈਂਚਾਂ ਦੇ ਕਈ ਮਾਨਯੋਗ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਤੇ ਸਦਨ ਵਿਚ ਸ਼ੋਰ ਸੀ ।)

**ਮਾਨਯੋਗ ਸਪੀਕਰ** : ਬੈਠੋ ਜੀ, ਸਾਰੇ ਬੈਠੋ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

"ਕਿ ਇਹ ਸਦਨ ਸਰਬਸੰਮਤੀ ਨਾਲ ਭਾਰਤ ਸਰਕਾਰ ਨੂੰ ਜ਼ੋਰ ਦੇ ਕੇ ਆਖਦਾ ਹੈ ਕਿ ਫਰਾਂਸ ਸਰਕਾਰ ਵੱਲੋਂ ਸਿੱਖ ਬੱਚਿਆਂ ਤੇ ਸਕੂਲਾਂ/ਕਾਲਜਾਂ ਵਿਚ ਪਗੜੀ ਸਜਾ ਕੇ ਜਾਣ ਤੇ ਲਾਈ ਗਈ ਪਾਬੰਦੀ ਨੂੰ ਤੁਰੰਤ ਹਟਾਉਣ ਲਈ ਉਹ ਇਹ ਮਾਮਲਾ ਫਰਾਂਸ ਸਰਕਾਰ ਨਾਲ ਉਚ ਪੱਧਰ ਤੇ ਉਠਾਏ ਅਤੇ ਪਗੜੀ ਸਜਾ ਕੇ ਬੱਚਿਆਂ ਤੇ ਸਕੂਲਾਂ/ਕਾਲਜਾਂ ਵਿੱਚ ਜਾਣ ਤੇ ਲਾਈ ਗਈ ਪਾਬੰਦੀ ਨੂੰ ਤੁਰੰਤ ਖਤਮ ਕਰਾਏ ਅਤੇ ਭਾਰਤ ਅਤੇ ਵਿਦੇਸ਼ਾਂ ਵਿਚ ਵਸਦੇ ਸਮੁੱਚੇ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਲੱਗੀ ਠੇਸ ਨੂੰ ਤੁਰੰਤ ਦੂਰ ਕਰਵਾਏ ।"

*ਮਤਾ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

---

Original with;
Punjab Vidhan Sabha
Digitized by;
Panjab Digital Library

(2) OFFICIAL RESOLUTION REG: RECOMMENDATION TO THE GOVERNMENT OF INDIA TO FIX THE PRICE OF THE AGRICULTURAL PRODUCE IN CONFORMITY WITH THE RECOMMENDATIONS OF DR. M.S. SWAMINATHAN, A RENOWNED AGRICULTURAL SCIENTIST, AND TO MAKE DIESEL AVAILABLE TO THE FARMERS AT A PRICE OF 20% LESS THAN THE PREVAILING MARKET RATE BESIDES BRINGING DOWN THE RATE OF INTEREST FOR AGRICULTURAL REQUIREMENTS TO A MAXIMUM OF 4 %.

**ਮਾਨਯੋਗ ਸਪੀਕਰ** : ਹੁਣ ਸੀ.ਐਮ. ਸਾਹਿਬ ਅਗਲਾ ਮਤਾ ਪੇਸ਼ ਕਰਨਗੇ।

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ—

"ਕਿ ਜਦ ਕਿ ਖੇਤੀਬਾੜੀ ਦਾ ਕਿੱਤਾ ਦੇਸ਼ ਵਿਚ ਆਮ ਕਰਕੇ ਅਤੇ ਪੰਜਾਬ ਰਾਜ ਵਿਚ ਖਾਸ ਕਰਕੇ ਘਾਟੇ ਦਾ ਕਿੱਤਾ ਬਣ ਕੇ ਰਹਿ ਗਿਆ ਹੈ :

ਇਹ ਕਿ ਖੇਤੀਬਾੜੀ ਲਈ ਲੋੜੀਂਦੀਆਂ ਵਸਤਾਂ ਜਿਵੇਂ ਕਿ ਡੀਜ਼ਲ, ਬੀਜ, ਖਾਦਾਂ ਅਤੇ ਕੀੜੇ ਮਾਰ ਦਵਾਈਆਂ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੋਈ ਜਾ ਰਿਹਾ ਹੈ। ਐਪਰ ਖੇਤੀਬਾੜੀ ਦੀ ਪੈਦਾਵਾਰ ਦੀਆਂ ਕੀਮਤਾਂ ਮੁਕਾਬਲਤਨ ਅਨੁਪਾਤ ਵਿਚ ਨਹੀਂ ਵਧਾਈਆਂ ਜਾਂਦੀਆਂ। ਸਿੱਟੇ ਵਜੋਂ ਖੇਤੀਬਾੜੀ ਦੇ ਕਿੱਤੇ ਵਿਚ ਲੱਗੇ ਕਿਸਾਨ ਅਤੇ ਖੇਤ ਮਜ਼ਦੂਰ ਕਰਜ਼ਾਈ ਹੋ ਰਹੇ ਹਨ ਤੇ ਉਨ੍ਹਾਂ ਵਿਚ ਭਾਰੀ ਮਾਯੂਸੀ ਛਾਈ ਪਈ ਹੈ। ਆਪਣੇ ਖਰਚੇ ਅਤੇ ਨਿੱਤਾ-ਪ੍ਰਤੀ ਲੋੜਾਂ ਪੂਰੀਆਂ ਨਾ ਹੋਣ ਕਰਕੇ ਅਤੇ ਕਰਜ਼ੇ ਦੀ ਪੰਡ ਦਿਨ-ਬ-ਦਿਨ ਭਾਰੀ ਹੁੰਦੀ ਜਾ ਰਹੀ ਵੇਖ ਕੇ ਬਹੁ-ਗਿਣਤੀ ਵਿਚ ਅਜਿਹੇ ਕਿਸਾਨ ਅਤੇ ਖੇਤ ਮਜ਼ਦੂਰ ਜ਼ਿੰਦਗੀ ਤੋਂ ਆਵਾਜਾਰ ਹੋ ਕੇ ਖੁਦਕਸ਼ੀਆਂ ਦੇ ਪਾਸੇ ਤੁਰਨ ਤੇ ਮਜਬੂਰ ਹੋ ਰਹੇ ਹਨ। ਅਜਿਹੀਆਂ ਬਹੁਤ ਸਾਰੀਆਂ ਮੰਦਭਾਗੀਆਂ ਘਟਨਾਵਾਂ ਪੰਜਾਬ ਵਿਚ ਵਰਤ ਰਹੀਆਂ ਹਨ।

ਇਹ ਵੀ ਕਿ ਖੇਤੀਬਾੜੀ ਦੇ ਉਤਰ ਕਿੱਤੇ ਵਿਚ ਲੱਗੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਹੋ ਰਹੀ ਇਹ ਗੰਭੀਰ ਦੁਰਦਸ਼ਾ ਭਾਰਤ ਸਰਕਾਰ ਤੋਂ ਫੌਰੀ ਨਿਜਾਤੀ ਕਦਮ ਚੁੱਕਣ ਦੀ ਮੰਗ ਕਰਦੀ ਹੈ।

ਇਸ ਲਈ ਇਹ ਸਦਨ ਸਰਬਸੰਮਤੀ ਨਾਲ ਭਾਰਤ ਸਰਕਾਰ ਨੂੰ ਆਖਦਾ ਹੈ ਕਿ ਉਹ ਕਿਸਾਨੀ ਨਾਲ ਸਬੰਧਤ ਇਸ ਵਿਸਫੋਟਕ ਮਾਮਲੇ ਵੱਲ ਤੁਰੰਤ ਧਿਆਨ ਦੇਵੇ। ਭਾਰਤ ਸਰਕਾਰ ਇਹ ਯਕੀਨੀ ਬਣਾਵੇ ਕਿ ਖੇਤੀਬਾੜੀ ਪੈਦਾਵਾਰ ਦੀਆਂ ਕੀਮਤਾਂ ਸੰਸਾਰ ਪ੍ਰਸਿੱਧ ਖੇਤੀ ਵਿਗਿਆਨੀ, ਡਾਕਟਰ ਐਮ.ਐਸ. ਸਵਾਮੀਨਾਥਨ ਦੀਆਂ ਸਿਫਾਰਸ਼ਾਂ ਨੂੰ ਮੁੱਖ ਰੱਖ ਕੇ ਨਿਸ਼ਚਿਤ ਕੀਤੀਆਂ ਜਾਇਆ ਕਰਨ । ਇਹ

Original with;
Punjab Vidhan Sabha
Digitized by;
Panjab Digital Library

ਸਦਨ ਭਾਰਤ ਸਰਕਾਰ ਤੋਂ ਇਹ ਵੀ ਮੰਗ ਕਰਦਾ ਹੈ ਕਿ ਕਿਸਾਨਾਂ ਨੂੰ ਡੀਜ਼ਲ ਬਜ਼ਾਰੀ ਕੀਮਤ ਤੋਂ 25% ਘੱਟ ਕੀਮਤ ਉਤੇ ਮੁਹੱਈਆ ਕਰਵਾਇਆ ਜਾਵੇ ਅਤੇ ਖੇਤੀਬਾੜੀ ਲਈ ਕਰਜ਼ਿਆਂ ਤੇ ਉਨ੍ਹਾਂ ਤੋਂ ਵਿਆਜ 4% ਲਿਆ ਜਾਵੇ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ—

"ਕਿ ਜਦ ਕਿ ਖੇਤੀਬਾੜੀ ਦਾ ਕਿੱਤਾ ਦੇਸ਼ ਵਿਚ ਆਮ ਕਰਕੇ ਅਤੇ ਪੰਜਾਬ ਰਾਜ ਵਿਚ ਖਾਸ ਕਰਕੇ ਘਾਟੇ ਦਾ ਕਿੱਤਾ ਬਣ ਕੇ ਰਹਿ ਗਿਆ ਹੈ :

ਇਹ ਕਿ ਖੇਤੀਬਾੜੀ ਲਈ ਲੋੜੀਂਦੀਆਂ ਵਸਤਾਂ ਜਿਵੇਂ ਕਿ ਡੀਜ਼ਲ, ਬੀਜ, ਖਾਦਾਂ ਅਤੇ ਕੀੜੇ ਮਾਰ ਦਵਾਈਆਂ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੋਈ ਜਾ ਰਿਹਾ ਹੈ। ਐਪਰ ਖੇਤੀਬਾੜੀ ਦੀ ਪੈਦਾਵਾਰ ਦੀਆਂ ਕੀਮਤਾਂ ਮੁਕਾਬਲਤਨ ਅਨੁਪਾਤ ਵਿਚ ਨਹੀਂ ਵਧਾਈਆਂ ਜਾਂਦੀਆਂ। ਸਿੱਟੇ ਵਜੋਂ ਖੇਤੀਬਾੜੀ ਦੇ ਕਿੱਤੇ ਵਿਚ ਲੱਗੇ ਕਿਸਾਨ ਅਤੇ ਖੇਤ ਮਜ਼ਦੂਰ ਕਰਜ਼ਾਈ ਹੋ ਰਹੇ ਹਨ ਤੇ ਉਨ੍ਹਾਂ ਵਿਚ ਭਾਰੀ ਮਾਯੂਸੀ ਛਾਈ ਪਈ ਹੈ। ਆਪਣੇ ਖਰਚੇ ਅਤੇ ਨਿੱਤਾ-ਪ੍ਰਤੀ ਲੋੜਾਂ ਪੂਰੀਆਂ ਨਾ ਹੋਣ ਕਰਕੇ ਅਤੇ ਕਰਜ਼ੇ ਦੀ ਪੰਡ ਦਿਨ-ਬ-ਦਿਨ ਭਾਰੀ ਹੁੰਦੀ ਜਾ ਰਹੀ ਵੇਖ ਕੇ ਬਹੁ-ਗਿਣਤੀ ਵਿਚ ਅਜਿਹੇ ਕਿਸਾਨ ਅਤੇ ਖੇਤ ਮਜ਼ਦੂਰ ਜ਼ਿੰਦਗੀ ਤੋਂ ਆਵਾਜਾਰ ਹੋ ਕੇ ਖੁਦਕਸ਼ੀਆਂ ਦੇ ਪਾਸੇ ਤੁਰਨ ਤੇ ਮਜਬੂਰ ਹੋ ਰਹੇ ਹਨ। ਅਜਿਹੀਆਂ ਬਹੁਤ ਸਾਰੀਆਂ ਮੰਦਭਾਗੀਆਂ ਘਟਨਾਵਾਂ ਪੰਜਾਬ ਵਿਚ ਵਰਤ ਰਹੀਆਂ ਹਨ।

ਇਹ ਵੀ ਕਿ ਖੇਤੀਬਾੜੀ ਦੇ ਉਤਰ ਕਿੱਤੇ ਵਿਚ ਲੱਗੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਹੋ ਰਹੀ ਇਹ ਗੰਭੀਰ ਦੁਰਦਸ਼ਾ ਭਾਰਤ ਸਰਕਾਰ ਤੋਂ ਫੌਰੀ ਨਿਜਾਤੀ ਕਦਮ ਚੁੱਕਣ ਦੀ ਮੰਗ ਕਰਦੀ ਹੈ।

ਇਸ ਲਈ ਇਹ ਸਦਨ ਸਰਬਸੰਮਤੀ ਨਾਲ ਭਾਰਤ ਸਰਕਾਰ ਨੂੰ ਆਖਦਾ ਹੈ ਕਿ ਉਹ ਕਿਸਾਨੀ ਨਾਲ ਸਬੰਧਤ ਇਸ ਵਿਸਫੋਟਕ ਮਾਮਲੇ ਵੱਲ ਤੁਰੰਤ ਧਿਆਨ ਦੇਵੇ। ਭਾਰਤ ਸਰਕਾਰ ਇਹ ਯਕੀਨੀ ਬਣਾਵੇ ਕਿ ਖੇਤੀਬਾੜੀ ਪੈਦਾਵਾਰ ਦੀਆਂ ਕੀਮਤਾਂ ਸੰਸਾਰ ਪ੍ਰਸਿੱਧ ਖੇਤੀ ਵਿਗਿਆਨੀ, ਡਾਕਟਰ ਐਮ.ਐਸ. ਸਵਾਮੀਨਾਥਨ ਦੀਆਂ ਸਿਫਾਰਸ਼ਾਂ ਨੂੰ ਮੁੱਖ ਰੱਖ ਕੇ ਨਿਸ਼ਚਿਤ ਕੀਤੀਆਂ ਜਾਇਆ ਕਰਨ। ਇਹ ਸਦਨ ਭਾਰਤ ਸਰਕਾਰ ਤੋਂ ਇਹ ਵੀ ਮੰਗ ਕਰਦਾ ਹੈ ਕਿ ਕਿਸਾਨਾਂ ਨੂੰ ਡੀਜ਼ਲ ਬਜ਼ਾਰੀ ਕੀਮਤ ਤੋਂ 25% ਘੱਟ ਕੀਮਤ ਉਤੇ ਮੁਹੱਈਆ ਕਰਵਾਇਆ ਜਾਵੇ ਅਤੇ ਖੇਤੀਬਾੜੀ ਲਈ ਕਰਜ਼ਿਆਂ ਤੇ ਉਨ੍ਹਾਂ ਤੋਂ ਵਿਆਜ 4% ਲਿਆ ਜਾਵੇ।"

ਬਹਿਸ, ਜੇਕਰ ਕੋਈ ਹੋਵੇ।

(ਇਸ ਸਮੇਂ ਕੋਈ ਵੀ ਮਾਨਯੋਗ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

"ਕਿ ਜਦ ਕਿ ਖੇਤੀਬਾੜੀ ਦਾ ਕਿੱਤਾ ਦੇਸ਼ ਵਿਚ ਆਮ ਕਰਕੇ ਅਤੇ ਪੰਜਾਬ ਰਾਜ ਵਿਚ ਖਾਸ ਕਰਕੇ ਘਾਟੇ ਦਾ ਕਿੱਤਾ ਬਣ ਕੇ ਰਹਿ ਗਿਆ ਹੈ :

ਇਹ ਕਿ ਖੇਤੀਬਾੜੀ ਲਈ ਲੋੜੀਂਦੀਆਂ ਵਸਤਾਂ ਜਿਵੇਂ ਕਿ ਡੀਜ਼ਲ, ਬੀਜ, ਖਾਦਾਂ ਅਤੇ ਕੀੜੇ ਮਾਰ ਦਵਾਈਆਂ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੋਈ ਜਾ ਰਿਹਾ ਹੈ। ਐਪਰ ਖੇਤੀਬਾੜੀ ਦੀ ਪੈਦਾਵਾਰ ਦੀਆਂ ਕੀਮਤਾਂ ਮੁਕਾਬਲਤਨ ਅਨੁਪਾਤ ਵਿਚ ਨਹੀਂ ਵਧਾਈਆਂ ਜਾਂਦੀਆਂ। ਸਿੱਟੇ ਵਜੋਂ ਖੇਤੀਬਾੜੀ ਦੇ ਕਿੱਤੇ ਵਿਚ ਲੱਗੇ ਕਿਸਾਨ ਅਤੇ ਖੇਤ ਮਜ਼ਦੂਰ ਕਰਜ਼ਾਈ ਹੋ ਰਹੇ ਹਨ ਤੇ ਉਨ੍ਹਾਂ ਵਿਚ ਭਾਰੀ ਮਾਯੂਸੀ ਛਾਈ ਪਈ ਹੈ। ਆਪਣੇ ਖਰਚੇ ਅਤੇ ਨਿੱਤਾ-ਪ੍ਰਤੀ ਲੋੜਾਂ ਪੂਰੀਆਂ ਨਾ ਹੋਣ ਕਰਕੇ ਅਤੇ ਕਰਜ਼ੇ ਦੀ ਪੰਡ ਦਿਨ-ਬ-ਦਿਨ ਭਾਰੀ ਹੁੰਦੀ ਜਾ ਰਹੀ ਵੇਖ ਕੇ ਬਹੁ-ਗਿਣਤੀ ਵਿਚ ਅਜਿਹੇ ਕਿਸਾਨ ਅਤੇ ਖੇਤ ਮਜ਼ਦੂਰ ਜ਼ਿੰਦਗੀ ਤੋਂ ਆਵਾਜਾਰ ਹੋ ਕੇ ਖੁਦਕਸ਼ੀਆਂ ਦੇ ਪਾਸੇ ਤੁਰਨ ਤੇ ਮਜਬੂਰ ਹੋ ਰਹੇ ਹਨ। ਅਜਿਹੀਆਂ ਬਹੁਤ ਸਾਰੀਆਂ ਮੰਦਭਾਗੀਆਂ ਘਟਨਾਵਾਂ ਪੰਜਾਬ ਵਿਚ ਵਰਤ ਰਹੀਆਂ ਹਨ।

ਇਹ ਵੀ ਕਿ ਖੇਤੀਬਾੜੀ ਦੇ ਉਤਰ ਕਿੱਤੇ ਵਿਚ ਲੱਗੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਹੋ ਰਹੀ ਇਹ ਗੰਭੀਰ ਦੁਰਦਸ਼ਾ ਭਾਰਤ ਸਰਕਾਰ ਤੋਂ ਫੌਰੀ ਨਿਜਾਤੀ ਕਦਮ ਚੁੱਕਣ ਦੀ ਮੰਗ ਕਰਦੀ ਹੈ।

ਇਸ ਲਈ ਇਹ ਸਦਨ ਸਰਬਸੰਮਤੀ ਨਾਲ ਭਾਰਤ ਸਰਕਾਰ ਨੂੰ ਆਖਦਾ ਹੈ ਕਿ ਉਹ ਕਿਸਾਨੀ ਨਾਲ ਸਬੰਧਤ ਇਸ ਵਿਸਫੋਟਕ ਮਾਮਲੇ ਵੱਲ ਤੁਰੰਤ ਧਿਆਨ ਦੇਵੇ। ਭਾਰਤ ਸਰਕਾਰ ਇਹ ਯਕੀਨੀ ਬਣਾਵੇ ਕਿ ਖੇਤੀਬਾੜੀ ਪੈਦਾਵਾਰ ਦੀਆਂ ਕੀਮਤਾਂ ਸੰਸਾਰ ਪ੍ਰਸਿੱਧ ਖੇਤੀ ਵਿਗਿਆਨੀ, ਡਾਕਟਰ ਐਮ.ਐਸ. ਸਵਾਮੀਨਾਥਨ ਦੀਆਂ ਸਿਫਾਰਸ਼ਾਂ ਨੂੰ ਮੁੱਖ ਰੱਖ ਕੇ ਨਿਸ਼ਚਿਤ ਕੀਤੀਆਂ ਜਾਇਆ ਕਰਨ। ਇਹ ਸਦਨ ਭਾਰਤ ਸਰਕਾਰ ਤੋਂ ਇਹ ਵੀ ਮੰਗ ਕਰਦਾ ਹੈ ਕਿ ਕਿਸਾਨਾਂ ਨੂੰ ਡੀਜ਼ਲ ਬਜ਼ਾਰੀ ਕੀਮਤ ਤੋਂ 25% ਘੱਟ ਕੀਮਤ ਉਤੇ ਮੁਹੱਈਆ ਕਰਵਾਇਆ ਜਾਵੇ ਅਤੇ ਖੇਤੀਬਾੜੀ ਲਈ ਕਰਜ਼ਿਆਂ ਤੇ ਉਨ੍ਹਾਂ ਤੋਂ ਵਿਆਜ 4% ਲਿਆ ਜਾਵੇ।"

*ਮਤਾ ਸਰਬਸੰਮਤੀ ਨਾਲ ਪ੍ਰਵਾਨ ਹੋਇਆ ।*

---

Original with;
Punjab Vidhan Sabha
Digitized by;
Panjab Digital Library

# MOTION OF THANKS AND DISCUSSION ON GOVERNOR'S ADDRESS

**ਮਾਨਯੋਗ ਸਪੀਕਰ :** ਅਗਲੀ ਆਈਟਮ, ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਅਤੇ ਬਹਿਸ। ਸਰਦਾਰ ਵਿਰਸਾ ਸਿੰਘ ਵਲਟੋਹਾ ਮਤਾ ਪੇਸ਼ ਕਰਨਗੇ।

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ—

"ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿਚ ਮਾਣ-ਪੱਤਰ ਪੇਸ਼ ਕੀਤਾ ਜਾਵੇ :—

'ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 27 ਫਰਵਰੀ, 2009 ਨੂੰ ਸਦਨ ਵਿੱਚ ਦੇਣ ਦੀ ਕਿਰਪਾਲਤਾ ਕੀਤੀ।'

**ਮਾਨਯੋਗ ਸਪੀਕਰ :** ਇਸ ਦੀ ਪ੍ਰੋੜ੍ਹਤਾ ਸਰਦਾਰ ਅਮਰਜੀਤ ਸਿੰਘ ਸਾਹੀ ਕਰਨਗੇ।

**ਸਰਦਾਰ ਅਮਰਜੀਤ ਸਿੰਘ ਸਾਹੀ :** ਸ਼੍ਰੀਮਾਨ ਜੀ, ਜੋ ਪ੍ਰਸਤਾਵ ਮੇਰੇ ਕਾਬਲ ਦੋਸਤ ਸਰਦਾਰ ਵਿਰਸਾ ਸਿੰਘ ਵਲਟੋਹਾ ਜੀ ਨੇ ਰੱਖਿਆ ਹੈ, ਮੈਂ ਉਸਦੀ ਪੁਰਜ਼ੋਰ ਪ੍ਰੋੜ੍ਹਤਾ ਕਰਦਾ ਹਾਂ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ—

"ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿਚ ਮਾਣ-ਪੱਤਰ ਪੇਸ਼ ਕੀਤਾ ਜਾਵੇ :—

"ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 27 ਫਰਵਰੀ, 2009 ਨੂੰ ਸਦਨ ਵਿੱਚ ਦੇਣ ਦੀ ਕਿਰਪਾਲਤਾ ਕੀਤੀ ।"

ਬਹਿਸ । ਵਲਟੋਹਾ ਜੀ ।

**ਸਰਦਾਰ ਵਿਰਸਾ ਸਿੰਘ ਵਲਟੋਹਾ (ਵਲਟੋਹਾ) :** ਸਪੀਕਰ ਸਾਹਿਬ, 27 ਫਰਵਰੀ ਨੂੰ ਜੋ ਮਾਨਯੋਗ ਗਵਰਨਰ ਸਾਹਿਬ ਨੇ ਸਦਨ ਵਿੱਚ ਭਾਸ਼ਣ ਦਿੱਤਾ, ਸਮੁੱਚੇ ਸਦਨ ਨੂੰ ਐਡਰੈੱਸ ਕੀਤਾ, ਉਸ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਉਹ ਥੋੜ੍ਹੀ ਹੈ। ਗਵਰਨਰ ਐਡਰੈੱਸ ਰਾਜ ਸਰਕਾਰ ਦੀ ਸੋਚ ਅਤੇ ਨੀਤੀਆਂ ਦੇ ਨਾਲ ਨਾਲ ਪ੍ਰਾਪਤੀਆਂ ਦਾ ਵੀ ਮੂੰਹ ਬੋਲਦਾ ਸ਼ੀਸ਼ਾ ਹੁੰਦਾ ਹੈ। ਮੈਂ ਪੰਜਾਬ ਸਰਕਾਰ ਦੇ ਝੂਠੇ ਸੋਹਿਲੇ ਗਾਉਣ ਲਈ ਖੜ੍ਹਾ ਨਹੀਂ ਹੋਇਆ, ਮੈਂ ਸੱਚ ਦੀ ਗੱਲ ਕਰਨ ਲਈ ਖੜ੍ਹਾ ਹੋਇਆ ਹਾਂ। ਜਦ-ਜਦ ਵੀ ਪੰਜਾਬ ਦੇ ਅੰਦਰ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਸਰਕਾਰ ਆਈ ਹੈ, ਪੰਜਾਬ

Original with;
Punjab Vidhan Sabha
Digitized by;
Panjab Digital Library

**[ਸਰਦਾਰ ਵਿਰਸਾ ਸਿੰਘ ਵਲਟੋਹਾ]**

ਦਾ ਵਿਕਾਸ ਉਦੋਂ-ਉਦੋਂ ਹੀ ਹੋਇਆ ਹੈ। ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਆਪਣੇ ਭਾਸ਼ਣ ਵਿੱਚ ਬਾਅਦ ਵਿਚ ਕਰਾਂਗਾ, ਮੈਂ ਵੀ ਆਪਣਾ ਭਾਸ਼ਣ ਉੱਥੋਂ ਸ਼ੁਰੂ ਕਰਨਾ ਚਾਹੁੰਦਾ ਹਾਂ ਜਿੱਥੋਂ ਮਾਨਯੋਗ ਗਵਰਨਰ ਸਾਹਿਬ ਨੇ ਸ਼ੁਰੂ ਕੀਤਾ ਹੈ। ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਜਿੱਥੇ ਪੰਜਾਬ ਸਰਕਾਰ ਦੀਆਂ ਨੀਤੀਆਂ ਅਤੇ ਪ੍ਰਾਪਤੀਆਂ ਦਾ ਬੜੇ ਜ਼ੋਰ ਨਾਲ ਜ਼ਿਕਰ ਕੀਤਾ ਹੈ ਉਥੇ ਹੀ ਦੇਸ਼ ਦੇ ਰਾਜਨੀਤੀਕ ਢਾਂਚੇ ਵਿਚ ਕਮਜ਼ੋਰੀਆਂ ਦੀ ਵੀ ਗੱਲ ਕੀਤੀ ਹੈ।

*12.16 ਵਜੇ ਬਾਅਦ ਦੁਪਹਿਰ (ਇਸ *ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ ਹਿੰਦੁਸਤਾਨ ਦੀ ਸਰਕਾਰ ਨੂੰ ਮੰਗ ਕੀਤੀ ਸੀ ਕਿ ਉਹ ਹਿੰਦੁਸਤਾਨ ਦੇ ਵੱਖ-ਵੱਖ ਰਾਜਾਂ/ਸਟੇਟਾਂ ਨੂੰ ਵਿੱਤੀ ਅਧਿਕਾਰ ਦੇਵੇ। ਆਪਾਂ ਸਾਰੇ ਹੀ ਪੰਜਾਬ ਦਾ ਭਲਾ ਚਾਹੁਣ ਵਾਲੇ ਬੈਠੇ ਹਾਂ, ਪੰਜਾਬ ਦਾ ਵਿਕਾਸ ਚਾਹੁੰਦੇ ਹਾਂ, ਪੰਜਾਬ ਨੂੰ ਤਰੱਕੀਆਂ ਅਤੇ ਬੁਲੰਦੀਆਂ ਤੇ ਲਿਜਾਣਾ ਚਾਹੁੰਦੇ ਹਾਂ । ਪਰ ਹਿੰਦੁਸਤਾਨ ਦਾ ਢਾਂਚਾ ਇਸ ਤਰ੍ਹਾਂ ਦਾ ਹੈ ਕਿ ਸੂਬਿਆਂ ਦੀਆਂ ਸਰਕਾਰਾਂ ਦੀਆਂ ਬਾਹਾਂ ਪਿੱਛੇ ਕਰਕੇ ਹਿੰਦੁਸਤਾਨ ਦੀ ਸਰਕਾਰ ਨੇ ਬੰਨ੍ਹੀਆਂ ਹੋਈਆਂ ਹਨ। ਇਹ ਬੰਨ੍ਹੀਆਂ ਕਿਵੇਂ ਹਨ ? ਇਹ ਤੁਸੀਂ ਸਾਰੇ ਜਾਣਦੇ ਹੋ ਕਿ ਹਿੰਦੁਸਤਾਨ ਦੇ ਸਾਰੇ ਸੂਬੇ ਦਿੱਲੀ ਦੀ ਸਰਕਾਰ ਦੀ ਖ਼ੈਰਾਤ ਤੇ ਮੁਨੱਸਰ ਹਨ। ਅਸੀਂ ਖੈਰਾਤ ਨਹੀਂ ਮੰਗਦੇ। ਜੋ ਪੰਜਾਬ ਸਰਕਾਰ ਨੇ ਜਾਂ ਮਾਨਯੋਗ ਗਵਰਨਰ ਸਾਹਿਬ ਨੇ ਆਪਣੇ ਐਡਰੈੱਸ ਵਿਚ ਇਹ ਗੱਲ ਕੀਤੀ ਹੈ, ਇਹ ਅਸੀਂ ਕੋਈ ਖੈਰਾਤ ਨਹੀਂ ਮੰਗ ਰਹੇ, ਅਸੀਂ ਆਪਣਾ ਹਿੱਸਾ ਮੰਗਦੇ ਹਾਂ, ਆਪਣਾ ਹੱਕ ਮੰਗਦੇ ਹਾਂ। ਪੰਜਾਬ ਦੇ ਅੰਦਰ ਬਹੁਤ ਵੱਡੀ ਪੱਧਰ ਤੇ ਟੈਕਸ ਹਿੰਦੁਸਤਾਨ ਦੀ ਸਰਕਾਰ ਉਗਰਾਹ ਰਹੀ ਹੈ ਔਰ ਜੋ ਸਾਡੀਆਂ ਜ਼ਰੂਰਤਾਂ ਹਨ, ਜੋ ਅਸੀਂ ਇੱਥੇ ਇਨਫਰਾਸਟਰਕਚਰ ਚਾਹੁੰਦੇ ਹਾਂ, ਬੁਨਿਆਦੀ ਢਾਂਚੇ ਦਾ ਵਿਕਾਸ ਚਾਹੁੰਦੇ ਹਾਂ, ਜੋ ਸਾਡੀਆਂ ਪੰਜਾਬ ਦੀਆਂ ਲੋੜਾਂ ਹਨ, ਉਨ੍ਹਾਂ ਵਾਸਤੇ ਪ੍ਰਾਜੈਕਟ ਬਣਾ ਕੇ ਹਿੰਦੁਸਤਾਨ ਦੀ ਸਰਕਾਰ ਕੋਲ ਲਿਜਾਣੇ ਪੈਂਦੇ ਹਨ, ਉਨ੍ਹਾਂ ਦੀ ਮਰਜ਼ੀ ਹੈ ਕਿ ਸਾਡੇ ਪ੍ਰਾਜੈਕਟਾਂ ਨੂੰ ਸਵੀਕਾਰ ਕਰਨ, ਸਾਡੀ ਪਰਪੋਜ਼ਲ ਨੂੰ ਮੰਨਣ ਜਾਂ ਨਾ ਮੰਨਣ। ਕਮਾਈ ਕੋਈ ਕਰੇ ਤੇ ਉਸ ਤੇ ਮਾਣ ਕੋਈ ਹਾਸਲ ਕਰੇ। ਇਹ ਕੋਈ ਸਿਆਣੀ ਗੱਲ ਨਹੀਂ । ਕਮਾਈ ਪੰਜਾਬ ਕਰਦਾ ਹੈ, ਪੰਜਾਬ ਦੇ ਲੋਕ ਕਮਾਈ ਕਰਦੇ ਹਨ, ਪੰਜਾਬ ਦੇ ਲੋਕਾਂ ਦੀ ਕਮਾਈ ਵਿੱਚੋਂ ਜਿਹੜੇ ਟੈਕਸ ਹਨ, ਉਹ ਹਿੰਦੁਸਤਾਨ ਦੀ ਸਰਕਾਰ ਉਗਰਾਹ ਕੇ ਲੈ ਜਾਂਦੀ ਹੈ। ਅਸੀਂ ਚਾਹੁੰਦੇ ਹਾਂ ਕਿ ਇਹ ਜਿਹੜੇ ਟੈਕਸ ਹਨ, ਜਿਹੜੇ ਕੁਝ ਮਹਿਕਮੇ ਹਨ ਜਿਹੜੇ ਹਿੰਦੁਸਤਾਨ ਦੀ ਸਰਕਾਰ ਲਈ ਚਲਾਉਣੇ ਜ਼ਰੂਰੀ ਹਨ, ਉਨ੍ਹਾਂ ਵਾਸਤੇ ਹੀ ਸਾਡੇ ਕੋਲੋਂ ਲਵੇ। ਇਹ ਪੱਕਾ ਹੀ ਸਾਰਾ ਕੁਝ ਪੰਜਾਬ ਜਾਂ ਹਿੰਦੁਸਤਾਨ ਦੇ ਦੂਸਰੇ ਰਾਜਾਂ ਵਾਸਤੇ ਕੁਝ ਛੱਡ ਦੇਵੇ ਤਾਂ ਕਿ ਉਹ ਆਪਣੇ ਇਕੱਠੇ ਹੋਏ ਪੈਸਿਆਂ ਨਾਲ ਆਪਣੀ ਸਟੇਟ ਦਾ, ਆਪਣੇ ਸੂਬੇ ਦਾ ਵਿਕਾਸ ਕਰ ਸਕਣ। ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਇੱਕ ਹੋਰ ਵੀ ਜਿਹੜਾ ਸਾਡੇ ਪੰਜਾਬ ਦਾ ਬੜਾ ਪੁਰਾਣਾ

Original with;
Punjab Vidhan Sabha
Digitized by;
Panjab Digital Library

ਮੁੱਦਾ ਹੈ, ਮੰਗ ਹੈ ਔਰ ਜਿਹੜਾ ਸਾਡਾ ਹੱਕ ਹੈ, ਉਸ ਦੀ ਵੀ ਗੱਲ ਕੀਤੀ ਹੈ। ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਜਿਹੜੇ ਹਨ ਉਹ ਪੰਜਾਬ ਵਿੱਚ ਸ਼ਾਮਿਲ ਕਰਨ ਦੀ ਗੱਲ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਹਿੰਦੁਸਤਾਨ ਦੇ ਅੰਦਰ ਕੋਈ ਇਹੋ ਜਿਹਾ ਸੂਬਾ ਨਹੀਂ, ਜਿਸ ਦੀ ਆਪਣੀ ਰਾਜਧਾਨੀ ਨਹੀਂ। ਪੰਜਾਬ ਹੀ ਕੇਵਲ ਇੱਕੋ ਇੱਕ ਸੂਬਾ ਹੈ, ਜਿਸ ਦੀ ਆਪਣੀ ਰਾਜਧਾਨੀ ਨਹੀਂ ਹੈ। ਜਦੋਂ ਸਾਂਝਾ ਪੰਜਾਬ ਸੀ ਤਾਂ ਉਸ ਦੀ ਰਾਜਧਾਨੀ ਚੰਡੀਗੜ੍ਹ ਸੀ। ਜੇ ਪੰਜਾਬ ਵੱਖਰਾ ਬਣਿਆ ਤਾਂ ਚੰਡੀਗੜ੍ਹ ਉਤੇ ਵੀ ਪੰਜਾਬ ਦਾ ਹੱਕ ਸੀ। ਬੜੇ ਮੋਰਚੇ ਲੱਗੇ, ਲੋਕਾਂ ਨੂੰ ਬੜੀਆਂ ਜੇਲ੍ਹਾਂ ਵਿੱਚ ਜਾਣਾ ਪਿਆ, ਫਿਰ ਕਿਤੇ ਜਾ ਕੇ ਪੰਜਾਬ ਦੇ ਅੰਦਰੋਂ ਉੱਠੀ ਹੋਈ ਪੰਜਾਬੀ ਸੂਬੇ ਦੀ ਮੰਗ ਨੂੰ ਹਿੰਦੁਸਤਾਨ ਦੀ ਸਰਕਾਰ ਨੇ ਸਵੀਕਾਰ ਕੀਤਾ। ਡਿਪਟੀ ਸਪੀਕਰ ਸਾਹਿਬ, ਤੁਸੀਂ ਮੇਰੇ ਨਾਲੋਂ ਵੱਧ ਜਾਣਦੇ ਹੋ, ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਪੂਰੇ ਹਿੰਦੁਸਤਾਨ ਦੇ ਅੰਦਰ ਬੋਲੀ ਦੇ ਅਧਾਰ ਤੇ ਸੂਬੇ ਬਣੇ। ਪੰਜਾਬ ਦੇ ਲੋਕਾਂ ਨੇ ਵੀ, ਜਿਹੜੇ ਪੰਜਾਬੀ ਬੋਲਦੇ ਸਨ, ਉਨ੍ਹਾਂ ਉੱਤੇ ਆਪਣਾ ਹੱਕ ਮੰਗਿਆ, ਪੰਜਾਬੀ ਸੂਬਾ ਮੰਗਿਆ। ਉਨ੍ਹਾਂ ਤੇ ਬੰਦਸ਼ਾਂ ਲੱਗੀਆਂ, ਉਨ੍ਹਾਂ ਨੂੰ ਜੇਲ੍ਹਾਂ ਵਿੱਚ ਜਾਣਾ ਪਿਆ ਔਰ ਇੱਡੀ ਵੱਡੀ ਘਾਲਣਾ ਤੋਂ ਬਾਅਦ, ਇੱਡੇ ਵੱਡੇ ਸੰਘਰਸ਼ ਤੋਂ ਬਾਅਦ ਵੀ ਜੋ ਪੰਜਾਬ ਨੂੰ ਪੰਜਾਬੀ ਸੂਬਾ ਮਿਲਿਆ, ਪੰਜਾਬ ਹੋਂਦ ਵਿੱਚ ਆਇਆ, ਇਹ ਬਹੁਤ ਵੱਡਾ ਧੱਕਾ ਕੀਤਾ ਗਿਆ। ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਵੀ ਹਿੰਦੁਸਤਾਨ ਦੀ ਸਰਕਾਰ ਨੇ ਖੋਹ ਲਏ ।

ਗਵਰਨਰ ਸਾਹਿਬ ਨੇ ਆਪਣੇ ਐਡਰੈੱਸ ਦੇ ਵਿੱਚ ਦਰਿਆਈ ਪਾਣੀਆਂ ਦੀ ਵੀ ਗੱਲ ਕੀਤੀ ਹੈ। ਪੂਰੀ ਦੁਨੀਆਂ ਦਾ ਰਾਇਪੇਰੀਅਨ ਲਾਅ ਜਿਹੜਾ ਹੈ, ਉਹ ਕਿਤੇ ਵੀ ਇਜਾਜ਼ਤ ਨਹੀਂ ਦਿੰਦਾ ਕਿ ਪਾਣੀ ਕਿਸੇ ਦਾ ਹੋਵੇ ਤੇ ਵਰਤੇ ਕੋਈ, ਪਰ ਹਿੰਦੁਸਤਾਨ ਦੀ ਸਰਕਾਰ ਨੇ ਪੰਜਾਬ ਦੇ ਨਾਲ ਇਥੇ ਵੀ ਧੱਕਾ ਕੀਤਾ ਹੈ। ਪੰਜਾਬ ਦਾ ਪਾਣੀ ਜਿਹੜਾ ਪੰਜਾਬ ਦੀ ਵਰਤੋਂ ਲਈ ਥੋੜ੍ਹਾ ਹੈ, ਉਸ ਦੇ ਵਿੱਚੋਂ ਵੀ ਬਹੁਤ ਵੱਡਾ ਹਿੱਸਾ ਜਿਹੜਾ ਹੈ, ਉਹ ਗਵਾਂਢੀ ਰਾਜਾਂ ਨੂੰ ਦੇ ਦਿੱਤਾ । ਡਿਪਟੀ ਸਪੀਕਰ ਸਾਹਿਬ, ਪੰਜਾਬ ਦਾ ਬਹੁਤ ਵੱਡਾ ਰਕਬਾ ਜਿਹੜਾ ਹੈ, ਉਥੇ ਨਹਿਰੀ ਪਾਣੀ ਨਹੀਂ ਜਾਂਦਾ ਪਰ ਪੰਜਾਬ ਦਾ ਜਿਹੜਾ ਪਾਣੀ ਹੈ, ਉਹ ਹਿੰਦੁਸਤਾਨ ਦੀ ਸਰਕਾਰ ਦੂਸਰੇ ਰਾਜਾਂ ਨੂੰ ਦੇ ਰਹੀ ਹੈ ਔਰ ਲਿੰਕ ਨਹਿਰਾਂ ਕੱਢਣ ਦੀ ਗੱਲ ਕੀਤੀ ਜਾਂਦੀ ਹੈ । ਮੈਨੂੰ ਖੁਸ਼ੀ ਹੈ ਔਰ ਮਾਣ ਵੀ ਹੈ ਕਿ ਗਵਰਨਰ ਸਾਹਿਬ ਨੇ ਬੜੀ ਦ੍ਰਿੜਤਾ ਨਾਲ ਆਪਣੇ ਭਾਸ਼ਣ ਵਿੱਚ ਕਿਹਾ ਹੈ ਕਿ ਪੰਜਾਬ ਸਰਕਾਰ ਉਨ੍ਹਾਂ ਲਿੰਕ ਨਹਿਰਾਂ ਨੂੰ ਬਣਨ ਨਹੀਂ ਦੇਵੇਗੀ ਔਰ ਇਥੋਂ ਇੱਕ ਵੀ ਬੂੰਦ ਪਾਣੀ ਪੰਜਾਬ ਤੋਂ ਬਾਹਰ ਨਹੀਂ ਜਾਣ ਦਿੱਤਾ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਹੀ ਗਵਰਨਰ ਸਾਹਿਬ ਨੇ ਆਪਣੇ ਐਡਰੈੱਸ ਵਿੱਚ ਇੱਕ ਹੋਰ ਬਹੁਤ ਵੱਡਾ ਧੱਕਾ ਜਿਹੜਾ ਪੰਜਾਬ ਦੇ ਨਾਲ ਕੀਤਾ ਗਿਆ ਹੈ, ਉਸ ਦਾ ਜ਼ਿਕਰ ਕੀਤਾ ਹੈ ਕਿ ਪੰਜਾਬ ਦੀ ਇੰਡਸਟਰੀ ਨੂੰ ਤਬਾਹ ਕਰਨ ਲਈ, ਉਸ ਨੂੰ ਖਤਮ ਕਰਨ ਲਈ ਲਾਡਲੇ ਗਵਾਂਢੀ ਰਾਜਾਂ ਵਿੱਚ ਸਨਅਤ ਨੂੰ ਪਰਮੋਟ ਕਰਨ ਵਾਸਤੇ ਉਥੇ ਬਹੁਤ ਵੱਡੀਆਂ ਰਿਆਇਤਾਂ ਦਿੱਤੀਆਂ ਹਨ। ਡਿਪਟੀ ਸਪੀਕਰ ਸਾਹਿਬ, ਕਿਸੇ ਵੀ ਸੂਬੇ ਦੀ ਆਰਥਿਕਤਾ ਜਿਹੜੀ ਹੈ, ਉਹ ਇੰਡਸਟਰੀ ਤੇ ਅਤੇ ਖੇਤੀਬਾੜੀ ਤੇ ਮੁਨੱਸਰ ਕਰਦੀ ਹੈ। ਵਾਰ ਵਾਰ ਮੰਗ ਕਰਨ ਦੇ ਬਾਵਜੂਦ ਔਰ ਇਸ ਗੱਲ ਦੇ ਬਾਵਜੂਦ,

Original with;
Punjab Vidhan Sabha
Digitized by;
Panjab Digital Library

[ਸਰਦਾਰ ਵਿਰਸਾ ਸਿੰਘ ਵਲਟੋਹਾ]

ਉਨ੍ਹਾਂ ਨੂੰ ਪਤਾ ਹੋਣ ਦੇ ਬਾਵਜੂਦ ਕਿ ਪੰਜਾਬ ਸਰਹੱਦੀ ਸੂਬਾ ਹੈ, ਇਥੇ ਹੋਰ ਵੀ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ ਸਗੋਂ ਇਸ ਦੇ ਉਲਟ ਇਥੋਂ ਦੀ ਇੰਡਸਟਰੀ ਨੂੰ ਉਨ੍ਹਾਂ ਨੇ ਖਤਮ ਕਰਨ ਲਈ ਲਾਡਲੇ ਗਵਾਂਢੀ ਰਾਜਾਂ ਵਿੱਚ ਰਿਆਇਤਾਂ ਦਿੱਤੀਆਂ ਹਨ। ਅਸੀਂ ਇਹੀ ਮੰਗ ਕੀਤੀ ਹੈ ਕਿ ਉਥੇ ਵੀ ਰਿਆਇਤਾਂ ਦਿਉ ਪਰ ਪੰਜਾਬ ਨੂੰ ਇਸ ਤੋਂ ਅੱਖੋਂ ਪਰੋਖੇ ਨਾ ਕਰੋ, ਇਥੇ ਵੀ ਉਹ ਰਿਆਇਤਾਂ ਦਿੱਤੀਆਂ ਜਾਣ। ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਮਾਣ ਹੈ ਕਿ ਜੋ ਵੀ ਸਹੂਲਤਾਂ, ਜਦੋਂ -ਜਦੋਂ ਵੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਪੰਜਾਬ ਵਿੱਚ ਸਰਕਾਰ ਆਈ ਹੈ, ਉਹ ਪੰਜਾਬ ਦੇ ਲੋਕਾਂ ਨੂੰ ਮਿਲੀਆਂ ਹਨ। ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਦੀਆਂ ਸਹੂਲਤਾਂ ਹਿੰਦੁਸਤਾਨ ਦੇ ਹੋਰ ਕਿਸੇ ਵੀ ਸੂਬੇ ਵਿੱਚ ਲੋਕਾਂ ਨੂੰ ਨਹੀਂ ਦਿੱਤੀਆਂ ਜਾ ਰਹੀਆਂ ਹਨ। ਮੁਫਤ ਬਿਜਲੀ ਪਾਣੀ ਦੀ ਸਹੂਲਤ ਹਿੰਦੁਸਤਾਨ ਦੇ ਕਿਸੇ ਵੀ ਸੂਬੇ ਵਿੱਚ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਹੁਣੇ ਕਿਸਾਨੀ ਦੇ ਮੁਤਲਿਕ ਇੱਕ ਮਤਾ ਪਾਸ ਕੀਤਾ ਗਿਆ ਹੈ ਕਿਉਂਕਿ ਜੋ ਅੱਜ ਕਿਸਾਨਾਂ ਵਿੱਚ ਆਰਥਿਕ ਮੰਦਹਾਲੀ ਹੈ, ਉਨ੍ਹਾਂ ਦੇ ਜੋ ਬੁਰੇ ਹਾਲਾਤ ਹਨ, ਉਨ੍ਹਾਂ ਨੂੰ ਜੇਕਰ ਕੋਈ ਜਾਣਦਾ ਹੈ ਤਾਂ ਸਿਰਫ ਤੇ ਸਿਰਫ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੀ ਜਾਣਦੇ ਹਨ। ਉਨ੍ਹਾਂ ਦੀ ਆਰਥਿਕਤਾ ਨੂੰ ਅਤੇ ਮੰਦਹਾਲੀ ਨੂੰ ਜਾਣਦੇ ਹੋਏ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਕਿਸਾਨਾਂ ਵਾਸਤੇ ਇਹ ਸਹੂਲਤ ਸ਼ੁਰੂ ਕੀਤੀ ਹੈ। ਇਹ ਸਹੂਲਤ ਸਾਲ 1997 ਤੋਂ ਲੈ ਕੇ 2002 ਤੱਕ ਬਾਦਸਤੂਰ ਜਾਰੀ ਰਹੀ ਪਰ ਇਹ ਬੜੇ ਦੁੱਖ ਦੀ ਗੱਲ ਹੈ ਕਿ ਜਦੋਂ ਸਾਲ 2002 ਦੇ ਵਿੱਚ ਸਰਕਾਰ ਬਦਲੀ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਆਈ ਤਾਂ ਉਨ੍ਹਾਂ ਨੇ ਕਿਸਾਨਾਂ ਦੇ ਟਿਊਬਵੈਲਾਂ ਦੇ ਬਿੱਲ ਜੋ ਸਨ ਉਹ ਦੁਬਾਰਾ ਸ਼ੁਰੂ ਕਰ ਦਿੱਤੇ । ਕਿਸਾਨ ਆਪਣੀਆਂ ਕਾਪੀਆਂ ਚੁੱਕ ਕੇ ਬਿਜਲੀ ਘਰਾਂ ਵਿਚ ਜਾ ਕੇ ਬਿੱਲ ਉਤਾਰਨ ਲੱਗੇ। ਹੁਣ ਫਿਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣੀ ਹੈ ਉਨ੍ਹਾਂ ਨੇ ਫਿਰ ਉਹ ਜਾਰੀ ਕੀਤੀ ਹੋਈ ਸਹੂਲਤ ਨੂੰ ਫਿਰ ਜਾਰੀ ਰੱਖਿਆ ਹੈ। ਕਿਸਾਨਾਂ ਤੋਂ ਮਾਲੀਆ ਵੀ ਨਹੀਂ ਉਗਰਾਹਿਆ ਜਾ ਰਿਹਾ। ਡਿਪਟੀ ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੇ ਬੜੇ ਅਨੋਖੇ ਕੰਮ ਹਨ । ਗਰੀਬ ਦੇ ਹਿਤੈਸ਼ੀ ਵੀ ਸਰਦਾਰ ਬਾਦਲ ਹਨ ਅਤੇ ਗਰੀਬ ਦੀ ਗਰੀਬੀ ਨੂੰ ਸਮਝਣ ਵਾਲੇ ਅਤੇ ਉਸ ਦੇ ਦੁੱਖਾਂ ਨੂੰ ਦੂਰ ਕਰਨ ਵਾਲੇ ਜੇਕਰ ਪੂਰੇ ਹਿੰਦੁਸਤਾਨ ਦੇ ਵਿੱਚ ਕੋਈ ਲੀਡਰ ਹਨ ਤਾਂ ਉਹ ਸਿਰਫ਼ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਹਨ। ਕਦੇ ਵੀ ਕਿਸੇ ਨੇ ਇਹ ਗੱਲ ਸੋਚੀ ਵੀ ਨਹੀਂ ਸੀ ਅਤੇ ਨਾ ਹੀ ਸੁਪਨੇ ਵਿੱਚ ਦੇਖਿਆ ਸੀ ਕਿ ਕਦੇ ਕਿਸੇ ਗਰੀਬ ਨੂੰ ਆਟਾ ਦਾਲ ਵੀ ਸਰਕਾਰ ਦੇ ਸਕਦੀ ਹੈ। ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣੀ ਤਾਂ ਉਨ੍ਹਾਂ ਵੱਲੋਂ ਪੰਜਾਬ ਦੇ ਅੰਦਰ ਆਟਾ-ਦਾਲ ਸਕੀਮ ਸ਼ੁਰੂ ਕੀਤੀ ਗਈ। ਅੱਜ ਪੂਰੇ ਪੰਜਾਬ ਦੇ ਅੰਦਰ 16 ਲੱਖ ਪਰਿਵਾਰ ਨੀਲੇ ਕਾਰਡਾਂ ਵਾਲੇ ਇਸ ਸਹੂਲਤ ਦਾ ਫਾਇਦਾ ਲੈ ਰਹੇ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਅੱਜ ਪੰਜਾਬ ਦੇ ਅੰਦਰ 70-80 ਲੱਖ ਲੋਕਾਂ ਨੂੰ ਆਪਣਾ ਪੇਟ ਭਰਨ ਵਾਸਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਆਟਾ-ਦਾਲ ਦੇ ਰਹੇ ਹਨ। ਇਸ ਦਾ ਰੇਟ ਕੀ ਹੈ, 4/- ਰੁਪਏ ਕਿਲੋ ਆਟਾ ਅਤੇ 20/- ਰੁਪਏ ਕਿਲੋ ਦਾਲ। ਡਿਪਟੀ ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਇੱਕ ਮਾੜੀ ਮਿੱਘ ਪਿੰਡ ਹੈ,

Original with;
Punjab Vidhan Sabha
Digitized by;
Panjab Digital Library

ਉਥੇ ਮੈਂ ਇੱਕ ਪ੍ਰੋਗਰਾਮ ਦੇ ਵਿਚ ਗਿਆ ਤਾਂ ਉਥੇ ਡਿਪੂ ਦੇ ਉਤੇ ਆਟਾ ਤੇ ਦਾਲ ਵੰਡੀ ਜਾ ਰਹੀ ਸੀ ਤਾਂ ਉਥੇ ਇੱਕ ਗਰੀਬ ਨੇ ਆਪਣੇ ਸਿਰ ਉੱਤੇ ਗੱਠੜੀ ਚੁੱਕੀ ਤੇ ਨਾਲ ਗਾਉਂਦਾ ਕੀ ਜਾ ਰਿਹਾ ਸੀ "ਜਿਉਂਦਾ ਰਹੇਂ ਧਰਮੀ ਬਾਦਲਾ, ਤੂੰ ਇਸੇ ਤਰ੍ਹਾਂ ਰਾਜ ਕਰਦਾ ਰਹੇਂ ਅਤੇ ਗਰੀਬਾਂ ਦੇ ਢਿੱਡ ਇਸੇ ਤਰ੍ਹਾਂ ਭਰਦਾ ਰਹੇਂ"। ਇਹ ਕੇਵਲ ਉਸ ਇਕੱਲੇ ਗਰੀਬ ਦੀ ਆਵਾਜ਼ ਨਹੀਂ ਹੈ ਸਗੋਂ ਇਹ ਅਸੀਸਾਂ ਉਨ੍ਹਾਂ ਲੋਕਾਂ ਵੱਲੋਂ ਦਿੱਤੀਆਂ ਜਾ ਰਹੀਆਂ ਹਨ ਜਿਨ੍ਹਾਂ ਦਾ ਅੱਜ ਚੁੱਲ੍ਹਾ ਬਾਦਲ ਸਾਹਿਬ ਦੀ ਕ੍ਰਿਪਾ ਨਾਲ ਚਲਦਾ ਹੈ। ਡਿਪਟੀ ਸਪੀਕਰ ਸਾਹਿਬ, ਗਰੀਬ ਦੀ ਗਰੀਬੀ ਨੂੰ ਦੂਰ ਕਰਨ ਵਾਸਤੇ ਕਦਮ ਚੁੱਕਣਾ, ਉਸ ਦੇ ਭਲੇ ਵਾਸਤੇ ਸੋਚਣਾ, ਇਹ ਕੇਵਲ ਤੇ ਕੇਵਲ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਹਿੱਸੇ ਆਇਆ ਹੈ। ਗਰੀਬ ਦੀ ਗਰੀਬੀ ਦਾ ਮਜ਼ਾਕ ਉਡਾਉਣਾ, ਉਸ ਦਾ ਸੋਸ਼ਣ ਕਰਨਾ, ਉਹ ਸਾਡੇ ਸਾਹਮਣੇ ਬੈਠੇ ਵੀਰ, ਜਿਹੜੇ ਇੱਥੋਂ ਬਾਈਕਾਟ ਕਰਕੇ ਚਲੇ ਗਏ ਹਨ, ਉਨ੍ਹਾਂ ਦੇ ਹਿੱਸੇ ਆਇਆ ਹੈ। ਇਨ੍ਹਾਂ ਨੇ ਹਮੇਸ਼ਾ ਹੀ ਗਰੀਬ ਦੀ ਗਰੀਬੀ ਦਾ ਲਾਹਾ ਉਠਾਇਆ ਹੈ ਅਤੇ ਉਸ ਨੂੰ ਸੋਝੀ ਵੀ ਨਹੀਂ ਆਉਣ ਦਿੱਤੀ ਕਿ ਕਿਤੇ ਪੇਟ ਭਰ ਕੇ ਖਾ ਨਾ ਲਵੇ ਤੇ ਕਿਤੇ ਇਸ ਨੂੰ ਸੋਝੀ ਨਾ ਆ ਜਾਵੇ ਤੇ ਕਿਤੇ ਇਸ ਨੂੰ ਆਪਣੇ ਬੁਰੇ ਭਲੇ ਦਾ ਪਤਾ ਨਾ ਲੱਗ ਜਾਵੇ। ਡਿਪਟੀ ਸਪੀਕਰ ਸਾਹਿਬ, ਇੱਕ ਹੋਰ ਅਲੋਕਾਰ ਸਕੀਮ ਦੀ ਵੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸ਼ੁਰੂਆਤ ਕੀਤੀ ਅਤੇ ਮਹਿਸੂਸ ਕੀਤਾ ਕਿ ਗਰੀਬ ਨੂੰ ਮਾਣ ਕਿਵੇਂ ਦੇਣਾ ਹੈ। ਉਹ ਮਾਣ ਕਿਵੇਂ ਦਿੱਤਾ । ਸ਼ਗਨ ਸਕੀਮ ਸ਼ੁਰੂ ਕਰ ਦਿੱਤੀ। 1997 ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣੀ ਅਤੇ ਗਰੀਬ ਦੀ ਬੇਟੀ ਦੇ ਹੱਥ ਉੱਤੇ ਸ਼ਗਨ ਦੇਣਾ ਸ਼ੁਰੂ ਕੀਤਾ। ਅੱਜ ਭਾਵੇਂ ਗਰੀਬਾਂ ਦੇ ਅਲੰਬਰਦਾਰ ਸਾਡੇ ਸਾਹਮਣੇ ਬੈਠੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਜਿੰਨਾ ਮਰਜ਼ੀ ਬਣੀ ਜਾਣ, 1947 ਤੋਂ ਲੈ ਕੇ ਹੁਣ ਤੱਕ ਕਦੀ ਇਨ੍ਹਾਂ ਨੇ ਗਰੀਬਾਂ ਦੀ ਤਲੀ ਤੇ ਚੁਆਨੀ ਨਹੀਂ ਰੱਖੀ ਅਤੇ ਜੇ ਕਿਸੇ ਰੱਖਿਆ ਤਾਂ ਕੇਵਲ ਤੇ ਕੇਵਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਰੱਖਿਆ। 15,000 ਰੁਪਏ ਦੀ ਸ਼ਗਨ ਸਕੀਮ ਪੂਰੇ ਹਿੰਦੁਸਤਾਨ ਦੇ ਅੰਦਰ ਕੇਵਲ ਤੇ ਕੇਵਲ ਪੰਜਾਬ ਸੂਬੇ ਅੰਦਰ ਚੱਲ ਰਹੀ ਹੈ। ਅੱਜ ਕਿਸੇ ਗਰੀਬ ਦੀ ਬੱਚੀ ਦਾ ਵਿਆਹ ਹੁੰਦਾ ਹੈ ਤਾਂ 15,000 ਰੁਪਿਆ ਉਸ ਦੇ ਘਰ ਸਰਕਾਰ ਵੱਲੋਂ ਸ਼ਗਨ ਦੇ ਤੌਰ ਤੇ ਪਹੁੰਚਦਾ ਹੈ। ਤੁਹਾਨੂੰ ਡਿਪਟੀ ਸਪੀਕਰ ਸਾਹਿਬ, ਇਹ ਵੀ ਯਾਦ ਹੋਣਾ ਹੈ ਕਿ 1997 ਵਿੱਚ ਬਣੀ ਇਹ ਸ਼ਗਨ ਸਕੀਮ ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣੀ ਸੀ ਤਾਂ ਉਨ੍ਹਾਂ ਨੇ ਲੰਬਾ ਸਮਾਂ ਇਹ ਸਕੀਮ ਬੰਦ ਕਰ ਦਿੱਤੀ ਸੀ। ਇਸੇ ਸਦਨ ਵਿੱਚ ਜਦੋਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਉਸ ਸਮੇਂ ਦੇ ਮੁੱਖ ਮੰਤਰੀ ਨੂੰ ਪੁੱਛਿਆ ਕਿ ਤੁਸੀਂ ਸ਼ਗਨ ਸਕੀਮ ਕਿਉਂ ਬੰਦ ਕਰ ਦਿੱਤੀ ਹੈ ਤਾਂ ਕਹਿਣ ਲੱਗੇ ਕਿ ਕਦੀ ਸ਼ਗਨ ਸਰਕਾਰਾਂ ਦਿੰਦੀਆਂ ਹਨ, ਸ਼ਗਨ ਤਾਂ ਮਾਪੇ ਦਿੰਦੇ ਹਨ। ਇਸ ਸਕੀਮ ਦਾ ਮਜ਼ਾਕ ਉਡਾਇਆ। ਪਰ ਬਲਿਹਾਰੇ ਜਾਈਏ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਜਿਨ੍ਹਾਂ ਇਸ ਸਕੀਮ ਨੂੰ ਅੱਜ ਵੀ ਨਿਰੰਤਰ ਜਾਰੀ ਰੱਖਿਆ ਹੈ। ਡਿਪਟੀ ਸਪੀਕਰ ਸਾਹਿਬ, ਪੈਨਸ਼ਨ ਬਜ਼ੁਰਗ, ਅੰਗਹੀਣ ਅਤੇ ਵਿਧਵਾ ਬੀਬੀ ਦਾ ਹੱਕ ਬਣਦਾ ਹੈ। ਪੂਰੇ ਪੰਜਾਬ ਅੰਦਰ ਅੱਜ ਕੋਈ ਵੀ ਅਜਿਹਾ ਕੇਸ ਨਹੀਂ ਜਿਹੜਾ ਪੈਨਸ਼ਨ ਦਾ ਹੱਕਦਾਰ ਹੋਵੇ ਤੇ ਉਸ ਨੂੰ ਪੈਨਸ਼ਨ ਨਾ ਮਿਲਦੀ ਹੋਵੇ। ਸਾਢੇ 16 ਲੱਖ ਲੋਕਾਂ ਨੂੰ ਪੈਨਸ਼ਨ ਮਿਲਦੀ ਹੈ ਅਤੇ ਸਰਦਾਰ ਬਾਦਲ ਦੇ ਰਾਜ ਵਿੱਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਵਿਰਸਾ ਸਿੰਘ ਵਲਟੋਹਾ]

ਮਿਲਦੀ ਹੈ। ਜਦੋਂ ਸਾਲ 2002 ਵਿੱਚ ਮਹਾਰਾਜਾ ਅਮਰਿੰਦਰ ਸਿੰਘ ਦੀ ਸਰਕਾਰ ਬਣੀ ਸੀ ਤਾਂ ਉਸ ਨੇ ਕੀ ਕੀਤਾ ਸੀ ਕਹਿੰਦੇ ਕਿ ਪੈਨਸ਼ਨਾਂ ਗਲਤ ਲੱਗੀਆਂ ਹਨ। ਇਨ੍ਹਾਂ ਦੀ ਇਨਕੁਆਰੀ ਕਰਵਾਉਣੀ ਹੈ। ਦੋ ਸਾਲ ਇਨਕੁਆਰੀ ਕਰਵਾਉਣ ਨੂੰ ਲੱਗੇ ਅਤੇ ਦੋ ਸਾਲ ਕਿਸੇ ਨੂੰ ਪੈਨਸ਼ਨ ਨਹੀਂ ਦਿੱਤੀ ਗਈ। ਜਿਨ੍ਹਾਂ ਨੂੰ ਦਿੱਤੀ ਉਹ ਤੁਹਾਨੂੰ ਸਾਰਿਆਂ ਨੂੰ ਪਤਾ ਹੈ। ਡਿਪਟੀ ਸਪੀਕਰ ਸਾਹਿਬ, ਆਰ.ਡੀ.ਐਫ. ਦੇ ਤਹਿਤ ਪੇਂਡੂ ਵਿਕਾਸ ਵਾਸਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ 500 ਕਰੋੜ ਰੁਪਏ ਤੋਂ ਉੱਪਰ ਪੰਜਾਬ ਦੇ ਵਿਕਾਸ ਵਾਸਤੇ ਵੰਡੇ । ਆਪਾਂ ਵੇਖਦੇ ਰਹੇ ਹਾਂ। ਤੁਸੀਂ ਵੀ ਡਿਪਟੀ ਸਪੀਕਰ ਸਾਹਿਬ, ਲੋਕਾਂ ਵਿੱਚ ਵਿਚਰਦੇ ਰਹੇ ਹੋ, ਸਰਕਾਰਾਂ ਨੂੰ ਦੇਖਦੇ ਰਹੇ ਹੋ..............

**ਸਰਦਾਰ ਅਵਤਾਰ ਸਿੰਘ ਬਰਾੜ** : ਪੁਆਇੰਟ ਆਫ਼ ਆਰਡਰ, ਡਿਪਟੀ ਸਪੀਕਰ ਸਾਹਿਬ।

**ਮਾਨਯੋਗ ਡਿਪਟੀ ਸਪੀਕਰ** : ਹਾਂ ਜੀ, ਬੋਲੋ।

**ਸਰਦਾਰ ਅਵਤਾਰ ਸਿੰਘ ਬਰਾੜ** : ਤੁਸੀਂ ਬਤੌਰ ਡਿਪਟੀ ਸਪੀਕਰ ਆਪਣੀ ਸੀਟ ਤੇ ਬੈਠੇ ਹੋ। ਜੋ ਹਾਊਸ ਵਿੱਚ ਵਾਪਰਿਆ, ਉਹ ਸਾਰਾ ਕੁਝ ਤੁਸੀਂ ਦੇਖਦੇ ਰਹੇ ਹੋ। ਬੜੇ ਅਫਸੋਸ ਦੀ ਗੱਲ ਹੈ ਕਿ ਇੰਨੇ ਤਜਰਬੇਕਾਰ, ਚੌਥੀ ਵਾਰ ਬਣੇ ਮੁੱਖ ਮੰਤਰੀ, ਮਾਨਯੋਗ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਜੋ ਸ਼ਬਦ ਆਨਰੇਬਲ ਮੈਂਬਰ ਨੂੰ ਕਹੇ, ਚਾਹੇ ਸਪੀਕਰ ਸਾਹਿਬ ਨੇ ਉਨ੍ਹਾਂ ਨੂੰ ਐਕਸਪੰਜ ਕਰ ਦਿੱਤਾ, ਉਹ ਬੜੇ ਦੁਖਦਾਈ ਹਨ। ਮੇਰੇ ਵਰਗਾ ਕੋਈ ਵਿਅਕਤੀ ਜਿਸ ਨੂੰ ਜ਼ਿੰਦਗੀ ਦਾ, ਅਸੈਂਬਲੀ ਦਾ, ਰਾਜਨੀਤੀ ਦਾ ਉਨਾ ਤਜਰਬਾ ਨਾ ਹੋਵੇ ਉਹ ਅਜਿਹੀ ਗੱਲ ਕਰ ਲਵੇ, ਮੈਂ ਸਮਝਦਾ ਹਾਂ ਕਿ ਉਹ ਝੱਲੀ ਜਾ ਸਕਦੀ ਹੈ। ਪਰ ਜੋ ਸ਼ਬਦ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵਰਗੇ ਪ੍ਰੋੜ ਨੇਤਾ ਨੇ ਮੇਰੇ ਪ੍ਰਤੀ ਕਹੇ ਉਹ ਅਨਪਾਰਲੀਮੈਂਟਰੀ ਸਨ, ਉਹ ਸ਼ਬਦ ਐਕਸਪੰਜ ਹੋਏ ਅਤੇ ਅਸੀਂ ਉਸ ਸਬੰਧ ਵਿੱਚ ਵਾਕਆਊਟ ਕੀਤਾ ਸੀ। ਤੁਸੀਂ ਦੇਖਦੇ ਸੀ ਕਿ ਜੋ ਬਿਹੇਵ ਟਰੈਜਰੀ ਬੈਂਚਿਜ਼ ਨੇ ਕੀਤਾ ਜੋ ਸ਼ਬਦ ਵਰਤੇ ਜਾਂਦੇ ਰਹੇ ਉਹ ਅਸੱਭਿਆ ਸ਼ਬਦ ਅਫ਼ਸੋਸਨਾਕ ਸਨ। ਮੈਂ ਸਮਝਦਾ ਹਾਂ ਕਿ ਡੈਮੋਕ੍ਰੇਸੀ ਵਿੱਚ, ਵਿਧਾਨ ਸਭਾ ਵਿੱਚ ਬੈਠ ਕੇ ਜੇ ਇਸ ਤਰ੍ਹਾਂ ਦਾ ਟਰੈਜ਼ਰੀ ਬੈਂਚਿਜ਼ ਦੇ ਐਮ.ਐਲ.ਏ ਸਾਹਿਬਾਨ ਨੇ ਵਰਤਾਰਾ ਕਰਨਾ ਹੈ ਤਾਂ ਇਸ ਪਵਿੱਤਰ ਸਦਨ ਵਿਚ ਬੈਠ ਕੇ, ਵਿਧਾਨ ਸਭਾ ਵਿੱਚ ਬੈਠ ਕੇ ਜੇ ਇਸ ਤਰ੍ਹਾਂ ਟਰੈਜ਼ਰੀ ਬੈਂਚਿਜ਼ ਦੇ ਐਮ.ਐਲ.ਏ. ਸਾਹਿਬਾਨ ਨੇ ਆਪੋਜ਼ੀਸ਼ਨ ਦੇ ਸਾਥੀਆਂ ਨਾਲ ਇਸ ਤਰ੍ਹਾਂ ਦਾ ਵਰਤਾਰਾ ਕਰਨਾ ਹੈ ਤਾਂ ਇਹ ਸਾਡੇ ਲਈ ਮੁਸ਼ਕਲ ਹੈ ਕਿ ਅਸੀਂ ਇਸ ਸੈਸ਼ਨ ਨੂੰ ਅਟੈਂਡ ਕਰ ਸਕੀਏ। ਮੈਂ ਆਪਣੀ ਪਾਰਟੀ ਦੇ ਸਾਥੀਆਂ ਵੱਲੋਂ ਐਸ਼ਿਉਰੈਂਸ ਚਾਹੁੰਦਾ ਹਾਂ ਕਿ ਪਹਿਲਾਂ ਜੋ ਕੁਝ ਵਾਪਰਿਆ, ਉਸ ਤੇ ਅਫਸੋਸ ਜ਼ਾਹਰ ਕੀਤਾ ਜਾਵੇ ਔਰ ਐਸ਼ਿਓਰ ਕਰਵਾਇਆ ਜਾਵੇ ਕਿ ਇੱਥੋਂ ਡੈਮੋਕਰੇਟਿਕ ਢੰਗ ਨਾਲ ਹਰ ਕਿਸੇ ਦੀ ਗੱਲ ਸੁਣੀ ਜਾਵੇਗੀ। ਆਪੋਜ਼ੀਸ਼ਨ ਦੇ ਮੈਂਬਰਾਂ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੀ ਜੋ ਰਾਏ ਅੱਛੀ

Original with;
Punjab Vidhan Sabha
Digitized by;
Panjab Digital Library

ਹੋਵੇਗੀ, ਉਹ ਸੁਣੀ ਤੇ ਮੰਨੀ ਜਾਵੇਗੀ ਅਤੇ ਪੁਰਾਣੀਆਂ ਪ੍ਰੰਪਰਾਵਾਂ ਨੂੰ ਕਾਇਮ ਰੱਖਿਆ ਜਾਵੇਗਾ। ਮੈਂ ਆਪਣੀ ਪਾਰਟੀ ਦਾ ਪੱਖ ਸਾਹਮਣੇ ਰੱਖਿਆ ਹੈ। ਸਪੀਕਰ ਸਾਹਿਬ ਇਸ ਵਕਤ ਇੱਥੇ ਨਹੀਂ ਹਨ। ਤੁਸੀਂ ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦੀ ਜ਼ਿੰਮੇਵਾਰੀ ਨਿਭਾ ਰਹੇ ਹੋ। ਮੈਂ ਤੁਹਾਡੀ ਚੇਅਰ ਵੱਲੋਂ ਐਸ਼ਿਓਰੈਂਸ ਚਾਹੁੰਦਾ ਹਾਂ ਕਿ ਅੱਗੇ ਤੋਂ ਕੋਈ ਇਹੋ ਜਿਹੀ ਅਨਹੋਣੀ ਘਟਨਾ ਨਾ ਵਾਪਰੇ। ਹਾਊਸ ਠੀਕ ਤਰੀਕੇ ਨਾਲ ਚੱਲੇ। ਜੋ ਸ਼ਬਦ ਇੱਥੇ ਪਹਿਲਾਂ ਵਰਤੇ ਗਏ ਹਨ, ਉਨ੍ਹਾਂ ਤੇ ਅਫਸੋਸ ਜ਼ਾਹਰ ਕੀਤਾ ਜਾਵੇ ।

*12.36 ਵਜੇ ਬਾਅਦ ਦੁਪਹਿਰ

(*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਇੱਥੇ ਹੁਣ ਆਉਣ ਤੋਂ ਪਹਿਲਾਂ ਤੁਹਾਨੂੰ ਸੰਬੋਧਨ ਕਰਕੇ ਕੁਝ ਸ਼ਬਦ ਕਹਿਣੇ ਪਏ ਹਨ। ਤੁਸੀਂ ਇਥੇ ਨਹੀਂ ਸੀ, ਤੁਹਾਡੀ ਜਗ੍ਹਾ ਤੇ ਮਾਨਯੋਗ ਡਿਪਟੀ ਸਪੀਕਰ ਸਾਹਿਬ ਆਪਣੀ ਜ਼ਿੰਮੇਵਾਰੀ ਨਿਭਾ ਰਹੇ ਸਨ। ਮੈਂ ਦੁਬਾਰਾ ਉਹ ਸ਼ਬਦ ਰੱਖਣੇ ਚਾਹੁੰਦਾ ਹਾਂ । ਜੋ ਖਦਸ਼ਾ, ਜੋ ਫੀਲਿੰਗਜ਼ ਅਪੋਜੀਸ਼ਨ ਦੇ ਸਾਥੀਆਂ ਦੀਆਂ ਹਨ, ਮੈਂ ਉਹ ਤੁਹਾਡੇ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਲਈ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਪ੍ਰਤੀ ਤੁਹਾਡਾ ਹੁੰਗਾਰਾ ਸਾਰਥਕ ਹੋਵੇਗਾ। ਜੋ ਸ਼ਬਦ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਕਹੇ, ਇਹ ਬੜੇ ਸੀਨੀਅਰ ਪਾਲੇਟੀਸ਼ੀਅਨ ਹਨ, ਚੌਥੀ ਵਾਰ ਮੁੱਖ ਮੰਤਰੀ ਬਣੇ ਹਨ। ਇਨ੍ਹਾਂ ਦੀ ਸ਼ਰਾਫਤ ਅਤੇ ਲਿਆਕਤ ਦਾ ਚਰਚਾ ਹੈ। ਇਨ੍ਹਾਂ ਨੇ ਜੋ ਲਫਜ਼ ਆਨਰੇਬਲ ਮੈਂਬਰ ਸਾਹਿਬ ਪ੍ਰਤੀ ਵਰਤੇ, ਉਹ ਅੰਤਾਂ ਦੇ ਅਫਸੋਸਨਾਕ ਹਨ। ਕੋਈ ਮੇਰੇ ਵਰਗਾ ਬੰਦਾ ਜਿਹੜਾ ਇਨਸਾਨ ਅਨਜਾਣ ਹੋਵੇ, ਜਿਸ ਦਾ ਰਾਜਨੀਤੀ ਵਿੱਚ ਇੰਨਾ ਤਜਰਬਾ ਨਾ ਹੋਵੇ, ਸ਼ਾਇਦ ਉਹ ਕਹਿ ਦਿੰਦਾ ਤਾਂ ਸਹਿਣ ਹੋ ਜਾਂਦਾ। ਭਾਵੇਂ ਕਿ ਤੁਸੀਂ ਬਾਅਦ ਵਿਚ ਲਫਜ਼ ਐਕਸਪੰਜ ਕਰਵਾਏ ਹਨ, ਅਸੀਂ ਇਸ ਦੇ ਲਈ ਧੰਨਵਾਦੀ ਹਾਂ ਪਰ ਇਸ ਦੇ ਬਾਵਜੂਦ ਵੀ ਸਾਡੀ ਤਸੱਲੀ ਨਹੀਂ ਹੈ। ਹਾਲਾਂ ਕਿ ਇਸ ਮਤੇ ਦਾ ਸਾਡੀ ਪਾਰਟੀ ਨੇ ਸਮਰਥਨ ਕੀਤਾ ਹੈ ਅਤੇ ਅਸੀਂ ਅੱਜ ਵੀ ਸਰਬਸੰਮਤੀ ਨਾਲ ਸਮਰਥਨ ਕਰਦੇ ਹਾਂ। ਸਾਡੇ ਪ੍ਰਤੀ ਸਾਡੇ ਟਰੇਜ਼ਰੀ ਬੈਂਚਿਜ਼ ਦੇ ਸਾਥੀਆਂ ਨੇ ਜੋ ਸ਼ਬਦਾਵਲੀ ਵਰਤੀ, ਜੋ ਰਵੱਈਆ ਅਪਣਾਇਆ ਜੋ ਮਸਲ ਪਾਵਰ ਦਿਖਾਉਣੀ ਹੁੰਦੀ ਹੈ, ਉਹ ਅੰਤਾਂ ਦੀ ਅਫਸੋਸਨਾਕ ਹੈ। ਇਸ ਤਰੀਕੇ ਨਾਲ ਤਾਂ ਸਾਡੇ ਅਪੋਜ਼ੀਸ਼ਨ ਦੇ ਅਧਿਕਾਰ ਮਹਿਫੂਜ ਨਹੀਂ ਹਨ, ਸਾਨੂੰ ਸਾਡੀ ਆਪਣੀ ਗੱਲ ਕਹਿਣ ਦਾ ਹੱਕ ਖੋਹਿਆ ਜਾ ਰਿਹਾ ਹੈ, ਸਾਡੀਆਂ ਭਾਵਨਾਵਾਂ ਨੂੰ ਦਬਾਇਆ ਜਾ ਰਿਹਾ ਹੈ। ਅਸੀਂ ਤੁਹਾਡੇ ਤੋਂ ਯਕੀਨ ਲੈਣਾ ਚਾਹੁੰਦੇ ਹਾਂ ਕਿ ਇਹ ਹਾਊਸ ਅੱਗੇ ਤੋਂ ਠੀਕ ਢੰਗ ਨਾਲ ਚੱਲੇਗਾ। ਇਸ ਤਰ੍ਹਾਂ ਦੀ ਦੁਖਦਾਈ ਘਟਨਾ ਦੁਬਾਰਾ ਨਹੀਂ ਵਾਪਰੇਗੀ । ਚਾਹੇ ਅਸੀਂ ਅਪੋਜ਼ੀਸ਼ਨ ਵਿਚ ਹਾਂ ਪਰ ਸਾਡੇ ਵਿਧਾਇਕ ਵੀ ਬਰਾਬਰ ਦੇ ਵਿਧਾਇਕ ਹਨ। ਅਸੀਂ ਚਾਹੁੰਦੇ ਹਾਂ ਕਿ ਇਹ ਆਪਣੇ ਰਵੱਈਏ ਤੇ ਅਫਸੋਸ ਪ੍ਰਗਟ ਕਰਨ ਅਤੇ ਆਪਣਾ ਰਵੱਈਆ ਅਪੋਜ਼ੀਸ਼ਨ ਪ੍ਰਤੀ ਸਹੀ ਰੱਖਣ । ਅਸੀਂ ਤੁਹਾਡੇ ਕੋਲੋਂ ਐਸ਼ਿਓਰੈਂਸ ਚਾਹੁੰਦੇ ਹਾਂ।

(ਇੱਕ ਆਵਾਜ਼ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਜੀ।)

Original with;
Punjab Vidhan Sabha
Digitized by;
Punjab Digital Library

**ਮਾਨਯੋਗ ਸਪੀਕਰ :** ਇਸ ਵੇਲੇ ਪੁਆਇੰਟ ਆਫ਼ ਆਰਡਰ ਅਲਾਊਡ ਨਹੀਂ ਹੈ। ਬੈਠੋ । ਬਰਾੜ ਸਾਹਿਬ, ਤੁਸੀਂ ਜੋ ਗੱਲ ਕੀਤੀ ਹੈ, ਹਾਊਸ ਦੇ ਵਿਚ ਹਰ ਮੈਂਬਰ ਜਿਹੜਾ ਹੈ, ਉਹ ਰਿਸਪੈਕਟੇਬਲ ਹੈ। ਮੁੱਖ ਮੰਤਰੀ ਸਾਹਿਬ ਆਪਣੀ ਥਾਂ ਹਨ। ਤੁਸੀਂ ਆਪਣੀ ਥਾਂ ਹੋ। ਬਾਕੀ ਮੈਂਬਰ ਸਾਹਿਬਾਨ ਆਪਣੀ-ਆਪਣੀ ਥਾਂ ਹਨ। ਇਹ ਪਵਿੱਤਰ ਸਦਨ ਹੈ। ਜੋ ਵੀ ਆਪਾਂ ਇੱਥੇ ਬੈਠੇ ਹਾਂ। ਅਸੀਂ ਸਾਰੇ ਆਪਣੇ-ਆਪਣੇ ਹਲਕੇ ਦੀ ਨੁਮਾਇੰਦਗੀ ਕਰ ਰਹੇ ਹਾਂ। ਨੁਮਾਇੰਦਗੀ ਕਰਨ ਵਾਲੇ ਨੁਮਾਇੰਦੇ ਦੀ ਸੋਚ, ਉਨ੍ਹਾਂ ਦੀ ਗੱਲ, ਉਨ੍ਹਾਂ ਦੇ ਵਿਚਾਰ ਬਹੁਤ ਹੀ ਜ਼ਿੰਮੇਂਵਾਰੀ ਵਾਲੇ ਹੋਣੇ ਚਾਹੀਦੇ ਹਨ। ਇਸ ਦਾ ਅਕਸ ਕੀ ਜਾਂਦਾ ਹੈ, ਮੈਂ ਫਿਰ ਵੀ ਤੁਹਾਡਾ ਸਾਰਿਆਂ ਦਾ ਧੰਨਵਾਦੀ ਹਾਂ ਕਿ ਇਹ ਹਾਊਸ ਕੰਪੈਰੇਟਿਵਲੀ, ਜਿਵੇਂ ਕਿ ਆਪਾਂ ਅਖਬਾਰਾਂ ਵਿੱਚ ਪੜ੍ਹਦੇ ਹਾਂ, ਉਨ੍ਹਾਂ ਦੇ ਹਿਸਾਬ ਨਾਲ ਆਪਾਂ ਆਪਣੀ ਜ਼ਿਆਦਾ ਜ਼ਿੰਮੇਂਵਾਰੀ ਮਹਿਸੂਸ ਕਰਦੇ ਹਾਂ। ਹਰ ਮੈਂਬਰ ਨੂੰ ਜ਼ਿੰਮੇਵਾਰੀ ਦੀ ਗੱਲ ਕਰਨੀ ਚਾਹੀਦੀ ਹੈ। ਹਰ ਮੈਂਬਰ ਨੂੰ ਜਾਚ ਹੋਣੀ ਚਾਹੀਦੀ ਹੈ ਕਿ ਮੈਂ ਜੋ ਕੁਝ ਹਾਊਸ ਵਿੱਚ ਬੋਲਦਾ ਹਾਂ, ਜੋ ਗੱਲ ਕਰਦਾ ਹਾਂ, ਉਹ ਦੂਸਰੇ ਨੂੰ ਕਿਤੇ ਚੁਭਦੀ ਤਾਂ ਨਹੀਂ। ਬਾਦਲ ਸਾਹਿਬ ਨੇ ਤਾਂ, ਜਿਸ ਤਰ੍ਹਾਂ ਕਿ ਇਹ ਗੱਲ ਕਰਦੇ ਹਨ, ਇਹ ਗੱਲ ਥੋੜ੍ਹੀ ਜਿਹੀ ਮਜ਼ਾਹੀਆ ਲਹਿਜ਼ੇ ਵਿਚ ਕਰਦੇ ਹਨ, ਗੱਲ ਤਾਂ ਇਸੇ ਤਰ੍ਹਾਂ ਦੀ ਸੀ। ਪਰ ਫਿਰ ਵੀ ਮੈਂਬਰਾਂ ਵੱਲੋਂ ਇਸ ਗੱਲ ਨੂੰ ਹਾਊਸ ਦੀ ਪ੍ਰੋਸੀਡਿੰਗਜ਼ ਦੇ ਵਿੱਚੋਂ ਐਕਸਪੰਜ ਕਰਵਾ ਦਿੱਤਾ ਗਿਆ ਹੈ। ਉਹ ਗੱਲ ਤਾਂ ਮੁੱਕ ਜਾਣੀ ਚਾਹੀਦੀ ਸੀ। ਉਸ ਨੂੰ ਫਿਰ ਤੁਸੀਂ ਅਗਾਂਹ ਲੈ ਕੇ ਤੁਰ ਪਏ । ਸਾਨੂੰ ਸਪੋਰਟਸਮੈਨਸ਼ਿਪ ਦੇ ਹਿਸਾਬ ਨਾਲ ਹਾਊਸ ਵਿੱਚ ਗੱਲ ਕਰਨੀ ਚਾਹੀਦੀ ਹੈ ਤਾਂ ਹੀ ਹਾਊਸ ਚੰਗੇ ਅਤੇ ਖੁਸ਼ਗਵਾਰ ਢੰਗ ਨਾਲ ਚਲ ਸਕੇਗਾ। ਮੈਂ ਤੁਹਾਨੂੰ ਹਾਊਸ ਵਿੱਚ ਪੂਰੀ ਐਸ਼ਿਓਰੈਂਸ ਦਿੰਦਾ ਹਾਂ ਕਿ ਤੁਹਾਡੀ ਪੂਰੀ ਗੱਲ ਸੁਣੀ ਜਾਵੇਗੀ। ਜੋ ਵੀ ਤੁਸੀਂ ਗੱਲ ਕਰਨੀ ਚਾਹੋਗੇ, ਟਾਈਮ ਲੈਣਾ ਚਾਹੋਗੇ ਉਹ ਤੁਹਾਡਾ ਪੂਰਾ ਹੱਕ ਹੈ ਅਤੇ ਉਹ ਤੁਹਾਨੂੰ ਮਿਲੇਗਾ। ਅਸੀਂ ਸਾਰੇ ਇੱਥੇ ਪੰਜਾਬ ਦੀਆਂ ਮੁਸ਼ਕਲਾਂ ਹੱਲ ਕਰਨ ਵਾਸਤੇ ਆਏ ਹਾਂ। ਮੈਂ ਐਸ਼ਿਓਰ ਕਰਦਾ ਹਾਂ ਕਿ ਤੁਹਾਡੀ ਗੱਲ ਨੂੰ ਵਜ਼ਨ ਦਿੱਤਾ ਜਾਵੇਗਾ ਅਤੇ ਸੀ.ਐਮ. ਸਾਹਿਬ ਵੀ ਦਿੰਦੇ ਹਨ। ਇਹ ਗੱਲ ਮੈਂ ਪੂਰੀ ਤਰ੍ਹਾਂ ਮਹਿਸੂਸ ਕਰਦਾ ਹਾਂ। ਕਿਸੇ ਨੂੰ ਸਨੱਬ ਕਰਨ ਦਾ ਯਤਨ ਨਹੀਂ ਕਰਨਾ ਚਾਹੀਦਾ। ਵਾਤਾਵਰਣ ਵਿੱਚ ਡੈਕੋਰਮ ਕਾਇਮ ਅਸੀਂ ਰੱਖਣਾ ਹੈ। ਕਈ ਵਾਰੀ ਹਾਊਸ ਦਾ ਡੈਕੋਰਮ ਕਾਇਮ ਰੱਖਣ ਵਾਸਤੇ ਮੈਂ ਵੀ ਕਿਸੇ ਦਾ ਨਾਂ ਲੈ ਕੇ ਗੱਲ ਕਰ ਲੈਂਦਾ ਹਾਂ। ਇਹ ਡਿਸਿਪਲਿਨ ਕਾਇਮ ਰੱਖਣ ਵਾਸਤੇ ਕਰਨਾ ਪੈਂਦਾ ਹੈ। ਹਾਊਸ ਦਾ ਡੈਕੋਰਮ ਕਾਇਮ ਰੱਖਣ ਵਾਸਤੇ ਤੁਸੀਂ ਵੀ ਯਤਨ ਕਰੋ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਜਿਹੜਾ ਤੁਸੀਂ ਖਦਸ਼ਾ ਜ਼ਾਹਿਰ ਕੀਤਾ ਹੈ ਉਹ ਇਸ ਤਰ੍ਹਾਂ ਨਹੀਂ ਹੋਵੇਗਾ। ਤੁਹਾਡਾ ਮਾਨ-ਸਤਿਕਾਰ ਸੀ. ਐਮ. ਸਾਹਿਬ ਵੀ ਕਰਦੇ ਹਨ ਅਤੇ ਮੈਂ ਵੀ ਕਰਦਾ ਹਾਂ ਅਤੇ ਕਿਉਂਜੋ ਅਸੀਂ ਸਾਰੇ ਹਾਊਸ ਦੇ ਮੈਂਬਰ ਹਾਂ, ਸਾਰਿਆਂ ਨੂੰ ਕਰਨਾ ਵੀ ਚਾਹੀਦਾ ਹੈ। ਹਾਊਸ ਵਿੱਚ ਜਿਹੜਾ ਐਲਡਰ ਮੈਂਬਰ ਹੈ ਉਸਦਾ ਸਤਿਕਾਰ ਥੋੜ੍ਹਾ ਜ਼ਿਆਦਾ ਕਰਨਾ ਬਣਦਾ ਹੈ, ਬਾਕੀਆਂ ਨੂੰ ਵੀ ਸਤਿਕਾਰ ਮਿਲਦਾ ਹੈ। ਇਸੇ ਤਰ੍ਹਾਂ ਫਿਰ ਐਲਡਰ ਮੈਂਬਰ ਪਿਆਰ ਵੀ ਪੂਰਾ ਕਰਦਾ ਹੈ ਜਿਸ ਤਰ੍ਹਾਂ ਆਪਣੇ ਘਰਾਂ-ਪਰਿਵਾਰਾਂ ਦੇ ਵਿੱਚ ਹੁੰਦਾ ਹੈ। ਇਹ ਵੀ ਪੰਜਾਬ ਦਾ ਪਰਿਵਾਰ ਹੀ ਹੈ ਅਤੇ ਅਸੀਂ ਪੰਜਾਬ ਦੀ ਨੁਮਾਇੰਦਗੀ

Original with;
Punjab Vidhan Sabha
Digitized by;
Panjab Digital Library

ਕਰਦੇ ਹਾਂ। ਤੁਸੀਂ ਵੀ ਆਪਣਾ ਖਿਆਲ ਰੱਖੋਗੇ ਅਤੇ ਮੈਂ ਵੀ ਤੁਹਾਡਾ ਖਿਆਲ ਰੱਖਾਂਗਾ। ਜੋ ਵੀ ਗੱਲ ਤੁਸੀਂ ਇੱਥੇ ਪੰਜਾਬ ਵਾਸਤੇ ਲੈਕੇ ਆਓਗੇ ਜਿਸ ਦਾ ਕਿ ਪੰਜਾਬ ਨੂੰ ਫਾਇਦਾ ਹੋਵੇ ਅਤੇ ਪੰਜਾਬ ਵਾਸਤੇ ਚੜ੍ਹਦੀ ਕਲਾ ਲਈ ਹੋਵੇ, ਉਸ ਦਾ ਖਿਆਲ ਰੱਖਿਆ ਜਾਵੇ ਗਾ। ਤੁਸੀਂ ਇਸ ਕਰਕੇ ਹੁਣ ਮਹਿਸੂਸ ਨਾ ਕਰੋ।

(ਇਸ ਸਮੇਂ ਆਪੋਜ਼ੀਸ਼ਨ ਦੇ ਕਾਫੀ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਗੈਰ ਇਜ਼ਾਜ਼ਤ ਬੋਲ ਰਹੇ ਸਨ।)

ਹੁਣ ਦੁਬਾਰਾ ਤੁਸੀਂ ਉਸੇ ਤਰ੍ਹਾਂ ਦੀ ਹੀ ਗੱਲ ਨਾ ਕਰੋ ਪਲੀਜ਼। ਹੁਣ ਤੁਸੀਂ ਇਸ ਤਰ੍ਹਾਂ ਗੱਲ ਕਰੋਗੇ ਤਾਂ ਗੱਲ ਫਿਰ ਹੋਰ ਤਰ੍ਹਾਂ ਤੁਰ ਪਵੇਗੀ। ਹਾਂ ਜੀ, ਖਹਿਰਾ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਪੋਰਟਸਮੈਨ ਸਪਿਰਿਟ ਵਿੱਚ ** ਵੀ ਇਨਕਲੂਡਿਡ ਹਨ ? ਜਦ ਅਸੀਂ ਇੱਥੋਂ ਤੁਰ ਕੇ ਜਾ ਰਹੇ ਸੀ ਤਾਂ ਇੱਥੋਂ ** ਇਹ ਕੱਢ ਰਹੇ ਸਨ। ਕੀ ਸਪੋਰਟਸਮੈਨ ਸਪਿਰਿਟ ਵਿੱਚ ** ਅਲਾਊਡ ਹੈ ? ਇਹ ਕਲੈਰੀਫਾਈ ਕਰ ਦਿਓ ਜੀ। ਉਵੇਂ ਦੀ ਹੀ ਸਪੋਰਟਸਮੈਨ ਸਪਿਰਿਟ ਅਸੀਂ ਰੱਖ ਲੈਂਦੇ ਹਾਂ। ਮੈਂ ਕੋਈ ਅਨਪਾਰਲੀਮੈਂਟਰੀ ਗੱਲ ਨਹੀਂ ਕੀਤੀ ਜਦ ਮੈਂ ਪਗੜੀ ਦੇ ਇਸ਼ੂ ਤੇ ਗੱਲ ਕਰ ਰਿਹਾ ਸੀ । ਉਹ ਗੱਲ ਵੱਖਰੀ ਹੈ ਕਿ ਮੈਂ ਪੁਆਇੰਟ ਆਊਟ ਕਰ ਰਿਹਾ ਸੀ ਕਿ ਸਾਡੀਆਂ ਕੋਸ਼ਿਸ਼ਾਂ ਦਾ ਸਦਕਾ ਇਹ ਇਸ਼ੂ ਉਠਿਆ ਹੈ। ਲੇਕਿਨ ਉਸ ਵਿੱਚ ਇਨ੍ਹਾਂ ਨੇ ਮੇਰਾ ਨਾਂ ਰੱਖ ਲਿਆ। ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਨ੍ਹਾਂ ਦੇ 10 ਨਾਂ ਰੱਖ ਸਕਦਾ ਹਾਂ। ਸਾਰੇ ਪੰਜਾਬ ਨੇ ਰੱਖੇ ਵੀ ਹੋਏ ਹਨ। ਸਪੀਕਰ ਸਾਹਿਬ, ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ I have never used any unparliamentary language......... ਮੇਰੀ ਪਾਰਟੀ ਦੀ ਗੱਲ ਅਲੱਗ ਹੈ। ਪਰ ਮੇਰੇ ਇਕੱਲੇ ਦੀ ਜਿਹੜੀ ਗੈਰਤ ਹੈ, ਮੇਰੇ ਇਕੱਲੇ ਦੀ ਜਿਹੜੀ ਸੈਲਫ ਰਿਸਪੈਕਟ ਹੈ, ਇਹ ਹਰਟ ਹੋਈ ਹੈ। He (Chief Minister) must express sorry for those words. It has deeply hurt me. He must feel sorry for that. (ਇਸ ਸਮੇਂ ਟਰੈਜ਼ਰੀ ਬੈਂਚਿਜ਼ ਤੋਂ ਕੁਝ ਮੈਂਬਰ ਖੜ੍ਹੇ ਹੋ ਕੇ ਬਗੈਰ ਇਜ਼ਾਜ਼ਤ ਬੋਲ ਰਹੇ ਸਨ ।)

**ਮਾਨਯੋਗ ਸਪੀਕਰ** : ਖਹਿਰਾ ਸਾਹਿਬ, ** ਕਿਹੜੀਆਂ ਕਹਿੰਦੇ ਹੋ ? ਮੈਂ ਤਾਂ ਸੁਣੀਆਂ ਨਹੀਂ । ਇਹ ** ਸ਼ਬਦ ਕੱਟ ਦਿਓ। ਫਿਰ ਉਹੀ ਗੱਲ ਹੋ ਗਈ। ਸੰਧੂ ਸਾਹਿਬ, ਪਲੀਜ਼। ਸੰਧੂ ਸਾਹਿਬ (ਸਰਦਾਰ ਹਰਮੀਤ ਸਿੰਘ ਸੰਧੂ ਨੂੰ ਸੰਬੋਧਨ ਕਰਕੇ)। ਮੇਰੀ ਪਰਮਿਸ਼ਨ ਤੋਂ ਬਗੈਰ ਕਿਉਂ ਬੋਲਦੇ ਹੋ? ਇਹ ਕੋਈ ਡੈਕੋਰਮ ਹੈ ਹਾਊਸ ਦਾ ਕਿ ਜਿਹੜਾ ਮਰਜ਼ੀ ਉੱਠ ਕੇ ਗੱਲ ਕਰੀ ਜਾਵੇ ? ਮਜੀਠੀਆ ਸਾਹਿਬ, ਬੈਠੋ। ਪਲੀਜ਼, ਬੈਠੋ ਤੁਸੀਂ । ਖਹਿਰਾ ਸਾਹਿਬ, ਹੁਣ ਜਿਹੜੀ ਗੱਲ ਹੋ ਗਈ, ਉਸ ਤੋਂ ਅੱਗੇ ਚੱਲੋ। ਸੀ.ਐਮ. ਸਾਹਿਬ ਨੇ ਜਿਹੜੇ ਲਹਿਜ਼ੇ ਵਿੱਚ ਗੱਲ ਕੀਤੀ, ਮੈਂ ਉਸ ਲਹਿਜ਼ੇ ਵਿੱਚ ਤੁਹਾਡੇ ਨਾਲ ਗੱਲ ਕਰਨ ਦਾ ਯਤਨ ਕੀਤਾ ਹੈ । ਸੀ.ਐਮ. ਸਾਹਿਬ ਸਿਰਫ ਮਖੌਲੀਆ ਸੁਭਾਅ ਨਾਲ ਗੱਲ ਕਰਦੇ ਹਨ (ਵਿਘਨ, ਸ਼ੋਰ)

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮਾਨਯੋਗ ਸਪੀਕਰ]

ਪਰ ਜਦੋਂ ਅਸੀਂ ਉੱਠ ਕੇ ਤੁਰ ਪੈਂਦੇ ਹਾਂ ਨਾਅਰੇਬਾਜ਼ੀ ਕਰਨ ਲੱਗ ਜਾਂਦੇ ਹਾਂ, ਗੱਲ ਹੋਰ ਤਰ੍ਹਾਂ ਦੀ ਆ ਜਾਂਦੀ ਹੈ। ਮੈਂ ਅੱਗੇ ਵਾਸਤੇ ਯਕੀਨ ਦਿਵਾਉਂਦਾ ਹਾਂ ਅਤੇ ਅਸੀਂ ਹਾਊਸ ਪੀਸਫੁਲੀ ਚਲਾਉਣ ਦਾ ਯਤਨ ਕਰੀਏ। ਜੇਕਰ ਕੋਈ ਵੀ ਗੱਲ ਹੋਵੇਗੀ ਤਾਂ ਮੈਂ ਉਸ ਵਿੱਚ ਹੁਣ ਸੀਰੀਅਸ ਹੋਵਾਂਗਾ। (ਵਿਘਨ, ਸ਼ੋਰ) ਬੈਠੋ ਜੀ, ਬਰਾੜ ਸਾਹਿਬ ਬੈਠੋ। ਮੈਨੂੰ ਹਾਊਸ ਦੀ ਕਾਰਵਾਈ ਚਲਾਉਣ ਦਿਉ। ਜਿਹੜੀ ਵੀ ਗੱਲ ਕਰੋਗੇ, ਮੈਂ ਉਸ ਗੱਲ ਲਈ ਸੀਰੀਅਸ ਹੋਵਾਂਗਾ। ਹੁਣ ਬੈਠ ਜਾਓ ਤੁਸੀਂ। .................(ਵਿਘਨ)...........ਬਰਾੜ ਸਾਹਿਬ, ਇਕ ਮਿੰਟ, ਹੁਣ ਬੈਠੋ, ਹਾਊਸ ਦੀ ਕਾਰਵਾਈ ਚੱਲਣ ਦਿਉ।

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ, ਤੁਸੀਂ ਵਧੀਆ ਕੀਤਾ ਹੈ, ਐਨਸ਼ਿਓਰ ਵੀ ਕਰਵਾਇਆ ਹੈ ਔਰ ਤੁਸੀਂ ਸਮਝਣ ਦੀ ਕੋਸ਼ਿਸ਼ ਵੀ ਕੀਤੀ ਹੈ। ਪਰ ਫਿਰ ਵੀ ਤੁਹਾਡੇ ਸਾਹਮਣੇ ਜੋ ਕੁਝ ਹੋ ਰਿਹਾ ਹੈ, ਤੁਸੀਂ ਦੇਖਦੇ ਹੀ ਹੋ। ਮੈਂ ਅਤੇ ਮੇਰੇ ਸਾਥੀ ਮਹਿਸੂਸ ਕਰਦੇ ਹਾਂ ਕਿਉਂਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਲੀਡਰ ਆਫ ਦੀ ਹਾਊਸ ਹਨ, ਸਰਕਾਰ ਦੇ ਮੁਖੀ ਹਨ ਅਤੇ ਪੰਜਾਬ ਦੇ ਨੇਤਾ ਹਨ ਔਰ ਸਾਰਾ ਕੁਝ ਇਹ ਵੀ ਦੇਖ ਰਹੇ ਹਨ। ਇਹ ਇੰਨੇ ਮੈਚਿਓਰ ਲੀਡਰ ਹਨ। ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਉਹ ਐਸ਼ਿਓਰ ਜ਼ਰੂਰ ਕਰਵਾਉਣ ਕਿ ਇਨ੍ਹਾਂ ਦੀ ਪਾਰਟੀ ਦੇ ਬੰਦੇ ਡਸਿਪਲਨ ਵਿੱਚ ਰਹਿਣਗੇ ਅਤੇ ਅੱਗੇ ਤੋਂ ਅਜਿਹੀ ਅਵੱਗਿਆ ਨਹੀਂ ਕਰਨਗੇ।

**ਮਾਨਯੋਗ ਸਪੀਕਰ :** ਬਰਾੜ ਜੀ, ਆਪਾਂ ਹੁਣ ਇਸ ਗੱਲ ਨੂੰ ਛੱਡੀਏ।

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ, ਮੈਂ ਕਿੰਨੀ ਕੁ ਮਾੜੀ ਗੱਲ ਕਹਿ ਦਿੱਤੀ। ਮੈਂ ਤਾਂ ਇੱਜ਼ਤ ਨਾਲ ਬਜ਼ੁਰਗਾਂ ਨੂੰ ਸੰਬੋਧਨ ਕਰਦਾ ਰਿਹਾ। ਤੁਸੀਂ ਕਿਉਂ ਇੰਨੇ ਕਾਹਲੇ ਪੈਂਦੇ ਹੋ ? ਮੈਂ ਆਖਿਰ ਕਹਿ ਕੀ ਦਿੱਤਾ ? (ਟਰੈਜ਼ਰੀ ਬੈਚਾਂ ਵੱਲ ਇਸ਼ਾਰਾ) ਮੈਂ ਛਾਤੀ ਤੇ ਹੱਥ ਰੱਖ ਕੇ ਅੱਜ ਵੀ ਕਹਿੰਦਾ ਹਾਂ ਕਿ ਮੈਂ ਤੁਹਾਡੇ ਨਾਲੋਂ ਵੱਧ ਇਨ੍ਹਾਂ ਦਾ ਸਤਿਕਾਰ ਕਰਦਾ ਹਾਂ, ਤੁਹਾਡੇ ਤੋਂ ਜ਼ਿਆਦਾ ਇੱਜ਼ਤ ਕਰਦਾ ਹਾਂ।

(ਇਸ ਸਮੇਂ ਸਰਦਾਰ ਹੀਰਾ ਸਿੰਘ ਗਾਬੜੀਆ, ਜੇਲ੍ਹਾਂ, ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ ਆਪਣੀ ਸੀਟ ਤੇ ਬੋਲਣ ਲਈ ਖੜ੍ਹੇ ਹੋਏ ।)

**ਮਾਨਯੋਗ ਸਪੀਕਰ :** ਗਾਬੜੀਆ ਜੀ, ਤੁਸੀਂ ਹਾਊਸ ਨੂੰ ਚੱਲਣ ਦਿਉ, ਐਵੇਂ ਨੰਬਰ ਬਣਾਉਣ ਦਾ ਘੱਟ ਯਤਨ ਕਰੀਏ। ਮੈਂ ਸਾਰਿਆਂ ਨੂੰ ਬੇਨਤੀ ਕਰਾਂਗਾ । ........ (ਵਿਘਨ) ...........

(ਇਸ ਸਮੇਂ ਵਿਰੋਧੀ ਧਿਰਾਂ ਦੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਹਾਊਸ ਅੰਦਰ ਕਾਫੀ ਸ਼ੋਰ ਸੀ।)

Original with;
Punjab Vidhan Sabha
Digitized by;
Panjab Digital Library

**ਸਰਦਾਰ ਅਵਤਾਰ ਸਿੰਘ ਬਰਾੜ** : ਇਸ ਨਾਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦਾ ਕੱਦ ਹੋਰ ਵੱਡਾ ਹੋਏਗਾ।

**ਮਾਨਯੋਗ ਸਪੀਕਰ** : ਮੈਂ ਬਾਦਲ ਸਾਹਿਬ ਵੱਲੋਂ ਤੁਹਾਨੂੰ ਸਾਰਿਆਂ ਨੂੰ ਕਹਿ ਦਿੰਦਾ ਹਾਂ ਕਿ ਪਲੀਜ਼ ਹੁਣ ਤੁਸੀਂ ਬੈਠੋ, ਹਾਊਸ ਦੀ ਕਾਰਵਾਈ ਚਲਾਈਏ।

**ਸਰਦਾਰ ਵਿਰਸਾ ਸਿੰਘ ਵਲਟੋਹਾ** : ਸਪੀਕਰ ਸਾਹਿਬ, ਮੈਂ ਜ਼ਿਕਰ ਕਰ ਰਿਹਾ ਸੀ ਕਿ ਜਿਹੜੀ ਪੰਜਾਬ ਦੇ ਅੰਦਰ ਵਿਕਾਸ ਦੀ ਲਹਿਰ ਚੱਲ ਰਹੀ ਹੈ ਇਹ ਪਹਿਲੀ ਵਾਰੀ ਹੈ ਕਿ ਸੂਬੇ ਦੀ ਸਰਕਾਰ ਬਣੀ ਹੋਵੇ ਅਤੇ ਦੋ ਸਾਲ ਦੇ ਅੰਦਰ ਅੰਦਰ ਵਿਕਾਸ ਦੀ ਹਨੇਰੀ ਆ ਜਾਵੇ, ਵਿਕਾਸ ਦੀ ਲਹਿਰ ਚੱਲ ਪਵੇ...........

**ਸਰਦਾਰ ਅਵਤਾਰ ਸਿੰਘ ਬਰਾੜ** : ਸਪੀਕਰ ਸਾਹਿਬ, ਜੋ ਹੁਣ ਇਹ ਸੈਸ਼ਨ ਹੈ, ਸਾਡੀ ਪਾਰਟੀ ਇਸ ਦਾ ਬਾਈਕਾਟ ਕਰਦੀ ਹੈ ਕਿਉਂਕਿ ਸਾਨੂੰ ਇਸ ਗੱਲ ਦਾ ਵਿਸ਼ਵਾਸ ਨਹੀਂ ਕਿ ਇਥੇ ਸਾਡੀ ਗੱਲ ਸੁਣੀ ਜਾਵੇਗੀ, ਜ਼ਮਹੂਰੀਅਤ ਦੀ ਬਹਾਲੀ ਰਹੇਗੀ ਜਾਂ ਇੱਥੇ ਠੀਕ ਵਤੀਰਾ ਹੋਏਗਾ।

---

## WALK—OUT

ਮਾਨਯੋਗ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਪ੍ਰਤੀ ਮੁੱਖ ਮੰਤਰੀ ਜੀ ਵੱਲੋਂ ਕਹੇ ਗਏ ਸ਼ਬਦਾਂ ਵਿਰੁਧ ਰੋਸ ਪ੍ਰਗਟ ਕਰਦੇ ਹੋਏ ਆਪੋਜ਼ੀਸ਼ਨ ਵੱਲੋਂ ਮੁੱਖ ਮੰਤਰੀ ਜੀ ਤੋਂ ਮੁਆਫੀ ਦੀ ਮੰਗ ਕੀਤੀ ਗਈ ਅਤੇ ਆਸ਼ਵਾਸਨ ਚਾਹਿਆ ਕਿ ਰੂਲਿੰਗ ਪਾਰਟੀ ਦੇ ਮੈਂਬਰ ਸਾਹਿਬਾਨ ਹਾਊਸ ਦੀ ਮਰਿਆਦਾ ਕਾਇਮ ਰੱਖਣਗੇ। ਉਨ੍ਹਾਂ ਦੀ ਮੰਗ ਨਾ ਮੰਨੇ ਜਾਣ ਤੇ ਰੋਸ ਵਜੋਂ ਇਸ ਸਮੇਂ ਸਦਨ ਵਿੱਚ ਵਿਰੋਧੀ ਧਿਰ ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਅਤੇ ਸਰਦਾਰ ਅਜੀਤ ਸਿੰਘ ਸ਼ਾਂਤ, ਆਜ਼ਾਦ ਮੈਂਬਰ ਹਾਊਸ ਵਿੱਚੋਂ ** ਨਾਹਰੇ ਮਾਰਦੇ ਹੋਏ ਵਾਕ-ਆਊਟ ਕਰ ਗਏ ਜੋ ਰਿਕਾਰਡ ਨਹੀਂ ਕੀਤੇ ਗਏ।

---

## MOTION OF THANKS AND DISCUSSION ON GOVERNOR'S ADDRESS *(RESUMPTION)*

**ਸਰਦਾਰ ਵਿਰਸਾ ਸਿੰਘ ਵਲਟੋਹਾ** : ਸਪੀਕਰ ਸਾਹਿਬ, ਮੈਂ ਵਿਕਾਸ ਦੀ ਲਹਿਰ ਦੀ ਗੱਲ ਕੀਤੀ ਹੈ । 500 ਕਰੋੜ ਰੁਪਏ ਨਾਲ ਪਿੰਡਾਂ ਦਾ ਵਿਕਾਸ ਹੋ ਰਿਹਾ ਹੈ। ਹਰੇਕ ਹਲਕੇ ਦੇ ਅੰਦਰ ਰੂਰਲ ਡਿਵੈਲਪਮੈਂਟ ਫੰਡਾਂ ਦੇ ਨਾਲ ਪਿੰਡਾਂ ਦਾ ਵਿਕਾਸ ਹੋ ਰਿਹਾ ਹੈ। ਪਿੰਡਾਂ ਦਾ ਹੀ ਨਹੀਂ ਸਮੁੱਚੇ ਪੰਜਾਬ ਦੇ ਅੰਦਰ ਜਿੰਨੇ ਵੀ ਸ਼ਹਿਰ ਹਨ, ਜਿੰਨੀਆਂ ਵੀ ਕਮੇਟੀਆਂ ਹਨ, ਚਾਹੇ ਮਿਊਂਸਿਪਲ ਕਮੇਟੀਆਂ ਹਨ, ਚਾਹੇ ਨੋਟੀਫਾਈਡ ਏਰੀਆ ਕਮੇਟੀਆਂ ਹਨ, ਉਨ੍ਹਾਂ ਵਾਸਤੇ ਵੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਬਹੁਤ ਵੱਡੇ ਫੰਡ ਜਾਰੀ ਕੀਤੇ ਹਨ। ਪੰਜਾਬ ਦੀਆਂ ਸਾਰੀਆਂ ਕਾਰਪੋਰੇਸ਼ਨਾਂ ਨੂੰ 500 ਕਰੋੜ ਰੁਪਏ ਦਿੱਤੇ ਹਨ। ਮਿਊਂਸਿਪਲ ਕਮੇਟੀਆਂ ਨੂੰ ਇਕ ਕਰੋੜ ਰੁਪਏ ਤੋਂ ਲੈ ਕੇ 3 ਕਰੋੜ ਰੁਪਏ ਤੱਕ ਹਰ

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਵਿਰਸਾ ਸਿੰਘ ਵਲਟੋਹਾ]

ਇਕ ਕਮੇਟੀ ਨੂੰ ਦਿੱਤਾ ਹੈ। ਅੱਜ ਵੀ ਪੰਜਾਬ ਦੇ ਲੋਕ ਚਰਚਾ ਕਰਦੇ ਹਨ ਕਿ ਇੰਨਾ ਪੈਸਾ ਕਿੱਥੋਂ ਆਇਆ ਹੈ । ਸਪੀਕਰ ਸਾਹਿਬ, ਪਿਛਲੀ ਸਰਕਾਰ ਕੀ ਕਰਕੇ ਗਈ ਸੀ ਕਿ ਜਦੋਂ ਜਾਣ ਲੱਗੇ ਉਦੋਂ ਗਰਾਂਟਾਂ ਵੰਡੀਆਂ, ਕੁਝ ਕੁ ਆਪ ਛਕ ਗਏ, ਕੁਝ ਇਨ੍ਹਾਂ ਦੇ ਚਹੇਤੇ ਛਕ ਗਏ। ਪਿੰਡਾਂ ਅਤੇ ਸ਼ਹਿਰਾਂ ਦਾ ਕੋਈ ਵਿਕਾਸ ਨਹੀਂ ਹੋਇਆ । ਤੁਹਾਡੇ ਏਰੀਏ ਵਿੱਚ ਵੀ ਨੋਟੀਫਾਈਡ ਕਮੇਟੀ ਹੈ। ਕਦੇ ਅੱਗੇ ਨੋਟੀਫਾਈਡ ਕਮੇਟੀ ਨੂੰ ਇੰਨਾ ਪੈਸਾ ਨਹੀਂ ਮਿਲਿਆ ਸੀ। ਮੇਰੇ ਏਰੀਏ ਵਿੱਚ ਖੇਮਕਰਨ ਨੋਟੀਫਾਈਡ ਏਰੀਆ ਕਮੇਟੀ ਪੈਂਦੀ ਹੈ। 1947 ਤੋਂ ਲੈ ਕੇ ਹੁਣ ਤੱਕ ਇਤਿਹਾਸ ਵਿੱਚ ਕਦੇ ਉਥੇ 15-20 ਲੱਖ ਰੁਪਏ ਤੋਂ ਵੱਧ ਪੈਸੇ ਨਹੀਂ ਗਏ। ਉਹ ਵੀ ਉਦੋਂ ਗਏ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਹੁੰਦੀ ਸੀ, ਉਸ ਸਮੇਂ ਗਏ। ਇਹ ਪਹਿਲੀ ਵਾਰੀ ਹੋਇਆ ਹੈ ਕਿ ਉਥੇ ਇਕ ਕਰੋੜ ਰੁਪਿਆ ਗਿਆ ਔਰ ਇਸ ਦੇ ਨਾਲ ਪੂਰੇ ਸ਼ਹਿਰਾਂ ਦੀ ਕਾਇਆ ਕਲਪ ਹੋ ਜਾਣੀ ਹੈ। ਹਰ ਸੂਬੇ ਦੀ ਉਨਤੀ ਤੇ ਤਰੱਕੀ ਦਾ ਸਭ ਤੋਂ ਵੱਡਾ ਪੈਰਾਮੀਟਰ ਵਿੱਦਿਆ ਹੁੰਦੀ ਹੈ ਕਿ ਉਥੇ ਐਜੂਕੇਸ਼ਨ ਕਿਸ ਤਰ੍ਹਾਂ ਦੀ ਹੈ। ਐਜੂਕੇਸ਼ਨ ਤਾਂ ਮਿਲਦੀ ਹੈ ਜੇਕਰ ਸਕੂਲਾਂ ਵਿੱਚ ਟੀਚਰ ਹੋਣ। ਸਰਦਾਰ ਬਾਦਲ ਜੀ ਦੀ ਸਰਕਾਰ ਨੇ 14000 ਟੀਚਰ ਭਰਤੀ ਕੀਤੇ ਹਨ। ਇਹ ਵੀ ਮਾਣ ਵਾਲੀ ਗੱਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੂੰ ਜਾਂਦੀ ਹੈ ਕਿ ਪੰਜਾਬੀ ਭਾਸ਼ਾ ਜਿਸ ਨੂੰ ਅਸੀਂ ਭੁੱਲਦੇ ਜਾ ਰਹੇ ਸੀ, ਜਿਸ ਨੂੰ ਸਾਡੀ ਆਉਣ ਵਾਲੀ ਪੀੜ੍ਹੀ ਵਿਸਾਰਦੀ ਜਾ ਰਹੀ ਸੀ, ਉਸ ਨੂੰ ਕਾਇਮ ਰੱਖਣ ਵਾਸਤੇ, ਪ੍ਰਫੁੱਲਤ ਕਰਨ ਵਾਸਤੇ ਸਮੁੱਚੇ ਪੰਜਾਬ ਦੇ ਵਿਦਿਅਕ ਅਦਾਰਿਆਂ ਵਿਚ ਭਾਵੇਂ ਉਨ੍ਹਾਂ ਵਿਚ ਪ੍ਰਾਈਵੇਟ ਅਦਾਰੇ ਵੀ ਆਉਂਦੇ ਹਨ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਪੰਜਾਬੀ ਭਾਸ਼ਾ ਪੜ੍ਹਨਾ ਲਾਜ਼ਮੀ ਕਰ ਦਿੱਤਾ ਹੈ।

ਪੰਜਾਬ ਦੇ ਅੰਦਰ ਬੁਨਿਆਦੀ ਢਾਂਚੇ ਦੇ ਵਿਕਾਸ ਦੀ ਲੋੜ ਹੈ। ਬੜੀ ਖੁਸ਼ੀ ਦੀ ਅਤੇ ਮਾਣ ਵਾਲੀ ਗੱਲ ਹੈ ਕਿ ਪੰਜਾਬ ਵਾਸਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਅਤੇ ਉਨ੍ਹਾਂ ਦੇ ਲਖਤੇ ਜਿਗਰ ਪੰਜਾਬ ਦੇ ਉੱਪ ਮੁੱਖ ਮੰਤਰੀ ਦੀ ਸੂਝਬੂਝ ਤੇ ਲਿਆਕਤ ਦਾ ਸਦਕਾ ਅੱਜ ਪੰਜਾਬ ਅੰਦਰ 1 ਲੱਖ 25 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਹੋ ਰਿਹਾ ਹੈ ਅਤੇ ਇਸ ਨਾਲ ਪੰਜਾਬ ਦਾ ਵਿਕਾਸ ਹੋ ਰਿਹਾ ਹੈ। ਬਠਿੰਡਾ ਰਿਫਾਈਨਰੀ ਬੜੇ ਯਤਨਾਂ ਦੇ ਨਾਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸ਼ੁਰੂ ਕਰਵਾਈ ਸੀ। ਪਰ ਪਿਛਲੀ ਕੈਪਟਨ ਦੀ ਸਰਕਾਰ ਜਦੋਂ ਆਈ ਤਾਂ ਪਤਾ ਨਹੀਂ ਉਨ੍ਹਾਂ ਨੂੰ ਕੀ ਸੁਝਿਆ ਜਾਂ ਕਿਸ ਗੱਲ ਦਾ ਗੁੱਸਾ ਸੀ, ਉਨ੍ਹਾਂ ਨੇ ਬਠਿੰਡਾ ਰਿਫਾਈਨਰੀ ਦਾ ਕੰਮ ਰੋਕ ਦਿੱਤਾ। ਅੱਜ ਫਿਰ ਸਰਦਾਰ ਬਾਦਲ ਜੀ ਦੇ ਉੱਦਮ ਤੇ ਕੋਸ਼ਿਸ਼ ਸਦਕਾ 19,000/- ਕਰੋੜ ਰੁਪਏ ਦੀ ਲਾਗਤ ਵਾਲੀ ਬਠਿੰਡਾ ਰਿਫਾਈਨਰੀ ਮੁੜ ਚਾਲੂ ਹੋਈ ਹੈ। ਪੰਜਾਬ ਦੇ ਅੰਦਰ ਤਰੱਕੀ ਲਈ ਬਿਜਲੀ ਦੀ ਲੋੜ ਹੈ। ਜਦੋਂ ਜਦੋਂ ਵੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਆਈ ਹੈ, ਪੰਜਾਬ ਅੰਦਰ ਬਿਜਲੀ ਉਤਪਾਦਨ ਕਰਨ ਦੇ ਭਰਪੂਰ ਯਤਨ ਕੀਤੇ ਗਏ ਹਨ । ਥਰਮਲ ਪਲਾਂਟ ਲਗਾਏ ਗਏ ਹਨ, ਡੈਮਾਂ ਤੋਂ ਬਿਜਲੀ ਬਣਾਉਣ ਲਈ ਯਤਨ ਕੀਤੇ ਗਏ ਹਨ । ਪਿਛਲੀ ਸਰਕਾਰ

Original with;
Punjab Vidhan Sabha
Digitized by;
Panjab Digital Library

ਪੂਰੇ ਪੰਜ ਸਾਲ ਰਾਜ ਹੰਢਾ ਕੇ ਗਈ ਹੈ ਪਰ ਉਸ ਨੇ ਇਕ ਵੀ ਯੂਨਿਟ ਬਿਜਲੀ ਪੈਦਾ ਕਰਨ ਲਈ ਕੋਈ ਯਤਨ ਨਹੀਂ ਕੀਤਾ। ਅੱਜ 6480 ਮੈਗਾਵਾਟ ਬਿਜਲੀ ਪੈਦਾ ਕਰਨ ਲਈ 4 ਥਰਮਲ ਪਲਾਂਟ ਪੰਜਾਬ ਵਿੱਚ ਸ਼ੁਰੂ ਕੀਤੇ ਜਾ ਰਹੇ ਹਨ। ਤਲਵੰਡੀ ਸਾਬੋ ਤੇ ਗੋਇੰਦਵਾਲ ਸਾਹਿਬ ਦੋ ਤੇ ਕੰਮ ਸ਼ੁਰੂ ਹੋ ਗਿਆ ਹੈ। ਰਾਜਪੁਰਾ ਤੇ ਗਿੱਦੜਬਾਹਾ ਦੇ ਥਰਮਲ ਪਲਾਂਟ ਬੜੀ ਛੇਤੀ ਹੀ ਸ਼ੁਰੂ ਹੋਣ ਜਾ ਰਹੇ ਹਨ। ਇਨ੍ਹਾਂ ਤੋਂ 6480 ਮੈਗਾਵਾਟ ਬਿਜਲੀ ਪੈਦਾ ਹੋਵੇਗੀ ਜਿਸ ਨਾਲ ਪੰਜਾਬ ਦੇ ਅੰਦਰ ਪਹਿਲੀ ਵਾਰ ਬਿਜਲੀ ਸਰਪਲੱਸ ਹੋਵੇਗੀ।

*12.54 ਵਜੇ ਬਾਅਦ ਦੁਪਿਹਰ

(* ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਇਹ ਥਰਮਲ ਪਲਾਂਟ ਕਿਤੇ ਐਵੇਂ ਨਹੀਂ ਲੱਗ ਜਾਣੇ, ਇਨ੍ਹਾਂ ਉੱਤੇ 32,400/- ਕਰੋੜ ਰੁਪਏ ਦੀ ਲਾਗਤ ਵੀ ਆਉਂਣੀ ਹੈ। ਇਨ੍ਹਾਂ ਥਰਮਲ ਪਲਾਂਟਾਂ ਦੇ ਚੱਲਣ ਨਾਲ ਪੰਜਾਬ ਵਿਚ ਇੰਨੀ ਬਿਜਲੀ ਪੈਦਾ ਹੋਵੇਗੀ ਕਿ ਆਉਣ ਵਾਲੇ ਸਮੇਂ ਵਿੱਚ ਸਾਡੀ ਇੰਡਸਟਰੀ, ਕਿਰਸਾਨੀ ਅਤੇ ਸਾਡੇ ਲੋਕ ਖੁਸ਼ਹਾਲ ਹੋਣਗੇ। ਇਹ ਪੰਜਾਬ ਸਰਕਾਰ ਦੀ ਬੜੀ ਵੱਡੀ ਦੇਣ ਹੈ । ਸਰਦਾਰ ਸੁਖਬੀਰ ਸਿੰਘ ਬਾਦਲ ਦਾ ਮੁਹਾਲੀ ਨੂੰ ਅੰਤਰ-ਰਾਸ਼ਟਰੀ ਹਵਾਈ ਅੱਡਾ ਬਣਾਉਣਾ ਦਾ ਸੁਪਨਾ ਵੀ ਸਾਕਾਰ ਹੋਣ ਜਾ ਰਿਹਾ ਹੈ ਅਤੇ ਉਹ ਵੀ ਬਣਨ ਜਾ ਰਿਹਾ ਹੈ। ਲੁਧਿਆਣੇ ਦੇ ਨੇੜੇ ਵੀ ਇੰਟਰਨੈਸ਼ਨਲ ਏਅਰਪੋਰਟ ਬਣਨ ਜਾ ਰਿਹਾ ਹੈ। ਨਾਲਿਜ ਸਿਟੀ ਮੁਹਾਲੀ ਬਣ ਰਿਹਾ ਹੈ। ਆਈ.ਆਈ. ਟੀ. ਰੋਪੜ ਬਣ ਰਹੀ ਹੈ ਅਤੇ 2 ਸੈਂਟਰਲ ਯੂਨੀਵਰਸਿਟੀਆਂ ਬਠਿੰਡਾ ਅਤੇ ਅੰਮ੍ਰਿਤਸਰ ਵਿਖੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਬਦੌਲਤ ਬਣ ਰਹੀਆਂ ਹਨ। ਅਸੀਂ ਐਕਸਪ੍ਰੈਸ-ਵੇਅ ਸੁਣਦੇ ਹੀ ਰਹੇ ਹਾਂ, ਪਹਿਲੀ ਵੇਰ ਪੰਜਾਬ ਦੇ ਅੰਦਰ ਐਕਸਪ੍ਰੈਸ-ਵੇਅ ਬਨਣ ਜਾ ਰਿਹਾ ਹੈ। 5460 ਕਰੋੜ ਰੁਪਏ ਦੀ ਲਾਗਤ ਨਾਲ ਪੰਜਾਬ ਦੇ ਅੰਦਰ ਐਕਸਪ੍ਰੈਸ-ਵੇਅ ਬਣਨ ਜਾ ਰਿਹਾ ਹੈ। 6 ਮਾਰਗੀ ਸੜਕਾਂ ਜਿਸਦੇ ਨਾਲ ਪੰਜਾਬ ਦਾ ਬੁਨਿਆਦੀ ਢਾਂਚਾ ਜਿਹੜਾ ਹੈ, ਲੋਕਾਂ ਦੇ ਸਾਹਮਣੇ ਆ ਜਾਵੇਗਾ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਭਾਰਤੀਯ ਜਨਤਾ ਪਾਰਟੀ ਦੀ ਸੋਚ ਅਤੇ ਉਸਦਾ ਕੰਮ ਕਿਸ ਤਰ੍ਹਾਂ ਦਾ ਹੈ। ਆਦਰਸ਼ ਸਕੂਲ ਹਰੇਕ ਹਲਕੇ ਦੇ ਅੰਦਰ ਤਿੰਨ-ਤਿੰਨ ਸਕੂਲ ਬਣਾਏ ਹਨ। ਹਰੇਕ ਸਕੂਲ ਦੇ ਅੰਦਰ 50 ਲੱਖ ਰੁਪਿਆ ਉੱਥੇ ਲੱਗੇਗਾ। ਇੱਕ ਲੈਬਾਰਟਰੀ ਅਤੇ ਪੂਰਾ ਇਨਫਰਾਸਟਰੱਕਚਰ ਉੱਥੇ ਦਿੱਤਾ ਜਾ ਰਿਹਾ ਹੈ। ਡੇਢ ਕਰੋੜ ਰੁਪਿਆ ਇਸੇ ਕੰਮ ਵਾਸਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਹਰੇਕ ਹਲਕੇ ਵਿੱਚ ਦਿੱਤਾ ਹੈ। 8 ਨਵੇਂ ਸਰਕਾਰੀ ਕਾਲਜ ਪੰਜਾਬ ਵਿੱਚ ਬਣਨ ਜਾ ਰਹੇ ਹਨ। ਭਾਵੇਂ ਜੋ ਸਾਡੇ ਐਮ.ਐਲ.ਏ. ਸਾਹਿਬਾਨ ਅਤੇ ਮਨਿਸਟਰ ਸਾਹਿਬਾਨ ਹਨ, ਉਨ੍ਹਾਂ ਦੇ ਲਈ ਇਹ ਕਾਲਜ ਕੋਈ ਮਹੱਤਤਾ ਨਾ ਰੱਖਦੇ ਹੋਣ ਲੇਕਿਨ ਮੇਰੇ ਵਰਗੇ ਹਲਕੇ ਦੇ ਲੋਕਾਂ ਲਈ ਇਹ ਕਾਲਜ ਬਹੁਤ ਵੱਡੀ ਮਹੱਤਤਾ ਰੱਖਦੇ ਹਨ। ਮੇਰਾ ਖਿਆਲ ਹੈ ਕਿ ਪੂਰੇ ਪੰਜਾਬ ਦੇ ਵਿੱਚ, ਮੇਰਾ ਵਿਧਾਨ ਸਭਾ ਹਲਕਾ ਵਲਟੋਹਾ ਇਕ ਅਜਿਹਾ ਹਲਕਾ ਹੈ, ਜਿੱਥੇ ਨਾ ਕੋਈ ਪ੍ਰਾਈਵੇਟ ਅਤੇ ਨਾ ਕੋਈ ਸਰਕਾਰੀ ਕਾਲਜ ਹੈ। ਮੈਂ ਧੰਨਵਾਦੀ ਹਾਂ ਬਾਦਲ ਸਾਹਿਬ ਦਾ ਕਿ ਉਹ ਇਨ੍ਹਾਂ 8 ਨਵੇਂ ਕਾਲਜਾਂ ਵਿੱਚੋਂ ਇਕ ਕਾਲਜ

Original with;
Punjab Vidhan Sabha
Digitized by;
Panjab Digital Library

[ਸਰਦਾਰ ਵਿਰਸਾ ਸਿੰਘ ਵਲਟੋਹਾ]

ਵਲਟੋਹਾ ਹਲਕੇ ਵਿੱਚ ਵੀ ਬਣਾ ਰਹੇ ਹਨ। ਨਹਿਰੀ ਸਿਸਟਮ ਜਿਹੜਾ ਫੇਲ੍ਹ ਹੋ ਕੇ ਰਹਿ ਗਿਆ ਹੈ ਅਤੇ ਟੇਲਾਂ ਤੇ ਪਾਣੀ ਨਹੀਂ ਜਾਂਦਾ, ਕਿਸਾਨ ਤਰਾਹ ਤਰਾਹ ਕਰ ਰਹੇ ਹਨ ਅਤੇ ਇਹ ਸਿਸਟਮ ਤਹਿਸ-ਨਹਿਸ ਹੋ ਕੇ ਰਹਿ ਗਿਆ ਹੈ। ਪਹਿਲੀ ਵੇਰ ਕਿਸੇ ਨੇ ਇਸ ਨਹਿਰੀ ਸਿਸਟਮ ਬਾਰੇ ਸੋਚਿਆ ਹੈ ਕਿ ਇਸ ਵਿੱਚ ਸੁਧਾਰ ਦੀ ਲੋੜ ਹੈ, ਇਸ ਨੂੰ ਨਵਿਆਉਣ ਦੀ ਲੋੜ ਹੈ। 3656 ਕਰੋੜ ਰੁਪਏ ਦੀ ਲਾਗਤ ਨਾਲ ਪੰਜਾਬ ਸਰਕਾਰ ਸਮੁੱਚੇ ਨਹਿਰੀ ਸਿਸਟਮ ਨੂੰ ਸੁਧਾਰਨ ਜਾ ਰਹੀ ਹੈ ਅਤੇ ਹੁਣ ਟੇਲਾਂ ਤੇ ਵੀ ਪਾਣੀ ਭੱਜ ਭੱਜ ਕੇ ਜਾਵੇ ਗਾ। ਆਰ.ਓ. ਸਿਸਟਮ ਪੰਜਾਬ ਅੰਦਰ, ਜਿਵੇਂ ਬੰਦ ਬੋਤਲਾਂ ਵਿੱਚ ਪਾਣੀ ਮਿਲਦਾ ਹੈ, 471 ਪਿੰਡਾਂ ਵਿੱਚ ਆਰ.ਓ. ਸਿਸਟਮ ਪੰਜਾਬ ਸਰਕਾਰ ਲਗਾ ਚੁੱਕੀ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਇੰਨਾ ਜ਼ਿਆਦਾ ਹੈ ਕਿ ਜਿੰਨੇ ਦਿਨ ਦਾ ਸੈਸ਼ਨ ਰੱਖਿਆ ਗਿਆ ਹੈ, ਚਾਹੇ ਗਿਣੀ ਜਾਈਏ ਤਾਂ ਸ਼ਾਇਦ ਉਸਦੇ ਵਿੱਚ ਵੀ ਸਮਾਪਤ ਨਾ ਹੋਵੇ ਪਰ ਮੈਂ ਹੋਰ ਵੀ ਗੱਲਾਂ ਕਰਨੀਆਂ ਹਨ। ਜਿਹੜੇ ਇਹ ਸਾਡੇ ਸਾਹਮਣੇ ਬੈਠਦੇ ਵੀਰ ਬਹਾਨਾ ਬਣਾ ਕੇ ਚਲੇ ਗਏ ਹਨ ਇਹ ਕੇਵਲ ਤੇ ਕੇਵਲ ਅਖਬਾਰਾਂ ਵਿੱਚ ਨਿਊਜ਼ ਬਣਾਉਣ ਵਾਸਤੇ ਵਾਕ-ਆਊਟ ਕਰਕੇ ਗਏ ਹਨ। ਇਨ੍ਹਾਂ ਦਾ ਕੋਈ ਮਕਸਦ ਨਹੀਂ ਅਤੇ ਨਾ ਹੀ ਪੰਜਾਬ ਦਾ ਇਨ੍ਹਾਂ ਨੇ ਕਦੇ ਕੋਈ ਭਲਾ ਕੀਤਾ ਅਤੇ ਨਾ ਹੀ ਕਰ ਸਕਦੇ ਹਨ। ਕਾਂਗਰਸ ਪਾਰਟੀ, ਸਮੁੱਚੀ ਆਪੋਜ਼ੀਸ਼ਨ ਕਦੇ ਵੀ ਦਾਅਵਾ ਨਹੀਂ ਕਰ ਸਕਦੀ ਕਿ ਪੰਜਾਬ ਦੇ ਹਿੱਤਾਂ ਲਈ, ਪੰਜਾਬ ਦੇ ਵਿਕਾਸ ਲਈ ਉਸ ਨੇ ਕੋਈ ਕੰਮ ਕੀਤਾ ਹੋਵੇ। ਉਨ੍ਹਾਂ ਨੇ ਹਮੇਸ਼ਾ ਪੰਜਾਬ ਦੇ ਨਾਲ ਗੱਦਾਰੀ ਕੀਤੀ ਅਤੇ ਪੰਜਾਬੀਆਂ ਦੀ ਪਿੱਠ ਵਿੱਚ ਛੁਰਾ ਘੋਪਿਆ। ਉਨ੍ਹਾਂ ਨੇ ਕੇਵਲ ਤੇ ਕੇਵਲ ਆਪਣੇ ਆਕਾਵਾਂ ਨੂੰ ਜੋ ਦਿੱਲੀ ਵਿੱਚ ਬੈਠੇ ਹਨ ਅਤੇ ਪੰਜਾਬ ਵਿਰੋਧੀ ਸੋਚ ਰੱਖਦੇ ਹਨ, ਉਨ੍ਹਾਂ ਨੂੰ ਖੁਸ਼ ਕਰਨ ਲਈ ਹਾਂ ਵਿੱਚ ਹਾਂ ਮਿਲਾਈ । ਡਿਪਟੀ ਸਪੀਕਰ ਸਾਹਿਬ, ਤੁਸੀਂ ਜਿਸ ਚੇਅਰ ਤੇ ਬੈਠੇ ਹੋ, ਇਸ ਸਦਨ ਦੇ ਨਾਲ ਉਨ੍ਹਾਂ ਨੇ ਧੋਖਾ ਕੀਤਾ ਹੈ। ਵਿਧਾਨ ਸਭਾ ਦੇ ਰਿਕਾਰਡ ਵਿੱਚ ਟੈਂਪਰਿੰਗ ਕੀਤੀ ਗਈ। ਵਿਧਾਨ ਸਭਾ ਦੇ ਰਿਕਾਰਡ ਵਿੱਚ ਉਸ ਸਮੇਂ ਦੇ ਮੁੱਖ ਮੰਤਰੀ ਨੇ ਕਮੇਟੀ ਬਣਾਉਣ ਦਾ ਵਾਇਦਾ ਕੀਤਾ । ਉਸ ਨੂੰ ਪਤਾ ਸੀ ਖਮਿਆਜ਼ਾ ਭੁਗਤਣਾ ਪੈਣਾ ਹੈ ਅਤੇ ਉਹ ਅੰਤ ਵਿੱਚ ਸਾਹਮਣੇ ਆਇਆ। ਉਸ ਤੋਂ ਬਚਣ ਵਾਸਤੇ ਪੰਜਾਬ ਦੀ ਵਿਧਾਨ ਸਭਾ ਦੇ ਰਿਕਾਰਡ ਵਿੱਚ ਤਬਦੀਲੀ ਕਰ ਦਿੱਤੀ। ਸ਼ਰਮ ਆਉਂਦੀ ਹੈ ਸਾਨੂੰ ਕਿ ਵਿਧਾਨ ਸਭਾ ਦੇ ਉਹ ਮੈਂਬਰ ਜਾਂ ਉਹ ਮੁਖੀ ਜਿਨ੍ਹਾਂ ਨੇ ਪੰਜਾਬ ਨੂੰ ਸੱਚਾ ਤੇ ਸੁੱਚਾ ਰਾਜ ਦੇਣਾ ਹੋਵੇ, ਇਸ ਸਦਨ ਵਿੱਚ ਬੈਠ ਕੇ ਇਸ ਸਦਨ ਨਾਲ ਧੋਖਾ ਕਰ ਸਕਦੇ ਹਨ। ਮੇਰਾ ਖਿਆਲ ਹੈ ਕਿ ਦੁਨੀਆਂ ਦੇ ਇਤਿਹਾਸ ਵਿੱਚ ਇਹ ਇੱਕੋ ਇੱਕ ਮਿਸਾਲ ਹੋਵੇਗੀ ਕਿ ਜਦੋਂ ਕਿਸੇ ਵਿਧਾਨ ਸਭਾ ਦੇ ਰਿਕਾਰਡ ਵਿੱਚ ਹੀ ਮੌਕੇ ਦੇ ਹੁਕਮਰਾਨਾਂ ਨੇ ਤਬਦੀਲੀ ਕਰ ਦਿੱਤੀ ਹੋਵੇ। ਡਿਪਟੀ ਸਪੀਕਰ ਸਾਹਿਬ, ਕਮੇਟੀ ਵੀ ਬਣੀ ਅਤੇ ਕਮੇਟੀ ਦਾ ਨਤੀਜਾ ਵੀ ਤੁਹਾਡੇ ਸਾਹਮਣੇ ਹੈ । ਫਿਰ ਇਸੇ ਹਾਊਸ ਨੇ ਵਿਧਾਨ ਸਭਾ ਨੇ ਫੈਸਲਾ ਲਿਆ ਕਿ ਉਸ ਸਮੇਂ ਦੇ ਦੋਸ਼ੀ ਮੁੱਖ ਮੰਤਰੀ ਨੂੰ ਇਸ ਸਦਨ ਦੀ ਮੈਂਬਰਸ਼ਿੱਪ ਤੋਂ ਖਾਰਜ ਕਰ ਦਿੱਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਨੂੰ ਇੱਕ ਪੱਤਰਕਾਰ ਕਹਿਣ ਲੱਗਾ ਕਿ ਤੁਸੀਂ ਉਸ ਨੂੰ ਸਦਨ ਵਿੱਚੋਂ ਕੱਢ

Original with;
Punjab Vidhan Sabha
Digitized by;
Panjab Digital Library

ਦਿੱਤਾ ਹੈ। ਹੁਣ ਤਾਂ ਉਹ ਹੀਰੋ ਬਣ ਗਿਆ ਹੈ। ਮੈਂ ਕਿਹਾ, ਉਹ ਕਿਵੇਂ ? ਉਹ ਕਹਿਣ ਲੱਗਾ ਕਿ ਉਸ ਨੇ ਕਹਿਣਾ ਹੈ ਕਿ ਮੇਰੇ ਨਾਲ ਵੈਂਡੇਟਾ ਕੀਤਾ ਹੈ। ਮੈਂ ਕਿਹਾ ਕਿ ਵੈਂਡੇਟਾ ਥੋੜ੍ਹੀ ਹੈ। ਇਹ ਤਾਂ ਸਦਨ ਦਾ ਫੈਸਲਾ ਹੈ, ਹਾਊਸ ਦਾ ਫੈਸਲਾ ਹੈ। ਮੈਂ ਇੱਕ ਗੱਲ ਦੱਸਾਂ ਕਿ ਕੋਈ ਠੱਗ ਸੀ, ਇੱਕ ਪਿੰਡ ਵਿਚ ਸਾਧ ਬਣ ਕੇ ਚਲਾ ਗਿਆ। ਮਾਈਆਂ, ਵੀਰਾਂ ਨੇ ਬਹੁਤ ਸੇਵਾ ਕੀਤੀ ਕਿ ਕਰਨੀ ਵਾਲਾ ਕੋਈ ਸਾਧ ਆਇਆ ਹੈ ਪਰ ਅਖੀਰ ਜਦੋਂ ਪਤਾ ਲੱਗਾ ਕਿ ਇਹ ਸਾਧ ਨਹੀਂ, ਇਹ ਤਾਂ ਠੱਗ ਹੈ, ਇਹ ਤਾਂ ਚਰਿੱਤਰਹੀਣ ਹੈ ਤੇ ਫਿਰ ਜਿਹੜੇ ਲੋਕ ਮਲਾਈਆਂ ਖੁਆਉਂਦੇ ਸਨ, ਉਨ੍ਹਾਂ ਨੇ ਹੀ ਛਿੱਤਰ ਮਾਰੇ। ਜਿਹੜੇ ਇਸ ਸੀਟ ਤੇ ਬੈਠਦੇ ਸੀ, ਪੰਜਾਬ ਦੇ ਮੁੱਖ ਮੰਤਰੀ ਬਣ ਕੇ, ਅੱਜ ਇਸ ਸਦਨ ਵਿੱਚੋਂ ਉਨ੍ਹਾਂ ਨੂੰ ਨਮੋਸ਼ੀ ਨਾਲ ਬਾਹਰ ਜਾਣਾ ਪਿਆ। ਠੱਗ ਵੀ ਹੈ, ਧੋਖੇਬਾਜ਼ ਵੀ, ਪੰਜਾਬ ਦੇ ਸਦਨ ਨਾਲ ਧੋਖਾ ਕੀਤਾ ਹੈ ਤੇ ਡਿਪਟੀ ਸਪੀਕਰ ਸਾਹਿਬ, ਚਰਿੱਤਰਹੀਣ ਵਾਲੀ ਤਾਂ ਕੋਈ ਕਸਰ ਨਹੀਂ ਹੈ। ਉਹ ਤਾਂ ਤੁਹਾਨੂੰ ਪਤਾ ਹੀ ਹੈ। ਡਿਪਟੀ ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਧਰਮ ਪੁੱਤਰ ਯੁਧਿਸ਼ਟਰ ਵਾਂਗ ਸੱਚ ਦੇ ਰਾਹ ਦੇ ਪਾਂਧੀ ਹਨ। ਉਨ੍ਹਾਂ ਦੀ ਲੜਾਈ ਹਮੇਸ਼ਾਂ ਹੀ ਸਮੇਂ ਦੇ ਦੁਰਯੋਧਨਾਂ ਨਾਲ ਰਹੀ ਹੈ। ਪਿਛਲੀ ਸਰਕਾਰ ਸਮੇਂ ਵੀ ਦੁਰਯੋਧਨ ਦਾ ਰੋਲ ਨਿਭਾਉਣ ਵਾਲੇ ਅੱਜ ਅਦਾਲਤਾਂ ਦਾ ਜਿੰਨਾ ਮਰਜ਼ੀ ਸਹਾਰਾ ਲੈ ਲੈਣ, ਇੱਕ ਦਿਨ ਸੱਚ ਸਾਹਮਣੇ ਆਉਣਾ ਹੀ ਆਉਣਾ ਹੈ। ਅਜੇ ਤਾਂ ਸ਼ਕੁਨੀ ਮਾਮਾ ਹੀ ਕਾਬੂ ਆਇਆ ਹੈ। ਡਿਪਟੀ ਸਪੀਕਰ ਸਾਹਿਬ, ਇਤਿਹਾਸਿਕ ਸੱਚ ਹੈ ਕਿ ਪੰਜਾਬ ਦੇ ਹਿੱਤਾਂ ਨਾਲ ਗਦਾਰੀ ਕਰਨ ਵਾਲਾ ਕੈਪਟਨ ਅਮਰਿੰਦਰ ਸਿੰਘ ਅੱਜ ਸਦਨ ਤੋਂ ਬਾਹਰ ਹੈ ਪਰ ਪੰਜਾਬ ਦੇ ਹਿੱਤਾਂ ਦੀ ਰਖਵਾਲੀ ਕਰਨ ਵਾਲਾ ਅਤੇ ਪੰਜਾਬ ਦੇ ਉਜਵਲ ਭਵਿੱਖ ਦਾ ਦਾਮਨ ਸਰਦਾਰ ਸੁਖਬੀਰ ਸਿੰਘ ਬਾਦਲ ਅੱਜ ਪੰਜਾਬ ਦੇ ਡਿਪਟੀ ਮੁੱਖ ਮੰਤਰੀ ਦੇ ਤੌਰ ਤੇ ਸਦਨ ਵਿੱਚ ਆਏ ਹਨ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਜੀ ਤਾਂ ਕਰਦਾ ਹੈ ਪਰ ਕਈ ਵਾਰ ਚਰਚਾ ਕਰਨੀ ਪੈਂਦੀ ਹੈ। ਬਾਦਲ ਸਾਹਿਬ ਤੇ ਸਾਡੇ ਜਿਹੜੇ ਸਾਬਕਾ ਮੁੱਖ ਮੰਤਰੀ ਹਨ, ਇਨ੍ਹਾਂ ਦੇ ਸੁਭਾਅ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੈ। ਬੜੀ ਚਰਚਾ ਚਲਦੀ ਹੈ। ਇੱਕ ਬੀਬੀ ਪਾਕਿਸਤਾਨ ਤੋਂ ਆਈ ਹੈ। ਮੇਰਾ ਖਿਆਲ ਹੈ ਕਿ ਹਿੰਦੁਸਤਾਨ ਵਿਚ ਕਿੰਨੀਆਂ ਹੀ ਹਨ। ਉਨ੍ਹਾਂ ਦੀ ਤਾਂ ਗਿਣਤੀ ਕੋਈ ਨਹੀਂ।

ਡਿਪਟੀ ਸਪੀਕਰ ਸਾਹਿਬ, ਇੱਕ ਕੈਮੇਸਿਟਾਂ ਦੀਆਂ ਦੁਕਾਨਾਂ ਤੇ ਦਵਾਈ ਹੈ, ਉਸ ਦਾ ਨਾਮ ਪਤਾ ਕੀ ਹੈ, ਮਹਾਰਾਜਾ ਸ਼ਕਤੀ ਵਰਧਕ। ਫਾਰਮੇਸੀ ਕੋਈ ਹੋਰ ਹੈ, ਨਾਮ ਕੋਈ ਹੋਰ ਹੈ। ਕੋਈ ਸੱਜਣ ਇਸ ਨੂੰ ਚੁੱਕੀ ਫਿਰਦਾ ਸੀ। ਕੋਈ ਕੈਪਟਨ ਸਾਹਿਬ ਦੀ ਸੋਚ ਵਾਲਾ ਹੀ ਸੀ। ਉਹ ਕਹਿੰਦਾ ਇਸ ਦਾ ਨਾਮ ਇਸ ਕਰਕੇ ਮਹਾਰਾਜਾ ਸ਼ਕਤੀ ਵਰਧਕ ਹੈ ਕਿਉਂਕਿ ਇਸ ਦਾ ਸੇਵਨ ਕੈਪਟਨ ਅਮਰਿੰਦਰ ਸਿੰਘ ਕਰਦਾ ਹੈ। ਹੁਣ ਸ਼ਕਤੀ ਵਰਧਕ ਦਵਾਈਆਂ ਵੀ ਮਹਾਰਾਜਾ ਸਾਹਿਬ ਦੇ ਨਾਮ ਦੇ ਉੱਤੇ ਬਣਨ ਲੱਗ ਪਈਆਂ ਹਨ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਪੰਜ ਸਾਲ ਰਾਜ ਕੀਤਾ ਹੈ। ਸਾਲ 2002 ਤੋਂ ਲੈ ਕੇ ਸਾਲ 2007 ਤੱਕ ਇਹ ਕਿਸੇ ਗੱਲ ਦਾ ਦਾਅਵਾ ਨਹੀਂ ਕਰ ਸਕਦੇ ਕਿ ਅਸੀਂ ਪੰਜਾਬ ਨੂੰ ਕੋਈ ਵਧੀਆ ਪ੍ਰਸ਼ਾਸ਼ਨ ਦੇ ਕੇ ਗਏ ਹਾਂ। ਇਹ ਹਮੇਸ਼ਾਂ ਹੀ ਪੰਜਾਬ ਨੂੰ ਤਬਾਹ

Original with;
Punjab Vidhan Sabha
Digitized by;
Punjab Digital Library

[ਸਰਦਾਰ ਵਿਰਸਾ ਸਿੰਘ ਵਲਟੋਹਾ]

ਕਰਨ ਲਈ ਦਿੱਲੀ ਬੈਠੇ ਆਪਣੇ ਆਕਾਵਾਂ ਵੱਲੋਂ ਰਚੀਆਂ ਗਈਆਂ ਸਾਜਸ਼ਾਂ ਵਿੱਚ ਹੀ ਸ਼ਾਮਿਲ ਹੁੰਦੇ ਰਹੇ ਹਨ। ਉਦੋਂ ਜਿਸ ਦਿਨ ਗਵਰਨਰ ਐਡਰੈਸ ਸੀ ਤਾਂ ਸਾਡਾ ਇੱਕ ਵੀਰ ਉੱਠ ਕੇ ਬਰਾਬਰ ਤੇ ਐਡਰੈਸ ਕਰ ਰਿਹਾ ਸੀ। ਹੁਣ ਕਈ ਵੀਰ ਤਾਂ ਉਨ੍ਹਾਂ ਨੂੰ ਹਾਈਬ੍ਰਿਡ ਐਮ.ਐਲ.ਏ. ਕਹਿੰਦੇ ਹਨ। ਉਹ ਬੜੀ ਤਰ੍ਹਾਂ ਦੀ ਜਿਨਸ ਲਗਦਾ ਹੈ। ਵਿੱਚੋ ਕਾਮਰੇਡ ਹੈ, ਵਿੱਚ ਹੀ ਅਕਾਲੀ ਹੈ, ਵਿੱਚ ਹੀ ਕਾਂਗਰਸ ਹੈ ਅਤੇ ਹੋਰ ਪਤਾ ਨਹੀਂ ਕੀ-ਕੀ ਹੈ ਪਰ ਉਸ ਨੇ ਸਾਰਾ ਕੁਝ ਲੱਸੀ ਕਰ ਦਿੱਤਾ । ਹੁਣ ਇਹ ਕਹਿੰਦੇ ਹਨ ਕਿ ਜਿਹੜੀ 1997 ਦੀ ਸਰਕਾਰ ਸਮੇਂ 2001 ਵਿੱਚ ਸੰਗਤ ਦਰਸ਼ਨਾਂ ਰਾਹੀਂ ਸਰਦਾਰ ਬਾਦਲ ਨੇ ਪੈਸੇ ਦਿੱਤੇ ਸੀ, ਉਹ ਸਹੀ ਨਹੀਂ ਦਿੱਤੇ ਪਰ ਉਦੋਂ ਇਹ ਭੱਜ ਭੱਜ ਕੇ ਗੱਫੇ ਵੀ ਲੈਂਦੇ ਸੀ ਅਤੇ ਸਰਦਾਰ ਬਾਦਲ ਦੀਆਂ ਉਸਤਤਾਂ ਵੀ ਕਰਦੇ ਸੀ। ਡਿਪਟੀ ਸਪੀਕਰ ਸਾਹਿਬ, ਪੰਜਾਬ ਜਿਹੜਾ ਹੈ, ਇਸ ਨੇ ਦੇਸ਼ ਲਈ ਮੂਹਰੇ ਹੋ ਕੇ ਕੁਰਬਾਨੀਆਂ ਦਿੱਤੀਆਂ ਹਨ। ਇਸ ਦੇ ਨਾਲ ਹਮੇਸ਼ਾ ਹੀ ਦਿੱਲੀ ਬੈਠੀਆਂ ਸਰਕਾਰਾਂ ਨੇ ਧੋਖਾ ਕੀਤਾ ਹੈ। ਰੇਲਵੇ ਫਰੇਟ ਕਾਰੀਡੋਰ 3300 ਕਿਲੋਮੀਟਰ ਬਣਾ ਦਿੱਤਾ ਪਰ 100 ਕਿਲੋਮੀਟਰ ਅੰਮ੍ਰਿਤਸਰ ਤੱਕ ਨਹੀਂ ਬਣਾਇਆ।

ਡਿਪਟੀ ਸਪੀਕਰ ਸਾਹਿਬ, ਜਦੋਂ ਸਰਦਾਰ ਬਾਦਲ ਦੀ 1997 ਵਿੱਚ ਸਰਕਾਰ ਬਣੀ ਸੀ ਤਾਂ ਛੇਤੀ ਹੀ ਉਥੇ ਵਾਜਪਾਈ ਸਾਹਿਬ ਦੀ ਸਰਕਾਰ ਬਣੀ। ਬਾਦਲ ਸਾਹਿਬ ਨੇ ਉੱਥੇ ਉਚੇਚਾ ਯਤਨ ਕਰਕੇ ਸਰਹੱਦੀ ਕਿਸਾਨਾਂ ਨੂੰ 2500 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿਵਾਉਣਾ ਸ਼ੁਰੂ ਕੀਤਾ ਪਰ ਜਦੋਂ ਸੈਂਟਰ ਵਿੱਚ ਕਾਂਗਰਸ ਦੀ ਸਰਕਾਰ ਬਣ ਗਈ ਤਾਂ 2500 ਰੁਪਏ ਵੀ ਬੰਦ ਕਰ ਦਿੱਤੇ ਗਏ।

ਡਿਪਟੀ ਸਪੀਕਰ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਹੋਣੀ ਸੀ ਅਤੇ ਇਥੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਸੀ। ਆਪਣਾ ਪ੍ਰਧਾਨ ਬਣਾਉਣ ਵਾਸਤੇ ਕੈਪਟਨ ਅਮਰਿੰਦਰ ਸਿੰਘ ਜੀ ਨੇ ਅੱਡੀ ਚੋਟੀ ਦਾ ਜ਼ੋਰ ਲਾਇਆ। ਬੀਬੀਆਂ ਤੇ ਕੇਸ ਬਣਾਏ। ਫੜ੍ਹ-ਫੜ੍ਹ ਕੇ ਅੰਦਰ ਕੀਤੇ। ਜੋ ਕੁਝ ਉਦੋਂ ਵਾਪਰਿਆ, ਉਹ ਤੁਹਾਡੇ ਸਾਹਮਣੇ ਹੈ। ਹੁਣ ਇਹ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਜਾ ਰਹੇ ਹਨ। ਇਹ ਸਿੱਖਾਂ ਦੇ ਮਸਲਿਆਂ ਦੇ ਅੰਦਰ ਸਿੱਧੀ ਦਖਲ ਅੰਦਾਜ਼ੀ ਕਰ ਰਹੇ ਹਨ ਔਰ ਇਸ ਦੇ ਜਿਹੜੇ ਸਿੱਟੇ ਹਨ, ਜੋ ਇਸ ਦੇ ਲਾਂਬੂ ਬਲੇ, ਜੋ ਭਾਂਬੜ ਮੱਚੇ, ਉਹ ਸਾਰਾ ਕੁਝ ਤੁਹਾਡੇ ਸਾਹਮਣੇ ਹੈ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਹਮੇਸ਼ਾਂ ਹੀ ਹਰ ਵਰਗ ਨਾਲ ਧੱਕਾ ਕੀਤਾ ਹੈ। ਇਨ੍ਹਾਂ ਨੇ ਕਿਸਾਨਾਂ ਨਾਲ ਧੱਕਾ ਕੀਤਾ ਹੈ। ਇਨ੍ਹਾਂ ਨੇ ਹਰੇਕ ਵਰਗ ਨਾਲ ਧੋਖਾ ਕੀਤਾ ਹੈ, ਕਿਸਾਨ ਵਰਗ ਦੇ ਨਾਲ ਧੋਖਾ ਕੀਤਾ ਹੈ। ਹੁਣ ਸਵਾਮੀਨਾਥਨ ਕਮਿਸ਼ਨ ਵੱਲੋਂ ਜੋ ਕਣਕ ਦਾ ਘੱਟੋ ਘੱਟ ਮੁੱਲ ਮਿਥਿਆ ਗਿਆ ਸੀ ਉਹ 1527 ਰੁਪਏ ਪ੍ਰਤੀ ਕੁਇੰਟਲ ਮਿੱਥਿਆ ਗਿਆ ਸੀ ਪਰ ਇਹ ਸਿਰਫ਼ ਇੱਕ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਦੇ ਰਹੇ ਹਨ

Original with;
Punjab Vidhan Sabha
Digitized by;
Panjab Digital Library

ਅਤੇ ਸਿੱਧਾ ਹੀ 527 ਰੁਪਏ ਦਾ ਕਿਸਾਨਾਂ ਨਾਲ ਧੋਖਾ ਕੀਤਾ ਜਾ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ 1121 ਬਾਸਮਤੀ ਦੀ ਗੱਲ ਹੈ ਉਹ ਪਹਿਲਾਂ 1500 ਰੁਪਏ ਪ੍ਰਤੀ ਕੁਇੰਟਲ ਤੋਂ ਵਿਕਣੀ ਸ਼ੁਰੂ ਹੋਈ ਅਤੇ ਚਾਰ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਤੱਕ ਜਾ ਅੱਪੜੀ ਅਤੇ ਫਿਰ ਉਸ ਦਾ ਭਾਅ 1700 ਰੁਪਏ ਪ੍ਰਤੀ ਕੁਇੰਟਲ ਦੇ ਉੱਤੇ ਆ ਗਿਆ ਪਰ ਅੱਜ ਇਹ ਤਿੰਨ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਵਿਕ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਇਹ ਇਸ ਦੀ ਐਮ.ਐਸ.ਪੀ. ਕਿਉਂ ਨਹੀਂ ਮਿੱਥਦੇ। ਇਸੇ ਤਰ੍ਹਾਂ ਕਿਸਾਨਾਂ ਦਾ ਆਲੂ ਹੈ ਇਸ ਦਾ ਕੋਈ ਭਾਅ ਨਹੀਂ ਮਿੱਥਦੇ, ਇਹ ਸੜਕਾਂ ਤੇ ਮੰਡੀਆਂ ਦੇ ਵਿੱਚ ਰੁਲਦਾ ਹੈ। ਇਸ ਦੇ ਬਾਰੇ ਜੇਕਰ ਕਿਸੇ ਨੂੰ ਦੁੱਖ ਆਇਆ ਹੈ ਤਾਂ ਉਹ ਕੇਵਲ ਤੇ ਕੇਵਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਆਇਆ ਹੈ। ਢਾਈ ਰੁਪਏ ਕਿਲੋ ਦੇ ਹਿਸਾਬ ਨਾਲ ਸਮੁੱਚਾ ਆਲੂ ਚੁੱਕਿਆ ਜਾਵੇਗਾ ।

ਇਸ ਤੋਂ ਅੱਗੇ ਤੇਲ ਦੀਆਂ ਕੀਮਤਾਂ ਦੀ ਗੱਲ ਹੈ । ਡਿਪਟੀ ਸਪੀਕਰ ਸਾਹਿਬ, ਅੰਤਰ ਰਾਸ਼ਟਰੀ ਬਜ਼ਾਰ ਦੇ ਵਿੱਚ 147 ਰੁਪਏ ਪ੍ਰਤੀ ਬੈਰਲ ਡਾਲਰ ਤੋਂ ਹੇਠਾਂ ਆ ਕੇ 33 ਰੁਪਏ ਤੇ ਰੇਟ ਆ ਗਏ ਹਨ ਪਰ ਹਿੰਦੁਸਤਾਨ ਦੀ ਸਰਕਾਰ ਵੱਲੋਂ ਪੈਟਰੋਲ ਵਿੱਚ ਪੰਜ ਰੁਪਏ ਅਤੇ ਡੀਜ਼ਲ ਵਿੱਚ 2 ਰੁਪਏ ਦੀ ਕਮੀ ਕਰਕੇ ਇੱਥੋਂ ਦੇ ਲੋਕਾਂ ਦੀਆਂ ਸਿਰਫ਼ ਅੱਖਾਂ ਪੂੰਝਣ ਦੀ ਗੱਲ ਕੀਤੀ ਗਈ ਹੈ। ਡਿਪਟੀ ਸਪੀਕਰ ਸਾਹਿਬ, ਸਿੱਖਾਂ ਦੀ ਪੱਗੜੀ ਦਾ ਮਸਲਾ ਹੈ, ਇਹ ਫਰਾਂਸ ਵਿੱਚ ਉਠਿਆਂ ਨੂੰ ਕਿੰਨੇ ਸਾਲ ਹੋ ਗਏ ਹਨ ਇਸ ਦੇ ਲਈ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸਿੱਖ ਸੰਸਥਾਵਾਂ ਵੱਲੋਂ ਕਿੰਨੇ ਯਤਨ ਕੀਤੇ ਗਏ ਹਨ ਪਰ ਦੇਸ਼ ਦੇ ਪ੍ਰਧਾਨ ਮੰਤਰੀ ਤੇ ਯੂ.ਪੀ.ਏ. ਦੀ ਸਰਕਾਰ ਵੱਲੋਂ ਇਸ ਮਸਲੇ ਦੇ ਉੱਤੇ ਕੋਈ ਯਤਨ ਨਹੀਂ ਕੀਤਾ ਗਿਆ। ਅੱਜ ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ, ਇਸ ਸਰਕਾਰ ਵੱਲੋਂ ਹਿੰਦੁਸਤਾਨ ਦੀ ਸਰਕਾਰ ਨੂੰ ਅਗਾਹ ਕਰਨ ਵਾਸਤੇ ਇੱਥੇ ਹਾਊਸ ਵਿੱਚ ਮਤਾ ਲਿਆ ਕੇ, ਪਾਸ ਕੀਤਾ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਸਾਹਮਣੇ ਬੈਠੇ ਵੀਰ ਜੋ ਇਥੋਂ ਉਠ ਕੇ ਚਲੇ ਗਏ ਹਨ ਉਹ ਕੇਵਲ ਕਿਸੇ ਦੇ ਉੱਤੇ ਲਾਂਛਨ ਲਗਾਉਣ ਜਾਂ ਰੌਲਾ ਪਾਉਣਾ ਹੀ ਜਾਣਦੇ ਹਨ ਪਰ ਪੰਜਾਬ ਦੇ ਹਿੱਤਾਂ ਵਾਸਤੇ ਉਨ੍ਹਾਂ ਦੀ ਕਾਰਗੁਜ਼ਾਰੀ ਬਿਲਕੁਲ ਨਿਲ ਹੈ। ਡਿਪਟੀ ਸਪੀਕਰ ਸਾਹਿਬ, ਤੁਸੀ ਵੀ ਬਹੁਤ ਪੁਰਾਣੇ ਸਿਆਸਤਦਾਨ ਹੋ। ਤੁਸੀਂ ਇਤਿਹਾਸ ਫਰੋਲ ਕੇ ਵੇਖ ਲਵੋ ਤਾਂ ਕਦੇ ਵੀ ਇਨ੍ਹਾਂ ਨੇ ਪੰਜਾਬ ਦੇ ਵਿਕਾਸ ਲਈ, ਪੰਜਾਬ ਦੀ ਬਿਹਤਰੀ ਵਾਸਤੇ ਕੁਝ ਨਹੀ ਕੀਤਾ। ਜੇਕਰ ਕੁਝ ਕੀਤਾ ਹੈ ਤਾਂ ਕੇਵਲ ਧੋਖਾ ਕੀਤਾ ਹੈ। ਦਿੱਲੀ ਵਿੱਚ ਬੈਠੇ ਕਾਂਗਰਸੀ ਲੀਡਰ ਜਿਹੜੇ ਪੰਜਾਬ ਵਿਰੋਧੀ ਸੋਚ ਰੱਖਦੇ ਹਨ ਉਨ੍ਹਾਂ ਦੀ ਹਾਂ ਦੇ ਵਿੱਚ ਹਾਂ ਮਿਲਾਈ। ਮੇਰੀ ਇੱਥੇ ਇੱਕ ਬੇਨਤੀ ਹੈ । ਸਾਡੇ ਉੱਪ ਮੁੱਖ ਮੰਤਰੀ ਹਾਊਸ ਦੇ ਵਿੱਚ ਬੈਠੇ ਹਨ ਅੱਜ ਪੰਜਾਬ ਵਿੱਚ ਬਹੁਤ ਵੱਡੇ ਪੱਧਰ ਤੇ ਵਿਕਾਸ ਹੋ ਰਿਹਾ ਹੈ। ਅੱਜ ਪੰਜਾਬ ਦੇ ਲੋਕਾਂ ਦੀ ਜ਼ਬਾਨ ਉੱਤੇ ਹੈ ਕਿ ਸਰਦਾਰ ਬਾਦਲ ਪੰਜਾਬ ਦੇ ਵਿਕਾਸ ਵਾਸਤੇ ਇੰਨਾ ਪੈਸਾ ਕਿਥੋਂ ਲੈ ਕੇ ਆ ਰਹੇ ਹਨ। ਇੰਨਾ ਵਿਕਾਸ ਕਿਵੇਂ ਹੋ ਰਿਹਾ ਹੈ। ਇਹ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਸੋਚ ਦੇ ਸਦਕਾ, ਇਨ੍ਹਾਂ ਦੀ ਮਿਹਨਤ ਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਵਿਰਸਾ ਸਿੰਘ ਵਲਟੋਹਾ]

ਸਦਕਾ, ਪੰਜਾਬ ਦੇ ਅੰਦਰ ਵੱਡੇ-ਵੱਡੇ ਪੱਧਰ ਤੇ ਬਹੁਤ ਵੱਡੇ-ਵੱਡੇ ਪ੍ਰਾਜੈਕਟ ਲਗਾਏ ਜਾ ਰਹੇ ਹਨ, ਐਕਸਪ੍ਰੈਸ ਵੇਅ ਬਣ ਰਹੇ ਹਨ, 6 ਮਾਰਗੀ ਸੜਕਾਂ ਬਣ ਰਹੀਆਂ ਹਨ। ਰੇਲਵੇ ਓਵਰ-ਬ੍ਰਿਜ ਬਣ ਰਹੇ ਹਨ। ਕੋਈ ਗਿਣਤੀ ਨਹੀਂ ਹੈ ਕਿ ਇੰਨੇ ਵੱਡੇ ਪੱਧਰ ਤੇ ਪੰਜਾਬ ਦੇ ਅੰਦਰ ਪ੍ਰਾਜੈਕਟ ਚਲ ਰਹੇ ਹਨ। ਮੇਰੀ ਬੇਨਤੀ ਹੈ ਕਿ ਉਸ ਇਲਾਕੇ ਵੱਲ ਵੀ ਧਿਆਨ ਦੇਣ ਦੀ ਲੋੜ ਹੈ ਜਿੱਥੇ ਅੱਜ ਤਰੱਕੀ ਨਾ-ਮਾਤਰ ਹੈ। ਜਿੱਥੇ ਅੱਜ ਲੋਕ ਤਰੱਕੀ ਨੂੰ ਉਡੀਕਦੇ ਹਨ, ਤਰੱਕੀ ਨੂੰ ਤਰਸਦੇ ਹਨ। ਅੱਜ ਪੰਜਾਬ ਦਾ ਸਮੁੱਚਾ ਸ਼ਹਿਰੀ ਵਰਗ ਚਾਹੇ ਉਹ ਮੁਹਾਲੀ ਹੈ, ਚਾਹੇ ਲੁਧਿਆਣਾ ਹੈ, ਚਾਹੇ ਜਲੰਧਰ ਹੈ ਅਤੇ ਚਾਹੇ ਅੰਮ੍ਰਿਤਸਰ ਹੈ, ਜਿੰਨੇ ਵੀ ਸ਼ਹਿਰ ਹਨ ਉੱਥੇ ਕਿਸੇ ਵੀ ਕਿਸਮ ਦੇ ਬੁਨਿਆਦੀ ਢਾਂਚੇ ਦੀ ਕੋਈ ਘਾਟ ਨਹੀਂ ਹੈ। ਉੱਥੇ ਵਿਦਿਅਕ ਪੱਖੋਂ, ਸਿਹਤ ਸਹੂਲਤਾਂ ਪੱਖੋਂ ਜਾਂ ਹੋਰ ਕਿਸੇ ਵੀ ਪੱਖੋਂ ਕਿਸੇ ਵੀ ਤਰ੍ਹਾਂ ਦੀ ਕੋਈ ਘਾਟ ਨਹੀਂ ਹੈ। ਪਰ ਅੱਜ ਜਿਹੜੀ ਲੋੜ ਹੈ, ਜਿਹੜੇ ਪੱਛੜੇ ਹੋਏ ਇਲਾਕੇ ਹਨ ਜਿਹੜੇ ਇਲਾਕੇ ਪਿੱਛੇ ਰਹਿ ਗਏ ਹਨ ਜਿਨ੍ਹਾਂ ਨੂੰ ਬੁਨਿਆਦੀ ਸਹੂਲਤਾਂ ਵੀ ਚੰਗੀ ਤਰ੍ਹਾਂ ਨਹੀਂ ਮਿਲੀਆਂ। ਚਾਹੇ ਉਹ ਕੰਢੀ ਏਰੀਆ ਹੈ, ਚਾਹੇ ਉਹ ਸਰਹੱਦ ਦਾ ਏਰੀਆ ਹੈ। ਮੈਂ ਆਪ ਸਰਹੱਦੀ ਏਰੀਏ ਨਾਲ ਸਬੰਧਤ ਹਾਂ। ਵਾਰ-ਵਾਰ ਸਦਨ ਵਿੱਚ ਸਵਾਲ ਉਠਾਉਣੇ ਪੈਂਦੇ ਹਨ ਚਾਹੇ ਉਹ ਸਿਹਤ ਸਹੂਲਤਾਂ ਦੇ ਸਬੰਧ ਵਿੱਚ ਹੋਣ, ਚਾਹੇ ਸਿੱਖਿਆ ਦੇ ਸਬੰਧ ਵਿੱਚ। ਇਹ ਉਠਾਉਣੇ ਕਿਉਂ ਪੈਂਦੇ ਹਨ? ਅੱਜ ਜਿਸ ਰੂਪ ਵਿੱਚ ਵਿਕਾਸ ਦੀ ਲਹਿਰ ਇਨ੍ਹਾਂ ਪੱਛੜਿਆਂ ਇਲਾਕਿਆਂ ਵਿੱਚ ਜਾਣੀ ਚਾਹੀਦੀ ਸੀ ਉਸ ਤੇਜ਼ੀ ਨਾਲ ਨਹੀਂ ਗਈ। ਪਰ ਮੈਨੂੰ ਖੁਸ਼ੀ ਹੈ, ਮਾਣ ਹੈ ਇਸ ਗੱਲ ਦਾ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਪੰਜਾਬ ਦੇ ਉੱਜਲੇ ਭਵਿੱਖ ਦੇ ਚਮਨ ਸਰਦਾਰ ਸੁਖਬੀਰ ਸਿੰਘ ਬਾਦਲ ਇਨ੍ਹਾਂ ਪੱਛੜਿਆਂ ਇਲਾਕਿਆਂ ਦੀ ਤਰੱਕੀ ਵਾਸਤੇ ਚਿੰਤਾਤੁਰ ਹਨ। ਮੈਂ ਬੇਨਤੀ ਕਰਾਂਗਾ ਕਿ ਜਿਹੜੇ ਦੂਰ-ਦਰਾਜ ਦੇ ਇਲਾਕੇ ਹਨ, ਕੰਢੀ ਏਰੀਆ ਹੈ, ਸਰਹੱਦੀ ਏਰੀਆ ਹੈ ਜਿੱਥੋਂ ਦੇ ਲੋਕ ਪੰਜਾਬ ਦੇ ਵਸਨੀਕ ਹਨ, ਪੰਜਾਬ ਦੀ ਸ਼ਕਤੀ ਹਨ, ਪੰਜਾਬ ਵਾਸਤੇ ਜਿਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਹੈ ਉਨ੍ਹਾਂ ਦੀ ਤਰੱਕੀ ਵੱਲ ਸਾਨੂੰ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਕਿਸਾਨੀ ਦੇ ਨਾਲ ਸਬੰਧਤ ਮਤਾ ਇੱਥੇ ਪੇਸ਼ ਕੀਤਾ ਗਿਆ ਅਤੇ ਪਾਸ ਕੀਤਾ ਗਿਆ। ਮੁੱਖ ਮੰਤਰੀ ਸਾਹਿਬ ਨੇ ਮਤਾ ਹਾਊਸ ਵਿੱਚ ਲਿਆਂਦਾ। ਸਾਡੇ ਕਿਸਾਨਾਂ ਦੀ ਜੋ ਹਾਲਤ ਹੈ ਉਹ ਤੁਸੀਂ ਸਾਡੇ ਨਾਲੋਂ ਵੱਧ ਜਾਣਦੇ ਹੋ। ਅੱਜ ਕਿਸਾਨ ਤਬਾਹੀ ਦੇ ਕੰਢੇ ਤੇ ਹੈ। ਕਿਸਾਨ ਲੁੱਟਿਆ-ਪੁੱਟਿਆ ਗਿਆ ਹੈ। ਕਿਸਾਨ ਦੀ ਬਿਹਤਰੀ ਵਾਸਤੇ ਕਦਮ ਚੁੱਕਣ ਦੀ ਲੋੜ ਹੈ। ਪਰ ਕਦਮ ਚੁੱਕਣੇ ਕਿਸ ਨੇ ਹਨ ? ਜਿਨ੍ਹਾਂ ਨੇ ਕਿਸਾਨ ਦੀ ਜਿਣਸ ਦਾ ਭਾਅ ਮਿੱਥਣਾ ਹੈ। ਸਵਾਮੀਨਾਥਨ ਜੀ ਦੀ ਰਿਪੋਰਟ ਦੀ ਗੱਲ ਹੋਈ ਹੈ। ਉਨ੍ਹਾਂ ਨੇ ਕਣਕ ਵਾਸਤੇ 1527 ਰੁਪਏ ਐਮ.ਐਸ.ਪੀ. ਤੈਅ ਕੀਤੀ ਪਰ ਪੰਜਾਬ ਦੇ ਕਿਸਾਨ, ਹਿੰਦੁਸਤਾਨ ਦੇ ਕਿਸਾਨ ਨੂੰ ਕੇਵਲ ਤੇ ਕੇਵਲ ਇੱਕ ਹਜ਼ਾਰ ਰੁਪਏ ਐਮ.ਐਸ.ਪੀ. ਦਿੱਤੀ ਗਈ ਹੈ। ਪੰਜਾਬ ਦਾ ਕਿਸਾਨ ਮੰਦਹਾਲੀ ਵਿੱਚੋਂ ਗੁਜ਼ਰ ਰਿਹਾ ਹੈ। ਪੰਜਾਬ ਦੇ ਕਿਸਾਨ ਉੱਤੇ ਨਿਰਭਰ ਪੰਜਾਬ ਦਾ ਮਜ਼ਦੂਰ ਵੀ ਬੁਰੇ ਹਾਲਾਤਾਂ ਵਿੱਚੋਂ ਲੰਘ

Original with;
Punjab Vidhan Sabha
Digitized by;
Punjab Digital Library

ਰਿਹਾ ਹੈ। ਬੜੇ ਦੁੱਖ ਵਾਲੀ ਗੱਲ ਹੈ ਕਿ ਐਮ.ਐਸ.ਪੀ. ਤੈਅ ਕਰਨ ਵਾਸਤੇ ਜਿੰਨੇ ਵੀ ਕਮਿਸ਼ਨ ਬੈਠਦੇ ਰਹੇ ਹਨ ਅਤੇ ਰਿਪੋਰਟ ਦਿੰਦੇ ਰਹੇ ਹਨ, ਜਿੰਨੀਆਂ ਕੀਮਤਾਂ ਉਹ ਤੈਅ ਕਰਦੇ ਰਹੇ ਹਨ ਪਿਛਲੀਆਂ ਸਰਕਾਰਾਂ ਹਮੇਸ਼ਾਂ ਉਸ ਤੋਂ 5-10-15 ਰੁਪਏ ਵੱਧ ਦਿੰਦੀਆਂ ਰਹੀਆਂ ਹਨ। ਇਹ ਪਹਿਲੀ ਯੂ.ਪੀ.ਏ. ਦੀ ਸਰਕਾਰ ਸਰਦਾਰ ਮਨਮੋਹਨ ਸਿੰਘ ਦੀ ਸਰਕਾਰ, ਸ਼੍ਰੀਮਤੀ ਸੋਨੀਆ ਗਾਂਧੀ ਦੀ ਸਰਕਾਰ ਨੇ ਕਿਸਾਨਾਂ ਦੇ ਨਾਲ ਧੋਖਾ ਕੀਤਾ ਹੈ, ਧੱਕਾ ਕੀਤਾ ਹੈ ਕਿ 1527 ਰੁਪਏ ਦੀ ਬਜਾਏ ਕੇਵਲ ਇੱਕ ਹਜ਼ਾਰ ਰੁਪਏ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਜਿਸ ਦਿਨ ਗਵਰਨਰ ਸਾਹਿਬ ਐਡਰੈੱਸ ਕਰ ਰਹੇ ਸੀ ਸਾਡੇ ਵੀਰ, ਸਤਿਕਾਰਯੋਗ ਮੈਂਬਰ ਜਿਹੜੇ ਕਿ ਹਾਈਬ੍ਰਿਡ ਐਮ.ਐਲ.ਏ. ਹਨ ਜਿਨ੍ਹਾਂ ਵਿੱਚ ਤਿੰਨ ਤਰ੍ਹਾਂ ਦੇ ਜੀਨ ਹਨ। ਇਨ੍ਹਾਂ ਵਿੱਚ ਜੀਨ ਕਮਿਊਨਿਸਟਾਂ ਦੇ ਵੀ ਹਨ, ਅਕਾਲੀਆਂ ਦੇ ਵੀ ਹਨ ਅਤੇ ਕਾਂਗਰਸੀਆਂ ਦੇ ਵੀ ਹਨ। ਚੌਥੀ ਪਤਾ ਨਹੀਂ ਇਨ੍ਹਾਂ ਵਿੱਚ ਕਿਹੜੀ ਤਰੱਕੀ ਹੋਈ ਹੈ। ਇਨ੍ਹਾਂ ਨੇ ਜੋ ਉਸ ਦਿਨ ਬੋਲਿਆ ਹੈ, ਉਹ ਸਭ ਝੂਠ ਹੈ। ਇੱਥੇ ਉਸ ਦਿਨ ਸੱਚ ਦਾ ਨਗਾਰਾ ਵੱਜ ਰਿਹਾ ਸੀ, ਗਵਰਨਰ ਸਾਹਿਬ ਇਸ ਚੇਅਰ ਤੇ ਖੜ੍ਹੇ ਹੋ ਕੇ ਸੱਚ ਬੋਲ ਰਹੇ ਸੀ। ਪਰ ਮੱਖਣ ਸਿੰਘ ਨੇ ਪਤਾ ਨਹੀਂ ਕਿਹੜੀ ਮਧਾਣੀ ਪਾਈ ਕਿ ਸਭ ਕੁਝ ਲੱਸੀ ਕਰ ਦਿੱਤਾ। ਗਵਰਨਰ ਐਡਰੈੱਸ ਵੀ ਪੜ੍ਹਿਆ ਸੁਣਿਆ ਤੱਕ ਨਹੀਂ। ਆਪਣੇ ਕੁਮੈਂਟ ਕਰ ਦਿੱਤੇ। ਤੁਸੀ ਪੜ੍ਹਿਆ ਹੋਣਾ ਹੈ, ਪ੍ਰੈਸ ਵਾਲੇ ਵੀਰਾਂ ਨੇ ਪੜ੍ਹਿਆ ਹੋਣਾ ਹੈ, ਜਿਸ ਜਿਸ ਦੇ ਹੱਥਾਂ ਵਿੱਚ ਗਵਰਨਰ ਐਡਰੈਸ ਲੱਗਿਆ, ਉਸ ਦੇ ਵਿੱਚ ਇੱਕ ਅੱਖਰ ਵੀ ਝੂਠਾ ਹੋਵੇ ਤਦ ਇਹ ਦੱਸਣ। ਇਹ ਸੱਚ ਸੁਣਨ ਦੇ ਆਦੀ ਨਹੀਂ ਹਨ। ਡਿਪਟੀ ਸਪੀਕਰ ਸਾਹਿਬ, ਦੇਸ਼ ਦਾ ਕਿਸਾਨ ਜਿਹੜਾ ਹੈ, ਖਾਸ ਕਰਕੇ ਪੰਜਾਬ ਦਾ ਕਿਸਾਨ 50 ਪ੍ਰਤੀਸ਼ਤ ਕਣਕ ਹਿੰਦੁਸਤਾਨ ਦੇ ਕੇਂਦਰੀ ਅੰਨ ਭੰਡਾਰ ਵਿੱਚ ਪਾਉਂਦਾ ਹੈ। 40 ਪ੍ਰਤੀਸ਼ਤ ਚਾਵਲ ਪਾਉਂਦਾ ਹੈ ਅਤੇ ਰਕਬਾ ਪੰਜਾਬ ਦਾ ਕਿੰਨਾ ਹੈ ? ਇਹ ਕੇਵਲ ਡੇਢ ਪਰਸੈਂਟ ਹੈ। ਨਾਲ ਹੀ ਕਰਜ਼ੇ ਮੁਆਫੀ ਦੀ ਗੱਲ ਆਈ ਹੈ। ਉੱਥੇ ਇਸ ਮਾਮਲੇ ਤੇ ਪੰਜਾਬ ਦੇ ਕਿਸਾਨ ਨਾਲ ਧੱਕਾ ਕੀਤਾ ਜਾਂਦਾ ਹੈ। ਹਿੰਦੁਸਤਾਨ ਦੇ ਕਿਸਾਨ ਦੀ ਬਿਹਤਰੀ ਵਾਸਤੇ, ਉਨ੍ਹਾਂ ਨੂੰ ਕਰਜ਼ੇ ਵਿੱਚੋਂ ਕੱਢਣ ਵਾਸਤੇ ਹਿੰਦੁਸਤਾਨ ਦੀ ਸਰਕਾਰ ਨੇ ਇੱਕ ਪੈਕੇਜ ਜਾਰੀ ਕੀਤਾ । 70,000 ਕਰੋੜ ਰੁਪਏ ਕਰਜ਼ੇ ਮੁਆਫੀ ਵਾਸਤੇ ਜਾਰੀ ਕੀਤੇ। ਪਰ ਪੰਜਾਬ ਦੇ ਹਿੱਸੇ ਸਿਰਫ ਡੇਢ ਪਰਸੈਂਟ ਹੀ ਅਇਆ । ਡਿਪਟੀ ਸਪੀਕਰ ਸਾਹਿਬ, ਹੁਣ ਸੋਚੋ ਕਿ ਇੱਕ ਪਾਸੇ ਕਣਕ ਵਿੱਚ 50 ਪ੍ਰਤੀਸ਼ਤ ਅਤੇ ਝੋਨੇ ਵਿੱਚ 40 ਪ੍ਰਤੀਸ਼ਤ ਆਪਣਾ ਹਿੱਸਾ ਪਾਉਣ ਵਾਲੇ ਪੰਜਾਬ ਦੇ ਕਿਸਾਨ ਨਾਲ ਹਿੰਦੁਸਤਾਨ ਦੀ ਸਰਕਾਰ ਵੱਡੀ ਬੇਇਨਸਾਫੀ ਕਰ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਇਸ ਤੋਂ ਇਲਾਵਾ ਫਰੇਟ ਕਾਰੀਡੋਰ 3300 ਕਿਲੋਮੀਟਰ ਬਣ ਗਿਆ। ਸਾਡੇ ਮੁੱਖ ਮੰਤਰੀ ਸਾਹਿਬ ਅਤੇ ਡਿਪਟੀ ਸੀ.ਐਮ. ਦੀ ਬਦੌਲਤ ਇਨ੍ਹਾਂ ਦੀ ਹਿੰਮਤ ਦੇ ਸਦਕਾ ਲੁਧਿਆਣੇ ਤੱਕ ਪਹੁੰਚਿਆ। ਬਹੁਤ ਯਤਨ ਕੀਤੇ, ਬਹੁਤ ਤਰਲੇ ਮਾਰੇ, ਬੜੇ ਕੇਸ ਪੇਸ਼ ਕੀਤੇ ਕਿ ਗੁਰੂ ਕੀ ਨਗਰੀ ਅੰਮ੍ਰਿਤਸਰ ਤੱਕ ਇਹ ਕੋਰੀਡੋਰ ਲਿਜਾਇਆ ਜਾਵੇ । ਪਰ ਉਨ੍ਹਾਂ ਨੂੰ ਅੰਮ੍ਰਿਤਸਰ ਦੇ ਨਾਂ ਤੋਂ ਪਤਾ ਨਹੀਂ ਕੀ ਚੂੰਢੀ ਚੁਭਦੀ ਹੈ, ਇਨ੍ਹਾਂ ਨੇ ਜੋ ਸੌ ਕਿਲੋਮੀਟਰ ਕਾਰੀਡੋਰ ਹੈ, ਉਹ ਵੀ ਅੱਗੇ ਲਿਜਾਣਾ ਮੁਨਾਸਿਬ ਨਹੀਂ ਸਮਝਿਆ। ਡਿਪਟੀ ਸਪੀਕਰ ਸਾਹਿਬ, ਕਿਸਾਨ ਦੇ ਨਾਲ ਇਹ ਹਮੇਸ਼ਾਂ ਧੱਕਾ ਕਰਦੇ ਹਨ। ਇਹ ਵੀ ਨਹੀਂ ਵੇਖਦੇ ਕਿ ਕਿਸਾਨ ਕਿਵੇਂ ਗੁਜ਼ਾਰਾ ਕਰਦਾ ਹੈ ਅਤੇ ਪੰਜਾਬ ਦੇ ਕਿਸਾਨ ਦੀ ਕਿੰਨੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਵਿਰਸਾ ਸਿੰਘ ਵਲਟੋਹਾ]

ਮੰਦਹਾਲੀ ਹੈ। ਪੰਜਾਬ ਦੇ ਕਿਸਾਨ ਦੇ ਨਾਲ-ਨਾਲ ਉਨ੍ਹਾਂ ਨੇ ਸਰਹੱਦੀ ਕਿਸਾਨਾਂ ਨੂੰ ਵੀ ਨਹੀਂ ਬਖ਼ਸ਼ਿਆ। ਤਾਰਾਂ ਤੋਂ ਪਾਰ ਦੇ ਕਿਸਾਨਾਂ ਨੂੰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਪਿਛਲੀ ਐਨ.ਡੀ.ਏ. ਦੀ ਸਰਕਾਰ ਸਮੇਂ ਸ਼੍ਰੀ ਲਾਲ ਕ੍ਰਿਸ਼ਨ ਅਡਵਾਨੀ ਜੀ ਨੂੰ ਤਾਰਾਂ ਦੇ ਕੰਢੇ ਤੇ ਲਿਜਾਣ ਅਤੇ ਬਾਰਡਰ ਦੇ ਕਿਸਾਨਾਂ ਦੀ ਮੰਦਹਾਲੀ ਦਿਖਾਉਣ ਦਾ ਉਪਰਾਲਾ ਕੀਤਾ। ਉਨ੍ਹਾਂ ਨੂੰ 2,500 ਰੁਪਿਆ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿਵਾਉਣਾ ਸ਼ੁਰੂ ਕੀਤਾ। ਸਾਲ 2004 ਦੇ ਵਿੱਚ ਯੂ.ਪੀ.ਏ. ਦੀ ਸਰਕਾਰ ਬਣ ਗਈ। ਬੜੀ ਖੁਸ਼ੀ ਪੰਜਾਬੀਆਂ ਨੇ ਮਨਾਈ। ਹਰੇਕ ਪੰਜਾਬੀ ਨੇ ਖੁਸ਼ੀ ਮਨਾਈ ਕਿ ਸਾਡਾ ਪੰਜਾਬੀ ਭਰਾ, ਸਿੱਖ ਭਰਾ ਹਿੰਦੁਸਤਾਨ ਦਾ ਪ੍ਰਾਈਮ ਮਨਿਸਟਰ ਬਣਿਆ ਹੈ। ਪਰ ਸਭ ਤੋਂ ਵੱਡਾ ਕੁਹਾੜਾ ਸਰਹੱਦੀ ਕਿਸਾਨਾਂ ਦੀ ਗਰਦਨ ਤੇ ਚੱਲਿਆ। ਉਨ੍ਹਾਂ ਨੇ ਇਹ 2,500 ਰੁਪਿਆ ਹੀ ਬੰਦ ਕਰ ਦਿੱਤਾ। ਬਾਦਲ ਸਾਹਿਬ ਨੇ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਪੁਰਜ਼ੋਰ ਯਤਨ ਕੀਤੇ ਕਿ ਮਹਿੰਗਾਈ ਵਧ ਗਈ ਹੈ ਪਰ ਤੁਸੀਂ 2,500 ਰੁਪਿਆ ਵੀ ਬੰਦ ਕਰ ਦਿੱਤਾ ਹੈ। ਹੁਣ ਸਾਡੀ ਮੰਗ ਹੈ ਕਿ ਇਹ ਪੈਸਾ ਵਧਾ ਕੇ 5,000 ਜ਼ਰੂਰ ਕਰ ਦਿੱਤਾ ਜਾਵੇ। ਪਰ ਅਗਲੇ ਪਾਸਿਓਂ ਹਮਦਰਦੀ ਨਾਲ ਕੇਸ ਵਿਚਾਰਨ ਦੀ ਥਾਂ ਠੇਂਗਾ ਵਿਖਾ ਦਿੱਤਾ ਗਿਆ। ਕਹਿੰਦੇ ਕਿ ਸਾਨੂੰ ਸਾਰਿਆਂ ਨੂੰ ਦੇਣਾ ਪਵੇਗਾ, ਅਸੀਂ ਨਹੀਂ ਦੇ ਸਕਦੇ। ਡਿਪਟੀ ਸਪੀਕਰ ਸਾਹਿਬ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਵਾਸਤੇ ਬੜੇ ਜ਼ੋਰਾਂ-ਸ਼ੋਰਾਂ ਨਾਲ ਯਤਨ ਕੀਤੇ ਜਾ ਰਹੇ ਹਨ। ਤੁਸੀਂ ਇਤਿਹਾਸ ਫਰੋਲ ਕੇ ਵੇਖ ਲਓ, ਜਦੋਂ ਵੀ ਹਿੰਦੁਸਤਾਨ ਦੀ ਸਰਕਾਰ ਨੇ ਸਿੱਖਾਂ ਦੇ ਮਸਲਿਆਂ ਵਿੱਚ ਦਖਲ-ਅੰਦਾਜ਼ੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਫਿਰ ਪੰਜਾਬ ਨੂੰ ਲਾਂਬੂਆਂ ਤੋਂ ਕੋਈ ਨਹੀਂ ਬਚਾ ਸਕਿਆ। ਇਹ ਇਤਿਹਾਸ ਹੈ ਅਤੇ ਸੱਚ ਹੈ। ਪਤਾ ਨਹੀਂ ਕਿਉਂ ਹਿੰਦੁਸਤਾਨ ਦੀ ਸਰਕਾਰ ਬੀਤੇ ਹੋਏ ਤੋਂ ਸਬਕ ਨਹੀਂ ਸਿੱਖਦੀ। ਕੇਵਲ ਵੋਟਾਂ ਦੀ ਖਾਤਰ ਇਹ ਕਰ ਰਹੇ ਹਨ। ਉਹ ਵੀ ਪਤਾ ਨਹੀਂ ਮਿਲਣੀਆਂ ਹਨ ਜਾਂ ਨਹੀਂ। ਸਿੱਖਾਂ ਦੇ ਜਾਤੀ ਅਤੇ ਧਾਰਮਿਕ ਮਸਲਿਆਂ ਵਿੱਚ ਦਖਲ-ਅੰਦਾਜ਼ੀ ਕਰਕੇ ਹਰਿਆਣਾ ਸਰਕਾਰ ਅਤੇ ਕੇਂਦਰ ਸਰਕਾਰ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਜਾ ਰਹੀ ਹੈ। ਪਹਿਲਾਂ ਜਦੋਂ 2002 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ ਅਤੇ ਫਿਰ ਸਾਜਸ਼ਾਂ ਸ਼ੁਰੂ ਹੋ ਗਈਆਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਬਜ਼ਾ ਕਿਵੇਂ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਤੇ ਕੇਸ ਬਣਾਏ ਗਏ, ਉਨ੍ਹਾਂ ਦੀ ਘੇਰਾਬੰਦੀ ਕੀਤੀ ਗਈ। ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਅਤੇ ਸੁਖਬੀਰ ਸਿੰਘ ਜੀ ਦੀ ਸੋਚ ਦਾ ਸਦਕਾ ਕੈਪਟਨ ਅਮਰਿੰਦਰ ਸਿੰਘ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਨਹੀਂ ਹੋ ਸਕਿਆ। ਡਿਪਟੀ ਸਪੀਕਰ ਸਾਹਿਬ, ਇਹੋ ਜਿਹੀ ਘੇਰਾਬੰਦੀ ਕੀਤੀ, ਇਹੋ ਜਿਹੀ ਬੈਰੀਕੇਡਿੰਗ ਕੀਤੀ ਜੋ 1984 ਵਿੱਚ ਵੀ ਨਹੀਂ ਸੀ ਹੋਈ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਬਜ਼ਾ ਕਰਨ ਲਈ ਕੀਤਾ ਗਿਆ। ਪਰ ਜਦੋਂ ਵੀ ਇਨ੍ਹਾਂ ਨੇ ਸਿੱਖਾਂ ਦੇ ਧਾਰਮਿਕ ਮਸਲਿਆਂ ਵਿੱਚ ਦਖਲ-ਅੰਦਾਜ਼ੀ ਕਰਨ ਦੀ ਕੋਸ਼ਿਸ਼ ਕੀਤੀ ਹੈ, ਇਹ ਕਾਮਯਾਬ ਨਹੀਂ ਹੋਏ।

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਪੂਰੀ ਹਿੰਦੁਸਤਾਨ ਦੀ ਕਿਸਾਨੀ ਤੇਲ ਤੇ ਨਿਰਭਰ ਕਰਦੀ ਹੈ। ਤੇਲ ਬਹੁਤ ਮਹਿੰਗਾ ਹੋ ਗਿਆ ਹੈ। ਜਿਵੇਂ ਮੈਂ ਜ਼ਿਕਰ ਕੀਤਾ ਹੈ ਤੇਲ ਦੀਆਂ ਕੀਮਤਾਂ ਅੰਤਰਰਾਸ਼ਟਰੀ ਪੱਧਰ ਤੇ 147 ਡਾਲਰ ਤੋਂ ਗਿਰ ਕੇ 37 ਡਾਲਰ ਪ੍ਰਤੀ ਬੈਰਲ ਤੇ ਆ ਗਈਆਂ। ਅੰਤਰਰਾਸ਼ਟਰੀ ਬਜ਼ਾਰ ਵਿੱਚ ਤੇਲ ਦੀਆਂ ਕੀਮਤਾਂ 75 ਪ੍ਰਤੀਸ਼ਤ ਘਟੀਆਂ । ਪਰ ਜਿਹੜਾ ਇਨ੍ਹਾਂ ਨੇ ਮੁੱਲ ਘਟਾਇਆ ਉਹ ਪੈਟਰੋਲ ਤੇ 5 ਰੁਪਏ ਅਤੇ ਡੀਜ਼ਲ ਤੇ ਕੇਵਲ 2 ਰੁਪਏ ਘਟਾਇਆ। ਡਿਪਟੀ ਸਪੀਕਰ ਸਾਹਿਬ, ਹੁਣੇ ਹੀ ਇਸੇ ਸਦਨ ਵਿੱਚ ਮੁੱਖ ਮੰਤਰੀ ਸਾਹਿਬ ਨੇ ਫਰਾਂਸ ਦੇ ਵਿੱਚ ਸਿੱਖਾਂ ਨਾਲ ਜਿਹੜਾ ਅਨਿਆਂ ਹੋ ਰਿਹਾ ਹੈ, ਜਿਹੜਾ ਪੱਗ ਦੇ ਮਸਲੇ ਤੇ ਇਸ਼ੂ ਬਣਿਆ ਹੈ, ਉਹ ਮਤਾ ਇੱਥੇ ਲਿਆਂਦਾ। ਚਾਹੀਦਾ ਤਾਂ ਇਹ ਸੀ ਕਿ ਇੱਕ ਰਾਇ ਹੋ ਕੇ, ਸਰਬਸੰਮਤੀ ਦੇ ਨਾਲ, ਇਸ ਬਾਰੇ ਮਤਾ ਪਾਸ ਕਰੀਏ। ਇਸ ਨਾਲ ਚੰਗੇ ਵਿਚਾਰ ਸਾਹਮਣੇ ਆਉਂਦੇ ਔਰ ਇਸ ਨਾਲ ਆਪੋਜ਼ੀਸ਼ਨ ਵੱਲੋਂ ਇਹ ਵੀ ਪ੍ਰਗਟਾਵਾ ਕੀਤਾ ਜਾਂਦਾ ਕਿ ਸਰਕਾਰ ਵੱਲੋਂ ਜਿਹੜਾ ਇਹ ਮਤਾ ਲਿਆਂਦਾ ਗਿਆ ਹੈ, ਅਸੀਂ ਇਸ ਦੀ ਸ਼ਲਾਘਾ ਕਰਦੇ ਹਾਂ। ਪਰ ਇਹ ਆਪਣੇ ਆਕਾਵਾਂ ਤੋਂ ਡਰਦਿਆਂ, ਆਪਣੇ ਦਿੱਲੀ ਬੈਠੇ ਲੀਡਰਾਂ ਤੋਂ ਡਰਦਿਆਂ, ਬਹਾਨਾ ਬਣਾ ਕੇ ਵਾਕ ਆਊਟ ਕਰ ਗਏ। ਇਹ ਸਮੁੱਚੇ ਪੰਜਾਬ ਦਾ ਮੁੱਦਾ ਹੈ, ਖਾਸਕਰ ਸਿੱਖਾਂ ਦਾ ਮੁੱਦਾ ਹੈ ਅਤੇ ਇਹ ਪੰਜਾਬ ਅਤੇ ਸਿੱਖਾਂ ਵਾਸਤੇ ਬੜੀ ਚਿੰਤਾ ਦੀ ਗੱਲ ਹੈ ਕਿ ਫਰਾਂਸ ਵਿੱਚ ਇਹ ਜਿਹੜਾ ਪੱਗੜੀ ਦਾ ਮਸਲਾ ਉਠਿਆ ਹੈ। ਹਿੰਦੁਸਤਾਨ ਦੀ ਸਰਕਾਰ ਦਾ ਫਰਜ਼ ਬਣਦਾ ਸੀ, ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਦਾ ਫਰਜ਼ ਬਣਦਾ ਸੀ ਜੋ ਕਿ ਖੁਦ ਇੱਕ ਸਿੱਖ ਹਨ ਕਿ ਇਸ ਗੰਭੀਰ ਮਸਲੇ ਨੂੰ ਫਰਾਂਸ ਸਰਕਾਰ ਨਾਲ ਤੁਰੰਤ ਉਠਾਉਂਦੇ ਅਤੇ ਇਸ ਦਾ ਕੋਈ ਨਿਚੋੜ ਕੱਢਦੇ ਜਾਂ ਰਸਤਾ ਕੱਢਦੇ, ਪਰ ਇਨ੍ਹਾਂ ਨੇ ਨਹੀਂ ਕੱਢਿਆ। ਡਿਪਟੀ ਸਪੀਕਰ ਸਾਹਿਬ, ਬਹੁਤ ਮਸਲੇ ਹਨ ਜਿਹੜੇ ਸਾਡੇ ਆਪੋਜ਼ੀਸ਼ਨ ਵੀਰਾਂ ਨੇ ਪੈਦਾ ਕੀਤੇ ਹਨ। ਬਹੁਤ ਪ੍ਰਾਪਤੀਆਂ ਹਨ ਜਿਹੜੀਆਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਦੋ ਸਾਲਾਂ ਵਿੱਚ ਪ੍ਰਾਪਤ ਕੀਤੀਆਂ ਹਨ। ਗਵਰਨਰ ਸਾਹਿਬ ਦੇ ਐਡਰੈਸ ਵਿੱਚ ਉਨ੍ਹਾਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਗਿਆ ਹੈ। ਅੱਜ ਪੰਜਾਬ ਦਾ ਹਰ ਬਸ਼ਿੰਦਾ, ਹਰ ਵਰਗ, ਪੰਜਾਬ ਦਾ ਹਰ ਵਾਸੀ ਇਸ ਗੱਲ ਦੀ ਚਰਚਾ ਕਰਦਾ ਹੈ ਕਿ ਦੋ ਸਾਲਾਂ ਦੇ ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਨੇ ਵਿਕਾਸ ਦੀ ਵਾਕਿਆ ਹੀ ਹਨੇਰੀ ਲਿਆ ਦਿੱਤੀ ਹੈ। ਇਹ ਸੱਚ ਹੈ। ਡਿਪਟੀ ਸਪੀਕਰ ਸਾਹਿਬ, ਸੱਚ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਔਰ ਸਾਡੇ ਆਪੋਜ਼ੀਸ਼ਨ ਵਾਲੇ ਵੀਰਾਂ ਦੀ ਪਾਰਟੀ ਸਾਡੀ ਕਾਂਗਰਸ ਪਾਰਟੀ ਇਥੇ ਪੰਜਾਬ ਦੇ ਵਿੱਚ ਹਮੇਸ਼ਾ ਹੀ ਨੈਗੇਟਿਵ ਰਹੀ ਹੈ। ਪੰਜਾਬ ਇਨ੍ਹਾਂ ਨੂੰ ਕੰਡੇ ਦੀ ਸੂਲ ਵਾਂਗੂੰ ਚੁਭਦਾ ਹੈ। ਪੰਜਾਬ ਦਾ ਇਹ ਕਦੇ ਵੀ ਭਲਾ ਨਹੀਂ ਕਰ ਸਕਦੇ, ਕਦੇ ਭਲਾ ਕਰਨ ਬਾਰੇ ਸੋਚ ਵੀ ਨਹੀਂ ਸਕਦੇ। ਪੰਜਾਬ ਨੂੰ ਖੋਹ ਕੇ, ਪੰਜਾਬ ਤੇ ਰਾਜ ਕਰਕੇ ਵੀ ਇਨ੍ਹਾਂ ਲੋਕਾਂ ਨੇ ਹਮੇਸ਼ਾ ਪੰਜਾਬ ਨਾਲ ਧੋਖਾ ਕੀਤਾ ਹੈ ਔਰ ਗਵਰਨਰ ਸਾਹਿਬ ਨੇ ਜੋ ਕੁਝ ਵੀ ਆਪਣੇ ਭਾਸ਼ਣ ਵਿੱਚ ਲਿਖਿਆ ਹੈ, ਅੱਖਰ-ਬ-ਅੱਖਰ ਵਾਸਤੇ ਜਿੰਨਾ ਵੀ ਉਨ੍ਹਾਂ ਦਾ ਧੰਨਵਾਦ ਕੀਤਾ ਜਾਵੇ ਥੋੜ੍ਹਾ ਹੈ। ਅੰਤ ਵਿੱਚ, ਮੈਂ ਗਵਰਨਰ ਸਾਹਿਬ ਵੱਲੋਂ ਹਾਊਸ ਅੰਦਰ ਦਿੱਤੇ ਗਏ ਭਾਸ਼ਣ ਲਈ ਗਵਰਨਰ ਸਾਹਿਬ ਦਾ ਧੰਨਵਾਦ ਕਰਦਾ ਹੋਇਆ ਸਮੁੱਚੇ ਹਾਊਸ ਨੂੰ ਅਪੀਲ ਕਰਾਂਗਾ ਕਿ ਮੇਰੇ ਦੁਆਰਾ ਰੱਖੇ ਗਏ ਪ੍ਰਸਤਾਵ ਨੂੰ ਸਰਬਸੰਮਤੀ ਨਾਲ ਪਾਸ ਕਰਕੇ ਮਾਨਯੋਗ ਗਵਰਨਰ ਸਾਹਿਬ ਨੂੰ ਮਾਣ ਪੱਤਰ ਪੇਸ਼ ਕੀਤਾ ਜਾਵੇ। ਇਨ੍ਹਾਂ ਸ਼ਬਦਾਂ ਦੇ ਨਾਲ ਹੀ ਆਪ ਜੀ ਦਾ ਬਹੁਤ-ਬਹੁਤ ਧੰਨਵਾਦ।

*Original with;*
Punjab Vidhan Sabha
*Digitized by;*
Panjab Digital Library

ਸਰਦਾਰ ਅਮਰਜੀਤ ਸਿੰਘ ਸਾਹੀ (ਦਸੂਹਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਜਿਹੜਾ ਗਵਰਨਰ ਸਾਹਿਬ ਦੇ ਐਡਰੈਸ ਤੇ ਪ੍ਰਸਤਾਵ ਮੇਰੇ ਕਾਬਲ ਵੀਰ ਸਰਦਾਰ ਵਿਰਸਾ ਸਿੰਘ ਜੀ ਵਲਟੋਹਾ ਨੇ ਪੇਸ਼ ਕੀਤਾ ਹੈ, ਉਸ ਨੂੰ ਸੈਕਿੰਡ ਕਰਨ ਦਾ ਮੌਕਾ ਦਿੱਤਾ ਹੈ। ਮੈਂ, ਡਿਪਟੀ ਸਪੀਕਰ ਸਾਹਿਬ,ਇਸ ਪ੍ਰਸਤਾਵ ਦੀ ਪੁਰਜ਼ੋਰ ਸ਼ਬਦਾਂ ਵਿੱਚ ਪ੍ਰੋੜਤਾ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦਾ ਭਾਸ਼ਣ ਜਦੋਂ ਵੀ ਵਿਧਾਨ ਸਭਾ ਵਿੱਚ ਪੇਸ਼ ਹੁੰਦਾ ਹੈ ਤਾਂ ਉਹ ਤੱਥਾਂ ਦੇ ਆਧਾਰ ਤੇ ਫੈਕਟਸ ਐਂਡ ਫਿਗਰਜ਼ ਦੇ ਆਧਾਰ ਤੇ ਹੁੰਦਾ ਹੈ। ਜੋ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਇਥੇ ਪੰਜਾਬ ਵਿੱਚ 2007 ਵਿੱਚ ਸਥਾਪਿਤ ਹੋਈ, ਉਹ ਸਾਡੇ ਬਹੁਤ ਹੀ ਸਤਿਕਾਰਯੋਗ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਰਹਿਨੁਮਾਈ ਥੱਲੇ ਸਥਾਪਿਤ ਹੋਈ। ਡਿਪਟੀ ਸਪੀਕਰ ਸਾਹਿਬ, ਇਸ ਨੂੰ ਤਕਰੀਬਨ ਦੋ ਸਾਲ ਪੂਰੇ ਹੋਏ ਹਨ। ਉਨ੍ਹਾਂ ਨੇ ਵੀ ਦੋ ਸਾਲਾਂ ਵਿੱਚ ਪੰਜਾਬ ਦੀ ਜਨਤਾ ਅਤੇ ਪੰਜਾਬ ਦੇ ਲੋਕਾਂ ਦੇ ਹਿੱਤਾਂ ਵਿੱਚ ਵਿਕਾਸ ਅਤੇ ਅਮਨ ਉੱਤੇ ਸ਼ਾਂਤੀ ਦਾ ਮਾਹੌਲ ਬਣਾਇਆ, ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿੱਚ ਉਸ ਦੇ ਬਾਰੇ ਜ਼ਿਕਰ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਲੋਕਤੰਤਰ ਦੇ ਵਿੱਚ ਜਿਹੜੀ ਸਰਕਾਰ ਅਸੀਂ ਚੁਣਦੇ ਹਾਂ, ਆਮ ਤੌਰ ਤੇ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਹੈ ਕਿ ਇਹ ਜਿਹੜੀ ਸਰਕਾਰ ਹੁੰਦੀ ਹੈ ਇਹ by the People, of the People and for the People ਹੁੰਦੀ ਹੈ ਅਤੇ ਲੋਕਾਂ ਦੀ ਸੇਵਾ ਵਾਸਤੇ ਹੁੰਦੀ ਹੈ। ਡਿਪਟੀ ਸਪੀਕਰ ਸਾਹਿਬ, ਕਿਉਂਕਿ ਅੱਜ ਤਾਂ ਭਾਵੇਂ ਸਾਡੇ ਆਪੋਜ਼ੀਸ਼ਨ ਵਾਲੇ ਵੀਰ ਕਿਸੇ ਵਜ੍ਹਾ ਕਾਰਨ ਇਥੋਂ ਬਾਈਕਾਟ ਕਰਕੇ ਚਲੇ ਗਏ ਹਨ। ਮੈਂ ਥੋੜ੍ਹਾ ਜਿਹਾ ਇਨ੍ਹਾਂ ਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਜਦੋਂ 2007 ਦੇ ਵਿੱਚ ਬਾਦਲ ਸਾਹਿਬ ਨੇ ਇਸ ਸਰਕਾਰ ਦੀ ਵਾਗਡੋਰ ਸੰਭਾਲੀ ਸੀ ਉਦੋਂ ਇਸ ਪੰਜਾਬ ਦੀ ਮਾਲੀ ਹਾਲਤ ਇਹ ਕਿਸ ਹਾਲਾਤ ਵਿੱਚ ਛੱਡ ਕੇ ਗਏ ਸਨ ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ, ਇਕ ਸ਼ਾਇਰ ਨੇ ਕਿਹਾ ਹੈ ਕਿ :

ਅਗਰ ਏਕ ਹੀ ਚਾਕ ਹੋਤਾ ਤੋ ਸੀ ਲੇਤੇ ਗਿਰੇਬਾਂ ਅਪਨਾ
ਜ਼ਾਲਮ ਨੇ ਤਾਰ-ਤਾਰ ਕਰਕੇ ਫਾੜਾ ਹੈ।

ਡਿਪਟੀ ਸਪੀਕਰ ਸਾਹਿਬ, ਜਦੋਂ 2007 ਵਿੱਚ ਲੋਕਾਂ ਨੇ ਇਨ੍ਹਾਂ ਕੋਲੋਂ ਸਰਕਾਰ ਖੋਹੀ ਅਤੇ ਫਤਵਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਦੇ ਕੇ ਸ਼੍ਰੋਮਣੀ ਅਕਾਲੀ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਾਈ ਉਦੋਂ ਜੋ ਹਾਲਾਤ ਸਨ, ਉਹ ਅਜਿਹੇ ਸਨ ਕਿ ਸਮਝ ਨਹੀਂ ਸੀ ਆਉਂਦਾ ਕਿ ਕਿਸ ਤਰ੍ਹਾਂ ਸਾਡਾ ਪੰਜਾਬ ਚਲੇਗਾ ਜਾਂ ਪੰਜਾਬ ਦੇ ਲੋਕਾਂ ਦੀ ਤਰੱਕੀ ਕਿਸ ਤਰ੍ਹਾਂ ਹੋਵੇਗੀ ? ਡਿਪਟੀ ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਇਕ ਬਹੁਤ ਹੀ ਤਜਰਬੇਕਾਰ, ਨਿੱਘੇ ਤੇ ਸੂਝਵਾਨ ਇਨਸਾਨ ਹਨ। ਉਨ੍ਹਾਂ ਨੇ ਬੜੀ ਸੂਝਬੂਝ ਨਾਲ ਇਸ ਸਰਕਾਰ ਨੂੰ ਲੀਹਾਂ ਤੇ ਪਾਉਣਾ ਸ਼ੁਰੂ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਕਈ ਗੱਲਾਂ ਵਾਰ-ਵਾਰ ਇਨਸਾਨ ਨੂੰ ਯਾਦ ਆਉਂਦੀਆਂ ਰਹਿੰਦੀਆਂ ਹਨ। ਕਿਸੇ ਵੇਲੇ ਕੋਈ ਐਸੇ ਹਾਲਾਤ ਜਾਂ ਕੋਈ ਐਸਾ ਇੰਸੀਡੈਂਟ ਹੋ ਜਾਂਦਾ ਹੈ ਜੋ ਇਨਸਾਨ ਨੂੰ ਸਾਰੀ ਜ਼ਿੰਦਗੀ ਨਹੀਂ ਭੁੱਲਦਾ। ਪੰਜਾਬ ਦੇ ਲੋਕ ਵੀ ਸਾਲ 2002 ਤੋਂ ਲੈ ਕੇ 2007 ਵਾਲੀ

Original with;
Punjab Vidhan Sabha
Digitized by;
Panjab Digital Library

ਕਾਂਗਰਸ ਦੇ ਰਾਜ ਦੌਰਾਨ ਜੋ ਕੁਝ ਹੁੰਦਾ ਰਿਹਾ ਹੈ,ਉਸ ਨੂੰ ਅੱਜ ਤੱਕ ਭੁੱਲੇ ਨਹੀਂ, ਯਾਦ ਰੱਖਦੇ ਹਨ। ਲੋਕਾਂ ਨੂੰ ਯਾਦ ਹੈ ਕਿ ਕੈਪਟਨ ਸਾਹਿਬ ਨੇ ਸਰਕਾਰ ਸੰਭਾਲਦੇ ਹੀ ਵਿਕਾਸ ਤਾਂ ਇਕ ਪਾਸੇ ਰਿਹਾ, ਜਿਹੜੀ ਚੋਣ ਮੈਨੀਫੈਸਟੋ ਵਿੱਚ ਉਨ੍ਹਾਂ ਪਹਿਲੀ ਗੱਲ ਲਿਖੀ ਸੀ ਕਿ ਅਸੀਂ ਕਿਸਾਨਾਂ ਨੂੰ ਮੁਫਤ ਬੱਤੀ ਦਿਆਂਗੇ, ਪਰ ਆਉਂਦਿਆਂ ਸਾਰ ਹੀ ਸਰਕਾਰ ਨੇ ਸਭ ਤੋਂ ਪਹਿਲਾਂ ਕਿਸਾਨਾਂ ਉੱਤੇ ਬਿੱਲ ਠੋਕੇ। ਬਿੱਲ ਠੋਕਣ ਦੇ ਨਾਲ-ਨਾਲ ਜਿੰਨੀਆਂ ਵੀ ਪੈਨਸ਼ਨ ਤੇ ਸ਼ਗਨ ਸਕੀਮਾਂ ਬਾਦਲ ਸਾਹਿਬ ਨੇ ਚਲਾਈਆਂ ਸਨ, ਉਨ੍ਹਾਂ ਨੂੰ ਬੰਦ ਕਰ ਦਿੱਤਾ ਅਤੇ ਡਿਵੈਲਪਮੈਂਟ ਰੋਕ ਦਿੱਤੀ। ਨਾਲ ਹੀ ਉਨ੍ਹਾਂ ਨੇ ਇਕ ਕੰਮ ਹੋਰ ਵੀ ਕੀਤਾ ਕਿ ਫੜੋ-ਫੜੀ ਸ਼ੁਰੂ ਕਰ ਦਿੱਤੀ। ਡਿਪਟੀ ਸਪੀਕਰ ਸਾਹਿਬ, ਇਸ ਸਦਨ ਵਿਚ ਐਸੇ ਸਤਿਕਾਰਯੋਗ ਸਾਥੀ ਬੈਠੇ ਹਨ, ਜਿਨ੍ਹਾਂ ਨੂੰ ਕਿਸੇ ਵੀ ਕਾਰਨ ਤੋਂ ਬਗੈਰ ਸਾਬਕਾ ਸੀ.ਐਮ. ਸਾਹਿਬ ਨੇ ਫੜ-ਫੜ ਕੇ ਜੇਲ੍ਹਾਂ ਵਿੱਚ ਦੇਣਾ ਸ਼ੁਰੂ ਕਰ ਦਿੱਤਾ। ਉਦੋਂ ਰਾਜ ਕਿਸੇ ਹੋਰ ਦੇ ਨਾਂ ਤੇ ਚਲਦਾ ਸੀ। ਕਿਸੇ ਐਮ.ਐਲ.ਏ. ਨੂੰ ਨਹੀਂ ਸੀ ਸੁਣਿਆ ਜਾਂਦਾ ਬਲਕਿ ਭਰਤ ਇੰਦਰ ਸਿੰਘ ਚਾਹਲ ਵਰਗੇ ਘਟੀਆ ਇਨਸਾਨ ਸਰਕਾਰ ਨੂੰ ਚਲਾਉਂਦੇ ਸਨ, ਕੈਪਟਨ ਸਾਹਿਬ ਤਾਂ ਐਸ਼ ਕਰਦੇ ਸਨ। ਡਿਪਟੀ ਸਪੀਕਰ ਸਾਹਿਬ, ਉਦੋਂ ਅਖਬਾਰਾਂ ਵਿਚ ਬੜਾ ਆਇਆ ਸੀ ਤੇ ਉਹ ਅਖਬਾਰਾਂ ਮੈਂ ਅੱਜ ਵੀ ਨਾਲ ਲੈ ਕੇ ਆਇਆ ਹਾਂ। ਜਦੋਂ ਕੈਪਟਨ ਸਾਹਿਬ ਆਪਣੇ ਕੁਝ ਸਾਥੀਆਂ ਨਾਲ ਇੰਗਲੈਂਡ ਗਏ ਤਾਂ ਅਖਬਾਰਾਂ ਲਿਖਦੀਆਂ ਹਨ ਕਿ ਉਨ੍ਹਾਂ ਦੇ ਸਾਥੀ ਉਨ੍ਹਾਂ ਨੂੰ ਲੱਭਦੇ ਰਹੇ ਪਰ ਉਹ ਆਪਣੇ ਸਾਥੀਆਂ ਨੂੰ 3-4 ਦਿਨ ਲੱਭੇ ਹੀ ਨਹੀਂ। ਜਦੋਂ ਵਾਪਸ ਆਏ ਤਾਂ ਕਿਹਾ ਗਿਆ ਕਿ 30,000 ਕਰੋੜ ਰੁਪਏ ਦਾ ਵਿਦੇਸ਼ੀ ਪੂੰਜੀ ਨਿਵੇਸ਼ ਨਾਲ ਲੈ ਕੇ ਆਏ ਹਨ। ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਉਹ ਨਿਵੇਸ਼ ਉਨ੍ਹਾਂ ਨੇ ਕਿਥੇ ਕੀਤਾ, ਕਾਹਦਾ ਵਿਕਾਸ ਕੀਤਾ। ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਇਨ੍ਹਾਂ ਦੀਆਂ ਕਾਰਗੁਜ਼ਾਰੀਆਂ ਤੇ ਨਹੀਂ ਲਾਉਣਾ ਚਾਹੁੰਦਾ। ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਗਵਰਨਰ ਸਾਹਿਬ ਅਤੇ ਸਾਡੀ ਸਰਕਾਰ ਨੂੰ ਜਿਸ ਨੂੰ ਤਕਰੀਬਨ ਦੋ ਸਾਲ ਪੂਰੇ ਹੋਏ ਹਨ, ਉਨ੍ਹਾਂ ਦੀਆਂ ਉਪਲਬਧੀਆਂ ਬਾਰੇ ਜਰੂਰ ਧਿਆਨ ਦਿਵਾਉਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਕੁਝ ਐਸੇ ਮੁੱਦੇ ਹੁੰਦੇ ਹਨ ਜਿਨ੍ਹਾਂ ਉੱਤੇ ਸੂਬੇ ਦਾ ਵਿਕਾਸ ਨਿਰਭਰ ਕਰਦਾ ਹੈ। ਮਿਸਾਲ ਦੇ ਤੌਰ ਤੇ ਪਾਵਰ, ਸੜਕਾਂ, ਇਨਫਰਾਸਟਰਕਚਰ, ਐਜੂਕੇਸ਼ਨ, ਹੈਲਥ ਅਤੇ ਸਪੋਰਟਸ ਆਦਿ ਕੁਝ ਅਜਿਹੇ ਅਹਿਮ ਮੁੱਦੇ ਹਨ ਜਿਨ੍ਹਾਂ ਉੱਤੇ ਸਰਕਾਰ ਨੂੰ ਗੌਰ ਕਰਨਾ ਚਾਹੀਦਾ ਹੈ। ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੀ ਸਰਕਾਰ ਨੇ ਆਪਣੇ ਪੰਜ ਸਾਲਾਂ ਵਿੱਚ ਇਕ ਵੀ ਯੂਨਿਟ ਬਿਜਲੀ ਪੈਦਾ ਨਹੀਂ ਕੀਤੀ। ਪਿੱਛੇ ਜਿਹੇ ਸਰਦੀਆਂ ਵਿੱਚ ਕੁਝ ਬਿਜਲੀ ਦੇ ਕੱਟ ਲਗਦੇ ਰਹੇ ਤਾਂ ਅਖਬਾਰਾਂ ਵਿੱਚ ਬਿਆਨ ਲਗਾਉਂਦੇ ਰਹੇ ਕਿ ਕੱਟ ਲਗ ਰਹੇ ਹਨ। ਉਨ੍ਹਾਂ ਨੂੰ ਬੰਦਾ ਪੁੱਛੇ ਬਈ ਤੁਸੀਂ ਤਾਂ ਇਕ ਵੀ ਯੂਨਿਟ ਬਿਜਲੀ ਪੈਦਾ ਨਹੀਂ ਕੀਤੀ। ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਆ ਕੇ ਇਸ ਸਰਕਾਰ ਦੀ ਵਾਗਡੋਰ ਸੰਭਾਲੀ ਤਾਂ ਉਨ੍ਹਾਂ ਕੋਲ ਕਿਹੜਾ ਅਲਾਦੀਨ ਦਾ ਚਿਰਾਗ ਸੀ ਕਿ ਉਹ ਰਗੜਦੇ ਤੇ ਬਿਜਲੀ ਪੈਦਾ ਹੋ ਜਾਂਦੀ। ਜਿਹੜੇ ਵੀ ਬਿਜਲੀ ਪ੍ਰਾਜੈਕਟ ਬਣਾਉਣੇ ਹਨ, ਆਫਟਰ ਆਲ, ਡਿਪਟੀ ਸਪੀਕਰ ਸਾਹਿਬ, ਹਰ ਕੰਮ ਲਈ ਸਕੀਮ ਅਪਣਾਉਣੀ ਪੈਂਦੀ ਹੈ। ਉਸ ਨੂੰ ਤਿਆਰ ਕਰਨ ਲਈ, ਹੋਂਦ ਵਿੱਚ ਲਿਆਉਣ ਲਈ ਕੁਝ ਸਮਾਂ ਤਾਂ ਲਗਦਾ ਹੀ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਅਮਰਜੀਤ ਸਿੰਘ ਸਾਹੀ]

ਮਾਇਆ, ਪੈਸਾ ਵੀ ਲਗਦਾ ਹੈ। ਜੇ ਕਰ ਆਪਾਂ ਪੈਸੇ ਦੀ ਗੱਲ ਕਰੀਏ ਤਾਂ ਸੈਂਟਰ ਸਰਕਾਰ ਸਾਡੇ ਨਾਲ ਹਮੇਸ਼ਾਂ ਹੀ ਵਿਤਕਰਾ ਕਰਦੀ ਰਹੀ ਹੈ। ਜਿੰਨਾ ਵੀ ਟੈਕਸ, ਰੈਵੇਨਿਊ ਜੋ ਪੰਜਾਬ ਵਿੱਚੋਂ ਇੱਕਠਾ ਹੁੰਦਾ ਹੈ, ਉਸ ਦਾ 70 ਪ੍ਰਤੀਸ਼ਤ ਤਾਂ ਸੈਂਟਰ ਹੀ ਲੈ ਜਾਂਦਾ ਹੈ ਤੇ ਆਪ ਰੱਖ ਲੈਂਦਾ ਹੈ ਅਤੇ 30 ਪ੍ਰਤੀਸ਼ਤ ਸਿਰਫ ਪੰਜਾਬ ਨੂੰ ਦਿੱਤਾ ਹੈ ਅਤੇ ਜਿੱਥੋਂ ਤੱਕ ਟੈਕਸ ਕੁਲੈਕਸ਼ਨ ਦਾ ਸਵਾਲ ਹੈ, ਡਿਪਟੀ ਸਪੀਕਰ ਸਾਹਿਬ, ਸਭ ਤੋਂ ਜ਼ਿਆਦਾ ਟੈਕਸ ਕੁਲੈਕਸ਼ਨ ਪੰਜਾਬ ਵਿੱਚ ਕਰਦੇ ਹਨ ਅਤੇ ਸਭ ਤੋਂ ਘੱਟ ਹਿੱਸਾ ਉਹ ਟੈਕਸ ਦਾ ਪੰਜਾਬ ਨੂੰ ਦਿੰਦੇ ਹਨ ਅਤੇ ਇਹ ਵਿਤਕਰਾ ਨਹੀਂ ਹੈ ਤਾਂ ਹੋਰ ਕੀ ਹੈ। ਮੇਰੇ ਤੋਂ ਪਹਿਲਾਂ ਮੇਰੇ ਮੁਅੱਜ਼ਜ਼ ਸਾਥੀ ਨੇ ਜ਼ਿਕਰ ਕੀਤਾ ਕਿ ਇਕ ਬਹੁਤ ਵੱਡਾ ਮਜ਼ਾਕ ਕਿਸਾਨਾਂ ਨਾਲ ਹੋਇਆ ਹੈ। 70,000 ਕਰੋੜ ਰੁਪਏ ਕਿਸਾਨਾਂ ਦੇ ਕਰਜ਼ਿਆਂ ਦੀ ਮੁਆਫੀ ਲਈ ਦਿੱਤਾ ਗਿਆ ਹੈ। ਪਰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸੈਂਟਰਲ ਪੂਲ ਦੇ ਵਿੱਚ, ਅਨਾਜ ਦੇ ਭੰਡਾਰ ਵਿੱਚ 50% ਤੋਂ ਲੈ ਕੇ 70% ਤੱਕ ਯੋਗਦਾਨ ਪੰਜਾਬ ਪਾਉਂਦਾ ਹੈ ਅਤੇ ਜਦੋਂ ਪੰਜਾਬ ਨੂੰ ਮਦਦ ਦੇਣ ਵੀ ਵਾਰੀ ਆਈ ਤਾਂ 1½% ਹਿੱਸਾ ਪੰਜਾਬ ਦੇ ਹਿੱਸੇ ਆਇਆ। ਡਿਪਟੀ ਸਪੀਕਰ ਸਾਹਿਬ, ਇੱਕ ਹੋਰ ਗੱਲ ਵੀ ਮੈਂ ਇਸ ਪਵਿੱਤਰ ਸਦਨ ਦੇ ਧਿਆਨ ਵਿੱਚ ਲਿਆਉਣੀ ਚਾਹੁੰਦਾ ਹਾਂ। ਇਕ ਦੋ ਦਿਨ ਪਹਿਲਾਂ ਹੀ ਕੋਡ ਆਫ ਕੰਡਕਟ ਲਾਗੂ ਹੋਇਆ ਹੈ। ਪਹਿਲੀ ਲੋਕ ਸਭਾ ਖਤਮ ਹੋ ਗਈ ਹੈ ਅਤੇ ਨਵੀਂ ਲੋਕ ਸਭਾ ਲਈ ਇਲੈਕਸ਼ਨਾਂ ਹੋਣੀਆਂ ਹਨ। ਉੱਥੇ ਜਿਹੜੀ ਕਾਂਗਰਸ ਪਾਰਟੀ ਦੀ ਨੈਸ਼ਨਲ ਲੀਡਰ ਸ਼੍ਰੀਮਤੀ ਸੋਨੀਆਂ ਗਾਂਧੀ ਹੈ, ਉਹ ਹਮੇਸ਼ਾਂ ਅਖਬਾਰਾਂ ਵਿੱਚ ਵਾਅਦੇ ਕਰਦੇ ਰਹੇ ਕਿ ਮੈਂ ਹਮੇਸ਼ਾਂ ਔਰਤਾਂ ਦਾ ਭਲਾ ਚਾਹੁੰਦੀ ਹਾਂ, ਗਰੀਬ ਜਾਤੀ ਦੇ ਲੋਕਾਂ ਦਾ ਭਲਾ ਚਾਹੁੰਦੀ ਹਾਂ ਅਤੇ ਨਾਰੀ ਜਾਤ ਦਾ ਭਲਾ ਕਰਨਾ ਚਾਹੁੰਦੀ ਹਾਂ। ਪਰ ਡਿਪਟੀ ਸਪੀਕਰ ਸਾਹਿਬ, ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਅਪੋਜੀਸ਼ਨ ਵਾਲੇ ਵੀਰ ਚਲੇ ਗਏ ਹਨ, ਉਨ੍ਹਾਂ ਨੂੰ ਉਸ ਤੋਂ ਪੁੱਛਣਾ ਚਾਹੀਦਾ ਸੀ ਕਿ 5 ਸਾਲ ਵਿੱਚ ਉਹ ਸਦਨ ਵਿੱਚ ਔਰਤਾਂ ਦੀ ਰਿਜ਼ਰਵੇਸ਼ਨ ਦਾ ਬਿਲ ਲਿਆਉਣ ਵਿੱਚ ਸਫਲ ਨਹੀਂ ਹੋ ਸਕੀ। ਹੁਣ ਉਹ ਕਿਹੜੇ ਮੂੰਹ ਨਾਲ ਲੋਕ ਸਭਾ ਦੀ ਚੋਣ ਲਈ ਔਰਤਾਂ ਤੋਂ ਵੋਟਾਂ ਮੰਗੇਗੀ ਜਿਨ੍ਹਾਂ ਦਾ ਉਹ ਧਿਆਨ ਹੀ ਨਹੀਂ ਰੱਖ ਸਕੀ। ਡਿਪਟੀ ਸਪੀਕਰ ਸਾਹਿਬ, ਕਿਹੜੀਆਂ-ਕਿਹੜੀਆਂ ਗੱਲਾਂ ਮੈਂ ਤੁਹਾਡੇ ਧਿਆਨ ਵਿੱਚ ਲਿਆਵਾਂ। ਅਸਲੀਅਤ ਤਾਂ ਮੂੰਹੋ ਬੋਲਦੀ ਹੈ। ਕਿਸੇ ਨੇ ਸ਼ੇਅਰ ਲਿਖਿਆ ਹੈ :

| *1.42 ਵਜੇ ਬਾਅਦ ਦੁਪਹਿਰ | (ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।) |
|---|---|

ਮੇਰੀ ਉਂਗਲੀਆਂ ਨਬਜ਼ੇ-ਹਾਲਾਤ ਪਰ ਹੈਂ,
ਬਹੁਤ ਸੋਚ ਕਰ ਮੈਂ ਯਹ ਬਾਤ ਕਹਿ ਰਹਾ ਹੂੰ ।

ਸਪੀਕਰ ਸਾਹਿਬ, ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਆਈ ਹੈ, ਇਸ ਨੇ ਕਿਸਾਨਾਂ, ਦਲਿਤਾਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਅਤੇ ਖਾਸ ਕਰਕੇ ਉਨ੍ਹਾਂ ਪ੍ਰਵਾਰਾਂ ਜਿਹੜੇ

Original with;
Punjab Vidhan Sabha
Digitized by;
Panjab Digital Library

below poverty line ਸਨ, ਜਿਨ੍ਹਾਂ ਦੇ ਕਿਸੇ ਵਜ੍ਹਾ ਕਰਕੇ ਹਾਲਾਤ ਕਮਜ਼ੋਰ ਹੋ ਗਏ, ਉਨ੍ਹਾਂ ਦਾ ਧਿਆਨ ਰੱਖਿਆ । 1997 ਵਿੱਚ ਸਾਡੇ ਸਤਿਕਾਰਯੋਗ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਇਤਿਹਾਸ ਰਚਿਆ। ਸਪੀਕਰ ਸਾਹਿਬ, ਪਹਿਲੀ ਵੇਰ ਹਿੰਦੁਸਤਾਨ ਵਿੱਚ ਗਰੀਬ ਲੜਕੀਆਂ ਵਾਸਤੇ ਸ਼ਗਨ ਸਕੀਮ ਬਣਾਈ ਗਈ ਅਤੇ ਹੁਣ ਫਿਰ 2007 ਵਿੱਚ ਜਦੋਂ ਮੁੜਕੇ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਮੁੱਖ ਮੰਤਰੀ ਬਣੇ ਅਤੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਈ ਤਾਂ ਇਨ੍ਹਾਂ ਨੇ ਈਸਾਈ ਗਰੀਬ ਪਰਿਵਾਰਾਂ ਅਤੇ ਵਿਧਵਾਵਾਂ ਨੂੰ ਅਤੇ ਜਿਹੜੀਆਂ ਭੈਣਾਂ ਦੇ ਕਿਸੇ ਵਜ੍ਹਾ ਕਰਕੇ ਡਾਈਵੋਰਸ ਹੋ ਚੁੱਕੇ ਸਨ ਉਨ੍ਹਾਂ ਨੂੰ ਵੀ ਪੈਨਸ਼ਨ ਸ਼ਗਨ ਸਕੀਮ ਮੁਹੱਈਆ ਕਰਾਈ ਅਤੇ ਉਨ੍ਹਾਂ ਨੂੰ ਵੀ ਇਸ ਦੇ ਵਿੱਚ ਸ਼ਾਮਿਲ ਕੀਤਾ। ਸਪੀਕਰ ਸਾਹਿਬ, ਇਸਦੇ ਨਾਲ-ਨਾਲ ਇਕ ਹੋਰ ਬੜਾ ਵੱਡਾ ਇਤਿਹਾਸ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਰਚਿਆ ਅਤੇ ਕੋਈ ਤਕਰੀਬਨ 14 ਲੱਖ ਪਰਿਵਾਰਾਂ ਨੂੰ ਆਟਾ-ਦਾਲ ਦੀ ਸਕੀਮ ਵਿੱਚ ਲਿਆਕੇ ਉਨ੍ਹਾਂ ਨੂੰ ਦੋ ਟਾਈਮ ਦੀ ਰੋਟੀ ਪੇਟ ਭਰਨ ਲਈ ਮੁਹੱਈਆ ਕਰਵਾਈ। ਸਪੀਕਰ ਸਾਹਿਬ, ਪਹਿਲਾਂ ਉਹ ਇਕ ਟਾਈਮ ਦੀ ਰੋਟੀ ਖਾ ਕੇ ਗੁਜ਼ਾਰਾ ਕਰਦੇ ਸਨ ਅਤੇ ਉਨ੍ਹਾਂ ਨੂੰ ਫਿਕਰ ਹੁੰਦਾ ਸੀ ਕਿ ਰਾਤ ਦੀ ਰੋਟੀ ਮਿਲੇਗੀ ਜਾਂ ਨਹੀਂ।

ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਗਰੀਬ ਪਰਿਵਾਰਾਂ ਨੂੰ, ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਨੂੰ 5-5 ਮਰਲੇ ਥਾਂ ਦੇ ਕੇ ਉਨ੍ਹਾਂ ਦਾ ਵੀ ਮਾਣ ਵਧਾਇਆ ਹੈ। ਸਪੀਕਰ ਸਾਹਿਬ, ਪਤਾ ਨਹੀਂ ਇਥੇ ਬੈਠ ਕੇ ਮੇਰੇ ਕਾਂਗਰਸੀ ਵੀਰ ਆਦਰਸ਼ ਸਕੂਲਾਂ ਦੇ ਬਾਬਤ ਕਿਉਂ ਨੁਕਤਾਚੀਨੀ ਕਰਦੇ ਹਨ ਜੋ ਸਾਡੇ ਮੁੱਖ ਮੰਤਰੀ ਜੀ ਨੇ ਚਾਲੂ ਕੀਤੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਬਾਰੇ ਸਾਡੇ ਪ੍ਰਧਾਨ ਮੰਤਰੀ ਸ਼੍ਰੀ ਮਨਮੋਹਨ ਸਿੰਘ ਜੀ ਨੇ ਵੀ ਬੜੀ ਤਾਰੀਫ ਕੀਤੀ ਹੈ ਅਤੇ ਕਿਹਾ ਕਿ ਇਸ ਪੈਟਰਨ ਨੂੰ ਸਾਰੇ ਹਿੰਦੁਸਤਾਨ ਵਿੱਚ ਲਾਗੂ ਕਰਾਂਗੇ। ਮੈਂ ਮਹਿਸੂਸ ਕਰਦਾ ਹਾਂ ਕਿ ਉਨ੍ਹਾਂ ਕਾਂਗਰਸ ਵਾਲਿਆਂ ਨੂੰ ਇਸ ਤੋਂ ਸਬਕ ਸਿੱਖਣਾ ਚਾਹੀਦਾ ਹੈ। ਜਿੱਥੋਂ ਤੱਕ ਸਿਹਤ ਅਤੇ ਸਿੱਖਿਆ ਦਾ ਸਵਾਲ ਹੈ, ਸਪੀਕਰ ਸਾਹਿਬ, ਬਾਦਲ ਸਾਹਿਬ ਦੀ ਸਰਕਾਰ ਨੇ ਸਿਹਤ ਅਤੇ ਸਿੱਖਿਆ ਤੇ ਪੂਰਾ ਜ਼ੋਰ ਦਿੱਤਾ ਹੈ ਕਿਉਂਕਿ ਜੀਵਨ ਦੇ ਵਿੱਚ ਸਪੀਕਰ ਸਾਹਿਬ, ਦੋ ਚੀਜ਼ਾਂ ਬਹੁਤ ਅਹਿਮ ਹਨ। ਜਿਸ ਇਨਸਾਨ ਕੋਲ ਅੱਛੀ ਸਿਹਤ ਅਤੇ ਅੱਛੀ ਸਿੱਖਿਆ ਹੋਵੇਗੀ, ਉਹ ਸਮਾਜ ਵਿੱਚ ਅੱਛਾ ਹੁੰਦਾ ਹੈ, ਉਸ ਦਾ ਘਰ ਵੀ ਅੱਛਾ ਹੁੰਦਾ ਹੈ, ਉਸ ਦਾ ਸਮਾਜ ਵੀ ਅੱਛਾ ਹੁੰਦਾ ਔਰ ਉਸ ਦਾ ਜੀਵਨ ਵੀ ਅੱਛਾ ਹੁੰਦਾ ਹੈ। ਬਾਦਲ ਸਾਹਿਬ ਨੇ ਹਰ ਹਲਕੇ ਵਿੱਚ ਤਿੰਨ- ਤਿੰਨ ਮਾਡਲ ਸਕੂਲ ਬਣਾਉਣ ਅਤੇ ਹਰੇਕ ਬਲਾਕ ਵਿੱਚ ਇੱਕ-ਇੱਕ ਆਦਰਸ਼ ਸਕੂਲ ਬਣਾਉਣ ਦਾ ਵਾਅਦਾ ਕਰਕੇ ਇਸ ਦੀ ਸ਼ੁਰੂਆਤ ਕਰਕੇ ਆਪਣੇ ਪੰਜਾਬ ਦੇ ਲੋਕਾਂ ਨੂੰ ਵਿਦਿਆ ਦੇ ਮਿਆਰ ਵਿੱਚ ਉੱਚਾ ਚੁੱਕਣ ਦੀ ਕੋਸ਼ਿਸ਼ ਕੀਤੀ ਹੈ। ਸਪੀਕਰ ਸਾਹਿਬ, ਇਸ ਦੇ ਨਾਲ-ਨਾਲ ਇੱਕ ਹੋਰ ਅਹਿਮ ਕੰਮ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਕੀਤਾ ਹੈ ਔਰ ਸੱਤਾ ਸੰਭਾਲਦਿਆਂ ਸਾਰੇ ਹੀ ਪੰਜਾਬ ਦੇ 25% ਸਕੂਲ ਜਿਹੜੇ ਟੀਚਰਾਂ ਤੋਂ ਵਾਂਝੇ ਸੀ, ਉਥੇ 14,167 ਟੀਚਰ ਭਰਤੀ ਕਰਕੇ ਸਕੂਲਾਂ ਵਿੱਚ ਟੀਚਰ ਦਿੱਤੇ ਔਰ ਅਨ-ਇੰਪਲਾਈਮੈਂਟ ਨੂੰ ਠੱਲ ਪਾਈ। ਕੈਪਟਨ ਸਾਹਿਬ ਵੇਲੇ ਤਾਂ ਉਨ੍ਹਾਂ ਦੇ ਵਾਲ ਖੋਲ੍ਹ ਕੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਮਰਜੀਤ ਸਿੰਘ ਸਾਹੀ]

ਘਸੀਟ-ਘਸੀਟ ਕੇ ਕੁੱਟੇ ਗਏ। ਸਪੀਕਰ ਸਾਹਿਬ, ਜਿੱਥੋਂ ਤੱਕ ਐਜੂਕੇਸ਼ਨ ਦਾ ਸਵਾਲ ਹੈ, ਮੈਂ ਧੰਨਵਾਦ ਕਰਦਾ ਹਾਂ, ਬਾਦਲ ਸਾਹਿਬ ਦਾ, ਸੰਨ 1986 ਵਿੱਚ ਇੱਕ ਗੌਰਮਿੰਟ ਕਾਲਜ ਦੀ ਅਨਾਊਸਮੈਂਟ ਉਸ ਸਮੇਂ ਵੀ ਸਰਕਾਰ ਨੇ ਤਲਵਾੜਾ ਵਿਖੇ ਕੀਤੀ ਸੀ। 25 ਸਾਲ ਤੱਕ ਇੱਕ ਇੱਟ ਵੀ ਨਹੀਂ ਉੱਥੇ ਲੱਗੀ ਪਰ ਹੁਣ ਬਾਦਲ ਸਾਹਿਬ ਨੇ ਇਸ ਦਾ ਨੀਂਹ ਪੱਥਰ ਰੱਖਿਆ ਔਰ 17 ਕਰੋੜ 52 ਲੱਖ ਰੁਪਏ ਦੇ ਕੇ ਇਸ ਦੀ ਇਮਾਰਤ ਸ਼ੁਰੂ ਕਰਵਾ ਦਿੱਤੀ ਹੈ। ਮੈਂ ਇਸ ਵਾਸਤੇ ਇਨ੍ਹਾਂ ਦਾ ਰਿਣੀ ਹਾਂ। ਸਪੀਕਰ ਸਾਹਿਬ, ਜੇ ਧਿਆਨ ਮਾਰਿਆ ਜਾਵੇ ਤਾਂ ਦੋ ਸਾਲਾਂ ਵਿੱਚ ਸੜਕਾਂ ਦਾ ਜਾਲ ਵਿਛਾ ਦਿੱਤਾ ਹੈ। ਇਹ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਕੀਤਾ। ਹੁਣ ਚਾਰ ਐਕਸਪ੍ਰੈਸ ਹਾਈਵੇ ਬਣ ਰਹੇ ਹਨ ਔਰ ਹੋਰ ਵੀ ਸੜਕਾਂ ਬਣ ਰਹੀਆਂ ਹਨ। 20 ਕਿਲੋਮੀਟਰ ਸੜਕਾਂ ਤਕਰੀਬਨ ਸਾਰੇ ਹਲਕਿਆਂ ਵਿੱਚ ਦੇ ਕੇ ਉਨ੍ਹਾਂ ਸਾਰੇ ਪਿੰਡਾਂ ਦਾ ਮਾਣ ਵਧਾਇਆ ਹੈ ਜਿਨ੍ਹਾਂ ਨੂੰ 60 ਸਾਲ ਦੀ ਅਜ਼ਾਦੀ ਉਪਰੰਤ ਵੀ ਸੜਕਾਂ ਨਸੀਬ ਨਹੀਂ ਸਨ ਹੋਈਆਂ। ਸਪੀਕਰ ਸਾਹਿਬ, ਅੱਜ ਆਪਾਂ ਨਿਰਮਾਣ ਦੀ ਗੱਲ ਕਰੀਏ ਤਾਂ ਮੈਂ ਕਹਿਣਾ ਚਾਹਾਂਗਾ ਕਿ ਪੰਜਾਬ ਵਿੱਚ 24 ਰੇਲਵੇ ਓਵਰ ਬਰਿਜ ਬਣ ਰਹੇ ਹਨ। ਅੱਠ ਕੰਪਲੀਟ ਹੋ ਚੁੱਕੇ ਹਨ। 10 ਜਿਹੜੇ ਹਨ, ਉਹ ਛੇ ਮਹੀਨੇ ਵਿਚ ਕੰਪਲੀਟ ਹੋ ਜਾਣਗੇ ਔਰ ਬਾਕੀਆਂ ਤੇ ਕੰਮ ਚਲ ਰਿਹਾ ਹੈ। ਜ਼ੀਰਕਪੁਰ ਦਾ ਫਲਾਈ ਓਵਰ ਬਣ ਗਿਆ ਹੈ। ਪਹਿਲਾਂ ਇਥੇ ਦੋ-ਦੋ ਘੰਟੇ ਜਾਮ ਲੱਗਾ ਰਹਿੰਦਾ ਸੀ। ਇਸ ਦਾ ਉਦਘਾਟਨ ਕਰਵਾ ਕੇ ਬਾਦਲ ਸਾਹਿਬ ਨੇ ਪੰਜਾਬ ਦੇ ਲੋਕਾਂ ਨੂੰ ਤੋਹਫਾ ਦਿੱਤਾ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਸਾਡੇ ਅਪੋਜੀਸ਼ਨ ਦੇ ਵੀਰ ਉਹ ਕਿਸ ਗੱਲ ਕਰਕੇ ਸਾਡੀ ਵਿਰੋਧਤਾ ਕਰਦੇ ਹਨ। ਵੈਸੇ ਤਾਂ ਇਨ੍ਹਾਂ ਨੂੰ ਅਹਿਸਾਸ ਕਰਨਾ ਚਾਹੀਦਾ ਹੈ ਕਿ ਜੋ ਅਮਨ ਤੇ ਸ਼ਾਂਤੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਦਿੱਤੀ ਹੈ, ਉਹ ਕਾਂਗਰਸ ਰਾਜ ਵਿਚ ਕਦੇ ਲੋਕਾਂ ਨੂੰ ਮਹਿਸੂਸ ਨਹੀਂ ਹੋਈ। ਪੰਜਾਬ ਸਰਕਾਰ ਨੇ ਮੈਗਾ ਪ੍ਰਾਜੈਕਟਸ ਵੱਲ ਬਹੁਤ ਧਿਆਨ ਦਿੱਤਾ ਹੈ। ਮੇਰੇ ਬਹੁਤ ਹੀ ਸਤਿਕਾਰਯੋਗ ਉੱਪ ਮੁੱਖ ਮੰਤਰੀ ਮੇਰੇ ਛੋਟੇ ਵੀਰ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਦਾ ਪਹਿਲੀ ਵਾਰ ਸਦਨ ਵਿੱਚ ਆਉਣ ਤੇ ਜੀ ਆਇਆਂ ਕਹਿੰਦਾ ਹਾਂ। ਉਨ੍ਹਾਂ ਦੀ ਸੋਚ ਸਦਕਾ ਪੰਜਾਬ ਵਿੱਚ ਕਰੋੜਾਂ ਰੁਪਏ ਦੇ ਪ੍ਰਾਜੈਕਟ ਸ਼ੁਰੂ ਹੋਏ ਹਨ। ਉਨ੍ਹਾਂ ਦੀ ਸੋਚ ਨੇ ਇੱਥੋਂ ਤੱਕ ਹਾਲਾਤ ਪੈਦਾ ਕਰ ਦਿੱਤੇ ਹਨ, ਸਪੀਕਰ ਸਾਹਿਬ, ਕਿ ਕੁਝ ਸਮਾਂ ਪਹਿਲਾਂ ਉਨ੍ਹਾਂ ਨੇ ਸਪੋਰਟਸ ਮਹਿਕਮੇ ਦਾ ਚਾਰਜ ਲਿਆ ਸੀ। ਮੈਂ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਅਪੋਜੀਸ਼ਨ ਦੇ ਵੀਰ ਸਦਨ ਵਿਚ ਤੇ ਸਦਨ ਤੋਂ ਬਾਹਰ ਇਹ ਪ੍ਰਚਾਰ ਕਰਦੇ ਸਨ ਕਿ ਪੰਜਾਬ ਪੰਜ ਦਰਿਆਵਾਂ ਦੀ ਧਰਤੀ ਸੀ ਪਰ ਹੁਣ ਇਹ ਛੇਵਾਂ ਦਰਿਆ ਨਸ਼ਿਆਂ ਦਾ ਚਲ ਪਿਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਬਾਈਕਾਟ ਕਰਕੇ ਚਲੇ ਗਏ ਹਨ ਪਰ ਜਿਹੜੇ ਇਨ੍ਹਾਂ ਦੇ ਮੁੱਖ ਮੰਤਰੀ ਸਨ, ਉਹ ਰਾਤ ਨੂੰ ਰੋਜ਼ ਬੋਤਲ ਖੋਲ੍ਹ ਲੈਂਦੇ ਹਨ ਅਤੇ ਅਖਬਾਰਾਂ ਵਿਚ ਵੀ ਵੱਖ ਵੱਖ ਤਰ੍ਹਾਂ ਦੀਆਂ ਖਬਰਾਂ ਉਨ੍ਹਾਂ ਬਾਰੇ ਛਪਦੀਆਂ ਹਨ ਜਿਨ੍ਹਾਂ ਦਾ ਅਸਰ ਪੰਜਾਬ ਦੇ ਨੌਜਵਾਨਾਂ ਤੇ ਪੈ ਰਿਹਾ ਹੈ। ਇਨ੍ਹਾਂ ਨੂੰ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਤੋਂ ਸਬਕ ਲੈਣਾ ਚਾਹੀਦਾ ਹੈ। ਜਦੋਂ ਇਹ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ ਤਾਂ ਇਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

ਆਨੰਦਪੁਰ ਸਾਹਿਬ ਵਿਖੇ ਜਾ ਕੇ ਸਭ ਤੋਂ ਪਹਿਲਾਂ ਅੰਮ੍ਰਿਤ ਛਕਿਆ। ਇਹ ਨੌਜਵਾਨਾਂ ਨੂੰ ਇੱਕ ਸੇਧ ਸੀ। ਸਪੀਕਰ ਸਾਹਿਬ, ਇਸਦੇ ਨਾਲ-ਨਾਲ ਇਨ੍ਹਾਂ ਨੇ ਪੰਜਾਬ ਦੇ ਸਾਰੇ ਪਿੰਡਾਂ ਵਿੱਚ ਯੂਥ ਕਲੱਬ ਬਣਾਏ ਅਤੇ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਕਿ ਤੁਸੀਂ ਆਪਣੀ ਸਿਹਤ ਦਾ ਧਿਆਨ ਰੱਖ ਕੇ ਨਸ਼ਿਆਂ ਤੋਂ ਦੂਰ ਰਹੋ। ਇਹ ਇੱਕ ਮਿਸਾਲ ਹੈ। ਇਤਿਹਾਸ ਕਹਿੰਦਾ ਹੈ ਕਿ ਜਦੋਂ ਵੀ ਕਿਸੇ ਇਨਸਾਨ ਨੂੰ ਆਪਣੀ ਸਿਹਤ ਦੀ ਸੰਭਾਲ ਦਾ ਧਿਆਨ ਹੋਵੇ ਤਾਂ ਉਹ ਨਸ਼ੇ ਤੋਂ ਦੂਰ ਰਹਿੰਦਾ ਹੈ। ਉਹ ਨਸ਼ੇ ਦੇ ਲਾਗੇ ਨਹੀਂ ਜਾਂਦਾ। ਸੋ, ਇਨ੍ਹਾਂ ਨੇ ਟੀਮ ਬਣਾਉਣੀ ਸ਼ੁਰੂ ਕੀਤੀ। ਹਰ ਬਲਾਕ ਵਿੱਚ ਇਨ੍ਹਾਂ ਨੇ ਤਕਰੀਬਨ 15-15, 16-16 ਪਿੰਡਾਂ ਵਿੱਚ ਇੱਕ-ਇੱਕ ਲੱਖ ਰੁਪਏ ਦੇ ਕੇ ਪਿੰਡ ਦੀ ਟੀਮ ਬਣਾਉਣੀ ਸ਼ੁਰੂ ਕੀਤੀ ਤਾਂ ਕਿ ਸਾਡੇ ਇਹ ਨੌਜਵਾਨ ਮੁੜ ਖੇਡਾਂ ਵੱਲ ਜਾਣ। ਕਿਸੇ ਵੇਲੇ ਜਦੋਂ ਪੰਜਾਬ ਦਾ ਗਭਰੂ ਬਾਹਰ ਜਾਂਦਾ ਸੀ ਤਾਂ ਸਵਾ ਛੇ ਫੁੱਟ ਦੇ ਗਭਰੂ ਨੂੰ ਦੇਖ ਕੇ ਲੋਕ ਕਹਿੰਦੇ ਸੀ ਕਿ ਇਹ ਪੰਜਾਬ ਦਾ ਹੈ ਪਰ ਕੈਪਟਨ ਸਾਹਿਬ ਵਰਗੇ ਕਈ ਮੁੱਖ ਮੰਤਰੀਆਂ ਨੇ ਨੌਜਵਾਨਾਂ ਨੂੰ ਐਸੀਆਂ ਆਦਤਾਂ ਪਾਈਆਂ, ਜਿਨ੍ਹਾਂ ਨਾਲ ਸਾਡਾ ਨੌਜਵਾਨ ਨਸ਼ੇ ਵੱਲ ਤੁਰ ਪਿਆ ਸੀ। ਮੈਨੂੰ ਉਹ ਦਿਨ ਵੀ ਯਾਦ ਹੈ, ਭਾਵੇਂ ਮੈਂ ਇਸ ਸਦਨ ਦਾ ਮੈਂਬਰ ਨਹੀਂ ਸੀ ਪਰ ਉਦੋਂ ਅਖਬਾਰਾਂ ਪੜ੍ਹਦੇ ਸੀ ਕਿ ਕੈਪਟਨ ਸਾਹਿਬ ਤਾਂ ਪੰਜਾਬ ਵਿੱਚ ਪਬ ਤੇ ਕੈਸੀਨੋ ਖੋਲ੍ਹਣ ਨੂੰ ਤਿਆਰ ਸੀ। ਜੇ ਉਨ੍ਹਾਂ ਦਾ ਵਸ ਚਲਦਾ ਤਾਂ ਉਹ ਸਾਡੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇ ਵਿੱਚ ਜੂਆ ਖੇਡਣ ਲਗਾ ਦਿੰਦੇ। ਇਸੇ ਚੀਜ ਕਰਕੇ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਨੂੰ ਦੁਤਕਾਰਿਆ ਅਤੇ ਇਨ੍ਹਾਂ ਨੂੰ ਇਧਰ (ਅਪੋਜੀਸ਼ਨ ਸੀਟਾਂ ਵੱਲ ਇਸ਼ਾਰਾ) ਬਿਠਾਇਆ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਮੁੱਖ ਮੰਤਰੀ ਦੀ ਸੀਟ ਤੇ ਬਿਠਾਇਆ।

ਸਪੀਕਰ ਸਾਹਿਬ, ਜਿੱਥੋਂ ਤੱਕ ਸ਼ਹਿਰਾਂ ਦਾ ਅਤੇ ਪਿੰਡਾਂ ਦਾ ਸਵਾਲ ਹੈ, ਸਾਡੀ ਸਰਕਾਰ ਨੇ ਪਿੰਡਾਂ ਦੇ ਨਾਲ-ਨਾਲ ਸ਼ਹਿਰਾਂ ਵਿੱਚ ਵੀ ਪੂਰਾ ਧਿਆਨ ਦਿੱਤਾ। ਤਕਰੀਬਨ 500 ਕਰੋੜ ਰੁਪਿਆ ਸਾਰੀਆਂ ਕਾਰਪੋਰੇਸ਼ਨਾਂ ਨੂੰ ਦਿੱਤਾ। ਜਿੰਨੀਆਂ ਵੀ ਪੰਜਾਬ ਵਿੱਚ ਮਿਉਂਸਪੈਲਿਟੀਆਂ ਸੀ, ਉਨ੍ਹਾਂ ਵਿੱਚ ਸਾਰੀਆਂ ਪਾਰਟੀਆਂ ਦੇ ਮੈਂਬਰ ਹਨ। ਡਿਵੈਲਪਮੈਂਟ ਸਾਰੇ ਸ਼ਹਿਰਾਂ ਦੀ ਹੁੰਦੀ ਹੈ ਅਤੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ। ਵਿਤਕਰਾ ਸ਼ਬਦ ਸਾਡੇ ਸਤਿਕਾਰਯੋਗ ਅਪੋਜੀਸ਼ਨ ਵਾਲੇ ਵਰਤਦੇ ਹਨ। ਇਨ੍ਹਾਂ ਨੂੰ ਵੈਸੇ ਹੀ ਨੁਕਤਾਚੀਨੀ ਦੀ ਆਦਤ ਹੈ ਕਿਉਂਕਿ ਇਹ ਪੰਜਾਬ ਨੂੰ ਵਧਦਾ ਵੇਖ ਨਹੀਂ ਸਕਦੇ ਸੀ। ਪੰਜਾਬ ਵਿੱਚ ਜਿੰਨੀ ਵੀ ਅੱਗ ਲੱਗੀ ਸੀ, ਉਹ ਸੈਂਟਰ ਦੀ ਬਦੌਲਤ ਲੱਗੀ ਸੀ, ਉਹ ਕਾਂਗਰਸ ਨੇ ਲਗਾਈ ਸੀ। ਸਪੀਕਰ ਸਾਹਿਬ, ਸ਼ਹਿਰਾਂ ਵਿੱਚ ਫਲਾਈ-ਓਵਰ ਬਣ ਰਹੇ ਹਨ। ਕਾਰਪੋਰੇਸ਼ਨਾਂ ਵਿੱਚ ਫਲਾਈ-ਓਵਰ ਬਣ ਰਹੇ ਹਨ। ਏ-ਕਲਾਸ ਕਮੇਟੀਆਂ ਨੂੰ 3-3 ਕਰੋੜ ਰੁਪਿਆ, ਬੀ-ਕਲਾਸ ਕਮੇਟੀਆਂ ਨੂੰ 2-2 ਕਰੋੜ ਰੁਪਿਆ, ਨੋਟੀਫਾਈਡ ਏਰੀਆ ਕਮੇਟੀ ਨੂੰ ਇੱਕ-ਇੱਕ ਕਰੋੜ ਰੁਪਿਆ ਦੇ ਕੇ ਵਿਕਾਸ ਦੀ ਹਨੇਰੀ ਲਿਆਂਦੀ।

Original with;
Punjab Vidhan Sabha
Digitized by;
Panjab Digital Library

[ਸਰਦਾਰ ਅਮਰਜੀਤ ਸਿੰਘ ਸਾਹੀ]

ਇਸ ਦੇ ਨਾਲ ਨਾਲ, ਸਪੀਕਰ ਸਾਹਿਬ, ਜੇ ਆਪਾਂ ਧਿਆਨ ਦੇਈਏ ਤਾਂ ਇਹ ਇੱਥੇ ਪਾਣੀ ਦੇ ਮੁੱਦੇ ਦੀ ਗੱਲ ਕਰਦੇ ਸੀ ਕਿ ਅਸੀਂ ਬਿੱਲ ਲਿਆਂਦਾ ਪਰ ਉਸ ਨੂੰ ਫੇਲ੍ਹ ਕੀਤਾ ਕਿ ਪਾਸ ਕੀਤਾ, ਇਹ ਮੈਨੂੰ ਸਮਝ ਨਹੀਂ ਆਉਂਦਾ। ਜਿੰਨਾ ਚਿਰ ਵੀ ਇਥੇ ਕੈਪਟਨ ਸਾਹਿਬ ਰਹੇ, ਇਹ ਪੰਜਾਬ ਦਾ ਪਾਣੀ ਰਾਜਸਥਾਨ ਨੂੰ ਖੁਲ੍ਹਾ ਦਿੰਦੇ ਰਹੇ। ਇਨ੍ਹਾਂ ਨੇ ਇੱਕ ਵਾਰੀ ਵੀ ਇਸ ਮੁੱਦੇ ਤੇ ਧਿਆਨ ਨਹੀਂ ਦਿੱਤਾ ਕਿ ਅਸੀਂ ਰਾਜਸਥਾਨ ਕੋਲੋਂ ਉਸ ਪਾਣੀ ਦਾ ਕੋਈ ਮੁਆਵਜ਼ਾ ਮੰਗੀਏ ਜਿਹੜਾ ਸਾਡੇ ਪੰਜਾਬ ਦਾ ਪਾਣੀ ਹੈ। ਨਾ ਹੀ ਇਨ੍ਹਾਂ ਨੇ ਕਦੇ ਕਿਸੇ ਨਹਿਰ ਵੱਲ ਧਿਆਨ ਦਿੱਤਾ। ਇੱਕ ਪੈਸਾ ਵੀ ਪਿਛਲੇ ਪੰਜ ਸਾਲਾਂ ਵਿੱਚ ਇਨ੍ਹਾਂ ਨੇ ਕਿਸੇ ਨਹਿਰ ਤੇ ਨਹੀਂ ਲਗਾਇਆ। ਜੇ ਕੋਈ ਪੈਸਾ ਅਪਰਬਾਰੀ ਦੁਆਬ ਕੈਨਾਲ ਤੇ ਲਗਾਇਆ ਵੀ ਤਾਂ ਉਥੇ ਇਨਕੁਆਰੀ ਚਲਦੀ ਹੈ ਕਿ ਪਤਾ ਨਹੀਂ ਕਿੰਨੇ ਕਰੋੜ ਰੁਪਏ ਸਰਕਾਰ ਖਾ ਗਈ। ਸਪੀਕਰ ਸਾਹਿਬ, ਮੈਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਤਕਰੀਬਨ 3500 ਕਰੋੜ ਰੁਪਏ ਦਾ ਇਰੀਗੇਸ਼ਨ ਪਰਪਜ ਵਾਸਤੇ ਇੱਕ ਪ੍ਰੋਜੈਕਟ ਬਣਾ ਕੇ ਪੰਜਾਬ ਦੇ ਲੋਕਾਂ ਨੂੰ ਇਹ ਵਿਸ਼ਵਾਸ ਦਿਵਾਇਆ ਕਿ ਪਾਣੀ ਨਾਲਿਆਂ ਦੇ ਅੰਤ ਤੱਕ ਜਾਵੇਗਾ। ਜਿਨ੍ਹਾਂ ਨਾਲਿਆਂ ਦੀ ਰਿਪੇਅਰ ਪਿਛਲੇ 18 ਸਾਲਾਂ ਵਿੱਚ ਕਦੇ ਕਿਸੇ ਨੇ ਨਹੀਂ ਕੀਤੀ ਉਹ ਵੀ ਕੀਤੀ ਜਾਵੇਗੀ। ਸਪੀਕਰ ਸਾਹਿਬ, ਮੈਂ ਇੱਕ ਹੋਰ ਗੱਲ ਪਵਿੱਤਰ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਬੇਟ ਏਰੀਏ ਵਿੱਚ ਆਮ ਤੌਰ ਤੇ ਵਾਟਰ ਲਾਗਿੰਗ ਹੋ ਜਾਂਦੀ ਹੈ। ਸਾਲ 1997 ਦੇ ਵਿੱਚ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਤਾਂ ਬਾਦਲ ਸਾਹਿਬ ਨੇ ਸੇਮ ਨਾਲਿਆਂ ਦੀ ਸਫ਼ਾਈ ਕਰਵਾਈ ਸੀ। ਸਪੀਕਰ ਸਾਹਿਬ, ਤੁਸੀਂ ਹੈਰਾਨ ਹੋ ਜਾਵੋਗੇ ਕਿ ਉਸ ਤੋਂ ਬਾਅਦ ਕਾਂਗਰਸ ਦੀ ਸਰਕਾਰ ਨੇ ਉਨ੍ਹਾਂ ਨਾਲਿਆਂ ਦੇ ਉੱਤੇ ਕੋਈ ਧਿਆਨ ਨਹੀਂ ਦਿੱਤਾ। ਅੱਜ ਇਸ ਗੱਲ ਦਾ ਮਾਣ ਅਤੇ ਇਸ ਗੱਲ ਦਾ ਸਿਹਰਾ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਜਾਂਦਾ ਹੈ ਕਿ ਹੁਣ ਇਨ੍ਹਾਂ ਨੇ ਮੁੜ ਕੇ, ਵਿਚਾਰ ਕਰਕੇ ਇਨ੍ਹਾਂ ਸੇਮ ਨਾਲਿਆਂ ਦੀ ਸਫ਼ਾਈ ਨੂੰ ਸ਼ੁਰੂ ਕਰਵਾਇਆ ਹੈ। ਸਪੀਕਰ ਸਾਹਿਬ, ਇਕੱਲੀ ਇਰੀਗੇਸ਼ਨ ਨਾਲਿਆਂ ਜਾਂ ਨਹਿਰਾਂ ਤੱਕ ਹੀ ਗੱਲ ਸੀਮਤ ਨਹੀਂ ਰਹਿ ਗਈ। ਸਾਡੀ ਸਰਕਾਰ ਨੇ ਉਨ੍ਹਾਂ ਹਲਕਿਆਂ ਵਿੱਚ ਡੂੰਘੇ ਟਿਊਬਵੈੱਲ ਲਗਾਏ ਜਿਥੇ ਕਿ ਫਸਲਾਂ ਨੂੰ ਪਾਲਣ ਦੇ ਲਈ ਹੋਰ ਕੋਈ ਸਾਧਨ ਨਹੀਂ ਸੀ। ਉਸ ਦੇ ਲਈ ਸਾਡੀ ਸਰਕਾਰ ਨੇ ਇਨ੍ਹਾਂ ਕੰਮਾਂ ਉੱਤੇ ਤਕਰੀਬਨ 15 ਕਰੋੜ ਰੁਪਿਆ ਲਗਾਇਆ ਹੈ। ਸਪੀਕਰ ਸਾਹਿਬ, ਅੱਜ ਮੁੱਖ ਮੰਤਰੀ ਸਾਹਿਬ ਨੇ ਕਿਸਾਨੀ ਪ੍ਰਤੀ ਜਿਹੜਾ ਹਾਊਸ ਵਿੱਚ ਪ੍ਰਸਤਾਵ ਲਿਆਂਦਾ ਉਹ ਬਹੁਤ ਹੀ ਅਹਿਮ ਪ੍ਰਸਤਾਵ ਸੀ ਕਿਉਂਕਿ ਅੱਜ ਕਿਸਾਨਾਂ ਦੀ ਦਿਨ-ਪ੍ਰਤੀ-ਦਿਨ ਹਾਲਤ ਕਮਜ਼ੋਰ ਹੁੰਦੀ ਜਾ ਰਹੀ ਹੈ। ਉਨ੍ਹਾਂ ਦੀ ਮਾਲੀ ਹਾਲਤ ਕਮਜ਼ੋਰ ਹੁੰਦੀ ਜਾ ਰਹੀ ਹੈ ਕਿਉਂ ਜੋ ਕਿਸਾਨਾਂ ਦੇ ਜਿਹੜੇ ਇੰਨ-ਪੁੱਟਸ ਦੇ ਖਰਚੇ ਹਨ ਉਹ ਦਿਨ-ਪ੍ਰਤੀ-ਦਿਨ ਵਧਦੇ ਜਾ ਰਹੇ ਹਨ ਪਰ ਉਸ ਦੀ ਫਸਲ ਦਾ ਭਾਅ ਕੇਂਦਰ ਸਰਕਾਰ ਫਿਕਸ ਕਰਦੀ ਹੈ। ਪ੍ਰੰਤੂ ਹਿੰਦੁਸਤਾਨ ਦੀ ਸਰਕਾਰ ਨੇ ਉਸ ਕਿਸਾਨ ਦੇ

Original with;
Punjab Vidhan Sabha
Digitized by;
Panjab Digital Library

ਲਈ ਜਿਹੜਾ ਸਾਰੇ ਦੇਸ਼ ਦੇ ਲੋਕਾਂ ਦਾ ਪੇਟ ਭਰਦਾ ਹੈ ਤੇ ਜਿਸ ਨੂੰ ਹਿੰਦੁਸਤਾਨ ਦਾ ਅੰਨ-ਦਾਤਾ ਵੀ ਕਿਹਾ ਜਾਂਦਾ ਸੀ ਉਸ ਵੱਲ ਵੀ ਧਿਆਨ ਨਹੀਂ ਦਿੱਤਾ। ਅੱਜ ਬਾਦਲ ਸਾਹਿਬ ਨੇ ਪ੍ਰਸਤਾਵ ਪੇਸ਼ ਕਰਕੇ ਮੰਗ ਕੀਤੀ ਹੈ ਕਿ ਡੀਜ਼ਲ ਦੀਆਂ ਕੀਮਤਾਂ ਵਿੱਚ 25% ਕਮੀ ਕੀਤੀ ਜਾਵੇ। ਸਪੀਕਰ ਸਾਹਿਬ, ਜੇਕਰ ਆਪਾਂ ਤੱਥਾਂ ਦੇ ਆਧਾਰ ਉੱਤੇ ਵੀ ਵੇਖੀਏ ਤਾਂ ਅੰਤਰ ਰਾਸ਼ਟਰੀ ਲੈਵਲ ਦੇ ਉੱਤੇ ਅੱਜ ਕਰੂਡ ਆਇਲ 147 ਡਾਲਰ ਪ੍ਰਤੀ ਬੈਰਲ ਤੋਂ ਘੱਟ ਕੇ 33-34 ਡਾਲਰ ਪ੍ਰਤੀ ਬੈਰਲ ਤੇ ਆ ਗਿਆ ਹੈ ਪਰ ਕੇਂਦਰ ਸਰਕਾਰ ਨੇ ਇਸ ਦੇ ਉੱਤੇ ਕੋਈ ਧਿਆਨ ਨਹੀਂ ਦਿੱਤਾ। ਜਦੋਂ ਵੀ ਰੇਟ ਵਧਣ ਦੀ ਗੱਲ ਹੁੰਦੀ ਸੀ ਤਾਂ ਸੈਂਟਰ ਦੀ ਸਰਕਾਰ ਛੜੱਪੇ ਮਾਰ ਕੇ ਰੇਟ ਵਧਾ ਦਿੰਦੀ ਸੀ। ਉਸ ਨੇ ਇਸ ਪਾਸੇ ਇਸ ਕਰਕੇ ਧਿਆਨ ਨਹੀਂ ਦਿੱਤਾ ਕਿਉਂਕਿ ਇਸ ਦਾ ਬਹੁਤ ਜ਼ਿਆਦਾ ਫਾਇਦਾ ਕਿਸਾਨਾਂ ਨੂੰ ਹੋਣਾ ਸੀ। ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਇੱਕ ਬਹੁਤ ਹੀ ਵਧੀਆ ਕਦਮ ਚੁੱਕਿਆ ਹੈ ਕਿ ਜਦੋਂ ਕੁਦਰਤੀ ਆਫਤਾਂ ਆ ਜਾਣ ਕਾਰਨ ਕਿਸੇ ਕਿਸਾਨ ਦੀ ਫਸਲ ਦਾ ਨੁਕਸਾਨ ਹੋ ਜਾਂਦਾ ਸੀ ਤਾਂ ਉਸ ਨੂੰ ਪਹਿਲਾਂ ਦੋ ਹਜ਼ਾਰ ਰੁਪਏ ਪ੍ਰਤੀ ਏਕੜ ਦਾ ਮੁਆਵਜ਼ਾ ਦਿੱਤਾ ਜਾਂਦਾ ਸੀ ਪਰ ਹੁਣ ਬਾਦਲ ਸਾਹਿਬ ਨੇ ਇਸ ਨੂੰ ਵਧਾ ਕੇ 5 ਹਜ਼ਾਰ ਰੁਪਏ ਪ੍ਰਤੀ ਏਕੜ ਕੀਤਾ ਹੈ ਜਿਹੜਾ ਕਿ ਬਹੁਤ ਵਧੀਆ ਕਦਮ ਚੁੱਕਿਆ ਹੈ। ਇਸੇ ਤਰ੍ਹਾਂ ਸਪੀਕਰ ਸਾਹਿਬ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਦਲਿਤ ਵੀਰਾਂ ਦੇ ਲਈ ਵੀ ਬਹੁਤ ਅਹਿਮ ਕਦਮ ਚੁੱਕੇ ਹਨ ਉਹ ਭਾਵੇਂ ਸ਼ਗਨ ਸਕੀਮ ਦੇਣ ਦੀ ਗੱਲ ਹੈ ਜਾਂ ਫਿਰ ਉਨ੍ਹਾਂ ਨੂੰ ਪੰਜ-ਪੰਜ ਮਰਲੇ ਜ਼ਮੀਨ ਦੇਣ ਬਾਰੇ ਹੈ। ਸਪੀਕਰ ਸਾਹਿਬ, ਜੇਕਰ ਪੈਨਸ਼ਨਾਂ ਦੀ ਗੱਲ ਕਰਾਂ ਤੇ ਜਦੋਂ ਸਾਲ 2002 ਦੇ ਵਿੱਚ ਕੈਪਟਨ ਸਾਹਿਬ ਦੀ ਸਰਕਾਰ ਆਈ ਸੀ ਤਾਂ ਉਨ੍ਹਾਂ ਨੇ ਪੈਨਸ਼ਨਾਂ ਬੰਦ ਕਰ ਦਿੱਤੀਆਂ, ਇਥੋਂ ਤੱਕ ਕਿ ਦਲਿਤ ਬੱਚਿਆਂ ਨੂੰ ਮਿਲਦੇ ਵਜ਼ੀਫੇ ਵੀ ਬੰਦ ਕਰ ਦਿੱਤੇ, ਇਥੋਂ ਤੱਕ ਜਿਹੜੀਆਂ ਵਿਧਵਾਵਾਂ ਨੂੰ ਪੈਨਸ਼ਨਾਂ ਮਿਲਦੀਆਂ ਸਨ ਉਹ ਵੀ ਬੰਦ ਕਰ ਦਿੱਤੀਆਂ। ਸਾਰਿਆਂ ਉੱਤੇ ਰੋਕ ਲਗਾ ਕੇ ਇੱਕ ਗੱਲ ਕਰ ਦਿੱਤੀ ਕਿ ਇਹ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਨਾਲ ਸਬੰਧ ਰੱਖਣ ਵਾਲੇ ਲੋਕ ਹਨ ਤੇ ਇਨ੍ਹਾਂ ਨੇ ਇਸ ਦਾ ਫਾਇਦਾ ਲਿਆ ਹੈ ਇਸ ਕਰਕੇ ਇਸ ਦੀ ਮੁੜ ਪੜਚੋਲ ਕੀਤੀ ਜਾਵੇਗੀ। ਸਪੀਕਰ ਸਾਹਿਬ, ਇਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਇਹ ਇੱਕ ਵੀ ਅਜਿਹੀ ਪੈਨਸ਼ਨ ਸਾਬਤ ਨਹੀਂ ਕਰ ਸਕੇ ਜਿਹੜੀ ਕਿਸੇ ਨੂੰ ਗਲਤ ਲਗਾਈ ਗਈ ਹੋਵੇ। ਫਿਰ ਇਨ੍ਹਾਂ ਨੇ 2004 ਵਿੱਚ ਪੈਨਸ਼ਨਾਂ ਸ਼ੁਰੂ ਕੀਤੀਆਂ ਕਿਉਂ ਜੋ ਸਾਲ 2007 ਦੇ ਵਿੱਚ ਇਲੈਕਸ਼ਨਾਂ ਹੋਣੀਆਂ ਸਨ ਤਾਂ ਫਿਰ ਇਨ੍ਹਾਂ ਨੇ ਉਹੀ ਪੈਨਸ਼ਨਾਂ ਲਗਾਈਆਂ ਜਿਹੜੀਆਂ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨੂੰ ਲਗਾਈਆਂ ਗਈਆਂ ਸਨ । ਇਨ੍ਹਾਂ ਨੇ ਜਿਹੜੀਆਂ ਉਸ ਵੇਲੇ ਪੈਨਸ਼ਨਾਂ ਰੋਕੀਆਂ ਸਨ ਉਹ ਕਿਸੇ ਨੂੰ ਨਹੀਂ ਦਿੱਤੀਆਂ ਤੇ ਅੱਜ ਤੱਕ ਦਬ ਕੇ ਬੈਠੇ ਹਨ। ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਉਸ ਖਾਸ ਪ੍ਰਾਜੈਕਟ ਵੱਲ ਲਿਆਉਣਾ ਚਾਹੁੰਦਾ ਹਾਂ, ਗੁਰੂ ਗੋਬਿੰਦ ਸਿੰਘ ਰਿਫਾਈਨਰੀ ਜਿਹੜੀ ਕਿ ਬਠਿੰਡਾ ਵਿੱਚ ਲੱਗੀ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਮਿਹਨਤ ਸਦਕਾ, ਐਨ.ਡੀ.ਏ. ਦੀ ਸਰਕਾਰ ਵੱਲੋਂ ਵਾਜਪਾਈ ਸਾਹਿਬ ਨੇ ਪੰਜਾਬ ਨੂੰ ਦੇਣ ਦਿੱਤੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਮਰਜੀਤ ਸਿੰਘ ਸਾਹੀ]

ਸੀ। ਪਰ ਪਿਛਲੀ ਸਰਕਾਰ ਨੂੰ ਪਤਾ ਨਹੀਂ ਕੀ ਸਾੜਾ ਸੀ, ਵੈਸੇ ਤਾਂ ਇਹ ਇੱਕ ਮਿਸਾਲ ਹੈ ਜਿਵੇਂ ਕਿ ਟਰੱਕਾਂ ਦੇ ਪਿੱਛੇ ਲਿਖਿਆ ਹੁੰਦਾ ਹੈ : ਸੜ ਨਾ ਰੀਸ ਕਰ। ਵੈਸੇ ਤਾਂ ਕੈਪਟਨ ਸਾਹਿਬ ਨੂੰ, ਜੇ ਬਾਦਲ ਸਾਹਿਬ ਕੋਈ ਚੰਗਾ ਪ੍ਰਾਜੈਕਟ ਲੈ ਕੇ ਆਏ ਸੀ, ਤਾਂ ਖਿਝ ਕੇ ਬੰਦ ਨਹੀਂ ਕਰਨਾ ਚਾਹੀਦਾ ਸੀ ਸਗੋਂ ਉਸ ਤੋਂ ਸਬਕ ਸਿੱਖ ਕੇ ਕੋਈ ਨਵਾਂ ਪ੍ਰਾਜੈਕਟ ਲੈ ਕੇ ਆਉਣਾ ਚਾਹੀਦਾ ਸੀ। ਪਰ ਉਨ੍ਹਾਂ ਨੇ ਉਸ ਤੋਂ ਉਲਟ ਉਸ ਤੇ ਰੋਕ ਲਗਾ ਦਿੱਤੀ। ਸਪੀਕਰ ਸਾਹਿਬ, ਇਸ ਨਾਲ ਸਾਡੇ ਪੰਜਾਬ ਦੇ ਖਜ਼ਾਨੇ ਨੂੰ ਤਕਰੀਬਨ ਤਿੰਨ ਹਜ਼ਾਰ ਕਰੋੜ ਰੁਪਏ ਦਾ ਘਾਟਾ ਪਿਆ। ਸਪੀਕਰ ਸਾਹਿਬ, ਜਿਥੋਂ ਤੱਕ ਅੱਜ ਪਾਵਰ ਦਾ ਸਵਾਲ ਹੈ। ਮੈਂ ਥਰਮਲ ਪਲਾਂਟਾਂ ਬਾਰੇ ਕਹਿਣਾ ਚਾਹੁੰਦਾ ਹਾਂ ਇਸ ਸਬੰਧੀ ਮੇਰੇ ਹੋਰ ਸਾਥੀਆਂ ਨੇ ਵੀ ਵਿਚਾਰਾਂ ਕਰਨੀਆਂ ਹਨ, ਥਰਮਲ ਪਲਾਂਟਾਂ ਦਾ ਨੀਂਹ ਪੱਥਰ ਬਾਦਲ ਸਾਹਿਬ ਨੇ ਰੱਖਿਆ ਹੈ। ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸਾਲ 2012 ਤੋਂ ਪਹਿਲਾਂ-ਪਹਿਲਾਂ ਪੰਜਾਬ ਇੱਕ ਪਾਵਰ ਸਰਪਲੱਸ ਸਟੇਟ ਹੋਵੇਗਾ। (ਥੰਪਿੰਗ) ਇਸ ਦੇ ਨਾਲ ਪੰਜਾਬ ਵਿੱਚੋਂ ਜਿਹੜੀ ਇੰਡਸਟਰੀ, ਹਿੰਦੁਸਤਾਨ ਸਰਕਾਰ ਦੀਆਂ ਨਲਾਇਕੀਆਂ ਕਾਰਨ, ਸਾਡੇ ਸੂਬੇ ਨਾਲ ਵਿਤਕਰਾ ਕਰਕੇ, ਸਾਡੇ ਸੂਬੇ ਵਿੱਚੋਂ ਬਾਹਰ ਗਈ ਹੈ ਉਹ ਮੁੜ ਸਾਡੇ ਪੰਜਾਬ ਵਿੱਚ ਆਵੇਗੀ। ਸਪੀਕਰ ਸਾਹਿਬ, ਇਸ ਵਿੱਚ ਇੱਕ ਬਹੁਤ ਹੀ ਅਹਿਮ ਗੱਲ ਦੇਖਣ ਵਿੱਚ ਆਈ ਹੈ ਕਿ ਸੁਜ਼ਲੇਨ ਗੁਜਰਾਤ ਪਾਵਰ ਪ੍ਰਾਜੈਕਟ, ਸਾਇੰਸ ਐਂਡ ਤਕਨਾਲੋਜੀ ਡਿਪਾਰਟਮੈਂਟ ਰਾਹੀਂ ਜਿਸ ਦੀ ਰਹਿਨੁਮਾਈ ਸਰਦਾਰ ਸੁਖਬੀਰ ਸਿੰਘ ਬਾਦਲ ਕਰ ਰਹੇ ਹਨ, 1300 ਕਰੋੜ ਰੁਪਏ ਨਾਲ ਵਿੰਡ ਪਾਵਰ ਪ੍ਰਾਜੈਕਟ ਪੰਜਾਬ ਵਿੱਚ ਲੈ ਕੇ ਆਏ ਹਨ। ਇਹ ਪਹਿਲਾ ਸੂਬਾ ਹੈ ਜਿੱਥੇ ਸ਼੍ਰੋਮਣੀ ਅਕਾਲ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਇਹ ਪ੍ਰਾਜੈਕਟ ਲੈ ਕੇ ਆਈ ਹੈ। (ਥੰਪਿੰਗ) ਜਿਸ ਦੀ ਸਥਾਪਨਾ ਹੁਸ਼ਿਆਰਪੁਰ ਅਤੇ ਮੁਕਤਸਰ ਜ਼ਿਲ੍ਹੇ ਵਿੱਚ ਕੀਤੀ ਹੈ। ਸਪੀਕਰ ਸਾਹਿਬ, ਸਾਡੀ ਸਰਕਾਰ ਡਿਵੈਲਪਮੈਂਟ ਅਤੇ ਵਿਕਾਸ ਚਾਹੁੰਦੀ ਹੈ ਪਰ ਜਿਹੜੇ ਮੁਅੱਜ਼ਜ਼ ਸਾਥੀ ਬਾਈਕਾਟ ਕਰਕੇ ਗਏ ਹਨ ਉਨ੍ਹਾਂ ਨੇ ਕਦੇ ਵੀ ਪੰਜਾਬ ਦਾ ਵਿਕਾਸ ਨਹੀਂ ਕੀਤਾ। ਉਨ੍ਹਾਂ ਨੇ ਪੰਜਾਬ ਦਾ ਵਿਨਾਸ਼ ਹੀ ਕੀਤਾ ਹੈ। ਇਨ੍ਹਾਂ ਨੇ ਪੰਜਾਬ ਨੂੰ ਪਿਛਾੜਿਆ ਹੈ। ਆਪਾਂ ਇੱਥੇ ਕਹਿ ਦਿੰਦੇ ਹਾਂ ਕਿ ਸਾਡਾ ਪੱਛੜਿਆ ਇਲਾਕਾ ਹੈ। ਮੈਂ ਇਸ ਗੱਲ ਨਾਲ ਸਹਿਮਤ ਨਹੀਂ । ਮੈਂ ਮਹਿਸੂਸ ਕਰਦਾ ਹਾਂ ਕਿ ਇਲਾਕਾ ਕੋਈ ਪੱਛੜਿਆ ਨਹੀਂ ਹੁੰਦਾ, ਉਸ ਨੂੰ ਪਿਛਾੜਿਆ ਜਾਂਦਾ ਹੈ। ਸਾਡੇ ਇਲਾਕੇ ਨੂੰ ਕਾਂਗਰਸ ਦੀਆਂ ਸਰਕਾਰਾਂ ਨੇ ਪਿਛਾੜਿਆ ਹੈ, ਅਸੀਂ ਪੱਛੜੇ ਨਹੀਂ ਹਾਂ..........

ਮਾਨਯੋਗ ਸਪੀਕਰ : ਟਾਈਮ ਦਾ ਧਿਆਨ ਰੱਖਣਾ ਜੀ।

ਸਰਦਾਰ ਅਮਰਜੀਤ ਸਿੰਘ ਸਾਹੀ : ਸਪੀਕਰ ਸਾਹਿਬ, ਮੈਂ ਤਾਂ ਵੈਸੇ ਹੀ ਬੜਾ ਸ਼ਾਰਟ ਕੀਤਾ ਹੈ। ਮੈਂ ਤੁਹਾਡੇ ਧਿਆਨ ਵਿੱਚ 2-3 ਹੋਰ ਗੱਲਾਂ ਲਿਆ ਕੇ ਆਪਣੀ ਗੱਲ ਖਤਮ ਕਰਾਂਗਾ। ਕੁੱਝ ਸਮਾਂ ਪਹਿਲਾਂ ਮੈਂ ਮਾਨਯੋਗ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਜੀ ਦੁਆਰਾ ਕੁੱਝ ਪੱਤਰ ਲਿਖਵਾਏ ਅਤੇ ਖੁਦ ਵੀ ਸੈਂਟਰ ਦੀ ਸਰਕਾਰ ਨੂੰ ਲਿਖੇ ਕਿ ਸੈਂਟਰ ਦੀ ਸਰਕਾਰ ਨੂੰ ਪੰਜ ਸਾਲ ਹੋ ਗਏ ਹਨ ਪਰ ਰੇਲਵੇ ਨੇ ਪੰਜਾਬ ਦੇ ਲੋਕਾਂ ਪ੍ਰਤੀ

Original with;
Punjab Vidhan Sabha
Digitized by;
Panjab Digital Library

ਕੁਝ ਨਹੀਂ ਸੋਚਿਆ। ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ, ਸਪੀਕਰ ਸਾਹਿਬ, ਕਿ ਪੰਜ ਸਾਲਾਂ ਵਿੱਚ ਇੱਕ ਵੀ ਨਵੀਂ ਰੇਲਗੱਡੀ ਪੰਜਾਬ ਨੂੰ ਨਹੀਂ ਦਿੱਤੀ ਗਈ ਅਤੇ ਨਾ ਹੀ ਕੋਈ ਅਹਿਮ ਰੇਲਗੱਡੀਆਂ ਦੇ ਸਟੋਪੇਜ਼ ਦਿੱਤੇ ਗਏ ਹਨ, ਜਿਸ ਨਾਲ ਪੰਜਾਬ ਵਿੱਚ ਕੋਈ ਨਵੀਂ ਡਿਵੈਲਪਮੈਂਟ ਜਾਂ ਆਵਾਜਾਈ ਦੇ ਸਾਧਨ ਬਣਦੇ। ਇਹ ਸਾਬਤ ਕਰਦਾ ਹੈ ਕਿ ਸੈਂਟਰ ਹਮੇਸ਼ਾਂ ਹੀ ਪੰਜਾਬ ਦੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨਾਲ ਵਿਤਕਰਾ ਕਰਦਾ ਰਿਹਾ ਹੈ। ਮੈਂ ਇੱਕ ਗੱਲ ਇਹ ਵੀ ਸਾਬਤ ਕਰਨ ਨੂੰ ਤਿਆਰ ਹਾਂ ਕਿ ਭਾਵੇਂ ਪੰਜਾਬ ਦੇ ਵਿੱਚ ਕਾਂਗਰਸ ਦਾ ਵੀ ਰਾਜ ਰਿਹਾ। ਸੈਂਟਰ ਸਰਕਾਰ ਦੇ ਕੋਲੋਂ ਇਹ ਜਿਹੜੇ ਸਾਡੇ ਸਾਥੀ ਕਾਂਗਰਸ ਦੇ ਹਨ, ਉਦੋਂ ਵੀ ਕੁਝ ਨਹੀਂ ਲੈ ਸਕੇ। ਉਦੋਂ ਵੀ ਇਹ ਇੱਕ ਵੀ ਪ੍ਰੋਜੈਕਟ ਪੰਜਾਬ ਵਾਸਤੇ ਮਨਜ਼ੂਰ ਨਹੀਂ ਕਰਵਾ ਸਕੇ। ਇਹ ਸਿਰਫ ਤੇ ਸਿਰਫ ਲੋਕਾਂ ਨਾਲ ਜ਼ਿਆਦਤੀਆਂ ਕਰਦੇ ਰਹੇ। ਸਾਡੇ ਲੋਕਾਂ ਨਾਲ ਧੱਕਾ ਕਰਦੇ ਰਹੇ। ਸਪੀਕਰ ਸਾਹਿਬ, ਮੈਨੂੰ ਉਹ ਵੀ ਸਮਾਂ ਯਾਦ ਹੈ, ਜਦੋਂ ਇਨ੍ਹਾਂ ਨੇ ਤੁਹਾਨੂੰ ਵੀ ਨਹੀਂ ਬਖ਼ਸ਼ਿਆ, ਤੁਹਾਨੂੰ ਬਿਨਾ ਵਜ੍ਹਾ ਪਰੇਸ਼ਾਨ ਕੀਤਾ, ਤੁਹਾਡੇ ਤੇ ਇੱਕ ਪਰਚਾ ਦਰਜ ਕਰਕੇ, ਕੇਸ ਕਰਕੇ...............

**ਮਾਨਯੋਗ ਸਪੀਕਰ** : (ਹੱਸਦੇ ਹੋਏ) ਸਿਰਫ ਇੱਕੋ ਹੀ?............(ਹਾਸਾ)

**ਸਰਦਾਰ ਅਮਰਜੀਤ ਸਿੰਘ ਸਾਹੀ** : ਤੁਹਾਡੇ ਤੇ ਤਿੰਨ ਚਾਰ ਪਰਚੇ ਦਰਜ ਕਰ ਦਿੱਤੇ ਹੋਣੇ ਹਨ। ਸਪੀਕਰ ਸਾਹਿਬ, ਮੈਂ ਅੰਤ ਵਿੱਚ ਦੋ-ਤਿੰਨ ਅਹਿਮ ਗੱਲਾਂ ਜ਼ਰੂਰ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ ਜਿਹੜੀਆਂ ਕਿ ਸਾਡੀ ਸਰਕਾਰ ਦੀਆਂ ਉਪਲਬਧੀਆਂ ਹਨ। ਸਾਡੀ ਸਰਕਾਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ, ਜਿਸ ਦੀ ਰਹਿਨੁਮਾਈ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਕਰ ਰਹੇ ਹਨ। ਸਾਡੀ ਸਰਕਾਰ ਖੇਡਾਂ ਅਤੇ ਸਿਹਤ ਦੇ ਪ੍ਰਤੀ ਬਹੁਤ ਹੀ ਚਿੰਤਤ ਹੈ। ਇਨ੍ਹਾਂ ਨੇ ਤਕਰੀਬਨ ਸਟੇਟ ਦੇ ਸਾਰੇ ਜ਼ਿਲ੍ਹਿਆਂ ਦੇ ਵਿੱਚ ਇੰਟਰਨੈਸ਼ਨਲ ਸਟੇਡੀਅਮ ਬਣਾਉਣ ਦਾ ਵਾਅਦਾ ਕੀਤਾ ਅਤੇ ਉਨ੍ਹਾਂ ਨੂੰ ਸ਼ੁਰੂ ਵੀ ਕਰਵਾਇਆ। ਸਪੀਕਰ ਸਾਹਿਬ, ਮੈਂ ਅੰਤ ਵਿੱਚ ਜਿਹੜਾ ਮਤਾ ਮੇਰੇ ਸਤਿਕਾਰਯੋਗ ਸਰਦਾਰ ਵਿਰਸਾ ਸਿੰਘ ਵਲਟੋਹਾ ਜੀ ਨੇ ਗਵਰਨਰ ਸਾਹਿਬ ਦੇ ਭਾਸ਼ਣ ਤੇ ਲਿਆਂਦਾ, ਉਸ ਦੀ ਪੁਰਜ਼ੋਰ ਪ੍ਰੋੜ੍ਹਤਾ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਆਉਣ ਵਾਲੇ ਸਾਲਾਂ ਵਿੱਚ ਵੀ ਪੰਜਾਬ ਇਨ੍ਹਾਂ ਲੀਹਾਂ ਤੇ ਚਲਦਾ ਹੋਇਆ ਤਰੱਕੀ ਕਰੇ ਗਾ। ਪੰਜਾਬ ਬੁਲੰਦੀਆਂ ਨੂੰ ਛੂਹੇਗਾ ਅਤੇ ਇੱਕ ਵਾਰ ਫਿਰ ਪੰਜਾਬ ਹਿੰਦੁਸਤਾਨ ਦਾ ਨੰਬਰ ਇੱਕ ਸੂਬਾ ਬਣ ਕੇ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ, ਉੱਪ ਮੁੱਖ ਮੰਤਰੀ, ਪੰਜਾਬ ਦੀ ਰਹਿਨੁਮਾਈ ਥੱਲੇ ਤਰੱਕੀ ਕਰੇ ਗਾ। ਧੰਨਵਾਦ ਜੀ। ਜੈ ਹਿੰਦ।

**ਮਾਨਯੋਗ ਸਪੀਕਰ** : ਸਰਦਾਰ ਜਗਬੀਰ ਸਿੰਘ ਬਰਾੜ ਜੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਜਗਬੀਰ ਸਿੰਘ ਬਰਾੜ (ਜਲੰਧਰ ਛਾਉਣੀ)** : ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮਾਨਯੋਗ ਗਵਰਨਰ ਸਾਹਿਬ ਨੇ ਇਸ ਸਦਨ ਨੂੰ ਐਡਰੈਸ ਕੀਤਾ ਸੀ। ਉਸ ਵਿੱਚ ਪੰਜਾਬ ਦਾ ਹਰ ਪੱਖ ਟੱਚ ਕੀਤਾ ਗਿਆ ਸੀ। ਭਾਵੇਂ ਇਹ ਪੱਖ ਖੇਡਾਂ ਦਾ ਹੈ, ਸਿਹਤ ਦਾ ਹੈ, ਵਿਕਾਸ ਦਾ ਹੈ ਜਾਂ ਹੋਰ ਕੋਈ ਵੀ ਪੱਖ ਹੈ, ਹਰ ਪੱਖ ਵਿੱਚ ਪੰਜਾਬ ਲਈ ਵਿਕਾਸ ਦੇ ਕੰਮ ਹੋਏ ਹਨ। ਜਦੋਂ ਵੀ ਪੰਜਾਬ ਦਾ ਵਿਕਾਸ ਹੋਇਆ ਹੈ, ਉਦੋਂ ਹੀ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਰਹੇ ਹਨ। ਸਰਦਾਰ ਬਾਦਲ ਜੀ ਦੀ ਰਹਿਨੁਮਾਈ ਥੱਲੇ ਹਮੇਸ਼ਾ ਹੀ ਪੰਜਾਬ ਦਾ ਬਹੁਪੱਖੀ ਵਿਕਾਸ ਹੋਇਆ ਹੈ। ਪੰਜਾਬ ਖੇ ਤੀ ਪ੍ਰਧਾਨ ਸੂਬਾ ਹੈ। ਖੇਤੀ ਕਰਕੇ ਹੀ ਪੰਜਾਬ ਦਾ ਵਿਕਾਸ ਹੋਇਆ ਹੈ। ਖੇਤੀ ਕਰਕੇ ਹੀ ਸਮੁੱਚੇ ਭਾਰਤ ਵਰਸ਼ ਵਿੱਚੋਂ ਇਸ ਦਾ ਵਿਕਾਸ ਹੋਇਆ ਹੈ। ਪੰਜਾਬ ਦੇ ਕਿਸਾਨ ਕਰਕੇ ਹੀ ਹਰ ਬਸ਼ਿੰਦੇ ਨੂੰ ਖਾਣ ਲਈ ਅਨਾਜ ਮਿਲਿਆ ਔਰ ਸਾਰੇ ਭਾਰਤ ਨੂੰ ਅਨਾਜ ਮੁਹੱਈਆ ਕੀਤਾ ਗਿਆ । ਜੇ ਪੰਜਾਬ ਦਾ ਖਿੱਤਾ ਵੇਖੀਏ ਤਾਂ ਇਹ ਬਾਰਡਰ ਤੇ ਲਗਦਾ ਹੈ। ਪੰਜਾਬ ਕੋਲ ਬਹੁਤ ਘੱਟ ਖਿੱਤਾ ਹੈ। ਪੰਜਾਬ ਨੂੰ, ਪੰਜਾਬੀਆਂ ਨੂੰ ਅਤੇ ਪੰਜਾਬ ਦੇ ਕਿਸਾਨ ਨੂੰ ਇਸ ਗੱਲ ਦਾ ਮਾਣ ਹੈ ਕਿ ਭਾਵੇਂ ਇਹ 1.5% ਖਿੱਤਾ ਹੈ ਪਰ ਹਮੇਸ਼ਾ ਇਸ ਨੇ 40% ਤੋਂ 50% ਤੱਕ ਹਿੱਸਾ ਦੇਸ਼ ਦੇ ਅੰਨ ਭੰਡਾਰ ਵਿੱਚ ਪਾਇਆ ਹੈ। ਚਾਵਲ ਦੇ ਵਿੱਚ 50% ਤੋਂ 70% ਤੱਕ ਹਿੱਸਾ ਪਾਇਆ ਹੈ। ਇਹ ਬਹੁਤ ਵੱਡੀ ਉਪਲਬੱਧੀ ਹੈ। ਇਸ ਦਾ ਸਿਹਰਾ ਪੰਜਾਬ ਵਾਸੀਆਂ ਨੂੰ ਜਾਂਦਾ ਹੈ। ਇਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਹੀ ਦੇਣ ਹੈ। ਉਨ੍ਹਾਂ ਸਦਕਾ ਹੀ ਇਸ ਤਰ੍ਹਾਂ ਹੋਇਆ ਹੈ। ਸਰਦਾਰ ਬਾਦਲ ਜੀ ਨੇ ਪੰਜਾਬ ਦੇ ਕਿਸਾਨਾਂ ਲਈ ਤਕਰੀਬਨ 18 ਸਾਲ ਕੈਦ ਕੱਟੀ। ਜਿਸ ਕਰਕੇ ਸੈਂਟਰ ਦੀ ਸਰਕਾਰ ਦੇ ਹੱਥੋਂ ਕੁਝ ਨਾ ਕੁਝ ਮਿਲਦਾ ਰਿਹਾ ਅਤੇ ਇਸੇ ਕਰਕੇ ਹੀ ਅਸੀਂ ਬਚਦੇ ਰਹੇ। ਅੱਜ ਇਥੇ ਜੋ ਮਤਾ ਪੇਸ਼ ਕੀਤਾ ਗਿਆ ਕਿ ਪੰਜਾਬ ਦਾ ਕਿਸਾਨ ਖੁਦਕਸ਼ੀਆਂ ਕਰ ਰਿਹਾ ਹੈ, ਉਸ ਨੂੰ ਰਾਹਤ ਦਿੱਤੀ ਜਾਵੇ , ਇਹ ਬੜੀ ਅੱਛੀ ਗੱਲ ਹੈ। ਇੱਕ ਗੱਲ ਹੋਰ ਕਿ ਜਿਸ ਸੂਬੇ ਦੇ ਕਿਸਾਨ ਨੇ ਹਿੰਦੁਸਤਾਨ ਨੂੰ ਵੱਡੀ ਮਾਤਰਾ ਵਿੱਚ ਅਨਾਜ ਮੁਹੱਈਆ ਕਰਵਾਇਆ ਹੈ, ਅੱਜ ਸਾਨੂੰ ਉਸ ਦੇ ਲਈ ਇੱਥੇ ਮਤਾ ਪੇਸ਼ ਕਰਨਾ ਪਿਆ ਕਿ ਉਸਨੂੰ ਖੁਦਕਸ਼ੀ ਕਰਨ ਤੋਂ ਰੋਕਣ ਲਈ ਮਦਦ ਕੀਤੀ ਜਾਵੇ। ਪਰ ਗੱਲ ਇਹ ਹੈ ਕਿ ਖੁਦਕਸ਼ੀ ਕਰਨ ਦਾ ਮਨਸੂਬਾ ਕਿਉਂ ਖੜ੍ਹਾ ਹੋਇਆ ? ਇਹ ਖੁਦਕਸ਼ੀ ਕਰਨ ਦਾ ਕਾਰਨ ਕੀ ਸੀ ? ਸਪੀਕਰ ਸਾਹਿਬ, ਇਹ ਜਿਹੜੀਆਂ ਸੈਂਟਰ ਦੀਆਂ ਗਲਤ ਨੀਤੀਆਂ ਹਨ, ਉਸ ਕਰਕੇ ਹੋਇਆ। ਹੁਣ ਸਪੀਕਰ ਸਾਹਿਬ, ਅਸੀਂ ਪਾਣੀ ਦੀ ਗੱਲ ਕਰਦੇ ਹਾਂ। ਪਾਣੀ ਜਿਹੜਾ ਸਾਡਾ ਖੋਹਿਆ ਗਿਆ ਹੈ। ਸਪੀਕਰ ਸਾਹਿਬ, ਪੰਜਾਬ ਵਿੱਚ ਕਾਫੀ ਏਰੀਆ ਅਜਿਹਾ ਹੈ ਜਿੱਥੇ ਪਾਣੀ ਨਹੀਂ ਲਗਦਾ ਜਿਵੇਂ ਬਹੁਤ ਹਿੱਸਾ ਦੁਆਬੇ ਦਾ ਹੈ ਜਾਂ ਮਾਨਸਾ, ਸੰਗਰੂਰ ਅਤੇ ਬਠਿੰਡਾ ਜ਼ਿਲ੍ਹੇ ਵਿੱਚ ਪਾਣੀ ਨਹੀਂ ਲਗਦਾ। ਇਸ ਦਾ ਕਾਰਨ ਹੈ ਕਿ ਸਾਡਾ ਪਾਣੀ ਨਜਾਇਜ਼ ਤਰੀਕੇ ਨਾਲ ਸਾਥੋਂ ਖੋਹ ਲਿਆ ਗਿਆ ਹੈ। ਸਪੀਕਰ ਸਾਹਿਬ, ਸਰਕਾਰ ਭਾਵੇਂ ਉਹ ਹਿੰਦੁਸਤਾਨ ਦੀ ਹੋਵੇ ਜਾਂ ਸੂਬਿਆਂ ਦੀਆਂ ਸਰਕਾਰਾਂ ਹੋਣ, ਉਹ ਕਾਨੂੰਨ ਦੀ ਰਖਵਾਲੀ ਕਰਦੀਆਂ ਰਹੀਆਂ ਹਨ ਪਰ ਇਹ ਪਹਿਲੀ ਵਾਰੀ ਦੇਖਿਆ ਗਿਆ ਹੈ ਕਿ ਕਾਨੂੰਨ ਬਣਾਉਣ ਵਾਲੀ ਸਰਕਾਰ ਨੇ ਆਪ ਹੀ ਕਾਨੂੰਨ ਤੋੜ ਕੇ

Original with;
Punjab Vidhan Sabha
Digitized by;

ਹਿੰਦੁਸਤਾਨ ਦੀ ਸਰਕਾਰ ਨੇ ਸਾਡਾ ਪਾਣੀ ਖੋਹਿਆ ਹੈ। ਸਰਕਾਰ ਭਾਖੜਾ ਨੰਗਲ ਇਕਰਾਰਨਾਮੇ ਦੇ ਅਗੇਂਸਟ ਚੱਲੀ ਹੈ। ਸਾਡਾ ਗੁਆਂਢੀ ਰਾਜ ਹਰਿਆਣਾ ਨਵੀਆਂ ਨਹਿਰਾਂ ਬਣਾ ਰਿਹਾ ਹੈ, ਖੁਦਾਈ ਕਰ ਰਿਹਾ ਹੈ ਅਤੇ ਉਨ੍ਹਾਂ ਦੀ ਮਨਸ਼ਾ ਹੈ ਕਿ ਸਾਡਾ ਹੋਰ ਪਾਣੀ ਖੋਹਿਆ ਜਾਵੇ ਅਤੇ ਉਸ ਨੂੰ ਸੈਂਟਰ ਸਰਕਾਰ ਦੀ ਸ਼ਹਿ ਹੈ। ਇਹ ਨਿੰਦਣਯੋਗ ਹੈ ਔਰ ਅਸੀਂ ਚਾਹੁੰਦੇ ਹਾਂ ਕਿ ਜਿਹੜਾ ਸਾਡਾ ਪਾਣੀ ਖੋਹਿਆ ਜਾ ਰਿਹਾ ਹੈ ਇਹ ਸਾਨੂੰ ਵਾਪਿਸ ਕੀਤਾ ਜਾਵੇ। ਸਪੀਕਰ ਸਾਹਿਬ, ਜਿਹੜਾ ਸੂਬਾ ਸਭ ਤੋਂ ਵੱਧ ਦੇਸ਼ ਦੇ ਅਨਾਜ ਭੰਡਾਰ ਵਿੱਚ ਕੰਟਰੀਬਿਊਟ ਕਰਦਾ ਹੈ, ਉਸ ਸੂਬੇ ਨੂੰ ਭਾਵ ਪੰਜਾਬ ਨੂੰ ਚਾਵਲ ਲਈ ਜੋ ਫੂਡ ਸਕਿਉਰਟੀ ਮਿਸ਼ਨ ਬਣਾਇਆ ਗਿਆ ਹੈ ਉਸ ਤੋਂ ਬਾਹਰ ਰੱਖਿਆ ਗਿਆ ਹੈ। ਇਹ ਵੀ ਸੈਂਟਰ ਦੀ ਸਾਜਿਸ਼ ਹੈ ਅਤੇ ਗਲਤ ਹੈ।

ਸਪੀਕਰ ਸਾਹਿਬ, ਹੁਣ ਮੈਂ ਆਬਕਾਰੀ ਅਤੇ ਕਰ ਵਿਭਾਗ ਬਾਰੇ ਗੱਲ ਕਰਦਾ ਹਾਂ। ਸਪੀਕਰ ਸਾਹਿਬ, ਜਿਹੜਾ ਪੰਜਾਬ ਵਿੱਚ ਪਹਿਲਾਂ ਵਿੱਤੀ ਘਾਟਾ ਚਲ ਰਿਹਾ ਸੀ ਅਤੇ ਵੈਟ ਦੀ ਕੁਲੈਕਸ਼ਨ 2006-07 ਵਿੱਚ 5136.9 ਕਰੋੜ ਸੀ ਅਤੇ ਸਰਕਾਰ ਸੰਭਾਲਣ ਤੋਂ ਬਾਅਦ 2007-08 ਵਿੱਚ ਇਹ 5872.29 ਕਰੋੜ ਤੇ ਪਹੁੰਚ ਗਿਆ। ਇਹ ਪੰਜਾਬ ਸਰਕਾਰ ਦੀ ਬਹੁਤ ਹੀ ਵੱਡੀ ਉਪਲਬਧੀ ਹੈ ਅਤੇ ਇਸ ਉਪਲਬਧੀ ਕਰਕੇ ਹੀ ਪੰਜਾਬ ਤਰੱਕੀ ਦੀ ਰਾਹ ਤੇ ਤੁਰੇਗਾ ਕਿਉਂਕਿ ਮਾਲੀ ਹਾਲਤ ਹੁਣ ਸੁਧਰ ਰਹੀ ਹੈ। ਸਪੀਕਰ ਸਾਹਿਬ, ਇਹ ਪਹਿਲੀ ਵਾਰ ਪੰਜਾਬ ਵਿੱਚ ਹੋਇਆ ਹੈ ਕਿ ਪੰਜਾਬ ਵਿੱਚ ਐਨੀ ਵੱਡੀ ਤਦਾਦ ਵਿੱਚ ਆਰ.ਡੀ.ਐਫ. ਪਿੰਡਾਂ ਦੇ ਵਿਕਾਸ ਤੇ ਲਗਾਇਆ ਗਿਆ ਹੋਵੇ ਔਰ ਅਸੀਂ ਪੰਜਾਬ ਸਰਕਾਰ ਦੇ ਧੰਨਵਾਦੀ ਹਾਂ ਕਿ 500 ਕਰੋੜ ਰੁਪਿਆ ਸ਼ਹਿਰਾਂ ਦੇ ਵਿੱਚ ਲਗਾਇਆ ਗਿਆ। ਖਾਸ ਕਰਕੇ ਮੈਂ ਸੀ.ਐਮ. ਸਾਹਿਬ ਦਾ ਵੀ ਬੜਾ ਧੰਨਵਾਦੀ ਹਾਂ ਕਿ ਅੱਗੇ ਤਾਂ ਆਰ.ਡੀ.ਐਫ. ਫੰਡ ਵਿੱਚੋਂ ਪਿੰਡਾਂ ਦਾ ਵਿਕਾਸ ਕਰ ਦਿੱਤਾ ਜਾਂਦਾ ਸੀ ਅਤੇ ਅਰਬਨ ਫੰਡ ਵਿੱਚੋਂ ਸ਼ਹਿਰਾਂ ਦਾ ਵਿਕਾਸ ਕਰ ਦਿੱਤਾ ਜਾਂਦਾ ਸੀ ਪਰ ਇਹ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਦੇ ਦੋਨੋਂ ਕੈਂਟੋਨਮੈਂਟ ਬੋਰਡਾਂ ਵਾਸਤੇ ਭਾਵ ਜਲੰਧਰ ਕੈਂਟੋਨਮੈਂਟ ਬੋਰਡ ਜੋ ਕਿ ਮੇਰੇ ਹਲਕੇ ਵਿੱਚ ਪੈਂਦਾ ਹੈ ਅਤੇ ਫਿਰੋਜ਼ਪੁਰ ਕੈਂਟੋਨਮੈਂਟ ਬੋਰਡ ਜੋ ਸਰਦਾਰ ਜਨਮੇਜਾ ਸਿੰਘ ਸੇਖੋਂ ਜੀ ਦੇ ਹਲਕੇ ਵਿੱਚ ਪੈਂਦਾ ਹੈ ਕਿ ਉਨ੍ਹਾਂ ਵਾਸਤੇ ਪੈਸਾ ਦਿੱਤਾ ਗਿਆ ਹੈ। ਇਨ੍ਹਾਂ ਦੋਹੇਂ ਕੈਂਟੋਨਮੈਂਟ ਬੋਰਡਾਂ ਨੂੰ ਪਿਛਲੇ ਕਾਫੀ ਸਮੇਂ ਤੋਂ ਇੱਕ ਮੋਰੀਵਾਲਾ ਪੈਸਾ ਵੀ ਸੈਂਕਸ਼ਨ ਨਹੀਂ ਕੀਤਾ ਗਿਆ ਸੀ ਅਤੇ ਇਹ ਪਹਿਲੀ ਵਾਰ ਹੋਇਆ ਹੈ ਕਿ ਬਾਦਲ ਸਾਹਿਬ ਨੇ ਦੋਨਾਂ ਕੈਂਟੋਨਮੈਂਟ ਬੋਰਡਾਂ ਨੂੰ 2-2 ਕਰੋੜ ਰੁਪਿਆ ਵਿਕਾਸ ਕਾਰਜਾਂ ਲਈ ਦਿੱਤਾ ਹੈ। ਇਹ ਆਪਣੇ ਆਪ ਵਿੱਚ ਇਤਿਹਾਸ ਹੈ ਅਤੇ ਇੱਕ ਬਹੁਤ ਵੱਡੀ ਗੱਲ ਹੈ। ਇਹ ਵੀ ਬਹੁਤ ਵੱਡੀ ਗੱਲ ਹੈ ਕਿ ਕੈਂਟੋਨਮੈਂਟ ਬੋਰਡਜ਼ ਨੂੰ ਮਿਊਂਸਪਲ ਕਾਰਪੋਰੇਸ਼ਨ ਅਤੇ ਮਿਊਂਸਪਲ ਕਮੇਟੀ ਦੇ ਬਰਾਬਰ ਲਿਆਂਦਾ ਗਿਆ ਹੈ। ਪਹਿਲਾਂ ਤਾਂ ਇਹ ਹਾਲ ਸੀ ਕਿ ਜੇਕਰ ਉੱਥੇ ਸਾਨੂੰ ਇੱਕ ਇੱਟ ਵੀ ਲਾਉਣੀ ਪੈਂਦੀ ਸੀ ਤਾਂ ਵੀ ਬਹੁਤ ਮੁਸ਼ਕਿਲ ਆਉਂਦੀ ਸੀ। ਸਪੀਕਰ ਸਾਹਿਬ, ਮੈਂ ਪਿਛਲੇ ਸੈਸ਼ਨ ਵਿੱਚ ਵੀ ਇਹ ਗੱਲ ਕਹੀ ਸੀ ਕਿ ਕੈਂਟ ਹਲਕੇ ਵਿੱਚ ਇਕ ਭੂਰ ਮੰਡੀ ਪੈਂਦੀ ਹੈ, ਔਰ ਜੇਕਰ ਕਿਸੇ ਨੇ ਧਰਤੀ ਤੇ ਸਾਖਸ਼ਾਤ ਨਰਕ ਦੇ ਦਰਸ਼ਨ ਕਰਨੇ ਹਨ ਤਾਂ ਉਹ ਭੂਰ ਮੰਡੀ ਵਿੱਚ ਜਾ ਸਕਦਾ ਹੈ। ਹੁਣ ਉਸ 2 ਕਰੋੜ ਰੁਪਏ ਨਾਲ ਉੱਥੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਬੀਰ ਸਿੰਘ ਬਰਾੜ]

ਕੰਮ ਸ਼ੁਰੂ ਹੋਣ ਜਾ ਰਿਹਾ ਹੈ, ਇਹ ਪੰਜਾਬ ਸਰਕਾਰ ਵੱਲੋਂ ਕੈਂਟੋਨਮੈਂਟ ਬੋਰਡ ਨੂੰ ਬਹੁਤ ਵੱਡੀ ਰਾਹਤ ਹੈ।

ਸਪੀਕਰ ਸਾਹਿਬ, ਹੁਣ ਜੇਕਰ ਇੰਡਸਟਰੀ ਦੀ ਗੱਲ ਕਰੀਏ । ਜਦੋਂ ਦਾ ਅਸੀਂ ਦੇਖਿਆ ਹੈ ਅਤੇ ਕਿਤਾਬਾਂ ਪੜ੍ਹਨ ਲੱਗੇ ਹਾਂ, ਅਸੀਂ ਦੇਖਿਆ ਹੈ ਕਿ ਸਰਕਾਰ ਇੰਡਸਟਰੀ ਲਗਵਾਉਂਦੀ ਵੇਖੀ ਗਈ ਹੈ, ਸਰਕਾਰ ਸੂਬੇ ਵਿੱਚ ਇੰਡਸਟਰੀ ਲਵਾਉਣ ਲਈ ਜਦੋ-ਜਹਿਦ ਕਰਦੀ ਹੈ। ਫਰਜ਼ ਕਰੋ, ਜੇਕਰ ਕੋਈ ਰਿਫਾਈਨਰੀ ਲਗਣੀ ਹੈ ਤਾਂ ਭਾਰਤ ਦੇ ਸਾਰੇ ਸੂਬੇ ਭਾਵੇਂ ਉਹ ਪੰਜਾਬ ਹੈ, ਹਰਿਆਣਾ ਹੈ ਜਾਂ ਗੁਜਰਾਤ ਹੈ ਉਹ ਸੈਂਟਰ ਵਿੱਚ ਜਾ ਕੇ ਰਿਕੁਐਸਟ ਕਰਦੇ ਹਨ ਕਿ ਸਾਡੇ ਸੂਬੇ ਨੂੰ ਇੰਡਸਟਰੀ ਦਿੱਤੀ ਜਾਵੇ ਅਤੇ ਇਸੇ ਗੱਲ ਤੇ ਸ਼ਾਬਾਸ਼ ਹੈ ਬਾਦਲ ਸਾਹਿਬ ਨੂੰ ਕਿ ਇਹ 1997 ਵਿੱਚ ਪੰਜਾਬ ਵਾਸਤੇ ਰਿਫਾਈਨਰੀ ਲੈਕੇ ਆਏ ਹਨ। ਪਰ ਉਸ ਤੋਂ ਬਾਅਦ ਜਦੋਂ 2002 ਵਿੱਚ ਕੈਪਟਨ ਸਰਕਾਰ ਆਈ ਔਰ ਕੋਈ ਮੁੱਖ ਮੰਤਰੀ ਜਾਂ ਕੋਈ ਸਰਕਾਰ ਪਹਿਲੀ ਵਾਰੀ ਇੰਡਸਟਰੀ ਢਾਹੁੰਦੀ ਜਾਂ ਹਟਾਉਂਦੀ ਦੇਖੀ ਗਈ। ਹੁਣ ਜਦੋਂ ਇਹ ਰਿਫਾਈਨਰੀ ਬੰਦ ਕੀਤੀ ਗਈ ਤਾਂ ਉਸ ਦੇ ਨਾਲ ਪੰਜਾਬ ਪੰਜ ਤੋਂ ਸੱਤ ਸਾਲ ਲਈ ਪਿੱਛੇ ਪੈ ਗਿਆ। ਜੇਕਰ ਇਹ ਆਪਣੇ ਸਮੇਂ ਤੇ ਲੱਗੀ ਹੁੰਦੀ, ਚਲਦੀ ਹੁੰਦੀ ਤਾਂ ਇਸ ਨਾਲ ਪੰਜਾਬ ਨੂੰ ਬਹੁਤ ਫਾਇਦਾ ਹੋਣਾ ਸੀ। ਲੇਕਿਨ ਇਸ ਨੂੰ ਬੰਦ ਪਏ ਨੂੰ ਅੱਜ ਸੱਤ ਸਾਲ ਹੋ ਗਏ ਸਨ। ਜੇ ਉਦੋਂ ਹੀ ਇਹ ਚੱਲ ਪੈਂਦੀ ਤਾਂ ਪੰਜਾਬ ਵਿੱਚੋਂ ਇਸ ਨਾਲ ਬੇਰੁਜ਼ਗਾਰੀ ਘੱਟ ਹੋਣੀ ਸੀ ਔਰ ਪੰਜਾਬ ਦੀ ਆਮਦਨ ਵਿੱਚ ਵੀ ਵਾਧਾ ਹੋਣਾ ਸੀ ਔਰ ਹਰ ਸੂਬੇ ਦੀ ਤਰੱਕੀ ਇੰਡਸਟਰੀ ਤੇ ਡਿਪੈਂਡ ਕਰਦੀ ਹੈ। ਪੰਜਾਬ ਦੀ ਵੀ ਇਸ ਨਾਲ ਤਰੱਕੀ ਹੋਣੀ ਸੀ। ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੁੰਦੀ ਹੈ ਕਿ ਇਹ ਰਿਫਾਈਨਰੀ ਹੁਣ ਭਾਵੇਂ ਸੱਤ ਸਾਲਾਂ ਬਾਅਦ ਸ਼ੁਰੂ ਹੋਈ ਹੈ ਇਸ ਲਈ ਸਾਡੀ ਸਰਕਾਰ ਵਧਾਈ ਦੀ ਪਾਤਰ ਹੈ। ਇੰਡਸਟਰੀ ਲਈ ਸਰਕਾਰ ਨੂੰ ਸਹਿਯੋਗ ਦੇਣਾ ਪੈਂਦਾ ਹੈ। ਕਈ ਵਾਰ ਕਈ ਯੂਨਿਟ ਘਾਟੇ ਵਿੱਚ ਵੀ ਚਲੇ ਜਾਂਦੇ ਹਨ। ਸਾਨੂੰ ਖੁਸ਼ੀ ਹੈ ਕਿ ਪੰਜਾਬ ਦੀ ਸਰਕਾਰ ਨੇ 250 ਕਰੋੜ ਰੁਪਏ ਦੀ ਸਬਸਿਡੀ ਇੰਡਸਟਰੀ ਨੂੰ ਵੰਡੀ ਹੈ ਤਾਂ ਕਿ ਉਨ੍ਹਾਂ ਦਾ ਭਾਰ ਹੌਲਾ ਹੋ ਸਕੇ ਅਤੇ ਉਨ੍ਹਾਂ ਤੇ ਜਿਹੜਾ ਵਿਆਜ ਪੈਂਦਾ ਹੈ ਉਹ ਘੱਟ ਸਕੇ। 31 ਮਾਰਚ, 2009 ਤੱਕ ਸਰਕਾਰ ਦਾ ਟੀਚਾ ਹੈ ਕਿ 100 ਕਰੋੜ ਰੁਪਏ ਦੀ ਰਾਸ਼ੀ ਇਹ ਇੰਡਸਟਰੀ ਲਈ ਹੋਰ ਵੰਡੀ ਜਾਵੇ ਗੀ ਜਿਸ ਨਾਲ ਪੰਜਾਬ ਦੀ ਇੰਡਸਟਰੀ ਹੋਰ ਪਰਫੁਲਤ ਹੋਵੇਗੀ ਅਤੇ ਹਰ ਵਰਗ ਦੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ ਔਰ ਸਨਅਤਕਾਰ ਦਾ ਪੰਜਾਬ ਵਿੱਚ ਹੋਰ ਵੀ ਜ਼ਿਆਦਾ ਵਿਸ਼ਵਾਸ ਬਣੇਗਾ, ਹੋਰ ਜ਼ਿਆਦਾ ਇੰਡਸਟਰੀ ਪੰਜਾਬ ਵਿੱਚ ਲੱਗੇਗੀ ਅਤੇ ਇੰਡਸਟਰੀ ਲਿਸਟਾਂ ਨੂੰ ਉਤਸ਼ਾਹ ਮਿਲੇਗਾ।

ਸਪੀਕਰ ਸਾਹਿਬ, ਸਾਡਾ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਇਹ ਕਿਸ ਨੇ ਬਣਾਇਆ, ਇਹ ਸਿੰਜਾਈ ਨੇ ਬਣਾਇਆ। ਜੋ ਸਾਡੇ ਸੂਬੇ ਦੇ ਪਾਣੀ ਦੇ ਕੁਦਰਤੀ ਸ੍ਰੋਤ ਹਨ ਉਨ੍ਹਾਂ ਨੇ ਇਸ ਨੂੰ ਖੇਤੀ ਪ੍ਰਧਾਨ ਸੂਬਾ ਬਣਾਇਆ ਹੈ। ਇਹ ਠੀਕ ਹੈ ਕਿ ਬਾਅਦ ਵਿੱਚ ਉਹ ਤ੍ਰੋੜ

Original with;
Punjab Vidhan Sabha
Digitized by;
Panjab Digital Library

ਮੋੜ ਦਿੱਤੇ ਗਏ। ਸਾਡੀ ਪਾਰਟੀ ਨੇ ਕੈਨਾਲ ਸਿਸਟਮ ਨੂੰ ਹਮੇਸ਼ਾ ਬੈਟਰ ਕੀਤਾ ਜਿਸ ਨਾਲ ਪੰਜਾਬ ਦੀ ਬਹੁਤ ਤਰੱਕੀ ਹੋਈ । ਪਰ ਦੁੱਖ ਦੀ ਗੱਲ ਹੈ ਕਿ ਸਮੇਂ ਦੀਆਂ ਸਰਕਾਰਾਂ ਨੇ ਬਿਨਾਂ ਬਾਦਲ ਸਾਹਿਬ ਦੀ ਸਰਕਾਰ ਤੋਂ, ਕਿਸੇ ਨੇ ਸਿੰਜਾਈ ਡਿਪਾਰਟਮੈਂਟ ਨੂੰ ਜਾਂ ਜੋ ਸਾਡਾ ਸਿੰਜਾਈ ਦਾ ਢਾਂਚਾ ਹੈ ਉਸ ਨੂੰ ਬਿਲਕੁਲ ਨਹੀਂ ਸੰਭਾਲਿਆ ਜਿਸ ਕਾਰਨ ਪੰਜਾਬ ਨੂੰ ਬੇਹੱਦ ਨੁਕਸਾਨ ਹੋਇਆ । ਹੁਣ ਪੰਜਾਬ ਸਰਕਾਰ ਨੇ ਨਹਿਰਾਂ ਨੂੰ ਨਵੀਨੀਕਰਨ ਕਰਨ ਲਈ, ਰੈਨੋਵੇਟ ਕਰਨ ਲਈ 3605 ਕਰੋੜ ਰੁਪਏ ਦਾ ਬਜਟ ਰੱਖਿਆ ਹੈ, ਜਦੋਂ ਤੋਂ ਸਾਡਾ ਦੇਸ਼ ਆਜ਼ਾਦ ਹੋਇਆ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਇਹ ਪਹਿਲੀ ਵਾਰੀ ਹੋਇਆ ਹੈ ਕਿ ਇੰਨਾ ਬਜਟ ਇਸ ਮੰਤਵ ਲਈ ਰੱਖਿਆ ਗਿਆ ਹੈ। ਨਹੀਂ ਤਾਂ ਕਿਸੇ ਨੇ ਪਹਿਲਾਂ ਕਦੇ ਵੀ ਇਸ ਪਾਸੇ ਕੋਈ ਧਿਆਨ ਨਹੀਂ ਰੱਖਿਆ। ਇਹ ਗੱਲ ਸਾਫ ਹੈ ਕਿ ਜੇਕਰ ਇਹ ਪੈਸਾ ਲੱਗ ਜਾਵੇਗਾ ਤਾਂ ਹਰ ਵਰਗ ਨੂੰ ਜਿਥੋਂ ਇਹ ਨਹਿਰ ਜਾਂ ਕੱਸੀਆਂ ਟੱਪ ਰਹੀਆਂ ਹਨ, ਉਨ੍ਹਾਂ ਨੂੰ ਖੁਲ੍ਹਾ ਪਾਣੀ ਮਿਲੇਗਾ, ਮੈਂ ਇਕ ਗੱਲ ਹੋਰ ਦੱਸ ਦਿੰਦਾ ਹਾਂ ਕਿ ਜਲੰਧਰ ਵਿੱਚ ਚਾਰ-ਚਾਰ ਮੰਤਰੀ ਕਾਂਗਰਸ ਪਾਰਟੀ ਦੇ ਰਹੇ ਅਤੇ 10 ਵਿਚੋਂ 9-9 ਐਮ.ਐਲ.ਏ. ਕਾਂਗਰਸ ਪਾਰਟੀ ਦੇ ਜਲੰਧਰ ਵਿੱਚੋਂ ਆਉਂਦੇ ਰਹੇ। ਪਿਛਲੀ ਸਰਕਾਰ ਵਿੱਚ ਜਲੰਧਰ ਜਿਲ੍ਹੇ ਦੇ 9 ਐਮ.ਐਲ.ਏ. ਕਾਂਗਰਸ ਪਾਰਟੀ ਦੇ ਸਨ ਪਰ ਜੋ ਡਿਸਟਰੀਬਿਊਟਰੀਜ਼ ਹਨ, ਕੈਨਾਲ ਹਨ ਇਹ 30 ਸਾਲਾਂ ਤੋਂ ਬੰਦ ਪਈਆਂ ਹਨ। ਮੈਂ ਸੇਖੋਂ ਸਾਹਿਬ ਅਤੇ ਬਾਦਲ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਜੰਡੂਸਿੰਘਾ ਬ੍ਰਾਂਚ ਸਾਡੇ ਇਲਾਕੇ ਵਿੱਚ ਹੈ, ਮੇਰੇ ਹਲਕੇ ਵਿੱਚ ਪੈਂਦੀ ਹੈ। 30 ਸਾਲਾਂ ਤੋਂ ਬਾਅਦ ਇਸ ਮਹੀਨੇ 15 ਤਰੀਕ ਨੂੰ ਪਾਣੀ ਉਥੋਂ ਲੰਘੇਗਾ। 30 ਸਾਲਾਂ ਤੋਂ ਇਹ ਬੰਦ ਪਈ ਸੀ। ਕਿਸੇ ਵੇਲੇ ਦੁਆਬੇ ਬਾਰੇ ਕਿਹਾ ਜਾਂਦਾ ਸੀ ਕਿ ਇਥੋਂ ਦਾ ਪਾਣੀ ਮਿੱਠਾ ਹੈ ਹੁਣ ਇੱਥੇ ਦੇ ਟਿਊਬਵੈਲ ਵੀ ਪਾਣੀ ਛੱਡ ਗਏ ਹਨ। ਕਿਸੇ ਐਮ.ਐਲ.ਏ. ਨੇ, ਕਿਸੇ ਮੰਤਰੀ ਜੀ ਨੇ, ਜੋ ਇਥੋਂ ਚੁਣ ਕੇ ਆਉਂਦੇ ਰਹੇ ਹਨ ਕਿਸੇ ਨੇ ਇਹ ਕੋਸ਼ਿਸ਼ ਨਹੀਂ ਕੀਤੀ ਕਿ ਇਹ ਜਿਹੜੀਆਂ ਨਹਿਰਾਂ ਬੰਦ ਪਈਆਂ ਹਨ, ਇਹ ਚਲਾਈਆਂ ਜਾਣ। ਹੁਣ ਇਕ ਸਾਲ ਦੇ ਵਿੱਚ ਤਿੰਨ ਕੱਸੀਆਂ ਜਿਹੜੀਆਂ ਡਿਸਟ੍ਰੀਬਿਊਟਰੀਜ਼ ਹਨ, ਜਿਹੜੀਆਂ ਬੰਦ ਰਹੀਆਂ ਹਨ ਔਰ ਜਿਸ ਕਾਰਨ ਇਲਾਕੇ ਦਾ ਪਾਣੀ ਵੀ ਥੱਲੇ ਚਲਿਆ ਗਿਆ ਸੀ, ਹੁਣ ਕਿਸਾਨਾਂ ਨੂੰ ਪਾਣੀ ਮਿਲੇਗਾ। ਜਿਹੜੇ ਇੱਥੋਂ ਐਮ.ਐਲ.ਏ. ਚੁਣ ਕੇ ਜਾਂਦੇ ਰਹੇ ਉਹ ਆਪਣੀ ਕਾਂਸਟੀਚੂਐਂਸੀ ਨਾਲ ਹੀ ਧੱਕਾ ਕਰਦੇ ਰਹੇ। ਜੋ ਧੱਕਾ ਸਾਬਕਾ ਐਮ.ਐਲ.ਏ. ਅਤੇ ਸਾਬਕਾ ਮੰਤਰੀਆਂ ਨੇ ਆਪਣੇ ਦੁਆਬੇ ਨਾਲ ਕੀਤਾ ਹੈ, ਜਲੰਧਰ ਕੈਂਟ ਹਲਕੇ ਨਾਲ ਕੀਤਾ ਹੈ ਮੈਂ ਕਹਿੰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ, ਆਉਣ ਵਾਲੇ ਬੱਚੇ ਕਦੇ ਵੀ ਇਨ੍ਹਾਂ ਨੂੰ ਮੁਆਫ ਨਹੀਂ ਕਰਨਗੇ। ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿੱਚ ਸਥਾਨਕ ਸਰਕਾਰ ਵਿਭਾਗ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ ਕਿ ਸਰਕਾਰ ਨੇ ਇਸ ਪਾਸੇ ਵੀ ਬਹੁਤ ਪੈਸੇ ਦਿੱਤੇ ਹਨ। ਸ਼ਹਿਰਾਂ ਅਤੇ ਪਿੰਡਾਂ ਦੇ ਵਿਕਾਸ ਲਈ ਇਹ ਪੈਸੇ ਦਿੱਤੇ ਗਏ ਹਨ। ਜਲੰਧਰ ਸ਼ਹਿਰ ਵਿੱਚ ਇਕ ਬੜੀ ਇਤਿਹਾਸਿਕ ਗੱਲ ਹੋਈ ਹੈ ਜੋ ਇਸ ਸਰਕਾਰ ਨੇ ਕੀਤੀ ਹੈ ਕਿ ਸਿਟੀ ਬੱਸ ਸਰਵਿਸ ਸ਼ੁਰੂ ਕੀਤੀ ਗਈ ਹੈ। ਬੜੇ ਲੰਮੇ ਸਮੇਂ ਤੋਂ ਪਹਿਲਾਂ ਕਦੇ ਉਥੇ ਲੋਕਲ ਬੱਸ ਸਰਵਿਸ ਚਲਦੀ ਹੁੰਦੀ ਸੀ ਲੇਕਿਨ ਕਾਫੀ ਸਮੇਂ ਤੱਕ ਉਹ ਵੀ ਬੰਦ ਰਹੀ। 15-20 ਜਾਂ 22 ਸਾਲ ਬੰਦ ਪਈ ਰਹੀ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਬੀਰ ਸਿੰਘ ਬਰਾੜ]

ਭਾਵੇਂ ਕਿ ਸਾਡੀ ਸਰਕਾਰ ਵੀ ਆਉਂਦੀ ਰਹੀ ਹੈ ਪਰ ਇਹ ਲੋਕਲ ਐਮ.ਐਲ.ਏਜ਼ ਦਾ ਜ਼ਿਆਦਾ ਫਰਜ਼ ਬਣਦਾ ਹੈ। ਸਿਟੀ ਬੱਸ ਸਰਵਿਸ ਚਲਾਏ ਜਾਣ ਨਾਲ ਆਮ ਆਦਮੀ ਨੂੰ ਬਹੁਤ ਵੱਡੀ ਰਾਹਤ ਮਿਲੀ ਹੈ। ਇਹ ਵੀ ਸਰਕਾਰ ਦੀ ਬਹੁਤ ਵੱਡੀ ਪ੍ਰਾਪਤੀ ਹੈ।

ਸਭ ਤੋਂ ਵੱਡਾ ਫਾਇਦਾ ਮਾਲ ਮਹਿਕਮੇ ਨਾਲ ਸਬੰਧਤ ਹੈ ਜਿਸ ਦਾ ਕਿ ਕੰਪਿਊਟਰਾਈਜੇਸ਼ਨ ਕੀਤਾ ਗਿਆ ਹੈ। ਜਮ੍ਹਾਂਬੰਦੀ ਅਤੇ ਫਰਦਾਂ ਹੁਣ ਕੰਪਿਊਟਰ ਤੇ ਮਿਲਿਆ ਕਰਨਗੀਆਂ। ਇਸ ਦਾ ਜਿੱਥੇ ਸਾਨੂੰ ਫਾਇਦਾ ਹੋਵੇਗਾ ਉਥੇ ਇਸ ਦਾ ਖਾਸ ਕਰਕੇ ਐਨ.ਆਰ.ਆਈਜ਼ ਨੂੰ ਵੀ ਫਾਇਦਾ ਹੋਵੇਗਾ। ਉਹ ਬਾਹਰ ਬੈਠੇ ਭਰਾ ਵੇਖ ਸਕਣਗੇ ਕਿ ਕਿਧਰੇ ਉਨ੍ਹਾਂ ਦੀਆਂ ਜ਼ਮੀਨਾਂ ਦੇ ਰਿਕਾਰਡ ਵਿੱਚ ਕੋਈ ਟੈਂਪਰਿੰਗ ਤਾ ਨਹੀਂ ਹੋਈ। ਇਸ ਤੋਂ ਵੀ ਵੱਧ ਹੋਰ ਵੱਡੀ ਉਪਲਬਧੀ ਇਹ ਹੈ ਕਿ ਐਨ.ਆਰ.ਆਈ. ਪੁਲਿਸ ਸਟੇਸ਼ਨ ਖੋਲ੍ਹੇ ਗਏ ਹਨ। ਐਨ.ਆਰ.ਆਈ. ਭਰਾਵਾਂ ਨੂੰ ਆਪਣੀਆਂ ਕੰਪਲੇਟਾਂ ਡੀਲ ਕਰਾਉਣ ਵਾਸਤੇ ਇਨ੍ਹਾਂ ਐਨ.ਆਰ.ਆਈ. ਪੁਲਿਸ ਸਟੇਸ਼ਨਾਂ ਤੋਂ ਬਹੁਤ ਵੱਡੀ ਰਾਹਤ ਮਿਲੇਗੀ। ਉਹ ਆਪਣੇ ਆਪ ਤੇ ਬੜਾ ਮਾਣ ਮਹਿਸੂਸ ਕਰਦੇ ਹਨ ਕਿ ਜਦੋਂ ਵੀ ਉਨ੍ਹਾਂ ਦੀ ਕੋਈ ਕੰਪਲੇਂਟ ਹੋਵੇਗੀ ਤਾਂ ਉਸ ਤੇ ਤੁਰੰਤ ਕਾਰਵਾਈ ਹੋਵੇਗੀ।

ਸਪੀਕਰ ਸਾਹਿਬ, ਇੰਡਸਟਰੀ ਦੀ ਗੱਲ ਕਰੀਏ। ਇੰਡਸਟਰੀ ਵਾਸਤੇ ਸਭ ਤੋਂ ਜ਼ਰੂਰੀ ਚੀਜ ਬਿਜਲੀ ਜਾਂ ਊਰਜਾ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਜਦੋਂ ਵੀ ਬਾਦਲ ਜੀ ਨੇ ਸਰਕਾਰ ਸੰਭਾਲੀ ਹੈ, ਕਿਸੇ ਨਾ ਕਿਸੇ ਵੱਡੇ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਜਦੋਂ 1977 ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਮੁੱਖ ਮੰਤਰੀ ਬਣੇ ਸਨ ਤਾਂ ਥੀਨ ਡੈਮ ( ਰਣਜੀਤ ਸਾਗਰ ਡੈਮ) ਦਾ ਨੀਂਹ ਪੱਥਰ ਰੱਖਿਆ ਸੀ। 20 ਸਾਲ ਬਾਅਦ ਜਦੋਂ 1997 ਵਿਚ ਉਹ ਦੁਬਾਰਾ ਮੁੱਖ ਮੰਤਰੀ ਬਣੇ ਤਾਂ ਉਸ ਨੂੰ ਚਾਲੂ ਕੀਤਾ ਗਿਆ। ਲਹਿਰਾ ਮੁਹੱਬਤ ਥਰਮਲ ਪਲਾਂਟ ਚਾਲੂ ਕੀਤਾ ਗਿਆ ਹੈ। ਪਰ ਬੜੇ ਦੁੱਖ ਦੀ ਗੱਲ ਹੈ ਕਿ ਇਨ੍ਹਾਂ ਨੇ 2002 ਤੋਂ 2007 ਤੱਕ ਬਿਜਲੀ ਦਾ ਇਕ ਵੀ ਯੂਨਿਟ ਪੈਦਾ ਨਹੀਂ ਕੀਤਾ। ਸਪੀਕਰ ਸਾਹਿਬ, ਕੋਈ ਘਰ ਕਿੰਨੀ ਦੇਰ ਤੱਕ ਚਲ ਸਕਦਾ ਹੈ, ਜੇਕਰ ਇਕ ਘਰ ਕੋਲ ਜ਼ਮੀਨ ਹੋਵੇ ਪਰ ਉਸ ਨੂੰ ਆਟਾ ਮੁੱਲ ਖਰੀਦਣਾ ਪਵੇ। ਇਨ੍ਹਾਂ ਨੇ ਮਗਰਲੇ ਪੰਜ ਸਾਲਾਂ ਵਿੱਚ ਜੋ ਘਾਟਾ ਪੁਆਇਆ ਹੈ, ਉਸ ਦੀ ਭਰਪਾਈ ਜੇ ਆਉਣ ਵਾਲੇ ਸਮੇਂ ਵਿਚ ਹੋ ਜਾਵੇ ਤਾਂ ਵੱਖਰੀ ਗੱਲ ਹੈ ਪਰ ਜੋ ਇਹ ਨੁਕਸਾਨ ਕਰ ਗਏ ਹਨ, ਇਹ ਪੂਰਾ ਹੋਣ ਯੋਗ ਨਹੀਂ ਹੈ। ਹਰ ਸਾਲ ਕੋਈ ਨਾ ਕੋਈ ਯੂਨਿਟ ਲਗਣਾ ਚਾਹੀਦਾ ਹੈ। ਪਰ-ਕੈਪੀਟਾ ਅਨੁਸਾਰ ਵੱਡੇ ਸ਼ਹਿਰ ਜਿਵੇਂ ਬੰਬਈ, ਦਿੱਲੀ, ਮਦਰਾਸ ਆਦਿ 10-12 ਸ਼ਹਿਰਾਂ ਨੂੰ ਛੱਡ ਕੇ ਸਭ ਤੋਂ ਜਿਆਦਾ ਏ.ਸੀ. ਪੰਜਾਬ ਵਿਚ ਹਨ। ਸਭ ਤੋਂ ਜ਼ਿਆਦਾ ਬਿਜਲੀ ਦੇ ਯੂਨਿਟ ਪੰਜਾਬ ਵਿਚ ਲਗਾਉਣੇ ਬਣਦੇ ਸਨ। ਬੜੇ ਦੁੱਖ ਦੀ ਗੱਲ ਹੈ ਕਿ ਮਗਰਲੇ ਪੰਜ ਸਾਲਾਂ ਵਿਚ ਇਕ ਵੀ ਬਿਜਲੀ ਦਾ ਪਲਾਂਟ ਨਹੀਂ ਲੱਗਿਆ। ਹੁਣ ਸਾਡੀ ਸਰਕਾਰ 30,000 ਕਰੋੜ ਰੁਪਏ ਦੀ ਲਾਗਤ ਨਾਲ ਤਲਵੰਡੀ ਸਾਬੋ ਵਿਖੇ ਬਨਵਾਲਾ ਵਿੱਚ ਅਤੇ ਰਾਜਪੁਰਾ, ਗਿੱਦੜਬਾਹਾ, ਗੋਇੰਦਵਾਲ ਸਾਹਿਬ ਵਿਖੇ ਆਉਣ ਵਾਲੇ ਸਮੇਂ ਥਰਮਲ ਪਲਾਂਟ ਲਗਾ ਰਹੀ ਹੈ। ਇਨ੍ਹਾਂ ਨਾਲ ਆਉਣ ਵਾਲੀਆਂ ਪੀੜੀਆਂ ਨੂੰ ਬੜੀ ਵੱਡੀ ਰਾਹਤ ਮਿਲੇਗੀ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਪੰਜਾਬ ਵਿਚ ਕਈ ਕਿਸਾਨ ਲੋਕ ਡੇਰਿਆਂ ਤੇ ਵੀ ਰਹਿੰਦੇ ਹਨ ਜਿਨ੍ਹਾਂ ਨੂੰ ਢਾਣੀਆਂ ਵੀ ਕਿਹਾ ਜਾਂਦਾ ਹੈ, ਉਥੇ ਵੀ ਬਿਜਲੀ ਮੁਹੱਈਆ ਕੀਤੀ ਗਈ ਹੈ ਜਿਸ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਇਹ ਰਾਹਤ ਮਿਲਣ ਨਾਲ ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਈ ਵਿਚ ਬੜਾ ਫਾਇਦਾ ਹੋਇਆ ਹੈ। ਸਪੀਕਰ ਸਾਹਿਬ, ਭਾਵੇਂ ਪੰਜਾਬ ਦਾ ਪਾਣੀ ਬੜਾ ਮਿੱਠਾ ਸੀ ਪਰ ਹੁਣ ਇਹ ਪਾਣੀ ਪਾਲਿਊਟਡ ਹੋ ਗਿਆ ਹੈ, ਖਾਰਾ ਹੋ ਗਿਆ ਹੈ। ਪਿਛਲੀ ਸਰਕਾਰ ਨੇ ਮਗਰਲੇ ਸਮੇਂ ਵਿਚ ਇਸ ਦਾ ਕੋਈ ਵੀ ਪ੍ਰਬੰਧ ਨਹੀਂ ਕੀਤਾ । ਹੁਣ ਇਸ ਸਰਕਾਰ ਨੇ ਪਿੰਡਾਂ ਵਿਚ ਵਾਟਰ ਵਰਕਸ ਲਗਾਉਣੇ ਸ਼ੁਰੂ ਕੀਤੇ ਹਨ। ਇਸ ਵਿਚ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਪਹਿਲ ਦਿੱਤੀ ਗਈ ਹੈ। ਮੇਰੇ ਆਪਣੇ ਹਲਕੇ ਵਿਚ 45 ਪਿੰਡ ਪੈਂਦੇ ਹਨ। ਮੈਂ ਬੜੀ ਖੁਸ਼ੀ ਨਾਲ ਇਹ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਵਿਚੋਂ 18 ਪਿੰਡਾਂ ਵਿਚ ਵਾਟਰ ਵਰਕਸ ਲਗ ਰਹੇ ਹਨ ਅਤੇ ਇਨ੍ਹਾਂ 18 ਵਿਚੋਂ 10 ਨੇ ਤਾਂ ਲੋਕਾਂ ਨੂੰ ਸਾਫ ਪਾਣੀ ਦੇਣਾ ਸ਼ੁਰੂ ਵੀ ਕਰ ਦਿੱਤਾ। ਇਹ ਸਰਕਾਰ ਦੀ ਬੜੀ ਵੱਡੀ ਉਪਲਬਧੀ ਹੈ। ਵੈਲਫੇਅਰ ਸਕੀਮਾਂ ਬਾਰੇ ਕਾਂਗਰਸੀ ਕਹਿੰਦੇ ਹਨ ਕਿ ਸ਼ਗਨ ਸਕੀਮ ਤੇ ਆਟਾ-ਦਾਲ ਸਕੀਮ ਮਾੜੀ ਹੈ। ਸਪੀਕਰ ਸਾਹਿਬ, ਪਿੰਡਾਂ ਵਿਚ ਬੜੀ ਵੱਸੋਂ ਅਜਿਹੀ ਹੈ ਜਿਨ੍ਹਾਂ ਕੋਲ ਜ਼ਮੀਨ ਜਾਂ ਜਾਇਦਾਦ ਨਹੀਂ ਹੈ। ਇਸ ਦੇ ਲਈ ਪੰਜਾਬ ਸਰਕਾਰ ਨੇ ਜਿਹੜੀਆਂ ਸਕੀਮਾਂ ਚਲਾਈਆਂ ਹਨ ਉਹ ਬੜੀਆਂ ਸ਼ਲਾਘਾਯੋਗ ਹਨ ਭਾਵੇਂ ਸ਼ਗਨ ਸਕੀਮ ਹੈ, ਭਾਵੇਂ ਪੈਨਸ਼ਨ ਸਕੀਮ ਹੈ ਔਰ ਖਾਸ ਕਰਕੇ ਆਟੇ ਦਾਲ ਦੀ ਸਕੀਮ ਹੈ ਇਹ ਗਰੀਬ ਮਜ਼ਦੂਰਾਂ ਲਈ ਬੜੀ ਲਾਹੇ-ਵੰਦ ਸਾਬਤ ਹੋਈ ਹੈ ਕਿਉਂਕਿ ਅੱਜ ਹਿੰਦੁਸਤਾਨ ਵਿੱਚ ਸਭ ਤੋਂ ਜ਼ਿਆਦਾ ਜੋ ਇਨ੍ਹਾਂ ਦੀ ਆਬਾਦੀ ਹੈ ਉਹ ਪੰਜਾਬ ਵਿੱਚ ਹੈ। ਉਨ੍ਹਾਂ ਕੋਲ ਜ਼ਮੀਨ ਹੈ ਨਹੀਂ, ਜਾਇਦਾਦ ਹੈ ਨਹੀਂ ਅਤੇ ਜੇ ਆਟਾ ਵੀ ਖਾਣ ਲਈ ਹੈ ਨਹੀਂ ਤਾਂ ਗੁਜਾਰਾ ਕਰਨਾ ਬੜਾ ਮੁਸ਼ਕਿਲ ਹੁੰਦਾ ਹੈ। ਇਸ ਸਕੀਮ ਦੇ ਨਾਲ ਉਨ੍ਹਾਂ ਗਰੀਬ ਪਰਿਵਾਰਾਂ ਨੂੰ ਬਹੁਤ ਰਾਹਤ ਮਿਲੀ ਹੈ। ਮੈਂ ਆਪਣੇ ਹਲਕੇ ਦੀ ਗੱਲ ਕਰਨੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ 94.1/2 ਲੱਖ ਕਣਕ ਤੇ ਅਤੇ 6.1/2 ਲੱਖ ਦਾਲ ਤੇ ਭਾਵ ਇਕ ਕਰੋੜ ਰੁਪਏ ਤੋਂ ਵੱਧ ਦੀ ਰਾਹਤ ਗਰੀਬਾਂ ਨੂੰ ਜਾ ਰਹੀ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਜਿਹੜੀ ਮਾਂ ਹੈ, ਉਹ ਆਪ ਭੁੱਖੀ ਸੌਂ ਸਕਦੀ ਹੈ ਅਤੇ ਆਪਣੇ ਪਤੀ ਨੂੰ ਭੁੱਖੇ ਪੇਟ ਸੌਣ ਲਈ ਕਹਿ ਸਕਦੀ ਹੈ ਪਰ ਆਪਣੇ ਬੱਚਿਆਂ ਨੂੰ ਭੁੱਖੇ ਸੌਣ ਲਈ ਨਹੀਂ ਕਹਿ ਸਕਦੀ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਪੰਜਾਬ ਦੇ ਬੱਚਿਆਂ ਨੂੰ ਆਟਾ ਦਾਲ ਮੁਹੱਈਆ ਕੀਤੀ ਹੈ ਜਿਹੜੀ ਕਿ ਸਾਰੇ ਹਿੰਦੁਸਤਾਨ ਵਿੱਚ ਇਕ ਬਹੁਤ ਵੱਡੀ ਸਕੀਮ ਸਾਬਤ ਹੋਈ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਦੋਂ-ਜਦੋਂ ਵੀ ਬਾਦਲ ਸਾਹਿਬ ਦੀ ਸਰਕਾਰ ਆਈ ਹੈ, ਉਦੋਂ-ਉਦੋਂ ਹੀ ਪੰਜਾਬ ਦਾ ਵਿਕਾਸ ਹੋਇਆ ਹੈ। ਖਾਸ ਕਰਕੇ ਗਰੀਬਾਂ ਨੂੰ ਉਦੋਂ ਰਾਹਤ ਮਿਲੀ ਹੈ ਅਤੇ ਕਿਸਾਨਾਂ ਨੂੰ ਉਦੋਂ ਰਾਹਤ ਮਿਲੀ ਹੈ ਅਤੇ ਆਪਸੀ ਭਾਈਚਾਰੇ ਵਿੱਚ ਵੀ ਵਾਧਾ ਹੋਇਆ ਹੈ। ਅਖੀਰ ਵਿੱਚ ਮੈਂ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਦੀ ਬਹੁਤ ਸ਼ਲਾਘਾ ਕਰਦਾ ਹਾਂ ਅਤੇ ਕਾਮਨਾ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਵੀ ਜਦੋਂ ਪੰਜਾਬ ਦੇ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦਾ ਬੋਲ-ਬਾਲਾ ਹੋਵੇਗਾ ਉਦੋਂ ਪੰਜਾਬ ਤਰੱਕੀ ਕਰੇਗਾ। ਸਪੀਕਰ ਸਾਹਿਬ, ਜੇ ਪਾਣੀ ਦੀ ਗੱਲ ਕਰੀਏ, ਪਾਣੀ ਦੇ ਪਿੱਛੇ ਪੰਜਾਬ ਦੇ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਹਮੇਸ਼ਾ ਇਸ ਦੀ ਰਾਖੀ ਕੀਤੀ ਹੈ। ਜੋ ਦਰਦ ਪੰਜਾਬ ਦੇ ਪਾਣੀਆਂ ਦਾ, ਜੋ ਦਰਦ ਪੰਜਾਬੀਅਤ ਦਾ ਅਤੇ ਜੋ ਦਰਦ ਪੰਜਾਬ ਦੇ ਭਾਈ-

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਬੀਰ ਸਿੰਘ ਬਰਾੜ]

ਚਾਰੇ ਦਾ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਸੀ, ਹੋਰ ਕਿਸੇ ਨੂੰ ਨਹੀਂ ਸੀ। ਇਹ ਸਾਡੇ ਵੀਰ ਜਿਹੜੇ ਬਾਈਕਾਟ ਕਰਕੇ ਚਲੇ ਗਏ ਹਨ, ਜਦੋਂ ਐਸ.ਵਾਈ.ਐਲ. ਨਿਕਲਣ ਲੱਗੀ ਸੀ ਤਾਂ ਇਨ੍ਹਾਂ ਵਿਚੋਂ ਕੋਈ ਚਾਂਦੀ ਦਾ ਤਸਲਾ ਅਤੇ ਕੋਈ ਚਾਂਦੀ ਦੀ ਕਹੀ ਲੈ ਕੇ ਖੜਾ ਸੀ ਅਤੇ ਕਹਿੰਦੇ ਸੀ ਕਿ ਜਿੱਥੇ ਮਰਜ਼ੀ ਟੱਕ ਲਾ ਕੇ ਜਿੰਨਾ ਮਰਜ਼ੀ ਪਾਣੀ ਹਰਿਆਣੇ ਨੂੰ ਚਲਾ ਜਾਵੇ ਪਰ ਸਾਡੀ ਵਜ਼ੀਰੀ ਕਾਇਮ ਰਹਿਣ ਦਿੱਤੀ ਜਾਵੇ। ਜਦੋਂ ਪੰਜਾਬ ਦੀ ਵਾਗਡੋਰ 1977 ਵਿੱਚ ਬਾਦਲ ਸਾਹਿਬ ਦੇ ਹੱਥ ਵਿੱਚ ਸੀ ਤਾਂ ਇਨ੍ਹਾਂ ਨੇ ਪਾਣੀਆਂ ਦਾ ਕੇਸ ਸੁਪਰੀਮ ਕੋਰਟ ਵਿੱਚ ਫਾਇਲ ਕੀਤਾ ਸੀ ਅਤੇ ਕਿਹਾ ਸੀ ਕਿ ਅਸੀਂ ਸੂਬੇ ਦਾ ਪਾਣੀ ਬਾਹਰ ਨਹੀਂ ਜਾਣ ਦਿਆਂਗੇ। ਪਰ ਮੈਂ ਜਿਵੇਂ ਪਹਿਲਾਂ ਕਿਹਾ ਹੈ ਕਿ ਜੇ ਮੁੱਖ ਮੰਤਰੀ ਹੀ ਪੰਜਾਬ ਦਾ ਨੁਕਸਾਨ ਕਰਨ ਲਗ ਜਾਣ ਤਾਂ ਫਿਰ ਸੂਬੇ ਦਾ ਭਲਾ ਕਿਵੇਂ ਹੋ ਸਕਦਾ ਹੈ। ਜਦੋਂ ਬਾਦਲ ਸਾਹਿਬ ਨੇ ਕੇਸ ਫਾਇਲ ਕੀਤਾ ਤਾਂ ਕੇਂਦਰ ਦੀ ਸਰਕਾਰ ਨੇ ਸਾਡੀ ਸਰਕਾਰ ਤੋੜ ਕੇ ਸਰਦਾਰ ਦਰਬਾਰਾ ਸਿੰਘ ਨੂੰ ਮੁੱਖ ਮੰਤਰੀ ਬਣਾ ਦਿੱਤਾ ਅਤੇ ਉਨ੍ਹਾਂ ਨੇ ਉਹ ਕੇਸ ਵਾਪਸ ਲੈ ਲਿਆ। ਸਪੀਕਰ ਸਾਹਿਬ, ਮੁੱਖ ਮੰਤਰੀ ਸੂਬੇ ਦਾ ਕਸਟੋਡੀਅਨ ਹੁੰਦਾ ਹੈ ਅਤੇ ਜੇ ਉਹ ਹੀ ਨੁਕਸਾਨ ਕਰਨ ਲਗ ਜਾਵੇ ਤਾਂ ਆਉਣ ਵਾਲੀਆਂ ਪੀੜੀਆਂ ਦਾ ਇੰਨਾਂ ਨੁਕਸਾਨ ਹੋ ਜਾਂਦਾ ਹੈ ਕਿ ਆਉਣ ਵਾਲੀਆਂ ਪੀੜੀਆਂ ਉਨ੍ਹਾਂ ਲੋਕਾਂ ਨੂੰ, ਜਿੰਨ੍ਹਾਂ ਨੇ ਪਾਣੀ ਦਾ ਨੁਕਸਾਨ ਕੀਤਾ ਹੋਵੇ, ਭਾਈਚਾਰੇ ਦਾ ਨੁਕਸਾਨ ਕੀਤਾ ਹੋਵੇ, ਜਵਾਨੀ ਦਾ ਨੁਕਸਾਨ ਕੀਤਾ ਹੋਵੇ ਅਤੇ ਪੰਜਾਬ ਤੇ ਪੰਜਾਬੀਅਤ ਦਾ ਨੁਕਸਾਨ ਕੀਤਾ ਹੋਵੇ, ਆਉਣ ਵਾਲੀਆਂ ਪੀੜੀਆਂ ਉਨ੍ਹਾਂ ਨੂੰ ਨਹੀਂ ਬਖ਼ਸ਼ਣਗੀਆਂ। ਬੜੇ ਦੁੱਖ ਦੀ ਗੱਲ ਹੈ ਕਿ ਪੜ੍ਹਿਆ ਲਿਖਿਆ ਵਰਗ ਆ ਰਿਹਾ ਹੈ ਅਤੇ ਆਉਣ ਵਾਲੀਆਂ ਪੀੜੀਆਂ ਪਾਣੀਆਂ ਬਾਰੇ, ਪੰਜਾਬੀ ਬੋਲਦੇ ਸੂਬਿਆਂ ਬਾਰੇ, ਇਤਿਹਾਸ ਜ਼ਰੂਰ ਪੜ੍ਹੇਗਾ, ਇਤਿਹਾਸ ਹਮੇਸ਼ਾ ਪੜ੍ਹਿਆ ਜਾਂਦਾ ਹੈ। ਸਪੀਕਰ ਸਾਹਿਬ ਆਉਣ ਵਾਲੇ ਸਮੇਂ ਵਿੱਚ ਪੰਜਾਬ ਇੰਡਸਟਰੀ ਵੱਲ ਵੱਧਣ ਜਾ ਰਿਹਾ ਹੈ ਅਤੇ ਜਦੋਂ ਇਹ ਸਾਡੇ ਬਿਜਲੀ ਦੇ ਪ੍ਰੋਜੈਕਟ ਪੂਰੇ ਹੋ ਗਏ ਤਾਂ ਸਾਡੀ ਸਟੇਟ ਬਿਜਲੀ ਵਿੱਚ ਸਰਪਲੱਸ ਹੋ ਜਾਵੇਗੀ। ਅੱਜ ਅਸੀਂ ਬਿਜਲੀ ਦੂਜੇ ਸੂਬਿਆਂ ਤੋਂ ਖਰੀਦ ਰਹੇ ਹਾਂ।

**ਮਾਨਯੋਗ ਸਪੀਕਰ :** ਬਰਾੜ ਜੀ, ਹੁਣ ਸਮਾਪਤ ਕਰੋ।

**ਸਰਦਾਰ ਜਗਬੀਰ ਸਿੰਘ ਬਰਾੜ :** ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਅਤੇ ਗਵਰਨਰ ਸਾਹਿਬ ਦੇ ਐਡਰੈੱਸ ਦੀ ਪੁਰਜ਼ੋਰ ਪ੍ਰੋੜਤਾ ਕਰਦਾ ਹਾਂ।

**ਮਾਨਯੋਗ ਸਪੀਕਰ :** ਸਦਨ ਵੀਰਵਾਰ ਮਿਤੀ 5 ਮਾਰਚ, 2009 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ।

*2.30 ਵਜੇ ਬਾਅਦ ਦੁਪਹਿਰ

*(ਇਸ ਉਪਰੰਤ ਸਦਨ ਵੀਰਵਾਰ ਮਿਤੀ 5 ਮਾਰਚ, 2009 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ ।)

---

Original with;
Punjab Vidhan Sabha
Digitized by;
Panjab Digital Library

# APPENDIX
# TO
# PUNJAB VIDHAN SABHA
# DEBATES

*Wednesday, the 4th March, 2009*

*Vol. VI-No. 2*

---

## STARRED QUESTIONS AND ANSWERS

### ਸਿਵਲ ਹਸਪਤਾਲ, ਸਰਦੂਲਗੜ੍ਹ ਵਿਚ ਐਮ.ਐਲ. ਆਰਜ਼ ਜਾਰੀ ਕਰਨਾ

*725. **ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਬ-ਡਵੀਜ਼ਨ ਸਰਦੂਲਗੜ੍ਹ ਵਿਖੇ ਪਿਛਲੇ ਇਕ ਸਾਲ ਦੇ ਦੌਰਾਨ ਸਿਵਲ ਹਸਪਤਾਲ ਸਰਦੂਲਗੜ੍ਹ ਵਿਖੇ ਸਰਕਾਰੀ ਡਾਕਟਰਾਂ ਦੁਆਰਾ ਕਿੰਨੇ ਫੌਜਦਾਰੀ ਕੇਸਾਂ ਵਿਚ ਐਮ.ਐਲ. ਆਰਜ਼ ਜਾਰੀ ਕੀਤੀਆਂ ਗਈਆਂ ਅਤੇ ਉਨ੍ਹਾਂ ਕੇਸਾਂ ਦੇ ਵੇਰਵੇ ਕੀ ਹਨ, ਜਿਨ੍ਹਾਂ ਵਿਚ ਐਮ.ਐਲ. ਆਰਜ਼ ਦੇ ਜਾਰੀ ਹੋਣ ਕਰਕੇ ਵੱਖ-ਵੱਖ ਧਾਰਾਵਾਂ ਵਿਚ ਤਬਦੀਲੀਆਂ ਕੀਤੀਆਂ ਗਈਆਂ ਹਨ ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਜੀ ਹਾਂ। ਸਿਵਲ ਹਸਪਤਾਲ ਸਰਦੂਲਗੜ੍ਹ ਵਿਖੇ ਇੱਕ ਸਾਲ ਦੌਰਾਨ 507 ਮੈਡੀਕੋ ਲੀਗਲ ਰਿਪੋਰਟਾਂ ਸਰਕਾਰੀ ਡਾਕਟਰਾਂ ਵੱਲੋਂ ਤਿਆਰ ਅਤੇ ਜਾਰੀ ਕੀਤੀਆਂ ਗਈਆਂ। ਕੋਈ ਵੀ ਕੇਸ ਇਸ ਤਰ੍ਹਾਂ ਦਾ ਨਹੀਂ ਪਾਇਆ ਗਿਆ ਜਿਸ ਵਿੱਚ ਮੈਡੀਕੋ ਲੀਗਲ ਰਿਪੋਰਟਾਂ ਜਾਰੀ ਕਰਨ ਨਾਲ ਵੱਖ-ਵੱਖ ਧਰਾਵਾਂ ਵਿੱਚ ਤਬਦੀਲੀ ਆਈ ਹੋਵੇ।

---

### ਹਰੀਕੇ ਰਿਜ਼ਰਵ ਦਾ ਸੈਰਗਾਹ ਵਜੋਂ ਵਿਕਾਸ

*729. **ਸ਼੍ਰੀ ਨਰੇਸ਼ ਕਟਾਰੀਆ** : ਕੀ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ

(ੳ) ਹਰੀਕੇ ਰਿਜ਼ਰਵ ਨੂੰ ਇਕ ਸੈਰਗਾਹ ਵਜੋਂ ਵਿਕਸਿਤ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ;

(ਅ) ਦਰਿਆ ਵਿਚ ਉਦਯੋਗਿਕ ਅਤੇ ਸ਼ਹਿਰੀ ਰਹਿੰਦ-ਖੂੰਹਦ ਦੀ ਨਿਕਾਸੀ, ਜਿਸ ਦੇ ਸਿੱਟੇ ਵਜੋਂ ਨਾ ਕੇਵਲ ਪਾਣੀ ਵਿਚ ਰਹਿੰਦੇ ਜੀਵ ਜੰਤੂਆਂ ਨੂੰ ਖਤਰਾ ਪੈਦਾ ਹੁੰਦਾ ਹੈ, ਸਗੋਂ ਸਿੰਜਾਈ ਲਈ ਵਰਤਿਆ ਜਾਣ ਵਾਲਾ ਅਤੇ ਪੀਣ ਵਾਲਾ ਪਾਣੀ ਵੀ ਦੂਸ਼ਿਤ ਹੁੰਦਾ ਹੈ, ਨੂੰ ਰੋਕਣ ਲਈ ਚੁੱਕੇ ਜਾ ਰਹੇ ਜ਼ਰੂਰੀ ਕਦਮਾਂ ਦੇ ਵੇਰਵੇ ਕੀ ਹਨ ਅਤੇ ਇਸ ਸਮੱਸਿਆ ਦਾ ਸਥਾਈ ਹੱਲ ਕਦੋਂ ਤੱਕ ਲੱਭ ਲਏ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਹੀਰਾ ਸਿੰਘ ਗਾਬੜੀਆ :** ਸ਼੍ਰੀਮਾਨ ਜੀ, ਯੂਨਾਈਟੇਡ ਨੇਸ਼ਨਜ਼ ਵਰਲਡ ਟੂਰਿਜ਼ਮ ਆਰਗੇਨਾਈਜ਼ੇਸ਼ਨ (ਯੂ.ਐਨ.ਡਬਲਿਯੂ.ਟੀ.ਓ.) ਵੱਲੋਂ ਰਾਜ ਵਿਚ ਰਾਜ ਟੂਰਿਜ਼ਮ ਦੇ ਵਿਕਾਸ ਲਈ ਮਾਸਟਰ ਪਲਾਨ ਤਿਆਰ ਕੀਤਾ ਗਿਆ ਹੈ। ਮਾਸਟਰ ਪਲਾਨ ਵਿਚ ਤਤਕਾਲੀ ਰੂਪ ਵਿਚ ਲਾਗੂ ਕਰਨ ਵਾਲੇ ਚਾਰ ਡੈਮੋਨਸਟ੍ਰੇਸ਼ਨ ਪ੍ਰੋਜੈਕਟਾਂ ਦੇ ਤੌਰ ਤੇ ਜਿਵੇਂ ਪਟਿਆਲਾ, ਕਪੂਰਥਲਾ, ਸੁਲਤਾਨਪੁਰ ਲੋਧੀ ਅਤੇ ਈਕੋ-ਟੂਰਿਜ਼ਮ ਤਹਿਤ ਨੰਗਲ ਦੇ ਪ੍ਰੋਜੈਕਟਾਂ ਦੀ ਪਛਾਣ ਕੀਤੀ ਹੈ। ਯੂ.ਐਨ.ਡਬਲਿਯੂ.ਟੀ.ਓ. ਵੱਲੋਂ ਹਰੀਕੇ ਵੈਟ-ਲੈਂਡ ਦੀ ਟੂਰਿਜ਼ਮ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਇਸ ਪ੍ਰੋਜੈਕਟ ਨੂੰ ਟੂਰਿਜ਼ਮ ਪੱਖੋਂ ਵਿਕਸਿਤ ਕਰਨ ਦੀ ਸਿਫਾਰਿਸ਼ ਕੀਤੀ ਹੈ ਪਰ ਹਾਲ ਦੀ ਘੜੀ ਰਿਪੋਰਟ ਅਨੁਸਾਰ ਹਰੀਕੇ ਪ੍ਰੋਜੈਕਟ ਨੂੰ ਪਾਣੀ ਦੇ ਪ੍ਰਦੂਸ਼ਣ ਨੂੰ ਖਤਮ ਹੋਣ ਉਪਰੰਤ ਹੀ ਲਾਗੂ ਕਰਨ ਦੀ ਸਲਾਹ ਦਿੱਤੀ ਗਈ ਹੈ। ਯੂ.ਐਨ.ਡਬਲਿਯੂ.ਟੀ.ਓ. ਦੀਆਂ ਸਿਫਾਰਿਸ਼ਾਂ ਨੂੰ ਮੁੱਖ ਰਖਦੇ ਹੋਏ ਹਰੀਕੇ ਰਿਜ਼ਰਵ ਤੋਂ ਪ੍ਰਦੂਸ਼ਣ ਖਤਮ ਕਰਨ ਲਈ ਮਾਮਲਾ ਸਬੰਧਤ ਵਿਭਾਗ ਨਾਲ ਉਠਾਇਆ ਗਿਆ ਅਤੇ ਸਾਇੰਸ ਤੇ ਤਕਨਾਲੋਜੀ ਵਿਭਾਗ ਵੱਲੋਂ ਦਿੱਤਾ ਉੱਤਰ ਭਾਗ (ਅ) ਵਿਚ ਦਿਤਾ ਗਿਆ ਹੈ।

(ਅ) **ਸਤਲੁਜ ਦਰਿਆ ਦੀ ਸਥਿਤੀ :** ਪੰਜਾਬ ਵਿਚ ਦਾਖਲ ਹੁੰਦੇ ਹੋਏ ਇਸ ਨਦੀ ਵਿਚ ਸਭ ਤੋਂ ਪਹਿਲਾਂ ਮੈਸ: ਨੈਸ਼ਨਲ ਫਰਟੀਲਾਈਜ਼ਰਜ ਲਿਮਿਟੇਡ ਨੰਗਲ, ਪੰਜਾਬ ਐਲਕਲੀਜ਼ ਅਤੇ ਕੈਮਿਕਲਜ਼ ਲਿਮਿਟੇਡ ਨੰਗਲ ਅਤੇ ਰੋਪੜ ਥਰਮਲ ਪਲਾਂਟ, ਨੰਗਲ ਦਾ ਸੀਵੇਜ ਅਤੇ ਬੀ.ਬੀ.ਐਮ.ਬੀ. ਕਲੋਨੀ ਦਾ ਸੀਵੇਜ ਆਦਿ ਗੰਦੇ ਪਾਣੀ ਮਿਲਦੇ ਹਨ। ਰਸਤੇ ਵਿਚ ਹਰੀਕੇ ਵੱਲ ਹੁੰਦੇ ਹੋਏ ਬਹੁਤ ਸਾਰੀਆਂ ਮਿਉਂਸਿਪਲ ਕਮੇਟੀਆਂ ਆਪਣਾ ਸੋਧਿਆ ਤੇ ਅਣਸੋਧਿਆ ਸੀਵੇਜ ਸਿੱਧੇ ਜਾਂ ਅਸਿੱਧੇ ਤੌਰ ਤੇ ਸਤਲੁਜ ਨਦੀ ਵਿਚ ਛੱਡਦੀਆਂ ਹਨ। ਲੁਧਿਆਣਾ, ਫਗਵਾੜਾ ਅਤੇ ਜਲੰਧਰ ਵਿਖੇ ਸਥਿਤ ਸਨਅਤਾਂ ਆਪਣਾ ਗੰਦਾ ਪਾਣੀ ਸੀਵੇਜ ਸਿਸਟਮ ਵਿਚ ਛੱਡਦੀਆਂ ਹਨ ਜੋ ਕਿ ਅੱਗੇ ਜਾ ਕੇ ਵੱਖ ਵੱਖ ਨਦੀਆਂ ਅਤੇ ਨਾਲਿਆਂ ਰਾਹੀਂ ਦਰਿਆ ਸਤਲੁਜ ਵਿਚ ਜਾ ਮਿਲਦਾ ਹੈ।

**ਬਿਆਸ ਦਰਿਆ ਦੀ ਸਥਿਤੀ :** ਰੋਹਤਾਂਗ ਪਾਸ ਦੇ ਦੱਖਣੀ ਹਿੱਸੇ ਵਲ ਸਥਿਤ ਪੀਰ-ਪੰਜਾਲ ਰੇਂਜ ਵਿਚ ਬਿਆਸ ਕੁੰਡ ਵਿਚੋਂ ਨਿਕਲ ਕੇ ਬਿਆਸ ਦਰਿਆ ਨਿਕਲਦਾ ਹੈ ਅਤੇ ਦੱਖਣੀ-ਉੱਤਰੀ ਪਾਸੇ ਵੱਲ ਵਹਿੰਦਾ ਹੈ। ਇਕ ਹੋਰ ਨਦੀ ਜਿਸ ਨੂੰ ਸੋਹਣ ਕਿਹਾ ਜਾਂਦਾ ਹੈ, ਤਲਵਾੜੇ ਦੇ ਨੇੜੇ ਇਸ ਨਦੀ ਦੀ ਮੁਖ ਧਾਰਾ ਵਿਚ ਆ ਮਿਲਦੀ ਹੈ। ਮੁਕੇਰੀਆਂ ਤੋਂ ਤਕਰੀਬਨ 40 ਕਿ:ਮੀ: ਦੂਰ, ਤਲਵਾੜੇ ਦੇ ਨੇੜੇ ਪੌਂਗ ਵਿਖੇ ਪੋਂਗ ਡੈਮ ਬਣਾਇਆ ਗਿਆ ਹੈ। ਬਿਆਸ ਤੇ ਗੋਇੰਦਵਾਲ ਸਾਹਿਬ ਵਿਖੇ ਸ਼ਹਿਰਾਂ ਵਿਚੋਂ ਹੁੰਦੇ ਹੋਏ (ਦੁਆਬਾ ਅਤੇ ਮਾਝੇ ਦੇ ਖੇਤਰ ਵਿਚ) ਇਹ ਦਰਿਆ ਆਖਿਰ ਵਿਚ ਹਰੀਕੇ ਵਿਚ ਸਤਲੁਜ ਦਰਿਆ ਵਿਚ ਜਾ ਮਿਲਦਾ ਹੈ। ਕੁੱਝ ਮਿਉਂਸਿਪਲ ਕਮੇਟੀਆਂ/ਨਗਰ ਪੰਚਾਇਤਾਂ ਆਪਣਾ ਸੋਧਿਆ ਤੇ ਅਣਸੋਧਿਆ ਪਾਣੀ ਬਿਆਸ ਨਦੀ ਵਿਚ ਵੱਖ-ਵੱਖ ਨਾਲਿਆਂ ਅਤੇ ਚੈਨਲਾਂ ਰਾਹੀਂ ਛੱਡਦੀਆਂ ਹਨ। ਇਸ ਦਰਿਆ ਵਿਚ ਕਿਸੇ ਕਿਸਮ ਦਾ ਸਨਅੱਤੀ ਗੰਦਾ ਪਾਣੀ ਨਹੀਂ ਪੈਂਦਾ ਹੈ।

**3. ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੁਆਰਾ ਇਨ੍ਹਾਂ ਨਦੀਆਂ ਵਿਚ ਸਨਅੱਤਾਂ ਦੇ ਗੰਦੇ ਪਾਣੀ ਨੂੰ ਰੋਕਣ ਲਈ ਚੁੱਕੇ ਗਏ ਕਦਮ :**

Original with;
Punjab Vidhan Sabha
Digitized by;
Punjab Digital Library

(1) ਨੰਗਲ ਵਿਖੇ ਲਗਾਈਆਂ ਗਈਆਂ ਸਨਅੱਤਾਂ ਦੁਆਰਾ ਗੰਦੇ ਪਾਣੀ ਨੂੰ ਸੋਧਣ ਦੇ ਯੰਤਰ ਲਗਾਏ ਗਏ ਹਨ।

(2) ਲੁਧਿਆਣੇ ਵਿਖੇ ਸਾਰੀਆਂ ਡਾਇੰਗ (ਰੰਗਾਈ) ਦੀ ਸਨੱਅਤਾਂ ਵੱਲੋਂ ਆਪਣਾ ਵੱਖਰੇ ਤੌਰ ਤੇ ਈ.ਟੀ.ਪੀ. ਲਗਾਏ ਗਏ ਹਨ ਅਤੇ ਉਹ ਆਪਣੇ ਸੋਧੇ ਹੋਏ ਪਾਣੀ ਨੂੰ ਪਬਲਿਕ ਸੀਵਰ ਵਿੱਚ ਛੱਡਦੀਆਂ ਹਨ ਜੋ ਕਿ ਬੁੱਢੇ ਨਾਲੇ ਦੇ ਰਾਹੀਂ ਅਖੀਰ ਵਿਚ ਸਤਲੁਜ ਦਰਿਆ ਵੱਲ ਜਾਂਦਾ ਹੈ। ਇਨ੍ਹਾਂ ਸੱਨਅਤਾਂ ਨੂੰ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੁਆਰਾ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਉਹ ਮਿਤੀ 31 ਮਾਰਚ, 2009 ਤਕ ਆਪਣੇ ਪਾਣੀ ਨੂੰ ਸੋਧਣ ਦੇ ਯੰਤਰ ਅਪਗ੍ਰੇਡ ਕਰਨ ਤਾਂ ਕਿ ਇਹ ਸਨੱਅਤਾਂ ਇਨਲੈਂਡ ਸਰਫੇਸ ਵਾਟਰ ਵਿਚ ਗੰਦਾ ਪਾਣੀ ਸੁੱਟਣ ਲਈ ਨਿਰਧਾਰਤ ਕੀਤੇ ਗਏ ਮਾਪਦੰਡ ਪ੍ਰਾਪਤ ਕਰ ਸਕਣ। ਬੋਰਡ ਨੇ ਨੀਰੀ-ਨਾਗਪੁਰ ਨੂੰ ਇਨ੍ਹਾਂ ਇਕਾਈਆਂ ਵਿਚੋਂ ਨਿਕਲਣ ਵਾਲੇ ਪਾਣੀ ਦੀ ਘੋਖ ਕਰਨ ਲਈ ਲਗਾਇਆ ਹੈ ਅਤੇ ਇਹ ਸਲਾਹ ਮੰਗੀ ਹੈ ਕਿ-ਕੀ ਇਨ੍ਹਾਂ ਇਕਾਈਆਂ ਨੂੰ ਆਪਣੇ ਸੋਧੇ ਹੋਏ ਪਾਣੀ ਦੀ ਜ਼ੀਰੋ ਨਿਕਾਸੀ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੋ ਸਤਲੁਜ ਦਰਿਆ ਵਿਚ ਗੰਦਾ ਪਾਣੀ ਪਾਉਣ ਤੋਂ ਰੋਕਿਆ ਜਾ ਸਕੇ। ਨੀਰੀ-ਨਾਗਪੁਰ ਦੀ ਰਿਪੋਰਟ ਮਾਰਚ, 2009 ਦੇ ਅਖੀਰ ਵਿਚ ਜਾਂ ਅਪ੍ਰੈਲ ਦੇ ਪਹਿਲੇ ਹਫਤੇ ਪ੍ਰਾਪਤ ਹੋਣ ਦੀ ਸੰਭਾਵਨਾ ਹੈ। ਨੀਰੀ-ਨਾਗਪੁਰ ਤੋਂ ਰਿਪੋਰਟ ਪ੍ਰਾਪਤ ਹੋਣ ਉਪਰੰਤ ਹੀ ਇਸ ਤਕਨੀਕ ਨੂੰ ਅਪਨਾਉਣ ਬਾਰੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

(3) ਲੁਧਿਆਣੇ ਦੀਆਂ ਸਾਰੀਆਂ ਵੱਡੀਆਂ ਤੇ ਦਰਮਿਆਨੀਆਂ ਇਲੈਕਟ੍ਰੋਪਲੇਟਿੰਗ ਇਕਾਈਆਂ ਨੂੰ 31 ਮਈ, 2009 ਤਕ ਪਾਣੀ ਦੀ ਮੁਕੰਮਲ ਨਿਕਾਸੀ ਰੋਕਣ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

(4) ਲੁਧਿਆਣੇ ਦੀਆਂ ਸਾਰੀਆਂ ਛੋਟੀਆਂ ਇਲੈਕਟ੍ਰੋਪਲੇਟਿੰਗ ਇਕਾਈਆਂ ਨੂੰ 31 ਮਾਰਚ, 2009 ਤਕ ਸੀ.ਈ.ਟੀ.ਪੀ. ਨੂੰ ਜੁਆਇਨ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਤਾਂ ਜੋ ਇਲੈਕਟ੍ਰੋਪਲੇਟਿੰਗ ਇਕਾਈਆਂ ਵਿਚੋਂ ਨਿਕਲਣ ਵਾਲੇ ਗੰਦੇ ਪਾਣੀ ਨੂੰ ਸਤਲੁਜ ਦਰਿਆ ਵਿਚ ਸੁੱਟਣ ਤੋਂ ਰੋਕਿਆ ਜਾ ਸਕੇ।

(5) ਸੀ.ਈ.ਟੀ.ਪੀ. ਦੇ ਚਾਲਕਾਂ ਨੂੰ ਮਿਤੀ 31 ਮਈ, 2009 ਤੱਕ ਪਾਣੀ ਦੀ ਮੁਕੰਮਲ ਨਿਕਾਸੀ ਰੋਕਣ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਤਾਂ ਜੋ ਇਲੈਕਟ੍ਰੋਪਲੇਟਿੰਗ ਇਕਾਈਆਂ ਵਿਚੋਂ ਨਿਕਲਣ ਵਾਲੇ ਗੰਦੇ ਪਾਣੀ ਨੂੰ ਸਤਲੁਜ ਦਰਿਆ ਵਿਚ ਸੁੱਟਣ ਤੋਂ ਰੋਕਿਆ ਜਾ ਸਕੇ।

(6) ਫਗਵਾੜੇ ਵਿਖੇ ਪਾਣੀ ਨੂੰ ਦੂਸ਼ਿਤ ਕਰਨ ਵਾਲੀਆਂ ਤਿੰਨ ਇਕਾਈਆਂ ਹਨ ਅਤੇ ਤਿੰਨਾਂ ਨੇ ਹੀ ਪ੍ਰਦੂਸ਼ਿਤ ਪਾਣੀ ਨੂੰ ਸਾਫ ਕਰਨ ਲਈ ਯੰਤਰ ਲਗਾਏ ਹੋਏ ਹਨ।

(7) ਜਲੰਧਰ ਸ਼ਹਿਰ ਵਿਚ 127 ਇਕਾਈਆਂ ਪਾਣੀ ਨੂੰ ਦੂਸ਼ਿਤ ਕਰਨ ਵਾਲੀਆਂ ਹਨ ਜਿਨ੍ਹਾਂ ਵਿਚੋਂ 89 ਇਕਾਈਆਂ ਨੇ ਆਪਣੇ ਪੱਧਰ ਤੇ ਪ੍ਰਦੂਸ਼ਿਤ ਪਾਣੀ ਨੂੰ ਸਾਫ ਕਰਨ ਲਈ ਯੰਤਰ ਲਗਾਏ ਹੋਏ ਹਨ ਅਤੇ ਬਾਕੀ ਰਹਿੰਦੀਆਂ 38 ਇਕਾਈਆਂ ਨੂੰ ਬੋਰਡ ਨੇ ਪਾਣੀ ਐਕਟ, 1974 ਦੀ ਧਾਰਾ 33-ਏ ਅਧੀਨ ਬੰਦ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ 521 ਇਕਾਈਆਂ ਲੈਦਰ ਕੰਪਲੈਕਸ ਜਲੰਧਰ ਵਿਚ ਹਨ

Original with;
Punjab Vidhan Sabha
Digitized by;
Punjab Digital Library

ਅਤੇ ਇਨ੍ਹਾਂ ਨੇ ਆਪਣੇ ਮੁੱਢਲੇ ਤੌਰ ਤੇ ਪਾਣੀ ਨੂੰ ਸਾਫ ਕਰਨ ਲਈ ਯੰਤਰ ਲਗਾਏ ਹੋਏ ਹਨ ਜਿਸ ਤੋਂ ਬਾਅਦ ਇਨ੍ਹਾਂ ਦਾ ਨਿਕਾਸੀ ਪਾਣੀ ਸੀ.ਈ.ਟੀ.ਪੀ. ਵਿਚ ਅਗਲੇਰੀ ਸੋਧ ਲਈ ਜਾਂਦਾ ਹੈ। ਸੀ.ਈ.ਟੀ.ਪੀ. ਦੇ ਪਹਿਲੇ ਹਿੱਸੇ ਦੀ ਸਮਰੱਥਾ 1.5 ਮਿਲੀਅਨ ਲੀਟਰ ਪ੍ਰਤੀ-ਦਿਨ ਹੈ। ਸੀ.ਈ.ਟੀ.ਪੀ. ਦੀ ਸਮਰੱਥਾ ਵਧਾਉਣ ਲਈ ਪੰਜਾਬ ਐਫਲੂਐਂਟ ਟ੍ਰੀਟਮੈਂਟ ਸੁਸਾਇਟੀ ਵਲੋਂ 5.00 ਮਿਲੀਅਨ ਲੀਟਰ ਪ੍ਰਤੀ ਦਿਨ ਸਮਰੱਥਾ ਦਾ ਦੂਸਰਾ ਹਿੱਸਾ ਲਗਾਉਣ ਲਈ ਆਰਡਰ ਕੀਤਾ ਗਿਆ ਹੈ। ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵਾਲੇ ਸਿਵਲ ਰਿਟ ਪਟੀਸ਼ਨ ਨੰ: 15771 ਸਾਲ 2005 ਟਾਈਟਲਡ ਸੇਠ ਹੁਕਮ ਚੰਦ ਬਨਾਮ ਪੰਜਾਬ ਰਾਜ ਸੀ.ਈ.ਟੀ.ਪੀ. ਦਾ ਦੂਸਰਾ ਹਿੱਸਾ 30 ਸਤੰਬਰ, 2009 ਤੱਕ ਚਾਲੂ ਕੀਤਾ ਜਾਣਾ ਹੈ।

**4. ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੁਆਰਾ ਇਨ੍ਹਾਂ ਨਦੀਆਂ ਵਿਚ ਮਿਉਂਸਿਪਲ ਕਮੇਟੀਆਂ/ਨਗਰ ਪੰਚਾਇਤਾਂ ਦੇ ਗੰਦੇ ਪਾਣੀ ਨੂੰ ਰੋਕਣ ਲਈ ਚੁੱਕੇ ਗਏ ਕਦਮ :**

(1) ਨਵਾਂ ਨੰਗਲ ਅਤੇ ਬੀ.ਬੀ.ਐਮ.ਬੀ. ਕਲੋਨੀ ਵਿਚੋਂ ਨਿਕਲਣ ਵਾਲੇ ਸੀਵਰੇਜ ਨੂੰ ਸੋਧਣ ਲਈ 2 ਐਸ.ਟੀ.ਪੀ. ਲਗਾਏ ਗਏ ਹਨ।

(2) ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਨੇ ਲੁਧਿਆਣੇ ਦੇ ਘਰੇਲੂ ਮਲ-ਪ੍ਰਵਾਹ ਨੂੰ ਸੋਧਣ ਲਈ ਪਿੰਡ ਬਲੋਕੇ, ਭੱਟੀਆਂ ਅਤੇ ਜਮਾਲਪੁਰ ਵਿਖੇ ਤਿੰਨ ਸੀਵੇਜ ਟ੍ਰੀਟਮੈਂਟ ਪਲਾਂਟ ਲਗਾਏ ਹਨ। ਪਿੰਡ ਭੱਟੀਆਂ ਵਿਖੇ 111 ਮਿਲੀਅਨ ਲੀਟਰ ਪ੍ਰਤੀ-ਦਿਨ, ਜਮਾਲਪੁਰ ਵਿਖੇ 48 ਮਿਲੀਅਨ ਲੀਟਰ ਪ੍ਰਤੀ-ਦਿਨ ਅਤੇ ਪਿੰਡ ਬਲੋਕੇ ਵਿਖੇ 152 ਮਿਲੀਅਨ ਲੀਟਰ ਪ੍ਰਤੀ-ਦਿਨ ਸਮਰੱਥਾ ਦੇ ਸੀਵੇਜ ਟ੍ਰੀਟਮੈਂਟ ਪਲਾਂਟ ਚਾਲੂ ਕੀਤੇ ਜਾ ਚੁਕੇ ਹਨ। ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਪਿੰਡ ਭੱਟੀਆਂ ਦੇ ਸੀਵੇਜ ਟ੍ਰੀਟਮੈਂਟ ਪਲਾਂਟ ਦੀ ਸਮਰੱਥਾ 50 ਮਿਲੀਅਨ ਲੀਟਰ ਪ੍ਰਤੀ-ਦਿਨ ਅਤੇ ਪਿੰਡ ਬਲੋਕੇ ਦੇ ਸੀਵੇਜ ਟ੍ਰੀਟਮੈਂਟ ਪਲਾਂਟ ਦੀ ਸਮਰੱਥਾ 105 ਮਿਲੀਅਨ ਲੀਟਰ ਪ੍ਰਤੀ-ਦਿਨ ਹੋਰ ਵਧਾਉਣ ਲਈ ਟੈਂਡਰ ਮੁਕੰਮਲ ਕਰਨ ਦੀ ਕਾਰਵਾਈ ਕਰ ਰਿਹਾ ਹੈ।

(3) ਫਿਲੌਰ ਸ਼ਹਿਰ ਦੇ ਮਲ-ਪ੍ਰਵਾਹ ਨੂੰ ਸੋਧਨ ਲਈ ਫਿਲੌਰ ਵਿਖੇ 2.5 ਐਮ.ਐਲ.ਡੀ. ਦੀ ਸਮਰੱਥਾ ਵਾਲਾ ਸੀਵਰੇਜ ਟ੍ਰੀਟਮੈਂਟ ਪਲਾਂਟ ਲਗਾ ਕੇ ਚਾਲੂ ਕੀਤਾ ਗਿਆ ਹੈ।

(4) ਫਗਵਾੜਾ ਸ਼ਹਿਰ ਦੇ ਮਲ-ਪ੍ਰਵਾਹ ਨੂੰ ਸੋਧਣ ਲਈ ਫਗਵਾੜਾ ਵਿਖੇ 20 ਐਮ.ਐਲ.ਡੀ. ਦੀ ਸਮਰੱਥਾ ਵਾਲਾ ਸੀਵਰੇਜ ਟ੍ਰੀਟਮੈਂਟ ਪਲਾਂਟ ਲਗਾ ਕੇ ਚਾਲੂ ਕੀਤਾ ਗਿਆ ਹੈ।

(5) ਜਲੰਧਰ ਸ਼ਹਿਰ ਦੇ ਮਲ-ਪ੍ਰਵਾਹ ਨੂੰ ਸੋਧਣ ਲਈ ਫੋਲੇਰੀਵਾਲ ਵਿਖੇ 100 ਐਮ.ਐਲ.ਡੀ. ਦੀ ਸਮਰੱਥਾ ਵਾਲਾ ਸੀਵਰੇਜ ਟ੍ਰੀਟਮੈਂਟ ਪਲਾਂਟ ਲਗਾ ਕੇ ਚਾਲੂ ਕੀਤਾ ਗਿਆ ਹੈ।

(6) ਕਪੂਰਥਲਾ ਸ਼ਹਿਰ ਦੇ ਮਲ-ਪ੍ਰਵਾਹ ਨੂੰ ਸੋਧਣ ਲਈ ਕਪੂਰਥਲਾ ਵਿਖੇ 25 ਐਮ.ਐਲ.ਡੀ. ਦੀ ਸਮਰੱਥਾ ਵਾਲਾ ਸੀਵਰੇਜ ਟ੍ਰੀਟਮੈਂਟ ਪਲਾਂਟ ਲਗਾ ਕੇ ਚਾਲੂ ਕੀਤਾ ਗਿਆ ਹੈ।

Original with;
Punjab Vidhan Sabha
Digitized by;
Panjab Digital Library

(7) ਸੁਲਤਾਨਪੁਰ ਲੋਧੀ ਦੇ ਮਲ-ਪ੍ਰਵਾਹ ਨੂੰ ਸੋਧਣ ਲਈ ਸੁਲਤਾਨਪੁਰ ਵਿਖੇ 2.6 ਐਮ.ਐਲ.ਡੀ. ਦੀ ਸਮਰੱਥਾ ਵਾਲਾ ਸੀਵਰੇਜ ਟ੍ਰੀਟਮੈਂਟ ਪਲਾਂਟ ਲਗਾ ਕੇ ਚਾਲੂ ਕੀਤਾ ਗਿਆ ਹੈ।

(8) ਇਨ੍ਹਾਂ ਨਦੀਆਂ ਵਿਚ ਆਪਣਾ ਮਲ-ਪ੍ਰਵਾਹ ਪਾਉਂਦੀਆਂ ਰਾਜ ਦੀਆਂ ਬਾਕੀ ਬਚਦੀਆਂ ਨਗਰ ਕੌਂਸਿਲਾਂ/ਨਗਰ ਪੰਚਾਇਤਾਂ ਨੂੰ ਮਨਾਉਣ ਲਈ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਹ ਆਪਣਾ ਗੰਦਾ ਪਾਣੀ ਖੇਤੀ-ਬਾੜੀ ਅਤੇ ਪੌਦਿਆਂ ਲਈ ਵਰਤਣ ਅਤੇ ਆਪਣੇ ਸੀਵਰੇਜ ਟ੍ਰੀਟਮੈਂਟ ਪਲਾਂਟ ਇਕ ਮਿੱਥੇ ਸਮੇਂ ਦੇ ਅੰਦਰ ਲਗਾਉਣ।

---

## ਮੁਰੱਬਾ-ਬੁਰਜੀ ਲਗਾਉਣਾ

*739. **ਸਰਦਾਰ ਈਸ਼ਰ ਸਿੰਘ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਚਾਲੂ ਵਿੱਤੀ ਸਾਲ ਦੇ ਸਮੇਂ ਦੌਰਾਨ ਰਾਜ ਵਿਚ ਜ਼ਰਾਇਤੀ ਖੇਤਰ ਵਿਚ ਰਾਜ ਸਰਕਾਰ ਦੁਆਰਾ ਲਗਾਈਆਂ ਗਈਆਂ ਮੁਰੱਬਾ-ਬੁਰਜੀਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ਅਤੇ ਲਗਾਉਣ ਲਈ ਪੈਂਡਿੰਗ ਪਈਆਂ ਮੁਰੱਬਾ-ਬੁਰਜੀਆਂ ਦੀ ਜ਼ਿੱਲ੍ਹਾਵਾਰ ਗਿਣਤੀ ਕਿੰਨੀ ਹੈ ?

**ਸਰਦਾਰ ਅਜੀਤ ਸਿੰਘ ਕੋਹਾੜ** : ਚਾਲੂ ਵਿੱਤੀ ਸਾਲ ਦੇ ਸਮੇਂ ਦੌਰਾਨ ਰਾਜ ਵਿਚ ਜ਼ਰਾਇਤੀ ਖੇਤਰ ਵਿਚ ਰਾਜ ਸਰਕਾਰ ਦੁਆਰਾ ਕੁੱਲ 61833 ਮੁਰੱਬਾ ਬੁਰਜੀਆਂ ਲਗਾਈਆਂ ਗਈਆਂ ਹਨ ਅਤੇ 3,10,361 ਮੁਰੱਬਾ ਬੁਰਜੀਆਂ ਲਗਾਉਣ ਲਈ ਪੈਂਡਿੰਗ ਹਨ। ਇਸ ਸਬੰਧੀ ਜ਼ਿਲ੍ਹਾਵਾਰ ਗਿਣਤੀ ਅਨੁਲੱਗ 'ੳ' ਤੇ ਰੱਖੀ ਗਈ ਹੈ।

### ਅਨੁਲੱਗ ੳ

| ਲੜੀ ਨੰ: | ਜ਼ਿਲ੍ਹੇ ਦਾ ਨਾਮ | ਨਵੀਆਂ ਸਥਾਪਤ ਮੁਰੱਬਾ ਬੁਰਜੀਆਂ | ਪੈਂਡਿੰਗ ਮੁਰੱਬਾ ਬੁਰਜੀਆਂ |
|---|---|---|---|
| 1 | ਮੋਗਾ | 42 | 27736 |
| 2 | ਮੁਕਤਸਰ | 21190 | 12927 |
| 3 | ਤਰਨ ਤਾਰਨ | 73 | 22 |
| 4 | ਐਸ.ਏ.ਐਸ. ਨਗਰ | 3350 | 8037 |
| 5 | ਜਲੰਧਰ | 234 | 3622 |
| 6 | ਲੁਧਿਆਣਾ | 3211 | 21685 |
| 7 | ਬਠਿੰਡਾ | 1436 | 37829 |
| 8 | ਗੁਰਦਾਸਪੁਰ | 1238 | 16090 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਜ਼ਿਲ੍ਹੇ ਦਾ ਨਾਮ | ਨਵੀਆਂ ਸਥਾਪਤ ਮੁਰੱਬਾ ਬੁਰਜੀਆਂ | ਪੈਂਡਿੰਗ ਮੁਰੱਬਾ ਬੁਰਜੀਆਂ |
|---|---|---|---|
| 9 | ਫਤਹਿਗੜ੍ਹ ਸਾਹਿਬ | ਨਿੱਲ | 8320 |
| 10 | ਹੁਸ਼ਿਆਰਪੁਰ | ਨਿੱਲ | 56284 |
| 11 | ਰੂਪਨਗਰ | 138 | 13058 |
| 12 | ਪਟਿਆਲਾ | 18010 | 10655 |
| 13 | ਸੰਗਰੂਰ | 1002 | 181 |
| 14 | ਨਵਾਂ ਸ਼ਹਿਰ | ਨਿੱਲ | 30 |
| 15 | ਬਰਨਾਲਾ | ਨਿੱਲ | 6978 |
| 16 | ਅੰਮ੍ਰਿਤਸਰ | 7284 | 3044 |
| 17 | ਕਪੂਰਥਲਾ | ਨਿੱਲ | 53 |
| 18 | ਮਾਨਸਾ | 4625 | 17361 |
| 19 | ਫਿਰੋਜ਼ਪੁਰ | ਨਿੱਲ | 64107 |
| 20 | ਫਰੀਦਕੋਟ | ਨਿੱਲ | 2345 |

## ਕਿਸਾਨਾਂ ਨੂੰ ਮੁਆਵਜ਼ੇ ਦੀ ਅਦਾਇਗੀ

*748. **ਸਰਦਾਰ ਵਿਰਸਾ ਸਿੰਘ ਵਲਟੋਹਾ :** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਤਲੁਜ ਦਰਿਆ ਦੇ ਵਹਾਅ ਨੂੰ ਰੋਕਣ ਲਈ ਬੰਨ੍ਹ ਦੀ ਉਸਾਰੀ ਲਈ ਹਰੀਕੇ, ਝੁੱਗੀਆਂ, ਪੀਰਬਖਸ਼, ਰਾਧਲਾਕੇ, ਰਾਮ ਸਿੰਘ ਵਾਲਾ, ਰਸੂਲਪੁਰ, ਮੁੱਠੀਆਂ ਵਾਲਾ ਪਿੰਡਾਂ ਦੇ ਕਿਸਾਨਾਂ ਜਿਨ੍ਹਾਂ ਦੀ ਜ਼ਮੀਨ ਪ੍ਰਾਪਤ ਕੀਤੀ ਗਈ ਸੀ, ਨੂੰ ਮੁਆਵਜ਼ੇ ਦੀ ਅਦਾਇਗੀ ਕਰ ਦਿੱਤੀ ਗਈ ਹੈ ; ਜੇਕਰ ਨਹੀਂ, ਤਾਂ ਇਸਦੇ ਕੀ ਕਾਰਣ ਹਨ ਅਤੇ ਉਕਤ ਮੁਆਵਜ਼ੇ ਦੀ ਅਦਾਇਗੀ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਪਿੰਡ ਰਾਮ ਸਿੰਘ ਵਾਲਾ (2.43 ਏਕੜ) ਰਸੂਲਪੁਰ (7.47 ਏਕੜ), ਰਾਧਲਾਕੇ (6.85 ਏਕੜ) ਅਤੇ ਝੁੱਗੀਆਂ ਪੀਰ ਬਖਸ਼ (3.01 ਏਕੜ) ਵਿੱਚ ਕੁੱਲ 19.76 ਏਕੜ ਜ਼ਮੀਨ ਸਾਲ 1974 ਦੌਰਾਨ ਬੰਧ ਦੀ ਉਸਾਰੀ ਲਈ

Original with;
Punjab Vidhan Sabha
Digitized by;
Panjab Digital Library

ਪ੍ਰਾਪਤ ਕੀਤੀ ਗਈ ਸੀ ਅਤੇ ਜ਼ਿਮੀਂਦਾਰਾਂ ਨੂੰ ਉਨ੍ਹਾਂ ਦੀ ਜ਼ਮੀਨ ਦਾ ਮੁਆਵਜ਼ਾ 74417.80 ਰੁਪਏ ਅਵਾਰਡ ਨੰ: 69, 70, 71 ਅਤੇ 72 ਮਿਤੀ 28 ਫਰਵਰੀ, 1974 ਰਾਹੀਂ ਦਿੱਤਾ ਜਾ ਚੁੱਕਾ ਹੈ।

ਇਸ ਬੰਧ ਦਾ ਪਿੰਡ ਰਾਮ ਸਿੰਘ ਵਾਲਾ ਤੋਂ ਝੁੱਗੀਆਂ ਪੀਰ ਬਖਸ਼ ਤੱਕ ਦਾ ਜ਼ਿਆਦਾਤਰ ਹਿੱਸਾ ਸਾਲ 1975-76 ਦੇ ਹੜ੍ਹਾਂ ਦੌਰਾਨ ਰੁੜ੍ਹ ਗਿਆ ਸੀ ਅਤੇ ਬਾਕੀ ਬਚਦੇ ਧੁੱਸੀ ਬੰਧ ਦੇ ਦੋਨਾਂ ਸਿਰਿਆਂ ਨੂੰ ਜੋੜ ਕੇ ਇੱਕ ਨਵਾਂ ਬੰਧ ਉਸਾਰਿਆ ਗਿਆ ਸੀ।

ਮਾਲ ਵਿਭਾਗ ਦੇ ਤਾਜ਼ਾ ਰਿਕਾਰਡ ਮੁਤਾਬਕ ਇਨ੍ਹਾਂ ਪਿੰਡਾਂ ਵਿੱਚੋਂ ਗੁਜ਼ਰਦੇ ਧੁੱਸੀ ਬੰਧ ਹੇਠ ਕੁੱਲ 29.04 ਏਕੜ ਜ਼ਮੀਨ ਆਉਂਦੀ ਹੈ, ਜਿਸ ਵਿੱਚੋਂ 9.11 ਏਕੜ ਦੀ ਭੋਂ ਪ੍ਰਾਪਤੀ ਦੀ ਅਦਾਇਗੀ ਉਪਰੋਕਤ ਅਵਾਰਡਾਂ ਰਾਹੀਂ ਪਹਿਲਾਂ ਹੀ ਕੀਤੀ ਹੋਈ ਹੈ। ਬਾਕੀ ਰਹਿੰਦੀ ਭੋਂ ਪ੍ਰਾਪਤੀ ਦੀ ਅਦਾਇਗੀ ਤਾਂ ਹੀ ਕੀਤੀ ਜਾ ਸਕਦੀ ਹੈ ਜੇਕਰ ਸਰਕਾਰ ਇਸ ਅਦਾਇਗੀ ਦਾ ਪ੍ਰੋਜੈਕਟ ਅਨੁਮਾਨ ਪਾਸ ਕਰਨ ਦੇ ਨਾਲ-ਨਾਲ ਫੰਡਜ਼ ਵੀ ਮੁਹੱਈਆ ਕਰੇ। ਬਾਕੀ ਰਹਿੰਦੀ ਜ਼ਮੀਨ ਦੀ ਧਾਰਾ 4 ਅਤੇ 6 ਜਾਰੀ ਕਰਨ ਅਤੇ ਅਵਾਰਡ ਕਰਨ ਲਈ ਘੱਟੋ-ਘੱਟ ਇੱਕ ਸਾਲ ਦਾ ਸਮਾਂ ਲੱਗੇਗਾ।

ਜਿੱਥੋਂ ਤੱਕ ਪਿੰਡ ਹਰੀਕੇ ਅਤੇ ਮੁੱਠੀਆਂ ਵਾਲਾ ਦਾ ਸਬੰਧ ਹੈ ਇਨ੍ਹਾਂ ਪਿੰਡਾਂ ਦੀ ਜ਼ਮੀਨ ਇਸ ਬੰਧ ਹੇਠਾਂ ਨਹੀਂ ਆਉਂਦੀ ਹੈ ਅਤੇ ਨਾ ਹੀ ਇਹਨਾਂ ਪਿੰਡਾਂ ਦੇ ਜਿਮੀਦਾਰਾਂ ਨੂੰ ਕੋਈ ਜ਼ਮੀਨ ਦਾ ਮੁਆਵਜ਼ਾ ਦੇਣਾ ਬਣਦਾ ਹੈ।

---

*11784 PVS–Govt. Press. U.T., Chd.*

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 2009

Published under the authority of the Punjab Vidhan Sabha and printed by the Controller, Printing & Stationery, U.T., Chd.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*Thursday, the 5th March, 2009*

**Vol. VI – No. 3**

OFFICIAL REPORT

CONTENTS


| | Page |
|---|---|
| Starred Questions and Answers | (3) 1 |
| Unstarred Questions and Answers | (3)23 |
| Matters raised during Zero Hour and statement by the Chief Minister thereon | (3)31 |
| Call Attention Notices under Rule 66 | (3)33 |
| Papers Laid on the Table of the House | (3)35 |
| Resolutions reg. – | |
| (i) Recommendation to the State Government to take immediate steps to get the ponds dug and maintained for the discharge of sullage water in the villages and also to ban the use of polythene bags in the State. | (3)36 |
| (ii) Recommendation to the State Government to take serious steps and make an appropriate legislation to check the incidents of setting on fire the wheat chaff, rice husk and the straw along the canals or roads in the State. | (3)97 |
| Appendix | (i) |


**Punjab Vidhan Sabha Secretariat, Chandigarh**

Price : Rs.________.

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Thursday, the 5th March, 2009*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 10.00 A.M. Mr. Speaker (Sardar Nirmal Singh Kahlon) in the Chair.*

---

## STARRED QUESTIONS AND ANSWERS

## ਬਾਹਰਲੀ ਏਜੰਸੀਆਂ ਤੋਂ ਇਮਾਰਤੀ ਨਕਸ਼ੇ ਦੀ ਤਸਦੀਕ

*908. **ਸਰਦਾਰ ਸਰਬਜੀਤ ਸਿੰਘ ਮੱਕੜ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਦੇ ਵੱਖ-ਵੱਖ ਸ਼ਹਿਰਾਂ ਵਿੱਚ ਉਸਾਰੀਆਂ ਜਾ ਰਹੀਆਂ ਮਾਲ, ਮਲਟੀਪਲੈਕਸ ਅਤੇ ਹੋਰ ਇਮਾਰਤਾਂ ਜੋ 45 ਫੁੱਟ ਤੋਂ ਉੱਚੀਆਂ ਹਨ, ਦੇ ਇਮਾਰਤੀ ਨਕਸ਼ਿਆਂ ਅਤੇ ਉਸਾਰੀ ਸਬੰਧੀ ਡੀਜ਼ਾਈਨਾਂ ਲਈ ਰਾਜ ਤੋਂ ਬਾਹਰ ਦੀਆਂ ਏਜੰਸੀਆਂ ਤੋਂ ਮਨਜ਼ੂਰੀ ਉਪਰੰਤ ਲਾਜ਼ਮੀ ਤਸਦੀਕ ਪ੍ਰਾਪਤ ਕਰਨ ਲਈ ਕੋਈ ਕਾਰਜ ਵਿਧੀ ਹੈ ; ਜੇਕਰ ਅਜਿਹਾ ਹੋਵੇ, ਤਾਂ ਅਜਿਹੀਆਂ ਏਜੰਸੀਆਂ ਦੇ ਨਾਂ ਕੀ ਕੀ ਹਨ ਅਤੇ 2007 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਅਜਿਹੀਆਂ ਏਜੰਸੀਆਂ ਨੂੰ ਅਦਾ ਕੀਤੀ ਗਈ ਰਕਮ ਕਿੰਨੀ ਹੈ ?

**ਸ੍ਰੀ ਮਨੋਰੰਜਨ ਕਾਲੀਆ** : ਜਿਹੜੀਆਂ ਉਸਾਰੀਆਂ ਦੀ ਤਜਵੀਜ਼ਤ ਹਾਈਟ 15 ਮੀਟਰ ਤੋਂ ਜ਼ਿਆਦਾ ਹੁੰਦੀ ਹੈ (ਨੈਸ਼ਨਲ ਬਿਲਡਿੰਗ ਕੋਡ ਮੁਤਾਬਿਕ ਹਾਈਰਾਈਜ਼ ਬਿਲਡਿੰਗ) ਉਹਨਾਂ ਦੇ ਮਾਲਕਾਂ/ਬਿਨੈਕਾਰਾਂ ਨੂੰ ਬਿਲਡਿੰਗ ਦੀ ਸੁਰੱਖਿਤ ਉਸਾਰੀ ਅਤੇ ਉਸਾਰੀ ਸਮੇਂ ਨਾਲ ਲੱਗਦੀਆਂ ਬਿਲਡਿੰਗਾਂ ਦੀ ਸੁਰੱਖਿਆ ਸੁਨਿਸ਼ਚਿਤ ਕਰਨ ਲਈ ਕਿਸੇ ਵੀ ਆਈ.ਆਈ.ਟੀ. ਤੋਂ ਸਟਰੱਕਚਰ ਸੇਫਟੀ/ਸਟਰਕਚਰਲ ਸਟੇਬਿਲਟੀ ਸਰਟੀਫਿਕੇਟ ਲੈਣਾ ਜ਼ਰੂਰੀ ਹੁੰਦਾ ਹੈ। ਪ੍ਰੰਤੂ ਸਰਕਾਰ ਵੱਲੋਂ ਇਹ ਸਰਟੀਫਿਕੇਟ ਹਾਸਲ ਕਰਨ ਲਈ ਕੋਈ ਫੀਸ/ਚਾਰਜਿਜ਼ ਨਹੀਂ ਦਿੱਤੇ ਜਾਂਦੇ ਕਿਉਂਕਿ ਇਹ ਸਰਟੀਫਿਕੇਟ ਬਿਨੈਕਾਰ ਵੱਲੋਂ ਲਿਆ ਜਾਣਾ ਹੁੰਦਾ ਹੈ।

**ਸਰਦਾਰ ਸਰਬਜੀਤ ਸਿੰਘ ਮੱਕੜ** : ਸਪੀਕਰ ਸਾਹਿਬ, ਜਦੋਂ ਕੋਈ ਬਾਹਰਲੀ ਸਟੇਟ ਵਿੱਚ ਇਹ ਸਰਟੀਫਿਕੇਟ ਲੈਣ ਲਈ ਜਾਂਦਾ ਹੈ ਤਾਂ ਉਸ ਦਾ ਮਹੀਨਾ ਖਰਾਬ ਹੋ ਜਾਂਦਾ ਹੈ ਤੇ ਸਾਡੀ ਸਟੇਟ ਦਾ ਪੈਸਾ ਵੀ ਬਾਹਰ ਚਲਾ ਜਾਂਦਾ ਹੈ। ਜਿਹੜੇ ਸਾਡੇ ਐਜੂਕੇਸ਼ਨ ਅਦਾਰੇ ਹਨ, ਇੰਜੀਨੀਅਰਿੰਗ ਅਦਾਰੇ ਹਨ ਜਾਂ ਯੂਨੀਵਰਸਿਟੀਆਂ ਹਨ, ਪੈਸਾ ਉਨ੍ਹਾਂ ਕੋਲ ਜਾਣ ਦੀ ਬਜਾਏ ਬਾਹਰ ਜਾ ਰਿਹਾ ਹੈ। ਇਸ ਲਈ ਮੇਰਾ ਇਨ੍ਹਾਂ ਤਿੰਨ ਚੀਜ਼ਾਂ ਤੇ ਸਵਾਲ ਹੈ। ਮੰਤਰੀ ਜੀ ਦੱਸਣ ਕਿ ਇਨ੍ਹਾਂ ਤਿੰਨ ਚੀਜ਼ਾਂ ਦਾ ਲੱਸ ਕਿੰਨਾ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਦਰਅਸਲ ਜਿਹੜੇ ਮਲਟੀਪਲੈਕਸ ਬਣਦੇ ਹਨ, ਅਗਰ ਇਹ 15 ਮੀਟਰ ਤੋਂ ਜ਼ਿਆਦਾ ਹਾਈਟ ਤੇ ਹੋਣ ਤਾਂ ਨਾਲ ਦੀਆਂ ਇਮਾਰਤਾਂ ਡੈਮੇਜ ਹੋ ਸਕਦੀਆਂ ਹਨ। ਜਲੰਧਰ ਵਿੱਚ ਇਸੇ ਤਰ੍ਹਾਂ ਮਜ਼ਦੂਰ ਥੱਲੇ ਦੱਬ ਕੇ ਮਰ ਗਏ। 15 ਮੀਟਰ ਤੋਂ ਜਿਹੜੀ ਜ਼ਿਆਦਾ ਹਾਈਟ ਹੈ, ਉਸ ਵਾਸਤੇ ਆਈ.ਆਈ.ਟੀ. ਦੀ ਪਰਮਿਸ਼ਨ ਜ਼ਰੂਰੀ ਹੈ। ਇਹ ਆਈ.ਆਈ.ਟੀ. ਲੋਕਲ ਗੌਰਮਿੰਟ ਲਈ ਪੀ.ਜੀ.ਆਈ. ਜਾਂ ਏਮਜ਼ ਦੇ ਬਰਾਬਰ ਹੈ। ਇਸ ਤੋਂ ਉਪਰ ਅਥਾਰਟੀ ਹੋਰ ਕੋਈ ਨਹੀਂ। ਪੰਜਾਬ ਵਿਚ ਇੰਜੀਨੀਅਰਿੰਗ ਕਾਲਜ ਹਨ, ਉਹ 15 ਮੀਟਰ ਤੋਂ ਘੱਟ ਹਾਈਟ ਵਾਸਤੇ ਪਰਮਿਸ਼ਨ ਦੇ ਸਕਦੇ ਹਨ। ਉਸ ਵਿੱਚ ਬੇਸਮੈਂਟ ਵੀ ਸ਼ਾਮਲ ਹੈ ਔਰ ਸਟਰੱਕਚਰਲ ਸੇਫਟੀ ਵੀ ਇਨਵਾਲਵਡ ਹੈ। ਇਹ ਪੰਜ ਇੰਜੀਨੀਅਰਿੰਗ ਕਾਲਜਾਂ ਨੂੰ ਅਥਾਰਟੀ ਦਿੱਤੀ ਹੋਈ ਹੈ ਜਿਨ੍ਹਾਂ ਵਿੱਚ ਇੰਜੀਨੀਅਰਿੰਗ ਕਾਲਜ, ਲੁਧਿਆਣਾ, ਪੈੱਕ, ਥਾਪਰ ਕਾਲਜ, ਇੰਜੀਨੀਅਰਿੰਗ ਕਾਲਜ, ਬਠਿੰਡਾ ਔਰ ਆਰ.ਈ.ਸੀ., ਜਲੰਧਰ ਸ਼ਾਮਲ ਹਨ ਜਿਨ੍ਹਾਂ ਕੋਲ 15 ਮੀਟਰ ਤੱਕ ਹਾਈਟ ਵਾਸਤੇ ਪਰਮਿਸ਼ਨ ਦੇਣ ਦੀ ਸਮਰੱਥਾ ਹੈ। ਕਿਉਂਕਿ ਇਸ ਵਿੱਚ ਜਾਨੀ ਮਾਲੀ ਨੁਕਸਾਨ ਹੋਣ ਦੀ ਇਨਵਾਲਵਮੈਂਟ ਹੈ, ਇਸ ਲਈ ਸੁਰੱਖਿਆ ਕਰਕੇ ਅਜਿਹਾ ਕੀਤਾ ਗਿਆ ਹੈ।

**ਸਰਦਾਰ ਸਰਬਜੀਤ ਸਿੰਘ ਮੱਕੜ** : ਸਪੀਕਰ ਸਾਹਿਬ, ਮੇਰਾ ਸਵਾਲ ਕੰਪਲੀਟ ਨਹੀਂ ਹੋਇਆ। ਮੇਰਾ ਸਵਾਲ ਇਹ ਸੀ ਕਿ ਪੰਜਾਬ ਦੇ ਜਿੰਨੇ ਐਜੂਕੇਸ਼ਨ ਅਦਾਰੇ ਹਨ, ਉਨ੍ਹਾਂ ਨੂੰ 15 ਮੀਟਰ ਤੱਕ ਪਰਮਿਸ਼ਨ ਦੇਣ ਦੀ ਸਮਰੱਥਾ ਹੈ ਜਦ ਕਿ ਬਾਹਰਲੇ ਸੂਬਿਆਂ ਵਿੱਚ ਇਹ 45 ਮੀਟਰ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਵਿਤਕਰਾ ਕਿਉਂ ਕੀਤਾ ਗਿਆ ਹੈ ?

**ਮਾਨਯੋਗ ਸਪੀਕਰ** : ਉਨ੍ਹਾਂ ਨੇ ਗੱਲ ਕੀਤੀ ਹੈ ਕਿ ਪੰਜਾਬ ਦੇ ਇੰਜੀਨੀਅਰਿੰਗ ਕਾਲਜ ਜੋ ਹਨ, ਜਿਵੇਂ ਥਾਪਰ ਹੈ ਜਾਂ ਜਲੰਧਰ ਹੈ, ਕੀ ਉਨ੍ਹਾਂ ਕੋਲ ਪਰਮਿਸ਼ਨ ਦੇਣ ਦੀਆਂ ਪਾਵਰਾਂ ਹਨ?

**ਸਰਦਾਰ ਸਰਬਜੀਤ ਸਿੰਘ ਮੱਕੜ** : ਸਪੀਕਰ ਸਾਹਿਬ, ਇਹ ਸਾਰੇ ਕਾਲਜ 45 ਫੁੱਟ ਤੱਕ ਸਰਟੀਫਿਕੇਟ ਦੇ ਸਕਦੇ ਹਨ। ਜੇ 45 ਫੁੱਟ ਤੋਂ ਉਪਰ ਬਿਲਡਿੰਗ ਹੈ, ਜਿਵੇਂ 70 ਫੁੱਟ ਜਾਂ 100 ਫੁੱਟ, ਉਹ ਉਥੇ ਪਾਸ ਨਹੀਂ ਹੋ ਸਕਦੇ।

**ਮਾਨਯੋਗ ਸਪੀਕਰ** : ਹੁਣ ਆਈ.ਆਈ.ਟੀ. ਇੱਥੇ ਆ ਰਹੀ ਹੈ।

**ਸਰਦਾਰ ਸਰਬਜੀਤ ਸਿੰਘ ਮੱਕੜ** : ਸਪੀਕਰ ਸਾਹਿਬ, ਉਸ ਕੋਲ ਪਰਮਿਸ਼ਨ ਦੇਣ ਦੀ ਪਾਵਰ ਨਹੀਂ ਹੈ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਕਿ ਆਈ.ਆਈ.ਟੀ. ਹੁਣ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸਰਦਾਰ ਪ੍ਰਕਾਸ਼

Original with;
Punjab Vidhan Sabha
Digitized by;
Panjab Digital Library

ਸਿੰਘ ਬਾਦਲ, ਮੁੱਖ ਮੰਤਰੀ ਸਾਹਿਬ, ਦੀ ਅਗਵਾਈ ਵਿੱਚ ਰੂਪ ਨਗਰ ਵਿੱਚ ਆ ਗਈ ਹੈ। ਸੋ, ਇਹ ਜਦੋਂ ਸ਼ੁਰੂ ਹੋ ਜਾਵੇਗੀ, ਇਹ ਪਰਮਿਸ਼ਨ ਉਥੇ ਦੇ ਦਿਆਂਗੇ।

---

## ਮੀਂਹ ਦੇ ਪਾਣੀ ਦੀ ਨਿਕਾਸੀ

*756. **ਸ਼੍ਰੀ ਕੇ.ਡੀ. ਭੰਡਾਰੀ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਰਸਾਤਾਂ ਦੇ ਮੌਸਮ ਦੌਰਾਨ ਜਲੰਧਰ ਵਿੱਚ ਚੰਦਨ ਨਗਰ, ਸੰਤ ਨਗਰ, ਕਿਸ਼ਨਪੁਰਾ, ਪ੍ਰੀਤ ਨਗਰ, ਸੋਢਲ ਰੋਡ ਦੇ ਇਲਾਕਿਆਂ ਵਿੱਚ ਜਿਥੇ ਪਾਣੀ ਜਮ੍ਹਾਂ ਹੋ ਜਾਂਦਾ ਹੈ, ਦੀ ਉੱਚਿਤ ਨਿਕਾਸੀ ਨੂੰ ਯਕੀਨੀ ਬਣਾਉਣ ਲਈ ਚੁੱਕੇ ਗਏ/ਚੁੱਕੇ ਜਾਣੇ ਤਜਵੀਜ਼ਤ ਕਦਮਾਂ ਦੇ ਵੇਰਵੇ ਕੀ ਹਨ ਅਤੇ ਇਸ ਮੁਸ਼ਕਿਲ ਨੂੰ ਕਦੋਂ ਤੱਕ ਹੱਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਮਨੋਰੰਜਨ ਕਾਲੀਆ** : ਨਗਰ ਨਿਗਮ ਵੱਲੋਂ ਬਰਸਾਤ ਦੇ ਪਾਣੀ ਦੇ ਨਿਕਾਸ ਵਾਸਤੇ ਹੇਠ ਅਨੁਸਾਰ ਉਪਰਾਲੇ ਕੀਤੇ ਜਾ ਰਹੇ ਹਨ :-

(ੳ) ਜਲੰਧਰ ਸ਼ਹਿਰ ਨੂੰ 7 ਜ਼ੋਨਾਂ ਵਿੱਚ ਵੰਡਿਆ ਗਿਆ ਹੈ ਅਤੇ ਇਹਨਾਂ ਜ਼ੋਨਾਂ ਵਿੱਚ ਮੈਨੂਅਲ ਤਰੀਕੇ ਨਾਲ ਸੀਵਰੇਜ ਦੀ ਸਫਾਈ ਬਰਸਾਤਾਂ ਤੋਂ ਪਹਿਲਾਂ ਕਰਵਾਈ ਜਾਂਦੀ ਹੈ।

(ਅ) ਮੇਨ ਸੀਵਰ ਦੀ ਸਫਾਈ ਵਾਸਤੇ ਸ਼ਹਿਰ ਵਿੱਚ ਵੱਖ-ਵੱਖ ਇਲਾਕਿਆਂ ਵਿੱਚ 12 ਸੀਵਰ ਕਲੀਨਿੰਗ ਮਸ਼ੀਨਾਂ ਲਗਾਈਆਂ ਗਈਆਂ ਹਨ।

ਚੰਦਨ ਨਗਰ, ਸੰਤ ਨਗਰ ਵਿੱਚ ਬਰਸਾਤ ਦੇ ਪਾਣੀ ਦੇ ਜਲਦੀ ਨਿਕਾਸ ਵਾਸਤੇ ਗਾਜੀ ਗੁੱਲਾ ਰੋਡ ਤੇ ਇੱਕ ਨਵਾਂ ਟੈਂਪਰੇਰੀ ਡਿਸਪੋਜ਼ਲ ਪਲਾਂਟ ਲਗਾਇਆ ਜਾ ਰਿਹਾ ਹੈ ਜਿਸ ਨਾਲ ਪਾਣੀ ਦਾ ਨਿਕਾਸ ਅੱਗੇ ਨਾਲੋਂ ਜਲਦੀ ਹੋ ਸਕੇਗਾ।

ਪ੍ਰੀਤ ਨਗਰ, ਸੋਢਲ ਰੋਡ ਤੇ ਟੈਂਪਰੇਰੀ ਡਿਸਪੋਜ਼ਲ ਪਲਾਂਟ ਅਤੇ ਕ੍ਰਿਸ਼ਨਪੁਰਾ/ ਇੰਡਸਟਰੀਅਲ ਏਰੀਆ ਵਿਖੇ ਮੇਨ ਡਿਸਪੋਜ਼ਲ ਪਲਾਂਟ ਪੂਰੀ ਸਮਰੱਥਾ ਨਾਲ ਕੰਮ ਕਰਦੇ ਰਹਿਣਗੇ ਤਾਂ ਜੋ ਸੀਵਰੇਜ/ਬਰਸਾਤੀ ਪਾਣੀ ਦਾ ਨਿਕਾਸ ਛੇਤੀ ਹੋ ਸਕੇ। ਸਪੀਕਰ ਸਾਹਿਬ, ਟੈਂਪਰੇਰੀ ਡਿਸਪੋਜ਼ਲ ਪਲਾਂਟ ਵਾਸਤੇ 24 ਹਾਰਸ ਪਾਵਰ ਦੀ ਮੋਟਰ ਲਗਾਈ ਜਾਵੇਗੀ। ਇਸ ਦਾ ਵਰਕ ਆਰਡਰ ਮਿਤੀ 18.2.2009 ਨੂੰ ਦੇ ਦਿੱਤਾ ਗਿਆ ਹੈ ਔਰ ਚਾਰ ਮਹੀਨਿਆਂ ਵਿੱਚ ਇਹ ਕੰਪਲੀਟ ਹੋ ਕੇ ਜੂਨ ਵਿੱਚ ਕਮੈਂਸ ਹੋ ਜਾਵੇਗੀ ਜੀ।

**ਸ਼੍ਰੀ ਕੇ.ਡੀ. ਭੰਡਾਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਸੀਵਰੇਜ ਇਨ੍ਹਾਂ ਇਲਾਕਿਆਂ ਵਿੱਚ ਪਿਆ ਹੈ, ਉਹ ਲਗਭਗ 30 ਸਾਲ ਪੁਰਾਣਾ ਹੈ। ਇਥੇ ਸਫਾਈ ਬਿਲਕੁਲ ਨਾਮਾਤਰ ਹੈ। ਬਰਸਾਤਾਂ ਵਿੱਚ

Original with;
Punjab Vidhan Sabha
Digitized by;
Panjab Digital Library

[ ਸ੍ਰੀ ਕੇ.ਡੀ. ਭੰਡਾਰੀ ]

ਦੋ-ਦੋ ਫੁੱਟ ਪਾਣੀ ਲੋਕਾਂ ਦੇ ਘਰਾਂ ਵਿੱਚ ਵੜ ਜਾਂਦਾ ਹੈ। ਲੋਕ ਬਹੁਤ ਦੁਖੀ ਹਨ। ਮੇਰੀ ਇਹ ਮੰਗ ਹੈ ਕਿ ਇਸ ਇਲਾਕੇ ਵਿੱਚ ਸੀਵਰ ਨੂੰ ਵੱਡਾ ਕਰਵਾਇਆ ਜਾਵੇ ਔਰ ਜਿਹੜਾ ਪ੍ਰੀਤ ਨਗਰ ਹੈ, ਸੋਢਲ ਰੋਡ ਹੈ ਅਤੇ ਚੰਦਨ ਨਗਰ ਹੈ, ਉਥੇ ਸਟਰੌਂਗ ਸੀਵਰੇਜ ਦੀ ਵਿਵਸਥਾ ਕਰਵਾਈ ਜਾਵੇ ਤਾਂ ਕਿ ਇਸ ਇਲਾਕੇ ਨੂੰ ਸਹੂਲਤ ਮਿਲ ਸਕੇ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਜੇਕਰ ਪਰਾਪਰ ਸੀਵਰੇਜ ਕਲੀਨਿੰਗ ਹੋ ਜਾਵੇ ਤਾਂ ਉਸ ਦੇ ਨਾਲ ਪਾਣੀ ਜਿੰਨਾ ਮਰਜ਼ੀ ਹੋਵੇ, ਉਸ ਦੀ ਨਿਕਾਸੀ ਹੋ ਜਾਂਦੀ ਹੈ। ਜੇਕਰ ਅਕਸੈਸਿਵ ਵਰਖਾ ਹੋ ਜਾਵੇ ਤਾਂ ਉਸ ਦਾ ਕੋਈ ਇਲਾਜ ਨਹੀਂ ਹੈ। ਸਾਡੀ ਮੁੰਬਈ ਇਕਨਾਮਿਕ ਕੈਪੀਟਲ ਹੈ ਔਰ ਉਥੇ ਬਰਸਾਤਾਂ ਦੇ ਦਿਨਾਂ ਵਿੱਚ ਲੋਕ ਛੱਤ ਤੇ ਸ਼ੈਲਟਰ ਲੈਂਦੇ ਹਨ। ਜਿਥੋਂ ਤੱਕ ਅਕਸੈਸਿਵ ਰੇਨ ਦਾ ਤਾਅਲੁੱਕ ਹੈ, ਉਸ ਦਾ ਇਲਾਜ ਨਹੀਂ ਹੈ ਲੇਕਿਨ ਨਾਰਮਲ ਰੇਨ ਦੌਰਾਨ ਪਾਣੀ ਘਰਾਂ ਵਿੱਚ ਨਾ ਵੜੇ, ਉਸ ਦੇ ਲਈ ਅਸੀਂ ਜਿਹੜੀ ਇਹਤਿਆਤ ਵਰਤ ਸਕਦੇ ਹਾਂ, ਉਹ ਵਰਤ ਰਹੇ ਹਾਂ। ਜਲੰਧਰ ਸ਼ਹਿਰ ਨੂੰ ਅਰਬਨ ਇਨਫਰਾਸਟਰੱਕਚਰ ਡਿਵੈਲਪਮੈਂਟ ਸਕੀਮ ਫਾਰ ਸਮਾਲ ਐਂਡ ਮੀਡੀਅਮ ਟਾਊਨਜ਼ ਤਹਿਤ ਸੀਵਰ ਦੀ ਸਕੀਮ ਲੈ ਕੇ ਆਏ ਹਾਂ ਅਤੇ ਇਸ ਸੀਵਰੇਜ ਅਤੇ ਵਾਟਰ ਸਪਲਾਈ ਸਕੀਮ ਅਧੀਨ 359 ਕਰੋੜ ਰੁਪਏ ਦੀ ਅਸੀਂ ਤਜਵੀਜ਼ ਬਣਾਈ ਹੈ। ਉਸ ਦੇ ਵਿੱਚ ਫਸਟ ਫੇਜ਼ ਵਿੱਚ 100 ਕਰੋੜ ਰੁਪਏ ਦਾ ਕੰਮ ਸ਼ੁਰੂ ਕਰ ਦਿੱਤਾ ਹੈ ਔਰ ਅਸੀਂ 100 ਪ੍ਰਤੀਸ਼ਤ ਸੀਵਰੇਜ ਅਤੇ ਵਾਟਰ ਸਪਲਾਈ ਸ਼ਹਿਰ ਨੂੰ ਦੇਣਾ ਹੈ। ਜਿਥੋਂ ਤੱਕ ਸਟਾਰਮ ਵਾਟਰ ਸੀਵਰੇਜ ਦੀ ਗੱਲ ਹੈ, ਇਹ ਕੁਝ ਇਲਾਕਿਆਂ ਵਿੱਚ ਹੈ। ਬਾਕੀ ਇਲਾਕਿਆਂ ਵਿੱਚ ਖਰਚਾ ਕਾਫੀ ਹੋਏਗਾ ਔਰ ਆਉਣ ਵਾਲੇ ਸਮੇਂ ਵਿੱਚ ਅਸੀਂ ਉਹ ਵੀ ਵਿਚਾਰ ਲਵਾਂਗੇ।

**ਸ੍ਰੀ ਕੇ.ਡੀ. ਭੰਡਾਰੀ :** ਸਪੀਕਰ ਸਾਹਿਬ, ਕੀ ਇਹ ਏਰੀਆ ਇਸ ਸਕੀਮ ਵਿੱਚ ਕਵਰ ਕੀਤਾ ਹੈ, ਇਹ ਦੱਸਿਆ ਜਾਵੇ ?

**ਮੰਤਰੀ :** ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਇਹ ਸਾਰੇ ਸ਼ਹਿਰ ਵਿੱਚ ਆਲਰੈਡੀ ਪਿਆ ਹੋਇਆ ਹੈ ਅਤੇ ਸੀਵਰੇਜ ਕੰਮ ਕਰ ਰਿਹਾ ਹੈ ਔਰ ਉਥੇ ਪਾਣੀ ਦੀ ਨਿਕਾਸੀ ਛੇਤੀ ਹੋਣ ਵਾਸਤੇ ਸੀਵਰੇਜ ਕਲੀਨਿੰਗ ਹੋਵੇ ਤਾਂ ਉਥੇ ਇਹ ਮਸਲਾ ਖੜ੍ਹਾ ਨਹੀਂ ਹੁੰਦਾ।

**ਸਰਦਾਰ ਸਰਬਜੀਤ ਸਿੰਘ ਮੱਕੜ :** ਸਪੀਕਰ ਸਾਹਿਬ, ਮੈਂ ਕਾਲੀਆ ਸਾਹਿਬ ਨੂੰ ਇਸੇ ਕੁਨੈਕਸ਼ਨ ਵਿੱਚ ਪੁੱਛਣਾ ਚਾਹੁੰਦਾ ਹਾਂ ਔਰ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਸਾਡੇ ਦੋ ਪੁਆਇੰਟ ਹਨ। ਜਿਸ ਤਰ੍ਹਾਂ ਭੰਡਾਰੀ ਸਾਹਿਬ ਨੇ ਦੱਸਿਆ, ਇੱਕ ਬੱਸ ਸਟੈਂਡ ਹੈ ਅਤੇ ਇੱਕ ਨਕੋਦਰ ਚੌਂਕ ਤੇ ਸਾਈਨ ਪਾਇਲ ਥੀਏਟਰ। ਵੈਸੇ ਤਾਂ ਸਾਡੀ ਖੁਸ਼ਕਿਸਮਤੀ ਹੈ ਕਿ ਕਾਲੀਆ ਸਾਹਿਬ ਉਸੇ ਸ਼ਹਿਰ ਦੇ ਹਨ। ਬਚਪਨ ਤੋਂ ਅਸੀਂ ਇਹ ਦੋ ਪੁਆਇੰਟ ਦੇਖਦੇ ਆ ਰਹੇ ਹਾਂ ਕਿ ਜਦੋਂ ਬਾਰਸ਼ਾਂ ਪੈਂਦੀਆਂ ਹਨ ਤਾਂ ਉਥੇ 2-2, 3-3 ਫੁੱਟ ਪਾਣੀ ਖੜ੍ਹਾ ਹੋ ਜਾਂਦਾ ਹੈ। ਕਿਸੇ ਕਾਰਪੋਰੇਸ਼ਨ ਨੇ ਅੱਜ ਤੱਕ ਉਸ

Original with;
Punjab Vidhan Sabha
Digitized by;
Panjab Digital Library

ਦਾ ਇੰਤਜ਼ਾਮ ਨਹੀਂ ਕੀਤਾ। ਸੰਨ 1947 ਤੋਂ ਲੈ ਕੇ ਹੁਣ ਤੱਕ ਸ਼ਹਿਰ ਵਿੱਚ ਇਸ ਵਾਸਤੇ ਕੋਈ ਉਪਰਾਲਾ ਨਹੀਂ ਕੀਤਾ ਗਿਆ। ਇਹ ਸ਼ਹਿਰ ਦਾ ਪੌਸ਼ ਏਰੀਆ ਹੈ। ਬੱਸ ਸਟੈਂਡ ਅਤੇ ਨਕੋਦਰ ਚੌਂਕ ਕੋਲ ਬੜੇ ਸੰਘਣੇ ਬਜ਼ਾਰ ਵੀ ਹਨ। ਦੋਨੋਂ ਜਗ੍ਹਾ ਤੇ ਲੋਕਾਂ ਨੂੰ ਡੇਢ-ਡੇਢ ਦਿਨ ਖਰਾਬ ਹੋਣਾ ਪੈਂਦਾ ਹੈ। ਪਿੱਛੇ ਜਿਹੇ ਸਾਰੇ ਘਰਾਂ ਵਿਚ ਪਾਣੀ ਵੜ ਗਿਆ ਸੀ। ਉਥੇ ਮਲਟੀਪਲੈਕਸ ਬਣ ਗਿਆ ਹੈ, ਉਹ ਵੀ ਡੈਮੇਜ ਹੋ ਗਿਆ ਸੀ। ਇਸ ਦੇ ਵਾਸਤੇ ਇਹ ਕੀ ਕਰ ਰਹੇ ਹਨ ?

**ਮਾਨਯੋਗ ਸਪੀਕਰ** : ਤੁਹਾਡਾ ਸਵਾਲ ਜਲੰਧਰ ਦਾ ਹੈ, ਇਹ ਵੀ ਜਲੰਧਰ ਦੇ ਹਨ ਅਤੇ ਇਹ ਆਪੇ ਕਰਨਗੇ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਜਦੋਂ ਅਕਸੈਸਿਵ ਰੇਨ ਹੁੰਦੀ ਹੈ ਤਾਂ ਉਦੋਂ ਉਸ ਦਾ ਕੋਈ ਇਲਾਜ ਨਹੀਂ ਹੈ। ਮੈਨੂੰ ਵੀ ਇਸ ਦੀ ਚਿੰਤਾ ਹੈ। ਜੋ ਇਨ੍ਹਾਂ ਨੇ ਕਿਹਾ ਹੈ ਕਿ ਸਾਈਨ ਪਾਇਲ ਅਤੇ ਬੱਸ ਸਟੈਂਡ ਕੋਲ ਪਾਣੀ ਖੜ੍ਹਾ ਹੁੰਦਾ ਹੈ, ਉਸ ਦਾ ਪਰਾਪਰ ਇੰਤਜ਼ਾਮ ਕਰ ਦੇਵਾਂਗੇ।

---

## ਅਨੁਸੂਚਿਤ ਜਾਤੀਆਂ ਲਈ ਪਖਾਨਿਆਂ ਦੀ ਉਸਾਰੀ

*877. **ਡਾਕਟਰ ਦਲਬੀਰ ਸਿੰਘ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਦੋ ਸਾਲਾਂ ਦੇ ਦੌਰਾਨ ਰਾਜ ਵਿੱਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਅਕਤੀਆਂ ਦੀ ਵਰਤੋਂ ਲਈ ਸਰਕਾਰ ਦੁਆਰਾ ਬਣਾਏ ਗਏ ਪਖਾਨਿਆਂ ਦੀ ਉਸਾਰੀ ਤੇ ਕੀਤੇ ਗਏ ਖਰਚੇ ਦੇ ਜ਼ਿਲ੍ਹਾ-ਵਾਰ ਵੇਰਵੇ ਕੀ ਹਨ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਸ਼੍ਰੀਮਾਨ ਜੀ, ਮੰਗੀ ਗਈ ਸੂਚਨਾ ਅਨੁਲੱਗ "ੳ" ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ, ਜੀ।

### ਅਨੁਲੱਗ ੳ

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਪਿਛਲੇ ਦੋ ਵਿੱਤੀ ਸਾਲਾਂ 2006-07 ਅਤੇ 2007-08 ਦੌਰਾਨ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਅਕਤੀਆਂ ਲਈ ਬਣਾਏ ਗਏ ਪਖਾਨਿਆਂ ਤੇ ਖਰਚ ਕੀਤੀ ਰਕਮ (ਲੱਖਾਂ ਵਿੱਚ) |
|---|---|---|
| 1. | ਅੰਮ੍ਰਿਤਸਰ | 582.75 |
| 2. | ਬਰਨਾਲਾ | 264.43 |
| 3. | ਬਠਿੰਡਾ | 427.30 |
| 4. | ਫਰੀਦਕੋਟ | 274.00 |

Original with;
Punjab Vidhan Sabha
Digitized by;
Panjab Digital Library

[ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ]

| | | |
|---|---|---|
| 5. | ਫਤਿਹਗੜ੍ਹ ਸਾਹਿਬ | 164.83 |
| 6. | ਫਿਰੋਜ਼ਪੁਰ | 963.304 |
| 7. | ਗੁਰਦਾਸਪੁਰ | 719.60 |
| 8. | ਹੁਸ਼ਿਆਰਪੁਰ | 809.02 |
| 9. | ਜਲੰਧਰ | 678.57 |
| 10. | ਕਪੂਰਥਲਾ | 324.93 |
| 11. | ਲੁਧਿਆਣਾ | 1002.00 |
| 12. | ਮਾਨਸਾ | 623.76 |
| 13. | ਮੋਗਾ | 530.00 |
| 14. | ਮੋਹਾਲੀ | 163.93 |
| 15. | ਮੁਕਤਸਰ | 316.31 |
| 16. | ਸ਼ਹੀਦ ਭਗਤ ਸਿੰਘ ਨਗਰ | 379.00 |
| 17. | ਪਟਿਆਲਾ | 789.36 |
| 18. | ਰੋਪੜ | 182.00 |
| 19. | ਸੰਗਰੂਰ | 714.944 |
| 20 | ਤਰਨ ਤਾਰਨ | 630.23 |
| | ਕੁੱਲ | 10540.268 |

**ਡਾਕਟਰ ਦਲਬੀਰ ਸਿੰਘ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਜ਼ਿਲ੍ਹਾ ਵਾਈਜ਼ ਰਕਮ ਬਾਰੇ ਦੱਸਿਆ ਹੈ, ਕੀ ਇਨ੍ਹਾਂ ਵਿੱਚੋਂ ਪਖਾਨੇ ਪ੍ਰਤੀ ਘਰ ਬਣਾਏ ਹਨ ਜਾਂ ਫਿਰ ਕਮਿਊਨਿਟੀ ਪਖਾਨੇ, ਕਾਮਨ ਪਖਾਨੇ ਬਣਾਏ ਹਨ ?

**ਮੰਤਰੀ :** ਇਹ ਜਿਹੜੇ ਪਖਾਨੇ ਬਣਾਏ ਜਾਂਦੇ ਹਨ, ਉਹ ਜ਼ਿਆਦਾਤਰ ਇੰਡਵਿਜੂਅਲੀ ਬਣਾਏ ਜਾਂਦੇ ਹਨ। ਇਨ੍ਹਾਂ ਨੇ ਪਿਛਲੇ ਦੋ ਸਾਲਾਂ ਦੇ ਬਾਰੇ ਪੁੱਛਿਆ ਸੀ ਕਿ ਕਿੰਨੀ ਜ਼ਿਲ੍ਹਾ ਵਾਈਜ਼ ਰਕਮ ਰੱਖੀ ਗਈ ਸੀ ਔਰ ਕਿੰਨੇ ਪਖਾਨੇ ਬਣਾਏ ਗਏ ਹਨ, ਉਹ ਜੇਕਰ ਇਹ ਕਹਿਣ ਤਾਂ ਮੈਂ ਪੜ੍ਹ ਕੇ ਸੁਣਾ ਵੀ ਦਿੰਦਾ ਹਾਂ।

**ਮਾਨਯੋਗ ਸਪੀਕਰ :** ਇਹ ਤਾਂ ਇਨ੍ਹਾਂ ਦੇ ਕੋਲ ਹੈ।

**ਮੰਤਰੀ :** ਬਾਕੀ ਜੋ ਇਹ ਸਕੀਮ ਹੈ, ਉਸ ਦੇ ਮੁਤਾਬਿਕ ਜਿਹੜੇ ਬੀ.ਪੀ.ਐਲ. ਦੇ ਤਹਿਤ ਲੋਕ ਆਉਂਦੇ ਹਨ, ਉਨ੍ਹਾਂ ਲਈ ਹੀ ਬਣਦੇ ਹਨ ਪਰ ਜੇਕਰ ਫੰਡਜ਼ ਜ਼ਿਆਦਾ ਹੋਣ ਤਾਂ ਦੂਸਰਿਆਂ ਲਈ ਵੀ ਬਣ ਸਕਦੇ ਹਨ।

Original with;
Punjab Vidhan Sabha
Digitized by;
Panjab Digital Library

**ਡਾਕਟਰ ਦਲਬੀਰ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਇਹ ਇੰਡਵਿਜੁਅਲ ਤੌਰ ਤੇ ਬੀ.ਪੀ.ਐਲ. ਲੋਕਾਂ ਲਈ ਬਣਾ ਕੇ ਦਿੱਤੇ ਜਾਂਦੇਂ ਹਨ ਤੇ ਨਾਲ ਹੀ ਦੱਸਿਆ ਹੈ ਕਿ ਜ਼ਿਆਦਾ ਪੈਸੇ ਹੋਣ ਤੇ ਦੂਜੇ ਲੋਕਾਂ ਲਈ ਬਣਾ ਦਿੱਤੇ ਜਾਂਦੇ ਹਨ ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਈ ਲੋਕ ਬੀ.ਪੀ.ਐਲ. ਤਹਿਤ ਕਵਰ ਨਹੀਂ ਹੁੰਦੇ ਤੇ ਉਹ ਗਰੀਬ ਲੋਕ ਹਨ। ਕੀ ਸਾਰੇ ਪਿੰਡ ਦੇ ਗਰੀਬ ਲੋਕਾਂ ਦੇ ਲਈ ਇੱਕ ਜਗ੍ਹਾ ਦੇ ਉਤੇ ਇਹ ਪਖਾਨੇ ਬਣਾ ਸਕਦੇ ਹਨ ਜਾਂ ਇਸ ਦੇ ਉਤੇ ਖਰਚ ਕੀਤਾ ਹੈ ਜਾਂ ਫਿਰ ਕਰਨ ਦੀ ਕੋਈ ਤਜਵੀਜ਼ ਰੱਖਦੇ ਹਨ ?

**ਮੰਤਰੀ** : ਸਪੀਕਰ ਸਾਹਿਬ, ਜਿਸ ਪਿੰਡ ਦੀ ਪੰਚਾਇਤ ਇਹ ਲਿਖ ਕੇ ਦੇਵੇ ਕਿ ਅਜਿਹੀਆਂ ਥਾਵਾਂ ਦੇ ਉਤੇ ਜਾਂ ਸਾਂਝੀਆਂ ਥਾਂਵਾਂ ਦੇ ਉਤੇ ਪਖਾਨੇ ਬਣਾਏ ਜਾਣੇ ਚਾਹੀਦੇ ਹਨ ਤਾਂ ਉਥੇ ਬਣਾਉਣ ਦੀ ਪ੍ਰੋਵੀਜ਼ਨ ਹੈ।

**ਡਾਕਟਰ ਦਲਬੀਰ ਸਿੰਘ** : ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

---

## ਫੰਡਾਂ ਨੂੰ ਜਾਰੀ ਕਰਨਾ

*797. **ਸਰਦਾਰ ਸੋਹਣ ਸਿੰਘ ਠੰਡਲ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2008-09 ਲਈ ਸਲਾਨਾ ਵਿੱਤੀ ਬਜਟ ਵਿੱਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਮਖ਼ਸੂਸ ਕੀਤੇ ਗਏ ਫੰਡਾਂ ਵਿੱਚੋਂ ਜਾਰੀ ਕੀਤੇ ਗਏ ਫੰਡਾਂ ਦੇ ਵੇਰਵੇ ਕੀ ਹਨ ਅਤੇ ਬਾਕੀ ਰਹਿੰਦੇ ਫੰਡਾਂ ਦੇ ਜਾਰੀ ਨਾ ਕਰਨ ਦੇ ਕਾਰਣ ਕੀ ਹਨ ?

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਸਾਲ 2008-09 ਦੌਰਾਨ 21762.85 ਲੱਖ ਰੁਪਏ ਦਾ ਬਜਟ ਉਪਬੰਧ ਸੀ ਅਤੇ ਹੁਣ ਸੋਧੇ ਅਨੁਮਾਨ ਅਨੁਸਾਰ ਸਾਲ 2008-09 ਲਈ ਇਹ ਉਪਬੰਧ ਵਧ ਕੇ 23662.82 ਲੱਖ ਰੁਪਏ ਹੋ ਗਿਆ ਹੈ। ਸਾਲ 2008-09 ਦੌਰਾਨ ਮਿਤੀ 31.12.08 ਤੱਕ ਕੁੱਲ 17696.38 ਲੱਖ ਰੁਪਏ ਦੀ ਰਾਸ਼ੀ ਰਿਲੀਜ਼ ਕੀਤੀ ਜਾ ਚੁੱਕੀ ਹੈ ਅਤੇ 11508.80 ਲੱਖ ਰੁਪਏ ਦੀ ਰਾਸ਼ੀ ਪ੍ਰਬੰਧਕੀ ਵਿਭਾਗ ਵੱਲੋਂ ਖਜ਼ਾਨੇ ਵਿੱਚੋਂ ਕਢਵਾਈ ਜਾ ਚੁੱਕੀ ਹੈ। ਬਾਕੀ ਰਹਿੰਦੀ ਰਾਸ਼ੀ ਰਿਲੀਜ਼ ਨਾ ਹੋਣ ਸਬੰਧੀ ਕਾਰਨ : (1) ਕੁਝ ਕੇਸਾਂ ਵਿੱਚ ਭਾਰਤ ਸਰਕਾਰ ਵੱਲੋਂ ਫੰਡਜ਼ ਪ੍ਰਾਪਤ ਨਹੀਂ ਹੋਏ (2) ਕੁਝ ਕੇਸਾਂ ਸਬੰਧੀ ਪ੍ਰਬੰਧਕੀ ਵਿਭਾਗ ਵੱਲੋਂ ਫੰਡ ਰਿਲੀਜ਼ ਕਰਨ ਸਬੰਧੀ ਤਜਵੀਜ਼ਾਂ ਪ੍ਰਾਪਤ ਨਹੀਂ ਹੋਈਆਂ।

ਸਪੀਕਰ ਸਾਹਿਬ, ਮੈਂ ਇਸ ਦੇ ਨਾਲ ਹੀ ਆਪ ਜੀ ਦੀ ਮਾਰਫ਼ਤ ਸਭ ਤੋਂ ਪਹਿਲਾਂ ਤਾਂ ਮਾਨਯੋਗ ਮੈਂਬਰ ਸਾਹਿਬ ਨੂੰ ਇਹ ਵਧਾਈ ਦੇਣੀ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਇੱਕ ਬਹੁਤ

Original with;
Punjab Vidhan Sabha
Digitized by;
Panjab Digital Library

[ ਵਿੱਤ ਮੰਤਰੀ ]

ਹੀ ਰੈਲੇਵੈਂਟ ਤੇ ਵਾਜਬ ਸਵਾਲ ਪੁੱਛਿਆ ਹੈ। ਮੈਂ ਆਪ ਜੀ ਦੀ ਮਾਰਫ਼ਤ ਮਾਨਯੋਗ ਮੈਂਬਰ ਸਾਹਿਬ ਨੂੰ ਇਹ ਮਾਲੂਮਾਤ ਦੇਣੀ ਚਾਹੁੰਦਾ ਹਾਂ ਕਿ ਵੈਲਫੇਅਰ ਆਫ਼ ਸ਼ਡਿਊਲਡ ਕਾਸਟਸ ਐਂਡ ਬੈਕਵਰਡ ਕਲਾਸਿਜ਼ ਦੇ ਲਈ ਇਸ ਮਾਲੀ ਸਾਲ ਦੇ ਵਿੱਚ, ਸਾਲ 2008-09 ਦੇ ਵਿੱਚ 21762.85 ਲੱਖ ਰੁਪਏ ਮਖ਼ਸੂਸ ਕੀਤੇ ਗਏ ਸਨ ਅਤੇ ਫਿਰ ਇਸ ਨੂੰ ਇਸੇ ਸਾਲ ਦੌਰਾਨ ਰਿਵਾਈਜ਼ ਕਰ ਦਿੱਤਾ ਸੀ ਅਤੇ ਇਸ ਨੂੰ 21762.85 ਲੱਖ ਰੁਪਏ ਤੋਂ 23662.82 ਲੱਖ ਰੁਪਏ ਕਰ ਦਿੱਤਾ। ਸਪੀਕਰ ਸਾਹਿਬ, ਜਿਹੜੇ ਸਾਡੇ ਕੋਲ ਏ.ਜੀ. ਦੇ ਆਡਿਟ ਫਿਗਰਜ਼ ਆਏ ਹਨ, ਉਨ੍ਹਾਂ ਦੇ ਮੁਤਾਬਿਕ 31 ਦਸੰਬਰ, 2008 ਤੱਕ 177.00 ਕਰੋੜ ਰੁਪਿਆ ਐਫ.ਡੀ. ਵੱਲੋਂ ਰਿਲੀਜ਼ ਕਰ ਦਿੱਤਾ ਗਿਆ ਹੈ। ਇਹ 23662.82 ਲੱਖ ਰੁਪਏ ਦੇ ਵਿੱਚੋਂ 177.00 ਕਰੋੜ ਰੁਪਿਆ ਰਿਲੀਜ਼ ਕਰ ਦਿੱਤਾ ਗਿਆ ਹੈ। ਇਹ ਟੋਟਲ ਬਜਟ ਐਲੋਕੇਸ਼ਨ ਦਾ ਤਕਰੀਬਨ 75 ਪ੍ਰਤੀਸ਼ਤ ਬਣਦਾ ਹੈ। ਸਾਨੂੰ ਇਹ ਵੀ ਪਤਾ ਲੱਗਾ ਹੈ ਕਿ ਇਸ ਦੇ ਵਿੱਚੋਂ ਐਡਮਿਨਿਸਟ੍ਰੇਟਿਵ ਡਿਪਾਰਟਮੈਂਟ ਨੇ 115.00 ਕਰੋੜ ਰੁਪਿਆ ਡਰਾਅ ਕਰ ਲਿਆ ਹੈ। ਸਪੀਕਰ ਸਾਹਿਬ, ਇਹ 23662.82 ਲੱਖ ਰੁਪਏ ਕਿਉਂ ਨਹੀਂ ਰਿਲੀਜ਼ ਹੋਏ ਅਤੇ ਇਹ ਪੈਸਾ 177.00 ਕਰੋੜ ਤੇ ਕਿਉਂ ਖੜ੍ਹਾ ਹੈ? ਇਸ ਦੀਆਂ ਦੋ ਵਜ੍ਹਾ ਹੋ ਸਕਦੀਆਂ ਹਨ। ਇੱਕ ਤਾਂ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਦੀਆਂ ਜਿਹੜੀਆਂ ਸਕੀਮਾਂ ਲਈ ਗੌਰਮਿੰਟ ਆਫ਼ ਇੰਡੀਆ ਤੋਂ ਪੈਸੇ ਆਉਂਦੇ ਹਨ, ਉਹ ਕਈ ਵਾਰੀ ਲੇਟ ਹੋ ਜਾਂਦੇ ਹਨ। ਉਨ੍ਹਾਂ ਦੀ ਰਿਲੀਜ਼ ਫਰਵਰੀ, ਮਾਰਚ ਵਿਚ ਆਉਂਦੀ ਹੈ। ਇੱਕ ਇਹ ਵਜ੍ਹਾ ਹੈ ਅਤੇ ਦੂਜੀ ਵਜ੍ਹਾ ਇਹ ਹੈ ਕਿ ਕਈ ਵਾਰੀ ਐਫ.ਡੀ. ਵੱਲੋਂ ਤਾਂ ਪੈਸੇ ਰਿਲੀਜ਼ ਹੋ ਜਾਂਦੇ ਹਨ ਪਰ ਜਿਹੜਾ ਐਡਮਿਨਿਸਟ੍ਰੇਟਿਵ ਡਿਪਾਰਟਮੈਂਟ ਹੈ, ਉਹ ਪੈਸਿਆਂ ਨੂੰ ਡਰਾਅ ਨਹੀਂ ਕਰਦਾ। ਵਿਦਡ੍ਰਾਅਲ ਲਈ ਉਸ ਦੀ ਪ੍ਰੋਪੋਜ਼ਲ ਟ੍ਰੈਜ਼ਰੀ ਵਿੱਚ ਨਹੀਂ ਆਉਂਦੀ। ਮੈਂ ਸਮਝਦਾ ਹਾਂ ਕਿ ਇਸ ਨਾਲ ਮੈਂਬਰ ਸਾਹਿਬ ਦੀ ਸੰਤੁਸ਼ਟੀ ਹੋ ਜਾਵੇਗੀ।

**ਸਰਦਾਰ ਸੋਹਣ ਸਿੰਘ ਠੰਡਲ** : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਡਿਟੇਲ ਵਿੱਚ ਜਵਾਬ ਦਿੱਤਾ ਹੈ। ਦਰਅਸਲ ਮੈਂ ਇਸ ਵਿੱਚ ਕੁਝ ਹੋਰ ਅਹਿਮ ਗੱਲਾਂ ਪੁੱਛਣੀਆਂ ਚਾਹੁੰਦਾ ਹਾਂ। ਮੇਰਾ ਸਵਾਲ ਲੈ ਕੇ ਆਉਣ ਦਾ ਵੀ ਇਹੀ ਮਕਸਦ ਸੀ ਕਿ ਕਈ ਸਕੀਮਾਂ ਅਜਿਹੀਆਂ ਹਨ ਜਿਹੜੀਆਂ ਐਸ.ਸੀਜ਼., ਬੀ.ਸੀਜ਼. ਵਾਸਤੇ ਸਟੇਟ ਗੌਰਮਿੰਟ ਚਲਾਉਂਦੀ ਹੈ ਅਤੇ ਕਈ ਸਕੀਮਾਂ ਲਈ ਸੈਂਟਰ ਗੌਰਮਿੰਟ ਤੋਂ ਫੰਡਜ਼ ਆਉਂਦੇ ਹਨ ਪਰ ਕਈ ਵਾਰੀ ਇਹ ਕਲੀਅਰ ਨਹੀਂ ਹੁੰਦਾ ਕਿ ਸੈਂਟਰ ਗੌਰਮਿੰਟ ਤੋਂ ਕਿੰਨੇ ਫੰਡ ਆਏ ਹਨ ਅਤੇ ਸਟੇਟ ਗੌਰਮਿੰਟ ਦੇ ਕਿੰਨੇ ਹਨ। ਜਦੋਂ ਫੰਡ ਜਾਰੀ ਹੁੰਦੇ ਹਨ ਤਾਂ ਕਿਸੇ ਵੀ ਲੈਵਲ ਤੇ ਇਹ ਕਲੀਅਰ ਨਹੀਂ ਕੀਤਾ ਹੁੰਦਾ ਕਿ ਇਹ ਕਿਸ ਪਰਪਜ਼ ਲਈ ਆਏ ਹਨ। ਸਪੀਕਰ ਸਾਹਿਬ, ਤੁਸੀਂ ਵੀ ਇਹ ਮਹਿਕਮਾ ਚਲਾਇਆ ਹੈ ਅਤੇ ਹੁਣ ਬ੍ਰਹਮਪੁਰਾ ਜੀ ਚਲਾ ਰਹੇ ਹਨ। ਜਿਹੜੇ ਪੰਚਾਇਤਾਂ ਕੋਲ ਪੈਸੇ ਆਉਂਦੇ ਹਨ, ਉਨ੍ਹਾਂ ਨੂੰ ਇਹ ਕਲੀਅਰ ਨਹੀਂ ਹੁੰਦਾ ਕਿ ਇਹ ਕਿਹੜੇ ਫੰਡ ਵਿਚੋਂ ਆਏ ਹਨ। ਮੇਰੀ ਚਿੰਤਾ ਇਹ ਹੈ ਕਿ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ 11508 ਲੱਖ ਰੁਪਏ ਖ਼ਜ਼ਾਨੇ ਵਿਚੋਂ ਕਢਾ ਲਏ

Original with;
Punjab Vidhan Sabha
Digitized by;
Panjab Digital Library

ਗਏ ਹਨ ਪਰ ਪ੍ਰਬੰਧਕੀ ਵਿਭਾਗ ਨੇ ਹਾਲੇ ਵੀ ਪ੍ਰੋਪੋਜ਼ਲਾਂ ਨਹੀਂ ਭੇਜੀਆਂ। ਕੀ ਕਾਰਨ ਹੈ ਕਿ ਪ੍ਰਬੰਧਕੀ ਅਧਿਕਾਰੀਆਂ ਵੱਲੋਂ ਐਸ.ਸੀਜ਼., ਬੀ.ਸੀਜ਼. ਵੈਲਫੇਅਰ ਵਾਸਤੇ ਸਕੀਮਾਂ ਲਈ ਪ੍ਰੋਪੋਜ਼ਲਾਂ ਸਮੇਂ ਸਿਰ ਨਹੀਂ ਭੇਜੀਆਂ ਜਾਂਦੀਆਂ ਅਤੇ ਜਿਹੜਾ ਸਟੇਟ ਦਾ ਬਣਦਾ ਸ਼ੇਅਰ ਹੈ, ਉਹ ਸੈਂਟਰ ਦੀਆਂ ਸਕੀਮਾਂ ਵਿੱਚ ਟਾਈਮ ਸਿਰ ਕਿਉਂ ਨਹੀਂ ਪਾਇਆ ਜਾਂਦਾ, ਮੈਂ ਇਸ ਬਾਰੇ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ।

**ਮੰਤਰੀ** : ਸਪੀਕਰ ਸਾਹਿਬ, ਸਟੇਟ ਵਿੱਚ ਐਸ.ਸੀਜ਼., ਬੀ.ਸੀਜ਼. ਵੈਲਫੇਅਰ ਵਾਸਤੇ ਸਟੇਟ ਸਕੀਮਜ਼ ਵੀ ਹਨ, ਡਿਸਟ੍ਰਿਕਟ ਸਕੀਮਜ਼ ਵੀ ਹਨ ਅਤੇ ਸੈਂਟਰਲੀ ਸਪਾਂਸਰਡ ਸਕੀਮਜ਼ ਵੀ ਹਨ। ਇਸ ਤੋਂ ਇਲਾਵਾ ਕਾਫ਼ੀ ਸਕੀਮਾਂ ਨਾਨ-ਪਲਾਨ ਵਿੱਚ ਵੀ ਹਨ। ਜਿੱਥੋਂ ਤੱਕ ਸਟੇਟ ਦੀਆਂ ਆਪਣੀਆਂ ਪਲਾਨਜ਼ ਦਾ ਸਵਾਲ ਹੈ, ਜਿਹੜੀਆਂ ਸਟੇਟ ਨੇ ਆਪ ਦੇਣੀਆਂ ਹਨ, ਇਨ੍ਹਾਂ ਦਾ ਵੇਰਵਾ ਮੈਂ ਮੈਂਬਰ ਸਾਹਿਬ ਨੂੰ ਵੀ ਦੇ ਦੇਵਾਂਗਾ। ਜਿਹੜੀਆਂ ਸਟੇਟ ਸਕੀਮਜ਼ ਹਨ, ਇਨ੍ਹਾਂ ਵਿੱਚ 80% ਪੈਸਾ 31 ਦਸੰਬਰ ਤੱਕ ਰਿਲੀਜ਼ ਹੋ ਚੁੱਕਾ ਹੈ। ਡਿਸਟ੍ਰਿਕਟ ਸਕੀਮਜ਼ ਵਿਚ 87% ਰਿਲੀਜ਼ ਹੋ ਗਿਆ ਹੈ। ਸੈਂਟਰਲੀ ਸਪਾਂਸਰਡ ਸਕੀਮਜ਼ ਜਿਹੜੀਆਂ ਹਨ, ਉਨ੍ਹਾਂ ਵਿਚ ਸਿਰਫ਼ 10% ਰਿਲੀਜ਼ ਹੋਇਆ ਹੈ। ਜਿਹੜੀਆਂ ਪਰਮਾਨੈਂਟਲੀ ਸੈਂਟਰਲੀ ਸਪਾਂਸਰਡ ਸਕੀਮਜ਼ ਹਨ, ਉਸ ਦੀ ਜਿਹੜੀ ਟੋਟਲ ਰਕਮ ਹੁੰਦੀ ਹੈ, ਉਹ ਬਹੁਤ ਘੱਟ ਹੁੰਦੀ ਹੈ। ਕਈ ਵਾਰੀ, ਸ਼ਾਇਦ ਸਪੀਕਰ ਸਾਹਿਬ, ਤੁਹਾਨੂੰ ਯਕੀਨ ਨਾ ਆਵੇ, ਸੈਂਟਰ ਕੋਲ ਪੈਸੇ ਮੁੱਕ ਜਾਂਦੇ ਹਨ। ਉਥੇ ਪੈਸਾ ਨਹੀਂ ਹੁੰਦਾ। ਜਿਹੜੇ ਉਨ੍ਹਾਂ ਨੇ ਆਪਣੇ ਬਜਟ ਵਿੱਚ ਪੈਸੇ ਰੱਖੇ ਹੁੰਦੇ ਹਨ, ਉਸ ਵਿੱਚ ਕੱਟ ਲੱਗ ਜਾਂਦੀ ਹੈ। ਇਸ ਵਜ੍ਹਾ ਨਾਲ ਉਹ ਸਟੇਟ ਵਿਚ ਪੈਸੇ ਪੂਰੇ ਨਹੀਂ ਭੇਜ ਸਕਦੇ। ਫੇਰ ਵੀ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਇਸ ਗੱਲ ਦਾ ਵਿਸ਼ਵਾਸ ਦਿਵਾਉਂਦਾ ਹਾਂ ਕਿ 31 ਮਾਰਚ ਤੱਕ ਟੋਟਲ ਐਲੋਕੇਸ਼ਨ ਡਿਪਾਰਟਮੈਂਟ ਨੂੰ ਐਫ.ਡੀ. ਵੱਲੋਂ ਰਿਲੀਜ਼ ਹੋ ਜਾਵੇਗੀ। ਇਸ ਵਿੱਚ ਕੋਈ ਕੋਡ ਦਾ ਸਵਾਲ ਨਹੀਂ ਹੈ ਕਿਉਂਕਿ ਇਹ ਆਨਗੋਇੰਗ ਸਕੀਮ ਹੈ। ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ 31 ਮਾਰਚ ਤੱਕ 99% ਐਲੋਕੇਸ਼ਨ ਮਹਿਕਮੇ ਨੂੰ ਜਾਰੀ ਹੋ ਜਾਵੇਗੀ।

**ਸਰਦਾਰ ਸੋਹਣ ਸਿੰਘ ਠੰਡਲ** : ਸਪੀਕਰ ਸਾਹਿਬ, ਇੱਕ ਹੋਰ ਪੁਆਇੰਟ ਕਲੀਅਰ ਕਰਨਾ ਹੈ ਜੀ।

**ਮਾਨਯੋਗ ਸਪੀਕਰ** : ਕੋਈ ਰਹਿ ਗਿਆ ਹੈ ?

**ਸਰਦਾਰ ਸੋਹਣ ਸਿੰਘ ਠੰਡਲ** : ਮੈਂ, ਸਪੀਕਰ ਸਾਹਿਬ, ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਸਟੇਟ ਗੌਰਮਿੰਟ ਕੋਲ ਅਜਿਹੀ ਕੋਈ ਪਾਲਿਸੀ ਹੈ ਕਿ ਜਿਹੜੇ ਸਪੈਸ਼ਲ ਕੰਪੋਨੈਂਟ ਪਲਾਨ ਦੇ ਪੈਸੇ ਜਾਰੀ ਕੀਤੇ ਜਾਂਦੇ ਹਨ, ਉਨ੍ਹਾਂ ਲਈ ਕੋਈ ਵੱਖਰਾ ਹੈੱਡ ਮਹਾਂਰਾਸ਼ਟਰ ਪੈਟਰਨ ਤੇ ਬਣਾਇਆ ਜਾਵੇ?

**ਮੰਤਰੀ** : ਸਪੀਕਰ ਸਾਹਿਬ, ਮੈਂ ਆਪ ਜੀ ਦੀ ਮਾਰਫ਼ਤ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਮਹਾਂਰਾਸ਼ਟਰ ਮਾਡਲ ਹੈ, ਇਸ ਨੂੰ ਅਸੀਂ ਸਟੱਡੀ ਕਰ ਰਹੇ ਹਾਂ।

Original with;
Punjab Vidhan Sabha
Digitized by;
Panjab Digital Library

[ ਵਿੱਤ ਮੰਤਰੀ ]

ਜਿਹੜਾ ਮਹਾਂਰਾਸ਼ਟਰ ਹੈ, ਇਸ ਦਾ ਬਹੁਤ ਵੱਡਾ ਏਰੀਆ ਹੈ ਅਤੇ ਇੱਥੇ ਕਾਫੀ ਵੱਡੀ ਪਾਪੂਲੇਸ਼ਨ ਸ਼ਡਿਊਲਡ ਟ੍ਰਾਈਬਜ਼ ਦੀ ਹੈ। ਮਹਾਂਰਾਸ਼ਟਰ ਨੇ ਇੱਕ ਐਸਾ ਮਾਡਲ ਬਣਾਇਆ ਹੈ ਜਿਹੜਾ ਕਿ ਹਿੰਦੁਸਤਾਨ ਵਿੱਚ ਨਿਵੇਕਲਾ ਹੈ। 15 ਮਾਰਚ ਨੂੰ ਸੈਸ਼ਨ ਖ਼ਤਮ ਹੋਣ ਤੋਂ ਇਮੀਜੀਏਟਲੀ ਬਾਅਦ ਸਾਡੀ ਟੀਮ ਜਿਸ ਵਿੱਚ ਸੈਕਟਰੀ, ਐਸ.ਸੀਜ਼., ਬੀ.ਸੀਜ਼. ਵੈਲਫੇਅਰ, ਡਾਇਰੈਕਟਰ ਐਸ.ਸੀਜ਼., ਬੀ.ਸੀਜ਼. ਵੈਲਫੇਅਰ ਅਤੇ ਪਲਾਨਿੰਗ ਡਿਪਾਰਟਮੈਂਟ ਤੋਂ ਇੱਕ ਵਫਦ ਮੁੰਬਈ ਜਾ ਕੇ ਸਟੱਡੀ ਕਰਕੇ ਆਇਆ ਹੈ। ਦੋ-ਚਾਰ-ਸੱਤ ਦਿਨਾਂ ਦਾ ਉਨ੍ਹਾਂ ਦਾ ਦੌਰਾ ਹੈ। ਉਨ੍ਹਾਂ ਦੀ ਜਦੋਂ ਰਿਪੋਰਟ ਆਉਂਦੀ ਹੈ, ਅਸੀਂ ਖੁੱਲ੍ਹੇ ਦਿਮਾਗ ਨਾਲ, ਓਪਨ ਮਾਈਂਡ ਨਾਲ, we will consider it.

---

## ਕਾਲਜ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ

*803. **ਸ਼੍ਰੀ ਸੁਰਜੀਤ ਕੁਮਾਰ ਜਿਆਨੀ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਐਮ.ਆਰ. ਸਰਕਾਰੀ ਕਾਲਜ, ਫਾਜ਼ਿਲਕਾ ਵਿਚ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਉਥੇ ਨਿਯੁਕਤ ਨਿਯਮਿਤ ਆਧਾਰ ਤੇ ਅਧਿਆਪਕਾਂ ਦੀ ਗਿਣਤੀ ਕਿੰਨੀ ਹੈ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਖਾਲੀ ਆਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ?

**ਡਾਕਟਰ ਉਪਿੰਦਰਜੀਤ ਕੌਰ** : (ੳ) ਸ਼੍ਰੀਮਾਨ ਜੀ, ਐਮ.ਆਰ. ਸਰਕਾਰੀ ਕਾਲਜ, ਫਾਜ਼ਿਲਕਾ ਵਿੱਚ ਇਸ ਵੇਲੇ ਲੈਕਚਰਾਰਾਂ ਦੀਆਂ 34 ਮਨਜ਼ੂਰਸ਼ੁਦਾ ਆਸਾਮੀਆਂ ਹਨ ਅਤੇ ਉੱਥੇ 9 ਰੈਗੂਲਰ, 2 ਪਾਰਟ ਟਾਈਮ ਅਤੇ 17 ਗੈਸਟ ਫੈਕਲਟੀ ਲੈਕਚਰਾਰ ਤਾਇਨਾਤ ਹਨ।

(ਅ) ਸਰਕਾਰ ਵੱਲੋਂ ਲੈਕਚਰਾਰ (ਕਾਲਜ ਕਾਡਰ) ਦੀਆਂ ਖਾਲੀ ਆਸਾਮੀਆਂ ਵਿੱਚੋਂ 265 ਆਸਾਮੀਆਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਰੈਗੂਲਰ ਤੌਰ ਤੇ ਭਰਨ ਲਈ ਫਰਵਰੀ, 2008, ਨੂੰ ਲਿਖਿਆ ਗਿਆ ਸੀ ਅਤੇ ਕਮਿਸ਼ਨ ਵੱਲੋਂ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ।

**ਸ਼੍ਰੀ ਸੁਰਜੀਤ ਕੁਮਾਰ ਜਿਆਨੀ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਲੈਕਚਰਾਰਾਂ ਦੀਆਂ ਉਥੇ 34 ਮਨਜ਼ੂਰਸ਼ੁਦਾ ਆਸਾਮੀਆਂ ਹਨ, 9 ਰੈਗੂਲਰ ਹਨ ਅਤੇ ਦੋ ਪਾਰਟ-ਟਾਈਮ ਅਤੇ 17 ਗੈਸਟ-ਫੈਕਲਟੀ ਹਨ, ਇਸ ਤਰ੍ਹਾਂ ਬਾਕੀ ਸੱਤ ਰਹਿ ਗਏ ਹਨ। ਉਥੇ 1850 ਬੱਚੇ ਹਨ

Original with;
Punjab Vidhan Sabha
Digitized by;
Panjab Digital Library

ਔਰ ਪੜ੍ਹਾਈ ਦਾ ਜੋ ਬੁਰਾ ਹਾਲ ਹੈ...

**ਮਾਨਯੋਗ ਸਪੀਕਰ :** ਕਿੰਨੇ ਰਹਿ ਗਏ ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਸੱਤ ਰਹਿ ਗਏ ਹਨ। ਜੇਕਰ ਛੇ ਮਹੀਨੇ ਕੋਈ ਪੋਸਟ ਖਾਲੀ ਰਹਿ ਜਾਵੇ ਤਾਂ ਉਸ ਦੀ ਜਗ੍ਹਾ ਨਵੀਂ ਭਰਤੀ ਨਹੀਂ ਹੋ ਸਕਦੀ। ਹੁਣ ਨਾ ਤਾਂ ਕਾਲਜ ਦੇ ਵਿੱਚ ਕੋਈ ਕੰਮ ਚਲਦਾ ਹੈ ਔਰ ਇਹ ਅੱਜ ਦੀ ਹੀ ਗੱਲ ਨਹੀਂ ਹੈ, ਪਿਛਲੀ ਵਾਰੀ ਵੀ ਸਰਕਾਰ ਦੇ ਵਿੱਚ ਕਈ ਵਾਰੀ ਇਹ ਗੱਲ ਉਠਾਈ ਗਈ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਵੀ ਉਥੇ ਗਏ ਹਨ ਅਤੇ ਜਦੋਂ ਵੀ ਫਾਜ਼ਿਲਕਾ ਦੇ ਵਿੱਚ ਕੋਈ ਲੀਡਰ ਜਾਂਦਾ ਹੈ, ਅਸੀਂ ਹਰੇਕ ਕੋਲ ਇਹ ਮੰਗ ਰੱਖਦੇ ਹਾਂ ਕਿ ਕਾਲਜ ਦਾ ਭਲਾ ਕੀਤਾ ਜਾਵੇ ਕਿਉਂਕਿ ਅਸੀਂ ਬਾਰਡਰ ਤੇ ਰਹਿੰਦੇ ਹਾਂ ਔਰ ਅਨਪੜ੍ਹਤਾ ਦੇ ਕਾਰਨ ਹੀ ਅਸੀਂ ਲੋਕ ਪਿੱਛੇ ਰਹੇ ਹਾਂ। ਇਹੀ ਸਾਡਾ ਪਿੱਛੇ ਰਹਿਣ ਦਾ ਮੇਨ ਕਾਰਨ ਹੈ। ਭਾਵੇਂ ਕਿ ਵਿਸ਼ਵਾਸ ਦੇ ਦਿੱਤਾ ਜਾਂਦਾ ਹੈ ਕਿ ਅਸੀਂ ਅਸਾਮੀਆਂ ਭਰਾਂਗੇ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਇਹ ਅਸਾਮੀਆਂ ਭਰੀਆਂ ਜਾਣਗੀਆਂ? ਕੋਈ ਪੱਕੀ ਤਾਰੀਕ ਮਿਥ ਦਿੱਤੀ ਜਾਵੇ। ਉਥੇ 1100 ਬੱਚੇ ਫਿਜ਼ੀਕਲ ਐਜੂਕੇਸ਼ਨ ਦਾ ਵਿਸ਼ਾ ਪੜ੍ਹ ਰਹੇ ਹਨ ਪਰ ਇਨ੍ਹਾਂ ਲਈ ਇੱਕ ਵੀ ਪ੍ਰੋਫੈਸਰ ਨਹੀਂ ਹੈ। ਰੈਗੂਲਰ ਅੱਜ ਤੱਕ ਕੋਈ ਪ੍ਰਿੰਸੀਪਲ ਵੀ ਉਥੇ ਨਹੀਂ ਰਿਹਾ। ਇੰਨਾ ਬੁਰਾ ਹਾਲ ਕਾਲਜ ਦਾ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਇਸ ਕਾਲਜ ਦੀ ਇਸ ਸਮੱਸਿਆ ਦਾ ਹੱਲ ਕਦੋਂ ਤੱਕ ਹੋ ਜਾਵੇਗਾ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਚਿੰਤਾ ਜ਼ਾਹਰ ਕੀਤੀ ਹੈ, ਮੈਂ ਵੀ ਇਸ ਦੇ ਵਿੱਚ ਸ਼ਾਮਲ ਹਾਂ। ਇਹ ਦਰੁਸਤ ਹੈ ਕਿ ਕਾਲਜਾਂ ਦੇ ਵਿੱਚ ਅਸਾਮੀਆਂ ਖਾਲੀ ਹਨ ਔਰ ਅਸੀਂ ਉਨ੍ਹਾਂ ਨੂੰ ਭਰਨ ਲਈ ਭਰਪੂਰ ਪ੍ਰਯਾਸ ਕਰ ਰਹੇ ਹਾਂ। ਕੈਬਨਿਟ ਵੱਲੋਂ 354 ਅਸਾਮੀਆਂ ਰੀਵਾਈਵ ਕੀਤੀਆਂ ਗਈਆਂ ਸਨ ਜਿਨ੍ਹਾਂ ਵਿਚੋਂ 88 ਪੋਸਟਾਂ ਤੇ ਅਧਿਆਪਕ ਤੈਨਾਤ ਕਰ ਦਿੱਤੇ ਗਏ ਹਨ। ਜਿਸ ਤਰ੍ਹਾਂ ਮੈਂ ਬੇਨਤੀ ਕੀਤੀ ਹੈ ਕਿ 265 ਲੈਕਚਰਾਰਾਂ ਦੀਆਂ ਅਸਾਮੀਆਂ ਭਰਨ ਲਈ ਪੰਜਾਬ ਸਰਕਾਰ ਵੱਲੋਂ ਫ਼ਰਵਰੀ, 2008 ਦੇ ਵਿਚ ਰਿਕੂਜ਼ੀਸ਼ਨ ਭੇਜੀ ਗਈ ਸੀ ਅਤੇ 4 ਅਪ੍ਰੈਲ, 2008 ਨੂੰ ਐਡਵਰਟਾਈਜ਼ਮੈਂਟ ਕੀਤੀ ਗਈ ਸੀ ਲੇਕਿਨ 29 ਅਪ੍ਰੈਲ, 2008 ਨੂੰ ਇੱਕ ਵਿਅਕਤੀ ਵੱਲੋਂ ਹਾਈ ਕੋਰਟ ਵਿੱਚ ਕੰਟੈਂਪਟ ਪਟੀਸ਼ਨ ਪਾ ਦਿੱਤੀ ਗਈ ਜਿਸ ਕਾਰਨ ਭਰਤੀ ਪ੍ਰਕਿਰਿਆ ਰੁਕ ਗਈ। ਹੁਣ ਕੰਟੈਂਪਟ ਪਟੀਸ਼ਨ ਡਿਸਮਸ ਹੋਈ ਹੈ, ਹੁਣ ਸਰਕਾਰ ਨੇ ਪੀ.ਪੀ.ਐਸ.ਸੀ. ਨੂੰ ਲਿਖਿਆ ਹੈ ਕਿ ਅਸਾਮੀਆਂ ਭਰਨ ਦੀ ਪ੍ਰਕਿਰਿਆ ਛੇਤੀ ਮੁਕੰਮਲ ਕੀਤੀ ਜਾਵੇ। ਪੀ.ਪੀ.ਐਸ.ਸੀ. ਰਾਹੀਂ ਲੈਕਚਰਾਰ ਭਰਤੀ ਕਰਕੇ ਮੁਹੱਈਆ ਕੀਤੇ ਜਾਣਗੇ। ਜਦੋਂ ਉਨ੍ਹਾਂ ਵੱਲੋਂ ਇਹ ਕੰਮ ਮੁਕੰਮਲ ਹੋ ਗਿਆ ਤਾਂ ਇਹ ਲੈਕਚਰਾਰ ਕਾਲਜਾਂ ਵਿੱਚ ਭੇਜੇ ਜਾਣਗੇ ਅਤੇ ਇਨ੍ਹਾਂ ਦੇ ਕਾਲਜ ਵਿੱਚ ਵੀ ਦੇ ਦਿੱਤੇ ਜਾਣਗੇ।

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਕਦੋਂ ਤੱਕ ਭਰੇ ਜਾਣਗੇ ?

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਗੱਲ ਤਾਂ ਉਨ੍ਹਾਂ ਵੱਲੋਂ ਆ ਗਈ ਹੈ। ਉਨ੍ਹਾਂ ਨੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਨੂੰ ਆਪਣੀ ਮੰਗ ਭੇਜ ਦਿੱਤੀ ਹੈ। ਜਦੋਂ ਉਨ੍ਹਾਂ ਵੱਲੋਂ ਅਸਾਮੀਆਂ ਭਰੀਆਂ ਜਾਣਗੀਆਂ ਤਾਂ ਫਿਰ ਇਹ ਕੰਮ ਵੀ ਹੋ ਜਾਵੇਗਾ।

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਅਸੀਂ ਪਿਛਲੀ ਸਰਕਾਰ ਦੇ ਵੇਲੇ ਵੀ ਆਪਣੀ ਮੰਗ ਦੱਸੀ ਸੀ...

**ਮਾਨਯੋਗ ਸਪੀਕਰ :** ਮੰਤਰੀ ਜੀ, ਕੀ ਕੋਈ ਹੋਰ ਅਰੇਂਜਮੈਂਟ ਉਥੇ ਹੋ ਸਕਦਾ ਹੈ?

**ਮੰਤਰੀ :** ਪੀ.ਪੀ.ਐਸ.ਸੀ. ਇੱਕ ਸੰਵਿਧਾਨਕ ਬਾਡੀ ਹੈ। ਅਸੀਂ ਉਸ ਰਾਹੀਂ ਭਰਤੀ ਕਰਨ ਦਾ ਯਤਨ ਕਰ ਰਹੇ ਹਾਂ। ਦੂਜਾ ਤਰੀਕਾ ਹੈ ਕਿ ਉਥੋਂ ਰਿਕੁਜ਼ੀਸ਼ਨ ਵਾਪਸ ਲੈ ਕੇ ਅਸੀਂ ਆਪ ਭਰਤੀ ਕਰੀਏ ਕਿਉਂਕਿ ਹਾਈ ਕੋਰਟ ਦੇ ਵਿੱਚ ਕੰਟੈਂਪਟ ਪਟੀਸ਼ਨ ਪਾਈ ਗਈ ਸੀ ਜਿਸ ਕਰਕੇ ਭਰਤੀ ਪ੍ਰਕਿਰਿਆ ਰੁਕ ਗਈ ਹੈ। ਹੁਣ ਸਾਡੇ ਭਰਪੂਰ ਪ੍ਰਯਾਸ ਹਨ, ਅਸੀਂ ਪੀ.ਪੀ.ਐਸ.ਸੀ. ਨੂੰ ਲਿਖਿਆ ਹੈ ਕਿ ਛੇਤੀ ਤੋਂ ਛੇਤੀ ਭਰਤੀ ਪ੍ਰਕਿਰਿਆ ਮੁਕੰਮਲ ਕੀਤੀ ਜਾਵੇ। ਜਦੋਂ ਭਰਤੀ ਪ੍ਰਕਿਰਿਆ ਮੁਕੰਮਲ ਹੋ ਗਈ ਤਾਂ ਹੀ ਅਸੀਂ ਸਮਰੱਥ ਹੋ ਸਕਾਂਗੇ ਕਿ ਕਾਲਜਾਂ ਦੇ ਵਿੱਚ ਲੈਕਚਰਾਰਾਂ ਦੀ ਤਾਇਨਾਤੀ ਕਰ ਸਕੀਏ।

**ਮੁੱਖ ਸੰਸਦੀ ਸਕੱਤਰ, ਕਰ ਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ) :** ਸਪੀਕਰ ਸਾਹਿਬ, ਇੱਕ ਬੇਨਤੀ ਹੈ ਕਿ ਅੱਜ ਭਰਤੀ ਪ੍ਰਕ੍ਰਿਆ ਰੁਕਣ ਨਾਲ ਕਈ ਏਡਿਡ ਸਕੂਲਾਂ ਵਿੱਚ ਸੈਂਕਸ਼ਨਡ ਪੋਸਟਾਂ ਖਤਮ ਹੋ ਗਈਆ ਹਨ। ਕਈ ਕਈ ਪ੍ਰਾਈਵੇਟ ਏਡਿਡ ਸਕੂਲਾਂ ਵਿੱਚ ਹਾਲਤ ਇਹ ਹੋ ਗਈ ਹੈ ਕਿ ਸੈਂਕਸ਼ਨਡ ਪੋਸਟਾਂ 30-32 ਹਨ ਅਤੇ ਅਧਿਆਪਕ ਉੱਥੇ ਇੱਕ ਹੀ ਕੰਮ ਕਰ ਰਿਹਾ ਹੈ। ਇਹ ਸਕੂਲ ਇੰਨਾ ਖਰਚਾ ਵੀ ਬਰਦਾਸ਼ਤ ਨਹੀਂ ਕਰ ਸਕਦੇ ਕਿਉਂਕਿ ਫੀਸਾਂ ਦਾ ਸਟਰੱਕਚਰ ਵੀ ਇਨ੍ਹਾਂ ਦਾ ਘੱਟ ਹੈ। ਇਸ ਕਰਕੇ ਪੰਜਾਬ ਵਿਚ ਸਿੱਖਿਆ ਦੇ ਖੇਤਰ ਵਿੱਚ ਕਾਫੀ ਘਾਟ ਆ ਰਹੀ ਹੈ ਅਤੇ ਮੈਂ ਬਾਦਲ ਸਾਹਿਬ ਦੇ ਚਰਨਾਂ ਵਿੱਚ ਬੇਨਤੀ ਕਰਾਂਗਾ ਕਿ ਉਹ ਇਸ ਬਾਰੇ ਕੁਝ ਸੋਚਣ ਅਤੇ ਐਸ਼ਿਓਰੈਂਸ ਦੇਣ ਤਾਂ ਕਿ ਇਹ ਪ੍ਰਕ੍ਰਿਆ ਅੱਗੇ ਚਲ ਸਕੇ। ਉਨ੍ਹਾਂ ਨੂੰ ਆਪਣੀਆਂ ਸੈਂਕਸ਼ਨਡ ਪੋਸਟਾਂ ਮਿਲਣੀਆਂ ਚਾਹੀਦੀਆਂ ਹਨ। ਸਪੀਕਰ ਸਾਹਿਬ, ਇੱਥੇ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਿੱਖਿਆ ਦੇ ਖੇਤਰ ਵਿਚ ਇਹ ਸਕੂਲ ਪੰਜਾਬ ਵਿੱਚ ਬਹੁਤ ਵੱਡਾ ਯੋਗਦਾਨ ਪਾ ਰਹੇ ਹਨ ਅਤੇ ਕਿਉਂ ਜੋ ਇਨ੍ਹਾਂ ਸਕੂਲਾਂ ਵਿੱਚ ਪੋਸਟਾਂ ਕਾਫ਼ੀ ਘਟ ਗਈਆਂ ਹਨ, ਇਸ ਕਰਕੇ ਇਹ ਸਕੂਲ ਬੰਦ ਹੋਣ ਦੀ ਕਗਾਰ ਤੇ ਪਹੁੰਚ ਗਏ ਹਨ। ਇਸ ਦੇ ਬਾਰੇ ਜ਼ਰੂਰ ਕੋਈ ਬਾਦਲ ਸਾਹਿਬ ਐਸ਼ਿਓਰੈਂਸ ਦੇਣ ਕਿ ਪੰਜਾਬ ਵਿੱਚ ਏਡਿਡ ਸਕੂਲਾਂ ਨੂੰ ਸੈਂਕਸ਼ਨਡ ਪੋਸਟਾਂ ਮਿਲਣਗੀਆਂ ਅਤੇ ਉਨ੍ਹਾਂ ਦੀ ਭਰਤੀ ਦੀ ਪ੍ਰਕ੍ਰਿਆ ਚੱਲੇਗੀ।

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਵਿਧਾਇਕ ਸਾਹਿਬ ਦੀ ਇਸ ਗੱਲ ਤੋਂ ਸਹਿਮਤ ਹਾਂ ਕਿ ਜੋ ਸਰਕਾਰੀ ਸਹਾਇਤਾ ਪ੍ਰਾਪਤ ਸਕੂਲ ਹਨ, ਇਹ ਪੰਜਾਬ ਵਿੱਚ ਸਿੱਖਿਆ ਦੇ ਖੇਤਰ ਵਿਚ ਸ਼ਲਾਘਾਯੋਗ ਯੋਗਦਾਨ ਪਾ ਰਹੇ ਹਨ ਪਰ ਉਨ੍ਹਾਂ ਦੀਆਂ ਕੁਝ

Original with;
Punjab Vidhan Sabha
Digitized by;
Panjab Digital Library

ਸਮੱਸਿਆਵਾਂ ਹਨ। 1981 ਤੋਂ ਬਾਅਦ ਪੋਸਟਾਂ ਰਿਵਾਈਵ ਨਹੀਂ ਕੀਤੀਆਂ ਗਈਆਂ ਅਤੇ ਨਾ ਹੀ ਕਨਵਰਸ਼ਨ ਅਲਾਓ ਕੀਤੀ ਗਈ। ਪ੍ਰਾਈਵੇਟ ਏਡਿਡ ਸਕੂਲਜ਼ ਦੀ ਮੈਨੇਜਮੈਂਟ ਦੇ ਨਾਲ ਵਿੱਤ ਮੰਤਰੀ ਸਾਹਿਬ ਨੇ ਅਤੇ ਮੈਂ ਖੁਦ ਬੈਠ ਕੇ ਇਕੱਤਰਤਾ ਕੀਤੀ ਸੀ ਅਤੇ ਇਸ ਇਕੱਤਰਤਾ ਦੇ ਵਿੱਚ ਵਿੱਤ ਮੰਤਰੀ ਸਾਹਿਬ ਨੇ ਸਹਿਮਤੀ ਪ੍ਰਗਟਾਈ ਸੀ ਕਿ ਸਾਧਨ ਉਪਲਬਧ ਹੋਣ ਤੇ ਅਸੀਂ ਪ੍ਰਾਈਵੇਟ ਏਡਿਡ ਸਕੂਲਜ਼ ਵਿੱਚ ਖਤਮ ਹੋਈਆਂ ਪੋਸਟਾਂ ਨੂੰ ਰਿਵਾਈਵ ਕਰਾਂਗੇ ਔਰ ਸਮੇਂ ਦੀ ਲੋੜ ਅਨੁਸਾਰ ਕਨਵਰਸ਼ਨ ਵੀ ਅਲਾਓ ਕਰਾਂਗੇ ਅਤੇ ਜਦੋਂ ਇਹ ਕਾਰਜ ਮੁਕੰਮਲ ਹੋ ਗਿਆ ਤਾਂ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੀ ਕੋਈ ਸਮੱਸਿਆ ਨਹੀਂ ਰਹੇਗੀ। ਮੈਂ ਮੁੱਖ ਮੰਤਰੀ ਜੀ ਅਤੇ ਵਿੱਤ ਮੰਤਰੀ ਜੀ ਨੂੰ ਵੀ ਬੇਨਤੀ ਕਰਾਂਗੀ ਕਿ ਇਸ ਦਿਸ਼ਾ ਵਿੱਚ ਉਹ ਵੱਡੀ ਸਹਾਇਤਾ ਪ੍ਰਦਾਨ ਕਰਨ ਤਾਂ ਜੋ ਅਸੀਂ ਇਨ੍ਹਾਂ ਸੰਸਥਾਵਾਂ ਨੂੰ ਨਰੋਈ ਦਿਸ਼ਾ ਪ੍ਰਦਾਨ ਕਰ ਸਕੀਏ ਔਰ ਇਹ ਸੰਸਥਾਵਾਂ ਵਿਦਿਆ ਦੇ ਖੇਤਰ ਵਿੱਚ ਆਪਣਾ ਯੋਗਦਾਨ ਪਾ ਸਕਣ।

**ਮਾਨਯੋਗ ਸਪੀਕਰ :** ਨੈਕਸਟ ਕੁਐਸਚਨ, ਭੰਡਾਰੀ ਜੀ।

---

## ਨਵੇਂ ਰਾਸ਼ਨ ਕਾਰਡਾਂ ਦੀ ਰਜਿਸਟ੍ਰੇਸ਼ਨ

*755. **ਸ਼੍ਰੀ ਕੇ.ਡੀ. ਭੰਡਾਰੀ :** ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਉਸ ਅਧਿਕਾਰੀ ਦਾ ਅਹੁਦਾ ਕੀ ਹੈ ਜਿਸ ਨੂੰ ਡਿਪੂਆਂ ਤੇ ਖੁਰਾਕ ਅਤੇ ਸਪਲਾਈਜ਼ ਵਿਭਾਗ ਵੱਲੋਂ ਨਵੇਂ ਰਾਸ਼ਨ ਕਾਰਡ ਰਜਿਸਟਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਡਿਪੂ ਹੋਲਡਰ ਵਿਰੁੱਧ ਕੀਤੀ ਜਾਣ ਵਾਲੀ ਕਾਰਵਾਈ ਦੇ ਵੇਰਵੇ ਕੀ ਹਨ, ਜੇਕਰ ਉਹ ਨਵੇਂ ਰਾਸ਼ਨ ਕਾਰਡਾਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦਾ ਹੈ ?

**ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ :** (ੳ) ਡਿਪੂਆਂ ਤੇ ਨਵੇਂ ਰਾਸ਼ਨ ਕਾਰਡ ਰਜਿਸਟਰ ਕਰਨ ਦੀ ਜ਼ਿੰਮੇਂਵਾਰੀ ਡਿੱਪੂ ਹੋਲਡਰ ਦੀ ਹੈ ਤੇ ਇਸ ਦੀ ਨਿਗਰਾਨੀ ਸਬੰਧਤ ਨਿਰੀਖਕ, ਖੁਰਾਕ ਤੇ ਸਪਲਾਈਜ਼ ਵੱਲੋਂ ਕੀਤੀ ਜਾਂਦੀ ਹੈ।

(ਅ) ਜੇਕਰ ਕੋਈ ਡਿਪੂ ਹੋਲਡਰ ਨਵੇਂ ਰਾਸ਼ਨ ਕਾਰਡ ਸਵੀਕਾਰ ਕਰਨ ਤੋਂ ਇਨਕਾਰ ਕਰਦਾ ਹੈ ਤਾਂ ਲਾਇਸੈਂਸਿੰਗ ਅਧਿਕਾਰੀ (ਜ਼ਿਲ੍ਹਾ ਕੰਟਰੋਲਰ, ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ) ਵੱਲੋਂ ਉਸ ਡਿਪੂ ਹੋਲਡਰ ਨੂੰ ਵਜ੍ਹਾ ਬਿਆਨ ਕਰੋ ਨੋਟਿਸ ਜਾਰੀ ਕਰਦੇ ਹੋਏ ਜੇਕਰ ਉਹ ਕਸੂਰਵਾਰ ਪਾਇਆ ਜਾਂਦਾ ਹੈ ਤਾਂ ਉਸ ਦੀ ਜ਼ਮਾਨਤੀ ਰਕਮ ਦਾ ਕੁਝ ਹਿੱਸਾ ਜਾਂ ਪੂਰੀ ਰਕਮ ਜ਼ਬਤ ਕੀਤੀ ਜਾ ਸਕਦੀ ਹੈ ਤੇ ਡਿਪੂ

Original with;
Punjab Vidhan Sabha
Digitized by;
Panjab Digital Library

[ ਖੁਰਾਕ ਅਤੇ ਸਪਲਾਈਜ਼ ਮੰਤਰੀ ]

ਹੋਲਡਰ ਦੀ ਜ਼ਰੂਰੀ ਵਸਤਾਂ ਦੀ ਸਪਲਾਈ ਵੀ ਬੰਦ ਕੀਤੀ ਜਾ ਸਕਦੀ ਹੈ ਤੇ ਡਿਪੂ ਕੈਂਸਲ ਵੀ ਕੀਤਾ ਜਾ ਸਕਦਾ ਹੈ।

ਸਪੀਕਰ ਸਾਹਿਬ, ਜਿਹੜੀ ਡਿਪੂ ਲੈਵਲ ਤੇ ਰਜਿਸਟਰੇਸ਼ਨ ਹੁੰਦੀ ਹੈ, ਉਹ ਡਿਪੂ ਦੇ ਹੀ ਕਰਮਚਾਰੀ ਕਰਦੇ ਹਨ ਅਤੇ ਸਾਡੇ ਇੰਸਪੈਕਟਰ ਉਥੇ ਜਾ ਕੇ ਇਸ ਨੂੰ ਐਸ਼ਿਓਰ ਕਰਦੇ ਹਨ। ਜੇਕਰ ਕੋਈ ਉਥੇ ਰਜਿਸਟਰੇਸ਼ਨ ਨਾ ਕਰੇ ਤਾਂ ਉਸ ਤੇ ਕਾਰਵਾਈ ਕੀਤੀ ਜਾਂਦੀ ਹੈ ਅਤੇ ਲਾਇਸੈਂਸ ਸਸਪੈਂਡ ਕੀਤਾ ਜਾਂਦਾ ਹੈ। ਇਹ ਤਾਂ ਉਹ ਸਿਸਟਮ ਹੈ ਜੋ ਪੁਰਾਣਾ ਚੱਲ ਰਿਹਾ ਹੈ। ਅਸੀਂ ਵੀ ਸਮਝਦੇ ਹਾਂ ਕਿ ਇਸ ਸਿਸਟਮ ਵਿੱਚ ਬਹੁਤ ਸੋਧ ਦੀ ਲੋੜ ਹੈ। ਇਸ ਚੀਜ਼ ਨੂੰ ਦੇਖਦੇ ਹੋਏ ਅਸੀਂ ਪਿਛਲੇ ਸਮੇਂ ਵਿੱਚ ਐਡਮਿਨਿਸਟਰੇਟਿਵ ਰਿਫਾਰਮਜ਼ ਦੇ ਥੱਲੇ ਇੱਕ ਡਿਸਟ੍ਰਿਕਟ ਦਾ ਪ੍ਰਾਜੈਕਟ ਚਾਲੂ ਕੀਤਾ ਸੀ ਅਤੇ ਇਸ ਸਾਰੇ ਸਿਸਟਮਜ਼ ਨੂੰ ਚੇਂਜ ਕਰਨ ਲੱਗੇ ਹਾਂ। ਇਸ ਸਿਸਟਮ ਵਿੱਚ ਇੱਕ ਵੱਡੀ ਘਾਟ ਇਹ ਹੈ ਕਿ ਜੇਕਰ ਕੋਈ ਡਿਪੂ ਹੋਲਡਰ ਰਜਿਸਟਰ ਨਾ ਕਰਨਾ ਚਾਹੇ, ਤਾਂ ਫਿਰ ਇਹ ਤਾਂ ਨਹੀਂ ਕਿ ਉਹ ਬੰਦਾ ਕਰਾ ਨਹੀਂ ਸਕਦਾ ਪਰ ਕਾਰਡ ਹੋਲਡਰ ਖਰਾਬ ਜ਼ਰੂਰ ਹੁੰਦਾ ਹੈ। ਅਸੀਂ On pilot basis ਨਵੇਂ ਸਿਸਟਮ ਨੂੰ ਸ਼ੁਰੂ ਕਰ ਦਿੱਤਾ ਹੈ ਅਤੇ ਫਿਰ ਸਾਰੇ ਪੰਜਾਬ ਵਿੱਚ ਵੀ ਇਸ ਨੂੰ ਸ਼ੁਰੂ ਕਰਾਂਗੇ। ਸਿਸਟਮ ਨੂੰ ਅਸੀਂ ਚੇਂਜ ਕਰਾਂਗੇ। ਇਹ ਵੀ ਕੀਤਾ ਹੈ ਕਿ ਲਿਸਟ ਹੁਣ ਆਨ-ਲਾਈਨ ਅਵੇਲੇਬਲ ਹੋ ਗਈ ਹੈ ਕਿ ਕਿਹੜੇ ਡਿਪੂ ਕੋਲ ਕਿੰਨੇ ਕਾਰਡ ਹਨ ਅਤੇ ਕਿੰਨੇ ਉਹ ਹੋਰ ਲੈ ਸਕਦਾ ਹੈ। ਅਸੀਂ ਇਸ ਵਿੱਚ ਇਹ ਵੀ ਕਰ ਦਿੱਤਾ ਹੈ ਕਿ ਕਾਰਡ ਹੋਲਡਰ ਆਨ-ਲਾਈਨ ਸਕਰੀਨਿੰਗ ਕਰ ਸਕਦਾ ਹੈ ਅਤੇ ਸਾਡੇ ਦਫਤਰ ਵਿੱਚ ਵੀ ਇਨਫਰਮੇਸ਼ਨ ਦੇਖ ਸਕਦਾ ਹੈ ਕਿ ਡਿਪੂ ਹੋਲਡਰ ਕੋਲ ਕਿੰਨੀ ਜਗ੍ਹਾ ਹੈ ਉਹ ਹੋਰ ਕਾਰਡ ਰਜਿਸਟਰ ਕਰ ਸਕਦਾ ਹੈ ਜਾਂ ਨਹੀਂ ਕਰ ਸਕਦਾ। ਜੇਕਰ ਉਹ ਨਹੀਂ ਕਰ ਸਕਦਾ ਤਾਂ ਇਹ ਵੀ ਕੀਤਾ ਗਿਆ ਹੈ ਕਿ ਨਵੇਂ ਲਾਇਸੈਂਸ ਨਾਲ ਦੇ ਨਾਲ ਇਸ਼ੂ ਕਰਨ ਦੀ ਕਾਰਵਾਈ ਕੀਤੀ ਜਾ ਸਕੇ, ਇਸ ਤਰ੍ਹਾਂ ਦੇ ਅਸੀਂ ਰਿਫਾਰਮਜ਼ ਸ਼ੁਰੂ ਕੀਤੇ ਹਨ।

**ਸ਼੍ਰੀ ਕੇ.ਡੀ. ਭੰਡਾਰੀ :** ਸਪੀਕਰ ਸਾਹਿਬ, ਬੰਦੇ ਦਾ ਕਾਰਡ ਤਾਂ ਬਣ ਜਾਂਦਾ ਹੈ ਪਰ ਜਦੋਂ ਉਹ ਰਜਿਸਟਰ ਕਰਵਾਉਣ ਜਾਂਦਾ ਹੈ ਤਾਂ ਉਸ ਵੇਲੇ ਬਹੁਤ ਵੱਡੀ ਸਮੱਸਿਆ ਉਸ ਨੂੰ ਪੇਸ਼ ਆਉਂਦੀ ਹੈ। ਇਹ ਗਰੀਬਾਂ ਵਾਸਤੇ ਬਹੁਤ ਵੱਡੀ ਸਮੱਸਿਆ ਹੈ। ਡਿਪੂ ਵਾਲੇ ਕਹਿੰਦੇ ਹਨ ਕਿ ਅਸੀਂ ਕਾਰਡ ਰਜਿਸਟਰ ਕਰਨ ਨੂੰ ਤਿਆਰ ਹਾਂ ਪਰ ਸਾਡੇ ਕੋਲ ਸਪਲਾਈ ਪਿੱਛੋਂ ਘੱਟ ਹੈ ਅਤੇ ਪੂਰੀ ਨਹੀਂ ਮਿਲਦੀ। ਇਸ ਲਈ ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਡਿਪੂਆਂ ਵਿੱਚ ਕਾਰਡ ਵਾਧੂ ਲੱਗਦੇ ਹਨ, ਕੀ ਉਥੇ ਸਪਲਾਈ ਵਧਾਉਣ ਦੀ ਕੋਈ ਤਜਵੀਜ਼ ਹੈ ?

**ਮੰਤਰੀ :** ਸਪੀਕਰ ਸਾਹਿਬ, ਜਿਹੜੇ ਕਾਰਡ ਲੱਗੇ ਹਨ ਅਤੇ ਜਿੰਨੇ ਹੋਰ ਕਾਰਡਾਂ ਦੀ ਪਹਿਲੇ ਸਿਸਟਮ ਵਿੱਚ ਐਡੀਸ਼ਨ ਹੁੰਦੀ ਹੈ, ਉਸ ਅਨੁਸਾਰ ਜਿੰਨੀ ਸਪਲਾਈ ਪਹਿਲਾਂ ਆ ਰਹੀ ਹੁੰਦੀ ਹੈ, ਜੇਕਰ ਹੋਰ ਨਵੇਂ ਕਾਰਡ ਲੱਗਦੇ ਹਨ ਤਾਂ ਉਨੀ ਸਪਲਾਈ ਵਧ ਜਾਣੀ

Original with;
Punjab Vidhan Sabha
Digitized by;
Panjab Digital Library

ਹੁੰਦੀ ਹੈ। ਇਹ ਰਾਸ਼ਨ ਕਾਰਡਾਂ ਦੀ ਗੱਲ ਹੈ। ਅਸੀਂ ਨੀਲੇ ਕਾਰਡਾਂ ਵਿੱਚ ਵੀ ਪੂਰੀ ਤਰ੍ਹਾਂ ਕੈਲਕੁਲੇਟ ਕਰਦੇ ਹਾਂ ਅਤੇ ਪੂਰਾ ਰਾਸ਼ਨ ਭੇਜਦੇ ਹਾਂ। ਫਿਰ ਕੰਜ਼ਿਊਮਰ ਆਫਰ ਕਰ ਸਕਦਾ ਹੈ ਕਿ ਮੈਂ ਇਥੋਂ ਸਪਲਾਈ ਲੈਣੀ ਹੈ ਜਾਂ ਨਹੀਂ ਲੈਣੀ। ਅਸੀਂ ਇਸ ਤੋਂ ਵੀ ਹੋਰ ਅੱਗੇ ਗੱਲ ਕਰ ਚੁੱਕੇ ਹਾਂ ਕਿ ਅਸੀਂ ਮਰਜ਼ੀ ਦੇ ਦਿੱਤੀ ਹੈ ਕਿ ਜਿਹੜੇ ਡਿਪੂ ਤੇ ਕੋਈ ਰਜਿਸਟਰੇਸ਼ਨ ਚਾਹੁੰਦਾ ਹੈ, ਕਰਵਾ ਸਕਦਾ ਹੈ ਪਰ ਡਿਪੂ ਦੀ ਕਪੈਸਿਟੀ ਤੋਂ ਵੱਧ ਕਾਰਡ ਉਥੇ ਰਜਿਸਟਰਡ ਨਹੀਂ ਕਰ ਸਕਦਾ। ਡਿਪੂ ਹੋਲਡਰ ਕੋਲ ਵੀ ਮਰਜ਼ੀ ਹੁੰਦੀ ਹੈ। ਜੇ ਕੋਈ ਸ਼ਿਕਾਇਤ ਆ ਜਾਂਦੀ ਹੈ ਤਾਂ ਉਹ ਉਸ ਨੂੰ ਕਾਊਂਟਰ ਕਰ ਸਕਦਾ ਹੈ। ਵੈਸੇ ਵੀ ਇਨਫਰਮੇਸ਼ਨ ਆਨ-ਲਾਈਨ ਆ ਰਹੀ ਹੈ। ਕੋਈ ਮਿਸਰਿਪ੍ਰੀਜ਼ੈਂਟ ਨਹੀਂ ਕਰ ਸਕਦਾ ਔਰ ਰਾਸ਼ਨ ਤਾਂ ਜਾਣਾ ਹੀ ਜਾਣਾ ਹੈ।

**ਸ਼੍ਰੀ ਕੇ.ਡੀ. ਭੰਡਾਰੀ** : ਧੰਨਵਾਦ ਜੀ।

---

## ਨਿਸ਼ਾਨ ਵਾਲੇ ਪ੍ਰਸ਼ਨ ਨੰ: 774 ਅਤੇ 773

(ਸਬੰਧਤ ਮਾਨਯੋਗ ਮੈਂਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

---

## ਦਾਣਾ ਮੰਡੀ ਦੇ ਫੜ੍ਹਾਂ ਦੀ ਉਸਾਰੀ

*783. **ਸਰਦਾਰ ਇਕਬਾਲ ਸਿੰਘ ਝੂੰਦਾਂ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਹਿਮਦਗੜ੍ਹ ਦਾਣਾ ਮੰਡੀ ਵਿੱਚ ਪੈਂਦੀ ਮੋਮਨਾਬਾਦ ਦਾਣਾ ਮੰਡੀ ਦੇ ਫੜ੍ਹ, ਜੋ ਕੇ ਪਿਛਲੀਆਂ 10 ਰੁੱਤਾਂ ਤੋਂ ਵਰਤੋਂ ਵਿੱਚ ਹਨ, ਨੂੰ ਅੱਜ ਤੱਕ ਪੱਕਾ ਨਹੀਂ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਨੂੰ ਕਦੋਂ ਤੱਕ ਪੱਕਾ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਸੁੱਚਾ ਸਿੰਘ ਲੰਗਾਹ** : ਜੀ ਹਾਂ। ਇਸ ਖਰੀਦ ਕੇਂਦਰ ਦਾ ਫੜ੍ਹ ਅਜੇ ਤੱਕ ਪੱਕਾ ਨਹੀਂ ਕੀਤਾ ਗਿਆ। ਇਹ ਮਿਤੀ 31.12.2009 ਤੱਕ ਪੱਕਾ ਕਰ ਦਿੱਤਾ ਜਾਵੇਗਾ।

**ਸਰਦਾਰ ਇਕਬਾਲ ਸਿੰਘ ਝੂੰਦਾਂ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਜੀ ਕਿ ਇਨ੍ਹਾਂ ਨੇ ਭਰੋਸਾ ਦਿਵਾਇਆ ਹੈ ਕਿ ਮਿਤੀ 31.12.2009 ਤੱਕ ਇਹ ਫੜ੍ਹ ਪੱਕਾ ਕਰ ਦਿੱਤਾ ਜਾਵੇਗਾ ਪਰ, ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਜੇਕਰ ਇਹ ਮਿਤੀ 30.9.2009 ਤੱਕ ਪੱਕਾ ਕਰ ਦਿੱਤਾ ਜਾਵੇ ਤਾਂ ਕਿ ਕਿਸਾਨਾਂ ਦੀ ਝੋਨੇ ਦੀ ਫਸਲ ਖਰਾਬ ਨਾ ਹੋਵੇ ਤਾਂ ਬਹੁਤ ਅੱਛਾ ਹੋਵੇਗਾ। ਇਸ ਦੇ ਨਾਲ ਹੀ ਮੈਂ ਇੱਕ ਹੋਰ ਬੇਨਤੀ ਇਸੇ ਸਬੰਧ ਵਿੱਚ ਕਰਨੀ ਹੈ ਕਿ ਜੋ ਮੰਡੀ ਬੋਰਡ ਨੂੰ ਜ਼ਮੀਨਾਂ

Original with;
Punjab Vidhan Sabha
Digitized by;
Panjab Digital Library

[ ਸਰਦਾਰ ਇਕਬਾਲ ਸਿੰਘ ਝੂੰਦਾਂ ]

ਕਿਸਾਨਾਂ ਵੱਲੋਂ, ਪਿੰਡ ਵੱਲੋਂ ਦਿੱਤੀਆਂ ਜਾਂਦੀਆਂ ਹਨ ਉਹ ਦੋ-ਦੋ, ਤਿੰਨ-ਤਿੰਨ ਏਕੜ ਜ਼ਮੀਨ ਵਿੱਚ ਫੜ੍ਹ ਬਣਾਏ ਜਾਂਦੇ ਹਨ। ਜਿਸ ਤਰ੍ਹਾਂ ਪੰਜਾਬ ਰਾਜ ਬਿਜਲੀ ਬੋਰਡ ਜੇ ਕੋਈ ਗ੍ਰਿਡ ਲਈ ਜ਼ਮੀਨ ਦਿੰਦਾ ਹੈ ਤਾਂ ਉਸ ਪਿੰਡ ਨੂੰ ਸ਼ਹਿਰਾਂ ਵਾਂਗ 24 ਘੰਟੇ ਬਿਜਲੀ ਦੀ ਸਪਲਾਈ ਦੀ ਸਹੂਲਤ ਪ੍ਰਦਾਨ ਹੁੰਦੀ ਹੈ, ਇਸੇ ਤਰ੍ਹਾਂ ਹੀ ਮੈਂ ਚਾਹੁੰਦਾ ਹਾਂ ਕਿ ਮੰਡੀ ਬੋਰਡ ਵੱਲੋਂ ਵੀ ਉਨ੍ਹਾਂ ਨੂੰ ਉਸ ਜ਼ਮੀਨ ਦਾ ਕੋਈ ਠੇਕਾ ਜਾਂ ਮੁਆਵਜ਼ੇ ਵਜੋਂ ਕੁਝ ਨਾ ਕੁਝ ਪੈਸਾ ਉਨ੍ਹਾਂ ਪਿੰਡਾਂ ਦੀ ਸਹੂਲਤ ਲਈ ਜ਼ਰੂਰ ਦੇਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਦੀ ਆਰਥਿਕ ਘਾਟ ਪੂਰੀ ਹੋ ਸਕੇ। ਕੀ ਮੰਤਰੀ ਜੀ ਇਸ ਵੱਲ ਧਿਆਨ ਦੇਣਗੇ ਅਤੇ ਸਤੰਬਰ, 2009 ਤੱਕ ਇਹ ਫੜ੍ਹ ਪੱਕਾ ਕਰਨ ਦਾ ਭਰੋਸਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਫੜ੍ਹ ਜ਼ਰੂਰ ਪੱਕਾ ਕੀਤਾ ਜਾਵੇਗਾ। ਕੋਸ਼ਿਸ਼ ਕਰਦੇ ਹਾਂ ਕਿ ਤੁਹਾਡੇ ਦੱਸੇ ਮੁਤਾਬਿਕ ਹੀ ਕੀਤਾ ਜਾਵੇ।

**ਸਰਦਾਰ ਇਕਬਾਲ ਸਿੰਘ ਝੂੰਦਾਂ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਜੀ।

**ਮਾਨਯੋਗ ਸਪੀਕਰ** : ਮੈਂ ਕੱਲ੍ਹ ਵੀ ਗੱਲ ਕੀਤੀ ਸੀ ਕਿ ਜਿਹੜੀ ਵੀ ਕੋਈ ਐਸ਼ਿਉਰੈਂਸ ਦਿੰਦੇ ਹੋ, ਉਸ ਤੇ ਅਮਲ ਹੋਣਾ ਚਾਹੀਦਾ ਹੈ। ਉਹ ਗੱਲ ਕਮੇਟੀ ਕੋਲ ਜਾਣੀ ਹੁੰਦੀ ਹੈ। ਅੱਗੇ ਹਾਊਸ ਦੀ ਐਸ਼ਿਉਰੈਂਸ ਕਮੇਟੀ ਹੈ, ਇਸ ਕਰਕੇ ਦੇਖ ਕੇ, ਗਿਣ ਮਿਥ ਕੇ ਗੱਲ ਕਰਿਆ ਕਰੋ।

**ਮੰਤਰੀ** : ਕੱਲ੍ਹ ਵਾਲਾ ਸਵਾਲ ਵੀ,.....

**ਮਾਨਯੋਗ ਸਪੀਕਰ** : ਮੈਂ ਕੱਲ੍ਹ ਦੀ ਗੱਲ ਨਹੀਂ ਕਰ ਰਿਹਾ। ਜਿਹੜੀ ਐਸ਼ਿਉਰੈਂਸ ਦਿੰਦੇ ਹੋ, ਉਹ ਬਿਲਕੁਲ ਪੂਰੀ ਹੋਣੀ ਹੁੰਦੀ ਹੈ।

**ਸਰਦਾਰ ਇਕਬਾਲ ਸਿੰਘ ਝੂੰਦਾਂ** : ਸਪੀਕਰ ਸਾਹਿਬ, ਮੈਂ.....

**ਮਾਨਯੋਗ ਸਪੀਕਰ** : ਨਾਲੇ ਤੁਸੀਂ ਧੰਨਵਾਦ ਕਰ ਦਿੱਤਾ ਹੈ, ਹੁਣ ਫੇਰ ਗੱਲ ਕਰਨ ਲੱਗ ਪਏ ਹੋ।

**ਸਰਦਾਰ ਇਕਬਾਲ ਸਿੰਘ ਝੂੰਦਾਂ** : ਸਪੀਕਰ ਸਾਹਿਬ, ਮੈਂ ਬਿਜਲੀ ਬੋਰਡ ਦੇ ਪੈਟਰਨ ਤੇ ਗੱਲ ਕੀਤੀ ਹੈ ਕਿ ਜਿਵੇਂ ਕੋਈ ਠੇਕਾ ਜਾਂ ਗਰਾਂਟ ਉਨ੍ਹਾਂ ਵਲੋਂ ਦਿੱਤੀ ਜਾਂਦੀ ਹੈ, ਜਿਸ ਤਰ੍ਹਾਂ ਉਨ੍ਹਾਂ ਨੇ ਕੀਤਾ ਹੋਇਆ ਹੈ, ਉਸੇ ਤਰ੍ਹਾਂ ਕੀ ਮੰਡੀ ਬੋਰਡ ਵੀ ਕਰੇਗਾ ?

**ਮਾਨਯੋਗ ਸਪੀਕਰ** : ਹਾਂ ਜੀ, ਲੰਗਾਹ ਸਾਹਿਬ, ਦੱਸੋ।

**ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਨਹੀਂ ਹੋ ਸਕਦਾ। ਇਹ ਮੰਡੀ ਦੀ ਸਹੂਲਤ ਹੀ ਉਸ ਪਿੰਡ ਨੂੰ ਬਹੁਤ ਵੱਡੀ ਸਹੂਲਤ ਹੈ। ਜੇ ਠੇਕੇ ਦੇਣ ਲੱਗੇ ਤਾਂ ਫਿਰ ਸਾਰੇ ਹੀ ਇਸ ਪਾਸੇ ਹੀ ਤੁਰ ਪੈਣਗੇ। ਇਹ ਨਹੀਂ ਹੋ ਸਕਦਾ

Original with;
Punjab Vidhan Sabha
Digitized by;
Panjab Digital Library

**ਸਰਦਾਰ ਇਕਬਾਲ ਸਿੰਘ ਝੂੰਦਾਂ :** ਚਲੋ ਜੀ, ਵਿਚਾਰ ਕਰ ਲੈਣ, ਇਹ ਤਾਂ ਸਰਕਾਰ ਦੀ ਮਰਜ਼ੀ ਹੈ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 759

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## ਮਾਰਕਿਟ ਕਮੇਟੀ ਅਮਰਗੜ੍ਹ ਨਾਲ ਪਿੰਡਾਂ ਨੂੰ ਜੋੜਨਾ

*782. **ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਬ-ਡਵੀਜ਼ਨ ਧੂਰੀ ਦੇ ਚਾਰ ਪਿੰਡਾਂ, ਅਰਥਾਤ ਬੁੱਲਾਪੁਰ, ਮੁਹਾਲੀ, ਮੁਹਾਲਾ ਅਤੇ ਖੇੜੀ ਸੋਢੀਆਂ ਜੋ ਕਿ ਕਿਸੇ ਵੀ ਮਾਰਕਿਟ ਕਮੇਟੀ ਨਾਲ ਨਹੀਂ ਜੁੜੇ ਹੋਏ, ਨੂੰ ਨਾਲ ਲੱਗਦੀ ਅਮਰਗੜ੍ਹ ਮਾਰਕਿਟ ਕਮੇਟੀ ਨਾਲ ਕਦੋਂ ਤੱਕ ਜੋੜ ਦਿੱਤਾ ਜਾਵੇਗਾ?

**ਸਰਦਾਰ ਸੁੱਚਾ ਸਿੰਘ ਲੰਗਾਹ :** ਸਬ-ਡਵੀਜ਼ਨ ਧੂਰੀ ਦੇ ਚਾਰ ਪਿੰਡਾਂ, ਅਰਥਾਤ ਬੁੱਲਾਪੁਰ, ਮੁਹਾਲੀ, ਮੁਹਾਲਾ ਅਤੇ ਖੇੜੀ ਸੋਢੀਆਂ ਨੂੰ ਮਾਰਕਿਟ ਕਮੇਟੀ ਅਮਰਗੜ੍ਹ ਦੇ ਨੋਟੀਫਾਈਡ ਏਰੀਏ ਵਿੱਚ ਸ਼ਾਮਲ ਕਰਨ ਲਈ ਪੰਜਾਬ ਸਟੇਟ ਐਗਰੀਕਲਚਰਲ ਪ੍ਰੋਡਿਊਸ ਮਾਰਕਿਟਸ ਐਕਟ, 1961 ਅਨੁਸਾਰ ਨੋਟੀਫਿਕੇਸ਼ਨ ਕਰਕੇ ਇਤਰਾਜ਼ ਮੰਗੇ ਜਾਣੇ ਹਨ। ਕਾਨੂੰਨ ਦੇ ਉਪਬੰਧਾਂ ਨੂੰ ਮੁੱਖ ਰੱਖਦੇ ਹੋਏ ਇਤਰਾਜ਼ਾਂ ਨੂੰ ਵਿਚਾਰਣ ਉਪਰੰਤ ਘੱਟ ਤੋਂ ਘੱਟ ਸਮੇਂ ਵਿਚ ਪਿੰਡਾਂ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਮਾਨਯੋਗ ਸਪੀਕਰ ਸਾਹਿਬ, ਸਾਲ 1983 ਵਿੱਚ ਅਮਰਗੜ੍ਹ ਮਾਰਕੀਟ ਕਮੇਟੀ ਹੋਂਦ ਵਿੱਚ ਆਈ ਸੀ। ਇਹ ਚਾਰੇ ਪਿੰਡ ਬੁੱਲਾਪੁਰ, ਮੁਹਾਲੀ, ਮੁਹਾਲਾ ਅਤੇ ਖੇੜੀ ਸੋਢੀਆਂ ਪਿਛਲੇ 26 ਸਾਲਾਂ ਤੋਂ ਕਿਸੇ ਵੀ ਮਾਰਕੀਟ ਕਮੇਟੀ ਵਿੱਚ ਸ਼ਾਮਲ ਨਹੀਂ ਕੀਤੇ ਗਏ। ਵੱਖ ਵੱਖ ਸਮਿਆਂ ਤੇ ਇਨ੍ਹਾਂ ਪਿੰਡਾਂ ਵਿੱਚ ਹਾਦਸੇ ਹੁੰਦੇ ਰਹਿੰਦੇ ਹਨ, ਕਿਸੇ ਦੀ ਬਾਂਹ ਵਗੈਰਾ ਕੱਟੀ ਜਾਂਦੀ ਹੈ ਤਾਂ ਉਨ੍ਹਾਂ ਲੋਕਾਂ ਨੂੰ ਇਹ ਕਹਿ ਕੇ ਵਾਪਸ ਭੇਜ ਦਿੱਤਾ ਜਾਂਦਾ ਹੈ ਕਿ ਤੁਹਾਡਾ ਪਿੰਡ ਕਿਸੇ ਵੀ ਮਾਰਕੀਟ ਕਮੇਟੀ ਵਿੱਚ ਸ਼ਾਮਲ ਨਹੀਂ ਹੈ। ਸਾਲ 2007 ਤੋਂ ਲੈ ਕੇ ਜਦੋਂ ਦਾ ਮੈਂ ਐਮ.ਐਲ.ਏ. ਬਣਿਆ ਹਾਂ, ਚਾਰ ਵਾਰੀ ਮੰਡੀ ਬੋਰਡ ਦੇ ਸੈਕਟਰੀ ਨੂੰ, ਜੀ.ਐਮ. ਨੂੰ ਮਿਲ ਕੇ ਕੇਸ ਪਰਾਪਰਲੀ ਥੱਲੇ ਡੀ.ਐਮ.ਓ. ਕੋਲ ਭਿਜਵਾਇਆ ਹੈ। ਸੈਕਟਰੀ ਸਾਹਿਬ ਕਹਿ ਦਿੰਦੇ ਹਨ ਕਿ ਕੇਸ ਸੱਕਤਰ, ਖੇਤੀਬਾੜੀ, ਕੋਲ ਚਲਾ ਗਿਆ ਹੈ। ਜਦੋਂ ਸੈਕਟਰੀ, ਖੇਤੀਬਾੜੀ, ਨੂੰ ਮਿਲਿਆ ਅਤੇ ਪਤਾ ਕੀਤਾ ਤਾਂ ਕੋਈ ਤਸੱਲੀਬਖਸ਼ ਜਵਾਬ ਨਹੀਂ ਮਿਲਿਆ। ਹੁਣ ਵੀ ਮੰਤਰੀ ਜੀ ਨੇ ਕੋਈ ਤਸੱਲੀਬਖਸ਼

Original with;
Punjab Vidhan Sabha
Digitized by;
Panjab Digital Library

[ ਸਰਦਾਰ ਇਕਬਾਲ ਸਿੰਘ ਝੂੰਦਾਂ ]

ਜਵਾਬ ਨਹੀਂ ਦਿੱਤਾ। ਕੇਵਲ ਇਹੀ ਕਿਹਾ ਹੈ ਕਿ ਜਦੋਂ ਕਾਗਜ਼ ਪੂਰੇ ਹੋ ਜਾਣਗੇ ਤਾਂ ਇਨ੍ਹਾਂ ਪਿੰਡਾਂ ਨੂੰ ਮਾਰਕੀਟ ਕਮੇਟੀ ਵਿਚ ਸ਼ਾਮਲ ਕਰ ਲਿਆ ਜਾਵੇਗਾ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ।

**ਸਰਦਾਰ ਇਕਬਾਲ ਸਿੰਘ ਝੂੰਦਾਂ** : ਮੈਂ ਸਵਾਲ ਹੀ ਕਰ ਰਿਹਾ ਹਾਂ ਜੀ। ਮੈਂ ਕਹਿੰਦਾ ਹਾਂ ਕਿ ਕੋਈ ਮੁਸ਼ਕਲ ਹੀ ਨਹੀਂ ਹੈ। ਇਹ ਚਾਰੇ ਪਿੰਡ ਥਾਣਾ ਅਮਰਗੜ੍ਹ ਵਿੱਚ ਪੈਂਦੇ ਹਨ। ਇਹ ਜਿਹੜੇ ਚਾਰੇ ਪਿੰਡ 2-2 ਕਿਲੋਮੀਟਰ ਵਿੱਚ ਪੈਂਦੇ ਹਨ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਮਾਰਕੀਟ ਕਮੇਟੀ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਪ੍ਰਾਬਲਮ ਕੀ ਹੈ? ਇਹ ਗੱਲ ਸਮਝ ਤੋਂ ਬਾਹਰ ਹੈ। ਕਿੰਨੇ ਸਮੇਂ ਵਿੱਚ ਉਨ੍ਹਾਂ ਨੂੰ ਕਮੇਟੀ ਵਿੱਚ ਸ਼ਾਮਲ ਕਰ ਦਿੱਤਾ ਜਾਵੇਗਾ?

**ਮੰਤਰੀ** : ਸਪੀਕਰ ਸਾਹਿਬ, 30 ਦਿਨਾਂ ਦਾ ਨੋਟਿਸ ਦਿੱਤਾ ਹੋਇਆ ਹੈ। 30 ਦਿਨਾਂ ਵਿੱਚ ਜੇਕਰ ਕੋਈ ਇਤਰਾਜ਼ ਨਾ ਆਏ ਤਾਂ ਫੌਰੀ ਤੌਰ ਤੇ ਉਨ੍ਹਾਂ ਨੂੰ ਸ਼ਾਮਲ ਕਰ ਦਿੱਤਾ ਜਾਵੇਗਾ।

**ਸਰਦਾਰ ਇਕਬਾਲ ਸਿੰਘ ਝੂੰਦਾਂ** : ਕੀ 30 ਦਿਨਾਂ ਮਗਰੋਂ ਸ਼ਾਮਲ ਕਰ ਦਿੱਤਾ ਜਾਵੇਗਾ ?

**ਮਾਨਯੋਗ ਸਪੀਕਰ** : ਨੋਟਿਸ ਦਿੱਤਾ ਹੋਇਆ ਹੈ। ਉਸ ਤੋਂ ਮਗਰੋਂ ਜਿਹੜੀ ਗੱਲ ਹੋਵੇਗੀ, ਉਹ ਕਰ ਦਿੱਤੀ ਜਾਵੇਗੀ।

**ਸਰਦਾਰ ਇਕਬਾਲ ਸਿੰਘ ਝੂੰਦਾਂ** : ਮੇਰੀ ਬੇਨਤੀ ਹੈ ਕਿ ਪਬਲਿਕ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ ਨੂੰ ਛੇਤੀ ਤੋਂ ਛੇਤੀ ਸ਼ਾਮਲ ਕੀਤਾ ਜਾਵੇ।

---

## ਵਿੰਗੇ ਪੁਲਾਂ ਦੀ ਮੁੜ ਉਸਾਰੀ

*802. **ਸ਼੍ਰੀ ਸੁਰਜੀਤ ਕੁਮਾਰ ਜਿਆਨੀ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ-ਡਵੀਜ਼ਨ ਫ਼ਾਜ਼ਿਲਕਾ ਵਿੱਚ ਪੈਣ ਵਾਲੀਆਂ ਸੇਮ ਡਰੇਨਾਂ ਦੇ ਉਪਰ ਉਸਾਰੇ ਗਏ ਪੁਲ ਵਿੰਗੇ ਹਨ ਜਿਸ ਦੇ ਸਿੱਟੇ ਵਜੋਂ ਕਈ ਵਾਰ ਦੁਰਘਟਨਾਵਾਂ ਵਾਪਰ ਜਾਂਦੀਆਂ ਹਨ ; ਜੇਕਰ ਅਜਿਹਾ ਹੋਵੇ, ਤਾਂ ਕੀ ਸਰਕਾਰ ਉਕਤ ਪੁਲਾਂ ਦੀ ਮੁੜ ਉਸਾਰੀ ਕਰਨ ਦੀ ਤਜਵੀਜ਼ ਰੱਖਦੀ ਹੈ ?

**ਸਰਦਾਰ ਜਨਮੇਜਾ ਸਿੰਘ ਸੇਖੋਂ** : ਨਹੀਂ ਜੀ।

**ਸ਼੍ਰੀ ਸੁਰਜੀਤ ਕੁਮਾਰ ਜਿਆਨੀ** : ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦਿੱਤਾ ਹੈ, 'ਨਹੀਂ ਜੀ'। ਉਸ ਟੇਢੇ ਤੇ ਭੀੜੇ ਪੁਲ ਤੇ ਲੋਕਾਂ ਦੀ ਜ਼ਿੰਦਗੀ ਤੇ ਜਾਨ ਦਾ ਸਵਾਲ ਹੈ। ਸਾਦਿਕ-ਫਾਜ਼ਿਲ੍ਕਾ ਸੜਕ ਤਾਂ ਚੌੜੀ ਹੋ ਗਈ ਹੈ ਪਰ ਪੁਲ ਭੀੜਾ ਹੀ ਹੈ। ਮਹੀਨੇ

Original with;
Punjab Vidhan Sabha
Digitized by;
Panjab Digital Library

ਵਿੱਚ ਘੱਟੋ ਘੱਟ 1-2 ਵਾਰ ਤਾਂ ਉਥੇ ਐਕਸੀਡੈਂਟ ਹੋ ਹੀ ਜਾਂਦੇ ਹਨ। ਕਦੀ ਕੋਈ ਕੈਂਟਰ ਪਲਟ ਗਿਆ, ਕਦੀ ਕੋਈ ਮੋਟਰਸਾਈਕਲ, ਕੋਈ ਟੈਂਪੂ ਉਲਟ ਗਿਆ। ਪਿਛਲੇ ਮਹੀਨੇ ਇੱਕ ਸਕੂਲੀ ਬੱਚਿਆਂ ਦੀ ਵੈਨ ਡਿੱਗ ਪਈ ਸੀ। ਉਸ ਵਿਚ 23 ਬੱਚੇ ਸਨ। ਸ਼ੁਕਰ ਹੈ ਕਿ ਉਥੇ ਪਾਣੀ ਨਹੀਂ ਸੀ ਤੇ ਬੱਚੇ ਫੱਟੜ ਹੋ ਕੇ ਬਚ ਗਏ ਹਨ। ਮੇਰੀ ਬੇਨਤੀ ਹੈ ਕਿ ਉਸ ਪੁਲ ਨੂੰ ਸਿੱਧਾ ਕਰਕੇ ਚੌੜਾ ਕੀਤਾ ਜਾਵੇ ਤਾਂ ਜੋ ਲੋਕਾਂ ਦੀ ਜ਼ਿੰਦਗੀ ਤੇ ਜਾਨ ਦੀ ਹਿਫਾਜ਼ਤ ਹੋ ਸਕੇ।

**ਮਾਨਯੋਗ ਸਪੀਕਰ** : ਇਹ ਤਾਂ ਤੁਹਾਡੀ ਰਾਏ ਹੈ, ਸਵਾਲ ਤਾਂ ਪੁੱਛਿਆ ਨਹੀਂ।

**ਸ਼੍ਰੀ ਸੁਰਜੀਤ ਕੁਮਾਰ ਜਿਆਨੀ** : ਮੇਰਾ ਸਵਾਲ ਹੈ ਕਿ ਕਦੋਂ ਤੱਕ ਇਸ ਪੁਲ ਨੂੰ ਸਿੱਧਾ ਕਰਕੇ ਚੌੜਾ ਕਰ ਦਿੱਤਾ ਜਾਵੇਗਾ। ਸਰਕਾਰ ਵੈਸੇ ਵੀ ਤਾਂ ਲੋਕਾਂ ਉਤੇ ਕਰੋੜਾਂ ਰੁਪਏ ਖਰਚ ਕਰ ਰਹੀ ਹੈ।

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਪੁਲ ਦੀ ਇਹ ਗੱਲ ਕਰ ਰਹੇ ਹਨ, ਜਿੰਨੀਆਂ ਵੀ ਫਾਜ਼ਿਲਕਾ ਦੇ ਥਰੂ ਡਰੇਨਾਂ ਜਾਂਦੀਆਂ ਹਨ, ਉਨ੍ਹਾਂ ਉਤੇ ਬਣੇ ਪੁਲਾਂ ਵਿੱਚੋਂ ਕੋਈ ਵੀ ਵਿੰਗਾ ਨਹੀਂ ਹੈ, ਸੜਕ ਜ਼ਰੂਰ ਵਿੰਗੀ ਹੈ। ਅਸੀਂ ਤਾਂ ਸੈਂਟਰਲ ਡਿਜ਼ਾਈਨ ਆਰਗੇਨਾਈਜ਼ੇਸ਼ਨ ਦੀਆਂ ਹਦਾਇਤਾਂ ਅਨੁਸਾਰ ਜਿਹੜੇ ਬ੍ਰਿਜ ਬਣਾਉਣੇ ਹਨ, ਉਹ 90 ਡਿਗਰੀ ਐਂਗਲ ਤੇ ਬਣਾਉਣੇ ਹੁੰਦੇ ਹਨ। ਸੜਕ ਵਿੰਗੀ ਹੈ। ਪ੍ਰਾਬਲਮ ਇਹ ਹੈ ਕਿ ਮੈਂਬਰ ਸਾਹਿਬ ਕਹਿ ਰਹੇ ਹਨ ਕਿ ਵਿੰਗੀ ਸੜਕ ਦੇ ਬਰਾਬਰ ਪੁਲ ਨੂੰ ਵੀ ਵਿੰਗਾ ਬਣਾਉ।

**ਸ਼੍ਰੀ ਸੁਰਜੀਤ ਕੁਮਾਰ ਜਿਆਨੀ** : ਜੇਕਰ ਸੜਕ ਸਿੱਧੀ ਨਹੀਂ ਹੋ ਸਕਦੀ ਤਾਂ ਪੁਲ ਤਾਂ ਸਿੱਧਾ ਹੋ ਸਕਦਾ ਹੈ। ਕੱਲ੍ਹ ਜੇਕਰ ਕੋਈ ਵੱਡਾ ਹਾਦਸਾ ਹੋ ਗਿਆ ਤਾਂ ਫਿਰ ਸਾਨੂੰ ਸਾਰਿਆਂ ਨੂੰ ਚਿੰਤਾ ਹੋਵੇਗੀ। ਮਹੀਨੇ ਵਿਚ ਇਕ-ਦੋ ਐਕਸੀਡੈਂਟ ਤਾਂ ਉਥੇ ਹੋ ਹੀ ਜਾਂਦੇ ਹਨ। ਪਤਾ ਨਹੀਂ ਮੰਤਰੀ ਜੀ ਦੀ ਮੇਰੇ ਨਾਲ ਕੀ ਨਰਾਜ਼ਗੀ ਹੈ।

**ਮਾਨਯੋਗ ਸਪੀਕਰ** : ਕੀ ਮੰਤਰੀ ਜੀ ਤੁਹਾਡੇ ਨਾਲ ਗੁੱਸੇ ਹਨ ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ** : ਗੁੱਸੇ ਹੀ ਲੱਗਦੇ ਹਨ ਜੀ। ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਮੁੜ ਬੇਨਤੀ ਕਰਦਾ ਹਾਂ ਕਿ ਇਸ ਤੇ ਕੋਈ ਜ਼ਿਆਦਾ ਖਰਚਾ ਨਹੀਂ ਆਉਣਾ, ਉਹ ਇਸ ਪੁਲ ਨੂੰ ਜ਼ਰੂਰ ਚੈੱਕ ਕਰਕੇ ਸਿੱਧਾ ਅਤੇ ਚੌੜਾ ਕਰਵਾ ਦੇਣ। ਵੈਸੇ ਤਾਂ ਤਿੰਨ-ਚਾਰ ਪੁਲ ਟੇਢੇ ਹਨ।

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਬੇਨਤੀ ਕੀਤੀ ਹੈ ਕਿ ਪੁਲ ਤਾਂ ਵਿੰਗਾ ਨਹੀਂ, ਸੜਕ ਵਿੰਗੀ ਹੈ। ਫਿਰ ਵੀ ਮੁੜ ਕੇ ਸਟੱਡੀ ਕਰ ਲੈਂਦੇ ਹਾਂ ਜੀ।

**ਮਾਨਯੋਗ ਸਪੀਕਰ** : ਜਿਆਨੀ ਜੀ, ਹੁਣ ਤੁਹਾਡੀ ਗੱਲ ਹੋ ਗਈ। ਅਗਲਾ ਸਵਾਲ।

---

Original with;
Punjab Vidhan Sabha
Digitized by;
Panjab Digital Library

## ਕੈਦੀਆਂ ਦੀ ਰਿਹਾਈ

*796. **ਸਰਦਾਰ ਸੋਹਣ ਸਿੰਘ ਠੰਡਲ** : ਕੀ ਜੇਲ੍ਹਾਂ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਜਿਹੇ ਕੈਦੀਆਂ ਦੀ ਗਿਣਤੀ ਕਿੰਨੀ ਹੈ ਜਿਹੜੇ ਆਪਣੀਆਂ ਸਜ਼ਾਵਾਂ ਦੀਆਂ ਮਿਆਦ ਪੂਰੀ ਹੋਣ ਤੇ ਵੀ ਹਾਲੇ ਤੱਕ ਜੇਲ੍ਹਾਂ ਵਿੱਚ ਬੰਦ ਹਨ ਅਤੇ ਸਰਕਾਰ ਦੁਆਰਾ ਉਨ੍ਹਾਂ ਦੀ ਰਿਹਾਈ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਹੀਰਾ ਸਿੰਘ ਗਾਬੜੀਆ** : ਕੋਈ ਵੀ ਅਜਿਹਾ ਕੈਦੀ ਜੇਲ੍ਹਾਂ ਵਿੱਚ ਬੰਦ ਨਹੀਂ ਹੈ ਜੋ ਆਪਣੀ ਸਜ਼ਾ ਦੀ ਮਿਆਦ ਪੂਰੀ ਹੋਣ ਦੇ ਬਾਵਜੂਦ ਰਿਹਾਅ ਨਾ ਕੀਤਾ ਗਿਆ ਹੋਵੇ।

ਇਸ ਤੋਂ ਇਲਾਵਾ 32 ਪਾਕਿਸਤਾਨੀ ਕੈਦੀ ਅਜਿਹੇ ਹਨ ਜਿਨ੍ਹਾਂ ਨੇ ਸਜ਼ਾ ਪੂਰੀ ਕਰ ਲਈ ਹੈ ਪਰੰਤੂ ਪਾਕਿਸਤਾਨ ਸਰਕਾਰ ਵੱਲੋਂ ਉਨ੍ਹਾਂ ਦੇ ਸਫ਼ਰ ਸਬੰਧੀ ਲੋੜੀਂਦੇ ਕਾਗਜ਼ਾਤ ਪ੍ਰਾਪਤ ਨਾ ਹੋਣ ਕਾਰਨ ਅਜੇ ਰਿਹਾਅ ਨਹੀਂ ਕੀਤੇ ਗਏ। ਇਸ ਲਈ ਹਾਲ ਦੀ ਘੜੀ ਇਨ੍ਹਾਂ ਨੂੰ ਸੈਂਟਰਲ ਜੇਲ੍ਹ, ਅੰਮ੍ਰਿਤਸਰ, ਵਿਖੇ ਟਰਾਂਜ਼ਿਟ ਕੈਂਪ ਵਿੱਚ ਰੱਖਿਆ ਹੋਇਆ ਹੈ।

ਇਨ੍ਹਾਂ ਕੈਦੀਆਂ ਦੀ ਰਿਹਾਈ ਸਬੰਧੀ ਭਾਰਤ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਪਾਕਿਸਤਾਨ ਸਰਕਾਰ ਨਾਲ ਮਾਮਲਾ ਉਠਾਇਆ ਜਾ ਰਿਹਾ ਹੈ ਪਰੰਤੂ ਉਨ੍ਹਾਂ ਦੇ ਸਫ਼ਰ ਸਬੰਧੀ ਲੋੜੀਂਦੇ ਕਾਗਜ਼ਾਤ ਪ੍ਰਾਪਤ ਨਾ ਹੋਣ ਕਾਰਨ ਅਜੇ ਰਿਹਾਅ ਨਹੀਂ ਕੀਤਾ ਜਾ ਸਕਿਆ।

ਇਨ੍ਹਾਂ ਨੂੰ ਜੇਲ੍ਹ ਵਿੱਚ ਰੱਖਣਾ ਨਿਯਮਾਂ ਦੇ ਉਲਟ ਹੈ। ਇਸ ਲਈ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਸੈਂਟਰਲ ਜੇਲ੍ਹ, ਅੰਮ੍ਰਿਤਸਰ ਵਿਖੇ ਟਰਾਂਜ਼ਿਟ ਕੈਂਪ ਬਣਾ ਕੇ ਇਹਨਾਂ ਨੂੰ ਰੱਖਿਆ ਹੋਇਆ ਹੈ।

### ਜੇਲ੍ਹ-ਵਾਈਜ਼ ਪਾਕਿਸਤਾਨੀ ਬੰਦੀਆਂ ਦੀ ਗਿਣਤੀ

| ਲੜੀ ਨੰ: | ਜੇਲ੍ਹ ਦਾ ਨਾਂ | ਹਵਾਲਾਤੀ | ਕੈਦੀ | ਸਜ਼ਾ ਪੂਰੀ ਕਰ ਚੁੱਕੇ ਬੰਦੀ | ਨਜ਼ਰਬੰਦ ਜੰਮੂ ਕਸ਼ਮੀਰ ਤੋਂ ਫੜੇ ਗਏ ਬੰਦੀ | ਜੋੜ |
|---|---|---|---|---|---|---|
| 1. | ਕੇਂਦਰੀ ਜੇਲ੍ਹ, ਅੰਮ੍ਰਿਤਸਰ | 22 | 04 | 32 | - | 58 |
| 2. | ਕੇਂਦਰੀ ਜੇਲ੍ਹ, ਗੁਰਦਾਸਪੁਰ | 01 | - | - | - | 01 |
| 3. | ਕੇਂਦਰੀ ਜੇਲ੍ਹ, ਪਟਿਆਲਾ | - | 09 | - | - | 09 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 4. | ਕੇਂਦਰੀ ਜੇਲ੍ਹ, ਬਠਿੰਡਾ | 01 | – | – | – | 01 |
| 5. | ਕੇਂਦਰੀ ਜੇਲ੍ਹ, ਫਿਰੋਜ਼ਪੁਰ | 08 | – | – | – | 08 |
| 6. | ਜ਼ਿਲ੍ਹਾ ਜੇਲ੍ਹ, ਨਾਭਾ | 03 | 03 | – | – | 06 |
| 7. | ਜ਼ਿਲ੍ਹਾ ਜੇਲ੍ਹ, ਸੰਗਰੂਰ | 01 | – | – | 11 | 12 |
| 8. | ਵੂਮੈਨ ਜੇਲ੍ਹ, ਲੁਧਿਆਣਾ | – | 01 | – | – | 01 |
| | ਜੋੜ | 36 | 17 | 32 | 11 | 96 |

**ਸਰਦਾਰ ਸੋਹਣ ਸਿੰਘ ਠੰਡਲ :** ਸਪੀਕਰ ਸਾਹਿਬ, ਮੰਤਰੀ ਜੀ ਨੇ ਜੋ ਜਵਾਬ ਭੇਜਿਆ ਹੈ "ਕੋਈ ਕੈਦੀ ਹੈ ਨਹੀਂ" ਅਤੇ 32 ਕੈਦੀ ਪਾਕਿਸਤਾਨ ਦੇ ਅੰਮ੍ਰਿਤਸਰ ਜੇਲ੍ਹ ਵਿੱਚ ਹਨ ਅਤੇ ਹੋਰਾਂ ਵਿੱਚ ਵੀ ਹੋਣਗੇ ਜਿਹੜੇ ਕਾਫੀ ਲੰਮੇ ਸਮੇਂ ਤੋਂ ਉਥੇ ਹਨ ਅਤੇ ਰਿਹਾਅ ਨਹੀਂ ਹੋਏ। ਇਸ ਤੋਂ ਇਲਾਵਾ ਮੇਰੀ ਜਾਣਕਾਰੀ ਮੁਤਾਬਿਕ ਕਈ ਹੋਰ ਜੇਲ੍ਹਾਂ ਵਿੱਚ ਹੋਰ ਕੈਦੀ ਵੀ ਮੌਜੂਦ ਹਨ ਜਿਹੜੇ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ ਅਤੇ ਉਨ੍ਹਾਂ ਦੇ ਕਾਗਜ਼-ਪੱਤਰ ਹੋਮ ਮਨਿਸਟਰੀ ਨੇ ਤਿਆਰ ਕਰਨੇ ਹੁੰਦੇ ਹਨ ਜਾਂ ਇਨ੍ਹਾਂ ਦੇ ਵਿਭਾਗ ਨੇ ਤਿਆਰ ਕਰਨੇ ਹੁੰਦੇ ਹਨ ਅਤੇ ਉਹ ਸਮੇਂ ਸਿਰ ਤਿਆਰ ਨਹੀਂ ਹੁੰਦੇ ਅਤੇ ਉਥੇ ਪਏ ਰਹਿੰਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਮੰਤਰੀ ਜੀ ਦੁਬਾਰਾ ਪੜਤਾਲ ਕਰਾਉਣਗੇ ਕਿ ਕਿੰਨੇ ਅਜਿਹੇ ਕੈਦੀ ਹਨ ਜਿਹੜੇ ਆਪਣੀ ਸਜ਼ਾ ਕੱਟਣ ਉਪਰੰਤ ਵੀ ਜੇਲ੍ਹਾਂ ਵਿੱਚ ਕੈਦ ਹਨ। ਕਿਉਂਕਿ ਇਸ ਦਾ ਸਬੰਧ ਹੋਮ ਮਨਿਸਟਰੀ ਦੇ ਨਾਲ ਹੈ, ਨਾਲ ਦੀ ਨਾਲ ਮੈਂ ਉਪ ਮੁੱਖ ਮੰਤਰੀ ਜੀ ਨੂੰ ਵੀ ਬੇਨਤੀ ਕਰਾਂਗਾਂ ਕਿਉਂਕਿ ਮੈਨੂੰ ਵੀ ਸਰਕਾਰ ਦੇ ਵਿੱਚ ਰਹਿ ਕੇ ਦੇਖਣ ਦਾ ਮੌਕਾ ਮਿਲਿਆ ਸੀ, ਬਹੁਤ ਸਾਰੇ ਲੋਕ ਹਨ ਜਿਨ੍ਹਾਂ ਨੂੰ ਸਜ਼ਾ ਭੁਗਤੀ ਨੂੰ ਵੀ 4-4 ਸਾਲ ਹੋ ਚੁੱਕੇ ਹਨ ਪਰ ਉਨ੍ਹਾਂ ਦੇ ਕਾਗਜ਼-ਪੱਤਰ ਨਾ ਪੁੱਜਣ ਕਰਕੇ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਗਿਆ ਅਤੇ ਉਹ ਸਰਕਾਰ ਤੇ ਵੀ ਬੋਝ ਹਨ। ਕੀ ਮੰਤਰੀ ਜੀ ਦੁਬਾਰਾ ਚੈੱਕ ਕਰਵਾ ਕੇ ਅਜਿਹੇ ਕੈਦੀਆਂ ਦੇ ਕਾਗਜ਼-ਪੱਤਰ ਤਿਆਰ ਕਰਵਾ ਕੇ ਉਨ੍ਹਾਂ ਨੂੰ ਕਦੋਂ ਤੱਕ ਰਿਹਾਅ ਕਰਵਾ ਦੇਣਗੇ, ਦੱਸਣ ਦੀ ਖੇਚਲ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੇ 32 ਕੈਦੀਆਂ ਬਾਰੇ ਗੱਲ ਕੀਤੀ ਹੈ, ਅੱਜ ਅਸੀਂ ਉਨ੍ਹਾਂ ਨੂੰ ਕੈਦੀ ਬਣਾ ਕੇ ਨਹੀਂ ਰੱਖਿਆ ਹੋਇਆ, ਉਨ੍ਹਾਂ ਦੀ ਕੈਦ ਪੂਰੀ ਹੋ ਚੁੱਕੀ ਹੈ। ਉਨ੍ਹਾਂ ਦੇ ਜਿਹੜੇ ਟਰੈਵਲਿੰਗ ਡਾਕੂਮੈਂਟਸ ਹਨ, ਜਿਹੜੇ ਕਿ ਪਾਕਿਸਤਾਨ ਤੋਂ ਆਉਣੇ ਹਨ, ਉਹ ਅਜੇ ਨਹੀਂ ਆ ਸਕੇ। ਪਾਕਿਸਤਾਨ ਵਾਲੇ ਉਨ੍ਹਾਂ ਨੂੰ ਆਪਣੇ ਸਿਟੀਜ਼ਨ ਨਹੀਂ

Original with;
Punjab Vidhan Sabha
Digitized by;
Panjab Digital Library

[ ਜੇਲ੍ਹਾਂ ਮੰਤਰੀ ]

ਮੰਨਦੇ। ਅਸੀਂ ਉਨ੍ਹਾਂ ਨੂੰ ਕੈਦੀ ਬਣਾ ਕੇ ਨਹੀਂ ਰੱਖਿਆ ਹੋਇਆ ਕਿਉਂਕਿ ਉਨ੍ਹਾਂ ਦੀ ਸਜ਼ਾ ਖ਼ਤਮ ਹੋ ਚੁੱਕੀ ਹੈ ਅਤੇ ਅਸੀਂ ਉਨ੍ਹਾਂ ਦੇ ਲਈ ਵੱਖਰੇ ਕੈਂਪ ਬਣਾਏ ਹੋਏ ਹਨ। ਉਨ੍ਹਾਂ ਨੂੰ ਓਪਨ ਨਹੀਂ ਛੱਡ ਸਕਦੇ ਕਿਉਂਕਿ ਦੇਸ਼ ਦੀ ਸਿਕਿਊਰਟੀ ਦਾ ਸਵਾਲ ਹੈ। ਪਰ ਉਨ੍ਹਾਂ ਦੀ ਕੋਈ ਜ਼ਿਮੇਂਵਾਰੀ ਨਹੀਂ ਲੈ ਰਿਹਾ। ਅਸੀਂ ਵਾਰ-ਵਾਰ ਸੈਂਟਰ ਗੌਰਮਿੰਟ ਨੂੰ ਲਿਖ ਕੇ ਭੇਜਿਆ ਹੈ ਕਿ ਉਨ੍ਹਾਂ ਦਾ ਸਰਟੀਫਿਕੇਟ ਪਾਕਿਸਤਾਨ ਸਰਕਾਰ ਤੋਂ ਲਿਆ ਜਾਵੇ।

ਜਿਸ ਕੈਦੀ ਨੂੰ ਫਾਂਸੀ ਦੀ ਸਜ਼ਾ ਹੋ ਜਾਂਦੀ ਹੈ, ਉਸ ਨੂੰ ਉਪਰਲੀ ਕੋਰਟ ਉਮਰ ਕੈਦ ਵਿੱਚ ਬਦਲ ਦਿੰਦੀ ਹੈ ਅਤੇ 14 ਸਾਲ ਉਸ ਨੂੰ ਕੈਦ ਕੱਟਣੀ ਪੈਂਦੀ ਹੈ। ਮੁੱਖ ਮੰਤਰੀ ਜੀ ਦੇ ਹੁਕਮਾਂ ਦੇ ਮੁਤਾਬਿਕ ਅਸੀਂ 13½ ਸਾਲਾਂ ਤੋਂ ਬਾਅਦ ਹੀ ਨਕਸ਼ਾ ਤਿਆਰ ਕਰ ਦਿੰਦੇ ਹਾਂ ਕਿਉਂਕਿ 14 ਸਾਲ ਤੋਂ ਉਪਰ ਅਸੀਂ ਇੱਕ ਦਿਨ ਵੀ ਜੇਲ੍ਹ ਵਿੱਚ ਨਹੀਂ ਕਟਾਉਣਾ ਚਾਹੁੰਦੇ। ਜਿਹੜੇ ਕੈਦੀਆਂ ਨੂੰ ਤਸੀਹੇ ਦੇ ਕੇ ਮਾਰਨ ਦੇ ਦੋਸ਼ ਵਿੱਚ ਸਜ਼ਾ ਹੁੰਦੀ ਹੈ, ਉਨ੍ਹਾਂ ਨੂੰ 12 ਸਾਲ ਦੀ ਸਜ਼ਾ ਕੱਟਣੀ ਪੈਂਦੀ ਹੈ ਅਤੇ ਉਨ੍ਹਾਂ ਦਾ ਅਸੀਂ 11½ ਸਾਲ ਪਿੱਛੋਂ ਹੀ ਨਕਸ਼ਾ ਤਿਆਰ ਕਰਕੇ ਭੇਜ ਦਿੰਦੇ ਹਾਂ। ਇਸ ਦੇ ਲਈ 6 ਮਹੀਨੇ ਪਹਿਲਾਂ ਨਕਸ਼ਾ ਤਿਆਰ ਕਰ ਦਿੱਤਾ ਜਾਂਦਾ ਹੈ। ਜਿਹੜੀ ਮਿਤੀ 8.7.1991 ਦੀ ਪਾਲਿਸੀ ਹੈ, ਉਸ ਦੇ ਮੁਤਾਬਿਕ 6 ਮਹੀਨੇ ਪਹਿਲਾਂ ਹੀ ਅਸੀਂ ਨਕਸ਼ਾ ਤਿਆਰ ਕਰ ਦਿੰਦੇ ਹਾਂ। ਬੱਚੇ ਅਤੇ ਔਰਤਾਂ ਦਾ ਵੀ ਅਸੀਂ ਖਾਸ ਧਿਆਨ ਰੱਖਦੇ ਹਾਂ ਅਤੇ ਉਨ੍ਹਾਂ ਦੀ ਸਜ਼ਾ ਵੀ ਪੂਰੀ ਹੋਣ ਤੋਂ 6 ਮਹੀਨੇ ਪਹਿਲਾਂ ਹੀ ਅਸੀਂ ਨਕਸ਼ਾ ਤਿਆਰ ਕਰਕੇ ਭੇਜ ਦਿੰਦੇ ਹਾਂ।

**ਸਰਦਾਰ ਸੋਹਣ ਸਿੰਘ ਠੰਡਲ :** ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਬੜੀ ਲੰਮੀ ਡਿਟੇਲ ਦੇ ਦਿੱਤੀ ਹੈ, ਮੈਂ ਮੰਤਰੀ ਜੀ ਦਾ ਬੜਾ ਧੰਨਵਾਦੀ ਹਾਂ। ਸਪੀਕਰ ਸਾਹਿਬ, ਇਹ ਜਿਹੜਾ ਨਕਸ਼ੇ ਵਾਲਾ ਮਸਲਾ ਹੈ, ਉਹ ਇੰਨਾ ਪੇਚੀਦਾ ਹੈ ਕਿ ਕਈ ਵੇਰ 10-10, 12-12 ਸਾਲ ਦੀ ਕੈਦ ਹੋ ਜਾਂਦੀ ਹੈ ਅਤੇ ਪਿੱਛੇ ਕੋਈ ਵੀ ਮੈਂਬਰ ਪਰਿਵਾਰ ਦਾ ਨਹੀਂ ਰਹਿੰਦਾ ਜਿਹੜਾ ਨਕਸ਼ਾ ਬਣਾ ਕੇ ਭੇਜ ਸਕੇ ਅਤੇ ਸਰਪੰਚ, ਪੰਚ ਤਸਦੀਕ ਨਹੀਂ ਕਰਦੇ ਅਤੇ ਨਕਸ਼ਾ ਨਾ ਪੁੱਜਣ ਕਰਕੇ ਉਹ ਸਜ਼ਾ ਕੱਟਣ ਦੇ ਬਾਵਜੂਦ ਵੀ ਜੇਲ੍ਹ ਵਿੱਚ ਬੰਦ ਰਹਿੰਦੇ ਹਨ ਅਤੇ ਨਕਸ਼ਾ ਹੋਮ ਮਨਿਸਟਰ ਸਾਹਿਬ ਤੋਂ ਪਾਸ ਕਰਵਾ ਕੇ ਗਵਰਨਰ ਸਾਹਿਬ ਕੋਲ ਜਾਂਦਾ ਹੈ। ਇਹ ਬੜਾ ਲੰਮਾ ਪ੍ਰੋਸੈੱਸ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਹੁਤ ਸਾਰੇ ਸੱਜਣ ਮੈਨੂੰ ਮਿਲੇ ਹਨ ਜਿਹੜੇ ਪੈਰੋਲ ਤੇ ਆਏ ਹੋਏ ਸਨ। ਮੈਂ ਆਪ ਪਤਾ ਕਰਵਾਇਆ ਕਿ ਕੀ ਗੱਲ ਹੈ। ਹੁਣ ਉਹ ਵਾਪਸ ਜੇਲ੍ਹ ਵਿੱਚ ਚਲੇ ਗਏ ਹਨ। ਮੰਤਰੀ ਜੀ ਨੇ ਜੋ ਕਿਹਾ ਹੈ, ਉਹ ਠੀਕ ਹੋ ਸਕਦਾ ਹੈ ਪਰ ਅਜਿਹੇ ਕਿੰਨੇ ਹੀ ਵਿਅਕਤੀ ਹਨ ਜਿਨ੍ਹਾਂ ਦਾ ਨਕਸ਼ਾ ਕਿਤੇ ਨਾ ਕਿਤੇ ਰੁਕਿਆ ਹੋਇਆ ਹੈ। ਇਸ ਲਈ ਇਹ ਨਕਸ਼ੇ ਦਾ ਕੰਮ ਸਰਲ ਕੀਤਾ ਜਾਵੇ। ਇਸ ਤੋਂ ਇਲਾਵਾ ਕਈ ਕੈਦੀਆਂ ਦਾ ਕੋਈ ਪਰਿਵਾਰਕ ਮੈਂਬਰ ਬਾਹਰ ਨਹੀਂ ਹੁੰਦਾ ਹੈ। ਇਸ ਲਈ ਉਨ੍ਹਾਂ ਲਈ ਕਾਫੀ ਔਖਾ ਹੋ ਜਾਂਦਾ ਹੈ। ਉਹ ਤਾਂ ਜੇਲ੍ਹ ਵਿੱਚ ਹਨ ਤੇ ਉਨ੍ਹਾਂ ਦੀ ਕੀ ਵੈਰੀਫਿਕੇਸ਼ਨ ਹੋਵੇਗੀ? ਇਸ ਲਈ ਇਸ ਨੂੰ ਸੌਖਾ ਕਰਨ ਦਾ ਪ੍ਰਬੰਧ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਜੇਕਰ ਇਨ੍ਹਾਂ ਦੇ ਨੋਟਿਸ ਵਿੱਚ ਕੋਈ ਕੇਸ ਹੈ ਤਾਂ ਉਸ ਦੀ ਇਹ ਮੈਨੂੰ ਜਾਣਕਾਰੀ ਦੇ ਦੇਣ। ਮੈਂ ਬਕਾਇਦਾ ਤੌਰ ਤੇ ਦੇਖ ਲਵਾਂਗਾ। ਵੈਸੇ ਅਸੀਂ ਡਿਸਟ੍ਰਿਕਟ ਲੈਵਲ ਤੇ ਸਪੈਸ਼ਲ ਅਫਸਰ ਲਗਾਏ ਹੋਏ ਹਨ। ਇਨ੍ਹਾਂ ਸਪੈਸ਼ਲ ਅਫ਼ਸਰਾਂ ਦਾ ਇਹੀ ਕੰਮ ਹੁੰਦਾ ਹੈ ਕਿ ਨਕਸ਼ਾ ਲੈ ਕੇ ਪਿੰਡ ਦੀ ਪੰਚਾਇਤ ਤੋਂ ਮਨਜ਼ੂਰ ਕਰਵਾਉਣਾ। ਜੇ ਪੰਚਾਇਤ ਨਹੀਂ ਤਾਂ ਨੰਬਰਦਾਰ ਤੋਂ ਕਰਵਾਉਣਾ। ਫਿਰ ਥਾਣੇ ਤੋਂ ਡਿਪਟੀ ਕਮਿਸ਼ਨਰ ਕੋਲ ਕੇਸ ਲੈ ਕੇ ਜਾਣਾ। ਸਾਡੇ ਮਾਨਯੋਗ ਮੁੱਖ ਮੰਤਰੀ ਜੀ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਕੀਤੀਆਂ ਹੋਈਆਂ ਹਨ ਕਿ ਇਹੋ ਜਿਹਾ ਕੇਸ ਇੱਕ ਦਿਨ ਵੀ ਨਹੀਂ ਰੱਖਣਾ ਤੇ ਉਸ ਵੇਲੇ ਫਾਈਲ ਕੱਢ ਕੇ ਸੰਬੰਧਿਤ ਅਫ਼ਸਰ ਨੂੰ ਭੇਜਣੀ ਹੈ। ਜੇ ਮੈਂਬਰ ਸਾਹਿਬ ਦੇ ਨੋਟਿਸ ਵਿੱਚ ਇਹੋ ਜਿਹੀ ਕੋਈ ਗੱਲ ਹੈ ਜਾਂ ਕੇਸ ਹੈ ਤਾਂ ਇਹ ਨਿੱਜੀ ਤੌਰ ਤੇ ਮੈਨੂੰ ਮਿਲ ਲੈਣ। ਮੈਂ ਫੌਰੀ ਤੌਰ ਤੇ ਕਾਰਵਾਈ ਕਰਵਾ ਕੇ ਰਿਹਾਅ ਕਰਵਾ ਦੇਵਾਂਗਾ।

---

## ਨਿਸ਼ਾਨ ਵਾਲੇ ਪ੍ਰਸ਼ਨ ਨੰ: 761, 780, 757, 766, 781, 762 ਅਤੇ 767

(ਸਬੰਧਤ ਮੈਂਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

**ਮਾਨਯੋਗ ਸਪੀਕਰ :** ਪ੍ਰਸ਼ਨ ਖਤਮ ਹੁੰਦੇ ਹਨ।

---

## UNSTARRED QUESTIONS AND ANSWERS

### ਦਵਾਈਆਂ ਦੀ ਖਰੀਦ

176. **ਸਰਦਾਰ ਅਜੀਤ ਸਿੰਘ ਸ਼ਾਂਤ :** ਕੀ ਪਸ਼ੂ-ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2008-09 ਦੇ ਦੌਰਾਨ ਪਸ਼ੂ-ਪਾਲਣ ਵਿਭਾਗ ਦੁਆਰਾ ਦਵਾਈਆਂ ਦੀ ਖਰੀਦ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਉਨ੍ਹਾਂ ਕੰਪਨੀਆਂ ਦੇ ਵੇਰਵੇ ਕੀ ਹਨ ਜਿਨ੍ਹਾਂ ਤੋਂ ਉਪਰੋਕਤ ਦਵਾਈਆਂ ਖਰੀਦੀਆਂ ਗਈਆਂ ?

**ਸਰਦਾਰ ਗੁਲਜ਼ਾਰ ਸਿੰਘ ਰਣੀਕੇ :** ਸੂਚਨਾ ਅਨੁਲੱਗ 'ੳ' ਤੇ ਦਿੱਤੀ ਗਈ ਹੈ, ਜੋ ਕਿ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

[ ਪਸ਼ੂ-ਪਾਲਣ ਮੰਤਰੀ ]

## ਅਨੁਲੱਗ - 'ੳ'

## ਦਵਾਈਆਂ ਦੀਆਂ ਕੰਪਨੀਆਂ ਦਾ ਵੇਰਵਾ

| ਲੜੀ ਨੰ: | ਕੰਪਨੀ ਦਾ ਨਾਮ |
|---|---|
| 1. | ਮੈਸਰਜ਼ ਲੋਮਸ ਫਰਮਾਸੀਟੀਕਲਜ਼, ਸੋਲਨ । |
| 2. | ਮੈਸਰਜ਼ ਹਿੰਦੋਸਤਾਨ ਫਰਮਾਸੀਟੀਕਲਜ਼, ਅੰਮ੍ਰਿਤਸਰ । |
| 3. | ਮੈਸਰਜ਼ ਸੁਪਰੀਮ ਕੈਮੀਕਲਜ਼, ਹੁਸ਼ਿਆਰਪੁਰ । |
| 4. | ਮੈਸਰਜ਼ ਸੈਲਿਕਸ ਫਰਮਾਕੈਮ, ਹੁਸ਼ਿਆਰਪੁਰ । |
| 5. | ਮੈਸਰਜ਼ ਜੈਪਸ ਫਰਮਾਸੀਟੀਕਲਜ਼, ਪਾਉਂਟਾ ਸਾਹਿਬ । |
| 6. | ਮੈਸਰਜ਼ ਕੁਆਲਟੀ ਫਰਮਾਸੀਟੀਕਲਜ਼, ਅੰਮ੍ਰਿਤਸਰ । |
| 7. | ਮੈਸਰਜ਼ ਮਿਨਿਲ ਲੈਬਾਟਰੀਜ਼, ਜੰਮੂ । |
| 8. | ਮੈਸਰਜ਼ ਸੀਮਿਨਜ ਲੈਬਾਟਰੀਜ਼, ਗੁੜਗਾਉ । |
| 9. | ਮੈਸਰਜ਼ ਹਰੀਸੰਨਜ਼ ਫਰਮਾਸੀਟੀਕਲਜ਼, ਚੰਡੀਗੜ੍ਹ । |
| 10. | ਮੈਸਰਜ਼ ਵੈਟਸ ਫਾਰਮਾ, ਜਲੰਧਰ । |
| 11. | ਮੈਸਰਜ਼ ਔਸਕਰ ਰੈਮਡੀਜ਼, ਯਮਨਾਨਗਰ । |
| 12. | ਮੈਸਰਜ਼ ਜੇ.ਬੀ. ਲੈਬ, ਜਲੰਧਰ । |

ਦਵਾਈਆਂ ਦੀ ਖਰੀਦ ਤੇ ਸਾਲ 2008-09 ਦੌਰਾਨ ਕੁੱਲ 39,14,005/- ਰੁਪਏ ਖਰਚ ਕੀਤੇ ਗਏ ਹਨ।

---

## ਪੰਜਾਬ ਰਾਜ ਬਿਜਲੀ ਬੋਰਡ ਵਿਰੁੱਧ ਕਰਜ਼ਾ

177. **ਸਰਦਾਰ ਅਜੀਤ ਸਿੰਘ ਸ਼ਾਂਤ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਪੰਜਾਬ ਰਾਜ ਬਿਜਲੀ ਬੋਰਡ ਵੱਲ ਬਾਕੀ ਰਹਿੰਦੇ ਕਰਜ਼ੇ ਦੀ ਰਕਮ ਕਿੰਨੀ ਹੈ;

(ਅ) ਮੌਜੂਦਾ ਸਮੇਂ ਬਿਜਲੀ ਬੋਰਡ ਦੁਆਰਾ ਉਠਾਏ ਜਾ ਰਹੇ ਘਾਟਿਆਂ ਦੇ ਵੇਰਵੇ ਕੀ ਹਨ ;

(ੲ) ਬਿਜਲੀ ਬੋਰਡ ਨੂੰ ਘਾਟੇ ਵਿੱਚੋਂ ਕੱਢਣ ਲਈ ਅਤੇ ਘਾਟਿਆਂ ਨੂੰ ਪੂਰਾ ਕਰਨ ਲਈ ਰਾਜ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

Original with; Punjab Vidhan Sabha Digitized by; Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਪੰਜਾਬ ਰਾਜ ਬਿਜਲੀ ਬੋਰਡ ਦੇ 31.03.2008 ਤੱਕ ਦੇ ਰਹਿੰਦੇ ਬਾਕੀ ਕਰਜ਼ੇ ਦੀ ਰਕਮ 12,600.14 ਕਰੋੜ ਰੁਪਏ ਹੈ।

(ਅ) ਪੰਜਾਬ ਰਾਜ ਬਿਜਲੀ ਬੋਰਡ ਦਾ ਮਿਤੀ 31.03.2008 ਤੱਕ ਇਕੱਠਾ ਹੋਇਆ ਘਾਟਾ 7370.13 ਕਰੋੜ ਰੁਪਏ ਹੈ।

(ੲ) ਰਾਜ ਸਰਕਾਰ ਨੇ ਫ਼ਰਵਰੀ, 2009 ਤੱਕ 2280 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਹੈ ਅਤੇ ਬਿਜਲੀ ਬੋਰਡ ਵੱਲੋਂ ਵਿੱਤੀ ਏਜੰਸੀਆਂ ਅਤੇ ਬੈਂਕਾਂ ਤੋਂ ਆਪਣੀ ਵਰਕਿੰਗ ਕੈਪੀਟਲ ਕਰਜ਼ੇ ਦੀ ਜ਼ਰੂਰਤ ਲਈ 6025 ਕਰੋੜ ਰੁਪਏ ਦੀ ਸਰਕਾਰੀ ਗਰੰਟੀ ਦੇਣ ਦਾ ਵੀ ਫੈਸਲਾ ਲਿਆ ਹੈ।

---

## ਡੀਜ਼ਲ ਤੇ ਲੱਗੇ ਕਰ ਨੂੰ ਵਾਪਸ ਲੈਣਾ

178. (1). **ਸਰਦਾਰ ਈਸ਼ਰ ਸਿੰਘ**
(2). **ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ** : ਕੀ

ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਸਾਲ 2007-08 ਅਤੇ 2008-09 ਦੇ ਦੌਰਾਨ ਰਾਜ ਵਿੱਚ ਰਾਜ ਸਰਕਾਰ ਦੁਆਰਾ ਡੀਜ਼ਲ ਤੇ ਲਗਾਏ ਗਏ ਕਰ ਦੀ ਪ੍ਰਤੀਸ਼ਤਤਾ ਕਿੰਨੀ ਹੈ ਅਤੇ ਡੀਜ਼ਲ ਤੇ ਲਗਾਏ ਗਏ ਕਰ ਦੀ ਕੁੱਲ ਵਸੂਲੀ ਕਿੰਨੀ ਹੈ ;

(ਅ) ਕੀ ਸਰਕਾਰ ਡੀਜ਼ਲ ਤੇ ਲਗਾਏ ਗਏ ਕਰ ਨੂੰ ਵਾਪਸ ਲੈਣ ਦੀ ਤਜਵੀਜ਼ ਰੱਖਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਕਦੋਂ ਤੋਂ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਰਾਜ ਸਰਕਾਰ ਦੁਆਰਾ ਡੀਜ਼ਲ ਤੇ ਕੋਈ ਸੈੱਸ ਨਹੀਂ ਲਗਾਇਆ ਗਿਆ।

(ਅ) ਲਾਗੂ ਨਹੀਂ ਹੁੰਦਾ।

---

## ਬਿਨਾ ਨਿਸ਼ਾਨ ਵਾਲਾ ਪ੍ਰਸ਼ਨ ਨੰ: 179*

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)

---

## ਕਾਲਜ ਰੋਡ ਧੂਰੀ ਦੇ ਪੁਲ ਦੀ ਮੁਰੰਮਤ

180. **ਸਰਦਾਰ ਇਕਬਾਲ ਸਿੰਘ ਝੂੰਦਾਂ** : ਕੀ ਖੇਤੀਬਾੜੀ ਮੰਤਰੀ

---

* For Unstarred Question No. 179 and reply thereto, please see Appendix to this Debates.

Original with;
Punjab Vidhan Sabha
Digitized by;
Panjab Digital Library

[ ਸਰਦਾਰ ਇਕਬਾਲ ਸਿੰਘ ਝੂੰਦਾਂ ]

ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਬੀੜਵਾਲ ਤੋਂ ਦੇਸ਼ ਭਗਤ ਕਾਲਜ, ਧੂਰੀ ਸੜਕ ਤੇ ਪੈਂਦੇ ਰਾਜਬਾਹੇ ਉੱਪਰ ਬਣੇ ਪੁਲ ਦੀ ਹਾਲਤ ਪਿਛਲੇ ਦੋ ਸਾਲਾਂ ਤੋਂ ਆਵਾਜਾਈ ਦੇ ਯੋਗ ਨਹੀਂ ਹੈ ; ਜੇਕਰ ਅਜਿਹਾ ਹੋਵੇ, ਤਾਂ ਉਕਤ ਪੁਲ ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਸੁੱਚਾ ਸਿੰਘ ਲੰਗਾਹ** : ਹਾਂ ਜੀ। ਇਹ ਪੁਲ ਸਾਲ 2009 ਦੇ ਅਖੀਰ ਤੱਕ ਯਕੀਨੀ ਤੌਰ ਤੇ ਉਸਾਰ ਦਿੱਤਾ ਜਾਵੇਗਾ।

---

## ਸਕੂਲ ਦੀ ਇਮਾਰਤ ਦੀ ਮੁਰੰਮਤ

181. **ਸਰਦਾਰ ਇਕਬਾਲ ਸਿੰਘ ਝੂੰਦਾਂ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਧੂਰੀ ਵਿਖੇ ਸਥਿਤ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਦੀ ਖਸਤਾ ਹਾਲਤ ਨੂੰ ਮੱਦੇਨਜ਼ਰ ਰੱਖਦੇ ਹੋਏ ਇਮਾਰਤ ਦੀ ਮੁਰੰਮਤ ਅਤੇ ਇਸ ਨੂੰ ਵਧਾਉਣ ਲਈ ਢੁੱਕਵੇਂ ਫੰਡ ਮੁਹੱਈਆ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਡਾਕਟਰ ਉਪਿੰਦਰਜੀਤ ਕੌਰ** : ਹਾਂ, ਸ਼੍ਰੀਮਾਨ ਜੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ), ਧੂਰੀ ਦੀ ਖਸਤਾ ਹਾਲਤ ਇਮਾਰਤ ਦੀ ਮੁਰੰਮਤ ਅਤੇ ਵਾਧੇ ਲਈ ਪੰਜਾਬ ਸਰਕਾਰ ਵੱਲੋਂ "ਪੰਜਾਬ ਨਿਰਮਾਣ ਪ੍ਰੋਗਰਾਮ" ਅਧੀਨ ਡਿਪਟੀ ਕਮਿਸ਼ਨਰ, ਸੰਗਰੂਰ, ਰਾਹੀਂ 20 ਲੱਖ ਰੁਪਏ ਦੀ ਰਕਮ ਦਿੱਤੀ ਗਈ ਸੀ। ਇਸ ਰਾਸ਼ੀ ਨਾਲ ਪੁਰਾਣੀ ਇਮਾਰਤ ਨੂੰ ਢਾਹੁਣ ਉਪਰੰਤ 9 ਕਲਾਸ ਰੂਮ ਅਤੇ 2 ਟਾਇਲਟਸ ਤਿਆਰ ਕਰ ਲਏ ਗਏ ਹਨ। ਅਧੂਰੇ ਪਏ ਕਲਾਸ ਰੂਮਾਂ ਅਤੇ ਟਾਇਲਟਸ ਆਦਿ ਨੂੰ ਮੁਕੰਮਲ ਕਰਨ ਲਈ ਲਗਭਗ 16.5 ਲੱਖ ਰੁਪਏ ਦੀ ਹੋਰ ਰਕਮ ਲੋੜੀਂਦੀ ਹੈ। ਸਬੰਧਤ ਪਲਾਨ ਸਕੀਮ ਤਹਿਤ ਲੋੜੀਂਦੇ ਫੰਡਜ਼ ਰਿਲੀਜ਼ ਕਰਨ ਲਈ ਯੋਜਨਾਬੰਦੀ ਵਿਭਾਗ ਨੂੰ ਲਿਖਿਆ ਹੋਇਆ ਹੈ (ਪੱਤਰ ਦੀ ਕਾਪੀ "ਅਨੁਲੱਗ-ਏ" ਤੇ ਨੱਥੀ ਹੈ)

### ਅਨੁਲੱਗ-ਏ

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4 ਸ਼ਾਖਾ)

ਸੇਵਾ ਵਿਖੇ

ਸਕੱਤਰ,
ਯੋਜਨਾਬੰਦੀ ਵਿਭਾਗ, ਪੰਜਾਬ ਸਰਕਾਰ।
ਮੀਮੋ ਨੰ: 8/3/09-5ਸਿ4/812

Original with;
Punjab Vidhan Sabha
Digitized by;
Panjab Digital Library

ਮਿਤੀ, ਚੰਡੀਗੜ੍ਹ : 3-3-09

ਵਿਸ਼ਾ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਧੂਰੀ ਦੀ ਬਿਲਡਿੰਗ ਦੀ ਰਿਪੇਅਰ ਲਈ ਫੰਡ ਮੁਹੱਈਆ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ।

2. ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਧੂਰੀ ਦੀ ਖਸਤਾ ਹਾਲਤ ਇਮਾਰਤ ਦੀ ਮੁਰੰਮਤ ਅਤੇ ਵਾਧੇ ਲਈ ਪੰਜਾਬ ਨਿਰਮਾਣ ਸਕੀਮ ਅਧੀਨ ਸਮਰੱਥ ਅਥਾਰਟੀ ਵਲੋਂ ਕੁਝ ਰਾਸ਼ੀ ਦਿੱਤੀ ਜਾ ਚੁੱਕੀ ਹੈ ਪਰ ਪਤਾ ਚਲਿਆ ਹੈ ਕਿ ਇਸ ਇਮਾਰਤ ਦੇ ਕਲਾਸ ਰੂਮ ਅਤੇ ਟਾਇਲਟਸ ਨੂੰ ਮੁਕੰਮਲ ਕਰਨ ਲਈ 16.5 ਲੱਖ ਰੁਪਏ ਦੀ ਹੋਰ ਲੋੜ ਹੈ। ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਢੁੱਕਵੀਂ ਸਕੀਮ ਤਹਿਤ ਉਪਰ ਦਰਸਾਏ ਮੰਤਵ ਲਈ ਫੰਡਜ਼ ਰਲੀਜ਼ ਕਰਨ ਦੀ ਖੇਚਲ ਕੀਤੀ ਜਾਵੇ।

ਸਹੀ/-
ਸੁਪਰਡੰਟ

ਪਿੱ:ਅੰ:ਨੰ: 8/3/09-5ਸਿ4/813 ਮਿਤੀ, ਚੰਡੀਗੜ੍ਹ : 3-3-09

ਇਸ ਦਾ ਇੱਕ ਉਤਾਰਾ ਡਿਪਟੀ ਕਮਿਸ਼ਨਰ, ਸੰਗਰੂਰ ਨੂੰ ਸੂਚਨਾ ਅਤੇ ਇਸ ਮਾਮਲੇ ਵਿੱਚ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਸਹੀ/-
ਸੁਪਰਡੰਟ

---

## ਪ੍ਰਾਈਵੇਟ ਤਕਨੀਕੀ ਸੰਸਥਾਵਾਂ ਵਿੱਚ ਦਾਖਲੇ

182. **ਸਰਦਾਰ ਸੋਹਣ ਸਿੰਘ ਠੰਡਲ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2008-09 ਵਿੱਚ ਪ੍ਰਾਈਵੇਟ ਸੰਸਥਾਵਾਂ, ਜਿਵੇਂ ਕਿ ਆਈ.ਟੀ.ਆਈਜ਼. ਵਿਚ ਭਰੀਆਂ ਗਈਆਂ ਰਾਖਵੀਆਂ ਸੀਟਾਂ ਦੀ ਗਿਣਤੀ ਕਿੰਨੀ ਹੈ ਅਤੇ ਭਰੀਆਂ ਨਾ ਗਈਆਂ ਸੀਟਾਂ ਦੇ ਕਾਰਣ ਕੀ ਹਨ ?

**ਚੌਧਰੀ ਸਵਰਨਾ ਰਾਮ** : ਰਾਜ ਦੀਆਂ ਪ੍ਰਾਈਵੇਟ ਆਈ.ਟੀ.ਆਈਜ਼. ਵਿੱਚ ਸਾਲ 2008-09 ਦੌਰਾਨ ਭਰੀਆਂ ਗਈਆਂ ਰਾਖਵੀਆਂ ਸੀਟਾਂ ਦੀ ਗਿਣਤੀ 1641 ਹੈ। ਸਰਕਾਰ ਅਤੇ ਪ੍ਰਾਈਵੇਟ ਆਈ.ਟੀ.ਆਈਜ਼ ਵਿੱਚ ਫੀਸਾਂ ਦਾ ਅੰਤਰ ਹੋਣ ਕਰਕੇ ਸਰਕਾਰੀ ਸੰਸਥਾਵਾਂ ਨੂੰ ਪਹਿਲ ਦਿੱਤੀ ਜਾਂਦੀ ਹੈ, ਜਿਸ ਕਰਕੇ ਰਾਖਵੀਆਂ ਸੀਟਾਂ ਖਾਲੀ ਰਹਿ ਜਾਂਦੀਆਂ ਹਨ।

---

Original with;
Punjab Vidhan Sabha
Digitized by;
Panjab Digital Library

## ਅਧਿਆਪਕਾਂ ਦੀ ਨਿਯੁਕਤੀ

183. **ਸਰਦਾਰ ਜਸਬੀਰ ਸਿੰਘ ਖੰਗੂੜਾ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 1 ਮਾਰਚ, 2007 ਤੋਂ 31 ਜਨਵਰੀ, 2009 ਦੇ ਸਮੇਂ ਦੌਰਾਨ ਰਾਜ ਵਿੱਚ ਸਰਕਾਰੀ ਐਲੀਮੈਂਟਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਨਿਯੁਕਤ ਕੀਤੇ ਗਏ ਅਧਿਆਪਕਾਂ ਦੀ ਸ਼੍ਰੇਣੀਵਾਰ ਵੱਖੋ-ਵੱਖ ਗਿਣਤੀ ਕਿੰਨੀ-ਕਿੰਨੀ ਹੈ ਅਤੇ ਉਕਤ ਸਮੇਂ ਦੇ ਦੌਰਾਨ ਇਨ੍ਹਾਂ ਸਕੂਲਾਂ ਤੋਂ ਸੇਵਾ ਨਿਵਿਰਤ ਹੋਏ ਅਧਿਆਪਕਾਂ ਦੀ ਗਿਣਤੀ ਕਿੰਨੀ ਹੈ ?

**ਡਾਕਟਰ ਉਪਿੰਦਰਜੀਤ ਕੌਰ** : ਮੰਗੀ ਗਈ ਸੂਚਨਾ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ।

### ਅਨੁਲੱਗ - 'ੳ'

1 ਮਾਰਚ 2007 ਤੋਂ 31 ਜਨਵਰੀ 2009 ਤੱਕ ਭਰਤੀ ਕੀਤੇ ਅਤੇ ਸੇਵਾ ਨਿਵਰਿਤ ਹੋਏ ਅਧਿਆਪਕਾਂ ਦੀ ਸ਼੍ਰੇਣੀਵਾਰ ਗਿਣਤੀ ਦਾ ਵੇਰਵਾ :

**1. ਸਕੂਲ ਸਿੱਖਿਆ ਵਿਭਾਗ**

| ਲੜੀ ਨੰ: | ਕੈਟਾਗਰੀ | ਭਰਤੀ ਹੋਏ ਅਧਿਆਪਕਾਂ ਦੀ ਗਿਣਤੀ | ਸੇਵਾ ਨਿਵਰਿਤ ਹੋਏ ਅਧਿਆਪਕਾਂ ਦੀ ਗਿਣਤੀ |
|---|---|---|---|
| 1. | ਪ੍ਰਿੰਸੀਪਲ | ਨਿਲ | 52 |
| 2. | ਮੁੱਖ ਅਧਿਆਪਕ | 12 | 152 |
| 3. | ਲੈਕਚਰਾਰ | 45 | 423 |
| 4. | ਮਾਸਟਰ/ਮਿਸਟ੍ਰੈਸ | 4511 | 1356 |
| 5. | ਸੀ ਐਂਡ ਵੀ | 444 | 520 |
| 6. | ਜੇ.ਬੀ.ਟੀ./ਈ.ਟੀ.ਟੀ. | 6527 | 2909 |
| | ਜੋੜ | 11539 | 5412 |
| **2.** | **ਆਈ.ਸੀ.ਟੀ. ਪ੍ਰਾਜੈਕਟ** | | |
| 1. | ਕੰਪਿਊਟਰ ਅਧਿਆਪਕ | 2129 | – |
| **3.** | **ਸਰਵ ਸਿੱਖਿਆ ਅਭਿਆਨ** | | |
| 1. | ਈ.ਟੀ.ਟੀ. | 2500 | – |
| 2. | ਐਸ.ਐਸ. ਮਾਸਟਰ/ ਮਿਸਟ੍ਰੈਸ | 135 | – |

Original with;
Punjab Vidhan Sabha
Digitized by;
Punjab Digital Library

| | | | |
|---|---|---|---|
| 3. | ਮੈਥ ਮਾਸਟਰ | 135 | – |
| 4. | ਸਾਇੰਸ ਮਾਸਟਰ | 135 | – |
| | ਜੋੜ | 2905 | – |

---

## ਪੰਜਾਬ ਭਵਨ, ਨਵੀਂ ਦਿੱਲੀ ਵਿੱਚ ਕਮਰਿਆਂ ਲਈ ਰਿਜ਼ਰਵੇਸ਼ਨ

184. **ਸਰਦਾਰ ਮੱਖਣ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਅਰਜੁਨ ਅਵਾਰਡ ਪ੍ਰਾਪਤ ਖਿਡਾਰੀਆਂ ਤੋਂ ਪੰਜਾਬ ਭਵਨ, ਨਵੀਂ ਦਿੱਲੀ ਵਿੱਚ ਵਾਜਬ ਦਰਾਂ ਤੇ ਕਮਰੇ ਅਲਾਟ / ਬੁੱਕ ਕਰਨ ਲਈ ਕੋਈ ਦਰਖ਼ਾਸਤ ਪ੍ਰਾਪਤ ਹੋਈ ਹੈ, ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਸ ਸਬੰਧੀ ਸਰਕਾਰ ਦਾ ਕੀ ਰੁੱਖ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਹਾਂ ਜੀ। ਕੁਮਾਰੀ ਅਵਨੀਤ ਕੌਰ, ਅਰਜੁਨਾ ਅਵਾਰਡੀ ਜੋ ਕਿ ਏਅਰ ਇੰਡੀਆ ਵਿੱਚ ਸਹਾਇਕ ਮੈਨੇਜਰ ਕੰਮ ਕਰ ਰਹੀ ਹੈ, ਵੱਲੋਂ ਇਕ ਦਰਖਾਸਤ ਮਿਤੀ 17.09.2008 ਨੂੰ ਇਸ ਵਿਭਾਗ ਨੂੰ ਪ੍ਰਾਪਤ ਹੋਈ ਸੀ ਜਿਸ ਵਿੱਚ ਉਸ ਵੱਲੋਂ ਮੰਗ ਕੀਤੀ ਗਈ ਸੀ ਕਿ ਪੰਜਾਬ ਦੇ ਉੱਘੇ ਖਿਡਾਰੀਆਂ ਲਈ ਰਿਆਇਤੀ ਦਰਾਂ ਤੇ ਪੰਜਾਬ ਭਵਨ, ਨਵੀਂ ਦਿੱਲੀ ਅਤੇ ਹੋਰ ਸਰਕਟ ਹਾਊਸਾਂ ਵਿਖੇ ਲੋੜ ਪੈਣ ਤੇ ਕਮਰੇ ਅਲਾਟ ਕਰਨ ਲਈ ਪੰਜਾਬ ਸਰਕਾਰ ਨੂੰ ਪਾਲਿਸੀ ਬਣਾਉਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਨੂੰ ਸਹੂਲਤ ਰਹੇ। ਉਸ ਵੱਲੋਂ ਇਹ ਵੀ ਬੇਨਤੀ ਕੀਤੀ ਗਈ ਸੀ ਕਿ ਜਿੰਨੇ ਚਿਰ ਤੱਕ ਪਾਲਿਸੀ ਨਹੀਂ ਬਣਦੀ, ਉਨੇ ਚਿਰ ਤੱਕ ਉਨ੍ਹਾਂ ਨੂੰ ਪੰਜਾਬ ਭਵਨ ਵਿੱਚ ਰਿਆਇਤੀ ਦਰ ਤੇ ਰਹਿਣ ਲਈ ਆਗਿਆ ਦਿੱਤੀ ਜਾਵੇ। ਪ੍ਰੰਤੂ ਉਨ੍ਹਾਂ ਵੱਲੋਂ ਠਹਿਰਣ ਦੀ ਕੋਈ ਤਾਰੀਖ਼ ਦਾ ਜ਼ਿਕਰ ਨਹੀਂ ਸੀ ਕੀਤਾ ਗਿਆ।

ਪੰਜਾਬ ਸਰਕਾਰ ਵੱਲੋਂ ਗੈਲੈਂਟਰੀ ਅਵਾਰਡੀ (Gallantry Awardee) ਅਤੇ ਪਦਮਾ ਅਵਾਰਡੀ (Padma Awardee) ਜੋ ਪੰਜਾਬ ਦੇ ਸੂਬੇ ਨਾਲ ਸਬੰਧ ਰੱਖਦੇ ਹੋਣ, ਲਈ ਰਿਆਇਤੀ ਦਰਾਂ ਤੇ ਕਮਰਾ ਅਲਾਟ ਕਰਨ ਲਈ ਪਾਲਿਸੀ ਨਿਰਧਾਰਤ ਕੀਤੀ ਹੋਈ ਹੈ। ਸਰਕਾਰ ਵੱਲੋਂ ਉੱਘੇ ਖਿਡਾਰੀਆਂ ਨੂੰ ਪੰਜਾਬ ਭਵਨ, ਨਵੀਂ ਦਿੱਲੀ ਅਤੇ ਬਾਕੀ ਸਰਕਟ ਹਾਊਸਾਂ ਵਿੱਚ ਰਿਆਇਤੀ ਦਰਾਂ ਤੇ ਕਮਰਾ ਦੇਣ ਲਈ ਕੋਈ ਪਾਲਿਸੀ ਨਿਰਧਾਰਤ ਨਹੀਂ ਹੈ।

ਕੁਮਾਰੀ ਅਵਨੀਤ ਕੌਰ, ਅਰਜੁਨਾ ਅਵਾਰਡੀ, ਸਹਾਇਕ ਮੈਨੇਜਰ ਏਅਰ ਇੰਡੀਆ, ਵੱਲੋਂ ਜੇਕਰ ਪੰਜਾਬ ਭਵਨ, ਨਵੀਂ ਦਿੱਲੀ ਜਾਂ ਹੋਰ ਕਿਸੇ ਸਰਕਟ ਹਾਊਸ ਵਿੱਚ ਕਮਰਾ ਰਾਖਵਾਂ ਕਰਨ ਲਈ ਪ੍ਰਤੀ ਬੇਨਤੀ ਪ੍ਰਾਪਤ ਹੁੰਦੀ ਹੈ ਤਾਂ ਉਸ ਨੂੰ ਸਰਕਾਰ ਵੱਲੋਂ ਨਿਰਧਾਰਤ

Original with;
Punjab Vidhan Sabha
Digitized by;
Punjab Digital Library

[ ਮੁੱਖ ਮੰਤਰੀ ]

ਨੀਤੀ ਅਧੀਨ ਉਨ੍ਹਾਂ ਦੀ ਦਫਤਰੀ ਵਿਜ਼ਟ ਲਈ ਮੌਜੂਦਾ ਪਾਲਿਸੀ ਦੀ ਕੈਟਾਗਰੀ-2 ਅਤੇ ਪ੍ਰਾਈਵੇਟ ਵਿਜ਼ਟ ਲਈ ਕੈਟਾਗਰੀ-4 ਅਧੀਨ ਵਿਚਾਰਿਆ ਜਾ ਸਕਦਾ ਹੈ। ਹਾਲ ਦੀ ਘੜੀ ਪ੍ਰਾਰਥਣ ਦੀ ਪ੍ਰਾਪਤ ਪ੍ਰਤੀ-ਬੇਨਤੀ ਮਿਤੀ 17.09.2008 ਨੂੰ ਵਿਚਾਰਨ ਉਪਰੰਤ ਦਾਖਲ ਦਫਤਰ ਕੀਤਾ ਜਾ ਚੁੱਕਾ ਹੈ।

---

## ਫਰਜ਼ੀ ਕੇਸ ਦਰਜ ਕਰਨਾ

185. **ਸਰਦਾਰ ਮੱਖਣ ਸਿੰਘ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿਛਲੇ ਤਿੰਨ ਸਾਲਾਂ ਦੇ ਦੌਰਾਨ ਸਰਕਾਰ ਨੂੰ ਨਿਰਦੋਸ਼ ਵਿਅਕਤੀਆਂ ਖਿਲਾਫ ਪੁਲਿਸ ਮੁਲਾਜ਼ਮਾਂ ਦੁਆਰਾ ਫਰਜ਼ੀ ਕੇਸ ਦਰਜ ਕਰਨ ਦੀਆਂ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੇ ਸਾਲ-ਵਾਰ ਅਤੇ ਜ਼ਿਲ੍ਹਾ-ਵਾਰ ਵੇਰਵੇ ਕੀ ਹਨ ਅਤੇ ਅਜਿਹੇ ਫਰਜ਼ੀ ਕੇਸ ਦਰਜ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਖਿਲਾਫ ਕੀ ਕਾਰਵਾਈ ਕੀਤੀ ਗਈ ਹੈ?

**ਸਰਦਾਰ ਸੁਖਬੀਰ ਸਿੰਘ ਬਾਦਲ :** ਹਾਂ ਜੀ, ਪੰਜਾਬ ਦੇ ਸਮੂਹ ਸੀਨੀਅਰ ਪੁਲਿਸ ਕਪਤਾਨਾਂ ਵੱਲੋਂ ਪ੍ਰਾਪਤ ਰਿਪੋਰਟ ਅਨੁਸਾਰ ਪੁਲਿਸ ਵੱਲੋਂ ਬੇਦੋਸ਼ੇ ਵਿਅਕਤੀਆਂ ਵਿਰੁੱਧ ਝੂਠੇ ਮੁਕੱਦਮੇ ਦਰਜ ਕਰਨ ਸਬੰਧੀ ਪਿਛਲੇ ਤਿੰਨ ਸਾਲਾਂ ਦੌਰਾਨ (2006 ਤੋਂ 2008 ਤੱਕ) 139 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਦਾ ਜ਼ਿਲ੍ਹਾ-ਵਾਰ ਅਤੇ ਸਾਲਵਾਰ ਵੇਰਵਾ ਅਨੁਲੱਗ ਤੇ ਨਾਲ ਨੱਥੀ ਹੈ। ਪੜਤਾਲ ਦੌਰਾਨ ਇਨ੍ਹਾਂ 139 ਸ਼ਿਕਾਇਤਾਂ ਵਿੱਚੋਂ 135 ਸ਼ਿਕਾਇਤਾਂ ਝੂਠੀਆਂ ਪਾਈਆਂ ਗਈਆਂ ਅਤੇ ਚਾਰ ਸ਼ਿਕਾਇਤਾਂ 1 ਜ਼ਿਲ੍ਹਾ ਫਿਰੋਜ਼ਪੁਰ, 1 ਜ਼ਿਲ੍ਹਾ ਲੁਧਿਆਣਾ, 1 ਜ਼ਿਲ੍ਹਾ ਫਤਿਹਗੜ੍ਹ ਸਾਹਿਬ ਅਤੇ 1 ਜ਼ਿਲ੍ਹਾ ਕਪੂਰਥਲਾ ਵਿਖੇ ਸਹੀ ਪਾਈਆਂ ਗਈਆਂ ਅਤੇ ਇਨ੍ਹਾਂ ਕੇਸਾਂ ਵਿੱਚ ਦੋਸ਼ੀ ਪੁਲਿਸ ਕਰਮਚਾਰੀਆਂ ਵਿਰੁੱਧ ਹੇਠ ਲਿਖੇ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ:-

1. ਮੁਕੱਦਮਾ ਨੰ: 42, ਮਿਤੀ 4.3.2008 ਅ/ਧ 15/16/85 ਐਨ.ਡੀ.ਪੀ.ਐਸ.ਐਕਟ, ਥਾਣਾ ਸਿਟੀ ਫਿਰੋਜ਼ਪੁਰ; ਦੋਸ਼ੀ ਪੁਲਿਸ ਮੁਲਾਜ਼ਮਾਂ ਵਿਰੁੱਧ ਵਿਭਾਗੀ ਕਾਰਵਾਈ ਸ਼ੁਰੂ ਕੀਤੀ ਗਈ ਹੈ।
2. ਮੁਕੱਦਮਾ ਨੰ: 14, ਮਿਤੀ 27.1.2008, ਅ/ਧ 452/453/506/148/149-ਆਈ.ਪੀ.ਸੀ. 25/54/59-ਅਸਲਾ ਐਕਟ ਥਾਣਾ ਦਾਖਾ; ਦੋਸ਼ੀ ਪੁਲਿਸ ਮੁਲਾਜ਼ਮਾਂ ਵਿਰੁੱਧ ਵਿਭਾਗੀ ਕਾਰਵਾਈ ਸ਼ੁਰੂ ਕੀਤੀ ਗਈ ਹੈ।
3. ਮੁਕੱਦਮਾ ਨੰ: 14, ਮਿਤੀ 22.2.2007 ਅ/ਧ 307/341/506/148/149-ਆਈ.ਪੀ.ਸੀ. 25/54/59 ਅਸਲਾ ਐਕਟ, ਥਾਣਾ ਫਤਹਿਗੜ੍ਹ ਸਾਹਿਬ; ਐਸ.ਐਸ.ਪੀ./ਫਤਹਿਗੜ੍ਹ ਸਾਹਿਬ ਵੱਲੋਂ, ਦੋਸ਼ੀ ਪੁਲਿਸ ਮੁਲਾਜ਼ਮਾਂ ਵਿਰੁੱਧ ਮੁਕੱਦਮਾ ਨੰ: 162, ਮਿਤੀ 18.8.2007 ਅ/ਧ 182/193/211/218-ਆਈ.ਪੀ.ਸੀ.

Original with;
Punjab Vidhan Sabha
Digitized by;
Panjab Digital Library

ਥਾਣਾ ਫਤਹਿਗੜ੍ਹ ਸਾਹਿਬ ਦਰਜ ਕੀਤਾ ਗਿਆ ਹੈ।

4. ਮੁਕੱਦਮਾ ਨੰ: 83; ਮਿਤੀ 24.4.2007 ਅ/ਧ 306/506-ਆਈ.ਪੀ.ਸੀ. ਥਾਣਾ ਸਦਰ ਫਗਵਾੜਾ। ਐਸ.ਐਸ.ਪੀ. ਕਪੂਰਥਲਾ ਨੇ ਐਸ.ਐਚ.ਓ. ਥਾਣਾ ਫਗਵਾੜਾ ਨੂੰ ਪੁਲਿਸ ਲਾਈਨ ਕਪੂਰਥਲਾ ਬਦਲਿਆ ਸੀ।

**ਅਨੁਲੱਗ**

| ਜ਼ਿਲ੍ਹਾ | ਸਾਲ 2006 | ਸਾਲ 2007 | ਸਾਲ 2008 |
|---|---|---|---|
| ਫਿਰੋਜ਼ਪੁਰ | 08 | 11 | 05 |
| ਮੁਕਤਸਰ | 31 | 23 | 18 |
| ਲੁਧਿਆਣਾ (ਸ਼ਹਿਰ) | - | - | |
| ਫਰੀਦਕੋਟ | 18 | 13 | 09 |
| ਫਤਹਿਗੜ੍ਹ ਸਾਹਿਬ | - | 01 | - |
| ਕਪੂਰਥਲਾ | - | 01 | - |

---

## MATTERS RAISED DURING ZERO HOUR AND STATEMENT BY THE CHIEF MINISTER THEREON

**ਸਰਦਾਰ ਚਰਨਜੀਤ ਸਿੰਘ ਚੰਨੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ। ਕੱਲ੍ਹ ਪੰਜਾਬ ਵਿੱਚ ਇੱਕ ਬਹੁਤ ਹੀ ਅਣਸੁਖਾਵੀਂ ਸੜਕ ਦੁਰਘਟਨਾ ਵਾਪਰੀ ਹੈ। ਇਸ ਦੁਰਘਟਨਾ ਵਿੱਚ ਇੱਕ ਪਿੰਡ ਦੇ ਸੱਤ ਵਿਅਕਤੀ ਮਾਰੇ ਗਏ ਹਨ। ਇਹ ਵਿਅਕਤੀ ਮੇਰੇ ਹਲਕੇ ਦੇ ਪਿੰਡ ਸਿੱਧੂਪੁਰ ਕਲਾਂ ਦੇ ਹਨ। ਇਸ ਵਿੱਚ ਇੱਕ ਪਿੰਡ ਦੇ ਸੱਤ ਬੰਦੇ ਮਾਰੇ ਗਏ, ਉਨ੍ਹਾਂ ਦੀ ਡੈੱਥ ਹੋ ਗਈ। ਇਨ੍ਹਾਂ ਵਿੱਚੋਂ ਇੱਕ ਪਰਿਵਾਰ ਦੇ ਤਿੰਨ ਮੈਂਬਰ ਸੀ ਔਰ ਉਸ ਪਰਿਵਾਰ ਵਿੱਚ ਕੋਈ ਵੀ ਮੇਲ ਮੈਂਬਰ ਨਹੀਂ ਬਚਿਆ। ਇਸੇ ਤਰ੍ਹਾਂ ਹੀ ਦੂਸਰਾ ਪਰਿਵਾਰ ਵੀ ਬੜਾ ਗਰੀਬ ਪਰਿਵਾਰ ਹੈ। ਉਨ੍ਹਾਂ ਪਰਿਵਾਰ ਦੇ ਮੈਂਬਰਾਂ ਦੀ ਵੀ ਸੜਕ ਦੁਰਘਟਨਾ ਵਿੱਚ ਮੌਤ ਹੋਈ ਹੈ। ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਪਰਿਵਾਰਾਂ ਦੀ ਸਾਂਭ-ਸੰਭਾਲ ਲਈ ਸਦਨ ਵਿੱਚ ਕੁਝ ਨਾ ਕੁਝ ਜੋ ਵੀ ਜ਼ਿਆਦਾ ਤੋਂ ਜ਼ਿਆਦਾ ਹੋ ਸਕਦਾ ਹੈ, ਉਹ ਮਾਲੀ ਸਹਾਇਤਾ ਦੇਣ ਦੀ ਕਿਰਪਾਲਤਾ ਕਰਨ ਤਾਂ ਕਿ ਇਨ੍ਹਾਂ ਪਰਿਵਾਰਾਂ ਲਈ ਕੁਝ ਕੀਤਾ ਜਾ ਸਕੇ।

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ)** : ਸਪੀਕਰ ਸਾਹਿਬ, ਬੜੇ ਦੁੱਖ ਵਾਲੀ ਖਬਰ ਇਨ੍ਹਾਂ ਨੇ ਸੁਣਾਈ ਹੈ। ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਆਪਣੇ ਡਿਸਟ੍ਰਿਕਟ ਦੇ ਡਿਪਟੀ ਕਮਿਸ਼ਨਰ ਸਾਹਿਬ ਜਾਂ ਐਸ.ਡੀ.ਐਮ. ਤੋਂ ਇਸ ਹਾਦਸੇ ਪ੍ਰਤੀ ਮਾਲੀ ਸਹਾਇਤਾ ਦੀ ਰਿਕੁਮੈਂਡੇਸ਼ਨ ਕਰਵਾ ਕੇ ਮੈਨੂੰ ਭੇਜ ਦੇਣ ਤੇ ਮੈਂ ਸਾਰਿਆਂ ਨੂੰ ਇੱਕ ਇੱਕ ਲੱਖ ਰੁਪਿਆ ਉਨ੍ਹਾਂ ਦੀ ਸਹਾਇਤਾ ਵਾਸਤੇ ਤੁਰੰਤ ਭੇਜ ਦੇਵਾਂਗਾ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

**ਸਰਦਾਰ ਚਰਨਜੀਤ ਸਿੰਘ ਚੰਨੀ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਦੀ ਦਿਆਨਤਦਾਰੀ ਤੇ ਉਨ੍ਹਾਂ ਦਾ ਬਹੁਤ ਧੰਨਵਾਦ ਕਰਦਾ ਹਾਂ। ਇਸ ਨਾਲ ਜਿਸ ਪਰਿਵਾਰ ਦੇ ਮੈਂਬਰ ਵਿਛੜ ਗਏ ਹਨ, ਉਨ੍ਹਾਂ ਨੂੰ ਕਾਫੀ ਢਾਰਸ ਮਿਲੇਗੀ। ਧੰਨਵਾਦ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ)** : ਸਪੀਕਰ ਸਾਹਿਬ, ਇਹ ਬੜੇ ਅਫਸੋਸ ਦੀ ਗੱਲ ਹੈ ਕਿ ਪੰਜਾਬ ਵਿੱਚ ਹੀ ਨਹੀਂ ਬਲਕਿ ਪੂਰੇ ਦੇਸ਼ ਵਿੱਚ ਇੱਕ ਲੱਖ ਲੋਕ ਹਰ ਸਾਲ ਐਕਸੀਡੈਂਟ ਵਿੱਚ ਮਰ ਜਾਂਦੇ ਹਨ ਔਰ ਪੰਜਾਬ ਵਿੱਚ ਔਸਤ 10 ਲੋਕ ਹਰ ਰੋਜ਼ ਮਰਨ ਵਾਲਿਆਂ ਦੀ ਹੈ ਜੋ ਐਕਸੀਡੈਂਟ ਕਾਰਨ ਮਰਦੇ ਹਨ। ਇਨ੍ਹਾਂ ਵਿੱਚੋਂ ਜ਼ਿਆਦਾ ਰੋਜ਼ੀ ਰੋਟੀ ਕਮਾਉਣ ਵਾਲੇ ਹਨ। ਮੇਰਾ ਆਪਣਾ ਅਨੁਭਵ ਵੀ ਹੈ ਤੇ ਡਿਪਾਰਟਮੈਂਟ ਦੀਆਂ ਸਰਵੇਖਣਾ ਰਿਪੋਰਟਾਂ ਵੀ ਹਨ ਕਿ 40% ਐਕਸੀਡੈਂਟ ਨਸ਼ਿਆਂ ਕਰਕੇ ਹੁੰਦੇ ਹਨ ਔਰ ਨਸ਼ਾ ਕਰਕੇ ਗੱਡੀਆਂ ਚਲਾਉਣ ਵਾਲੇ ਡਰਾਈਵਰਾਂ ਕਰਕੇ ਹੁੰਦੇ ਹਨ ਜਾਂ ਵਿਆਹ ਪਾਰਟੀਆਂ ਵਿੱਚ ਲੋਕ ਸ਼ਰਾਬ ਪੀ ਕੇ ਜਦੋਂ ਮੁੜਦੇ ਹਨ, ਉਦੋਂ ਹੁੰਦੇ ਹਨ। ਪਿੱਛੇ ਜਿਹੇ ਬਰਨਾਲੇ ਵੀ ਇਹੋ ਜਿਹਾ ਬੜਾ ਦੁੱਖਦਾਈ ਹਾਦਸਾ ਹੋਇਆ ਸੀ। ਹਾਦਸੇ ਸਾਰੇ ਹੀ ਦੁੱਖਦਾਈ ਹੁੰਦੇ ਹਨ ਪਰ ਦੋਵਾਂ ਡਰਾਈਵਰਾਂ ਕੋਲੋਂ ਸ਼ਰਾਬ ਦੀਆਂ ਬੋਤਲਾਂ ਅਤੇ ਨਸ਼ੇ ਦੇ ਕੈਪਸੂਲ ਮਿਲੇ ਸਨ। ਅਖਬਾਰਾਂ ਵਿੱਚ ਅਜਿਹਾ ਆਇਆ ਹੈ। ਮੇਰੀ ਹਾਊਸ ਅੱਗੇ ਪ੍ਰਾਰਥਨਾ ਹੈ, ਸਰਕਾਰ ਅਤੇ ਆਪ ਜੀ ਅੱਗੇ ਪ੍ਰਾਰਥਨਾ ਹੈ ਕਿ ਜਿਹੜਾ ਕਾਨੂੰਨ ਹੈ, ਉਹ ਅਗਰ ਸਖ਼ਤੀ ਨਾਲ ਕੰਮ ਕਰੇ ਤਾਂ ਹੀ ਠੀਕ ਹੋ ਸਕਦਾ ਹੈ। ਤੁਸੀਂ ਨਸ਼ਾ ਕਿੰਨਾ ਰੋਕ ਸਕਦੇ ਹੋ, ਸ਼ਰਾਬ ਪੀਣੀ ਕਿੰਨੀ ਰੋਕ ਸਕਦੇ ਹੋ? ਮੇਰਾ ਨਿਵੇਦਨ ਹੈ ਕਿ ਜਿਹੜੇ ਸ਼ਰਾਬ ਪੀ ਕੇ ਗੱਡੀਆਂ ਚਲਾਉਂਦੇ ਹਨ, ਪਹਿਲਾਂ ਤਾਂ ਇਹ ਗਰੰਟੀ ਲਈ ਜਾਵੇ ਕਿ ਜਿਹੜਾ ਗੱਡੀ ਚਲਾਉਣ ਲੱਗਿਆ ਹੈ, ਗੱਡੀ ਵਿੱਚ ਬੈਠਣ ਵਾਲੇ ਆਪ ਉਸ ਦਾ ਹੁਲੀਆ ਦੇਖਣ ਕਿ ਉਸ ਨੇ ਸ਼ਰਾਬ ਤਾਂ ਨਹੀਂ ਪੀਤੀ ਹੋਈ। ਜੇਕਰ ਵਿਆਹ ਸ਼ਾਦੀਆਂ ਤੋਂ ਲੋਕ ਆਪ ਬੋਤਲਾਂ ਲੈ ਕੇ ਚੱਲਣ ਤਾਂ ਇਹ ਵੀ ਠੀਕ ਨਹੀਂ। ਮੇਰਾ ਨਿਵੇਦਨ ਹੈ ਕਿ ਅਹਾਤਿਆਂ ਵਿੱਚੋਂ, ਜਿੱਥੋਂ ਲੋਕ ਪੀ ਕੇ ਨਿਕਲਦੇ ਹਨ, ਉੱਥੇ ਟਰੈਫਿਕ ਦਾ ਕਾਂਸਟੇਬਲ ਅਗਰ ਖੜ੍ਹਾ ਹੋ ਜਾਵੇ ਤਾਂ ਜਿਹੜੇ ਅੰਦਰੋਂ ਪੀ ਕੇ ਨਿਕਲਦੇ ਹਨ, ਵਿਆਹ ਵਿੱਚੋਂ ਪੀ ਕੇ ਨਿਕਲਦੇ ਹਨ, ਉਨ੍ਹਾਂ ਨੇ ਕੋਈ ਹੈਲੀਕਾਪਟਰ ਤਾਂ ਲਗਾਇਆ ਨਹੀਂ ਕਿ ਘਰਾਂ ਵਿੱਚ ਉੱਡ ਕੇ ਚਲੇ ਜਾਣਗੇ, ਉਨ੍ਹਾਂ ਦਾ ਕੋਈ ਪ੍ਰਬੰਧ ਕੀਤਾ ਜਾਵੇ। ਅਗਰ ਇੱਕ ਮਹੀਨੇ ਲਈ ਸਾਰੇ ਸ਼ਰਾਬ ਦੇ ਅਹਾਤਿਆਂ, ਮੈਰਿਜ ਪੈਲੇਸਾਂ, ਹੋਟਲਾਂ ਵਿੱਚੋਂ ਪਾਰਟੀ ਦੌਰਾਨ ਜਦੋਂ ਪੀ ਕੇ ਨਿਕਲਦੇ ਹਨ, ਉਨ੍ਹਾਂ ਦੀ ਚੈਕਿੰਗ ਕੀਤੀ ਜਾਵੇ ਤਾਂ ਬੜੇ ਚੰਗੇ ਨਤੀਜੇ ਨਿਕਲ ਸਕਦੇ ਹਨ। ਉਹ ਨਸ਼ੇੜੀ ਜਦੋਂ ਐਕਸੀਡੈਂਟ ਕਰਦੇ ਹਨ ਤਾਂ ਦਸ ਪਰਿਵਾਰਾਂ ਨੂੰ ਨਕਾਰਾ ਕਰ ਦਿੰਦੇ ਹਨ। ਉਨ੍ਹਾਂ ਤੇ ਨਕੇਲ ਪਾਈ ਜਾਵੇ ਅਦਰਵਾਈਜ਼ ਜੇਕਰ ਅਸੀਂ ਜੜ੍ਹਾਂ ਨੂੰ ਪਾਣੀ ਨਹੀਂ ਦਿੰਦੇ ਤਾਂ ਪੱਤਿਆਂ ਨੂੰ ਦੇਣ ਦਾ ਲਾਭ ਨਹੀਂ ਹੋਣਾ। ਧੰਨਵਾਦ।

———

Original with;
Punjab Vidhan Sabha
Digitized by;
Panjab Digital Library

## CALL ATTENTION NOTICES UNDER RULE 66

(ਕ੍ਰਮ ਨੰ: 8)

**ਮਾਨਯੋਗ ਸਪੀਕਰ** : ਧਿਆਨ ਦਿਵਾਊ ਮਤਾ, ਸਰਦਾਰ ਦਰਸ਼ਨ ਸਿੰਘ ਬਰਾੜ.....

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਹੋਇਆ।)

(ਕ੍ਰਮ ਨੰ: 16)

**ਮਾਨਯੋਗ ਸਪੀਕਰ** : ਅਗਲਾ ਧਿਆਨ ਦਿਵਾਊ ਮਤਾ, ਸਰਦਾਰ ਅਮਰਜੀਤ ਸਿੰਘ ਸਾਹੀ।

**ਸਰਦਾਰ ਅਮਰਜੀਤ ਸਿੰਘ ਸਾਹੀ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਇਹ ਕਿ ਕੰਡੀ ਕੈਨਾਲ ਸਟੇਜ-1 ਤਕਰੀਬਨ ਮਹੀਨੇ-ਢੇਡ ਮਹੀਨੇ ਤੋਂ ਬੰਦ ਪਈ ਹੈ, ਜਿਸ ਦੀ ਵਜ੍ਹਾ ਕਰਕੇ ਉਸ ਦੀ ਸਟੇਜ-1 ਦੇ ਅਧੀਨ ਆਉਂਦੇ ਇਲਾਕਿਆਂ ਵਿੱਚ ਸੋਕੇ ਵਰਗੀ ਪੁਜ਼ੀਸ਼ਨ ਬਣਦੀ ਜਾ ਰਹੀ ਹੈ ਕਿਉਂਕਿ ਅੱਜ ਕਲ੍ਹ ਕਿਸਾਨਾਂ ਨੂੰ ਕਣਕ ਨੂੰ ਸਿੰਜਣ ਲਈ ਪਾਣੀ ਦੀ ਸਖਤ ਜ਼ਰੂਰਤ ਹੈ, ਪਸ਼ੂਆਂ ਦੇ ਚਾਰੇ ਲਈ ਵੀ ਪਾਣੀ ਦੀ ਬਹੁਤ ਲੋੜ ਹੈ ਅਤੇ ਨਾਲ ਹੀ ਪਸ਼ੂਆਂ ਦੇ ਪੀਣ ਦੇ ਪਾਣੀ ਦੀ ਵੀ ਭਾਰੀ ਥੁੜ ਮਹਿਸੂਸ ਹੋ ਰਹੀ ਹੈ। ਇਹ ਅਜਿਹੇ ਇਲਾਕੇ ਹਨ ਜਿੱਥੇ ਕਿ ਕੰਡੀ ਕੈਨਾਲ ਨਾਲ ਹੀ ਪਸ਼ੂਆਂ ਦੇ ਪੀਣ ਲਈ ਪਾਣੀ ਮੁਹੱਈਆ ਹੁੰਦਾ ਹੈ ਇਸ ਵਜ੍ਹਾ ਕਰਕੇ ਮੇਰੇ ਹਲਕੇ ਦਸੂਹਾ ਦੇ ਬਹੁਤ ਸਾਰੇ ਪਿੰਡਾਂ ਵਿੱਚ ਹਾਹਾਕਾਰ ਮੱਚੀ ਹੋਈ ਹੈ ਅਤੇ ਲੋਕਾਂ ਵਿੱਚ ਭਾਰੀ ਮਾਯੂਸੀ ਪਾਈ ਜਾ ਰਹੀ ਹੈ। ਮੈਂ ਬੇਨਤੀ ਕਰਾਗਾਂ ਕਿ ਸਰਕਾਰ ਇਸ ਮਾਮਲੇ ਵੱਲ ਤੁਰੰਤ ਧਿਆਨ ਦੇਵੇ ਅਤੇ ਲੋੜੀਂਦੀ ਕਾਰਵਾਈ ਕਰਕੇ ਇਸ ਗੰਭੀਰ ਸਮੱਸਿਆ ਦਾ ਜਲਦੀ ਤੋਂ ਜਲਦੀ ਹੱਲ ਕੱਢੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸਿੰਜਾਈ ਮੰਤਰੀ (ਸਰਦਾਰ ਜਨਮੇਜਾ ਸਿੰਘ ਸੇਖੋਂ)** : ਸਪੀਕਰ ਸਾਹਿਬ, ਇੱਕ ਤਾਂ ਆਨਰੇਬਲ ਮੈਂਬਰ ਨੇ ਜਿਹੜਾ ਸਵਾਲ ਕੀਤਾ ਹੈ ਅਤੇ ਡੇਢ ਮਹੀਨੇ ਦੀ ਗੱਲ ਕੀਤੀ ਹੈ, ਇਹ ਗੱਲ 5 ਫਰਵਰੀ ਦੀ ਹੈ ਔਰ ਅੱਜ ਇੱਕ ਮਹੀਨਾ ਹੋਇਆ ਹੈ। 15 ਦਿਨ ਇਨ੍ਹਾਂ ਨੇ ਹੋਰ ਜੋੜ ਲਏ।

15 ਫਰਵਰੀ, 2009 ਨੂੰ ਕੰਡੀ ਨਹਿਰ ਦੇ ਸੱਜੇ ਕੰਢੇ ਦੀ ਬੁਰਜੀ ਨੰਬਰ 14.368 ਕਿਲੋ ਮੀਟਰ ਉੱਤੇ ਭਾਰੀ ਲੀਕੇਜ ਰਿਪੋਰਟ ਕੀਤੀ ਗਈ। ਇਸ ਦੇ ਸਿੱਟੇ ਵਜੋਂ ਨਹਿਰ ਵਿੱਚ

Original with;
Punjab Vidhan Sabha
Digitized by;
Panjab Digital Library

[ ਸਿੰਜਾਈ ਮੰਤਰੀ ]

ਪਾਣੀ ਦੀ ਸਪਲਾਈ ਨੂੰ ਲੋਕਾਂ ਨੂੰ ਜਾਨੀ ਅਤੇ ਮਾਲੀ ਨੁਕਸਾਨ ਤੋਂ ਬਚਾਉਣ ਲਈ ਹੌਲੇ ਹੌਲੇ ਘਟਾਉਣਾ ਪਿਆ। ਲੀਕੇਜ ਸਮੇਂ ਨਹਿਰ ਪੂਰੀ ਸਮਰੱਥਾ ਨਾਲ ਚੱਲ ਰਹੀ ਸੀ, ਇਸ ਲਈ ਨਹਿਰ ਵਿੱਚੋਂ ਪਾਣੀ ਦਾ ਸਤਰ ਹੌਲੇ ਹੌਲੇ ਘਟਾਉਣਾ ਪਿਆ ਕਿਉਂਕਿ ਤਕਨੀਕੀ ਕਾਰਨਾਂ ਕਰਕੇ ਨਹਿਰ ਨੂੰ ਇੱਕੋ ਦਮ ਬੰਦ ਕਰਨ ਨਾਲ ਪਾਣੀ ਦੇ ਬੈਕ ਪ੍ਰੈਸ਼ਰ ਨਾਲ ਨਹਿਰ ਦੀ ਲਾਈਨਿੰਗ ਨੂੰ ਨੁਕਸਾਨ ਪਹੁੰਚ ਸਕਦਾ ਸੀ। ਨਹਿਰ ਦਾ ਪੂਰੀ ਤਰ੍ਹਾਂ ਨਿਰੀਖਣ ਕਰਨ ਲਈ ਨਹਿਰ ਨੂੰ ਖਾਲੀ ਕਰਨਾ ਜ਼ਰੂਰੀ ਸੀ ਜਿਸ ਨੂੰ ਤਕਰੀਬਨ 10 ਦਿਨ ਦਾ ਸਮਾਂ ਲੱਗਿਆ। ਨਹਿਰ ਪੂਰੀ ਤਰ੍ਹਾਂ 15-16 ਫਰਵਰੀ, 2009 ਨੂੰ ਖਾਲੀ ਹੋ ਗਈ ਸੀ, ਜਿਸ ਉਪਰੰਤ ਲੀਕੇਜ ਬੰਦ ਕਰਨ ਲਈ ਨਹਿਰ ਦਾ ਪੂਰੀ ਤਰ੍ਹਾਂ ਨਿਰੀਖਣ ਕੀਤਾ ਗਿਆ। ਨਹਿਰ ਨੂੰ ਬੁਰਜੀ 14.368 ਕਿਲੋਮੀਟਰ ਅਤੇ ਕੁਝ ਹੋਰ ਨਾਜ਼ੁਕ ਥਾਵਾਂ ਤੋਂ ਰਿਪੇਅਰ ਕਰਨ ਤੋਂ ਬਾਅਦ 3 ਮਾਰਚ, 2009 ਨੂੰ ਪਾਣੀ ਛੱਡ ਦਿੱਤਾ ਗਿਆ।

**ਸਰਦਾਰ ਅਮਰਜੀਤ ਸਿੰਘ ਸਾਹੀ** : ਸਪੀਕਰ ਸਾਹਿਬ, ਇਹ ਨਹਿਰ ਵੈਸੇ ਤਾਂ ਕਦੇ ਵੀ ਫੁੱਲ ਕੈਪੇਸਟੀ ਵਿੱਚ ਨਹੀਂ ਚੱਲੀਂ ਔਰ ਮੈਂ ਤਾਂ ਚਾਹਾਂਗਾ ਕਿ ਇਸ ਦਾ ਜਿਸ ਤਰ੍ਹਾਂ ਸਾਡੇ ਮੁੱਖ ਮੰਤਰੀ ਸਾਹਿਬ ਨੇ 3500 ਕਰੋੜ ਰੁਪਏ ਦਾ ਨਹਿਰਾਂ ਦੀ ਡਿਵੈਲਪਮੈਂਟ ਲਈ ਇੱਕ ਪ੍ਰਾਜੈਕਟ ਰੱਖਿਆ ਹੈ, ਇਸ ਦੇ ਉੱਤੇ ਵੀ ਧਿਆਨ ਦਿੱਤਾ ਜਾਵੇ। ਇਸ ਨਹਿਰ ਦੀ ਬਿਲਕੁਲ ਰਿਪੇਅਰ ਨਹੀਂ ਹੋਈ ਅਤੇ ਇਹ ਵਾਰ ਵਾਰ ਟੁੱਟਣ ਕਾਰਨ ਕਾਫ਼ੀ ਖਰਾਬ ਹੋ ਚੁੱਕੀ ਹੈ। ਮੰਤਰੀ ਸਾਹਿਬ ਨੇ ਠੀਕ ਦੱਸਿਆ ਹੈ ਕਿ ਇਹ ਇੱਕ ਮਹੀਨਾ ਬੰਦ ਰਹੀ ਹੈ। ਸਪੀਕਰ ਸਾਹਿਬ, ਇਹ ਇੱਕ ਮਹੀਨੇ ਦਾ ਸਮਾਂ ਬਹੁਤ ਹੀ ਅਹਿਮ ਹੈ ਕਿਉਂਕਿ ਕਣਕ ਹੁਣ ਸਿੱਟਿਆਂ ਦੇ ਉਤੇ ਆਈ ਹੋਈ ਹੈ। ਜੇਕਰ ਉਸ ਨੂੰ ਵੇਲੇ ਸਿਰ ਪਾਣੀ ਨਾ ਦਿੱਤਾ ਜਾ ਸਕਿਆ ਤਾਂ ਫਸਲ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਜਾਵੇਗਾ। ਇਸ ਲਈ ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਕੀ ਇਹ ਕੋਸ਼ਿਸ਼ ਕਰਕੇ ਇਸ ਨਹਿਰ ਵਿੱਚ ਫੁੱਲ ਕਪੈਸਿਟੀ ਦੇ ਵਿੱਚ ਪਾਣੀ ਛੱਡਣਗੇ ਕਿਉਂ ਜੋ ਜਿਹੜੀਆਂ ਬਾਕੀ ਡਿਸਟ੍ਰੀਬਿਊਟਰੀਜ਼ ਹਨ ਉਨ੍ਹਾਂ ਦੇ ਵਿੱਚ ਉਦੋਂ ਤੱਕ ਪਾਣੀ ਨਹੀਂ ਪਹੁੰਚ ਸਕੇਗਾ ਜਦੋਂ ਤੱਕ ਇਸ ਨਹਿਰ ਦੇ ਵਿੱਚ ਫੁੱਲ ਕਪੈਸਿਟੀ ਦੇ ਵਿੱਚ ਪਾਣੀ ਨਹੀਂ ਛੱਡਿਆ ਜਾਵੇਗਾ।

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੀ ਨਹਿਰ ਹੈ ਇਸ ਦੀ ਪਿਛਲੇ 27-28 ਸਾਲਾਂ ਤੋਂ ਰਿਪੇਅਰ ਨਹੀਂ ਹੋਈ ਹੈ। ਜੇਕਰ ਇਸ ਨੂੰ ਫੁੱਲ ਕਪੈਸਿਟੀ ਦੇ ਉਤੇ ਛੱਡ ਦਿੱਦਾ ਜਾਵੇ ਤਾਂ ਫਿਰ ਪਾਣੀ ਟੁੱਟ ਜਾਵੇਗਾ। ਇਸ ਲਈ ਇਸ ਨਹਿਰ ਦੀ ਰਿਪੇਅਰ ਤੋਂ ਬਾਅਦ ਹੀ ਇਸ ਨੂੰ ਫੁੱਲ ਕਪੈਸਿਟੀ ਦੇ ਉਤੇ ਛੱਡਿਆ ਜਾ ਸਕੇਗਾ।

**ਮਾਨਯੋਗ ਸਪੀਕਰ** : ਹੁਣ ਇਸ ਤੋਂ ਅਗਲੀ ਆਈਟਮ। ਸ਼੍ਰੀ ਤਿਕਸ਼ਨ ਸੂਦ ਜੀ।

---

Original with;
Punjab Vidhan Sabha
Digitized by;
Panjab Digital Library

# PAPERS LAID ON THE TABLE OF THE HOUSE

ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ) : ਸ਼੍ਰੀਮਾਨ ਜੀ, ਮੈਂ -

1. ਸਾਲ 2004-05 ਲਈ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 323 (2) ਅਧੀਨ ਲੋੜੀਂਦਾ ਹੈ।

2. ਸਾਲ 2005-06 ਲਈ ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ ਦੀ 32ਵੀਂ ਸਾਲਾਨਾ ਰਿਪੋਰਟ ਰੱਖਦਾ ਹਾਂ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ,

3. ਸਾਲ 2004-05 ਲਈ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ ਦੀ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ,

4. ਸਾਲ 2005-06 ਅਤੇ 2006-07 ਲਈ ਪੰਜਾਬ ਰਾਜ ਬਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਿਡ (ਪਨਬਸ) ਦੀਆਂ 11ਵੀਂ ਅਤੇ 12ਵੀਂ ਸਾਲਾਨਾ ਰਿਪੋਰਟਾਂ, ਜਿਵੇਂ ਕਿ ਕੰਪਨੀਜ਼ ਐਕਟ - 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ,

5. ਸਾਲ 2006-07 ਲਈ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਐਕਟ, 1996 ਦੀ ਧਾਰਾ 21-(4) ਅਧੀਨ ਲੋੜੀਂਦਾ ਹੈ,

6. ਸਾਲ 2006-07 ਲਈ ਪੰਜਾਬ ਪਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੀ ਸਾਲਾਨਾ ਰਿਪੋਰਟ ਅਤੇ ਬੈਲੰਸ ਸ਼ੀਟ, ਜਿਵੇਂ ਕਿ ਪੰਜਾਬ ਪਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਐਕਟ - 1976 ਦੀ ਧਾਰਾ 27(6) ਅਧੀਨ ਲੋੜੀਂਦਾ ਹੈ,

7. ਸਾਲ 2005-06 ਲਈ ਪੰਜਾਬ ਸਾਬਕਾ ਫੌਜੀਆਂ ਦੀ ਕਾਰਪੋਰੇਸ਼ਨ ਦੀ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਪੰਜਾਬ ਸਾਬਕਾ ਫੌਜੀਆਂ ਕਾਰਪੋਰੇਸ਼ਨ (ਪੈਸਕੋ) ਐਕਟ, 1978 ਦੀ ਧਾਰਾ 23(6) ਅਧੀਨ ਲੋੜੀਂਦਾ ਹੈ,

8. ਸਾਲ 2006-07 ਲਈ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਰਾਸ਼ਟਰੀ ਦਿਹਾਤੀ ਰੋਜ਼ਗਾਰ ਗਾਰੰਟੀ ਐਕਟ (ਨਰੇਗਾ) ਨੂੰ ਲਾਗੂ ਕਰਨ ਸਬੰਧੀ ਸਾਲਾਨਾ ਰਿਪੋਰਟ, ਜਿਵੇਂ ਕਿ ਰਾਸ਼ਟਰੀ ਦਿਹਾਤੀ ਰੋਜ਼ਗਾਰ ਗਾਰੰਟੀ ਐਕਟ, 2005 ਦੀ ਧਾਰਾ 10.2(3) ਅਧੀਨ ਲੋੜੀਂਦਾ ਹੈ,

9. ਸਾਲ 2005-06 ਲਈ ਪੰਜਾਬ ਸੈਰ-ਸਪਾਟਾ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ 27ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

10. ਸਾਲ 2002-03 ਲਈ ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ 20ਵੀਂ ਸਾਲਾਨਾ

Original with;
Punjab Vidhan Sabha
Digitized by;
Panjab Digital Library

[ ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ ]

ਰਿਪੋਰਟ, ਜਿਵੇਂ ਕਿ ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ ਐਕਟ, 1955 ਦੀ ਧਾਰਾ 28 ਅਧੀਨ ਲੋੜੀਂਦਾ ਹੈ,

ਸਦਨ ਦੀ ਮੇਜ਼ ਤੇ ਰੱਖਦਾ ਹਾਂ।

**ਮਾਨਯੋਗ ਸਪੀਕਰ** : ਇਸ ਤੋਂ ਅੱਗੇ ਰੈਜ਼ੋਲਿਊਸ਼ਨ ਸਰਦਾਰ ਸੋਹਣ ਸਿੰਘ ਠੰਡਲ ਜੀ।

**(i) RESOLUTION REG. RECOMMENDATION TO THE STATE GOVERNMENT TO TAKE IMMEDIATE AND PERMANENT STEPS TO GET THE PONDS DUG AND MAINTAINED AS PER MODERN TECHNIQUES FOR THE DISCHARGE OF SULLAGE WATER IN THE VILLAGES TO CHECK THE RURAL ENVIRONMENT DEGRADATION IN THE STATE AND TO KEEP THE VILLAGES CLEAN AND ALSO TO BAN THE USE OF POLYTHENE BAGS IN THE STATE AND FURTHER TO ENACT AND IMPLEMENT STRICT LAWS TO REMOVE UNAUTHORISED ENCROACHMENTS OVER PONDS**

**ਸਰਦਾਰ ਸੋਹਣ ਸਿੰਘ ਠੰਡਲ** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ:-

"ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਦਿਹਾਤੀ ਵਾਤਾਵਰਣ ਵਿੱਚ ਆ ਰਹੀ ਗਿਰਾਵਟ ਨੂੰ ਰੋਕਣ ਲਈ ਅਤੇ ਪਿੰਡਾਂ ਨੂੰ ਸਾਫ਼ ਸੁਥਰਾ ਰੱਖਣ ਲਈ, ਪਿੰਡਾਂ ਦੇ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜ ਖੁਦਵਾ ਕੇ ਉਨ੍ਹਾਂ ਦਾ ਆਧੁਨਿਕ ਤਕਨੀਕਾਂ ਨਾਲ ਰੱਖ-ਰਖਾਵ ਕਰਨ ਲਈ ਤੁਰੰਤ ਅਤੇ ਸਥਾਈ ਕਦਮ ਚੁੱਕੇ ਜਾਣ।"

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ ਕਿ:-

"ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਦਿਹਾਤੀ ਵਾਤਾਵਰਣ ਵਿੱਚ ਆ ਰਹੀ ਗਿਰਾਵਟ ਨੂੰ ਰੋਕਣ ਲਈ ਅਤੇ ਪਿੰਡਾਂ ਨੂੰ ਸਾਫ਼ ਸੁਥਰਾ ਰੱਖਣ ਲਈ, ਪਿੰਡਾਂ ਦੇ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜ ਖੁਦਵਾ ਕੇ ਉਨ੍ਹਾਂ ਦਾ ਆਧੁਨਿਕ ਤਕਨੀਕਾਂ ਨਾਲ ਰੱਖ-ਰਖਾਵ ਕਰਨ ਲਈ ਤੁਰੰਤ ਅਤੇ ਸਥਾਈ ਕਦਮ ਚੁੱਕੇ ਜਾਣ।"

ਹਾਂ ਜੀ, ਬਹਿਸ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੋਹਣ ਸਿੰਘ ਠੰਡਲ (ਮਾਹਿਲਪੁਰ, ਐਸ.ਸੀ.)** : ਮਾਨਯੋਗ ਸਪੀਕਰ ਸਾਹਿਬ, ਅੱਜ ਤੁਸੀਂ ਮੈਨੂੰ ਇਸ ਪਵਿੱਤਰ ਸਦਨ ਦੇ ਵਿੱਚ ਇਸ ਮਤੇ ਦੇ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ ਕਿਉਂਕਿ ਅੱਜ ਪੰਜਾਬ ਸਾਡੇ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਰਹਿਨੁਮਾਈ ਥੱਲੇ ਤਰੱਕੀ ਦੀਆਂ ਵੱਡੀਆਂ

*10.57 ਵਜੇ ਪੂਰਵ ਦੁਪਹਿਰ

(ਇਸ *ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਪੁਲਾਂਘਾਂ ਪੁੱਟ ਰਿਹਾ ਹੈ। ਸਾਡੀ ਸਰਕਾਰ ਦਾ ਇਹ ਸੁਪਨਾ ਹੈ ਕਿ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਦੇ ਕੇ ਪਿੰਡਾਂ ਨੂੰ ਵਧੀਆ ਬਣਾਉਣਾ ਹੈ। ਡਿਪਟੀ ਸਪੀਕਰ ਸਾਹਿਬ, ਅੱਜ ਪਿੰਡਾਂ ਦੇ ਅੰਦਰ ਇੱਕ ਸਮੱਸਿਆ ਖੜ੍ਹੀ ਹੋ ਗਈ ਹੈ। ਪਹਿਲਾਂ ਪਿੰਡਾਂ ਦੇ ਵਿੱਚ ਆਮ ਲੋਕਾਂ ਦੀਆਂ ਜਿਹੜੀਆਂ ਗਲੀਆਂ ਨਾਲੀਆਂ ਜਾਂ ਵਿਹੜੇ ਹੁੰਦੇ ਸਨ, ਉਹ ਕੱਚੇ ਹੁੰਦੇ ਸਨ ਅਤੇ ਜਿਹੜਾ ਪਾਣੀ ਵਰਤਦੇ ਸੀ, ਉਹ ਵੀ ਲੋਕ ਸਾਂਝੇ ਖੂਹਾਂ ਤੋਂ ਜਾਂ ਸਾਂਝੇ ਪੁਆਇੰਟਾਂ ਤੋਂ ਵਰਤਦੇ ਸਨ ਅਤੇ ਲੋਕ ਪਾਣੀ ਦੀ ਬਹੁਤ ਸੰਜਮ ਦੇ ਨਾਲ ਵਰਤੋਂ ਕਰਦੇ ਸਨ। ਹੁਣ ਜਦੋਂ ਤੋਂ ਸੂਬਾ ਤਰੱਕੀ ਦੇ ਵੱਲ ਵਧਿਆ ਹੈ ਅਤੇ ਪਿੰਡਾਂ ਦੀ ਨੁਹਾਰ ਬਦਲੀ ਹੈ ਤਾਂ ਲੋਕਾਂ ਵੱਲੋਂ ਪਾਣੀ ਦੀ ਜ਼ਿਆਦਾ ਵਰਤੋਂ ਜਾਂ ਦੁਰਵਰਤੋਂ ਕੀਤੇ ਜਾਣ ਨਾਲ ਪਿੰਡਾਂ ਦੇ ਵਿੱਚ ਜਿਹੜੇ ਛੱਪੜ ਹਨ, ਉਹ ਪਾਣੀ ਦੇ ਨਾਲ ਨੱਕੋ-ਨੱਕ ਭਰ ਗਏ ਹਨ। ਇਸ ਦੇ ਵਾਸਤੇ ਮੈਂ ਸਮਝਦਾ ਹਾਂ ਕਿ ਇਸ ਦੇ ਬਹੁਤ ਅਜਿਹੇ ਕਾਰਨ ਹਨ ਜਿਹੜੇ ਕਿ ਸਾਡੇ ਵਾਸਤੇ ਅੱਜ ਬਹੁਤ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ। ਪਹਿਲਾਂ ਲੋਕ ਪਾਣੀ ਸਿਰਫ ਪੀਣ ਲਈ ਹੀ ਵਰਤਦੇ ਸਨ ਪਰ ਹੁਣ ਲੋਕਾਂ ਵੱਲੋਂ ਨਵੇਂ ਤਰੀਕੇ ਦੇ ਨਾਲ ਆਪਣੇ ਘਰ ਬਣਾ ਲਏ ਗਏ ਹਨ ਤੇ ਪੱਕੇ ਬਾਥਰੂਮ ਬਣ ਗਏ ਹਨ, ਪੱਕੇ ਵਿਹੜੇ ਬਣ ਗਏ ਹਨ ਅਤੇ ਜਿਹੜਾ ਗੰਦਾ ਪਾਣੀ ਹੈ, ਉਹ ਕਿਤੇ ਵੀ ਬਾਹਰ ਜਾਣ ਲਈ ਥਾਂ ਨਹੀਂ ਹੁੰਦੀ। ਇਸ ਕਰਕੇ ਉਹ ਸਾਰਾ ਪਾਣੀ ਨਾਲੀਆਂ ਰਾਹੀਂ ਪਿੰਡਾਂ ਦੇ ਛੱਪੜਾਂ ਵਿੱਚ ਚਲਿਆ ਜਾਂਦਾ ਹੈ ਅਤੇ ਉਹ ਛੱਪੜ ਭਰ ਜਾਂਦੇ ਹਨ। ਇਸ ਦੇ ਨਾਲ ਹੀ ਇਹ ਵੀ ਇੱਕ ਕਾਰਨ ਹੈ ਕਿ ਲੋਕਾਂ ਵੱਲੋਂ ਪਾਣੀ ਦੀ ਸਾਂਭ-ਸੰਭਾਲ ਵੱਲ ਧਿਆਨ ਨਹੀਂ ਦਿੱਤਾ ਜਾਂਦਾ। ਮੈਂ ਦੇਖਦਾ ਹਾਂ ਕਿ ਪਿੰਡਾਂ ਵਿੱਚ ਅੱਜ ਦੀ ਜਿਹੜੀ ਨਵੀਂ ਪੀੜ੍ਹੀ ਹੈ, ਸਵੇਰੇ ਉੱਠ ਕੇ ਜਦੋਂ ਬਰੱਸ਼ ਕਰਨਾ ਹੁੰਦਾ ਹੈ ਜਾਂ ਇਸ਼ਨਾਨ ਕਰਨਾ ਹੁੰਦਾ ਹੈ ਤਾਂ 5-10 ਮਿੰਟ ਪਾਣੀ ਖੁੱਲ੍ਹਾ ਰੱਖ ਛੱਡਦੇ ਹਨ। ਪਹਿਲਾਂ ਸਮਾਂ ਹੁੰਦਾ ਸੀ ਆਦਮੀ ਇੱਕ ਬਾਲਟੀ ਨਾਲ ਹੀ ਇਸ਼ਨਾਨ ਕਰ ਲੈਂਦਾ ਸੀ ਪਰ ਅੱਜ ਇੱਕ ਵਿਅਕਤੀ ਹੀ ਕਿੰਨੇ ਲੀਟਰ ਪਾਣੀ ਇਸ਼ਨਾਨ ਲਈ ਇਸਤੇਮਾਲ ਕਰ ਲੈਂਦਾ ਹੈ। ਪਿੰਡਾਂ ਵਿੱਚ ਪਾਣੀ ਅੱਗੇ ਪੈਣ ਦਾ ਇੱਕੋ ਇੱਕ ਸਾਧਨ ਪਿੰਡ ਦਾ ਛੱਪੜ ਹੈ। ਡਿਪਟੀ ਸਪੀਕਰ ਸਾਹਿਬ, ਪਿੰਡਾਂ ਦੀ ਆਬਾਦੀ ਵਧਣ ਕਾਰਨ ਇਹ ਜਿਹੜੇ ਛੱਪੜ ਹਨ, ਇਹ ਆਬਾਦੀ ਅੰਦਰ ਆ ਗਏ ਹਨ। ਇਨ੍ਹਾਂ ਛੱਪੜਾਂ ਵਿੱਚ ਲੋਕਾਂ ਨੇ ਆਪਣੇ ਘਰ ਦਾ ਕੂੜਾ-ਕਰਕਟ ਆਦਿ ਸੁੱਟਣਾ ਸ਼ੁਰੂ ਕਰ ਦਿੱਤਾ ਹੈ ਅਤੇ ਜਿਨ੍ਹਾਂ ਦੇ ਘਰਾਂ

Original with;
Punjab Vidhan Sabha
Digitized by;
Panjab Digital Library

[ ਸਰਦਾਰ ਸੋਹਣ ਸਿੰਘ ਠੰਡਲ ]

ਨਾਲ ਇਹ ਛੱਪੜ ਲੱਗਦੇ ਹਨ, ਉਨ੍ਹਾਂ ਨੇ ਇਨ੍ਹਾਂ ਉੱਪਰ ਐਨਕ੍ਰੋਚਮੈਂਟਸ ਸ਼ੁਰੂ ਕਰ ਦਿੱਤੀਆਂ ਹਨ ਜਿਸ ਕਾਰਨ ਇਨ੍ਹਾਂ ਛੱਪੜਾਂ ਦਾ ਅਕਾਰ ਵੀ ਛੋਟਾ ਹੁੰਦਾ ਜਾ ਰਿਹਾ ਹੈ। ਪਿੰਡਾਂ ਦੀਆਂ ਪੰਚਾਇਤਾਂ ਇਨ੍ਹਾਂ ਐਨਕ੍ਰੋਚਮੈਂਟਸ ਨੂੰ ਖਾਲੀ ਨਹੀਂ ਕਰਵਾਉਂਦੀਆਂ। ਛੱਪੜਾਂ ਦਾ ਰੱਖ-ਰਖਾਅ ਨਾ ਕੀਤੇ ਜਾਣ ਕਾਰਨ ਵੀ ਇਨ੍ਹਾਂ ਦਾ ਅਕਾਰ ਛੋਟਾ ਹੁੰਦਾ ਜਾ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਅੱਜ ਸਰਕਾਰ ਨੇ ਲੋਕਾਂ ਨੂੰ ਸਾਫ਼ ਪੀਣ ਵਾਲਾ ਪਾਣੀ ਦਿੱਤਾ ਹੈ ਅਤੇ ਹੋਰ ਵੀ ਨਵੀਆਂ ਸਕੀਮਾਂ ਸਰਕਾਰ ਲਿਆ ਰਹੀ ਹੈ ਤਾਂ ਕਿ ਲੋਕਾਂ ਨੂੰ ਸਾਫ਼ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਜਾਵੇ। ਪਾਣੀ ਸਾਡੀ ਜ਼ਿੰਦਗੀ ਵਾਸਤੇ ਬਹੁਤ ਜ਼ਰੂਰੀ ਹੈ। ਇਸ ਸਬੰਧੀ ਗੁਰੂ ਸਾਹਿਬਾਨ ਨੇ ਵੀ ਫੁਰਮਾਇਆ ਹੈ:-

*"ਪਵਣੁ ਗੁਰੂ ਪਾਣੀ ਪਿਤਾ"*

ਇਸ ਪਾਣੀ ਵਾਸਤੇ ਜਿੱਥੇ ਸਰਕਾਰ ਕਰੋੜਾਂ ਰੁਪਏ ਖ਼ਰਚ ਕਰਕੇ ਪਬਲਿਕ ਵਾਸਤੇ ਮੁਹੱਈਆ ਕਰਵਾ ਰਹੀ ਹੈ, ਉੱਥੇ ਜਿਹੜਾ ਇੱਕ ਆਮ ਸ਼ਹਿਰੀ ਹੈ, ਉਹ ਪਾਣੀ ਦੀ ਟੂਟੀ ਖੋਲ੍ਹ ਤਾਂ ਦਿੰਦਾ ਹੈ ਪਰ ਉਸ ਪਾਣੀ ਨੂੰ ਵਰਤਣ ਤੋਂ ਬਾਅਦ ਕਈ ਵੇਰ ਬੰਦ ਨਹੀਂ ਕਰਦਾ। ਅਜਿਹੇ ਕਾਰਨਾਂ ਕਰਕੇ ਵੀ ਅੱਜ ਪੀਣ ਵਾਲੇ ਪਾਣੀ ਦੀ ਹਾਲਤ ਇੰਨੀ ਜ਼ਿਆਦਾ ਤਰਸਯੋਗ ਹੋ ਗਈ ਹੈ। ਇੱਕ ਪਾਸੇ ਤਾਂ ਪੀਣ ਵਾਲਾ ਪਾਣੀ ਮਿਲਣਾ ਮੁਸ਼ਕਿਲ ਹੋ ਗਿਆ ਹੈ ਅਤੇ ਦੂਜੇ ਪਾਸੇ ਪਿੰਡਾਂ ਵਿੱਚ ਗੰਦਾ ਪਾਣੀ ਵੱਡੀ ਸਮੱਸਿਆ ਬਣ ਗਿਆ ਹੈ। ਇਨ੍ਹਾਂ ਵਾਸਤੇ ਸਰਕਾਰ ਫੰਡ ਮੁਹੱਈਆ ਕਰਵਾਉਂਦੀ ਹੈ ਪਰ ਪਿੰਡਾਂ ਦੀਆਂ ਜਿਹੜੀਆਂ ਪੰਚਾਇਤਾਂ ਹਨ, ਉਹ ਬੇਵੱਸ ਹਨ ਕਿ ਇਸ ਪੈਸੇ ਨੂੰ ਕਿਸ ਤਰ੍ਹਾਂ ਖਰਚ ਕਰਨ ਅਤੇ ਗੰਦੇ ਪਾਣੀ ਦਾ ਨਿਕਾਸ ਕਿਸ ਤਰ੍ਹਾਂ ਕਰਨ, ਖਾਸ ਕਰਕੇ ਸਾਡੇ ਦੁਆਬੇ ਦੀ ਧਰਤੀ ਤੇ ਜਿੱਥੇ ਕਿ ਛੋਟੀ ਅਬਾਦੀ ਹੈ ਅਤੇ ਪਿੰਡ ਛੋਟੇ ਹਨ। ਉਨ੍ਹਾਂ ਪਿੰਡਾਂ ਵਿੱਚ ਸ਼ਾਮਲਾਟ ਜ਼ਮੀਨਾਂ ਬਹੁਤ ਘੱਟ ਹਨ ਅਤੇ ਛੱਪੜ ਅਬਾਦੀ ਵਿੱਚ ਆ ਗਏ ਹਨ। ਅੱਜ ਦੇ ਸਮੇਂ ਦੀ ਇਹ ਵੱਡੀ ਲੋੜ ਹੈ ਕਿ ਅਸੀਂ ਜੇਕਰ ਪਿੰਡਾਂ ਦੀ ਨੁਹਾਰ ਬਦਲਣੀ ਹੈ ਅਤੇ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣਾ ਹੈ ਤਾਂ ਪਿੰਡਾਂ ਦੇ ਛੱਪੜਾਂ ਵੱਲ ਉਚੇਚਾ ਧਿਆਨ ਦੇਣਾ ਪਵੇਗਾ। ਜੇਕਰ ਸਮੇਂ ਸਿਰ ਇਨ੍ਹਾਂ ਛੱਪੜਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਜਿਹੜਾ ਇਨ੍ਹਾਂ ਦਾ ਦੂਸ਼ਿਤ ਪਾਣੀ ਹੈ, ਉਸ ਨਾਲ ਨਵੀਆਂ ਬਿਮਾਰੀਆਂ ਪੈਦਾ ਹੋਣਗੀਆਂ। ਮੱਛਰ ਵਧ ਜਾਣਗੇ ਅਤੇ ਪਾਣੀ ਤੋਂ ਬਦਬੂ ਆਵੇਗੀ। ਇਸ ਤਰ੍ਹਾਂ ਦੀਆਂ ਅਲਾਮਤਾਂ ਵਧਣਗੀਆਂ ਅਤੇ ਇਹ ਲੋਕਾਂ ਦੇ ਜੀਵਨ ਨਾਲ ਖਿਲਵਾੜ ਕਰਨਗੀਆਂ। ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਪਿੰਡਾਂ ਦੇ ਛੱਪੜਾਂ ਵੱਲ ਧਿਆਨ ਦੇਈਏ। ਮੈਨੂੰ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੀ ਸਰਕਾਰ ਪਿੰਡਾਂ ਵਾਸਤੇ ਬਹੁਤ ਫੰਡ ਜਾਰੀ ਕਰ ਰਹੀ ਹੈ। ਅਸੀਂ ਜੇਕਰ ਪਿੱਛਲੇ 60 ਸਾਲਾਂ ਵੱਲ ਨਜ਼ਰ ਮਾਰੀਏ ਅਤੇ ਪੰਚਾਇਤਾਂ ਦੇ ਹਿਸਾਬ-ਕਿਤਾਬ ਤੇ ਨਜ਼ਰ ਮਾਰੀਏ ਤਾਂ 70-80% ਫੰਡ ਗਲੀਆਂ-ਨਾਲੀਆਂ ਲਈ ਇਸਤੇਮਾਲ ਕੀਤੇ ਗਏ ਹਨ। ਜੇਕਰ ਅੱਜ ਵੀ ਅਸੀਂ ਲੋਕਾਂ ਵਿੱਚ ਜਾਈਏ ਤਾਂ ਉਨ੍ਹਾਂ ਦੀ ਮੰਗ ਹੁੰਦੀ ਹੈ ਕਿ ਗਲੀਆਂ ਟੁੱਟ ਗਈਆਂ ਹਨ, ਨਾਲੀਆਂ ਠੀਕ ਨਹੀਂ

Original with;
Punjab Vidhan Sabha
Digitized by;
Panjab Digital Library

ਹਨ। ਇਹ ਕੰਪਲੇਂਟ ਜਿਹੜੀ ਇੰਨੇ ਪੈਸੇ ਖ਼ਰਚਣ ਦੇ ਬਾਵਜੂਦ ਵੀ ਇਤਨੀ ਜ਼ਿਆਦਾ ਆ ਰਹੀ ਹੈ, ਇਹ ਇੱਕ ਬਹੁਤ ਵੱਡੀ ਸਮੱਸਿਆ ਹੈ। ਸਰਕਾਰ ਇਸ ਵਾਸਤੇ ਯਤਨ ਕਰ ਰਹੀ ਹੈ। ਪਿੰਡਾਂ ਦੇ ਲੋਕ ਚਾਹੁੰਦੇ ਹਨ ਕਿ ਉਨ੍ਹਾਂ ਦੇ ਪਿੰਡ ਵਿੱਚ ਸੀਵਰੇਜ ਪਾਇਆ ਜਾਵੇ ਅਤੇ ਸਰਕਾਰ ਦੀ ਇਹ ਪਾਲਿਸੀ ਵੀ ਹੈ। ਉਹ 10% ਅਤੇ ਜਿਨ੍ਹਾਂ ਪਿੰਡਾਂ ਵਿੱਚ ਐਸ.ਸੀ. ਅਬਾਦੀ ਜ਼ਿਆਦਾ ਹੈ, ਉੱਥੇ 5% ਹਿੱਸਾ ਪਾ ਕੇ, ਸੀਵਰੇਜ ਆਪਣੇ ਪਿੰਡ ਵਿੱਚ ਪੁਆ ਸਕਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਸਕੀਮ ਵੀ ਅੱਜ ਲਾਗੂ ਹੋਣ ਲਈ ਵੱਡੀਆਂ ਦਿੱਕਤਾਂ ਆ ਜਾਂਦੀਆਂ ਹਨ ਕਿਉਂਕਿ ਜਿਸ ਪਿੰਡ ਵਿੱਚ ਇਹ ਸਕੀਮ ਲਾਗੂ ਕਰਨੀ ਹੈ, ਉੱਥੇ 4 ਤੋਂ 5 ਏਕੜ ਜ਼ਮੀਨ ਇਸ ਪਰਪਜ਼ ਲਈ ਮਹਿਕਮੇ ਵਾਲੇ ਮੰਗਦੇ ਹਨ। ਕਿਉਂਕਿ ਟਰੀਟਮੈਂਟ ਪਲਾਂਟ ਵੀ ਲੱਗਣਾ ਹੁੰਦਾ ਹੈ, ਨਹੀਂ ਤਾਂ ਗੰਦਾ ਪਾਣੀ, ਫਲੱਸ਼ਾਂ ਵਾਲਾ ਪਾਣੀ ਘਰਾਂ ਦੇ ਵਿੱਚ ਪਰੇਸ਼ਾਨੀ ਪੈਦਾ ਕਰ ਸਕਦਾ ਹੈ। ਵੈਸੇ ਇਸ ਸਕੀਮ ਨਾਲ ਪਿੰਡਾਂ ਦੇ ਲੋਕਾਂ ਨੂੰ ਬਹੁਤ ਵੱਡੀ ਰਾਹਤ ਤਾਂ ਮਿਲ ਸਕਦੀ ਹੈ ਪਰ ਇਸ ਦੇ ਵਿੱਚ ਇਹ ਬੜੀ ਵੱਡੀ ਪ੍ਰਾਬਲਮ ਬਣੀ ਹੋਈ ਹੈ ਕਿ ਜਿਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਕੋਲ ਚੰਗੀਆਂ ਤੇ ਜ਼ਿਆਦਾ ਜ਼ਮੀਨਾਂ ਨਹੀਂ ਹਨ, ਉਨ੍ਹਾਂ ਨੂੰ ਮੁਸ਼ਕਲ ਪੇਸ਼ ਆ ਰਹੀ ਹੈ। ਬਹੁਤ ਸਾਰੇ ਪਿੰਡਾਂ ਕੋਲ ਇੰਨੀ ਜਗ੍ਹਾ ਨਹੀਂ ਹੈ ਜਿੱਥੇ ਕਿ ਇਹ ਕੰਮ ਸ਼ੁਰੂ ਕੀਤਾ ਜਾ ਸਕੇ।

ਡਿਪਟੀ ਸਪੀਕਰ ਸਾਹਿਬ, ਮੈਂ ਦੂਸਰੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇਕਰ ਕੋਈ ਪਿੰਡ ਜਗ੍ਹਾ ਮੁਹੱਈਆ ਕਰਵਾਉਣੀ ਵੀ ਚਾਹੁੰਦਾ ਹੈ ਅਤੇ ਇਹ ਸਕੀਮ ਪਿੰਡ ਵਿੱਚ ਲਾਗੂ ਕਰਵਾਉਣੀ ਚਾਹੁੰਦਾ ਹੈ ਤਾਂ ਮਹਿਕਮਾ ਰੂਰਲ ਡਿਵੈਲਪਮੈਂਟ ਦੀ ਕਾਨੂੰਨੀ ਪ੍ਰਕਿਰਿਆ ਇਸ ਦੇ ਲਈ ਬੜੀ ਪੇਚੀਦਾ ਹੈ। ਜੇ ਕੋਈ ਪੰਚਾਇਤ ਇਸ ਮੰਤਵ ਲਈ ਆਪਣੀ ਜ਼ਮੀਨ ਦਾ ਤਬਾਦਲਾ ਕਰਨਾ ਚਾਹੁੰਦੀ ਹੈ ਕਿ ਪਿੰਡ ਦਾ ਛੱਪੜ ਉਨ੍ਹਾਂ ਲਈ ਮੁਸੀਬਤ ਬਣਿਆ ਹੋਇਆ ਹੈ, ਉਹ ਉਸ ਜਗ੍ਹਾ ਦਾ ਤਬਾਦਲਾ ਕਿਸੇ ਹੋਰ ਜਗ੍ਹਾ ਨਾਲ ਕਰਨਾ ਚਾਹੁੰਦੀ ਹੈ ਅਤੇ ਉਹ ਇਸ ਪਰਪਜ਼ ਲਈ ਕੇਸ ਵੀ ਭੇਜਦੇ ਹਨ, ਪਰ ਪਤਾ ਨਹੀਂ ਕੀ ਝਗੜਾ ਹੈ ਕਿ ਉਨ੍ਹਾਂ ਨੂੰ ਇਸ ਮੰਤਵ ਲਈ ਮਨਜ਼ੂਰੀ ਨਹੀਂ ਮਿਲਦੀ। ਅਸੀਂ ਚਾਹੁੰਦੇ ਹਾਂ ਕਿ ਪੰਚਾਇਤਾਂ ਦੇ ਕੇਸ ਇਸ ਮਤਲਬ ਲਈ ਜਲਦੀ ਹੱਲ ਕੀਤੇ ਜਾਇਆ ਕਰਨ। ਇਸੇ ਕਰਕੇ ਇਹ ਮਤਾ ਹਾਊਸ ਵਿੱਚ ਲਿਆਂਦਾ ਗਿਆ ਹੈ ਕਿਉਂਕਿ ਇਸ ਤੇ ਪੁਨਰ ਵਿਚਾਰ ਕਰਨ ਦੀ ਲੋੜ ਹੈ। ਆਪਾਂ ਕਿਵੇਂ ਛੱਪੜਾਂ ਦੀ ਬਹੁਤਾਤ ਨੂੰ ਠੱਲ੍ਹ ਪਾਉਣੀ ਹੈ ਅਤੇ ਇਨ੍ਹਾਂ ਦਾ ਸਹੀ ਯੂਜ਼ ਕਿਵੇਂ ਕਰਨਾ ਹੈ। ਮੈਂ ਸਮਝਦਾ ਹਾਂ ਕਿ ਜਿਹੜੇ ਛੱਪੜ ਪਿੰਡਾਂ ਦੀ ਅਬਾਦੀ ਦੇ ਦਰਮਿਆਨ ਹਨ, ਉਨ੍ਹਾਂ ਨੂੰ ਫੌਰੀ ਤੌਰ ਤੇ ਪਿੰਡਾਂ ਦੀ ਅਬਾਦੀ ਤੋਂ ਬਾਹਰ ਲਿਜਾਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਜਿਸ ਪਿੰਡ ਦੀ ਪੰਚਾਇਤ ਕੋਲ ਜ਼ਮੀਨ ਹੈ, ਉੱਥੇ ਇਹ ਸਕੀਮ ਦੇ ਦੇਣੀ ਚਾਹੀਦੀ ਹੈ ਅਤੇ ਜੇ ਕਿਸੇ ਪਿੰਡ ਨੇ ਇਸ ਮੰਤਵ ਲਈ ਜ਼ਮੀਨ ਦਾ ਤਬਾਦਲਾ ਕਰਨਾ ਹੈ ਤਾਂ ਉਸ ਜ਼ਮੀਨ ਦਾ ਤਬਾਦਲਾ ਜਲਦੀ ਹੋ ਜਾਣਾ ਚਾਹੀਦਾ ਹੈ। ਕਈ ਪਿੰਡਾਂ ਦੇ ਲੋਕ ਆਪਸੀ ਸਹਿਯੋਗ ਨਾਲ

Original with;
Punjab Vidhan Sabha
Digitized by;
Panjab Digital Library

[ ਸਰਦਾਰ ਸੋਹਣ ਸਿੰਘ ਠੰਡਲ ]

ਵੀ ਸੀਵਰੇਜ ਦੇ ਕੰਮ ਹੱਲ ਕਰ ਲੈਂਦੇ ਹਨ। ਕਈ ਪਿੰਡਾਂ ਵਿੱਚ ਐਨ.ਆਰ.ਆਈ.ਵੀਰ ਵੀ ਪਿੰਡਾਂ ਦੀ ਇਸ ਕੰਮ ਲਈ ਬੜੀ ਮਦਦ ਕਰ ਰਹੇ ਹਨ। ਮੇਰੇ ਹਲਕੇ ਵਿੱਚ ਇੱਕ ਪਿੰਡ ਖੜੌਦੀ ਵਿੱਚ ਵੀ ਉਨ੍ਹਾਂ ਨੇ ਕਰੋੜਾਂ ਰੁਪਏ ਲਗਾ ਕੇ ਆਪ ਸੀਵਰ ਬਣਾ ਕੇ ਦਿੱਤਾ ਹੈ ਅਤੇ ਪਿੰਡ ਦੀਆਂ ਗਲੀਆਂ ਨਾਲੀਆਂ ਪੱਕੀਆਂ ਕੀਤੀਆਂ ਹਨ। ਜਿਹੜੇ ਪਿੰਡਾਂ ਵਿੱਚ ਲੋਕ ਆਪਸੀ ਸਹਿਯੋਗ ਨਾਲ ਕੰਮ ਹੱਲ ਕਰ ਰਹੇ ਹਨ, ਸਰਕਾਰ ਵੱਲੋਂ ਉਨ੍ਹਾਂ ਨੂੰ ਅਤੇ ਮਦਦ ਕਰਨ ਵਾਲੇ ਐਨ.ਆਰ.ਆਈ. ਵੀਰਾਂ ਨੂੰ ਵੀ ਸ਼ਾਬਾਸ਼ ਦੇਣੀ ਚਾਹੀਦੀ ਹੈ। ਇਹ ਵੀ ਮੇਰੀ ਮੰਗ ਹੈ ਕਿ ਲੋੜੀਂਦੇ ਫੰਡਜ਼ ਵੀ ਇਸ ਕੰਮ ਲਈ ਮੁਹੱਈਆ ਕਰਵਾਉਣੇ ਚਾਹੀਦੇ ਹਨ। ਮਹਿਕਮੇ ਵੱਲੋਂ ਜੋ ਦਿੱਕਤਾਂ ਆ ਰਹੀਆਂ ਹਨ, ਉਨ੍ਹਾਂ ਨੂੰ ਦੂਰ ਕਰਨ ਲਈ ਕਦਮ ਚੁੱਕਣ ਦੀ ਬਹੁਤ ਵੱਡੀ ਲੋੜ ਹੈ। ਇਸ ਕੰਮ ਲਈ ਕਾਨੂੰਨੀ ਪ੍ਰਕਿਰਿਆ ਨਰਮ ਹੋਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਜੋ ਨਰੇਗਾ ਸਕੀਮ, ਸੈਂਟਰ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਹੈ, ਇਹ ਸਕੀਮ ਵੀ ਇਸ ਕੰਮ ਵਿੱਚ ਬਹੁਤ ਸਹਾਈ ਹੋ ਸਕਦੀ ਹੈ। ਨਾਲ ਹੀ ਹਾਊਸ ਵਿੱਚ ਸਵਾਲ ਆਏ ਸਨ, ਕੁਝ ਇਹੋ ਜਿਹੀਆਂ ਗੱਲਾਂ ਹੋ ਜਾਂਦੀਆਂ ਹਨ, ਜਿਨ੍ਹਾਂ ਵੱਲ ਆਪਾਂ ਧਿਆਨ ਨਹੀਂ ਦਿੰਦੇ। ਇਹ ਸਕੀਮ ਪਿੰਡਾਂ ਵਿੱਚ ਪੂਰੀ ਤਰ੍ਹਾਂ ਕਾਮਯਾਬ ਕਿਉਂ ਨਹੀਂ ਹੋ ਸਕੀ, ਇਸ ਦੇ ਵੀ ਕਈ ਕਾਰਨ ਹਨ। ਪਹਿਲਾਂ ਇਹ ਸਕੀਮ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸ਼ੁਰੂ ਕੀਤੀ ਗਈ, ਫਿਰ ਦੋ ਜ਼ਿਲ੍ਹੇ ਹੋਰ ਐਡ ਕੀਤੇ ਗਏ। ਹੁਣ ਇਹ ਸਕੀਮ ਸਮੁੱਚੇ ਹਿੰਦੁਸਤਾਨ ਦੇ ਵਿੱਚ ਅਤੇ ਪੰਜਾਬ ਦੇ ਵਿੱਚ ਲਾਗੂ ਹੈ। ਪੂਰੇ ਪੰਜਾਬ ਨੂੰ ਇਸ ਸਕੀਮ ਤਹਿਤ ਲੈ ਲਿਆ ਹੈ। ਇਸੇ ਤਰ੍ਹਾਂ ਪਿੰਡਾਂ ਦੇ ਪੰਚਾਇਤ ਸੈਕ੍ਰੇਟਰੀ ਅਤੇ ਹੋਰ ਅਧਿਕਾਰੀ ਵੀ ਕਈ ਵਾਰੀ ਕਹਿ ਦਿੰਦੇ ਹਨ ਕਿ ਇਹ ਗਰਾਂਟ ਛੱਪੜਾਂ ਲਈ ਹੀ ਆਈ ਹੈ, ਛੱਪੜਾਂ ਦੀ ਵਰਤੋਂ ਲਈ ਹੀ ਹੈ ਪਰ ਜੇ ਛੱਪੜ ਪਾਣੀ ਨਾਲ ਭਰਿਆ ਖੜ੍ਹਾ ਹੈ ਤਾਂ ਉੱਥੇ ਕੰਮ ਕਿਵੇਂ ਸ਼ੁਰੂ ਕਰਵਾ ਸਕਦੇ ਹਾਂ? ਕਦੋਂ ਇਹ ਪਾਣੀ ਸੁੱਕੇਗਾ? ਕਦੋਂ ਗਾਰ ਕੱਢੀ ਜਾਵੇਗੀ? ਕਿਵੇਂ ਪਾਣੀ ਸਾਫ ਹੋ ਸਕਦਾ ਹੈ। ਗੰਦਾ ਪਾਣੀ ਕਿਸੇ ਪਾਸੇ ਪਾਉਣ ਦੇ ਕੋਈ ਪ੍ਰਬੰਧ ਨਹੀਂ ਹਨ। ਇਸ ਤਰ੍ਹਾਂ ਨਰੇਗਾ ਸਕੀਮ ਛੱਪੜਾਂ ਵਾਸਤੇ ਪੂਰੀ ਤਰ੍ਹਾਂ ਵਰਤੋਂ ਵਿੱਚ ਨਹੀਂ ਆਉਂਦੀ। ਇਸ ਦਾ ਹੱਲ ਹੋ ਸਕਦਾ ਹੈ? ਇਸ ਪਾਣੀ ਨੂੰ ਸਾਫ ਕਰਕੇ ਪਿੰਡਾਂ ਦੀ ਵਰਤੋਂ ਵਿੱਚ ਲਿਆਉਣ ਦੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ। ਖੇਤੀਬਾੜੀ ਲਈ ਇਸ ਪਾਣੀ ਨੂੰ ਵਰਤਣ ਲਈ ਪ੍ਰਬੰਧ ਕੀਤੇ ਜਾਣ। ਟਿਊਬਵੈੱਲ ਲਗਾ ਕੇ ਪਾਣੀ ਬਾਹਰ ਕੱਢ ਕੇ ਸਿੰਜਾਈ ਦੇ ਪਰਪਜ਼ ਲਈ ਵਰਤਿਆ ਜਾਵੇ। ਇਨ੍ਹਾਂ ਛੱਪੜਾਂ ਦਾ ਪਾਣੀ ਘੱਟ ਕਰਕੇ ਸਾਫ-ਸਫਾਈ ਕੀਤੀ ਜਾਵੇ। ਪਾਣੀ ਘੱਟ ਹੋਣ ਨਾਲ ਹੀ ਉਸ ਦੀ ਖੁਦਾਈ ਹੋ ਸਕੇਗੀ ਅਤੇ ਇਨ੍ਹਾਂ ਨੂੰ ਹੋਰ ਡੂੰਘਾ ਕਰ ਸਕਾਂਗੇ। ਇਸ ਕੰਮ ਦੇ ਲਈ ਕਈ ਐਨ.ਆਰ.ਆਈ. ਭਰਾ ਮਦਦ ਕਰਨੀ ਚਾਹੁੰਦੇ ਹਨ ਜਾਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪਿੰਡਾਂ ਦੇ ਬਾਹਰ ਛੱਪੜ ਬਣਾ ਕੇ ਉਨ੍ਹਾਂ ਦੀ ਚਾਰਦਿਵਾਰੀ ਕਰਕੇ ਉੱਥੇ ਪਾਣੀ ਪਾਉਣਾ ਚਾਹੀਦਾ ਹੈ ਅਤੇ ਉੱਥੇ ਪੰਪ ਸੈੱਟ ਲਗਾ ਕੇ ਖੇਤੀਬਾੜੀ ਲਈ ਸਿੰਜਾਈ ਵਾਸਤੇ ਇਹ ਪਾਣੀ ਵਰਤੋਂ ਵਿੱਚ ਲਿਆਉਣਾ ਚਾਹੀਦਾ ਹੈ। ਜਦੋਂ ਇਸ ਪਾਣੀ ਦੀ ਵਰਤੋਂ ਫਸਲ ਵਾਸਤੇ ਹੋ ਸਕੇਗੀ ਤਾਂ ਇਸ ਸਮੱਸਿਆ ਦਾ ਵੀ ਹੱਲ ਹੋ ਜਾਵੇਗਾ। ਇਸ ਦੇ ਨਾਲ

Original with;
Punjab Vidhan Sabha
Digitized by;
Panjab Digital Library

ਹੀ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਿਰਫ ਇੱਕ ਮਹਿਕਮੇ ਦੀ ਹੀ ਗੱਲ ਨਹੀਂ, ਪਬਲਿਕ ਹੈਲਥ ਦਾ ਜੋ ਮਹਿਕਮਾ ਹੈ, ਅੱਜ ਉਸ ਦੇ ਸਹਿਯੋਗ ਦੀ ਵੀ ਬੜੀ ਲੋੜ ਹੈ ਕਿਉਂਕਿ ਪਬਲਿਕ ਹੈਲਥ ਮਹਿਕਮੇ ਦਾ ਕੰਮ ਹੈ ਕਿ ਪੀਣ ਦਾ ਸਾਫ ਪਾਣੀ ਮੁਹੱਈਆ ਕਰਵਾਵੇ। ਇੱਕ ਮੈਂਬਰ ਨੂੰ ਸੱਤ ਲੀਟਰ ਸਾਫ ਪਾਣੀ ਮੁਹੱਈਆ ਕਰਵਾਉਣਾ ਹੁੰਦਾ ਹੈ, ਪਰ ਅੱਜ ਕੀ ਹੋ ਰਿਹਾ ਹੈ? ਅਸੀਂ ਕਈ ਵਾਰੀ ਦੇਖਦੇ ਹਾਂ ਕਿ ਟਿਊਬਵੈੱਲ ਅਪਰੇਟਰ ਜਦ ਪਾਣੀ ਨੂੰ ਚਲਾਉਂਦਾ ਹੈ ਤਾਂ ਉਸ ਸਮੇਂ ਪਿੰਡਾਂ ਵਿੱਚ ਅਕਸਰ ਟੂਟੀਆਂ ਖੁਲ੍ਹੀਆਂ ਹੁੰਦੀਆਂ ਹਨ ਅਤੇ ਲੋਕੀਂ ਆਪਣੇ ਕੰਮ-ਕਾਰ ਵਿੱਚ ਲੱਗੇ ਹੋਏ ਹੁੰਦੇ ਹਨ। ਕਈ ਲੋਕ ਆਪਣੀਆਂ ਮੱਝਾਂ ਨੁਹਾ ਰਹੇ ਹੁੰਦੇ ਹਨ ਅਤੇ ਕੋਈ ਕੱਪੜੇ ਧੋਅ ਰਿਹਾ ਹੁੰਦਾ ਹੈ। ਇਸ ਤਰ੍ਹਾਂ ਨਾਲ ਪੀਣ ਵਾਲੇ ਪਾਣੀ ਦੀ ਦੁਰਵਰਤੋਂ ਹੁੰਦੀ ਹੈ। ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਬਲਿਕ ਹੈਲਥ ਮਹਿਕਮੇ ਨੂੰ ਪੀਣ ਵਾਲੇ ਪਾਣੀ ਦਾ ਸਹੀ ਇਸਤੇਮਾਲ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਜੋ ਲੋਕ ਇਸ ਤਰ੍ਹਾਂ ਪਾਣੀ ਦੀ ਦੁਰਵਰਤੋਂ ਕਰਦੇ ਹਨ, ਉਨ੍ਹਾਂ ਤੇ ਕੋਈ ਕਾਨੂੰਨੀ ਕਾਰਵਾਈ ਵੀ ਹੋਣੀ ਚਾਹੀਦੀ ਹੈ।

ਇਸ ਦੇ ਨਾਲ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਹਾਲੇ ਸਾਡਾ ਬਜਟ ਆਉਣਾ ਹੈ, ਵਿੱਤ ਮੰਤਰੀ ਸਾਹਿਬ ਵੀ ਬੈਠੇ ਹਨ, ਅਸੀਂ ਹਰ ਸਾਲ ਕਰੋੜਾਂ ਰੁਪਏ ਪਿੰਡਾਂ ਦੀ ਡਿਵੈਲਪਮੈਂਟ ਵਾਸਤੇ ਭੇਜ ਰਹੇ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਇੱਕ ਮੁਹਿੰਮ ਚਲਾ ਕੇ ਪਿੰਡਾਂ ਦੇ ਗੰਦੇ ਪਾਣੀ ਦੇ ਨਿਕਾਸ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ। ਜੇਕਰ ਅਸੀਂ ਕਿਤੇ ਸੀਵਰੇਜ ਸਿਸਟਮ ਪਾਉਣਾ ਹੈ ਜਾਂ ਕੋਈ ਮਾਡਲ ਪਿੰਡ ਬਣਾਉਣਾ ਹੈ ਤਾਂ ਸਭ ਤੋਂ ਪਹਿਲਾਂ ਗੰਦੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਜ਼ਰੂਰੀ ਹੈ, ਨਹੀਂ ਤਾਂ ਇਸ ਤੋਂ ਬਗੈਰ ਸਾਡੀਆਂ ਸਕੀਮਾਂ ਧਰੀਆਂ ਦੀਆਂ ਧਰੀਆਂ ਰਹਿ ਜਾਣਗੀਆਂ। ਮੈਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਆਉਣ ਵਾਲੇ ਬਜਟ ਵਿੱਚ ਕੋਈ ਚੰਗੀ ਰਕਮ ਇਸ ਪਰਪਜ਼ ਵਾਸਤੇ ਰੱਖੀ ਜਾਵੇ ਜਾਂ ਫਿਰ ਕੋਈ ਇਸ ਤਰ੍ਹਾਂ ਦੀ ਸਕੀਮ ਲਿਆਂਦੀ ਜਾਵੇ ਜਿਸ ਵਿੱਚ ਪਿੰਡਾਂ ਦੇ ਲੋਕ ਵੀ ਹਿੱਸਾ ਪਾ ਸਕਣ ਅਤੇ ਪਿੰਡਾਂ ਦੇ ਲੋਕਾਂ ਨੂੰ ਇਸ ਗੰਦੇ ਪਾਣੀ ਤੋਂ ਬਚਣ ਲਈ ਉਤਸ਼ਾਹਿਤ ਕੀਤਾ ਜਾ ਸਕੇ, ਇਹ ਬਹੁਤ ਜ਼ਰੂਰੀ ਹੈ। ਸਾਨੂੰ ਚਾਹੀਦਾ ਹੈ ਕਿ ਸਰਕਾਰ ਵੱਲੋਂ ਕੋਈ ਉਦਮ/ਉਪਰਾਲਾ ਕਰਕੇ ਜਿਹੜੀਆਂ ਪਿੰਡ ਦੇ ਬਾਹਰ ਜ਼ਮੀਨਾਂ ਹਨ, ਉੱਥੇ ਡੂੰਘੇ ਛੱਪੜ ਪੁੱਟਵਾ ਕੇ ਗੰਦਾ ਪਾਣੀ ਨਾਲੀਆਂ ਜਾਂ ਸੀਵਰੇਜ ਰਾਹੀਂ ਉੱਥੇ ਪਾਇਆ ਜਾਵੇ ਤਾਂ ਜੋ ਉਹ ਗੰਦਾ ਪਾਣੀ ਪਿੰਡਾਂ ਦੀ ਆਬਾਦੀ ਤੋਂ ਦੂਰ ਹੋ ਸਕੇ। ਫਿਰ ਉਸ ਪਾਣੀ ਨੂੰ ਕਿਸੇ ਕਿਸਮ ਦਾ ਟਰੀਟਮੈਂਟ ਪਲਾਂਟ ਲਗਾ ਕੇ ਟਰੀਟ ਕੀਤਾ ਜਾਵੇ ਤਾਂ ਜੋ ਅਸੀਂ ਇਸ ਨੂੰ ਆਪਣੀਆਂ ਫਸਲਾਂ ਲਈ ਵਰਤ ਸਕੀਏ। ਇਸ ਨਾਲ ਜਿੱਥੇ ਸਾਡਾ ਪੀਣ ਵਾਲਾ ਪਾਣੀ ਬਚੇਗਾ ਜਿਸ ਦਾ ਕਿ ਲੈਵਲ ਕਾਫੀ ਥੱਲੇ ਜਾ ਰਿਹਾ ਹੈ, ਉੱਥੇ ਗੰਦੇ ਪਾਣੀ ਦੀ ਟਰੀਟ ਕਰਨ ਉਪਰੰਤ ਠੀਕ ਤਰੀਕੇ ਨਾਲ ਵਰਤੋਂ ਵੀ ਹੋ ਸਕੇਗੀ। ਇਸ ਤਰੀਕੇ ਨਾਲ ਜਿਹੜਾ ਇਹ ਗੰਦਾ ਪਾਣੀ ਜ਼ਮੀਨ ਵਿੱਚ ਜਾ ਕੇ ਸਾਫ ਪਾਣੀ ਨੂੰ ਖਰਾਬ ਕਰ ਰਿਹਾ

Original with;
Punjab Vidhan Sabha
Digitized by;
Panjab Digital Library

[ ਸਰਦਾਰ ਸੋਹਣ ਸਿੰਘ ਠੰਡਲ ]

ਹੈ, ਉਸ ਤੋਂ ਵੀ ਬਚਿਆ ਜਾ ਸਕੇਗਾ। ਸੋ, ਮੈਂ ਇੰਨੀ ਕੁ ਬੇਨਤੀ ਕਰਦਾ ਹੋਇਆ, ਡਿਪਟੀ ਸਪੀਕਰ ਸਾਹਿਬ, ਆਪ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਮਤੇ ਦੇ ਉਪਰ ਗੰਭੀਰਤਾ ਨਾਲ ਬਹਿਸ ਕੀਤੀ ਜਾਵੇ, ਵਿਚਾਰ ਰੱਖੇ ਜਾਣ ਅਤੇ ਵਿਚਾਰ ਰੱਖਣ ਤੋਂ ਬਾਅਦ ਇਸ ਨੂੰ ਪਾਸ ਕੀਤਾ ਜਾਵੇ ਤਾਂਕਿ ਪੰਜਾਬ ਨੂੰ ਇਸ ਵੱਡੀ ਸਮੱਸਿਆ ਤੋਂ ਛੁੱਟਕਾਰਾ ਮਿਲ ਸਕੇ। ਤੁਸੀਂ ਮੈਨੂੰ ਇਹ ਮਤਾ ਪੇਸ਼ ਕਰਨ ਦਾ ਟਾਈਮ ਦਿੱਤਾ, ਇਸ ਲਈ ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ। ਬਹੁਤ ਬਹੁਤ ਧੰਨਵਾਦ।

**ਸਰਦਾਰ ਸਰਬਜੀਤ ਸਿੰਘ ਮੱਕੜ (ਆਦਮਪੁਰ) :** ਡਿਪਟੀ ਸਪੀਕਰ ਸਾਹਿਬ, ਆਦਰ ਤੇ ਸਤਿਕਾਰਯੋਗ ਮੇਰੇ ਸਾਥੀ ਸਰਦਾਰ ਸੋਹਣ ਸਿੰਘ ਠੰਡਲ ਜੀ ਨੇ ਬੜਾ ਵੱਡਾ ਤੇ ਕਾਮਯਾਬ ਮੁੱਦਾ ਇਸ ਮਤੇ ਦੇ ਰੂਪ ਵਿੱਚ ਉਠਾਇਆ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਆਪ ਜੀ ਦੀ ਨਾਲਿਜ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇੱਕ ਪਿੰਡ ਦੀ ਗੱਲ ਨਹੀਂ, ਇੱਕ ਨਗਰ ਕੌਂਸਲ ਦੀ ਇਹ ਗੱਲ ਨਹੀਂ, ਇਹ ਹਰ ਜਗ੍ਹਾ ਦੇ ਉੱਤੇ ਹਾਨੀਕਾਰਕ ਸਥਿਤੀ ਬਣੀ ਹੋਈ ਹੈ। ਅੱਜ ਛੱਪੜਾਂ ਦੀ ਇਹ ਪੁਜ਼ੀਸ਼ਨ ਹੋ ਗਈ ਹੈ ਕਿ ਪਿੰਡਾਂ ਦਾ ਪਾਣੀ ਵੀ ਗੰਦਾ ਹੋਣਾ ਸ਼ੁਰੂ ਹੋ ਗਿਆ ਅਤੇ ਛੱਪੜਾਂ ਦੀ ਕਪੈਸਿਟੀ ਵੀ ਘਟ ਗਈ ਹੈ। ਉਸ ਦੇ ਨਾਲ-ਨਾਲ ਪੁਆਇਜ਼ਨ ਵੀ ਫੈਲਣੀ ਸ਼ੁਰੂ ਹੋ ਗਈ ਹੈ ਕਿਉਂਕਿ ਅੱਜ ਜ਼ਹਿਰੀਲੀਆਂ ਦਵਾਈਆਂ ਦਾ ਬਹੁਤ ਜ਼ਿਆਦਾ ਇਸਤੇਮਾਲ ਕੀਤਾ ਜਾਂਦਾ ਹੈ ਅਤੇ ਅੱਜ ਪਾਣੀ ਦਾ ਬਹਾਅ ਵੀ ਵਧ ਗਿਆ ਹੈ। ਜਿਸ ਪਿੰਡ ਵਿੱਚ ਵੀ ਵਾਟਰ ਸਪਲਾਈ ਚਲੀ ਗਈ, ਉਸ ਪਿੰਡ ਨੂੰ ਫਿਕਰ ਪੈ ਗਿਆ ਕਿ ਅਸੀਂ ਕਿਵੇਂ ਇਸ ਵਾਟਰ ਸਪਲਾਈ ਨੂੰ ਚਲਾਉਣਾ ਹੈ। ਅਸੀਂ ਕਿਸੇ ਪਾਸੋਂ ਵੀ ਗੱਲ ਲੈ ਲਈਏ, ਸਾਡੇ ਪਿੰਡਾਂ ਨੂੰ ਹਾਲੇ ਤੱਕ ਪੂਰੀਆਂ ਸਹੂਲਤਾਂ ਨਹੀਂ ਮਿਲੀਆਂ। ਇਸ ਵਾਸਤੇ ਜਲਦੀ ਹੀ ਉਪਰਾਲੇ ਕਰਨ ਦੀ ਲੋੜ ਹੈ। ਜਿਵੇਂ ਮੇਰੇ ਤੋਂ ਪਹਿਲਾਂ ਠੰਡਲ ਸਾਹਿਬ ਨੇ ਉਦਾਹਰਣਾਂ ਦਿੱਤੀਆਂ ਹਨ, 2-3 ਪਿੰਡਾਂ ਨੇ ਆਪਣੇ ਲੈਵਲ ਤੇ ਫੈਸਲਾ ਕੀਤਾ ਕਿਉਂਜੋ ਕਈ ਪਿੰਡਾਂ ਦੀ ਆਬਾਦੀਆਂ ਦੇ ਵਿੱਚ ਹੀ ਛੱਪੜ ਆ ਗਏ ਸਨ, ਉਨ੍ਹਾਂ ਨੇ ਉਨ੍ਹਾਂ ਛੱਪੜਾਂ ਨੂੰ ਆਪਣੇ ਐਨ.ਆਰ.ਆਈ. ਵੀਰਾਂ ਦੀ ਮਦਦ ਦੇ ਨਾਲ ਪਿੰਡ ਤੋਂ ਬਾਹਰ ਕੱਢਿਆ। ਇਸ ਵਾਸਤੇ ਜਗ੍ਹਾ ਵੀ ਟਰਾਂਸਫਰ ਕੀਤੀ ਅਤੇ ਇਸ ਤਰ੍ਹਾਂ ਉਪਰਾਲਾ ਕੀਤਾ। ਅੱਜ ਢਾਂਚਾ ਬਹੁਤ ਜ਼ਿਆਦਾ ਖਰਾਬ ਹੋ ਚੁੱਕਾ ਹੈ ਕਿਉਂਕਿ ਪਿਛਲੀ ਸਰਕਾਰ ਨੇ ਇਸ ਵੱਲ ਬਿਲਕੁਲ ਕੋਈ ਧਿਆਨ ਨਹੀਂ ਦਿੱਤਾ। ਅੱਜ ਬਲਾਕਾਂ ਵਿੱਚ ਪੂਰੇ ਇੰਤਜ਼ਾਮ ਨਹੀਂ ਹਨ। ਅੱਜ ਜੋ ਨਰੇਗਾ ਸਕੀਮ ਸਾਡੇ ਕੋਲ ਆਈ ਹੈ, ਇਸ ਨੂੰ ਪੂਰੀ ਤਰ੍ਹਾਂ ਅਮਲ ਵਿੱਚ ਲਿਆਉਣ ਵਾਸਤੇ ਸਾਡੇ ਬੀ.ਡੀ.ਪੀ.ਓ. ਸਾਹਿਬਾਨ ਕੋਲ ਪੂਰਾ ਅਮਲਾ ਨਹੀਂ ਹੈ। ਜੋ ਅਫਸਰ ਉਨ੍ਹਾਂ ਨਾਲ ਐਡੀਸ਼ਨਲ ਡਿਊਟੀ ਵਜੋਂ ਲਾਏ ਗਏ ਹਨ, ਉਨ੍ਹਾਂ ਵਾਸਤੇ ਪੂਰੇ ਇੰਤਜ਼ਾਮ ਨਹੀਂ ਕੀਤੇ ਗਏ। ਕਿਉਂਕਿ ਕੱਲ੍ਹ ਜਦੋਂ ਨਰੇਗਾ ਦਾ ਸਵਾਲ ਆਇਆ ਸੀ ਤਾਂ ਉਸ ਵਿੱਚ ਵੀ ਇਹ ਅਨੁਭਵ ਹੋ ਰਿਹਾ ਸੀ ਕਿ ਸਾਰੇ ਮਹਿਕਮੇ ਨੇ ਕੋਸ਼ਿਸ਼ਾਂ ਤਾਂ ਕੀਤੀਆਂ ਪਰੰਤੂ ਸਟਾਫ ਘੱਟ ਹੋਣ ਕਰਕੇ ਅਸੀਂ ਬੜੀ ਨੇੜਿਉਂ ਇਸ ਮੁੱਦੇ ਨੂੰ ਸੰਭਾਲਣ ਦੀ ਕੋਸ਼ਿਸ਼ ਵੀ ਕੀਤੀ ਪਰ ਅਸੀਂ ਸੰਭਾਲ ਨਹੀਂ ਪਾਏ। ਪਹਿਲੀ ਗੱਲ ਤਾਂ ਇਹ ਕਿ ਛੱਪੜਾਂ ਦੇ ਪਾਣੀ ਕੱਢਣ ਵਾਸਤੇ ਕੋਈ

Original with;
Punjab Vidhan Sabha
Digitized by;
Punjab Digital Library

ਯਤਨ, ਕੋਈ ਉਪਰਾਲੇ ਨਹੀਂ ਕੀਤੇ ਗਏ। ਸਰਦੀ ਦਾ ਮੌਸਮ ਗਿਆ ਹੈ, ਉਸ ਸਮੇਂ ਸਾਡੇ ਕੋਲ ਨਰੇਗਾ ਦੀ ਸਕੀਮ ਸੀ ਲੇਕਿਨ ਅਸੀਂ ਉਨ੍ਹਾਂ ਛੱਪੜਾਂ ਨੂੰ ਡੂੰਘੇ ਨਹੀਂ ਕਰ ਸਕੇ, ਛੱਪੜਾਂ ਦਾ ਪਾਣੀ ਨਹੀਂ ਕੱਢ ਸਕੇ। ਲੇਕਿਨ ਹੁਣ ਕੱਢ ਸਕਦੇ ਹਾਂ। ਹੁਣ ਗਰਮੀ ਦਾ ਮੌਸਮ ਸ਼ੁਰੂ ਹੋ ਚੁੱਕਾ ਹੈ ਪਰ ਹੁਣ ਪਾਣੀ ਕੱਢਣ ਵਾਸਤੇ ਕੋਈ ਜਗ੍ਹਾ ਨਹੀਂ ਹੈ। ਕਿਉਂਕਿ ਫਸਲਾਂ ਦੀ ਤਿਆਰੀ ਹੈ, ਕਣਕ ਨੂੰ ਸੰਭਾਲਣ ਦਾ ਸਮਾਂ ਸਾਹਮਣੇ ਆ ਰਿਹਾ ਹੈ। ਲੇਕਿਨ ਇਨ੍ਹਾਂ ਉਪਰਾਲਿਆਂ ਵਾਸਤੇ ਪੂਰੇ ਸਟਾਫ ਦੀ ਲੋੜ ਹੈ। ਪੂਰੀਆਂ ਕਮੇਟੀਆਂ ਬਣਾਉਣ ਦੀ ਜ਼ਰੂਰਤ ਹੈ ਜਿਸ ਦੇ ਵਿੱਚ ਹੈਲਥ ਡਿਪਾਰਟਮੈਂਟ ਵੀ ਸਹਿਯੋਗ ਦੇਵੇ ਅਤੇ ਜਿਸ ਵਿੱਚ ਪੰਜਾਬ ਗੌਰਮਿੰਟ ਦਾ ਪੈਸਾ ਵੀ ਨਾਲ ਰਲੇ ਅਤੇ ਹਰ ਤਰ੍ਹਾਂ ਦੇ ਇੰਤਜ਼ਾਮ ਕੀਤੇ ਜਾਣ। ਮੈਂ ਧੰਨਵਾਦੀ ਹਾਂ ਮਾਨਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦਾ, ਜਿਨ੍ਹਾਂ ਨੇ ਸਾਨੂੰ ਵੱਡੇ ਪੱਧਰ ਤੇ ਆਰ.ਡੀ.ਐਫ. ਫੰਡ ਦਿੱਤੇ ਹਨ ਅਤੇ ਇਨ੍ਹਾਂ ਫੰਡਾਂ ਦੇ ਨਾਲ ਹੁਣ ਸਾਡਾ ਚਾਨਣ ਮੁਨਾਰਾ ਅੱਜ ਸ਼ੁਰੂ ਹੋ ਚੁੱਕਾ ਹੈ। ਜਿਸ ਤਰ੍ਹਾਂ ਠੰਡਲ ਸਾਹਿਬ ਨੇ ਮਸਲਾ ਉਠਾਇਆ ਹੈ, ਮੈਂ ਇਸ ਮਸਲੇ ਦੀ ਪ੍ਰੋੜ੍ਹਤਾ ਕਰਦਾ ਹਾਂ। ਮੈਂ ਵੀ ਚਾਹੁੰਦਾ ਹਾਂ ਕਿ ਇਸ ਮਸਲੇ ਦੇ ਲਈ ਇੱਕਦਮ ਲੋੜੀਂਦੇ ਅਤੇ ਪਰਾਪਰ ਇੰਤਜ਼ਾਮ ਕੀਤੇ ਜਾਣ। ਜਿਹੜੇ ਛੱਪੜਾਂ ਤੇ ਕਬਜ਼ੇ ਹੋ ਰਹੇ ਹਨ ਜਾਂ ਪਹਿਲਾਂ ਹੀ ਪਿਛਲੀ ਸਰਕਾਰ ਵੇਲੇ ਕਬਜ਼ੇ ਹੋ ਚੁੱਕੇ ਹਨ, ਕਿਉਂਕਿ ਅਸੀਂ ਤਾਂ ਆਉਂਦਿਆਂ ਸਾਰ ਹੀ ਕਬਜ਼ੇ ਹਟਾਏ ਹਨ, ਉਨ੍ਹਾਂ ਕਬਜ਼ਿਆਂ ਨੂੰ ਹਟਾਇਆ ਜਾਏ ਔਰ ਪਾਣੀ ਦੀ ਸੰਭਾਲ ਵਾਸਤੇ ਉਸ ਨੂੰ ਡੂੰਘਾ ਕਰਕੇ ਪੂਰੇ ਇੰਤਜ਼ਾਮ ਕੀਤੇ ਜਾਣ। ਛੱਪੜਾਂ ਦੀ ਪ੍ਰੋਵੀਜ਼ਨ ਜਿੰਨੀ ਜਗ੍ਹਾ ਤੇ ਸੀ, ਜਿਸ ਜਗ੍ਹਾ ਤੇ ਸੀ, ਉਸ ਨੂੰ ਡੂੰਘੀ ਕਰਕੇ ਪੂਰਾ ਕੀਤਾ ਜਾਵੇ ਅਤੇ ਇਨ੍ਹਾਂ ਛੱਪੜਾਂ ਦੇ ਆਲੇ-ਦੁਆਲੇ ਕੰਧਾਂ ਬਣਾਈਆਂ ਜਾਣ ਅਤੇ ਪਾਣੀ ਦੀ ਡਿਸਪੋਜ਼ਲ ਕਰਨ ਵਾਸਤੇ ਜਿਹੜੇ ਵੱਡੇ ਛੱਪੜ ਹਨ, ਜੇ ਕਿਤੇ ਉਨ੍ਹਾਂ ਵਿੱਚ ਟਰੀਟਮੈਂਟ ਪਲਾਂਟ ਲਗਾਏ ਜਾਣ ਤਾਂ ਸਾਡਾ ਪਾਣੀ ਫਸਲਾਂ ਵਾਸਤੇ ਬਹੁਤ ਵੱਡਾ ਸਹਾਈ ਹੋ ਸਕਦਾ ਹੈ। ਪਿੰਡਾਂ ਦੇ ਵਿੱਚ ਹੀ ਨਹੀਂ ਨਗਰ ਕੌਂਸਲਾਂ ਵਿੱਚ ਵੀ ਬਹੁਤ ਬੁਰਾ ਹਾਲ ਹੈ। ਕੁਝ ਦਿਨ ਪਹਿਲਾਂ ਅਲਾਵਲਪੁਰ ਨਗਰ ਕੌਂਸਲ ਵਿੱਚ ਜਿਹੜੀ ਕਿ ਮੇਰੇ ਇਲਾਕੇ ਵਿੱਚ ਪੈਂਦੀ ਹੈ, ਉੱਥੇ ਮੈਂ ਕਿਸੇ ਦੇ ਨਾਲ ਜਾ ਕੇ ਮੌਕਾ ਦੇਖਿਆ ਹੈ। ਉੱਥੇ ਚਾਰ-ਪੰਜ ਖੇਤ ਕਮਾਦ ਸੀ ਔਰ ਪੂਰਾ ਕਮਾਦ ਦੋ-ਤਿੰਨ ਫੁੱਟ ਪਾਣੀ ਨਾਲ ਭਰਿਆ ਪਿਆ ਸੀ। ਜਦੋਂ ਮੈਂ ਕਿਹਾ ਕਿ ਤੁਸੀਂ ਵੰਡ ਕੇ ਪਾਣੀ ਖੇਤਾਂ ਨੂੰ ਲਾ ਦਿਓ ਤਾਂ ਉਨ੍ਹਾਂ ਨੇ ਕਿਹਾ ਕਿ ਜੇਕਰ ਅਸੀਂ ਹੋਰ ਖੇਤ ਵਿੱਚ ਪਾਣੀ ਲਾਉਂਦੇ ਹਾਂ ਉਹ ਫਸਲ ਨੂੰ ਖਰਾਬ ਕਰਦਾ ਹੈ। ਇਸ ਕਰਕੇ ਪਾਣੀ ਕਿਸਾਨ ਕਿਸੇ ਖੇਤ ਨੂੰ ਲਾਉਣ ਨਹੀਂ ਦਿੰਦੇ। ਮੇਰਾ ਕਹਿਣ ਦਾ ਮਤਲਬ ਹੈ ਕਿ ਇਹ ਇੱਕ ਥਾਂ ਦਾ ਮਸਲਾ ਨਹੀਂ, ਸਾਰੇ ਪੰਜਾਬ ਦੇ ਮਸਲੇ ਦਾ ਹੱਲ ਕਰਨਾ ਚਾਹੀਦਾ ਹੈ। ਕਿਉਂਕਿ ਹਰ ਪਿੰਡ ਵਿੱਚ ਇੱਕੋ ਨੇਚਰ ਹੈ। ਹਰ ਨਗਰ ਕੌਂਸਲ ਤੇ ਹਰ ਪਿੰਡ ਵਿੱਚ ਇਨ੍ਹਾਂ ਚੀਜ਼ਾਂ ਨੂੰ ਰੋਕਣ ਲਈ ਚਾਰ ਚੀਜ਼ਾਂ ਦੀ ਜ਼ਰੂਰਤ ਹੈ। ਨੰਬਰ 1. ਕਬਜ਼ੇ ਹਟਾਉਣੇ 2. ਟਰੀਟਮੈਂਟ ਪਲਾਂਟ ਲਗਾਉਣੇ 3. ਪੰਪ ਲਾਉਣੇ ਅਤੇ ਚੌਥਾ ਹੈ ਸਪੈਸ਼ਲ ਸਟਾਫ। ਕਿਉਂਕਿ ਪਹਿਲਾਂ ਜਿੰਨੀਆਂ ਵੀ ਸਰਕਾਰਾਂ ਰਹੀਆਂ ਹਨ, ਉਨ੍ਹਾਂ ਨੇ ਸਟਾਫ ਦੀ

Original with;
Punjab Vidhan Sabha
Digitized by;
Panjab Digital Library

[ ਸਰਦਾਰ ਸਰਬਜੀਤ ਸਿੰਘ ਮੱਕੜ ]

ਨਫਰੀ ਨੂੰ ਪੂਰਾ ਨਹੀਂ ਕੀਤਾ। ਅੱਜ ਟੈਕਨੀਕਲ ਬੰਦੇ ਕੰਮ ਨਹੀਂ ਕਰ ਰਹੇ ਅਤੇ ਜਿਹੜੇ ਕੰਮ ਕਰਦੇ ਹਨ, ਉਹ ਆਪਣਾ ਟਾਈਮ ਪਾਸ ਕਰਕੇ ਚਲੇ ਜਾਂਦੇ ਹਨ। ਉਨ੍ਹਾਂ ਲਈ ਸਾਨੂੰ ਬਹੁਤ ਵੱਡਾ ਦੁੱਖ ਝੱਲਣਾ ਪੈਂਦਾ ਹੈ ਪਰ ਅਸੀਂ ਲੋਕਾਂ ਨੂੰ ਜਵਾਬਦੇਹ ਹਾਂ, ਇਸ ਹਾਲਤ ਵਿੱਚ ਉਨ੍ਹਾਂ ਨੂੰ ਅਸੀਂ ਜਵਾਬ ਦੇ ਨਹੀਂ ਸਕਦੇ। ਮੈਂ ਇਹੋ ਹੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਦਾ ਇੱਕਦਮ ਇੰਤਜ਼ਾਮ ਕੀਤਾ ਜਾਵੇ ਤੇ ਜਿਹੜਾ ਮਤਾ ਠੰਡਲ ਸਾਹਿਬ ਨੇ ਲਿਆਂਦਾ ਹੈ, ਮੈਂ ਉਸਦੀ ਪ੍ਰੋੜ੍ਹਤਾ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਵਾਸਤੇ ਜਲਦੀ ਉਪਰਾਲੇ ਕੀਤੇ ਜਾਣ ਤਾਂਕਿ ਅਸੀਂ ਲੋਕਾਂ ਨੂੰ ਜਵਾਬਦੇਹ ਹੋ ਸਕੀਏ ਅਤੇ ਲੋਕਾਂ ਦੀ ਸਿਹਤ ਨੂੰ ਬਚਾ ਸਕੀਏ। ਅੱਜ ਪਿੰਡਾਂ ਦੇ ਵਿੱਚ ਬੁਖਾਰ ਹੁੰਦੇ ਹਨ, ਬਿਮਾਰੀਆਂ ਫੈਲਦੀਆਂ ਹਨ, ਉਹ ਪਾਣੀ ਕਰਕੇ ਫੈਲਦੀਆਂ ਹਨ। ਜਿਹੜੇ ਨਲਕੇ ਉਪਰਲੇ ਲੈਵਲ ਤੇ ਹਨ, ਉਨ੍ਹਾਂ ਦਾ ਪਾਣੀ ਖਰਾਬ ਹੋ ਚੁੱਕਾ ਹੈ ਅਤੇ ਉਨ੍ਹਾਂ ਦੇ ਪਾਣੀ ਤੇ ਇਨ੍ਹਾਂ ਛੱਪੜਾਂ ਦਾ ਬਹੁਤ ਮਾੜਾ ਅਸਰ ਪੈ ਰਿਹਾ ਹੈ। ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਜਗਬੀਰ ਸਿੰਘ ਬਰਾੜ (ਜਲੰਧਰ ਛਾਉਣੀ)** : ਡਿਪਟੀ ਸਪੀਕਰ ਸਾਹਿਬ, ਪੁਰਾਣੇ ਸਮਿਆਂ ਵਿੱਚ ਜਿਹੜੇ ਪਿੰਡਾਂ ਵਿੱਚ ਛੱਪੜ ਸਨ, ਇਹ ਪਿੰਡਾਂ ਦਾ ਬਹੁਤ ਵੱਡਾ ਸਰਮਾਇਆ ਸਨ। ਜਿਸ ਛੱਪੜ ਤੋਂ ਹਰ ਵਰਗ ਨੂੰ ਫਾਇਦਾ ਸੀ, ਭਾਵੇਂ ਉਹ ਜ਼ਿਮੀਂਦਾਰ ਸੀ, ਭਾਵੇਂ ਮਜ਼ਦੂਰ ਸੀ, ਸਾਰੇ ਲੋਕ ਇਨ੍ਹਾਂ ਛੱਪੜਾਂ ਦਾ ਫਾਇਦਾ ਉਠਾਇਆ ਕਰਦੇ ਸਨ। ਪਸ਼ੂ ਇਨ੍ਹਾਂ ਛੱਪੜਾਂ ਤੋਂ ਪਾਣੀ ਪੀਂਦੇ ਹੁੰਦੇ ਸਨ ਕਿਉਂਜੋ ਉਦੋਂ ਛੱਪੜਾਂ ਵਿੱਚ ਬਾਰਸ਼ਾਂ ਦਾ ਪਾਣੀ ਜਾਂਦਾ ਹੁੰਦਾ ਸੀ ਤੇ ਇਹ ਪਾਣੀ ਸਾਫ ਹੁੰਦਾ ਸੀ। ਪਰ ਜਿਵੇਂ ਜਿਵੇਂ ਪਿੰਡਾਂ ਵਿੱਚ ਵਾਟਰ ਵਰਕਸ ਲੱਗਣੇ ਸ਼ੁਰੂ ਹੋਏ, ਨਾਲੀਆਂ ਪੱਕੀਆਂ ਬਣਨੀਆਂ ਸ਼ੁਰੂ ਹੋਈਆਂ, ਇਨ੍ਹਾਂ ਛੱਪੜਾਂ ਵਿੱਚ ਘਰਾਂ ਦਾ ਗੰਦਾ ਪਾਣੀ ਨਾਲੀਆਂ ਰਾਹੀਂ ਜਾਣਾ ਸ਼ੁਰੂ ਹੋਇਆ। ਇਹ ਇਨ੍ਹਾਂ ਛੱਪੜਾਂ ਦੀ ਪਲਿਊਸ਼ਨ ਦਾ ਮੁੱਢ ਸੀ। ਫਿਰ ਜਿਵੇਂ ਜਿਵੇਂ ਜਾਗ੍ਰਤੀ ਆਉਂਦੀ ਗਈ, ਪਿੰਡਾਂ ਵਿੱਚ ਲੋਕ ਮਾਡਰਨ ਲਾਈਫ ਵੱਲ ਵਧੇ, ਪਿੰਡਾਂ ਵਿੱਚ ਵਾਟਰ ਵਰਕਸ ਲੱਗ ਗਏ। ਉਸ ਸਮੇਂ ਸਾਲਿਡ ਵੇਸਟ ਨਾਲੀਆਂ ਦੇ ਰਾਹੀਂ ਛੱਪੜਾਂ ਵਿੱਚ ਜਾਣ ਲੱਗ ਪਿਆ, ਇਹ ਦੂਜਾ ਕਾਰਨ ਸੀ ਜਿਸ ਦਾ ਸੰਤਾਪ ਅਸੀਂ ਅੱਜ ਤੱਕ ਭੁਗਤ ਰਹੇ ਹਾਂ। ਪੰਜਾਬ ਦੇ ਪਿੰਡਾਂ ਵਿੱਚ ਰਹਿਣ ਵਾਲੇ ਲੋਕ ਇਨ੍ਹਾਂ ਛੱਪੜਾਂ ਦੇ ਕਿਨਾਰਿਆਂ ਤੇ ਆਪਣੇ ਪਸ਼ੂ ਬੰਨ੍ਹਦੇ ਹਨ। ਬਹੁਤ ਸਾਰੇ ਪਿੰਡਾਂ ਅੰਦਰ ਇਹ ਛੱਪੜ ਆਬਾਦੀ ਦੇ ਵਿਚਕਾਰ ਆ ਗਏ ਹਨ, ਉਨ੍ਹਾਂ ਕੋਲ ਖੜ੍ਹਨਾ ਔਖਾ ਹੋ ਜਾਂਦਾ ਹੈ, ਬਦਬੂ ਮਾਰਦੀ ਹੈ, ਸਟਿੰਕ ਮਾਰਦੀ ਹੈ। ਇਨ੍ਹਾਂ ਛੱਪੜਾਂ ਦੇ ਆਲੇ-ਦੁਆਲੇ ਰਹਿਣ ਵਾਲੇ ਲੋਕਾਂ ਨੇ ਵੀ ਛੱਪੜਾਂ ਵਿੱਚ ਗੰਦਗੀ ਫੈਲਾਉਣ ਵਿੱਚ ਵੱਡਾ ਹਿੱਸਾ ਪਾਇਆ ਹੈ ਤੇ ਉਨ੍ਹਾਂ ਨੂੰ ਖਰਾਬ ਕੀਤਾ ਹੈ। ਉਨ੍ਹਾਂ ਨੇ ਸਮੇਂ-ਸਮੇਂ ਤੇ ਜਗ੍ਹਾ ਦੀ ਐਨਕਰੋਚਮੈਂਟ ਕੀਤੀ ਜਿਸ ਕਾਰਨ ਛੱਪੜ ਛੋਟੇ ਹੋ ਗਏ। ਉਨ੍ਹਾਂ ਵਿੱਚ ਥੱਲੇ ਭਾਰੀ ਮਾਤਰਾ ਵਿੱਚ ਗਾਰ ਜੰਮ ਗਈ ਅਤੇ ਉਨ੍ਹਾਂ ਦਾ ਪਾਣੀ ਬਾਹਰ ਵੱਲ ਨੂੰ ਆਉਣਾ ਸ਼ੁਰੂ ਹੋ ਗਿਆ। ਇਨ੍ਹਾਂ ਕਾਰਨਾਂ ਕਰਕੇ ਲੋਕਾਂ ਨੂੰ ਗੰਭੀਰ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਵੇਂ ਪਹਿਲੇ ਮੈਂਬਰ

Original with;
Punjab Vidhan Sabha
Digitized by;
Panjab Digital Library

ਸਾਹਿਬਾਨ ਨੇ ਬੋਲਦਿਆਂ ਕਿਹਾ ਹੈ ਕਿ ਪਿੰਡਾਂ ਵਿੱਚ ਟਰੀਟਮੈਂਟ ਪਲਾਂਟ ਲੱਗਣੇ ਚਾਹੀਦੇ ਹਨ, ਇਹ ਗੱਲ ਵਾਜਬ ਹੈ ਅਤੇ ਤਾਂ ਹੀ ਇਨ੍ਹਾਂ ਛੱਪੜਾਂ ਦਾ ਪਾਣੀ ਜ਼ਮੀਨ ਲਈ, ਇਰੀਗੇਸ਼ਨ ਲਈ ਵਰਤਿਆ ਜਾ ਸਕੇਗਾ। ਪਰ ਸਾਡੇ ਪਿੰਡਾਂ ਵਿੱਚ ਟਰੀਟਮੈਂਟ ਪਲਾਂਟ ਲਗਾਉਣ ਲਈ ਜਗ੍ਹਾ ਨਹੀਂ ਹੈ। ਕਈ ਪਿੰਡ ਐਸੇ ਵੀ ਹਨ ਜਿਹੜੇ ਕਿ ਜ਼ਮੀਨ ਤਬਦੀਲ ਕਰਨ ਨੂੰ ਵੀ ਤਿਆਰ ਨਹੀਂ ਹਨ। ਉਹ ਸਮਝਦੇ ਹਨ ਕਿ ਉਹ ਬਿਮਾਰੀ ਚੁੱਕ ਕੇ ਆਪਣੀ ਜ਼ਮੀਨ ਵਿੱਚ ਲੈ ਆਵੇਗਾ। ਕਈ ਪਿੰਡਾਂ ਵਿੱਚ ਜਗ੍ਹਾ ਤਬਦੀਲ ਕਰਨ ਦੀ ਵੀ ਪ੍ਰਾਬਲਮ ਹੈ ਪਰ ਜਿੱਥੇ ਜਗ੍ਹਾ ਤਬਦੀਲ ਹੋ ਸਕਦੀ ਹੈ, ਉੱਥੇ ਇਹ ਟਰੀਟਮੈਂਟ ਪਲਾਂਟ ਜਲਦੀ ਲਗਾਏ ਜਾਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਛੱਪੜ ਪਿੰਡ ਦੀ ਪੰਚਾਇਤ ਦੀ ਮਲਕੀਅਤ ਹੁੰਦੇ ਹਨ, ਇਸ ਲਈ ਪੰਚਾਇਤਾਂ ਦਾ ਫਰਜ਼ ਬਣਦਾ ਹੈ ਕਿ ਇਨ੍ਹਾਂ ਦੀ ਸਾਂਭ-ਸੰਭਾਲ ਕੀਤੀ ਜਾਵੇ। ਕਈ ਪਿੰਡ ਐਸੇ ਵੀ ਹਨ ਜਿਨ੍ਹਾਂ ਨੂੰ ਛੱਪੜਾਂ ਤੋਂ 5-6 ਲੱਖ ਤੋਂ ਲੈ ਕੇ 10-12 ਲੱਖ ਰੁਪਏ ਦੀ ਆਮਦਨ ਹੁੰਦੀ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇੱਕ ਫੰਡ ਕਾਇਮ ਕੀਤਾ ਜਾਵੇ ਜਿਸ ਵਿੱਚ ਇਸ ਆਮਦਨ ਦਾ ਕੁਝ ਪ੍ਰਤੀਸ਼ਤ ਹਿੱਸਾ ਪਾਇਆ ਜਾਵੇ ਤੇ ਪੰਚਾਇਤ ਉਸ ਫੰਡ ਨੂੰ ਛੱਪੜਾਂ ਦੀ ਸਾਂਭ-ਸੰਭਾਲ ਲਈ ਵਰਤ ਸਕੇ, ਉਨ੍ਹਾਂ ਦੁਆਲੇ ਚਾਰ-ਦੀਵਾਰੀ ਕਰ ਸਕੇ। ਮੇਰਾ ਇੱਕ ਸੁਝਾਓ ਹੈ ਕਿ ਛੱਪੜਾਂ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਜਾਵੇ। ਉਸ ਦੇ ਇੱਕ ਹਿੱਸੇ ਵਿੱਚ ਗੰਦਾ ਪਾਣੀ ਪੈਂਦਾ ਰਹੇ ਅਤੇ ਜਦੋਂ ਦੂਜਾ ਹਿੱਸਾ ਸੁੱਕ ਜਾਵੇ ਤਾਂ ਉਸ ਦੀ ਸਫਾਈ ਕੀਤੀ ਜਾਵੇ। ਫਿਰ ਪਾਣੀ ਸਾਫ ਹਿੱਸੇ ਵਿੱਚ ਪੈਂਦਾ ਰਹੇ ਅਤੇ ਦੂਜਾ ਹਿੱਸਾ ਸੁੱਕਣ ਤੇ ਉਸ ਦੀ ਸਫਾਈ ਕੀਤੀ ਜਾਵੇ। ਸਾਰੇ ਛੱਪੜ ਦੀ ਸਫਾਈ ਤਾਂ ਹੀ ਹੋ ਸਕਦੀ ਹੈ ਜੇਕਰ ਉਹ ਸੁੱਕੇਗਾ ਪ੍ਰੰਤੂ ਉਸ ਸਾਰੇ ਦਾ ਸੁੱਕਣਾ ਮੁਸ਼ਕਲ ਹੈ। ਇਸ ਲਈ ਸਭ ਤੋਂ ਪਹਿਲਾਂ ਛੱਪੜ ਨੂੰ ਦੋ ਹਿੱਸਿਆਂ ਵਿੱਚ ਵੰਡਣਾ ਜ਼ਰੂਰੀ ਹੈ। ਉਸ ਵਿਚਕਾਰ ਬੰਨ੍ਹ ਲਗਾ ਦਿੱਤਾ ਜਾਵੇ। ਛੇ ਮਹੀਨੇ ਇੱਕ ਹਿੱਸਾ ਖਾਲੀ ਰਹੇ ਤੇ ਛੇ ਮਹੀਨੇ ਦੂਸਰਾ ਹਿੱਸਾ ਖਾਲੀ ਰਹੇ। ਫਿਰ ਉਸ ਸੁੱਕੇ ਹਿੱਸੇ ਦੀ ਗਾਰ ਭਾਵੇਂ ਜੇ.ਸੀ.ਬੀ. ਰਾਹੀਂ ਕਢਵਾਈ ਜਾਵੇ ਜਾਂ ਨਰੇਗਾ ਸਕੀਮ ਰਾਹੀਂ ਕਢਵਾਈ ਜਾਵੇ।

ਛੱਪੜਾਂ ਦੀ ਪਲਿਊਸ਼ਨ ਵਿੱਚ ਪਲਾਸਟਿਕ ਦੇ ਲਿਫਾਫਿਆਂ ਨੇ ਵੀ ਅਹਿਮ ਰੋਲ ਪਾਇਆ ਹੈ। ਪਹਿਲਾਂ ਇਨ੍ਹਾਂ ਨੇ ਸ਼ਹਿਰਾਂ ਵਿੱਚ ਟੋਟਲ ਹੀ ਸੀਵਰੇਜ ਸਿਸਟਮ ਬੰਦ ਕਰ ਦਿੱਤਾ ਸੀ, ਜਦੋਂ ਪਤਾ ਕੀਤਾ ਕਿ ਸੀਵਰੇਜ ਸਿਸਟਮ ਕਿਉਂ ਨਹੀਂ ਚੱਲ ਰਿਹਾ ਤਾਂ ਪਤਾ ਲੱਗਾ ਕਿ ਹਜ਼ਾਰਾਂ ਟਨ ਪਲਾਸਟਿਕ ਲਿਫਾਫੇ ਇਨ੍ਹਾਂ ਵਿੱਚ ਜਾ ਰਹੇ ਹਨ। ਮੇਰੇ ਜਲੰਧਰ ਸ਼ਹਿਰ ਦੇ ਸੀਵਰੇਜ ਪਲਾਂਟ ਵਿੱਚ ਕੁਇੰਟਲਾਂ ਦੇ ਹਿਸਾਬ ਨਾਲ ਪਲਾਸਟਿਕ ਲਿਫਾਫੇ ਨਾਲੀਆਂ ਦੇ ਥਰੂ ਜਾਂ ਹੋਰ ਕਾਰਨਾਂ ਕਰਕੇ ਛੱਪੜਾਂ ਵਿੱਚ ਜਾਂਦੇ ਹਨ। ਕੁਝ ਦੇਰ ਬਾਅਦ ਇਨ੍ਹਾਂ ਦਾ ਇੰਨਾ ਵੱਡਾ ਭੰਡਾਰ ਥੱਲੇ ਜਮ੍ਹਾਂ ਹੋ ਜਾਵੇਗਾ ਕਿ ਪਾਣੀ ਦੀ ਸੀਪੇਜ ਵੀ ਬੰਦ ਹੋ ਜਾਵੇਗੀ। ਮੈਂ ਕਹਿੰਦਾ ਹਾਂ ਕਿ ਪੰਜਾਬ ਸਰਕਾਰ ਨੂੰ ਪਲਾਸਟਿਕ ਲਿਫਾਫੇ ਬੈਨ ਕਰਨੇ ਚਾਹੀਦੇ ਹਨ (ਥੰਪਿੰਗ) ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਸਾਨੂੰ ਬੜੀ ਦੇਰ ਹੋ ਚੁੱਕੀ

Original with;
Punjab Vidhan Sabha
Digitized by;
Panjab Digital Library

[ ਸਰਦਾਰ ਜਗਬੀਰ ਸਿੰਘ ਬਰਾੜ ]

ਹੋਵੇਗੀ। ਛੱਪੜਾਂ ਵਿੱਚ ਇੰਨਾ ਗੰਦ ਇਕੱਠਾ ਹੋ ਜਾਵੇਗਾ ਕਿ ਆਉਣ ਵਾਲੇ ਸਮੇਂ ਵਿੱਚ ਇਹ ਇੱਕ ਪੇਚੀਦਾ ਮਸਲਾ ਬਣ ਜਾਵੇਗਾ। ਸੋ, ਮੈਂ ਜੋ ਸਰਦਾਰ ਸੋਹਣ ਸਿੰਘ ਠੰਡਲ ਨੇ ਮਤਾ ਪੇਸ਼ ਕੀਤਾ ਹੈ, ਉਸ ਦਾ ਸਮਰਥਨ ਕਰਦਾ ਹਾਂ। ਇਸ ਨੂੰ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ। ਜੋ ਅੱਜ ਬਹਿਸ ਹੋਈ ਹੈ, ਇਸ ਨੂੰ ਸਖਤੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਬਹੁਤ ਬਹੁਤ ਧੰਨਵਾਦ।

**ਕੈਪਟਨ ਬਲਬੀਰ ਸਿੰਘ ਬਾਠ (ਸ੍ਰੀ ਹਰਗੋਬਿੰਦਪੁਰ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਸਮਾਂ ਦੇਣ ਲਈ ਧੰਨਵਾਦੀ ਹਾਂ ਪਰ ਮੇਰੀ ਆਵਾਜ਼ ਠੀਕ ਨਹੀਂ ਹੈ, ਇਸ ਲਈ ਮੇਰਾ ਭਾਸ਼ਣ ਸੁਣਿਆ ਹੀ ਸਮਝਿਆ ਜਾਵੇ ਜੀ। ਬਹੁਤ ਧੰਨਵਾਦ।

**ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ ਐਸ.ਸੀ.) :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਅੱਜ ਪਿੰਡਾਂ ਦੇ ਜੀਵਨ ਦੇ ਨਾਲ ਜੁੜੇ ਇੱਕ ਬਹੁਤ ਹੀ ਅਹਿਮ ਮੁੱਦੇ ਤੇ ਵਿਚਾਰ ਕਰਨ ਲਈ ਮਾਨਯੋਗ ਠੰਡਲ ਸਾਹਿਬ ਨੇ ਮਤਾ ਲੈ ਕੇ ਆਂਦਾ ਹੈ। ਮੈਂ ਇਸ ਸਬੰਧ ਵਿੱਚ ਜੋ ਪਹਿਲਾਂ ਵਿਚਾਰਾਂ ਹੋ ਚੁੱਕੀਆਂ ਹਨ, ਉਨ੍ਹਾਂ ਤੋਂ ਹਟ ਕੇ ਹੀ ਗੱਲਾਂ ਕਰਾਂਗਾ ਤਾਂ ਕਿ ਇੱਕੋ ਜਿਹੀਆਂ ਗੱਲਾਂ ਨੂੰ ਵਾਰ-ਵਾਰ ਰਿਪੀਟ ਨਾ ਕੀਤਾ ਜਾਵੇ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਪਿੰਡਾਂ ਦੇ ਟੋਭਿਆਂ ਦੀ ਵਿਸ਼ੇਸ਼ ਮਹੱਤਤਾ ਹੈ। ਮੈਂ ਆਪਣੇ ਪਿੰਡ ਤੋਂ ਬਚਪਨ ਵਿੱਚ ਹੀ ਆ ਗਿਆ ਸੀ ਪਰ ਅੱਜ ਤੱਕ ਰੀਝ ਰਹਿੰਦੀ ਹੈ ਕਿ ਕਾਸ਼, ਕਿਤੇ ਬਚਪਨ ਵਿੱਚ ਪਿੰਡ ਵਿੱਚ ਰਹਿੰਦੇ ਹੁੰਦੇ ਅਤੇ ਟੋਭਿਆਂ ਵਿੱਚ ਤਾਰੀਆਂ ਲਾਈਆਂ ਹੁੰਦੀਆਂ, ਉਹ ਸਵਾਦ ਨਾ ਹੁਣ ਮਿਲ ਸਕਦਾ ਹੈ ਅਤੇ ਨਾ ਪਹਿਲਾਂ ਮਿਲਿਆ ਹੈ। ਪਿੰਡਾਂ ਦੇ ਟੋਭੇ ਪਿੰਡ ਦੀ ਮਾਂ ਵਾਂਗ ਪਿੰਡ ਨੂੰ ਪਾਲਦੇ ਹਨ, ਉਨ੍ਹਾਂ ਦਾ ਪਾਣੀ ਸੰਭਾਲਦੇ ਹਨ। ਅਨੁਸੂਚਿਤ ਜਾਤੀਆਂ ਦੇ ਲੋਕ ਆਪਣੇ ਡੰਗਰ ਉੱਥੇ ਨੁਹਾਉਂਦੇ ਹਨ ਅਤੇ ਬੱਚੇ ਵੀ ਉੱਥੇ ਗੋਤੇ ਲਗਾਉਂਦੇ ਰਹਿੰਦੇ ਹਨ। ਉਨ੍ਹਾਂ ਟੋਭਿਆਂ ਦੀ ਵਿਸ਼ੇਸ਼ ਮਹੱਤਤਾ ਹੈ। ਇਸ ਕਰਕੇ ਇਹ ਜਿਹੜਾ ਮਤਾ ਲਿਆਂਦਾ ਗਿਆ ਹੈ, ਇਹ ਬਹੁਤ ਹੀ ਮਹੱਤਤਾ ਰੱਖਦਾ ਹੈ। ਪਰ ਡਿਪਟੀ ਸਪੀਕਰ ਸਾਹਿਬ, ਬਹੁਤ ਸਾਰੇ ਅਜਿਹੇ ਪਿੰਡ ਵੀ ਹਨ, ਮੇਰੇ ਆਪਣੇ ਹਲਕਾ ਚਮਕੌਰ ਸਾਹਿਬ ਇਕੱਲੇ ਵਿੱਚ ਹੀ 5-6 ਪਿੰਡ ਅਜਿਹੇ ਹਨ ਜਿਨ੍ਹਾਂ ਵਿੱਚ ਨਾ ਕੋਈ ਛੱਪੜ ਹੈ ਅਤੇ ਨਾ ਹੀ ਛੱਪੜ ਬਣਾਉਣ ਲਈ ਕੋਈ ਜਗ੍ਹਾ ਪਿੰਡ ਕੋਲ ਹੈ ਜਿਸ ਕਰਕੇ ਪਿੰਡ ਦੇ ਲੋਕਾਂ ਦਾ ਜੀਵਨ ਨਰਕ ਬਣਿਆ ਹੋਇਆ ਹੈ ਕਿਉਂਕਿ ਪਾਣੀ ਦੀ ਨਿਕਾਸੀ ਦਾ ਕੋਈ ਸਾਧਨ ਨਹੀਂ ਹੈ। ਖੇਤਾਂ ਵਾਲੇ ਪਾਣੀ ਖੇਤਾਂ ਵਿੱਚ ਪਾਉਣ ਨਹੀਂ ਦਿੰਦੇ ਅਤੇ ਗਲੀਆਂ ਵਿੱਚ ਕਿੰਨਾ ਕੁ ਚਿਰ ਪਾਣੀ ਰੋਕਿਆ ਜਾ ਸਕਦਾ ਹੈ। ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਉਹ ਸਾਰੇ ਪਿੰਡ ਜਿਨ੍ਹਾਂ ਕੋਲ ਵੇਸਟ ਪਾਣੀ ਪਾਉਣ ਵਾਸਤੇ ਕੋਈ ਜਗ੍ਹਾ ਨਹੀਂ, ਕੋਈ ਟੋਭਾ ਨਹੀਂ, ਉਨ੍ਹਾਂ ਦੀ ਗਿਣਤੀ ਕਰਕੇ ਉਨ੍ਹਾਂ ਨੂੰ ਫੌਰੀ ਤੌਰ ਤੇ ਟੋਭੇ ਦਾ ਪ੍ਰਬੰਧ ਪੰਜਾਬ ਸਰਕਾਰ ਜ਼ਮੀਨ ਖਰੀਦ ਕੇ ਕਰਵਾਏ ਤਾਂ ਕਿ ਉਨ੍ਹਾਂ ਨੂੰ ਗੰਦਾ ਪਾਣੀ ਖੜ੍ਹਾ ਕਰਨ ਵਾਸਤੇ

Original with;
Punjab Vidhan Sabha
Digitized by;
Panjab Digital Library

ਜਗ੍ਹਾ ਮਿਲ ਜਾਵੇ। ਇਸ ਲਈ ਮੈਂ ਇਸ ਗੱਲ ਦੀ ਅੱਜ ਵੀ ਵਿਸ਼ੇਸ਼ਤਾ ਸਮਝਦਾ ਹਾਂ ਕਿ ਮੈਨੂੰ ਆਪਣੇ ਹਲਕੇ ਦੇ 5–7 ਪਿੰਡਾਂ ਦੀ ਗੱਲ ਕਰਨ ਲਈ ਅੱਜ ਮੌਕਾ ਮਿਲਿਆ ਹੈ ਕਿਉਂਕਿ ਉਹ ਇੱਕ ਕਿਸਮ ਦਾ ਨਰਕ ਭੋਗ ਰਹੇ ਹਨ ਅਤੇ ਉਨ੍ਹਾਂ ਦੇ ਕੋਲ ਕੋਈ ਛੱਪੜ ਨਹੀਂ ਅਤੇ ਨਾ ਹੀ ਛੱਪੜ ਦੇ ਲਈ ਕੋਈ ਜਗ੍ਹਾ ਹੈ। ਇਸ ਲਈ ਮੈਂ ਸਰਕਾਰ ਨੂੰ ਅਤੇ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਇਸ ਮਤੇ ਵਿੱਚ ਇਹ ਵੀ ਗੱਲ ਆ ਜਾਵੇ ਕਿ ਜਿਹੜੇ ਪਿੰਡਾਂ ਕੋਲ ਛੱਪੜ ਨਹੀਂ ਅਤੇ ਨਾ ਹੀ ਉਨ੍ਹਾਂ ਕੋਲ ਆਪਣੀ ਜਾਇਦਾਦ ਜਾਂ ਜ਼ਮੀਨ ਹੈ ਜਿਸ ਨੂੰ ਖੋਦ ਕੇ ਉਹ ਛੱਪੜ ਬਣਾ ਸਕਣ, ਸਰਕਾਰ ਆਪਣੇ ਪੱਧਰ ਤੇ ਉਨ੍ਹਾਂ ਪਿੰਡਾਂ ਲਈ ਜ਼ਮੀਨ ਮੁਹੱਈਆ ਕਰਵਾਏ ਅਤੇ ਛੱਪੜ ਪੁਟਾ ਕੇ ਦੇਵੇ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਪਿਛਲੇ ਸਾਲਾਂ ਵਿੱਚ ਜਾਂ ਪਿਛਲੀ ਸਰਕਾਰ ਦੇ ਸਮੇਂ ਕੁਝ ਪਿੰਡਾਂ ਵਿੱਚ ਸੀਵਰੇਜ ਸਿਸਟਮ ਪਾਇਆ ਗਿਆ ਸੀ। ਮੇਰੇ ਹਲਕੇ ਵਿੱਚ ਵੀ 4 ਪਿੰਡਾਂ ਵਿੱਚ ਸੀਵਰੇਜ ਸਿਸਟਮ ਪਾਇਆ ਗਿਆ ਸੀ ਪਰ ਕਿਸੇ ਦਾ ਵੀ ਪਾਣੀ ਦਾ ਨਿਕਾਸ ਨਹੀਂ ਹੋ ਰਿਹਾ। ਮੈਨੂੰ ਇਹ ਗੱਲ ਕਹਿਣ ਵਿੱਚ ਬੜਾ ਅਫਸੋਸ ਹੁੰਦਾ ਹੈ ਕਿ ਕਰੋੜਾਂ ਰੁਪਿਆ ਇਸ ਸੀਵਰੇਜ ਤੇ ਲਗਾਇਆ ਗਿਆ ਲੇਕਿਨ ਇਕ ਪਿੰਡ ਦਾ ਸੀਵਰ ਵੀ ਕੰਮ ਨਹੀਂ ਕਰ ਰਿਹਾ। ਮੈਂ ਰੋਪੜ ਜ਼ਿਲ੍ਹੇ ਬਾਰੇ ਖਾਸ ਤੌਰ ਤੇ ਕਹਿ ਸਕਦਾ ਹਾਂ ਕਿ ਜਿੱਥੇ ਜਿੱਥੇ ਸੀਵਰ ਪਿਛਲੇ ਸਮੇਂ ਵਿੱਚ ਪਾਇਆ ਗਿਆ, ਅੱਜ ਇਕ ਵੀ ਯੂਜ਼ ਵਿੱਚ ਨਹੀਂ। ਉਸਦਾ ਸਭ ਤੋਂ ਵੱਡਾ ਕਾਰਨ ਜਿਹੜਾ ਮੈਂ ਵੇਖਿਆ ਹੈ ਕਿ ਕਿਤੇ 2 ਇੰਚ ਦੀਆਂ, ਕਿਤੇ ਤਿੰਨ ਇੰਚ ਦੀਆਂ ਅਤੇ ਕਿਤੇ ਚਾਰ ਇੰਚ ਦੀਆਂ ਪਾਈਪਾਂ ਸੀਵਰ ਨੂੰ ਅੱਗੇ ਲੈ ਕੇ ਜਾਂਦੀਆਂ ਹਨ ਜਦ ਕਿ ਪੰਜਾਬ ਸੀਵਰੇਜ ਬੋਰਡ ਦੀ ਇੱਕ ਟੈਕਨੀਕਲ ਸਪੈਸੀਫਿਕੇਸ਼ਨ ਹੈ ਕਿ ਘੱਟੋ ਘੱਟ ਅੱਠ ਇੰਚ ਦੀ ਪਾਈਪ ਵਰਤੀ ਜਾਣੀ ਚਾਹੀਦੀ ਹੈ, ਲੇਕਿਨ ਇਹ ਜਿਹੜਾ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਮਹਿਕਮਾ ਹੈ, ਮੈਂ ਇਸਦੇ ਚੀਫ ਇੰਜਨੀਅਰ ਤੱਕ ਵੀ ਪਹੁੰਚ ਕਰ ਲਈ, ਉਹ ਕਹਿੰਦੇ ਹਨ ਕਿ ਨਹੀਂ ਜੀ। ਉਹ ਕਹਿੰਦੇ ਹਨ ਕਿ ਤਿੰਨ ਇੰਚ ਦੀ ਪਾਈਪ ਵੀ ਪਾਣੀ ਖਿੱਚੇਗੀ, ਚਾਰ ਇੰਚ ਦੀ ਪਾਈਪ ਵੀ ਪਾਣੀ ਖਿੱਚੇਗੀ। ਮੇਰਾ ਆਪਣਾ ਜਿਹੜਾ ਬਾਥ ਰੂਮ ਹੈ, ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਪਲੰਬਰ ਨੂੰ ਕਿਹਾ ਕਿ ਦੋ ਇੰਚ ਦੀ ਪਾਈਪ ਨਾ ਪਾ, ਦੋ ਇੰਚ ਦੀ ਪਾਈਪ ਪਾਣੀ ਨਹੀਂ ਖਿੱਚ ਸਕਦੀ। ਡਿਪਟੀ ਸਪੀਕਰ ਸਾਹਿਬ, ਜੇ ਦੋ ਇੰਚ ਦੀ ਪਾਈਪ ਮੇਰੇ ਇਕੱਲੇ ਘਰ ਦਾ ਪਾਣੀ ਨਹੀਂ ਖਿੱਚ ਸਕਦੀ ਤਾਂ ਪੂਰੇ ਪਿੰਡ ਦਾ ਪਾਣੀ 2 ਇੰਚ ਦੀ ਪਾਈਪ ਕਿਵੇਂ ਖਿੱਚੇਗੀ। ਇਸ ਲਈ ਸੈਨੀਟੇਸ਼ਨ ਡਿਪਾਰਟਮੈਂਟ ਜੋ ਹੈ, ਉਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਆਪਣੀਆਂ ਸਪੈਸੀਫਿਕੇਸ਼ਨਾਂ ਚੈੱਕ ਕਰੇ ਔਰ ਜੋ ਦੋ ਇੰਚ ਜਾਂ ਤਿੰਨ ਇੰਚ ਜਾਂ ਚਾਰ ਇੰਚ ਦੀਆਂ ਪਾਈਪਾਂ ਪਾ ਰਹੇ ਹਨ, ਉਹ ਠੀਕ ਨਹੀਂ। ਇਸੇ ਤਰ੍ਹਾਂ ਵਾਟਰ ਸਪਲਾਈ ਲਈ ਵੀ ਇੱਕ ਪਿੰਡ ਤੋਂ ਦੂਸਰੇ ਪਿੰਡ ਤੱਕ ਵੱਡੀਆਂ ਪਾਈਪਾਂ ਪਾਈਆਂ ਜਾਣ। ਹੁਣ ਜਿਵੇਂ ਮੇਰੇ ਹਲਕੇ ਵਿੱਚ ਮਾਦਰੀ ਪਿੰਡ ਤੋਂ ਲਾਠੂੜ ਪਿੰਡ ਤੱਕ ਤਿੰਨ ਇੰਚ ਦੀ ਪਾਈਪ ਜਾ ਰਹੀ ਹੈ ਜਿਸ ਨਾਲ ਅੱਧੇ ਪਿੰਡ ਨੂੰ ਪਾਣੀ ਮਿਲ ਰਿਹਾ ਹੈ ਤੇ ਅੱਧੇ ਪਿੰਡ ਨੂੰ ਪਾਣੀ ਨਹੀਂ ਮਿਲ ਰਿਹਾ ਜਦ ਕਿ ਪਿੰਡ ਦੀ ਆਬਾਦੀ ਮਸਾਂ ਦੋ ਢਾਈ

Original with;
Punjab Vidhan Sabha
Digitized by;
Panjab Digital Library

[ ਸਰਦਾਰ ਚਰਨਜੀਤ ਸਿੰਘ ਚੰਨੀ ]

ਸੋ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਸਾਰੀਆਂ ਗੱਲਾਂ ਇਸ ਨਾਲ ਹੀ ਜੁੜੀਆਂ ਹੋਈਆਂ ਹਨ ਕਿ ਵਾਟਰ ਸਪਲਾਈ ਤੇ ਸੀਵਰੇਜ ਸਿਸਟਮ ਨੂੰ ਠੀਕ ਕਰੀਏ। ਸਾਡਾ ਮਹਿਕਮਾ ਇਸ ਪਾਸੇ ਜਾਗੇ ਔਰ ਇਸ ਦੇ ਨਾਲ ਹੀ ਰਿਲੇਟਿਡ ਹੋਰ ਮਹਿਕਮੇ ਜਿਹੜੇ ਹਨ, ਜਿਵੇਂ ਲੋਕਲ ਗੌਰਮਿੰਟ ਹੈ, ਵਾਟਰ ਸਪਲਾਈ ਸੀਵਰੇਜ ਬੋਰਡ ਹੈ, ਉਨ੍ਹਾਂ ਤੋਂ ਕੁਝ ਸਿੱਖੇ ਕਿ ਉਹ ਕਿੰਨੇ ਇੰਚ ਦੀਆਂ ਪਾਈਪਾਂ ਵਰਤਦੇ ਹਨ। ਗਮਾਡਾ ਹੈ, ਪੁੱਡਾ ਹੈ। ਮੈਂ ਬੇਨਤੀ ਕਰਾਂਗਾ ਕਿ ਪਿੰਡਾਂ ਵਿੱਚ ਇਸ ਤਰ੍ਹਾਂ ਪੈਸਾ ਵੇਸਟ ਨਾ ਕੀਤਾ ਜਾਵੇ। ਬਹੁਤ ਸਾਰੀਆਂ ਥਾਵਾਂ ਤੇ ਸੀਵਰੇਜ ਸਿਸਟਮ ਫੇਲ੍ਹ ਹੋਇਆ ਪਿਆ ਹੈ ਔਰ ਸਹੀ ਤਰੀਕੇ ਨਾਲ ਨਹੀਂ ਪਾਇਆ ਗਿਆ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਛੱਪੜਾਂ ਦੀ ਸੰਭਾਲ ਲਈ ਵਰਲਡ ਬੈਂਕ ਤੋਂ ਬਹੁਤ ਸਾਰਾ ਪੈਸਾ ਪੰਜਾਬ ਨੂੰ ਆ ਰਿਹਾ ਹੈ ਲੇਕਿਨ ਇਸ ਗੱਲ ਦਾ ਰੌਲਾ ਬੜਾ ਹੈ ਕਿ ਵਰਲਡ ਬੈਂਕ ਦੀਆਂ ਸਕੀਮਾਂ ਤੋਂ ਕੰਮ ਕਰਵਾਓ ਪਰ ਜਦੋਂ ਵਾਟਰ ਸਪਲਾਈ ਵਾਲਿਆਂ ਕੋਲ ਜਾਂਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਪਾਣੀ ਦੀਆਂ ਟੈਂਕੀਆਂ ਵਾਸਤੇ ਪੈਸਾ ਆਇਆ ਹੈ, ਛੱਪੜਾਂ ਵਾਸਤੇ ਨਹੀਂ। ਮੁੱਖ ਮੰਤਰੀ ਜੀ ਕੋਲ ਜਾਈਏ ਤੇ ਉਹ ਕਹਿੰਦੇ ਹਨ ਕਿ ਇਹ ਕਿਉਂ ਨਹੀਂ ਕਰਦੇ, ਮੈਂ ਗੱਲ ਕਰਦਾ ਹਾਂ। ਇਸ ਲਈ ਮੇਰੀ ਬੇਨਤੀ ਹੈ ਕਿ ਵਰਲਡ ਬੈਂਕ ਦੇ ਪੈਸੇ ਨੂੰ ਸਰਕਾਰ ਪਰਾਪਰਲੀ ਯੂਜ਼ ਕਰੇ। 10% ਤਾਂ ਸਾਡੇ ਪਿੰਡ ਵੀ ਸਾਰੇ ਦੇਣ ਨੂੰ ਤਿਆਰ ਹਨ। ਜੇ ਛੱਪੜ ਪੱਕੇ ਹੋ ਜਾਣ ਤਾਂ ਬਹੁਤ ਵਧੀਆ ਹੋਵੇਗਾ। ਇਸ ਲਈ ਇਸ ਸਕੀਮ ਨੂੰ ਪੂਰੇ ਜ਼ੋਰ ਨਾਲ ਲਾਗੂ ਕੀਤਾ ਜਾਵੇ। ਮੈਂ ਬੇਨਤੀ ਕਰਦਾ ਹਾਂ ਕਿ ਪੰਜਾਬ ਸਰਕਾਰ ਛੱਪੜ ਪੱਕੇ ਕਰੇ। ਇਸ ਤੋਂ ਬਾਅਦ ਇਸ ਦਾ ਨਿਕਾਸ ਵੀ ਜ਼ਰੂਰੀ ਹੈ ਜਿਸ ਦਾ ਇੰਤਜ਼ਾਮ ਵੀ ਜ਼ਰੂਰੀ ਹੈ ਕਿਉਂਕਿ ਛੱਪੜ ਭਰ ਜਾਂਦੇ ਹਨ ਤੇ ਗਰਮੀਆਂ ਵਿੱਚ ਤਾਂ ਇਹ ਸੁੱਕ ਜਾਂਦੇ ਹਨ ਪਰ ਉਂਜ ਜਦੋਂ ਇਹ ਉੱਛਲ ਕੇ ਬਾਹਰ ਪਾਣੀ ਆਉਂਦਾ ਹੈ ਤਾਂ ਲੋਕਾਂ ਦੇ ਘਰਾਂ ਵਿੱਚ ਵੜ ਜਾਂਦਾ ਹੈ। ਇਸ ਲਈ ਵਾਟਰ ਹਾਰਵੈਸਟਿੰਗ ਸਿਸਟਮ ਪੰਜਾਬ ਨੂੰ ਅਡਾਪਟ ਕਰਨਾ ਚਾਹੀਦਾ ਹੈ। ਵੇਸਟ ਪਾਣੀ ਵਾਟਰ ਹਾਰਵੈਸਟਿੰਗ ਸਿਸਟਮ ਨਾਲ ਧਰਤੀ ਵਿੱਚ ਗਿਰਾ ਦਿੱਤਾ ਜਾਵੇ। ਇਸ ਨਾਲ ਵਾਟਰ ਲੈਵਲ ਵੀ ਮੇਨਟੇਨ ਰਹੇਗਾ ਔਰ ਦੂਸਰਾ ਸਾਡੀਆਂ ਗਲੀਆਂ ਨਾਲੀਆਂ ਵਿੱਚ ਪਾਣੀ ਨਹੀਂ ਰੁਕੇਗਾ। ਟੋਭਿਆਂ ਵਿੱਚ ਜ਼ਿਆਦਾ ਪਾਣੀ ਨਹੀਂ ਰੁਕੇਗਾ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਠੰਡਲ ਸਾਹਿਬ ਵੱਲੋਂ ਬਹੁਤ ਵਧੀਆ ਮਤਾ ਪੇਸ਼ ਕੀਤਾ ਗਿਆ ਹੈ। ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਜੋ ਇਨ੍ਹਾਂ ਨੇ ਮੰਗਾਂ ਰੱਖੀਆਂ ਹਨ, ਉਨ੍ਹਾਂ ਦੀ ਵੀ ਮੈਂ ਪ੍ਰੋੜ੍ਹਤਾ ਕਰਦਾ ਹਾਂ।

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਧੰਨਵਾਦ ਜੀ। ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਠੰਡਲ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ। ਇਨ੍ਹਾਂ ਨੇ ਬਹੁਤ ਹੀ ਅਹਿਮ ਮਸਲਾ ਲਿਆ ਹੈ ਔਰ ਜਿੰਨੇ ਵੀ ਮੈਂਬਰਾਂ ਨੇ ਡਿਬੇਟ ਵਿੱਚ ਹਿੱਸਾ ਲਿਆ ਹੈ, ਬੜੀ ਆਹਲਾ ਡਿਬੇਟ ਕੀਤੀ ਹੈ, ਆਪਣੇ ਰੀਜ਼ਨ ਦੱਸੇ ਹਨ। ਮੈਂ ਹਿੱਸਾ ਲੈਣ ਵਾਸਤੇ ਖੜ੍ਹਾ ਨਹੀਂ ਹੋਇਆ। ਇੱਕ ਛੋਟੀ ਜਿਹੀ ਇੰਟਰਵੈਨਸ਼ਨ ਚਾਹੁੰਦਾ ਹਾਂ। ਮੇਰੇ ਕੋਲ ਪਲਾਨਿੰਗ ਦਾ ਵੀ ਮਹਿਕਮਾ ਹੈ। ਅਸੀਂ ਬੜੇ

Original with;
Punjab Vidhan Sabha
Digitized by;
Panjab Digital Library

ਫਿਕਰਮੰਦ ਹਾਂ, ਪਲਾਨਿੰਗ ਵਿੱਚ ਔਰ ਖ਼ਾਸ ਕਰਕੇ ਪੰਜਾਬ ਵਾਸਤੇ, ਡਿਪਟੀ ਸਪੀਕਰ ਸਾਹਿਬ, ਸਭ ਤੋਂ ਵੱਡਾ ਚੈਲੰਜ ਹੈ, ਰੂਰਲ ਸੈਨੀਟੇਸ਼ਨ ਦਾ। ਪੰਜਾਬ ਬਹੁਤ ਹੀ ਡੈਨਸਲੀ ਪਾਪੂਲੇਟਿਡ ਹੈ। ਬੜੀ ਘਣੀ ਆਬਾਦੀ ਹੈ। ਮੀਲ-ਮੀਲ ਤੇ ਪਿੰਡ ਹਨ। ਪਾਣੀ ਦੀ ਵਰਤੋਂ ਪੰਜਾਹ ਸਾਲ ਪਹਿਲਾਂ ਘੱਟ ਹੁੰਦੀ ਸੀ। ਲੋਕ ਘੱਟ ਨਹਾਉਂਦੇ ਸਨ, ਘੱਟ ਪਾਣੀ ਵਰਤਦੇ ਸਨ, ਸੰਜਮ ਨਾਲ ਵਰਤਦੇ ਸਨ। ਹੁਣ ਤਾਂ ਮੇਰਾ ਖਿਆਲ ਹੈ ਕਿ ਹਰ ਕੋਈ ਦਿਹਾੜੀ ਵਿੱਚ ਦੋ ਵਾਰੀ ਨਹਾਉਂਦਾ ਹੈ। ਮਾਲਵੇ ਦਾ ਇਲਾਕਾ ਜੋ ਹੈ, ਇਹ ਰੇਗਿਸਤਾਨ ਸੀ, ਇੱਥੇ ਜਿੰਨੇ ਵੀ ਪਿੰਡ ਵਸੇ ਹਨ, ਦੂਜੇ ਇਲਾਕਿਆਂ ਵਿੱਚ ਮੈਂ ਦੇਖਿਆ ਹੈ, ਹਰਿਆਣੇ ਦੇ ਵਿੱਚ ਦੇਖਿਆ ਹੈ, ਉੱਥੇ ਪਿੰਡ ਉੱਚੇ ਥਾਵਾਂ ਤੇ ਵਸੇ ਹੁੰਦੇ ਸੀ ਲੇਕਿਨ ਸਾਡੇ ਪਿੰਡਾਂ ਦੀ ਆਬਾਦੀ ਨੀਵੇਂ ਥਾਵਾਂ ਤੇ ਵਸੀ ਹੈ। ਜਦੋਂ ਬਾਰਸ਼ ਹੋਣੀ ਤਾਂ ਬਾਰਸ਼ਾਂ ਦੇ ਵਿੱਚ ਪਾਣੀ ਇਕੱਠਾ ਹੋ ਜਾਣਾ। ਫਿਰ ਉਸੇ ਪਾਣੀ ਨੂੰ ਲੋਕਾਂ ਨੇ ਵੀ ਪੀਣਾ ਅਤੇ ਪਸ਼ੂਆਂ ਨੇ ਵੀ ਪੀਣਾ। ਸੋ, ਜਿਸ ਤਰ੍ਹਾਂ ਮੈਂ ਕਿਹਾ ਹੈ ਕਿ ਅਸੀਂ ਫਿਕਰਮੰਦ ਇਸ ਕਰਕੇ ਹਾਂ, ਮੈਂ ਇੰਟਰਵੀਨ ਇਸ ਕਰਕੇ ਕੀਤਾ ਹੈ ਕਿਉਂਕਿ ਜਿਹੜੀ ਅਗਲੀ ਘੰਟਾ-ਦੋ ਘੰਟੇ ਡਿਬੇਟ ਚੱਲਣੀ ਹੈ, ਉਸ ਦੌਰਾਨ ਜਿਹੜੇ ਵੀ ਮੈਂਬਰ ਬੋਲਣ, ਉਹ ਇਸ ਦੀ ਲਾਈਟ ਵਿੱਚ ਹੀ ਬੋਲਣ ਕਿਉਂਕਿ ਸੀਵਰ ਸਿਸਟਮ ਤਾਂ ਬਣ ਗਿਆ ਅਤੇ ਪਿੰਡ ਦਾ ਗੰਦਾ ਪਾਣੀ, ਪਿੰਡ ਦੀ ਗੰਦਗੀ ਤਾਂ ਪਿੰਡ ਤੋਂ ਬਾਹਰ ਹੋ ਗਈ ਪਰ you are actually transferring the problem from point A to point B. ਗੰਦਗੀ ਪਿੰਡਾਂ ਤੋਂ ਬਾਹਰ ਚਲੀ ਗਈ ਅਤੇ ਉਹ ਗੰਦਗੀ ਬਾਹਰ ਸੇਮ ਨਾਲੇ ਵਿੱਚ ਸੁੱਟ ਦਿੱਤੀ। ਦਰਅਸਲ, ਡਿਪਟੀ ਸਪੀਕਰ ਸਾਹਿਬ, ਇਸ ਦਾ ਕੋਈ ਹੱਲ ਹੀ ਨਹੀਂ ਹੈ ਅਤੇ ਜਿੰਨੀਆਂ ਵੀ 4-5-6 ਐਨ.ਜੀ.ਓਜ਼. ਹਨ ਜਾਂ ਗੌਰਮਿੰਟ ਆਫ ਇੰਡੀਆ ਦੀਆਂ ਏਜੰਸੀਆਂ ਹਨ, ਉਨ੍ਹਾਂ ਨੂੰ ਅਸੀਂ ਕਿਹਾ ਕਿ ਸਾਨੂੰ ਤੁਸੀਂ ਨਮੂਨੇ ਦੇ ਤੌਰ ਤੇ ਇੱਕ-ਇੱਕ ਪਿੰਡ ਦਾ ਸੀਵਰੇਜ ਸਿਸਟਮ ਡਿਜ਼ਾਈਨ ਕਰਕੇ ਦਿਓ ਤਾਂ ਕਿ ਇਕ ਤਰੀਕਾ ਹੋਵੇ। ਤਰੀਕਾ ਤਾਂ ਇਹ ਹੈ ਕਿ ਜਦੋਂ ਤਾਈਂ ਮਾਈਕਰੋ ਸੀਵਰੇਜ ਟਰੀਟਮੈਂਟ ਪਲਾਂਟ ਨਹੀਂ ਲੱਗਦੇ, ਜਿਸ ਨਾਲ ਪਿੰਡਾਂ ਦੀ ਗੰਦਗੀ ਦੀ ਗਾਰ ਇੱਕ ਪਾਸੇ ਨਿਕਲ ਜਾਵੇ ਅਤੇ ਬਚਦਾ ਪਾਣੀ ਇਰੀਗੇਸ਼ਨ ਦੇ ਕੰਮ ਆ ਸਕੇ ਅਤੇ ਗਾਰ ਨੂੰ ਕਿਸ ਤਰ੍ਹਾਂ ਨਾਲ ਬਾਇਓ-ਫਰਟੇਲਾਈਜ਼ਰ ਵਿੱਚ ਕਨਵਰਟ ਕੀਤਾ ਜਾਵੇ ਜਾਂ ਜਿਹੜੀ ਪਿੰਡਾਂ ਦੀ ਗੰਦਗੀ ਹੈ, ਜਿਹੜਾ ਪਿੰਡਾਂ ਦਾ ਗੋਬਰ ਹੈ, ਉਹ ਵੀ ਐਡ ਹੁੰਦਾ ਹੈ, ਉਸ ਦੀ ਮੀਥੇਨ ਗੈਸ ਜਾਂ ਇਹੋ ਜਿਹਾ ਕੁਝ ਬਣ ਸਕੇ ਤਾਂ ਕਿ ਉਹ ਸਸਟੇਨੇਬਲ ਹੋਵੇ। ਜਿਹੜੇ ਮਾਈਕਰੋ ਸੀਵੇਜ ਟਰੀਟਮੈਂਟ ਪਲਾਂਟ ਹਨ, ਡਿਪਟੀ ਸਪੀਕਰ ਸਾਹਿਬ, ਉਹ ਬਿਜਲੀ ਨਾਲ ਚੱਲਦੇ ਹਨ ਅਤੇ ਬਿਜਲੀ ਦਾ ਖਰਚਾ ਜਿਹੜਾ ਹੈ, ਉਹ ਇਨ੍ਹਾਂ ਤੇ ਕਾਫੀ ਆਉਂਦਾ ਹੈ ਕਿਉਂਕਿ ਇਨ੍ਹਾਂ ਨੇ ਪਾਣੀ ਨੂੰ ਕਾਫੀ ਫੈਂਟਣਾ ਹੁੰਦਾ ਹੈ ਅਤੇ ਉਸ ਨਾਲ ਆਕਸੀਜਨ ਐਂਟਰ ਹੋ ਜਾਂਦੀ ਹੈ ਅਤੇ ਗੰਦੇ ਪਾਣੀ ਵਿੱਚ ਜਿਹੜੇ ਐਫਲੂਐਂਟ ਹੁੰਦੇ ਹਨ, ਉਸ ਤੋਂ ਪਾਣੀ ਸਾਫ ਹੋ ਜਾਂਦਾ ਹੈ। ਇਸ ਕਰਕੇ ਸਾਡੇ ਕੋਲ ਇਸ ਵੇਲੇ ਕੋਈ ਐਸੀ ਤਕਨਾਲੋਜੀ ਨਹੀਂ ਹੈ ਜਿਹੜੀ ਅਸੀਂ ਕਹਿ ਸਕੀਏ ਕਿ ਤੁਰੰਤ ਤਕਨਾਲੋਜੀ ਹੈ। ਡਿਪਟੀ ਸਪੀਕਰ ਸਾਹਿਬ, ਕੋਈ

Original with;
Punjab Vidhan Sabha
Digitized by;
Panjab Digital Library

[ ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਤਕਨਾਲੋਜੀ ਐਸੀ ਨਹੀਂ। ਤਕਨਾਲੋਜੀ ਜਿਹੜੀ ਹੈ, ਉਹ ਐਪਰੋਪਰੀਏਟ ਹੋਣੀ ਚਾਹੀਦੀ ਹੈ। ਅੱਜ ਪੰਜਾਬ ਦੇ ਜਿਹੜੇ ਆਬਾਦੀ ਵਾਲੇ ਪਿੰਡ ਹਨ, ਖਾਸ ਕਰਕੇ ਵੱਡੇ ਆਬਾਦੀ ਵਾਲੇ ਪਿੰਡ ਹਨ, ਸਾਨੂੰ ਸਮਝ ਨਹੀਂ ਆ ਰਹੀ ਕਿ ਕਿਸ ਕਿਸਮ ਦਾ ਸੀਵਰੇਜ ਸਿਸਟਮ ਉਸ ਵਿੱਚ ਤਿਆਰ ਕਰੀਏ ਜਿਹੜਾ ਕਿ ਲੌਂਗ ਟਰਮ ਸਸਟੇਨੇਬਲ ਹੋ ਸਕੇ। ਜਿਵੇਂ ਇੱਥੇ ਕੁਝ ਪਿੰਡਾਂ ਦਾ ਜ਼ਿਕਰ ਕੀਤਾ ਕਿ ਐਨ.ਜੀ.ਓਜ਼. ਵੀਰਾਂ ਨੇ ਕੋਸ਼ਿਸ਼ ਕੀਤੀ ਪਰ ਸਵਾਲ ਇਹ ਹੈ ਕਿ ਇਹ ਨਾ ਹੋਵੇ ਕਿ ਸਾਲ ਦੋ ਸਾਲ ਚੱਲ ਕੇ ਇਹ ਸਿਸਟਮ ਖਤਮ ਹੋ ਜਾਵੇ। ਸਾਡੇ ਖਾਸ ਕਰਕੇ ਜਿਹੜੇ ਮਾਲਵੇ ਦੇ ਪਿੰਡ ਹਨ, ਸਾਡੇ ਜਿਹੜੇ ਨੌਰ੍ਹੇ ਹਨ, ਉਥੇ ਵੱਡੇ ਘਰਾਂ ਨੂੰ ਨੌਰੇ ਕਹਿੰਦੇ ਹਨ, ਜਦੋਂ ਬਾਰਸ਼ ਹੁੰਦੀ ਹੈ ਤਾਂ ਇੰਨਾ ਕੁ ਰੇਤਾ ਆ ਜਾਂਦਾ ਹੈ ਕਿ ਉਹ ਸਾਰੇ ਸਿਸਟਮ ਨੂੰ ਚੋਕ ਕਰ ਦਿੰਦੇ ਹਨ। ਡਿਪਟੀ ਸਪੀਕਰ ਸਾਹਿਬ, ਗੌਰਮਿੰਟ ਆਫ ਪੰਜਾਬ ਇਸ ਗੱਲ ਤੇ ਬੜੀ ਚਿੰਤਤ ਹੈ, ਬੜੀ ਫਿਕਰਮੰਦ ਹੈ, we are still groping for the appropriate technology. ਉਹ ਤਕਨਾਲੋਜੀ, ਜਿਸ ਨਾਲ ਆਪਣੇ ਪੰਜਾਬ ਨੇ ਜੇ ਖੂਬਸੂਰਤ ਲੱਗਣਾ ਹੈ, ਪੰਜਾਬ ਨੇ ਜੇ ਸਾਫ-ਸੁਥਰਾ ਲੱਗਣਾ ਹੈ, ਵੈਸੇ ਵੀ ਅੱਜਕਲ੍ਹ ਐਨਵਾਇਰਨਮੈਂਟ ਗਲੋਬਲ ਕਨਸਰਨ ਹੋ ਚੁੱਕਿਆ ਹੈ ਕਿ ਵਾਤਾਵਰਣ ਸਾਫ਼ ਕਿਵੇਂ ਰੱਖਣਾ ਹੈ। ਖਾਸ ਕਰਕੇ ਪੰਜਾਬ ਜਿਹੜਾ ਕਿ ਜ਼ਰਈ ਸੂਬਾ ਹੈ ਔਰ ਜੇਕਰ ਕੁਦਰਤੀ ਨਿਜ਼ਾਮ ਦਾ ਥੋੜ੍ਹਾ ਜਿਹਾ ਬੈਲੇਂਸ ਇਧਰ-ਉਧਰ ਕਰ ਦਿੱਤਾ ਤਾਂ ਇਹ ਪੰਜਾਬ ਵਾਸਤੇ, ਪੰਜਾਬ ਦੇ ਭਵਿੱਖ ਵਾਸਤੇ ਕੋਈ ਅੱਛੀ ਗੱਲ ਨਹੀਂ ਹੋਵੇਗੀ। ਮੈਂ ਇਹ ਦਰਖਾਸਤ ਕਰਾਂਗਾ ਕਿ ਜਿਹੜੇ ਮੈਥੋਂ ਬਾਅਦ ਸਪੀਕਰ ਬੋਲਣ, ਡਿਪਟੀ ਸਪੀਕਰ ਸਾਹਿਬ, ਬਤੌਰ ਜਿਹੜੇ ਐਮ.ਐਲ.ਏ. ਜਿੱਤ ਕੇ ਆਉਂਦੇ ਹਨ, ਤਾਂ ਮੈਂ ਸਮਝਦਾ ਹਾਂ ਕਿ ਸਾਡਾ ਲੱਖਾਂ ਬੰਦਿਆਂ ਨਾਲ ਰੋਜ਼ ਵਾਹ ਪੈਂਦਾ ਹੈ। ਸਾਨੂੰ ਪੰਜਾਬ ਦੇ ਲੋਕਾਂ ਦੀ, ਖਾਸ ਕਰਕੇ ਦਿਹਾਤੀ ਖੇਤਰ ਦੀ ਮੁਸ਼ਕਲ ਦਾ ਪਤਾ ਹੈ। ਮਰਜ਼ ਦਾ ਪਤਾ ਹੈ, ਜਿਹੜੀ ਦਿਹਾਤੀ ਖੇਤਰ ਦੀ ਮੁਸ਼ਕਲ ਹੈ, ਉਸ ਦਾ ਸਾਨੂੰ ਪਤਾ ਹੈ। ਸਾਨੂੰ ਮਰਜ਼ ਦਾ ਤਾਂ ਪਤਾ ਹੀ ਹੈ ਲੇਕਿਨ ਇਸ ਦੀ ਦਾਰੂ ਕਿਹੜੀ ਹੈ, ਉਸ ਦੇ ਲਈ ਅਸੀਂ ਸੋਚ ਰਹੇ ਹਾਂ। ਸਾਡੇ ਰੂਰਲ ਡਿਵੈਲਪਮੈਂਟ ਮੰਤਰੀ ਜੀ ਵੀ ਬੈਠੇ ਹਨ। ਡਿਪਟੀ ਸਪੀਕਰ ਸਾਹਿਬ, ਸਾਡੇ ਮਨ ਦੇ ਉੱਤੇ 24 ਘੰਟੇ ਇਹ ਬੋਝ ਹੈ ਕਿ ਇਸ ਨੂੰ ਕਿਵੇਂ ਕਰੀਏ। ਇਹ ਵੀ ਨਹੀਂ ਹੋ ਸਕਦਾ ਹੈ ਕਿ ਇਹ ਰੂਰਲ ਸੈਨੀਟੇਸ਼ਨ ਦਾ ਪ੍ਰਾਜੈਕਟ ਲਾਗੂ ਹੋ ਜਾਵੇ। ਡਿਪਟੀ ਸਪੀਕਰ ਸਾਹਿਬ, ਜਿੱਥੋਂ ਤੱਕ ਫਾਈਨਾਂਸ ਦਾ ਸਬੰਧ ਹੈ, ਉਸ ਦੇ ਬਾਰੇ ਜਿੰਨੇ ਵੀ ਫੰਡਜ਼, ਰੂਰਲ ਡਿਵੈਲਪਮੈਂਟ ਮਨਿਸਟਰ ਕਹਿਣਗੇ, ਉਹ ਮਖ਼ਸੂਸ ਕਰਨ ਵਾਸਤੇ ਅਸੀਂ ਤਿਆਰ ਹਾਂ ਬਸ਼ਰਤੇ ਕਿ ਸਾਨੂੰ ਅਜਿਹਾ ਕੋਈ ਮਾਡਲ ਲੱਭ ਜਾਵੇ ਕਿ ਜਿਸ ਤਰ੍ਹਾਂ ਮੈਂ ਕਿਹਾ ਹੈ ਕਿ ਮਾਈਕਰੋ ਸੀਵੇਜ ਪਲਾਂਟ ਹਨ, ਉਹ ਬੜੇ ਮਹਿੰਗੇ ਆਉਂਦੇ ਹਨ ਅਤੇ ਬਿਜਲੀ ਦੀ ਜੋ ਰੈਕਰਿੰਗ ਕਾਸਟ ਹੈ, ਉਹ ਕਿਸ ਤਰ੍ਹਾਂ ਮਿਨੀਮਾਈਜ਼ ਹੋਵੇ? ਇੱਕ ਸੁਲਭ ਵਾਲਿਆਂ ਨੇ ਡੱਕਵੀਡ ਟੈਕਨਾਲੋਜੀ ਲਿਆਂਦੀ ਹੈ ਅਤੇ ਹੋਰ ਕਿਸਮ ਦੀਆਂ ਟੈਕਨਾਲੋਜੀਜ਼ ਹਨ। ਸਵਾਲ ਇਹ ਹੈ ਕਿ ਜੇਕਰ ਉਹ ਮਿਲ ਜਾਵੇ, ਉਹ ਮੰਤਰ ਸਾਨੂੰ ਮਿਲ ਜਾਵੇ ਤਾਂਕਿ ਪੰਜਾਬ ਇੱਕ ਸਾਫ਼-ਸੁਥਰਾ ਤੇ ਖੂਬਸੂਰਤ ਸੂਬਾ ਬਣੇ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਮੇਰੇ ਤੋਂ ਬਾਅਦ

Original with;
Punjab Vidhan Sabha
Digitized by;
Panjab Digital Library

ਜਿੰਨੇ ਵੀ ਸਪੀਕਰਜ਼ ਨੇ ਬੋਲਣਾ ਹੈ, ਉਹ ਇਸ ਦੇ ਬਾਰੇ ਕੋਈ ਨਾ ਕੋਈ ਦਾਰੂ ਜ਼ਰੂਰ ਦੱਸਣ ਕਿ ਇਸ ਨੂੰ ਕਿਸ ਤਰੀਕੇ ਦੇ ਨਾਲ ਠੀਕ ਕਰ ਸਕਦੇ ਹਾਂ। ਸੋ, ਮੈਂ ਆਪ ਜੀ ਦਾ ਇੱਕ ਵਾਰੀ ਫਿਰ ਧੰਨਵਾਦ ਕਰਦਾ ਹਾਂ ਕਿ ਆਪ ਜੀ ਨੇ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਬਹੁਤ ਬਹੁਤ ਧੰਨਵਾਦ।

*11.41 ਵਜੇ ਪੂਰਵ ਦੁਪਹਿਰ

(ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਡਾਕਟਰ ਦਲਬੀਰ ਸਿੰਘ (ਵੇਰਕਾ, ਐਸ.ਸੀ.)** : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਦੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਤੁਹਾਨੂੰ ਇੱਕ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਪੇਸ਼ ਕੀਤਾ ਗਿਆ ਹੈ, ਇਸ ਨੂੰ ਤੁਸੀਂ ਪਾਸ ਜ਼ਰੂਰ ਕਰਵਾਉਣਾ ਜੀ, ਇਸ ਨੂੰ ਬਹਿਸ ਤੱਕ ਹੀ ਸੀਮਤ ਨਾ ਰੱਖਿਆ ਜਾਵੇ। ਆਮ ਕਰਕੇ ਹਾਊਸ ਦੇ ਵਿੱਚ ਮਤੇ ਰੱਖਦੇ ਹਾਂ ਤੇ ਉਨ੍ਹਾਂ ਦੇ ਉਤੇ ਬੜੀ ਲੰਮੀ-ਚੌੜੀ ਬਹਿਸ ਕਰਦੇ ਰਹਿੰਦੇ ਹਾਂ ਲੇਕਿਨ ਉਨ੍ਹਾਂ ਨੂੰ ਹਾਊਸ ਵੱਲੋਂ ਪਾਸ ਨਹੀਂ ਕੀਤਾ ਜਾਂਦਾ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਨੂੰ ਪਾਸ ਜ਼ਰੂਰ ਕਰਵਾਇਆ ਜਾਵੇ ਕਿਉਂਕਿ ਇਹ ਦਿਹਾਤੀ ਏਰੀਏ ਦੀ ਬਹੁਤ ਅਹਿਮ ਪ੍ਰਾਬਲਮ ਹੈ। ਠੰਡਲ ਸਾਹਿਬ ਨੇ ਇਹ ਜੋ ਮਤਾ ਪੇਸ਼ ਕੀਤਾ ਹੈ, ਇਸ ਦੇ ਵਿੱਚ ਦੋ ਤਰ੍ਹਾਂ ਦੀਆਂ ਖਾਸ ਤੌਰ ਤੇ ਪ੍ਰਾਬਲਮਜ਼ ਹਨ। ਇਨ੍ਹਾਂ ਵਿੱਚੋਂ ਇੱਕ ਤਾਂ ਪਿੰਡਾਂ ਦੇ ਵਿੱਚ ਆਬਾਦੀ ਬਹੁਤ ਜ਼ਿਆਦਾ ਵਧ ਗਈ ਹੈ ਜਿਸ ਕਾਰਨ ਪਿੰਡਾਂ ਦੇ ਛੱਪੜਾਂ ਦੀ ਕਪੈਸਟੀ ਇੰਨੀ ਨਹੀਂ ਰਹੀ ਕਿ ਪਿੰਡ ਦੇ ਸਾਰੇ ਪਾਣੀ ਨੂੰ ਝੱਲ ਸਕਣ। ਦੂਜਾ ਆਮ ਕਰਕੇ ਪਿੰਡਾਂ ਦੇ ਵਿੱਚ ਵੇਖਿਆ ਗਿਆ ਹੈ ਕਿ ਜਿਹੜੇ ਛੱਪੜ ਹਨ, ਉਹ ਗਰੀਬ ਲੋਕਾਂ ਦੇ ਘਰਾਂ ਦੇ ਨੇੜੇ ਹਨ ਅਤੇ ਉਨ੍ਹਾਂ ਦੇ ਉੱਤੇ ਬਹੁਤ ਜ਼ਿਆਦਾ ਐਨਕਰੋਚਮੈਂਟ ਹੋਈ ਜਾਂਦਾ ਹੈ ਜਿਸ ਕਰਕੇ ਇਨ੍ਹਾਂ ਛੱਪੜਾਂ ਦਾ ਸਾਈਜ਼ ਘੱਟ ਗਿਆ ਹੈ। ਤੀਜਾ ਪਿੰਡਾਂ ਦੇ ਵਿੱਚ ਛੱਪੜਾਂ ਦੀ ਸਫ਼ਾਈ ਦਾ ਜੋ ਕੰਮ ਹੈ ਉਹ ਪ੍ਰਾਪਰ ਢੰਗ ਦੇ ਨਾਲ ਨਹੀਂ ਹੋ ਰਿਹਾ। ਬਹੁਤ ਸਾਰੇ ਮਹਿਕਮਿਆਂ ਵੱਲੋਂ ਛੱਪੜਾਂ ਲਈ ਪੈਸੇ ਦਿੱਤੇ ਜਾਂਦੇ ਹਨ, ਨਰੇਗਾ ਵਾਲੇ ਵੀ ਛੱਪੜਾਂ ਦੇ ਲਈ ਪੈਸਾ ਲਗਾ ਦਿੰਦੇ ਹਨ। ਇਸੇ ਤਰ੍ਹਾਂ ਜੇਕਰ ਰੂਰਲ ਡਿਵੈਲਪਮੈਂਟ ਵਿਭਾਗ ਵੱਲੋਂ ਪੈਸੇ ਆਉਂਦੇ ਹਨ ਤਾਂ ਉਹ ਵੀ ਉਸੇ ਛੱਪੜ ਦੇ ਉੱਤੇ ਖਰਾਬ ਕਰ ਦਿੰਦੇ ਹਨ। ਜੇਕਰ ਕਿਸੇ ਐਮ.ਪੀ.ਫੰਡ ਦੇ ਵਿੱਚੋਂ ਕੋਈ ਪੈਸਾ ਆਉਂਦਾ ਹੈ ਤਾਂ ਉਹ ਵੀ ਉਸੀ ਛੱਪੜ ਦੇ ਉੱਤੇ ਲਗਾਈ ਜਾਂਦੇ ਹਨ ਲੇਕਿਨ ਜਿਹੜੀ ਗੱਲ ਅਸਲ ਵਿੱਚ ਕਰਨ ਵਾਲੀ ਹੈ, ਉਹ ਛੱਪੜਾਂ ਦੀ ਨਿਸ਼ਾਨਦੇਹੀ ਕਰਵਾਉਣ ਵਾਲੀ ਹੈ। ਜਿਸ ਤਰ੍ਹਾਂ ਸਰਕਾਰ ਨੇ ਸੜਕਾਂ ਦੀ ਨਿਸ਼ਾਨਦੇਹੀ ਕਰਵਾਈ ਹੈ ਤੇ ਉਨ੍ਹਾਂ ਦੀ ਮਿਆਦ ਤੇ ਮਿਆਰ ਵਿੱਚ ਬਹੁਤ ਵਾਧਾ ਹੋਇਆ ਹੈ। ਇਸ ਦੇ ਲਈ ਦੋ ਗੱਲਾਂ ਹਨ ਕਿ ਜੇਕਰ ਪੰਚਾਇਤ ਉਸ ਦੇ ਲਈ ਥਾਂ ਦੇ ਦੇਵੇ ਤਾਂ ਉਸ ਨੂੰ ਪ੍ਰਾਪਰ ਢੰਗ ਦੇ ਨਾਲ ਬਾਹਰ ਕੱਢ ਦਿੱਤਾ ਜਾਵੇ ਅਤੇ ਉਹ ਵਾਇਬਲ ਹੋਣ ਤੇ ਉਨ੍ਹਾਂ ਨੂੰ ਨਾਲਿਆਂ

*Original with;*
Punjab Vidhan Sabha
*Digitized by;*
Panjab Digital Library

[ ਡਾਕਟਰ ਦਲਬੀਰ ਸਿੰਘ ]

ਦਾ ਪ੍ਰਾਪਰ ਅਪਰੋਚ ਦੇ ਸਕੀਏ। ਇਹ ਸਭ ਤੋਂ ਵਧੀਆ ਤਰੀਕਾ ਹੈ। ਜੇਕਰ ਕਿਸੇ ਪਿੰਡ ਦੇ ਵਿੱਚ ਇਹ ਪਾਸੀਬਲ ਨਹੀਂ ਹੈ ਤਾਂ ਜਿਹੜੇ ਛੱਪੜ ਹਨ ਉਨ੍ਹਾਂ ਦੀ ਪ੍ਰਾਪਰ ਖੁਦਾਈ ਕਰਵਾਈ ਜਾਵੇ। ਇਨ੍ਹਾਂ ਦੀ ਨਿਸ਼ਾਨਦੇਹੀ ਜਦੋਂ ਕਰਵਾਈ ਜਾਂਦੀ ਹੈ ਤਾਂ ਪਿੰਡਾਂ ਦੇ ਵਿੱਚ ਗਰੁੱਪਬਾਜ਼ੀ ਹੋਣ ਕਰਕੇ ਇੱਕ ਪਾਰਟੀ ਨਿਸ਼ਾਨਦੇਹੀ ਕਰਵਾਉਣ ਦੇ ਹੱਕ ਵਿੱਚ ਆ ਜਾਂਦੀ ਹੈ ਅਤੇ ਦੂਜੀ ਪਾਰਟੀ ਉਸ ਨੂੰ ਰੋਕਣ ਦੇ ਹੱਕ ਵਿੱਚ ਆ ਜਾਂਦੀ ਹੈ। ਜਿਸ ਤਰ੍ਹਾਂ ਸਰਕਾਰ ਨੇ ਡਰਾਵਾ ਦਿੱਤਾ ਸੀ ਕਿ ਜਿਹੜੀਆਂ ਸੜਕਾਂ ਦੇ ਦੋਹਾਂ ਪਾਸੇ ਉੱਤੇ ਨਿਸ਼ਾਨਦੇਹੀ ਕਰਵਾ ਕੇ ਬਰਮ ਨਹੀਂ ਛੱਡਣਗੇ ਜਾਂ ਮਿੱਟੀ ਨਹੀਂ ਪੁਆਉਣਗੇ ਤਾਂ ਉਨ੍ਹਾਂ ਸੜਕਾਂ ਉੱਤੇ ਮਿੱਟੀ ਪਾ ਕੇ ਸਰਕਾਰ ਉਨ੍ਹਾਂ ਦੇ ਕੋਲੋਂ ਪੈਸਾ ਰਿਕਵਰ ਕਰੇਗੀ, ਇਸ ਤਰ੍ਹਾਂ ਹੀ ਡਿਪਟੀ ਕਮਿਸ਼ਨਰਜ਼ ਨੂੰ ਹੁਕਮ ਕੀਤੇ ਜਾਣ ਕਿ ਹਰ ਪਿੰਡ ਵਿੱਚ ਜਿੱਥੇ-ਜਿੱਥੇ ਛੱਪੜ ਮੌਜੂਦ ਹਨ, ਉਨ੍ਹਾਂ ਦੀ ਪਰਾਪਰ ਨਿਸ਼ਾਨਦੇਹੀ ਕਰਕੇ ਉਨ੍ਹਾਂ ਦੀ ਖੁਦਾਈ ਕਰਾ ਕੇ, ਉਨ੍ਹਾਂ ਦੀਆਂ ਕੰਧਾਂ ਪੱਕੀਆਂ ਕੀਤੀਆਂ ਜਾਣ। ਇਸ ਦੇ ਨਾਲ-ਨਾਲ ਜਿਵੇਂ ਦੱਸਿਆ ਹੈ ਕਿ ਆਮ ਤੌਰ ਤੇ ਪੰਚਾਇਤ ਕੋਲ ਫੰਡ ਨਹੀਂ ਹੁੰਦੇ ਤਾਂ ਕਿ ਉਹ ਸਫਾਈ ਸੇਵਕ ਰੱਖ ਸਕਣ। ਇੱਥੇ ਵਿੱਤ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਮਾਈਕਰੋ ਸੀਵੇਜ ਸੈਨੀਟੇਸ਼ਨ ਪਲਾਂਟ ਨੂੰ ਚਲਾਉਣ ਵਾਲੇ ਜਿਹੜੇ ਯੂਨਿਟ ਹਨ, ਉਹ ਬਿਜਲੀ ਨਾਲ ਚੱਲਦੇ ਹਨ। ਪੰਚਾਇਤਾਂ ਕੋਲ ਇੰਨੇ ਫੰਡ ਨਹੀਂ ਹੁੰਦੇ ਕਿ ਉਹ ਬਿਜਲੀ ਦੇ ਬਿਲ ਦੇ ਸਕਣ। ਹੁਣ ਜਿੱਥੇ-ਜਿੱਥੇ ਪਿੰਡਾਂ ਵਿੱਚ ਰੂਰਲ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਡਿਪਾਰਟਮੈਂਟ ਨੇ ਵਾਟਰ ਟੈਂਕੀਆਂ ਬਣਾਈਆਂ ਹਨ, ਪਾਣੀ ਦਾ ਪ੍ਰਬੰਧ ਕੀਤਾ ਹੈ, ਪੰਚਾਇਤ ਨੂੰ ਹੀ ਉਸ ਦਾ ਬਿਲ ਦੇਣਾ ਪੈਂਦਾ ਹੈ। ਇਸੇ ਤਰ੍ਹਾਂ ਹੀ ਰੂਰਲ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਡਿਪਾਰਟਮੈਂਟ ਨੇ ਸਕੀਮ ਰੱਖੀ ਹੈ ਕਿ ਪਿੰਡਾਂ ਵਿੱਚ ਸੀਵਰੇਜ ਪੈ ਸਕਦਾ ਹੈ। ਉਸ ਨੂੰ ਚਲਾਉਣ ਵਾਸਤੇ ਖ਼ਰਚਾ ਵੀ ਪੰਚਾਇਤਾਂ ਨੂੰ ਹੀ ਬੀਅਰ ਕਰਨਾ ਪੈਣਾ ਹੈ। ਡਿਪਾਰਟਮੈਂਟ ਦੀ ਪਲਾਨ ਮੁਤਾਬਿਕ ਜਿਹੜਾ ਸੀਵਰੇਜ ਦਾ ਪਾਣੀ ਹੋਵੇਗਾ ਉਹ ਇਨ੍ਹਾਂ ਐਗਜਿਸਟਿੰਗ ਛੱਪੜਾਂ ਵਿੱਚ ਹੀ ਪਾਇਆ ਜਾਣਾ ਹੈ। ਉਸ ਵਿੱਚ ਵਾਟਰ ਟ੍ਰੀਟਮੈਂਟ ਪਲਾਂਟ ਲੱਗਣਾ ਹੈ। ਵਾਟਰ ਹਾਰਵੈਸਟਿੰਗ ਯੂਨਿਟ ਵੀ ਉਸ ਉੱਪਰ ਸਥਾਪਿਤ ਹੋਣਾ ਹੈ ਜਿਸ ਤੋਂ ਸਾਫ਼ ਕੀਤਾ ਪਾਣੀ ਆਪਾਂ ਖੇਤਾਂ ਨੂੰ ਦੇ ਸਕਦੇ ਹਾਂ। ਮੇਰੀ ਸਬਮਿਸ਼ਨ ਇਹ ਹੈ ਕਿ ਛੱਪੜਾਂ ਦੀ ਖੁਦਾਈ ਕਰਨ ਤੋਂ ਬਾਅਦ ਇਨ੍ਹਾਂ ਦੀਆਂ ਕੰਧਾਂ ਪੱਕੀਆਂ ਕਰਨ ਤੋਂ ਬਾਅਦ ਹੀ ਉਸ ਵਿੱਚ ਵਾਟਰ ਹਾਰਵੈਸਟਿੰਗ ਯੂਨਿਟ ਲਾਇਆ ਜਾਵੇ ਜਾਂ ਇਹ ਪਲਾਨ ਵਿੱਚ ਆਵੇ, ਇੱਥੇ ਵਿੱਤ ਮੰਤਰੀ ਸਾਹਿਬ ਬੈਠੇ ਹਨ, ਇਨ੍ਹਾਂ ਕੋਲ ਪਲਾਨਿੰਗ ਦਾ ਮਹਿਕਮਾ ਵੀ ਹੈ। ਪਿੰਡਾਂ ਵਿੱਚ ਜਿਹੜੇ ਛੱਪੜ ਹਨ, ਇਹ ਪ੍ਰਾਪਰ ਢੰਗ ਨਾਲ ਰੂਰਲ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਡਿਪਾਰਟਮੈਂਟ ਨੂੰ ਹੈਂਡ ਓਵਰ ਕੀਤੇ ਜਾਣ। ਉਹ ਜਿੱਥੇ ਆਪਣੇ ਸੀਵਰੇਜ ਯੂਨਿਟ ਲਾਉਂਦੇ ਹਨ, ਉੱਥੇ ਨਾਲ ਹੀ ਵਾਟਰ ਹਾਰਵੈਸਟਿੰਗ ਯੂਨਿਟ ਵੀ ਲਗਾਉਂਦੇ ਹਨ। ਉਹ ਪਿੰਡਾਂ ਦੇ ਛੱਪੜਾਂ ਵਿੱਚ ਇਹ ਦੋਵੇਂ ਯੂਨਿਟ ਲਗਾਉਣ ਤਾਂ ਕਿ ਉਹ ਪਾਣੀ ਅੱਗੇ ਖੇਤਾਂ ਵਿੱਚ ਵਰਤਿਆ ਜਾ ਸਕੇ ਅਤੇ ਅਸੀਂ ਗੰਦਗੀ ਤੋਂ ਵੀ ਬਚ ਸਕੀਏ। ਇਸ ਲਈ ਇਨ੍ਹਾਂ ਛੱਪੜਾਂ ਦੀ ਪ੍ਰਾਪਰ ਨਿਸ਼ਾਨਦੇਹੀ ਕਰਾ ਕੇ, ਇਨ੍ਹਾਂ ਨੂੰ ਡੂੰਘਾ ਕਰਵਾ ਕੇ ਇਸ ਦੀਆਂ ਕੰਧਾਂ

Original with;
Punjab Vidhan Sabha
Digitized by;
Panjab Digital Library

ਪੱਕੀਆਂ ਕੀਤੀਆਂ ਜਾਣ ਤਾਂ ਕਿ ਛੱਪੜ ਵਿੱਚ ਜਿਹੜਾ ਪਾਣੀ ਭਰ ਜਾਂਦਾ ਹੈ, ਉਹ ਲਾਗਲੇ ਖੇਤਾਂ ਵਿੱਚ ਨਾ ਜਾਵੇ ਅਤੇ ਨਾ ਹੀ ਪਿੰਡ ਦੀਆਂ ਗਲੀਆਂ-ਨਾਲੀਆਂ ਤੱਕ ਪਹੁੰਚੇ। ਇਸ ਨਾਲ ਬੜੀ ਪ੍ਰਾਬਲਮ ਹੋ ਜਾਂਦੀ ਹੈ। ਇਹ ਪ੍ਰਾਬਲਮ ਇਸ ਕਰਕੇ ਹੁੰਦੀ ਹੈ ਕਿਉਂਕਿ ਅਸੀਂ ਪਿੰਡਾਂ ਦੇ ਛੱਪੜ ਪਿੰਡ ਦੀ ਪੰਚਾਇਤ ਉੱਪਰ ਛੱਡੇ ਹੁੰਦੇ ਹਨ। ਜਿਹੜੇ ਪੰਚਾਇਤ ਦੇ ਸਰਪੰਚ ਹੁੰਦੇ ਹਨ, ਉਹ ਦੋਵੇਂ ਧਿਰਾਂ ਦੇ ਹੱਕ ਵਿੱਚ ਹੁੰਦੇ ਹਨ। ਜਦੋਂ ਕੋਈ ਇਸ ਤਰ੍ਹਾਂ ਦੀ ਪ੍ਰਾਬਲਮ ਆਉਂਦੀ ਹੈ ਜੇ ਛੱਪੜ ਨੂੰ ਡੂੰਘਾ ਕਰਵਾਉਣਾ ਹੋਵੇ ਜਾਂ ਉਸ ਦੀ ਨਿਸ਼ਾਨਦੇਹੀ ਕਰਵਾਉਣੀ ਹੋਵੇ ਤਾਂ ਸਰਪੰਚ ਕੈਪੇਬਲ ਨਹੀਂ ਹੁੰਦਾ ਕਿ ਉਹ ਜੁਰਅਤ ਨਾਲ ਇਹ ਕੰਮ ਕਰਵਾ ਸਕੇ। ਮੇਰੀ ਬੇਨਤੀ ਹੈ ਕਿ ਨਿਸ਼ਾਨਦੇਹੀ ਆਦਿ ਕਰਵਾਉਣ ਦੀ ਜ਼ਿੰਮੇਵਾਰੀ ਆਪਾਂ ਪੱਕੇ ਤੌਰ ਤੇ ਡੀ.ਸੀਜ਼. ਨੂੰ ਦੇਈਏ ਤਾਂ ਹੀ ਇਹ ਕੰਮ ਸਿਰੇ ਚੜ੍ਹ ਸਕਦਾ ਹੈ। ਮੈਨੂੰ ਪਤਾ ਹੈ ਕਿ ਜਿਹੜੀ ਰੂਰਲ ਵਾਟਰ ਸਪਲਾਈ ਸਕੀਮ ਹੈ ਇਹ ਵਰਲਡ ਬੈਂਕ ਦੀ ਸਕੀਮ ਹੈ ਪਰ ਰਾਜ ਸਰਕਾਰ ਆਪਣੇ ਤੌਰ ਤੇ ਕੋਈ ਅਜਿਹਾ ਸਿਸਟਮ ਮੁਹੱਈਆ ਕਰਵਾਵੇ ਤਾਂ ਕਿ ਜਿਹੜੀ ਇਹ ਪਿੰਡਾਂ ਵਿੱਚ ਛੱਪੜਾਂ ਦੀ ਪ੍ਰਾਬਲਮ ਹੈ ਇਹ ਪੱਕੇ ਤੌਰ ਤੇ ਹੱਲ ਹੋ ਸਕੇ। ਰੂਰਲ ਡਿਵੈਲਪਮੈਂਟ ਵਿਭਾਗ ਨੂੰ ਵੀ ਇੰਸਟ੍ਰਕਸ਼ਨਜ਼ ਦਿੱਤੀਆਂ ਜਾਣ ਤਾਂ ਕਿ ਇਸ ਦੇ ਨਾਲ ਪੰਚਾਇਤ ਕਾਬਲ ਹੋ ਸਕੇ ਅਤੇ ਪਿੰਡ ਦੀਆਂ ਗਲੀਆਂ-ਨਾਲੀਆਂ ਦੀ ਸਫ਼ਾਈ ਵਾਸਤੇ ਉਹ ਵੀ 1-2 ਸੇਵਾਦਾਰਾਂ ਦੀ ਤਨਖਾਹ ਬੀਅਰ ਕਰ ਸਕੇ। ਇਸ ਤਰ੍ਹਾਂ ਦਾ ਕੋਈ ਸਿਸਟਮ ਅਪਣਾਉਣ ਦੀ ਮੈਂ ਬੇਨਤੀ ਕਰਦਾ ਹਾਂ। ਮਾਨਯੋਗ ਸਪੀਕਰ ਸਾਹਿਬ, ਜਿਹੜੇ ਫੰਡ ਦਿੱਤੇ ਜਾਂਦੇ ਹਨ, ਉਹ 2-3 ਏਜੰਸੀਆਂ ਵੱਲੋਂ ਹੀ ਉੱਥੇ ਲਾਏ ਜਾਂਦੇ ਹਨ। 2-3 ਸਾਲਾਂ ਬਾਅਦ ਵੀ ਅਸੀਂ ਦੇਖਦੇ ਹਾਂ ਕਿ ਜਿਹੜੀ ਪ੍ਰਾਬਲਮ ਅਸੀਂ 10 ਸਾਲ ਪਹਿਲਾਂ ਦੇਖੀ ਸੀ, ਪੁਜ਼ੀਸ਼ਨ ਉਸੇ ਤਰ੍ਹਾਂ ਹੀ ਹੈ। ਇਸ ਕਰਕੇ ਕੋਈ ਇਹੋ ਜਿਹੀ ਏਜੰਸੀ ਹੋਵੇ ਜਿਹੜੀ ਪਰਾਪਰ ਢੰਗ ਦੇ ਨਾਲ ਦੇਖੇ ਕਿ ਕਿੰਨੇ ਪੈਸੇ ਉੱਥੇ ਆਏ ਹਨ ਅਤੇ ਕਿਵੇਂ ਵਰਤੇ ਗਏ ਹਨ। ਉਨ੍ਹਾਂ ਨੂੰ ਚੈੱਕ ਕਰ ਸਕੇ ਅਤੇ ਛੱਪੜ ਦੀ ਦੇਖਭਾਲ ਪਰਾਪਰ ਢੰਗ ਨਾਲ ਪੂਰੀ ਹੋ ਸਕੇ। ਮੈਂ ਇਸ ਰੈਜ਼ੋਲਿਊਸ਼ਨ ਲਈ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਛੱਪੜਾਂ ਦੀ ਸੰਭਾਲ ਹੈ, ਜਿਹੜੇ ਪਹਿਲਾਂ ਐਗਜ਼ਿਸਟਿੰਗ ਛੱਪੜ ਹਨ, ਉਨ੍ਹਾਂ ਦੀ ਪਰਾਪਰ ਦੇਖਭਾਲ ਹੋਵੇ, ਉਨ੍ਹਾਂ ਦੀ ਪਰਾਪਰ ਨਿਸ਼ਾਨਦੇਹੀ ਹੋਵੇ ਅਤੇ ਜਿਵੇਂ ਇਹ ਪਹਿਲਾਂ ਪਿੰਡਾਂ ਦੇ ਵਿੱਚ ਆਪਣੀ ਹੋਂਦ ਰੱਖਦੇ ਸਨ, ਉਸੇ ਤਰ੍ਹਾਂ ਆਪਣੀ ਹੋਂਦ ਰੱਖਣ, ਇਨ੍ਹਾਂ ਦੀ ਸਹੀ ਵਰਤੋਂ ਹੋਵੇ। ਆਪਾਂ ਛੱਪੜਾਂ ਤੋਂ ਡੰਗਰਾਂ ਨੂੰ ਪਾਣੀ ਪਿਲਾ ਸਕਦੇ ਹਾਂ ਜਾਂ ਇਨ੍ਹਾਂ ਦਾ ਪਾਣੀ ਵਾਟਰ ਹਾਰਵੈਸਟਿੰਗ ਯੂਨਿਟ ਲਗਾ ਕੇ ਵਰਤਿਆ ਜਾ ਸਕਦਾ ਹੈ। ਇਹ ਛੱਪੜ ਅੱਜ ਕੱਲ੍ਹ ਬਹੁਤ ਸਾਰੇ ਪਿੰਡਾਂ ਵਿੱਚ ਲੱਗਭੱਗ ਖਤਮ ਹੀ ਹੋਣ ਲੱਗ ਪਏ ਹਨ। ਕਈ ਪਿੰਡਾਂ ਕੋਲ ਅਲਟਰਨੇਟਿਵ ਲੈਂਡ ਨਹੀਂ ਹੈ। ਜਿਹੜੀਆਂ ਨਿੱਕੀਆਂ-ਨਿੱਕੀਆਂ ਨਵੀਆਂ ਪੰਚਾਇਤਾਂ ਬਣੀਆਂ ਹਨ, ਉਨ੍ਹਾਂ ਕੋਲ ਆਪਣੀ ਲੈਂਡ ਨਹੀਂ ਹੈ ਜਿਸ ਕਰਕੇ ਉਹ ਨਵੇਂ ਤਰੀਕੇ ਨਾਲ ਛੱਪੜ ਯੂਜ਼ ਕਰ ਸਕਣ ਜਾਂ ਵਾਟਰ ਡਿਸਪੋਜ਼ਲ ਟੈਂਕ ਬਣਾਉਣ ਤੋਂ ਅਸਮਰੱਥ ਹਨ। ਸੋ, ਇਨ੍ਹਾਂ ਦੀ ਹੋਂਦ ਬਣਾਈ ਰੱਖਣਾ ਅਤੇ ਇਨ੍ਹਾਂ ਦੀ

Original with;
Punjab Vidhan Sabha
Digitized by;
Panjab Digital Library

[ ਡਾਕਟਰ ਦਲਬੀਰ ਸਿੰਘ ]

ਪਰਾਪਰ ਤਰੀਕੇ ਨਾਲ ਰਾਖੀ ਕਰਨ ਲਈ ਰੂਰਲ ਡਿਵੈਲਪਮੈਂਟ ਮਹਿਕਮੇ ਨੂੰ ਇਸ ਵੱਲ ਧਿਅਨ ਦੇਣਾ ਚਾਹੀਦਾ ਹੈ ਤਾਂ ਕਿ ਜਿਹੜੀ ਬਹੁਤ ਵੱਡੀ ਪ੍ਰਾਬਲਮ ਸੈਨੀਟੇਸ਼ਨ ਦੀ ਹੈ, ਵਾਟਰ ਡਿਸਪੋਜ਼ਲ ਦੀ ਜੋ ਪ੍ਰਾਬਲਮ ਹੈ, ਇਹ ਹੱਲ ਹੋ ਸਕੇ। ਇਹ ਤਾਂ ਹੀ ਹੱਲ ਹੋ ਸਕਦੀ ਹੈ ਜੇ ਸਰਕਾਰ ਇਨ੍ਹਾਂ ਵੱਲ ਧਿਆਨ ਦੇਵੇਗੀ। ਸਪੀਕਹ ਸਾਹਿਬ, ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਮੁੱਦੇ ਤੇ ਬੋਲਣ ਦਾ ਟਾਈਮ ਦਿੱਤਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ।

**ਮਾਨਯੋਗ ਸਪੀਕਰ** : ਸ਼੍ਰੀ ਜਗਦੀਸ਼ ਸਾਹਨੀ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ):** ਮਾਨਯੋਗ ਸਪੀਕਰ ਸਾਹਿਬ, ਜੋ ਮਤਾ ਠੰਡਲ ਸਾਹਿਬ ਨੇ ਲਿਆਂਦਾ ਹੈ, ਇਸ ਦੀ ਜਿੰਨੀ ਵੀ ਪ੍ਰੋੜ੍ਹਤਾ ਕੀਤੀ ਜਾਵੇ, ਉਹ ਥੋੜ੍ਹੀ ਹੈ। ਅੱਜ ਐਸਾ ਸਮਾਂ ਆ ਗਿਆ ਹੈ, ਖਾਸ ਕਰਕੇ ਸਾਡੇ ਪੰਜਾਬ ਵਿੱਚ, ਇਸ ਨੂੰ ਭਾਵੇਂ ਕੁਦਰਤੀ ਕਰੋਪੀ ਕਹਿ ਲਈਏ, ਇਸ ਕਰੋਪੀ ਦਾ ਮੁੱਖ ਕਾਰਨ ਜੋ ਹੈ, ਉਹ ਛੱਪੜਾਂ ਦਾ ਨਾ ਹੋਣਾ ਹੈ। ਛੱਪੜਾਂ ਤੇ ਨਾਜਾਇਜ਼ ਕਬਜ਼ੇ ਹੋਣਾ ਹੈ। ਕਿਉਂਕਿ ਜਿੰਨਾ ਵੀ ਅਸੀਂ ਮਾਡਰਨ ਤਰੀਕੇ ਨਾਲ ਚਲੀਏ ਇਸ ਤੇ ਵੀ ਸੈੱਟ-ਬੈਕ ਪਹੁੰਚਦਾ ਹੈ। ਇਸੇ ਕਰਕੇ ਜੋ ਸਾਡੇ ਪੁਰਖਿਆਂ ਨੇ ਆਪਣੇ ਸਮੇਂ ਦੌਰਾਨ ਛੱਪੜ ਬਣਾਏ ਸਨ, ਉਨ੍ਹਾਂ ਰਾਹੀਂ ਪਾਣੀ ਇਕੱਠਾ ਹੁੰਦਾ ਸੀ ਅਤੇ ਜ਼ਮੀਨਾਂ ਨੂੰ ਆਹਿਸਤਾ-ਆਹਿਸਤਾ ਪਾਣੀ ਪਹੁੰਚਦਾ ਰਹਿੰਦਾ ਸੀ। ਸੋਕੇ ਦੀ ਪ੍ਰਾਬਲਮ ਬਾਰੇ ਤਾਂ ਪੰਜਾਬ ਵਾਸੀਆਂ ਨੇ ਕਦੇ ਸੋਚਿਆ ਵੀ ਨਹੀਂ ਸੀ। ਪੰਜਾਬ ਵਿੱਚ ਪਾਣੀ ਦਾ ਲੈਵਲ ਇੰਨਾ ਥੱਲੇ ਚਲਾ ਜਾਵੇਗਾ ਅਤੇ ਸੋਕੇ ਵਰਗੀ ਹਾਲਤ ਪੰਜਾਬ ਵਿੱਚ ਹੋ ਜਾਵੇਗੀ, ਇਹ ਪਹਿਲਾਂ ਕਦੇ ਚਿੱਤ ਚੇਤੇ ਵੀ ਨਹੀਂ ਸੀ। ਸਪੀਕਰ ਸਾਹਿਬ, ਅਸੀਂ ਹੀ ਨਹੀਂ ਸਾਰੀ ਦੁਨੀਆਂ ਮੰਨਦੀ ਹੈ ਕਿ ਅਸੀਂ ਆਪਣੇ ਮੁਫਾਦ ਲਈ, ਆਪਣੇ ਕਬਜ਼ਿਆਂ ਲਈ, ਸਭ ਤੋਂ ਵੱਡੀ ਕਮਜ਼ੋਰੀ ਹਾਂ ਜੋ ਕਿ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਲੋਕਾਂ ਨੇ ਨਾਜਾਇਜ਼ ਕਬਜ਼ੇ ਕਰਕੇ ਜ਼ਮੀਨਾਂ ਨੂੰ ਅਤੇ ਛੱਪੜਾਂ ਨੂੰ ਆਪਣੇ ਕੋਠੇ ਬਣਾਉਣ ਵਾਸਤੇ ਇਸਤੇਮਾਲ ਕੀਤਾ ਹੈ। ਜਿਹੜਾ ਬੰਦਾ ਜਿੰਨਾ-ਜਿੰਨਾ ਵਜੂਦ ਰੱਖਦਾ ਸੀ, ਉਸ ਨੇ ਉਨਾ-ਉਨਾ ਕਬਜ਼ਾ ਕਰਕੇ ਤਕਰੀਬਨ ਪੰਜਾਬ ਦੇ ਸਾਰੇ ਛੱਪੜ ਮੁਕਾ ਦਿੱਤੇ ਹਨ। ਇਹ ਛੱਪੜ ਸਿਰਫ ਪਿੰਡਾਂ ਵਿੱਚ ਹੀ ਨਹੀਂ ਮੁੱਕੇ ਸਗੋਂ ਸ਼ਹਿਰਾਂ ਵਿੱਚ ਵੀ ਬਾਗ ਅਤੇ ਪੈਲੀਆਂ ਮੁੱਕ ਗਈਆਂ ਹਨ, ਛੱਪੜ ਮੁੱਕ ਗਏ ਹਨ। ਆਹਿਸਤਾ-ਆਹਿਸਤਾ ਲੋਕਾਂ ਨੇ ਆਪਣੇ ਆਪ ਹੀ ਇਨ੍ਹਾਂ ਨੂੰ ਮੁਕਾਇਆ ਹੈ। ਅਸੀਂ ਮੂਕ ਦਰਸ਼ਕ ਬਣ ਕੇ ਰਹਿ ਗਏ। ਇਸ ਦਾ ਸਿੱਟਾ ਕੀ ਨਿਕਲਿਆ? ਇਸ ਦੇ ਸਿੱਟੇ ਵਜੋਂ ਗਲੋਬਲ ਵਾਰਮਿੰਗ ਦਾ ਮਸਲਾ ਸਾਹਮਣੇ ਆ ਗਿਆ ਹੈ, ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਦੀਆਂ ਕਰੋਪੀਆਂ ਸਾਹਮਣੇ ਆ ਰਹੀਆਂ ਹਨ। ਸਭ ਤੋਂ ਵੱਡਾ ਕਾਰਨ ਹੈ ਕਿ ਪਾਣੀ ਦੀ ਸਟੋਰੇਜ ਨਹੀਂ ਹੈ। ਰਾਜਸਥਾਨ ਦੇ ਵਿੱਚ ਪਾਣੀ ਮੁੱਕ ਗਿਆ ਸੀ। ਮੈਂ ਪੜ੍ਹਿਆ ਹੈ, ਰਾਜਸਥਾਨ ਕੈਨਾਲ ਦਾ ਇੱਕ ਐਸ.ਡੀ.ਓ. ਸੀ, ਉਸ ਨੇ ਪੱਥਰ ਇਕੱਠੇ ਕਰਕੇ ਰਾਜਸਥਾਨ ਵਿੱਚ ਟੋਭੇ ਬਣਾਉਣੇ ਸ਼ੁਰੂ ਕੀਤੇ। ਉਹ ਅੱਜ

Original with;
Punjab Vidhan Sabha
Digitized by;
Panjab Digital Library

ਬਾਬੇ ਦੇ ਨਾਂ ਨਾਲ ਮਸ਼ਹੂਰ ਹੈ। ਉਸ ਨੂੰ ਲੋਕ ਪਾਣੀ ਦਾ ਬਾਬਾ ਕਹਿੰਦੇ ਹਨ। ਉਹ ਜਿੱਥੇ ਵੀ ਜਾਂਦਾ ਹੈ, ਲੋਕ ਨਾਲ ਰਲਦੇ ਹਨ ਅਤੇ ਕਾਰ ਸੇਵਾ ਕਰਕੇ ਇਸ ਤਰ੍ਹਾਂ ਕਰਦੇ ਹਨ। ਇਸ ਤਰ੍ਹਾਂ ਕਰਕੇ ਉਸ ਨੇ ਰਾਜਸਥਾਨ ਦਾ ਮੌਸਮ ਚੇਂਜ ਕਰ ਦਿੱਤਾ ਹੈ। ਪਰ ਅਸੀਂ ਲੋਕ ਆਪਣੇ ਪੰਜਾਬ ਨੂੰ ਰਾਜਸਥਾਨ ਵੱਲ ਲਿਜਾ ਰਹੇ ਹਾਂ, ਉਹ ਵੀ ਬਿਨਾ ਵਜ੍ਹਾ। ਦੁਨੀਆਂ ਵਿੱਚ ਕਿਤੇ ਬਾਹਰ ਚਲੇ ਜਾਓ। ਕੈਨੇਡਾ ਵਿੱਚ ਚਲੇ ਜਾਓ। ਉੱਥੇ ਜਿੱਥੇ ਫਾਰਮਿੰਗ ਹੁੰਦੀ ਹੈ, ਉੱਥੇ 10-20 ਕਿੱਲਿਆਂ ਦੇ ਨਾਲ-ਨਾਲ ਪੌਂਡ ਵੀ ਬਣਾਏ ਹੋਏ ਹਨ ਜਿਨ੍ਹਾਂ ਵਿੱਚ ਬਾਰਸ਼ਾਂ ਦਾ ਪਾਣੀ ਆਉਂਦਾ ਹੈ ਅਤੇ ਉੱਥੇ ਜਮ੍ਹਾਂ ਕੀਤਾ ਜਾਂਦਾ ਹੈ। ਡ੍ਰਿੱਪ ਇਰੀਗੇਸ਼ਨ ਸਕੀਮ ਨਾਲ ਹਾਰਵੈਸਟਿੰਗ ਕਰਕੇ, ਮੋਟਰ ਪੰਪ ਚਲਾ ਕੇ ਉੱਥੇ ਕੰਮ ਚਲਦਾ ਹੈ। ਉੱਥੇ ਬਿਜਲੀ ਦਾ ਇਸਤੇਮਾਲ ਨਹੀਂ ਕਰਦੇ। ਬਾਹਰਲੇ ਲੋਕਾਂ ਨੂੰ ਪਾਣੀ ਦੀ ਮਹੱਤਤਾ ਬਾਰੇ ਬਹੁਤ ਪਤਾ ਹੈ। ਉਨ੍ਹਾਂ ਨੇ ਕਦੇ ਪਾਣੀ ਦਾ ਗਲਤ ਤਰੀਕੇ ਨਾਲ ਬੋਰ ਕਰਕੇ ਇਸਤੇਮਾਲ ਨਹੀਂ ਕੀਤਾ। ਮੈਨੂੰ ਕੈਨੇਡਾ ਜਾਣ ਦਾ ਮੌਕਾ ਮਿਲਿਆ ਸੀ। ਮੈਂ ਹੈਰਾਨ ਰਹਿ ਗਿਆ ਕਿ ਉੱਥੇ ਬੋਰ ਕਰਨ ਦੀ ਆਗਿਆ ਹੀ ਨਹੀਂ ਹੈ। ਜੇਕਰ ਤੁਸੀਂ ਬੋਰ ਕਰਨਾ ਹੈ ਤਾਂ ਪਹਿਲਾਂ ਪਰਮਿਸ਼ਨ ਸੀਕ ਕਰਨੀ ਪੈਂਦੀ ਹੈ। ਪਰਮਿਸ਼ਨ ਲੈ ਕੇ ਤੁਸੀਂ ਬੋਰ ਕਰੋਗੇ। ਫਿਰ ਉੱਥੇ ਲੋਕਲ ਮਿਉਂਸਪਲ ਬਾਡੀ ਜਾਂ ਸਰਕਾਰ ਕੋਲੋਂ ਉਸ ਨੂੰ ਚਲਾਉਣ ਦੇ ਟਾਇਮਿੰਗ ਲੈਣੇ ਪੈਂਦੇ ਹਨ। ਮਹਿਕਮਾ ਚਲਾਉਣ ਦੇ ਟਾਇਮਿੰਗ ਦਿੰਦਾ ਹੈ। ਉਸ ਟਾਈਮ ਵਿੱਚ ਵੀ ਮੈਂ ਦੇਖਿਆ ਕਿ ਬਹੁਤੇ ਲੋਕ ਉਸ ਨੂੰ ਨਹੀਂ ਚਲਾਉਂਦੇ ਅਤੇ ਬਹੁਤ ਮੁਸ਼ਕਲ ਪਏ ਤਾਂ ਉਹ ਇਸ ਨੂੰ ਇਸਤੇਮਾਲ ਕਰਦੇ ਹਨ। ਉਨ੍ਹਾਂ ਨੇ ਜ਼ਮੀਨਾਂ ਵਿੱਚ ਪੌਂਡਜ਼ ਬਣਾਏ ਹਨ, ਉਨ੍ਹਾਂ ਨੂੰ ਡ੍ਰਿੱਪ ਕਹਿੰਦੇ ਹਨ। ਉਸ ਦੇ ਪਾਣੀ ਨਾਲ ਹੀ ਉਹ ਫਸਲਾਂ ਨੂੰ ਪਾਣੀ ਦਿੰਦੇ ਹਨ ਅਤੇ ਉਨ੍ਹਾਂ ਦੀਆਂ ਫਸਲਾਂ ਵੀ ਬਹੁਤ ਸ਼ਾਨਦਾਰ ਹੁੰਦੀਆਂ ਹਨ। ਇਹ ਸਾਡੇ ਪੰਜਾਬੀ ਭਰਾਵਾਂ ਨੇ ਹੀ ਉੱਥੇ ਕੀਤਾ ਹੈ। ਪਰ ਉਹੀ ਪੰਜਾਬੀ ਭਰਾ ਜਦ ਸਾਡੇ ਪੰਜਾਬ ਆਉਂਦੇ ਹਨ ਤਾਂ ਇੱਥੇ ਆ ਕੇ ਕੀ ਹਸ਼ਰ ਕਰਦੇ ਹਨ, ਅਸੀਂ ਦੇਖ ਹੀ ਰਹੇ ਹਾਂ ਕਿ ਕੋਈ ਛੱਪੜ ਕਿਸੇ ਥਾਂ ਤੇ ਹੁਣ ਨਹੀਂ ਰਿਹਾ। ਮੈਂ ਠੰਡਲ ਸਾਹਿਬ ਦੀ ਇਸ ਗੱਲ ਨਾਲ ਬਿਲਕੁਲ ਸਹਿਮਤ ਨਹੀਂ ਹਾਂ ਕਿ ਛੱਪੜਾਂ ਨੂੰ ਚੁੱਕ ਕੇ ਪਿੰਡਾਂ ਤੋਂ ਬਾਹਰ ਲੈ ਜਾਣ। ਛੱਪੜ ਲੋਕਾਂ ਦੀ ਸਹੂਲਤਾਂ ਲਈ ਬਣਾਏ ਗਏ ਸਨ। ਅੱਜ ਇਹ ਬਣ ਗਿਆ ਹੈ ਕਿ ਆਬਾਦੀ ਜ਼ਿਆਦਾ ਹੋ ਗਈ ਹੈ, ਇਸ ਲਈ ਛੱਪੜਾਂ ਨੂੰ ਚੁੱਕ ਕੇ ਪਿੰਡਾਂ ਤੋਂ ਬਾਹਰ ਲੈ ਜਾਈਏ ਪਰ ਛੱਪੜ ਨੂੰ ਬਾਹਰ ਲਿਜਾਣ ਦਾ ਫਾਇਦਾ ਨਹੀਂ। ਛੱਪੜ ਨੂੰ ਉੱਥੇ ਹੀ ਸਾਫ ਕਰਨਾ ਚਾਹੀਦਾ ਹੈ। ਇਹ ਵੀ ਨਹੀਂ ਚਾਹੀਦਾ ਕਿ ਅਸੀਂ ਉਸਦੀ ਚਾਰ ਦੀਵਾਰੀ ਪੱਕੀ ਕਰੀਏ, ਉਸ ਦੀ ਆਉਟਲਾਇਨਿੰਗ ਜ਼ਰੂਰ ਕਰਨੀ ਚਾਹੀਦੀ ਹੈ ਤਾਂਕਿ ਪਾਣੀ ਸਿਮ ਕੇ ਜ਼ਮੀਨਾਂ ਤੱਕ ਪਹੁੰਚੇ ਅਤੇ ਸਾਨੂੰ ਸੋਕੇ ਦਾ ਮੁਕਾਬਲਾ ਨਾ ਕਰਨਾ ਪਵੇ। ਅੱਜ ਛੱਪੜਾਂ ਦੀ ਜ਼ਰੂਰਤ ਬਹੁਤ ਜ਼ਿਆਦਾ ਵਧ ਗਈ ਹੈ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਿਨ੍ਹਾਂ ਲੋਕਾਂ ਨੇ ਛੱਪੜਾਂ ਤੇ ਕਬਜ਼ੇ ਕੀਤੇ ਹੋਏ ਹਨ ਚਾਹੇ ਕੋਈ ਵੀ ਹੈ, ਉਹ ਛੁਡਾਉਣੇ ਚਾਹੀਦੇ ਹਨ। ਵਾਰ-ਵਾਰ ਇਹੀ ਗੱਲ ਕੀਤੀ ਜਾਂਦੀ ਹੈ ਕਿ ਇਸ ਤੇ ਕਿਸੇ ਗਰੀਬ ਬੰਦੇ ਨੇ ਕਬਜ਼ਾ ਕੀਤਾ

Original with;
Punjab Vidhan Sabha
Digitized by;
Panjab Digital Library

[ ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ ]

ਹੈ, ਫਲਾਣੀ ਜਾਤੀ ਨੇ ਕਬਜ਼ਾ ਕਰ ਲਿਆ ਹੈ ਜਾਂ ਫਲਾਣੀ ਆਬਾਦੀ ਨੇ ਕਬਜ਼ਾ ਕਰ ਲਿਆ ਹੈ, ਇਨ੍ਹਾਂ ਛੱਪੜਾਂ ਤੋਂ ਕਬਜ਼ਾ ਹਟਵਾ ਕੇ ਅਤੇ ਸਾਫ਼ ਕਰਾ ਕੇ ਪਿੰਡਾਂ ਦੇ ਲੋਕਾਂ ਨੂੰ ਦੇਣੇ ਚਾਹੀਦੇ ਹਨ। ਅੱਜ ਗੱਲ ਹੋਈ ਹੈ ਕਿ ਛੱਪੜਾਂ ਨੂੰ ਪਿੰਡਾਂ ਤੋਂ ਬਾਹਰ ਲਿਜਾ ਕੇ ਟਰੀਟਮੈਂਟ ਪਲਾਂਟ ਲਗਾਏ ਜਾਣ ਪਰ ਹਾਲੇ ਅਸੀਂ ਸ਼ਹਿਰਾਂ ਵਿੱਚ ਤਾਂ ਟਰੀਟਮੈਂਟ ਪਲਾਂਟ ਲਗਾ ਨਹੀਂ ਸਕੇ, ਪਿੰਡਾਂ ਵਿੱਚ ਕਿਵੇਂ ਲਗਾਵਾਂਗੇ। ਚਾਹੀਦਾ ਹੈ ਕਿ ਪਿੰਡਾਂ ਦੇ ਕਲੱਸਟਰ ਬਣਾ ਕੇ, ਪਾਣੀ ਨੂੰ ਟਰੀਟਮੈਂਟ ਪਲਾਂਟ ਰਾਹੀਂ ਸਾਫ ਕਰਕੇ, ਅੱਗੇ ਪਿੰਡਾਂ ਨੂੰ ਸਿੰਜਾਈ ਵਾਸਤੇ ਦਿੱਤਾ ਜਾਵੇ ਪਰ ਇੰਨੇ ਵੱਡੇ ਪੱਧਰ ਦੀ ਸਕੀਮ ਵਿੱਚ ਜਾਣ ਤੋਂ ਪਹਿਲਾਂ ਮੈਂ ਸਮਝਦਾ ਹਾਂ ਕਿ ਅਸੀਂ ਪਹਿਲਾਂ ਛੱਪੜਾਂ ਤੋਂ ਨਜਾਇਜ਼ ਕਬਜ਼ੇ ਹਟਵਾਈਏ ਅਤੇ ਉਨ੍ਹਾਂ ਨੂੰ ਸਾਫ਼ ਕਰਵਾ ਕੇ ਲੋਕਾਂ ਨੂੰ ਦੇਈਏ। ਪਹਿਲਾਂ ਅਸੀਂ ਦੇਖਦੇ ਸੀ ਕਿ ਛੱਪੜਾਂ ਵਿੱਚ ਸਾਡੇ ਡੰਗਰ ਵੜੇ ਰਹਿੰਦੇ ਸਨ। ਅੱਜ ਕਿਤੇ ਕੋਈ ਛੱਪੜ ਹੀ ਨਹੀਂ ਹੈ, ਤਾਂ ਡੰਗਰਾਂ ਨੇ ਕਿੱਥੇ ਜਾਣਾ ਹੈ। ਇਸ ਲਈ ਸਭ ਤੋਂ ਵੱਡੀ ਗੱਲ ਛੱਪੜ ਦਾ ਹੋਣਾ ਹੈ। ਸਪੀਕਰ ਸਾਹਿਬ, ਪਹਿਲਾਂ ਸ਼ਹਿਰਾਂ ਵਿੱਚ ਬਗੀਚੇ ਹੁੰਦੇ ਸਨ, ਅਮਰੂਦਾਂ ਦੇ, ਅੰਬਾਂ ਦੇ ਬਗੀਚੇ ਹੁੰਦੇ ਸਨ। ਕੋਈ ਐਸਾ ਸ਼ਹਿਰ ਨਹੀਂ ਸੀ ਪੰਜਾਬ ਦਾ ਜਿੱਥੇ ਫਲਾਂ ਦੇ ਬਗੀਚੇ ਨਾ ਹੋਣ। ਉਹ ਵੀ ਗਲੋਬਲ ਵਾਰਮਿੰਗ ਨੂੰ ਫਾਈਟ ਕਰਨ ਲਈ ਸਾਡੇ ਬਹੁਤ ਵੱਡੇ ਸਹਿਯੋਗੀ ਸਨ ਔਰ ਹੁਣ ਆਹਿਸਤਾ-ਆਹਿਸਤਾ ਇਹ ਵੀ ਨਹੀਂ ਰਹੇ। ਪਿੰਡਾਂ ਦੀ ਅਸੀਂ ਗੱਲ ਛੱਡ ਦੇਈਏ, ਸ਼ਹਿਰਾਂ ਦੀ ਗੱਲ ਕਰੀਏ ਤਾਂ ਸ਼ਹਿਰਾਂ ਨੇ ਪੁਲੀਆਂ ਵੀ ਬੰਦ ਕਰ ਦਿੱਤੀਆਂ ਜਿਨ੍ਹਾਂ ਪੁਲੀਆਂ ਰਾਹੀਂ ਪਾਣੀ ਛੱਪੜਾਂ ਵਿੱਚ ਪੈਂਦਾ ਸੀ। ਉਹ ਵੀ ਬੰਦ ਕਰ ਦਿੱਤੀਆਂ। ਜੋ ਸ਼ਹਿਰਾਂ ਵਿੱਚ ਫਲੱਡਜ਼ ਵਗੈਰਾ ਆਉਂਦੇ ਹਨ, ਉਸ ਦੀ ਵਜ੍ਹਾ ਵੀ ਇਹੋ ਹੈ। ਸੋ, ਪਹਿਲਾਂ ਤਾਂ ਇਹ ਚਾਹੀਦਾ ਹੈ ਕਿ ਜੋ ਪੰਜਾਬ ਦਾ ਸਾਡਾ ਪੁਰਾਣਾ ਸਟਰੱਕਚਰ ਸੀ, ਅਸੀਂ ਇਸ ਨੂੰ ਬਹਾਲ ਕਰੀਏ। ਪਰ ਇਹ ਨਹੀਂ ਕਰਨਾ ਚਾਹੀਦਾ ਕਿ ਹੁਣ ਛੱਪੜ ਨਹੀਂ ਰਹੇ ਇਸ ਕਰਕੇ ਛੱਪੜ ਅੱਗੇ ਲੈ ਜਾਓ, ਇਹ ਕਦੋਂ ਤੱਕ ਅਸੀਂ ਅੱਗੇ ਲਿਜਾਂਦੇ ਰਹਾਂਗੇ। ਇਸ ਦਾ ਕੋਈ ਅੰਤ ਨਹੀਂ। ਅੱਜ ਸਪੀਕਰ ਸਾਹਿਬ, ਸ਼ਹਿਰਾਂ ਵਿੱਚ ਕੂੜਾ ਸੁੱਟਣ ਦੀ ਥਾਂ ਵੀ ਨਹੀਂ ਰਹੀ। ਆਬਾਦੀ ਇੰਨੀ ਵੱਧ ਚੁੱਕੀ ਹੈ ਕਿ ਕੋਈ ਵੀ ਵਿਅਕਤੀ ਆਪਣੇ ਘਰ ਤੋਂ ਥੋੜ੍ਹੀ ਦੂਰ ਤੱਕ ਵੀ ਕੂੜਾ ਸੁੱਟਣ ਨਹੀਂ ਦਿੰਦਾ। ਉਹ ਕੂੜਾ ਕਿੱਥੇ ਜਾਵੇਗਾ? ਕਿਸੇ ਜਮਾਨੇ ਵਿੱਚ ਇਹੀ ਕੂੜਾ ਖਾਦ ਦਾ ਰੂਪ ਧਾਰਨ ਕਰਦਾ ਸੀ। ਉਸ ਦਾ ਵੀ ਸਾਨੂੰ ਫਾਇਦਾ ਸੀ। ਇਸ ਵੇਲੇ ਇੱਥੇ ਮੁੱਖ ਮੰਤਰੀ ਸਾਹਿਬ ਅਤੇ ਉਪ-ਮੁੱਖ ਮੰਤਰੀ ਸਾਹਿਬ ਵੀ ਨਹੀਂ ਬੈਠੇ। ਮੈਂ ਬੇਨਤੀ ਕਰਾਂਗਾ ਕਿ ਸਭ ਤੋਂ ਪਹਿਲਾਂ ਤਾਂ ਪੰਜਾਬ ਨੂੰ ਬਿਹਤਰ ਬਣਾਉਣ ਵਾਸਤੇ ਪਲਾਸਟਿਕ ਦੇ ਲਿਫਾਫੇ ਬੰਦ ਕਰ ਦੇਣੇ ਚਾਹੀਦੇ ਹਨ। ਇਸ ਨਾਲ ਅੱਧਾ ਪੰਜਾਬ ਸਾਫ਼ ਹੋ ਜਾਵੇਗਾ। (ਥੰਪਿੰਗ) ਛੋਟੀਆਂ-ਛੋਟੀਆਂ ਸਟੇਟਾਂ ਨੇ ਵੀ ਪਲਾਸਟਿਕ ਦੇ ਲਿਫਾਫੇ ਬੰਦ ਕਰ ਦਿੱਤੇ ਹਨ। ਅੱਜ ਜਿੰਨੇ ਸੀਵਰ ਸ਼ੁਰੂ ਕੀਤੇ ਹਨ ਪਿੰਡਾਂ ਵਿੱਚ ਸੀਵਰ ਪਾਏ ਹਨ, ਜੇਕਰ ਇੱਕ ਲਿਫਾਫਾ ਉਸ ਵਿੱਚ ਵੜ ਗਿਆ ਤਾਂ ਉਹ ਸੀਵਰ ਨੂੰ ਚੋਕ ਕਰ ਦਿੰਦਾ ਹੈ। ਇੱਥੇ ਲੋੜ ਇਹ ਹੈ ਕਿ ਜਿਹੜੀ ਬੇਸਿਕ ਪਰਾਬਲਮ ਹੈ ਉਸ ਬਾਰੇ ਪਹਿਲਾਂ ਸੋਚਿਆ ਜਾਵੇ। ਜੇਕਰ ਇਸ ਮਤੇ ਨੂੰ ਪਾਸ ਕਰਨਾ ਹੈ ਤਾਂ ਸਭ ਤੋਂ ਪਹਿਲਾਂ ਪੰਜਾਬ ਵਿਧਾਨ ਸਭਾ

Original with;
Punjab Vidhan Sabha
Digitized by;
Panjab Digital Library

ਨੂੰ ਇਹ ਮਤਾ ਵੀ ਪਾਸ ਕਰਨਾ ਚਾਹੀਦਾ ਹੈ ਕਿ ਪੰਜਾਬ ਦੇ ਵਿੱਚ ਪਲਾਸਿਟਕ ਦਾ ਲਿਫਾਫਾ ਨਹੀਂ ਚਲੇਗਾ। ਕਿਉਂਕਿ ਇਹ ਲਿਫਾਫਾ ਸਾਡੇ ਲੋਕਾਂ ਲਈ ਅਤੇ ਹਰ ਕੌਮ ਦੇ ਲਈ ਇੱਕ ਮੁਸੀਬਤ ਬਣ ਚੁੱਕਿਆ ਹੈ। ਜੇਕਰ ਹਾਈਜੀਨਿਕ ਤੌਰ ਤੇ ਸੋਚੀਏ ਤਾਂ ਵੀ ਪਲਾਸਟਿਕ ਦੇ ਲਿਫਾਫੇ ਵਿੱਚ ਦੁੱਧ ਪਾਇਆ ਜਾਦਾ ਹੈ, ਪਲਾਸਟਿਕ ਦੇ ਲਿਫਾਫੇ ਵਿੱਚ ਹੋਰ ਖਾਣ ਵਾਲੀਆਂ ਚੀਜ਼ਾਂ ਪਾ ਕੇ ਵੇਚੀਆਂ ਜਾਂਦੀਆਂ ਹਨ, ਇਹ ਹਾਈਜੀਨਿਕ ਤੌਰ ਤੇ ਵੀ ਬਹੁਤ ਖਤਰਨਾਕ ਹੈ। ਲੇਕਿਨ ਫਿਰ ਵੀ ਇਹ ਇਸਤੇਮਾਲ ਕੀਤਾ ਜਾ ਰਿਹਾ ਹੈ। ਵਰਤਣ ਤੋਂ ਬਾਅਦ ਲਿਫਾਫਾ ਸੁੱਟ ਦਿੱਤਾ ਜਾਂਦਾ ਹੈ ਜੋ ਜਾ ਕੇ ਸ਼ਹਿਰ ਦੇ ਸੀਵਰ ਵਿੱਚ ਫਸ ਜਾਂਦਾ ਹੈ। ਮੈਂ ਬਟਾਲੇ ਦਾ ਐਮ.ਐਲ.ਏ. ਹਾਂ। ਉੱਥੇ ਤਿੰਨ ਚਾਰ ਅਜਿਹੇ ਇੰਸੀਡੈਂਟ ਹੋਏ ਹਨ ਕਿ ਉੱਥੇ ਸੀਵਰਮੈਨ ਮਰਨ ਤੱਕ ਚਲੇ ਗਏ। ਸ਼ਹਿਰ ਦਾ ਸੀਵਰ ਬੰਦ ਹੋ ਜਾਂਦਾ ਹੈ, ਕੋਈ ਨਾ ਕੋਈ ਪਲਾਸਟਿਕ ਦਾ ਲਿਫਾਫਾ ਅੱਗੇ ਆ ਜਾਂਦਾ ਹੈ ਜਿਸ ਕਾਰਨ ਪਾਣੀ ਦਾ ਨਿਕਾਸ ਬੰਦ ਹੋ ਜਾਂਦਾ ਹੈ। ਪਾਣੀ ਜ਼ੋਰ ਲਗਾਉਂਦਾ ਹੈ ਪਰ ਸੀਵਰੇਜ ਬੰਦ ਰਹਿੰਦਾ ਹੈ। ਜਦੋਂ ਇਸ ਸੀਵਰੇਜ ਨੂੰ ਖੋਲ੍ਹਣ ਲਈ ਕੋਈ ਸੀਵਰਮੈਨ ਜਾਂਦਾ ਹੈ ਤਾਂ ਉਹ ਇੰਨੇ ਪਰੈਸ਼ਰ ਨਾਲ ਖੁਲ੍ਹਦਾ ਹੈ ਕਿ ਉਸ ਵਿੱਚ ਉਹੀ ਆਦਮੀ ਡੁੱਬ ਜਾਂਦਾ ਹੈ। ਮੈਂ ਪੰਜਾਬ ਵਿਧਾਨ ਸਭਾ ਨੂੰ ਬੇਨਤੀ ਕਰਾਂਗਾ ਕਿ ਪਲਾਸਟਿਕ ਦਾ ਲਿਫਾਫਾ ਪਹਿਲਾਂ ਜ਼ਰੂਰ ਬੰਦ ਹੋਵੇ। ਜੇਕਰ ਇਹ ਕੰਮ ਹੋ ਜਾਂਦਾ ਹੈ ਤਾਂ 10-15% ਪਰਾਬਲੱਮਜ਼ ਹੱਲ ਹੋ ਜਾਣਗੀਆਂ। ਪਿੰਡਾਂ ਵਿੱਚ ਵੀ ਛੱਪੜ ਤੇ ਤੁਸੀਂ ਚਲੇ ਜਾਵੋ। ਜਿਹੜੇ ਕੋਈ ਛੱਪੜ ਬਚੇ ਹਨ ਉਹ ਵੀ ਲਿਫਾਫਿਆਂ ਦੇ ਨਾਲ ਭਰੇ ਪਏ ਹੁੰਦੇ ਹਨ। ਉਨ੍ਹਾਂ ਦੇ ਪਾਣੀ ਦੇ ਉਪਰ ਪਲਾਸਟਿਕ ਦੇ ਲਿਫਾਫੇ ਤਰ ਰਹੇ ਹੁੰਦੇ ਹਨ। ਨਾ ਇਨ੍ਹਾਂ ਨੇ ਗਲਣਾ ਹੈ ਅਤੇ ਨਾ ਹੀ ਇਨ੍ਹਾਂ ਨੇ ਸਾਡੀ ਜਾਨ ਛੱਡਣੀ ਹੈ। ਹਿਮਾਚਲ ਪ੍ਰਦੇਸ਼ ਦੇ ਵਿੱਚ ਇਸ ਵੇਲੇ ਇਹ ਲਿਫਾਫੇ ਬੰਦ ਹੋ ਚੁੱਕੇ ਹਨ, ਚੰਡੀਗੜ੍ਹ ਵਿੱਚ ਵੀ ਇਹ ਬੰਦ ਹਨ। ਹਿਮਾਚਲ ਦੇ ਵਿੱਚ ਕੋਈ ਲਿਫਾਫੇ ਮੰਗੇ, ਤਾਂ ਵੀ ਕਾਗਜ਼ ਦਾ ਹੀ ਲਿਫਾਫਾ ਮਿਲਦਾ ਹੈ। ਚੰਡੀਗੜ੍ਹ ਵਾਲਿਆਂ ਨੇ ਬਹੁਤ ਅੱਛਾ ਕੰਮ ਕੀਤਾ ਹੈ। ਜਿਹੜੇ ਲਿਫਾਫੇ ਇੱਥੇ ਵਰਤੋਂ ਵਿੱਚ ਆ ਰਹੇ ਹਨ, ਇਹ ਬਹੁਤ ਅੱਛੇ ਹਨ। ਇਨ੍ਹਾਂ ਵਿੱਚ ਕੋਈ ਵੀ ਚੀਜ਼ ਕੈਰੀ ਹੋ ਸਕਦੀ ਹੈ, ਪਰ ਕਨਜ਼ਿਉਮ ਨਹੀਂ ਹੋ ਸਕਦੀ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਪਰਾਬਲੱਮ ਨੂੰ ਹੱਲ ਕਰੋ, ਫਿਰ ਆਪਾਂ ਅੱਗੇ ਚਲੀਏ ਤਾਂ ਬਿਹਤਰ ਹੋਵੇਗਾ।

ਛੱਪੜਾਂ ਦੇ ਨਾਲ ਜਿਹੜੀ ਸਭ ਤੋਂ ਵੱਡੀ ਗੱਲ ਹੈ, ਉਹ ਹੈ ਗਲੀਆਂ, ਨਾਲੀਆਂ ਦੀ ਅਤੇ ਜਿੰਨਾ ਪੈਸਾ ਪੰਜਾਬ ਸਰਕਾਰ ਦਾ ਅਤੇ ਸੈਂਟਰ ਸਰਕਾਰ ਦਾ ਇਸ ਪਾਸੇ ਅਸੀਂ ਬਰਬਾਦ ਕਰ ਚੁੱਕੇ ਹਾਂ, ਉਸ ਦਾ ਕੋਈ ਹਿਸਾਬ ਹੀ ਨਹੀਂ। ਹਰ ਸਾਲ ਗਲੀਆਂ, ਨਾਲੀਆਂ ਬਣਦੀਆਂ ਹਨ। ਉਹੀ ਠੇਕੇਦਾਰ ਹੁੰਦੇ ਹਨ, ਉਹੀ ਬੰਦੇ ਕੰਮ ਕਰਦੇ ਹਨ, ਉਹੀ ਇੱਟਾਂ ਵਰਤੀਆਂ ਜਾਂਦੀਆਂ ਹਨ। ਕਦੇ ਸਿੱਧੀਆਂ ਕਰਕੇ ਲਾ ਦਿੰਦੇ ਹਨ, ਕਦੇ ਖੜ੍ਹੀਆਂ ਕਰਕੇ ਲਾ ਦਿੰਦੇ ਹਨ। ਥੋੜ੍ਹੀ ਬਹੁਤ ਵਾਧ-ਘਾਟ ਹੁੰਦੀ ਰਹਿੰਦੀ ਹੈ। ਉਹੀ ਗਲੀਆਂ ਨਾਲੀਆਂ ਨੂੰ ਆਪਾਂ ਛੱਪੜਾਂ ਤੱਕ ਲੈ ਆਏ ਹਾਂ। ਸਾਡੇ ਇੱਕ ਛੱਪੜ ਸੀ ਅਤੇ ਇਕ ਹਸਲੀ ਨਾਲਾ

Original with;
Punjab Vidhan Sabha
Digitized by;
Panjab Digital Library

[ ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ ]

ਨਿਕਲਦਾ ਹੈ, ਤਕਰੀਬਨ ਸ਼ਹਿਰ ਦਾ ੪0% ਪਾਣੀ ਉਥੇ ਜਾਂਦਾ ਹੈ ਅੱਜ ਉਹ ਨਾਲਾ ਵੀ ਬੰਦ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਹੀ ਹਰ ਸ਼ਹਿਰ ਵਿੱਚ ਕੋਈ ਨਾ ਕੋਈ ਐਸਾ ਕੁਦਰਤੀ ਨਿਕਾਸੀ ਪ੍ਰੋਗਰਾਮ ਹੈ ਜਾਂ ਕਿਤੇ ਐਸਾ ਮੈਨਮੇਡ ਨਿਕਾਸੀ ਦਾ ਪ੍ਰੋਗਰਾਮ ਹੈ ਜੋ ਸਾਡੇ ਬਜ਼ੁਰਗਾਂ ਨੇ ਬਣਾਇਆ ਸੀ ਮਗਰ ਅਸੀਂ ਉਨ੍ਹਾਂ ਨੂੰ ਛੱਡ ਕੇ ਦੂਜੇ ਪਾਸੇ ਤੁਰ ਪਏ। ਮੈਂ ਬੇਨਤੀ ਕਰਾਂਗਾ ਕਿ ਇਸ ਤੋਂ ਪਹਿਲਾਂ ਕੋਈ ਇਹੋ ਜਿਹਾ ਕੰਮ ਕਰਨਾ ਚਾਹੀਦਾ ਹੈ ਕਿ ਛੱਪੜਾਂ ਵਿੱਚ ਜੋ ਪਾਣੀ ਜਾਂਦਾ ਹੈ, ਸਾਨੂੰ ਉਸ ਪਾਣੀ ਨੂੰ ਟਰੀਟ ਕਰਕੇ ਕਿਤੇ ਕਨਜ਼ਿਊਮ ਕਰਨਾ ਚਾਹੀਦਾ ਹੈ। ਬ੍ਰਹਮਪੁਰਾ ਸਾਹਿਬ ਬੈਠੇ ਹਨ, ਇਨ੍ਹਾਂ ਨੂੰ ਵੀ ਮੈਂ ਬੇਨਤੀ ਕਰਾਂਗਾ ਕਿ ਕੋਈ ਅਜਿਹੀ ਸਕੀਮ ਬਣਾਈ ਜਾਵੇ। ਪੰਜ ਸਾਲ ਗਲੀਆਂ ਨਾਲੀਆਂ ਲਈ ਪੈਸੇ ਦਿੱਤੇ ਜਾਂਦੇ ਹਨ ਲੇਕਿਨ ਅਸੀਂ ਕੋਈ ਅਜਿਹਾ ਕੰਮ ਕਰੀਏ ਜਿਹੜਾ ਪੰਜਾਬ ਲਈ ਬਿਲਕੁਲ ਸਹੀ ਹੋਵੇ। ਸਰਕਾਰ ਕੋਲ ਬੜੇ ਸਿਆਣੇ ਅਫ਼ਸਰ ਹਨ, ਇੱਥੇ ਬੈਠੇ ਹਨ। ਨਵੀਆਂ ਤੋਂ ਨਵੀਆਂ ਸਕੀਮਾਂ ਆ ਸਕਦੀਆਂ ਹਨ। ਪੰਜਾਬ ਨੇ ਤਾਂ ਬਾਹਰ ਵਿਦੇਸ਼ਾਂ ਵਿੱਚ ਜਾ ਕੇ ਝੰਡੇ ਗੱਡ ਦਿੱਤੇ ਹਨ। ਅਸੀਂ ਇੱਥੇ ਵੀ ਬਹੁਤ ਕੁਝ ਕਰਨ ਦੇ ਸਮਰੱਥ ਹਾਂ। ਇੱਥੇ ਵੀ ਕੋਈ ਅੱਛੇ ਪ੍ਰਬੰਧ ਕਰੀਏ।

ਅੱਜ ਛੱਪੜਾਂ ਦੇ ਮੁਤਲਿਕ ਗਾਣੇ ਵੀ ਬਣੇ ਹੋਏ ਹਨ। ਉਨ੍ਹਾਂ ਲੋਕਾਂ ਨੂੰ ਕੋਈ ਸ਼ੌਂਕ ਨਹੀਂ ਸੀ, ਇਹ ਤਾਂ ਸਾਡੀ ਸੰਸਕ੍ਰਿਤੀ ਅਤੇ ਸਾਡੇ ਭਾਈਚਾਰੇ ਅਤੇ ਸਾਡੀ ਸੱਭਿਅਤਾ ਦੇ ਪ੍ਰਤੀਕ ਸਨ। ਇਹ ਸਾਡੇ ਪਿੰਡਾਂ ਅਤੇ ਸ਼ਹਿਰਾਂ ਦੀ ਪਹਿਚਾਣ ਸਨ। ਕਿਉਂਕਿ ਜਿੱਥੇ ਮਰਜ਼ੀ ਚਲੇ ਜਾਓ, ਹਿੰਦੁਸਤਾਨ ਦੇ ਕਿਸੇ ਕੋਨੇ ਵਿੱਚ ਚਲੇ ਜਾਓ, ਹਰ ਥਾਂ ਤੇ ਛੱਪੜ, ਪਿੰਡ-ਪਿੰਡ ਵਿੱਚ ਨਜ਼ਰ ਆਉਂਦੇ ਹਨ। ਮਗਰ ਜਿੰਨੇ ਕਬਜ਼ੇ ਪੰਜਾਬ ਵਿੱਚ ਛੱਪੜਾਂ ਤੇ ਹੋਏ, ਉਹ ਹਿੰਦੁਸਤਾਨ ਦੇ ਕਿਸੇ ਹੋਰ ਸੂਬੇ ਵਿੱਚ ਨਹੀਂ ਹੋਏ ਹੋਣੇ। ਪੰਚਾਇਤਾਂ ਨੇ ਹੀ ਆਪਣੇ ਪੱਧਰ ਤੇ ਕਿਸੇ ਇਸਾਈ ਨੂੰ ਦੇ ਦਿੱਤਾ, ਕਿਸੇ ਜ਼ਿਮੀਂਦਾਰ ਨੂੰ ਦੇ ਦਿੱਤਾ, ਉਹੀ ਵੰਡੀ ਜਾ ਰਹੇ ਹਨ। ਮੈਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇੱਕ ਵਾਰ ਨਿਸ਼ਾਨਦੇਹੀ ਕਰਵਾ ਦਿਓ ਅਤੇ ਜਿਸ ਦਾ ਕਬਜ਼ਾ ਹੋਵੇ, ਉਸ ਤੋਂ ਛੁਡਵਾ ਦਿਓ। ਜਿਸ ਜ਼ਿਮੀਂਦਾਰ ਦੇ ਕਬਜ਼ੇ ਵਿੱਚ ਨਜਾਇਜ਼ ਹੋਵੇ ਉਸ ਤੋਂ ਖਾਲੀ ਕਰਵਾ ਲਓ ਔਰ ਉਸ ਦੇ ਆਊਟ ਸੱਕਰਟਸ ਨੂੰ ਪੱਕਾ ਕਰਨ ਦੀ ਲੋੜ ਨਹੀਂ। ਜੇਕਰ ਅਸੀਂ ਛੱਪੜਾਂ ਨੂੰ ਅੰਦਰੋਂ ਪੱਕੇ ਕਰਨ ਦੀ ਕੋਸ਼ਿਸ਼ ਕਰਾਂਗੇ ਤਾਂ ਇਹ ਸਾਡੀ ਸਿਹਤ ਵਾਸਤੇ ਅਤੇ ਸਾਡੀ ਜ਼ਮੀਨ ਵਾਸਤੇ ਨੁਕਸਾਨਦੇਹ ਹੋਵੇਗਾ। ਮੈਂ ਬੇਨਤੀ ਕਰਦਾ ਹਾਂ ਕਿ ਸਮਾਂ ਦਿਨ-ਬਦਿਨ ਦੌੜਦਾ ਜਾ ਰਿਹਾ ਹੈ। ਸਾਨੂੰ ਦੋ ਸਾਲ ਹੋ ਚੁੱਕੇ ਹਨ। ਇਸ ਸੈਸ਼ਨ ਤੋਂ ਬਾਅਦ ਸਾਨੂੰ ਪੰਜਾਬ ਵਿੱਚ ਅੱਛੀਆਂ ਸਕੀਮਾਂ ਲਿਆਉਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਸਕੀਮਾਂ ਦੇ ਮੁਤਾਬਿਕ ਇਨ੍ਹਾਂ ਛੱਪੜਾਂ ਨੂੰ ਤਬਦੀਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਤਾਂ ਹੀ ਮੈਂ ਸਮਝਦਾ ਹਾਂ ਕਿ ਅਸੀਂ ਇਸ ਸਮੱਸਿਆ ਦਾ ਸਾਹਮਣਾ ਕਰ ਪਾਵਾਂਗੇ। ਮੈਂ ਨਹਿਰਾਂ ਬਾਰੇ ਵੀ ਬੇਨਤੀ ਕਰਦਾ ਹਾਂ ਕਿ ਸਹੀ ਮਾਅਨਿਆਂ ਵਿੱਚ ਸੀਰੀਅਸ ਹੋਣਾ ਪਵੇਗਾ। ਜਿੱਥੇ ਪਿੰਡਾਂ ਵਿੱਚ ਛੱਪੜਾਂ ਦੇ ਪਾਣੀ ਦੀ ਤਕਲੀਫ ਨੂੰ ਦੂਰ ਕਰਨ ਲਈ ਹਰ ਸਹੂਲਤ ਦੇਣ ਦੀ ਲੋੜ ਹੈ, ਉੱਥੇ ਨਹਿਰਾਂ ਦੇ ਪਾਣੀ ਦੀ ਵੀ ਤਕਲੀਫ ਹੈ। ਅੱਜ ਸੇਖੋਂ ਸਾਹਿਬ ਇੱਥੇ ਬੈਠੇ ਹਨ,

Original with;
Punjab Vidhan Sabha
Digitized by;
Panjab Digital Library

ਪਾਣੀ ਟੇਲਾਂ ਤੇ ਨਹੀਂ ਪਹੁੰਚਦਾ। ਬੜੇ ਹਾਸੇ ਦੀ ਗੱਲ ਹੈ ਕਿ ਬਟਾਲੇ ਦਾ ਕੋਈ ਵੀ ਸੂਆ ਸਾਫ ਨਹੀਂ ਹੋਇਆ। ਪਹਿਲਾਂ ਸਾਲ 1998-99 ਵਿੱਚ ਇਨ੍ਹਾਂ ਦੀ ਸਫਾਈ ਕਰਵਾਈ ਸੀ। ਅੱਜ 9 ਸਾਲ ਹੋ ਗਏ ਹਨ, ਕਿਸੇ ਵੀ ਸੂਏ ਦੀ ਸਫਾਈ ਨਹੀਂ ਹੋਈ ਅਤੇ ਉਹ ਸੂਏ ਬੰਦ ਹੋ ਗਏ ਹਨ। ਜਿਵੇਂ ਅਸੀਂ ਸੜਕਾਂ ਬਣਾਉਣ ਵੇਲੇ ਕਰਾਸਿੰਗ ਦਿੰਦੇ ਹਾਂ, ਇਸੇ ਤਰ੍ਹਾਂ ਇਨ੍ਹਾਂ ਸੂਇਆਂ-ਨਾਲਿਆਂ ਤੇ ਵੀ ਕਰਾਸਿੰਗ ਬਣਾ ਦੇਈਏ ਤਾਂ ਇਨ੍ਹਾਂ ਵਿੱਚ ਐਕਸੈੱਸ ਪਾਣੀ ਦੇ ਸਕਦੇ ਹਾਂ। ਡਰੇਨੇਜ ਵਿਭਾਗ ਨੂੰ ਇਸ ਤੇ ਵੀ ਕਾਰਵਾਈ ਕਰਨੀ ਚਾਹੀਦੀ ਹੈ। ਸਪੀਕਰ ਸਾਹਿਬ, ਮੈਨੂੰ ਯਾਦ ਹੈ ਕਿ ਸਾਲ 1955-56 ਵਿੱਚ ਬਟਾਲੇ ਵਿੱਚ ਹੜ੍ਹ ਆਏ ਸਨ। ਉਸ ਵੇਲੇ ਸਰਕਾਰ ਨੇ ਸੋਚ ਕੇ ਇੱਕ ਨਾਲਾ ਕੱਢਿਆ ਸੀ, ਜਿਸ ਨੂੰ ਅੱਜ ਅਸੀਂ ਹਸਲੀ ਨਾਲਾ ਕਹਿੰਦੇ ਹਾਂ। ਇਹ ਪਿੱਛੋਂ ਗੁਰਦਾਸਪੁਰ ਤੋਂ ਲੈ ਕੇ ਪੱਟੀ-ਤਰਨ ਤਾਰਨ ਤੱਕ ਦੇ ਇਲਾਕੇ ਨੂੰ ਫੀਡ ਕਰਦਾ ਹੈ। ਇਹ ਐਕਸੈੱਸ ਡਰੇਨੇਜ ਵਾਟਰ ਦੀ ਸਾਰੀ ਨਿਕਾਸੀ ਕਰਦਾ ਹੈ। ਇਸ ਨਾਲੇ ਨੇ ਕਈ ਵਾਰੀ ਤਬਾਹੀ ਵੀ ਲਿਆਂਦੀ ਹੈ। ਆਉਣ ਵਾਲੇ ਸਮੇਂ ਵਿੱਚ ਇਹ ਸੀਰੀਅਸ ਗੱਲ ਹੋ ਸਕਦੀ ਹੈ ਕਿਉਂਕਿ ਇਹ ਨਾਲਾ ਇੱਕ ਨਾਲੀ ਬਣਦਾ ਜਾ ਰਿਹਾ ਹੈ। ਮੇਰਾ ਖਿਆਲ ਹੈ ਕਿ 1987-88 ਤੇ 1993-94 ਦੀ ਤਬਾਹੀ ਕਾਰਨ ਇਸ ਉੱਤੇ ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਦਿੱਤੀਆਂ ਹਨ। ਸਾਨੂੰ ਬੜੀ ਖੁਸ਼ੀ ਹੈ ਕਿ ਪਿੱਛੇ ਜਿਹੇ ਮੁੱਖ ਮੰਤਰੀ ਜੀ ਨੇ ਇੰਨੀਂ ਸੋਚ ਰੱਖੀ ਕਿ ਉਨ੍ਹਾਂ ਮਹਿਕਮੇ ਨੂੰ ਹੁਕਮ ਕੀਤਾ ਕਿ ਇਸ ਨਾਲੇ ਨੂੰ ਪੱਕਾ ਕਰਕੇ ਇਸ ਦੇ ਦੋਨੋਂ ਪਾਸੇ ਪੱਕੀ ਸੜਕ ਤੋੜ ਤੱਕ ਬਣਾਈ ਜਾਵੇ। ਪ੍ਰੋਜੈਕਟ ਬਣ ਗਿਆ ਪਰ ਮਹਿਕਮਾ ਅਜੇ ਤੱਕ ਚੁੱਪ ਹੈ। ਅੱਜ ਵੀ ਇਹ ਨਾਲਾ ਪੱਟੀ-ਤਰਨ ਤਾਰਨ ਤੱਕ ਪਾਣੀ ਦੀ ਨਿਕਾਸੀ ਕਰਦਾ ਹੈ। ਇਸ ਬਾਰੇ ਸਰਕਾਰ ਨੂੰ ਜ਼ਰੂਰ ਸੋਚ ਕਰਨੀ ਚਾਹੀਦੀ ਹੈ। ਜਿਹੜੀਆਂ ਸਕੀਮਾਂ ਸੈਂਟਰਲ ਗੌਰਮਿੰਟ ਵਾਲੇ ਬਣਾਉਂਦੇ ਹਨ, ਉਹ ਤਾਂ ਏ.ਸੀ. ਕਮਰਿਆਂ ਵਿੱਚ ਬੈਠ ਕੇ ਬਣਾਉਂਦੇ ਹਨ। ਪਰ ਅਸੀਂ ਸੜਕਾਂ ਤੇ ਖੜ੍ਹੇ ਹੋ ਕੇ ਵੇਖਣਾ ਹੈ ਕਿ ਇੱਥੇ ਲੋਕਾਂ ਨੂੰ ਕਿਸ ਤਰ੍ਹਾਂ ਦੀ ਤਕਲੀਫ ਹੈ। ਇਨ੍ਹਾਂ ਤਕਲੀਫਾਂ ਨੂੰ ਮੁੱਖ ਰੱਖਦਿਆਂ ਹੋਇਆਂ ਹੀ ਅਸੀਂ ਪੰਜਾਬ ਨੂੰ ਅੱਗੇ ਲਿਜਾਣਾ ਹੈ। ਇਨਫਰਾਸਟਰੱਕਚਰ ਨੂੰ ਮਜ਼ਬੂਤ ਕਰਨਾ ਹੈ, ਪੰਜਾਬ ਨੂੰ ਆਪਣੀ ਸੱਭਿਅਤਾ ਤੇ ਸੰਸਕ੍ਰਿਤੀ ਨਾਲ ਵੀ ਜੋੜਨਾ ਹੈ। ਇਸ ਵਾਸਤੇ ਸਾਨੂੰ ਸਭ ਤੋਂ ਪਹਿਲਾਂ ਛੱਪੜਾਂ ਤੋਂ, ਗੰਦੀਆਂ ਨਾਲੀਆਂ ਤੋਂ ਸ਼ੁਰੂ ਹੋ ਕੇ ਸ਼ਹਿਰਾਂ ਵੱਲ ਨੂੰ ਆਉਣਾ ਪੈਣਾ ਹੈ ਅਤੇ ਸ਼ਹਿਰਾਂ ਤੇ ਪਿੰਡਾਂ ਨੂੰ ਜੋੜਨਾ ਪੈਣਾ ਹੈ। ਸਪੀਕਰ ਸਾਹਿਬ, ਸਾਡੀ ਪਿਛਲੀ ਸਰਕਾਰ ਵੇਲੇ ਕਾਂਗਰਸੀਆਂ ਨੇ ਖੱਪ ਪਾਈ ਸੀ ਕਿ ਬਾਦਲ ਸਾਹਿਬ ਦੀ ਸੋਚ ਪਿੰਡਾਂ ਵੱਲ ਹੀ ਹੈ, ਸ਼ਹਿਰਾਂ ਵੱਲ ਨਹੀਂ ਹੈ। ਪਰ ਬਾਦਲ ਸਾਹਿਬ ਨੇ ਜਿੱਥੇ ਪਿੰਡਾਂ ਵਿੱਚ ਵਿਕਾਸ ਲਈ ਪੈਸੇ ਦਿੱਤੇ ਹਨ, ਉੱਥੇ ਸ਼ਹਿਰਾਂ ਵਿੱਚ ਵੀ ਬਰਾਬਰ ਵਿਕਾਸ ਕੀਤਾ ਹੈ। ਅੱਜ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਭ ਤੋਂ ਵੱਡੀ ਚੀਜ਼ ਪਾਣੀ ਤੇ ਸੜਕਾਂ ਹਨ। ਸਾਡੀ ਪਿਛਲੀ ਸਰਕਾਰ ਨੇ ਪਿੰਡਾਂ ਵਿੱਚ ਸੜਕਾਂ ਬਣਾਈਆਂ ਸਨ ਪਰ ਹੈਰਾਨਗੀ ਦੀ ਗੱਲ ਹੈ ਕਿ ਉਹ ਸੜਕਾਂ ਵੀ ਅੱਜ ਟੁੱਟ ਗਈਆਂ ਹਨ। ਜਿਹੜੀਆਂ ਲਿੰਕ ਸੜਕਾਂ ਅਸੀਂ ਪਿੰਡ ਤੋਂ ਲੈ ਕੇ ਅਖੀਰ ਜੀ.ਟੀ.ਰੋਡ ਤੱਕ ਪੁਚਾਈਆਂ ਸਨ, ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ ]

ਸੜਕਾਂ ਉਤੇ ਇੱਕ ਵਾਰ ਵੀ ਕਾਰਪੈਟਿੰਗ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਲਿੰਕ ਰੋਡਜ਼ ਵੱਲ ਦੁਬਾਰਾ ਧਿਆਨ ਦੇਈਏ। ਕਰਾਈਟੇਰੀਆ ਨਾ ਵੇਖੀਏ ਕਿ ਪੰਜ ਸਾਲ ਬਾਅਦ ਕਾਰਪੈਟਿੰਗ ਹੋਵੇਗੀ। ਪਿੰਡਾਂ ਵਿੱਚ 5 ਸਾਲ ਸੜਕਾਂ ਕਿੱਥੇ ਰਹਿੰਦੀਆਂ ਹਨ। ਉਨ੍ਹਾਂ ਲਈ ਕਰਾਈਟੇਰੀਆ ਲਾਗੂ ਨਹੀਂ ਹੋਣਾ ਚਾਹੀਦਾ ਜਿਹੜੀਆਂ ਛੋਟੀਆਂ ਸੜਕਾਂ ਹਨ ਅਤੇ ਪਾਣੀ ਦੀ ਮਾਰ ਉਨ੍ਹਾਂ ਤੇ ਜ਼ਿਆਦਾ ਪੈਂਦੀ ਹੈ ਅਤੇ ਪਾਣੀ ਲਈ ਨਾਲੇ ਵੱਖਰੇ ਬਣ ਜਾਣ ਤਾਂ ਉਹ ਸੜਕਾਂ ਬਚ ਸਕਦੀਆਂ ਹਨ। ਸਾਨੂੰ ਜ਼ਿਮੀਂਦਾਰਾਂ ਨੂੰ ਐਜੂਕੇਟ ਕਰਨਾ ਚਾਹੀਦਾ ਹੈ ਕਿ ਡ੍ਰਿਪ ਸਿਸਟਮ ਨਾਲ ਸਾਨੂੰ ਸਿੰਚਾਈ ਕਰਨੀ ਚਾਹੀਦੀ ਹੈ ਤਾਂ ਕਿ ਪਾਣੀ ਘੱਟ ਖਪਤ ਹੋਵੇ ਅਤੇ ਨੁਕਸਾਨ ਵੀ ਘੱਟ ਹੋਵੇ। ਜਿਸ ਤਰ੍ਹਾਂ ਇੱਥੇ ਦੱਸਿਆ ਗਿਆ ਹੈ ਕਿ ਹੁਣ ਮੋਟਰਾਂ ਚਲਾ ਕੇ ਅੱਧਾ ਅੱਧਾ ਘੰਟਾ ਕਾਰਾਂ ਧੋਤੀਆਂ ਜਾਂਦੀਆਂ ਹਨ, ਡੰਗਰ ਨੁਹਾਉਣ ਵਾਲੀ ਤਾਂ ਗੱਲ ਨਹੀਂ ਰਹੀ, ਉਨ੍ਹਾਂ ਤੇ ਜ਼ਰੂਰ ਚੈੱਕ ਰੱਖਿਆ ਜਾਣਾ ਚਾਹੀਦਾ ਹੈ। ਮੈਂ ਬਾਦਲ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਛੱਪੜ ਜ਼ਰੂਰ ਰਹਿਣੇ ਚਾਹੀਦੇ ਹਨ। ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸ਼ਹਿਰਾਂ ਦੀ ਪ੍ਰਾਬਲਮਜ਼ ਦੇ ਨਾਲ ਨਾਲ ਪਿੰਡਾਂ ਦੀਆਂ ਪ੍ਰਾਬਲਮਜ਼ ਨੂੰ ਵੀ ਧਿਆਨ ਵਿੱਚ ਰੱਖਦੇ ਹੋਏ ਪਲਾਨਿੰਗ ਦੇ ਨਾਲ ਦੂਰ ਕਰਨਾ ਚਾਹੀਦਾ ਹੈ। ਜਦੋਂ ਤੱਕ ਅਸੀਂ ਇਸ ਤਰ੍ਹਾਂ ਨਹੀਂ ਕਰਦੇ ਤਾਂ ਮੈਂ ਨਹੀਂ ਸਮਝਦਾ ਕਿ ਸਾਡੇ ਪਿੰਡ ਤਰੱਕੀ ਕਰ ਸਕਣਗੇ। ਠਹਿਰਾਵ ਨਾਲ ਜ਼ਿੰਦਗੀ ਚਲੀ ਜਾਵੇਗੀ ਲੇਕਿਨ ਇਸ ਨੂੰ ਇੰਜੁਆਏ (Enjoy) ਕਰਨ ਲਈ ਸਾਨੂੰ ਪਿੰਡਾਂ ਦੇ ਪੁਰਾਣੇ ਇਨਫਰਾਸਟਰੱਕਚਰ, ਗਲੀਆਂ ਨਾਲੀਆਂ ਵੱਲ ਵੀ ਧਿਆਨ ਦੇਣਾ ਪਵੇਗਾ। ਨਹੀਂ ਤਾਂ ਮੈਂ ਨਹੀਂ ਸਮਝਦਾ ਕਿ ਅਸੀਂ ਤਰੱਕੀ ਕਰ ਸਕਦੇ ਹਾਂ। ਪਿੰਡਾਂ ਦੀਆਂ ਮੁਸ਼ਕਲਾਂ ਵੱਲ ਧਿਆਨ ਦੇਣ ਦੇ ਨਾਲ ਉੱਥੇ ਖੁਸ਼ਹਾਲੀ ਆਵੇਗੀ। ਕਿਉਂਕਿ ਪਿੰਡਾਂ ਤੋਂ ਸ਼ਹਿਰਾਂ ਵਿੱਚ ਆਉਣਾ ਅਤੇ ਸ਼ਹਿਰਾਂ ਵਿੱਚ ਕੰਮ ਕਰਨਾ ਇਹ ਇੱਕ ਮੇਲ ਹੈ ਅਤੇ ਜਦੋਂ ਤੱਕ ਇਨ੍ਹਾਂ ਦੋਵਾਂ ਚੀਜ਼ਾਂ ਨੂੰ ਇਕੱਠੇ ਨਾ ਕੀਤਾ ਜਾਵੇ, ਉਨ੍ਹਾਂ ਦੀਆਂ ਪ੍ਰਾਬਲਮਜ਼ ਇਕੱਠੀਆਂ ਸੋਲਵ ਨਾ ਕੀਤੀਆਂ ਜਾਣ ਤਾਂ ਕੰਮ ਨਹੀਂ ਚੱਲਣਾ। ਅੱਜ ਦੇ ਯੁਗ ਵਿੱਚ ਹਰ ਕੋਈ ਆਪੋ ਆਪਣੀਆਂ ਪ੍ਰਾਬਲਮਜ਼ ਲੈ ਕੇ ਤੁਰਿਆ ਰਹਿੰਦਾ ਹੈ। ਸ਼ਹਿਰਾਂ ਵਾਲੇ ਆਪਣੀਆਂ ਪ੍ਰਾਬਲਮਜ਼ ਲੈ ਕੇ ਤੁਰੇ ਰਹਿੰਦੇ ਹਨ ਅਤੇ ਪਿੰਡਾਂ ਵਾਲੇ ਆਪਣੀਆਂ। ਮੈਂ ਸਮਝਦਾ ਹਾਂ ਕਿ ਜਦੋਂ ਅਸੀਂ ਇਹ ਹੱਲ ਕਰ ਲਵਾਂਗੇ ਤਾਂ ਸਾਡਾ ਸੂਬਾ ਜ਼ਰੂਰ ਤਰੱਕੀ ਅਤੇ ਖੁਸ਼ਹਾਲੀ ਵੱਲ ਵਧੇਗਾ, ਬਹੁਤ ਬਹੁਤ ਧੰਨਵਾਦ। ਫਿਰ ਇੱਕ ਵੇਰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਨਹੀਂ ਬੈਠੇ ਅਤੇ ਨਾ ਹੀ ਸੁਖਬੀਰ ਬਾਦਲ ਜੀ ਬੈਠੇ ਹਨ, ਚਲੋ ਮਨਪ੍ਰੀਤ ਸਿੰਘ ਬਾਦਲ ਜੀ ਬੈਠੇ ਹਨ, ਵੈਸੇ ਤਾਂ ਇਸ ਗੱਲ ਦਾ ਵਿੱਤ ਵਿਭਾਗ ਨਾਲ ਬਹੁਤਾ ਤਾਅਲੁੱਕ ਨਹੀਂ ਪਰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਪਲਾਸਟਿਕ ਦੇ ਲਿਫਾਫੇ ਜ਼ਰੂਰ ਬੰਦ ਕਰ ਦਿਓ। ਜਦੋਂ ਤੱਕ ਇਹ ਬੰਦ ਨਹੀਂ ਹੋਣਗੇ, ਪੰਜਾਬ ਦੀ ਕਰੋਪੀ ਨਹੀਂ ਨਿਕਲਣੀ (ਥੰਪਿੰਗ)। ਮੇਰੀ ਬੇਨਤੀ ਹੈ ਕਿ ਹੁਣ ਸਾਡੀ ਆਪਣੀ ਸਰਕਾਰ ਹੈ ਅਤੇ ਅਸੀਂ ਪਾਵਰ ਵਿੱਚ ਹਾਂ। ਇਹ ਜ਼ਰੂਰ ਬੰਦ ਹੋਣੇ ਚਾਹੀਦੇ ਹਨ ਅਤੇ ਇਹ ਰੈਜ਼ੋਲਿਊਸ਼ਨ ਪਾਸ ਹੋਣਾ ਚਾਹੀਦਾ ਹੈ। ਇਸ ਦੇ ਨਾਲ ਅਸੀਂ ਪਿਛੋਕੜ ਨਾਲ ਜੁੜਾਂਗੇ ਅਤੇ

Original with;
Punjab Vidhan Sabha
Digitized by;
Panjab Digital Library

ਇਸ ਦੇ ਨਾਲ ਹੀ ਅਸੀਂ ਤਰੱਕੀ ਕਰ ਸਕਦੇ ਹਾਂ। ਬਹੁਤ ਬਹੁਤ ਧੰਨਵਾਦ।

**ਮਾਨਯੋਗ ਸਪੀਕਰ** : ਹਾਂ ਜੀ, ਬ੍ਰਹਮਪੁਰਾ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ (ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ)** : ਮਾਨਯੋਗ ਸਪੀਕਰ ਸਾਹਿਬ, ਠੰਡਲ ਸਾਹਿਬ ਨੇ ਇਹ ਮਤਾ ਪੇਸ਼ ਕੀਤਾ ਹੈ ਅਤੇ ਸਰਦਾਰ ਜਗਬੀਰ ਸਿੰਘ ਬਰਾੜ, ਮੱਕੜ ਸਾਹਿਬ, ਚਰਨਜੀਤ ਸਿੰਘ ਚੰਨੀ, ਸਾਹਨੀ ਸਾਹਿਬ ਅਤੇ ਮਨਪ੍ਰੀਤ ਸਿੰਘ ਬਾਦਲ ਜੀ ਨੇ ਇਨ੍ਹਾਂ ਸਾਰਿਆਂ ਨੇ ਇਸ ਡਿਸਕਸ਼ਨ ਦੇ ਵਿੱਚ ਹਿੱਸਾ ਲਿਆ ਹੈ। ਸਪੀਕਰ ਸਾਹਿਬ, ਕਦੇ ਜ਼ਮਾਨਾ ਸੀ ਜਦੋਂ ਛੱਪੜਾਂ ਦਾ ਪਾਣੀ ਇੰਨਾ ਸਾਫ ਹੁੰਦਾ ਸੀ, ਇੰਨਾ ਵਧੀਆ ਹੁੰਦਾ ਸੀ ਕਿ ਜਿਹੜਾ ਡੱਡੂ ਪੰਜ ਫੁੱਟ ਥੱਲੇ ਹੁੰਦਾ ਸੀ, ਉਹ ਵੀ ਸਾਫ ਦਿਖਾਈ ਦਿੰਦਾ ਸੀ ਅਤੇ ਇੰਨਾ ਸਾਫ ਪਾਣੀ ਹੁੰਦਾ ਸੀ। ਪਿੰਡਾਂ ਦੇ ਲੋਕ ਪਹਿਲਾਂ ਸਵੇਰੇ ਉਠ ਕੇ, ਕਿਉਂਕਿ ਘਰਾਂ ਵਿੱਚ ਨਲਕੇ ਨਹੀਂ ਹੁੰਦੇ ਸਨ ਅਤੇ ਖੂਹੀਆਂ ਹੁੰਦੀਆਂ ਸਨ ਅਤੇ ਉਹ ਵੀ ਕੋਈ ਕੋਈ ਹੁੰਦੀ ਸੀ ਅਤੇ ਉਸਦੇ ਵਿੱਚ ਡੋਲ ਡਿੱਗ ਜਾਂਦਾ ਸੀ ਜਿਸ ਕਾਰਨ ਉਸਦੇ ਵਿੱਚੋਂ ਪਾਣੀ ਨਹੀਂ ਨਿਕਲ ਸਕਦਾ ਸੀ ਜਿਸ ਕਰਕੇ ਲੋਕ ਛੱਪੜਾਂ ਵਿੱਚ ਆ ਕੇ ਨਹਾਉਂਦੇ ਹੁੰਦੇ ਸਨ, ਇੱਡਾ ਵਧੀਆ ਪਾਣੀ ਹੁੰਦਾ ਸੀ ਪਰ ਹੁਣ ਸਮਾਂ ਬਦਲ ਗਿਆ। ਜਿਉਂ ਜਿਉਂ ਸਮਾਂ ਬਦਲਿਆ ਸਰਫ ਆ ਗਿਆ, ਮੁਆਫ ਕਰਨਾ ਪਿੰਡਾਂ ਵਿੱਚ ਜਿਹੜੇ ਸ਼ਰਾਬ ਕੱਢਦੇ ਹਨ, ਉਹ ਲਾਹਨ ਵੀ ਨਾਲੀਆਂ ਦੇ ਰਾਹੀਂ ਇਸ ਵਿੱਚ ਆ ਜਾਂਦਾ ਹੈ। ਇੱਕ ਪਾਸੇ ਤਾਂ ਛੱਪੜਾਂ ਦਾ ਪਾਣੀ ਗੰਦਾ ਹੋ ਗਿਆ ਹੈ ਤੇ ਦੂਸਰੇ ਪਾਸੇ ਛੱਪੜਾਂ ਵਿੱਚ ਇੰਨਾ ਪਾਣੀ ਹੋ ਗਿਆ ਹੈ ਕਿ 12 ਮਹੀਨੇ ਇਹ ਆਪਣੇ ਕਿਨਾਰਿਆਂ ਦੇ ਉੱਤੋਂ ਦੀ ਵਗਦੇ ਰਹਿੰਦੇ ਹਨ। ਇਸ ਦਾ ਕਾਰਨ ਕੀ ਹੈ? ਇਸ ਦਾ ਕਾਰਨ ਇਹ ਹੈ ਕਿ ਪੰਜਾਬ ਦੇ ਪਿੰਡਾਂ ਵਿੱਚ ਪਾਣੀ ਦੀਆਂ ਟੈਂਕੀਆਂ ਜੋ ਹਨ, ਉਨ੍ਹਾਂ ਦੇ ਜੋ ਨਲ ਲੱਗੇ ਹੋਏ ਹਨ, ਉਨ੍ਹਾਂ ਨੂੰ ਲੋਕ ਵਰਤਦੇ ਹਨ ਤੇ ਫਿਰ ਬੰਦ ਨਹੀਂ ਕਰਦੇ। ਕਈ ਥਾਂਈਂ ਤਾਂ ਲੋਕ ਟੂਟੀਆਂ ਹੀ ਲਾਹ ਕੇ ਲੈ ਜਾਂਦੇ ਹਨ ਤੇ ਪਾਣੀ ਸਾਰਾ ਸਾਰਾ ਦਿਨ ਵਗਦਾ ਰਹਿੰਦਾ ਹੈ ਤੇ ਇਹ ਸਾਰਾ ਪਾਣੀ ਛੱਪੜ ਵਿੱਚ ਆ ਜਾਂਦਾ ਹੈ। ਦੂਸਰਾ, ਹੁਣ ਬਿਜਲੀ ਵੀ ਮੁਫਤ ਹੈ। ਘਰਾਂ ਵਿੱਚ ਆਪਣੇ ਡੰਗਰਾਂ ਨੂੰ ਨਹਾਉਣ ਵਾਸਤੇ ਜਾਂ ਆਪ ਇਸ਼ਨਾਨ ਕਰਨ ਵਾਸਤੇ ਲੋਕਾਂ ਨੇ ਸਮਰਸੀਬਲ ਪੰਪ ਲਗਾਏ ਹੋਏ ਹਨ ਜਾਂ ਮੋਟਰਾਂ ਲਗਾਈਆਂ ਹੋਈਆਂ ਹਨ। ਕਈ ਵਾਰ ਉਹ ਮੋਟਰਾਂ ਬੰਦ ਕਰਨੀਆਂ ਭੁੱਲ ਜਾਂਦੇ ਹਨ, ਮੋਟਰ ਬੰਦ ਨਹੀਂ ਕਰਦੇ ਤੇ ਉਹ ਘਰਾਂ ਦਾ ਸਾਰਾ ਪਾਣੀ ਛੱਪੜਾਂ ਵਿੱਚ ਜਾਂਦਾ ਰਹਿੰਦਾ ਹੈ। ਇਸ ਕਰਕੇ ਛੱਪੜ ਭਰੇ ਪਏ ਹਨ। ਜਿੱਥੋਂ ਤੱਕ ਨਰੇਗਾ ਦੀ ਸਕੀਮ ਹੈ, ਸਫਾਈ ਦੀ ਗੱਲ ਹੈ, ਜੇ ਪਾਣੀ ਛੱਪੜਾਂ ਵਿੱਚ ਸੁਕੇਗਾ ਤਾਂ ਹੀ ਉਸ ਦੀ ਸਫਾਈ ਹੋ ਸਕਦੀ ਹੈ, ਵਰਨਾ ਇਸ ਦੀ ਸਫਾਈ ਨਹੀਂ ਹੋ ਸਕਦੀ। ਮਸਲਾ ਇਹ ਵੀ ਹੈ ਕਿ ਪਾਣੀ ਛੱਪੜਾਂ ਵਿੱਚ ਓਵਰਫਲੋਅ ਕਰ ਰਿਹਾ ਹੈ। ਇਹ ਗਲੀਆਂ ਰਾਹੀਂ ਨਾਲੀਆਂ ਰਾਹੀਂ ਪਾਣੀ ਜਾਂਦਾ ਹੈ, ਰਸਤੇ ਵੀ ਡਿਸਟਰਬ ਹੁੰਦੇ ਹਨ, ਗੰਦਾ ਪਾਣੀ ਵੀ ਨਿਕਲਦਾ ਹੈ ਤੇ ਮੱਛਰ ਵੀ ਪੈਦਾ ਹੁੰਦਾ ਹੈ। ਇਸ ਕਰਕੇ ਇਸ ਪਾਣੀ ਦਾ ਬੰਦੋਬਸਤ ਕੀਤਾ ਜਾਵੇ। ਇੱਕ ਨਵੀਂ

Original with;
Punjab Vidhan Sabha
Digitized by;
Panjab Digital Library

[ ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ ]

ਟੈਕਨਾਲੋਜੀ ਪੰਜਾਬ ਵਿੱਚ ਆਈ ਹੈ। ਇਸ ਵਿੱਚ ਹਾਲੇ ਪੰਜ ਪਿੰਡ ਲਏ ਹਨ। ਇਸ ਰਾਹੀਂ ਭਾਵੇਂ ਗੰਦੇ ਪਾਣੀ ਦਾ ਨਿਕਾਸ ਨਹੀਂ ਹੈ, ਉਸ ਦਾ ਪ੍ਰਬੰਧ ਨਹੀਂ ਹੋ ਸਕਦਾ ਪਰ ਜਿਹੜੀ ਸਮੈੱਲ ਹੈ, ਬਦਬੂ ਹੈ, ਉਸ ਦਾ ਪ੍ਰਬੰਧ ਹੋ ਜਾਵੇਗਾ। ਇਸ ਸਕੀਮ ਨਾਲ ਪਾਣੀ ਦਾ ਜੋ ਗੰਦਾਪਨ ਹੈ ਜਾਂ ਕੈਮੀਕਲਜ਼ ਹੈ, ਉਹ ਮਰ ਜਾਣਗੇ ਤੇ ਪਾਣੀ ਸਾਫ ਹੋ ਜਾਵੇਗਾ ਪਰ ਪਾਣੀ ਦੇ ਫਲੋਅ ਦਾ ਹੱਲ ਇਸ ਵਿੱਚ ਨਹੀਂ ਹੈ। ਇਸ ਲਈ ਇਹ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੰਨੇ ਵੀ ਪੈਸੇ ਸਾਡੇ ਕੋਲ ਛੱਪੜਾਂ ਵਾਸਤੇ, ਛੱਪੜਾਂ ਦੀ ਸਫਾਈ ਵਾਸਤੇ ਹਨ, ਉਹ ਘੱਟ ਹਨ। ਮੈਂ ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਐਸ਼ਿਓਰੈਂਸ ਦਿੱਤੀ ਹੈ ਕਿ ਜਿੰਨੇ ਵੀ ਪੈਸੇ ਲੋੜੀਂਦੇ ਹੋਣਗੇ, ਉਹ ਦਿੱਤੇ ਜਾਣਗੇ ਕਿਉਂਕਿ ਇਹ ਬਹੁਤ ਵੱਡਾ ਕੰਮ ਹੈ। ਮੈਂ ਸਮਝਦਾ ਹਾਂ ਕਿ ਇਹ ਸਭ ਤੋਂ ਇੰਪਾਰਟੈਂਟ ਕੰਮ ਹੈ। ਸਭ ਤੋਂ ਵੱਡਾ ਪ੍ਰਾਜੈਕਟ ਹੈ। ਸਭ ਤੋਂ ਪਹਿਲਾਂ ਪੈਸੇ ਇਸ ਪਾਸੇ ਰੱਖਣੇ ਚਾਹੀਦੇ ਹਨ। ਗਲੀਆਂ ਨਾਲੀਆਂ ਜਾਂ ਹੋਰ ਡਿਵੈਲਪਮੈਂਟ ਦੇ ਕੰਮ ਸੈਕੰਡਰੀ ਹਨ। ਇਹ ਪਹਿਲਾ ਕੰਮ ਹੈ। ਮੈਂ ਸਦਨ ਨੂੰ ਭਰੋਸਾ ਦਿਵਾਉਂਦਾ ਹਾਂ, ਸਾਰੇ ਮੈਂਬਰ ਸਾਹਿਬਾਨ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਇਹ ਆਪਾਂ ਸਾਰਿਆਂ ਦੀ ਸਾਂਝੀ ਮੁਸ਼ਕਲ ਹੈ। ਆਪਾਂ ਪਿੰਡਾਂ ਦੇ ਰਹਿਣ ਵਾਲੇ ਹਾਂ। ਮੈਂ ਵੀ ਪਿੰਡ ਦਾ ਰਹਿਣ ਵਾਲਾ ਹਾਂ। ਸਾਰੇ ਪਿੰਡਾਂ ਵਾਲੇ ਕਹਿੰਦੇ ਹਨ ਕਿ ਸਾਨੂੰ ਡਰੇਨ ਬਣਾਉਣ ਵਾਸਤੇ ਪੈਸੇ ਦਿਓ। ਡਰੇਨ ਵਾਸਤੇ ਪੈਸੇ ਮਿਲ ਜਾਂਦੇ ਹਨ ਕਿ ਤਿੰਨ ਕਿਲੋਮੀਟਰ ਪਾ ਦਿਓ ਪਰ ਕਈ ਵਾਰ ਲੈਵਲ ਠੀਕ ਨਹੀਂ ਹੁੰਦਾ। ਕਈ ਵਾਰ ਕਈ ਪ੍ਰਾਜੈਕਟ ਪ੍ਰਾਈਵੇਟ ਤੌਰ ਤੇ ਪੰਜਾਬ ਵਿੱਚ ਚਲੇ ਹਨ ਕਿ ਪਾਣੀ ਦੋ ਤਿੰਨ ਚੈਂਬਰਾਂ ਵਿੱਚੋਂ ਲੰਘਦਾ ਹੈ। ਉਸ ਵਿੱਚ ਫਿਲਟਰ ਲਗਾਏ ਜਾਂਦੇ ਹਨ ਤੇ ਫਿਰ ਪਾਣੀ ਬੋਰ ਰਾਹੀਂ ਹੋ ਕੇ ਜਾਂਦਾ ਹੈ ਤੇ ਫਿਰ ਪਾਣੀ ਜ਼ਮੀਨ ਵਿੱਚ ਚਲਾ ਜਾਂਦਾ ਹੈ। ਇਹ ਜਿਹੜੀ ਨਵੀਂ ਕਾਢ ਹੈ ਜੋ ਚੱਲ ਰਹੀ ਹੈ, ਜੇ ਇਹ ਕਾਮਯਾਬ ਹੋ ਗਈ ਤਾਂ ਸਭ ਤੋਂ ਵੱਡੀ ਗੱਲ ਡਰੇਨਾਂ ਨਹੀਂ ਬਣਾਉਣੀਆਂ ਪੈਣਗੀਆਂ ਤੇ ਨਾ ਹੀ ਪਾਣੀ ਲਈ ਦੂਰ ਖੜਨਾ ਪਵੇਗਾ ਤੇ ਪਾਣੀ ਜ਼ਮੀਨ ਵਿੱਚ ਚਲਾ ਜਾਵੇਗਾ। ਪਾਣੀ ਦਾ ਲੈਵਲ ਵੀ ਇਸ ਨਾਲ ਠੀਕ ਰਹੇਗਾ। ਮੈਂ ਬੇਨਤੀ ਵੀ ਕਰਦਾ ਹਾਂ ਤੇ ਭਰੋਸਾ ਵੀ ਦਿਵਾਉਂਦਾ ਹਾਂ ਕਿ ਮੈਂ ਸਰਕਾਰ ਨੂੰ, ਬਾਦਲ ਸਾਹਿਬ ਨੂੰ, ਮਨਪ੍ਰੀਤ ਜੀ ਨੂੰ ਬੇਨਤੀ ਕਰਾਂਗਾ ਕਿ ਵੱਧ ਤੋਂ ਵੱਧ ਫੰਡਜ਼ ਰੱਖੇ ਜਾਣ ਤਾਂ ਕਿ ਇਸ ਦਾ ਇਲਾਜ ਹੋ ਸਕੇ। ਧੰਨਵਾਦ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਤੋਂ ਭਰੋਸਾ ਲੈਣਾ ਚਾਹੁੰਦਾ ਹਾਂ। ਪਰਾਬਲਮ ਇਹ ਹੈ ਕਿ ਮੰਤਰੀ ਜੀ ਗੱਲ ਭੁੱਲ ਗਏ ਹਨ, ਖਿਮਾਂ ਕਰਨਾ ਕਿ ਪਿੰਡਾਂ ਵਿੱਚ ਇਨ੍ਹਾਂ ਨੇ ਕਿਹਾ ਹੈ ਕਿ ਛੱਪੜ ਓਵਰਫਲੋਅ ਕਰ ਰਹੇ ਹਨ ਪਰ ਪਿੰਡਾਂ ਵਿੱਚ 90% ਛੱਪੜ ਪੂਰੇ ਜਾ ਚੁੱਕੇ ਹਨ। ਛੱਪੜ ਹੈ ਹੀ ਨਹੀਂ। ਜਿਹੜੇ ਛੋਟੇ ਛੱਪੜ ਰਹਿ ਗਏ ਹਨ, ਉਹ ਫਿਰ ਓਵਰਫਲੋਅ ਕਰਦੇ ਹਨ। ਇਸ ਬਾਰੇ ਮੰਤਰੀ ਜੀ ਕਲੈਰੀਫਿਕੇਸ਼ਨ ਦੇਣ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਇਨਫ਼ਰਮੇਸ਼ਨ ਵਾਸਤੇ ਦੱਸਦਾ ਹਾਂ ਕਿ ਜਦੋਂ ਸਾਡੀ ਸਰਕਾਰ ਬਣੀ ਤਾਂ

Original with;
Punjab Vidhan Sabha
Digitized by;
Panjab Digital Library

ਪਹਿਲਾਂ ਜਿਹੜੇ ਸਾਡੇ ਬਲਾਕ ਦੇ ਦਫਤਰ ਹਨ, ਉੱਥੇ ਕੋਈ ਰੈਵੇਨਿਊ ਰਿਕਾਰਡ ਨਹੀਂ ਸੀ। ਹੁਣ ਅਸੀਂ ਹਰ ਬਲਾਕ ਵਿੱਚ ਇੱਕ ਪਟਵਾਰੀ ਰੱਖਿਆ ਹੈ ਔਰ ਉਸ ਪਟਵਾਰੀ ਦੀ ਡਿਊਟੀ ਹੈ ਕਿ ਹਰ ਪਿੰਡ ਦੇ ਰਿਕਾਰਡ ਦੀ ਇੱਕ ਫਾਈਲ ਬਣਾਵੇ ਅਤੇ ਜਿੱਥੇ ਨਜਾਇਜ਼ ਕਬਜ਼ੇ ਹੋਏ ਹਨ, ਉਨ੍ਹਾਂ ਨੂੰ ਛੁਡਵਾਏ। ਇਨ੍ਹਾਂ ਦੀ ਗੱਲ ਠੀਕ ਹੈ। ਅਸੀਂ ਆਪਣੇ ਵੱਲੋਂ ਕੋਸ਼ਿਸ਼ ਕਰ ਰਹੇ ਹਾਂ ਔਰ ਅਸੀਂ ਹੋਰ ਵੱਧ ਕੋਸ਼ਿਸ਼ ਕਰਕੇ ਇਸ ਦਾ ਬੰਦੋਬਸਤ ਕਰਾਂਗੇ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ):** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਜਿਸ ਤਰ੍ਹਾਂ ਬ੍ਰਹਮਪੁਰਾ ਜੀ ਨੇ ਹੁਕਮ ਕੀਤਾ ਹੈ, ਇਕੱਲੇ ਇਸ ਨਾਲ ਨਹੀਂ ਸਰਨਾ। ਇਹ ਗੋਂਗਲੂਆਂ ਤੋਂ ਮਿੱਟੀ ਝਾੜਨ ਵਾਲੀ ਗੱਲ ਹੈ। ਪਟਵਾਰੀ ਰੱਖ ਲਿਆ, ਪਟਵਾਰੀ ਇਹ ਕਰ ਦੇਵੇਗਾ। ਹਰ ਬੰਦੇ ਨੂੰ ਪਤਾ ਹੈ ਕਿ ਮੇਰਾ ਛੱਪੜ ਇੱਕ ਏਕੜ ਦਾ ਹੈ, ਮੇਰਾ ਦੋ ਏਕੜ ਦਾ ਹੈ, ਮੇਰਾ 11 ਕਨਾਲ ਦਾ ਹੈ। ਪਿੰਡ ਦੇ ਸਰਪੰਚ ਨੂੰ ਪਤਾ ਹੈ, ਹਰ ਬੰਦੇ ਨੂੰ ਪਤਾ ਹੈ। ਇਹ ਹੁਕਮ ਕੀਤਾ ਜਾਵੇ, ਇਹ ਪਾਸ ਕੀਤਾ ਜਾਵੇ ਕਿ ਛੱਪੜ ਤੇ ਕਿਸੇ ਦਾ ਵੀ ਕਬਜ਼ਾ ਹੋਵੇ, he may be anyone, ਉਹ ਕਬਜ਼ਾ ਛੁਡਵਾਉਣਾ ਪਵੇਗਾ। ਜੇਕਰ ਕਹੋ ਕਿ ਪਟਵਾਰੀ ਕਰ ਦੇਵੇਗਾ, ਪਟਵਾਰੀ ਵੀ ਸਾਡੇ ਵਿੱਚੋਂ ਹੀ ਹੈ। ਮੇਰੀ ਬੇਨਤੀ ਹੈ ਕਿ ਇਸ ਗੱਲ ਨੂੰ ਨਿਬੇੜੋ। ਇਸ ਬਾਰੇ ਬਿਲਕੁੱਲ ਖੁੱਲ੍ਹੇ ਰੂਪ ਵਿੱਚ ਕਾਨੂੰਨ ਪਾਸ ਕੀਤਾ ਜਾਵੇ ਕਿ ਜਿੰਨੇ ਵੀ ਛੱਪੜ ਸਨ, ਬੇਸੀਕਲੀ ਉਹ ਰੈਵੇਨਿਊ ਰਿਕਾਰਡ ਵਿੱਚ ਸਟੈਂਡ ਕਰਦੇ ਹਨ, ਉਹ ਖਾਲੀ ਹੋਣੇ ਚਾਹੀਦੇ ਹਨ ਭਾਵੇਂ ਉਨ੍ਹਾਂ ਤੇ ਕਿਸੇ ਦਾ ਵੀ ਕਬਜ਼ਾ ਹੋਵੇ। ਉਸ ਛੱਪੜ ਦੀ ਦੇਖਭਾਲ ਪਿੰਡ ਵੱਲੋਂ ਪਹਿਲ ਦੇ ਆਧਾਰ ਤੇ ਕੀਤੀ ਜਾਵੇ। ਉਸ ਦੀ ਚਾਰ-ਦੀਵਾਰੀ ਕੀਤੀ ਜਾਵੇ। ਜਿਹੜੀ ਸੀਵਰੇਜ ਸਕੀਮ ਬਣਾ ਦਿੱਤੀ, ਜਿਵੇਂ ਠੰਡਲ ਸਾਹਿਬ ਨੇ ਕਿਹਾ ਕਿ ਸੀਵਰੇਜ ਬਣਾਉਣ ਲਈ 10 ਪ੍ਰਤੀਸ਼ਤ ਲੱਗਣਾ ਹੈ, ਸਪੀਕਰ ਸਾਹਿਬ, 10 ਪ੍ਰਤੀਸ਼ਤ ਕਿਹੜਾ ਪਿੰਡ ਦੇਵੇਗਾ। ਸਾਡੇ ਮਸਾਣੀਆਂ ਪਿੰਡ ਵਿੱਚ ਉਨ੍ਹਾਂ ਨੇ ਕਿਹਾ ਕਿ 18 ਲੱਖ ਰੁਪਏ ਦਿਓ। 18 ਲੱਖ ਰੁਪਏ ਕਿਹੜਾ ਪਿੰਡ ਜਮ੍ਹਾਂ ਕਰਵਾ ਦੇਵੇਗਾ। ਉਹ 18 ਲੱਖ ਰੁਪਏ ਜਮ੍ਹਾਂ ਨਹੀਂ ਹੋਏ ਅਤੇ ਸਕੀਮ ਉੱਥੇ ਦੀ ਉੱਥੇ ਹੈ। ਆਪਾਂ ਜੇ ਦੇਣਾ ਹੀ ਹੈ ਤਾਂ ਜਿਸ ਤਰ੍ਹਾਂ ਸ਼ਹਿਰਾਂ ਵਿੱਚ ਹੈ, ਉਸ ਤਰ੍ਹਾਂ ਹੀ ਪਿੰਡਾਂ ਵਿੱਚ ਸੀਵਰੇਜ ਦੇਈਏ। ਇਹ ਸਰਕਾਰ ਨੂੰ ਚਾਹੀਦਾ ਹੈ, ਐਫ.ਐਮ. ਸਾਹਿਬ ਬੈਠੇ ਹਨ, ਜਿਹੜਾ ਸੀਵਰੇਜ ਸਿਸਟਮ ਪਿੰਡਾਂ ਵਿੱਚ ਬਣਾਉਣਾ ਹੈ, ਸਰਕਾਰ ਉਸ ਦੀ ਕੇਅਰ ਕਰੇਗੀ। ਜਿੰਨਾ ਖਰਚਾ ਹੋਏਗਾ, ਉਸ ਸੀਵਰੇਜ ਸਕੀਮ ਦਾ 10 ਪ੍ਰਤੀਸ਼ਤ ਵੀ ਪੰਜਾਬ ਸਰਕਾਰ ਦੇਵੇਗੀ। ਉਸ ਦੇ ਪਾਣੀ ਦਾ ਨਿਕਾਸ ਹੋਵੇ ਅਤੇ ਟਰੀਟਮੈਂਟ ਪਲਾਂਟ ਵੀ ਹੋਣਾ ਚਾਹੀਦਾ ਹੈ। ਇਹ ਕੋਈ ਛੋਟਾ ਕੰਮ ਨਹੀਂ ਹੈ। ਸੀਵਰੇਜ ਬਣ ਗਿਆ, ਫਿਰ ਪਾਣੀ ਦੇ ਨਿਕਾਸ ਤੇ ਟਰੀਟਮੈਂਟ ਪਲਾਂਟ ਵੀ ਲੱਗਣਾ ਹੈ, ਅਗੇਨ ਖਰਚਾ। ਮੈਂ ਪਹਿਲਾਂ ਬੇਨਤੀ ਕੀਤੀ ਸੀ, ਉਹ ਇਹੀ ਸੀ ਕਿ ਇਸ ਦੇ ਲਈ ਸਟਰੱਕਚਰ ਨੂੰ ਮਜ਼ਬੂਤ ਕਰਨ ਲਈ ਸਪੈਸ਼ਲੀ ਫੰਡ ਕਰੀਏਟ ਕਰਕੇ ਮੁਢਲੇ ਪੱਧਰ

Original with;
Punjab Vidhan Sabha
Digitized by;
Panjab Digital Library

[ ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ ]

ਤੋਂ ਕੰਮ ਸ਼ੁਰੂ ਕਰਨਾ ਚਾਹੀਦਾ ਹੈ। ਅਸੀਂ ਕੋਈ ਵੀ ਸਕੀਮ ਬਣਾ ਲਈਏ, ਉਸ ਦਾ ਉਨਾ ਫਾਇਦਾ ਨਹੀਂ ਜਦ ਤੱਕ ਪਾਣੀ ਦੇ ਨਿਕਾਸ ਅਤੇ ਟਰੀਟਮੈਂਟ ਪਲਾਂਟ ਦੀ ਗੱਲ ਨਹੀਂ ਕਰਾਂਗੇ। ਅੱਜ ਦੀ ਡੇਟ ਵਿੱਚ ਅਸੀਂ ਪੰਜਾਬ ਵਿੱਚ ਸਵੱਛ ਪਾਣੀ ਨਹੀਂ ਦੇ ਸਕਦੇ ਹਾਂ। ਸਪੀਕਰ ਸਾਹਿਬ, ਜੇ ਆਪਾਂ ਅੱਗੇ ਚੱਲੀਏ ਤਾਂ ਅੱਜ ਸਕੂਲਾਂ ਦੇ ਬੱਚੇ ਬਿਮਾਰ ਹੁੰਦੇ ਹਨ। ਅਸੀਂ ਕਿਸੇ ਨੇ ਧਿਆਨ ਦਿੱਤਾ? ਬੱਚੇ ਘਰੋਂ ਸੁੰਦਰ ਕੱਪੜੇ, ਸੁੰਦਰ ਬੂਟ ਪਾ ਕੇ ਜਦੋਂ ਪਿੱਠ ਤੇ ਬੈਗ ਲੈ ਕੇ ਚਲਦੇ ਹਨ ਤਾਂ ਤੁਸੀਂ ਨੋਟ ਕਰੋ ਕਿ ਪਾਣੀ ਦੀ ਬੋਤਲ ਵੀ ਉਨ੍ਹਾਂ ਦੇ ਨਾਲ ਹੁੰਦੀ ਹੈ ਕਿਉਂਕਿ ਸਕੂਲ ਦਾ ਪਾਣੀ ਪੀਣ ਯੋਗ ਨਹੀਂ ਹੁੰਦਾ। ਅਸੀਂ ਇੰਨੇ ਸੋਹਣੇ ਆਦਰਸ਼ ਸਕੂਲ ਬਣਾਏ ਹਨ, ਮਾਡਲ ਸਕੂਲ ਬਣਾਏ ਹਨ, ਸਾਡੇ ਭੈਣ ਜੀ ਬੈਠੇ ਹਨ, ਉਨ੍ਹਾਂ ਸਕੂਲਾਂ ਵਿੱਚ ਆਰ.ਓ. ਸਿਸਟਮ ਲੱਗਣਾ ਚਾਹੀਦਾ ਹੈ। ਆਰ.ਓ. ਸਿਸਟਮ ਲਗਾਉਣਾ ਕੰਪਲਸਰੀ ਹੋਣਾ ਚਾਹੀਦਾ ਹੈ। ਸਕੂਲਾਂ ਵਿਚ ਇਹ ਹੋਣਾ ਚਾਹੀਦਾ ਹੈ ਕਿ ਉੱਥੇ ਆਰ.ਓ. ਸਿਸਟਮ ਲੱਗੇ ਤਾਂ ਕਿ ਪਾਣੀ ਸਵੱਛ ਮਿਲੇ। ਜੇਕਰ ਆਪਾਂ ਪੁਰਾਣੇ ਸਿਸਟਮ ਨੂੰ ਲੈ ਕੇ ਚੱਲਾਂਗੇ ਤਾਂ ਇਹ ਨਹੀਂ ਹੋ ਸਕਦਾ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਸਰਦਾਰ ਮੋਹਨ ਲਾਲ ਸਿੰਘ (ਬੰਗਾ, ਐਸ.ਸੀ.)** : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਰਦਾਰ ਸੋਹਣ ਸਿੰਘ ਠੰਡਲ ਵੱਲੋਂ ਜੋ ਪਿੰਡਾਂ ਦੇ ਛੱਪੜ ਹਨ, ਉਨ੍ਹਾਂ ਦੇ ਵਿੱਚ ਜੋ ਗੰਦਾ ਪਾਣੀ ਜਾਂਦਾ ਹੈ, ਉਸ ਦੇ ਨਿਕਾਸ ਦੇ ਵਾਸਤੇ ਪ੍ਰਬੰਧ ਕਰਨ ਬਾਰੇ ਮਤਾ ਲਿਆਂਦਾ ਹੈ, ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਕਿਉਂਕਿ ਇਹ ਬੜੀ ਵੱਡੀ ਸਮੱਸਿਆ ਪਿੰਡਾਂ ਦੇ ਅੰਦਰ ਹੈ। ਖਾਸ ਤੌਰ ਤੇ ਗਰੀਬ ਲੋਕਾਂ ਦੇ ਇਸ ਦੇ ਆਲੇ ਦੁਆਲੇ ਘਰ ਹਨ ਅਤੇ ਉਨ੍ਹਾਂ ਨੂੰ ਕਈ ਬਿਮਾਰੀਆਂ ਲੱਗਣ ਦਾ ਡਰ ਰਹਿੰਦਾ ਹੈ। ਜਿਸ ਤਰ੍ਹਾਂ ਠੰਡਲ ਸਾਹਿਬ ਨੇ ਕਿਹਾ ਹੈ ਕਿ ਛੱਪੜ ਪਿੰਡਾਂ ਤੋਂ ਬਾਹਰ ਲੈ ਕੇ ਜਾਣੇ ਚਾਹੀਦੇ ਹਨ ਔਰ ਇਨ੍ਹਾਂ ਛੱਪੜਾਂ ਨੂੰ ਪਿੰਡਾਂ ਵਿੱਚ ਬੰਦ ਕਰਨਾ ਚਾਹੀਦਾ ਹੈ। ਅੱਜ ਪੰਜਾਬ ਦੇ ਅੰਦਰ ਪੰਜਾਬ ਦਾ ਮਾਣ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਰਹਿਨੁਮਾਈ ਹੇਠਾਂ ਬਹੁਤ ਜ਼ਿਆਦਾ ਡਿਵੈਲਪਮੈਂਟ ਹੋ ਰਹੀ ਹੈ ਅਤੇ ਕਰੋੜਾਂ ਰੁਪਏ ਪਿੰਡਾਂ ਦੇ ਵਿਕਾਸ ਵਾਸਤੇ ਦਿੱਤੇ ਜਾ ਰਹੇ ਹਨ। ਪਿੰਡਾਂ ਦੇ ਵਿੱਚ ਸ਼ਹਿਰਾਂ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਉੱਥੇ ਸੀਵਰੇਜ਼ ਵੀ ਪਾਈ ਜਾ ਰਹੀ ਹੈ, ਉੱਥੇ ਮੈਟਲ ਰੋਡਜ਼ ਵੀ ਬਣਾਏ ਜਾ ਰਹੇ ਹਨ। ਇਸ ਤਰ੍ਹਾਂ ਹੁਣ ਇਨ੍ਹਾਂ ਛੱਪੜਾਂ ਦੀ ਪਿੰਡ ਦੇ ਅੰਦਰ ਕੋਈ ਜ਼ਰੂਰਤ ਨਹੀਂ ਹੈ। ਇਨ੍ਹਾਂ ਛੱਪੜਾਂ ਨੂੰ ਪਿੰਡਾਂ ਤੋਂ ਬਾਹਰ ਬਣਾਇਆ ਜਾਣਾ ਚਾਹੀਦਾ ਹੈ ਤਾਂਕਿ ਪਾਣੀ ਉਨ੍ਹਾਂ ਦੇ ਵਿੱਚ ਜਾਵੇ ਤੇ ਇਹ ਬਿਮਾਰੀਆਂ ਦਾ ਕਾਰਨ ਨਾ ਬਣ ਸਕੇ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਵਾਕਿਆ ਹੀ ਬਹੁਤ ਗੰਭੀਰ ਚਿੰਤਾ ਦਾ ਵਿਸ਼ਾ ਹੈ, ਇਸ ਨੂੰ ਇੱਧਰ ਉੱਧਰ ਦੀਆਂ ਗੱਲਾਂ ਕਰਕੇ ਇਸ ਮਤੇ ਨੂੰ ਪਾਸ ਕਰਨ ਤੋਂ ਰੋਕਿਆ ਨਾ ਜਾਵੇ ਬਲਕਿ ਇਸ ਨੂੰ ਪਾਸ ਕੀਤਾ ਜਾਵੇ। ਅੱਜ ਨਰੇਗਾ ਸਕੀਮ ਦੇ ਤਹਿਤ ਕਰੋੜਾਂ ਰੁਪਿਆ ਇਸ ਸਕੀਮ ਦੇ ਲਈ ਆ ਰਿਹਾ ਹੈ। ਉਸ ਦੇ ਵਿੱਚ ਮੇਰਾ ਖਿਆਲ ਹੈ ਕਿ ਪੰਜਾਬ ਸਰਕਾਰ ਨੂੰ ਵੀ ਆਪਣੇ ਵੱਲੋਂ ਪੈਸੇ ਪਾਉਣ ਦੀ ਜ਼ਰੂਰਤ ਨਹੀਂ ਹੈ, ਉਹ ਜਿੰਨਾ ਮਰਜ਼ੀ ਵੱਡਾ ਖਾਲਾ

Original with;
Punjab Vidhan Sabha
Digitized by;
Panjab Digital Library

ਪੁਟਵਾਉਣ, ਜਿੰਨਾ ਮਰਜ਼ੀ ਵੱਡਾ ਛੱਪੜ ਪੁਟਵਾਉਣ ਕਿਉਂਕਿ ਇਹ ਸਾਰਾਂ ਪੈਸਾ ਨਰੇਗਾ ਸਕੀਮ ਦੇ ਰਾਹੀਂ ਖ਼ਰਚ ਹੋਣਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਚਰਨਾਂ ਦੇ ਵਿੱਚ ਬੇਨਤੀ ਕਰਦਾ ਹਾਂ ਕਿ ਜੋ ਸਰਦਾਰ ਸੋਹਣ ਸਿੰਘ ਠੰਡਲ ਜੀ ਨੇ ਮਤਾ ਪੇਸ਼ ਕੀਤਾ ਹੈ, ਇਸ ਨੂੰ ਪਾਸ ਕੀਤਾ ਜਾਵੇ। ਬਹੁਤ ਬਹੁਤ ਧੰਨਵਾਦ।

**ਮਾਨਯੋਗ ਸਪੀਕਰ :** ਇਸ ਤੋਂ ਅੱਗੇ ਸਰਕਾਰ ਗੁਰਤੇਜ ਸਿੰਘ ਘੁੜਿਆਣਾ ਜੀ।

**ਸਰਦਾਰ ਗੁਰਤੇਜ ਸਿੰਘ ਘੁੜਿਆਣਾ (ਬੱਲੂਆਣਾ, ਐਸ.ਸੀ.) :** ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਅੱਜ ਮੈਨੂੰ ਇਸ ਮਤੇ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ ਜਿਹੜਾ ਕਿ ਸਰਦਾਰ ਸੋਹਣ ਸਿੰਘ ਠੰਡਲ ਜੀ ਇਸ ਹਾਊਸ ਵਿੱਚ ਲੈ ਕੇ ਆਏ ਹਨ। ਇਹ ਗੱਲ ਵਾਕਿਆ ਹੀ ਸਹੀ ਹੈ ਕਿ ਜਿਹੜੇ ਛੱਪੜ ਹਨ ਇਹ ਆਪਣੇ ਪੁਰਾਣੇ ਕਲਚਰਲ ਦੀ ਨਿਸ਼ਾਨੀ ਹਨ, ਛੱਪੜ ਤੋਂ ਬਿਨਾਂ ਕਿਸੇ ਵੀ ਪਿੰਡ ਦੀ ਹੋਂਦ ਨੂੰ ਮੰਨ ਨਹੀਂ ਸਕਦੇ। ਜੇਕਰ ਪਿੰਡਾਂ ਦੇ ਬਾਰੇ ਕੋਈ ਵੀ ਗੱਲ ਕਰੀਏ ਜਾਂ ਕੋਈ ਵੀ ਸਕੀਮ ਸੋਚੀਏ ਤਾਂ ਉਸ ਦੇ ਵਿੱਚ ਛੱਪੜ ਦੀ ਗੱਲ ਜ਼ਰੂਰ ਆਉਂਦੀ ਹੈ। ਜਦੋਂ ਕੋਈ ਵੀ ਐਮ.ਐਲ.ਏ. ਜਾਂ ਐਮ.ਪੀ. ਪਿੰਡਾਂ ਦੇ ਵਿੱਚ ਜਾਂਦੇ ਹਨ ਤਾਂ ਉੱਥੇ ਮੁੱਖ ਮੰਗ ਇਹੋ ਹੀ ਹੁੰਦੀ ਹੈ ਕਿ ਸਾਨੂੰ ਛੱਪੜ ਲਈ ਪੈਸੇ ਦਿੱਤੇ ਜਾਣ ਤੇ ਬਹੁਤ ਪੈਸਾ ਦਿੱਤਾ ਜਾਂਦਾ ਹੈ ਤੇ ਫਿਰ ਉਹ ਛੱਪੜਾਂ ਦੇ ਉੱਤੇ ਲਗਦਾ ਵੀ ਹੈ। ਜਿਸ ਤਰ੍ਹਾਂ ਡਿਸਕਸ ਹੋਇਆ ਹੈ ਉਸ ਦਾ ਪਾਣੀ ਅੱਗੇ ਡਰੇਨ-ਆਊਟ ਨਹੀਂ ਹੁੰਦਾ। ਜਿਸ ਤਰ੍ਹਾਂ ਫਾਈਨਾਂਸ ਮਨਿਸਟਰ ਸਾਹਿਬ ਵੀ ਬੋਲ ਕੇ ਗਏ ਹਨ ਕਿ ਜਿਸ ਤਰ੍ਹਾਂ ਅੱਜ ਸ਼ਹਿਰਾਂ ਦੇ ਵਿੱਚ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਉਹੀ ਸਹੂਲਤਾਂ ਪਿੰਡਾਂ ਵਿੱਚ ਵੀ ਦਿੱਤੀਆਂ ਜਾ ਰਹੀਆਂ ਹਨ। ਸ਼ਹਿਰਾਂ ਦੇ ਵਿੱਚ ਪਾਣੀ ਦੀ ਡਰੇਨ ਆਊਟ ਦੀ ਸਹੂਲਤ ਹੁੰਦੀ ਹੈ ਪਰ ਪਿੰਡਾਂ ਦੇ ਵਿੱਚ ਇਹ ਨਹੀਂ ਹੁੰਦੀ। ਇਸ ਦੇ ਲਈ ਬਹੁਤ ਪੈਸਾ ਚਾਹੀਦਾ ਹੈ। ਇਹ ਸਾਰੀਆਂ ਗੱਲਾਂ ਡਿਸਕਸ ਵੀ ਹੋਈਆਂ ਹਨ। ਅੱਜ ਜਿੰਨਾ ਕੋਈ ਵੱਡਾ ਪਿੰਡ ਹੈ ਉਤਨਾ ਵੱਡਾ ਹੀ ਉਸ ਪਿੰਡ ਦੇ ਵਿੱਚ ਛੱਪੜ ਹੈ। ਪੁਰਾਣੇ ਬਜ਼ੁਰਗਾਂ ਦੀ ਸੋਚ ਵੀ ਬਹੁਤ ਚੰਗੀ ਸੀ ਤੇ ਬਹੁਤ ਦਿਮਾਗ ਸੀ ਪਰ ਅੱਜ ਸਾਇੰਸ ਦਾ ਯੁੱਗ ਆ ਗਿਆ ਹੈ। ਉਨ੍ਹਾਂ ਨੇ ਛੱਪੜ ਨੀਵੀਂ ਜਗ੍ਹਾ ਦੇ ਉੱਤੇ ਬਣਾਏ ਸਨ ਤਾਂ ਕਿ ਪਾਣੀ ਛੱਪੜਾਂ ਦੇ ਵਿੱਚ ਆਸਾਨੀ ਨਾਲ ਚਲਿਆ ਜਾਵੇ ਅਤੇ ਪਸ਼ੂਆਂ ਦੇ ਪੀਣ ਲਈ ਵਰਤਿਆ ਜਾਵੇ ਜਾਂ ਹੋਰ ਕੰਮ ਲਈ ਵਰਤਿਆ ਜਾ ਸਕੇ। ਉਸ ਵੇਲੇ ਬਹੁਤ ਘੱਟ ਪਾਣੀ ਹੁੰਦਾ ਸੀ ਪਰ ਹੁਣ ਇਸ ਵੇਲੇ ਪਾਣੀ ਦੀ ਸਟੋਰੇਜ਼ ਬਹੁਤ ਜ਼ਿਆਦਾ ਹੈ। ਸਪੀਕਰ ਸਾਹਿਬ, ਮੇਰੇ ਹਲਕੇ ਬਾਰੇ ਮੈਨੂੰ ਪਤਾ ਹੈ ਕਿ ਉੱਥੇ ਦੋ ਤਿੰਨ ਪਿੰਡਾਂ ਦੇ ਵਿੱਚ ਇਹ ਦਿੱਕਤ ਸੀ ਪਰ ਉੱਥੇ ਨਾਲ ਸੇਮ ਨਾਲੇ ਨਜ਼ਦੀਕ ਜਾਂਦੇ ਸਨ ਤਾਂ ਉਨ੍ਹਾਂ ਦੇ ਵਿੱਚ ਪਾਣੀ ਦਾ ਨਿਕਾਸ ਕਰਵਾ ਕੇ ਇਸ ਨੂੰ ਠੀਕ ਕਰਵਾਇਆ ਸੀ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਹਲਕੇ ਦੇ ਵਿੱਚ ਬਹੁਤ ਸੇਮ ਆਈ ਹੈ। ਇਸ ਦੇ ਨਾਲ ਛੱਪੜਾਂ ਦਾ ਬਹੁਤ ਬੁਰਾ ਹਾਲ ਹੋ ਗਿਆ ਹੈ। ਮੇਰਾ ਹਲਕਾ ਬਿਲਕੁਲ ਰਾਜਸਥਾਨ ਦੇ ਬਾਰਡਰ ਤੇ ਪੈਂਦਾ ਹੈ ਤੇ ਸਾਡੇ ਕਈ ਪਿੰਡਾਂ ਦੇ ਵਿੱਚ ਵਾਟਰ ਵਰਕਸ ਨਹੀਂ

Original with;
Punjab Vidhan Sabha
Digitized by;
Panjab Digital Library

[ ਸਰਦਾਰ ਗੁਰਤੇਜ ਸਿੰਘ ਘੁੜਿਆਣਾ ]

ਹੈ। ਮੇਰੇ ਹਲਕੇ ਦੇ ਵਿੱਚ ਕਾਫੀ ਟਿੱਬੇ ਵੀ ਪੈਂਦੇ ਹਨ। ਉੱਥੇ ਸਿੱਧਾ ਹੀ ਲੋਕ ਪਾਣੀ ਪੀ ਰਹੇ ਹਨ ਜਿਸ ਦੇ ਨਾਲ ਬਹੁਤ ਬਿਮਾਰੀਆਂ ਫੈਲ ਰਹੀਆਂ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਇੱਕ ਗੱਲ ਲਿਆਉਣੀ ਚਾਹੁੰਦਾ ਹਾਂ ਤੇ ਕਈ ਵਾਰੀ ਗੱਲ ਕਰਦਿਆਂ ਸ਼ਰਮ ਆਉਂਦੀ ਹੈ, ਇੱਕ ਟਰੇਨ ਬੀਕਾਨੇਰ ਨੂੰ ਜਾਂਦੀ ਹੈ। ਉਸ ਦੇ ਵਿੱਚ ਕੈਂਸਰ ਦੇ ਪੇਸ਼ੈਂਟ ਹੁੰਦੇ ਹਨ। ਜੇਕਰ ਮੈਂ ਇਹ ਕਹਿ ਦੇਵਾਂ ਕਿ 100 ਪ੍ਰਤੀਸ਼ਤ ਉਹ ਪੰਜਾਬ ਦੇ ਕੈਂਸਰ ਦੇ ਪੇਸ਼ੈਂਟਸ ਲਈ ਟਰੇਨ ਬਣੀ ਹੈ। ਉਸਦਾ ਕੈਂਸਰ ਟਰੇਨ ਨਾਮ ਰੱਖਿਆ ਹੋਇਆ ਹੈ। ਇਹ ਸਾਰੀਆਂ ਬਿਮਾਰੀਆਂ ਗੰਦੇ ਪਾਣੀ ਦੇ ਪੀਣ ਨਾਲ ਲੋਕਾਂ ਨੂੰ ਹੋ ਰਹੀਆਂ ਹਨ। ਪਸ਼ੂਆਂ ਨੂੰ ਵੀ ਹੋ ਰਹੀਆਂ ਹਨ। ਇਸ ਦੇ ਬਾਰੇ ਮੈਂ ਤੁਹਾਨੂੰ ਇਹ ਅਪੀਲ ਕਰਦਾ ਹਾਂ ਕਿ ਇਸ ਦੇ ਲਈ ਕੋਈ ਬਹੁਤ ਵਧੀਆ ਹੱਲ ਲੱਭਿਆ ਜਾਵੇ ਤਾਂਕਿ ਬਿਮਾਰੀਆਂ ਤੋਂ ਬਚ ਸਕੀਏ। ਜਿਹੜਾ ਸਾਡਾ ਪੁਰਾਣਾ ਕਲਚਰ ਹੈ ਉਹ ਵੀ ਜਿਉਂਦਾ ਰੱਖਿਆ ਜਾਵੇ, ਉਸ ਨੂੰ ਬੰਦ ਨਾ ਕੀਤਾ ਜਾਵੇ। ਇਨ੍ਹਾਂ ਦੀ ਸਫ਼ਾਈ ਹੋਵੇ ਤੇ ਪਾਣੀ ਕਿਸ ਤਰ੍ਹਾਂ ਡਰੇਨ ਆਊਟ ਹੋਵੇ, ਕੋਈ ਸਿਸਟਮ ਬਣਾ ਕੇ ਕੱਢਿਆ ਜਾਵੇ। ਮੈਂ ਇਸ ਮਤੇ ਦੀ ਪੁਰਜ਼ੋਰ ਪ੍ਰੋੜ੍ਹਤਾ ਕਰਦਾ ਹਾਂ ਤੇ ਮੰਗ ਕਰਦਾ ਹਾਂ ਕਿ ਇਸ ਨੂੰ ਪਾਸ ਕੀਤਾ ਜਾਵੇ। ਧੰਨਵਾਦ।

**ਸ਼੍ਰੀ ਬਿਸ਼ੰਬਰ ਦਾਸ (ਨਰੋਟ ਮਹਿਰਾ, ਐਸ.ਸੀ.)** : ਸਪੀਕਰ ਸਾਹਿਬ, ਅੱਜ ਛੱਪੜਾਂ ਸਬੰਧੀ ਜਿਹੜਾ ਮਤਾ ਸਰਦਾਰ ਸੋਹਣ ਸਿੰਘ ਠੰਡਲ ਨੇ ਹਾਊਸ ਵਿੱਚ ਰੱਖਿਆ ਹੈ, ਇਹ ਬਹੁਤ ਹੀ ਸ਼ਲਾਘਾਯੋਗ ਹੈ ਕਿਉਂਕਿ ਇਹ ਸਾਡੇ ਪਿੰਡਾਂ ਦੀ ਪੁਰਾਣੀ ਪਰੰਪਰਾ ਹੈ ਜੋ ਇਹ ਦਰਸਾਉਂਦੀ ਹੈ ਕਿ ਕਿਸੇ ਵੇਲੇ ਸਾਡੇ ਪਿੰਡਾਂ ਵਿੱਚ ਇਨ੍ਹਾਂ ਛੱਪੜਾਂ ਕੰਢੇ ਪਸ਼ੂ ਵੀ ਪਾਣੀ ਪੀਂਦੇ ਸਨ ਅਤੇ ਪਿੰਡ ਦੇ ਲੋਕ ਵੀ ਇੱਥੇ ਆ ਕੇ ਨਹਾਉਂਦੇ ਹੁੰਦੇ ਸਨ। ਅਜੋਕੇ ਯੁੱਗ ਵਿੱਚ ਬੇਸ਼ੱਕ ਵਾਟਰ ਸਪਲਾਈ ਵਾਸਤੇ ਉਪਰਾਲੇ ਕੀਤੇ ਗਏ ਹਨ ਲੇਕਿਨ ਸਮੇਂ ਦੇ ਨਾਲ ਨਾਲ ਜੇਕਰ ਉਸ ਵੇਲੇ ਛੱਪੜਾਂ ਦੀ ਲੋੜ ਸੀ ਤਾਂ ਅੱਜ ਵੀ ਇਨ੍ਹਾਂ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਜਿਵੇਂ ਮੰਤਰੀ ਸਾਹਿਬ ਨੇ ਇੱਥੇ ਗੱਲ ਕਹੀ ਸੀ ਕਿ ਪਿੰਡਾਂ ਵਿੱਚ ਲੋਕ ਸ਼ਰਾਬ ਆਦਿ ਨਸ਼ਿਆਂ ਦੀ ਵੇਸਟੇਜ਼ ਨੂੰ ਨਾਲੀਆਂ ਰਾਹੀਂ ਇਨ੍ਹਾਂ ਛੱਪੜਾਂ ਵਿੱਚ ਭੇਜਦੇ ਹਨ, ਇਸੇ ਤਰ੍ਹਾਂ ਹੀ ਪਿੰਡਾਂ ਵਿੱਚ ਹੋਰ ਤਰੀਕਿਆਂ ਨਾਲ ਵੀ ਵਾਤਾਵਰਣ ਦੂਸ਼ਿਤ ਹੋ ਰਿਹਾ ਹੈ। ਚਾਹੇ ਉਥੇ ਗੱਡੀਆਂ ਧੋਤੀਆਂ ਜਾਂਦੀਆਂ ਹਨ ਜਾਂ ਫਿਰ ਲੈਟਰੀਨਾਂ ਦੀ ਵੇਸਟੇਜ਼ ਹੈ ਉਹ ਛੱਪੜਾਂ ਵਿੱਚ ਜਾ ਰਹੀ ਹੈ। ਇਸ ਤਰ੍ਹਾਂ ਨਾਲ ਛੱਪੜਾਂ ਦੇ ਪਾਣੀ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਰਿਹਾ ਹੈ। ਇਸ ਨਾਲ ਸਾਡੀ ਸੰਸਕ੍ਰਿਤੀ ਨੂੰ ਵੀ ਧੱਕਾ ਲੱਗ ਰਿਹਾ ਹੈ। ਮੈਂ ਇਸ ਗੱਲ ਵਾਸਤੇ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਪ੍ਰੰਪਰਾ ਨੂੰ ਉਸੇ ਤਰ੍ਹਾਂ ਹੀ ਰੱਖਿਆ ਜਾਵੇ ਅਤੇ ਇਨ੍ਹਾਂ ਉੱਪਰ ਕੀਤੇ ਜਾ ਰਹੇ ਨਜਾਇਜ਼ ਕਬਜ਼ਿਆਂ ਨੂੰ ਵੀ ਰੋਕਿਆ ਜਾਵੇ। ਇਨ੍ਹਾਂ ਨਜਾਇਜ਼ ਕਬਜ਼ਿਆਂ ਨੂੰ ਪ੍ਰਸਾਸ਼ਨ ਦੇ ਜ਼ਰੀਏ ਖਾਲੀ ਕਰਵਾਇਆ ਜਾਵੇ। ਮੈਂ ਇਹ ਵੀ ਕਹਿਣਾ ਚਾਹਾਂਗਾ ਕਿ ਇਨ੍ਹਾਂ ਛੱਪੜਾਂ ਨੂੰ ਪੱਕਾ ਕਰਕੇ ਚਾਰ-ਦੀਵਾਰੀ ਕਰਨ ਉਪਰੰਤ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਜਾਵੇ। ਇੱਕ ਹਿੱਸੇ ਵਿੱਚ ਜਿਹੜੀ ਪਿੰਡ ਦੀ ਵੇਸਟੇਜ਼ ਆਉਂਦੀ ਹੈ, ਉਹ ਜਾਵੇ ਅਤੇ ਦੂਜਾ ਹਿੱਸਾ ਖੇਤਾਂ ਨੂੰ ਪਾਣੀ ਆਦਿ ਦੇਣ ਲਈ ਵਰਤਿਆ

Original with;
Punjab Vidhan Sabha
Digitized by;
Panjab Digital Library

ਜਾਵੇ। ਇਸ ਨਾਲ ਪੂਰੇ ਛੱਪੜ ਦਾ ਪਾਣੀ ਖ਼ਰਾਬ ਹੋਣ ਤੋਂ ਬਚਾਇਆ ਜਾ ਸਕੇਗਾ ਅਤੇ ਨਾਲ ਹੀ ਵਾਤਾਵਰਣ ਵੀ ਸਾਫ਼-ਸੁਥਰਾ ਹੋਵੇਗਾ। ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਛੱਪੜਾਂ ਵਿੱਚ ਪਿੰਡਾਂ ਦੇ ਪਾਣੀ ਦੀ ਨਿਕਾਸੀ ਅਤੇ ਉਸ ਦੀ ਸਫ਼ਾਈ ਵਾਸਤੇ ਮਤੇ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਠੰਡਲ ਸਾਹਿਬ ਵੱਲੋਂ ਦਿੱਤੇ ਗਏ ਇਸ ਮਤੇ ਦੀ ਮੈਂ ਪੁਰਜ਼ੋਰ ਸਿਫਾਰਸ਼ ਕਰਦਾ ਹਾਂ ਕਿ ਇਸ ਨੂੰ ਪਾਸ ਕੀਤਾ ਜਾਵੇ। ਸਰਕਾਰ ਆਪਣੇ ਵੱਲੋਂ ਵੀ ਪੂਰਾ ਜ਼ੋਰ ਲਗਾ ਰਹੀ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਪਿੰਡਾਂ ਨੂੰ ਕਾਫ਼ੀ ਅਗਾਂਹ ਲਿਜਾਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਹੋਰ ਕੰਮਾਂ ਵਿੱਚ ਵੀ ਹਿੱਸਾ ਪਾ ਰਹੀ ਹੈ। ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਤੁਸੀਂ ਮਾਨਯੋਗ ਸਪੀਕਰ ਸਾਹਿਬ, ਆਪ ਸਭ ਵੀ ਪਿੰਡਾਂ ਦੇ ਰਹਿਣ ਵਾਲੇ ਹੋ ਅਤੇ ਪਿੰਡਾਂ ਦੇ ਵਾਤਾਵਰਣ ਤੋਂ ਭਲੀ-ਪ੍ਰਕਾਰ ਜਾਣੂੰ ਹੋ। ਮੈਂ ਪੁਰਜ਼ੋਰ ਸ਼ਬਦਾਂ ਵਿੱਚ ਅਪੀਲ ਕਰਦਾ ਹਾਂ ਕਿ ਇਸ ਮਤੇ ਨੂੰ ਪਾਸ ਕੀਤਾ ਜਾਵੇ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ) :** ਮਾਨਯੋਗ ਸਪੀਕਰ ਸਾਹਿਬ, ਸਰਦਾਰ ਸੋਹਣ ਸਿੰਘ ਠੰਡਲ ਨੇ ਅੱਜ ਜਿਹੜਾ ਮਤਾ ਇਸ ਪਵਿੱਤਰ ਸਦਨ ਵਿੱਚ ਲਿਆਂਦਾ ਹੈ, ਇਹ ਬਹੁਤ ਅਹਿਮ ਹੈ। ਇਸ ਵਿੱਚ ਤਿੰਨ-ਚਾਰ ਗੱਲਾਂ ਅਜਿਹੀਆਂ ਹਨ ਜਿਹੜੀਆਂ ਉੱਠ ਰਹੀਆਂ ਹਨ। ਇੱਕ ਤਾਂ ਛੱਪੜਾਂ ਵਿੱਚ ਜਿਹੜੀ ਪਿੰਡਾਂ ਦੀ ਗੰਦਗੀ ਜਾ ਰਹੀ ਹੈ ਅਤੇ ਵਾਤਾਵਰਣ ਦੂਸ਼ਿਤ ਹੋ ਰਿਹਾ ਹੈ, ਉਸ ਨੂੰ ਸਾਫ਼ ਸੁਥਰਾ ਰੱਖਿਆ ਜਾਵੇ। ਦੂਜਾ, ਗੰਦੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਜਿਹੜਾ ਅੱਜ ਵਿਗੜਿਆ ਹੋਇਆ ਹੈ, ਉਸ ਨੂੰ ਠੀਕ ਕਰਨਾ ਹੈ। ਇਸ ਦੇ ਨਾਲ ਹੀ ਛੱਪੜਾਂ ਦੀ ਖੁਦਾਈ, ਆਧੁਨਿਕ ਤਕਨੀਕਾਂ ਨਾਲ ਉਸ ਦਾ ਰੱਖ-ਰਖਾਵ ਕਰਨਾ ਵੀ ਇਸ ਵਿੱਚ ਸ਼ਾਮਿਲ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਜਿਹੜਾ ਮਤੇ ਦਾ ਸਬਜੈਕਟ ਹੈ ਉਸ ਉੱਪਰ ਜ਼ਿਆਦਾ ਨਹੀਂ ਬੋਲਣਾ ਚਾਹੁੰਦਾ ਕਿਉਂਕਿ ਕਾਫ਼ੀ ਮੈਂਬਰਾਂ ਨੇ ਉਸ ਉੱਪਰ ਚਾਨਣਾ ਪਾ ਦਿੱਤਾ ਹੈ। ਮੈਂ ਜਿਹੜੀ ਗੱਲ ਰਿਕਾਰਡ ਉੱਪਰ ਲਿਆਉਣੀ ਚਾਹੁੰਦਾ ਹਾਂ, ਉਹ ਇਹ ਹੈ ਕਿ ਮਾਨਯੋਗ ਸਪੀਕਰ ਸਾਹਿਬ, ਬਹੁਤ ਕੁਰਬਾਨੀਆਂ ਦੇ ਬਾਅਦ ਆਪਣਾ ਇਹ ਮੁਲਕ ਆਜ਼ਾਦ ਹੋਇਆ ਹੈ ਔਰ ਖੁਦਮੁਖਤਿਆਰੀ ਹਾਸਲ ਕਰਨ ਵਾਸਤੇ ਸਾਡੇ ਦੇਸ਼ ਦੇ ਨੌਜਵਾਨਾਂ ਨੇ, ਦੇਸ਼ ਭਗਤਾਂ ਨੇ ਸ਼ਹਾਦਤਾਂ ਦਿੱਤੀਆਂ ਸਨ। ਉਨ੍ਹਾਂ ਦਾ ਸੁਪਨਾ ਸੀ ਕਿ ਅਸੀਂ ਆਪਣੇ ਦੇਸ਼ ਨੂੰ ਆਪਣੇ ਹੱਥੀਂ ਚਲਾਈਏ। ਬਹੁਤ ਲੰਬਾ ਸਮਾਂ ਘਾਲਣਾ ਘਾਲੀਆਂ। ਲੰਬੀਆਂ ਘਾਲਣਾਵਾਂ ਤੋਂ ਬਾਅਦ ਸਾਡੇ ਹਿੰਦੁਸਤਾਨ ਦਾ ਸੰਵਿਧਾਨ ਰਚਿਆ ਗਿਆ। ਉਨ੍ਹਾਂ ਸਾਰੇ ਸ਼ਹੀਦਾਂ ਨੂੰ, ਸੰਵਿਧਾਨ ਰਚਣ ਵਾਲਿਆਂ ਨੂੰ ਮੈਂ ਸਲਾਮ ਕਰਦਾ ਹਾਂ। ਅੱਜ ਹਿੰਦੁਸਤਾਨ ਦੁਨੀਆਂ ਦੇ ਵਿਚ ਸਭ ਤੋਂ ਵੱਡਾ ਜਮਹੂਰੀ ਮੁਲਕ ਹੈ, ਲੋਕਤੰਤਰਿਕ ਮੁਲਕ ਹੈ। ਸਪੀਕਰ ਸਾਹਿਬ, ਲੋਕਤੰਤਰ ਵਿੱਚ ਸਭ ਤੋਂ ਵੱਡਾ ਰੋਲ ਲੈਜਿਸਲੇਚਰ ਦਾ ਹੁੰਦਾ ਹੈ। ਕੇਂਦਰ ਦੇ ਵਿੱਚ ਸਾਡੀ ਪਾਰਲੀਮੈਂਟ ਹੈ ਅਤੇ

Original with;
Punjab Vidhan Sabha
Digitized by;
Panjab Digital Library

[ ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ ]

ਸੂਬਿਆਂ ਦੇ ਵਿੱਚ ਲੈਜਿਸਲੇਟਿਵ ਅਸੈਂਬਲੀਆਂ ਹੁੰਦੀਆਂ ਹਨ। ਜਿਹੜੇ ਮੈਂਬਰ ਇੱਥੇ ਪਹੁੰਚਦੇ ਹਨ, ਉਹ ਆਮ ਲੋਕਾਂ ਦੇ ਵਿੱਚ ਵਿਚਰਦੇ ਹਨ, ਲੋਕਾਂ ਦੇ ਵਿੱਚ ਜਾਂਦੇ ਹਨ। ਲੋਕਾਂ ਦੀਆਂ ਦੁਖ ਤਕਲੀਫਾਂ ਸੁਣਦੇ ਹਨ। ਆਖਿਰ ਵਿੱਚ ਲੋਕ ਮਨ ਬਣਾਉਂਦੇ ਹਨ ਕਿ ਅਸੀਂ ਆਪਣੀ ਅਵਾਜ਼ ਦੇ ਤੌਰ ਤੇ, ਆਪਣੇ ਨੁਮਾਇੰਦੇ ਦੇ ਤੌਰ ਤੇ, ਇਨ੍ਹਾਂ ਨੂੰ ਚੁਣ ਕੇ ਸਦਨ ਵਿਚ ਭੇਜੀਏ ਤਾਂ ਕਿ ਸਾਡੀ ਗੱਲ, ਸਾਡੇ ਪਿੰਡਾਂ ਦੀ ਗੱਲ, ਸਾਡੇ ਹਲਕੇ ਦੀ ਗੱਲ, ਸਾਡੇ ਸੂਬੇ ਦੀ ਗੱਲ, ਉਥੇ ਰੱਖੀ ਜਾ ਸਕੇ। ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਵਿਚੋਂ ਆਪੋਜ਼ੀਸ਼ਨ ਪਾਰਟੀ ਦੇ ਤੌਰ ਤੇ ਜਿਹੜੇ ਸੱਜਣ ਚੁਣ ਕੇ ਆਏ ਹਨ, ਅੱਜ ਉਹ ਇਸ ਹਾਊਸ ਵਿੱਚ ਨਹੀਂ ਹਨ। ਮੈਂ ਬੜੇ ਦੁਖ ਨਾਲ ਇਹ ਕਹਿੰਦਾ ਹਾਂ ਕਿ ਉਨ੍ਹਾਂ ਦਾ ਪਤਾ ਨਹੀਂ ਕੀ ਪੁਲੀਟੀਕਲ ਮੋਟਿਵ ਹੈ। ਪਤਾ ਨਹੀਂ ਉਨ੍ਹਾਂ ਦਾ ਕਾਰਗੁਜ਼ਾਰੀ ਕਰਨ ਦਾ ਤਰੀਕਾ ਕੀ ਹੈ। ਅੱਜ ਦਾ ਦਿਨ ਵੀਰਵਾਰ ਦਾ ਦਿਨ ਹੈ। ਸਾਡੇ ਰੂਲਜ਼ ਜਿਹੜੇ ਇਸ ਸਦਨ ਨੂੰ ਚਲਾਉਂਦੇ ਹਨ, ਉਨ੍ਹਾਂ ਮੁਤਾਬਕ ਅੱਜ ਪ੍ਰਾਈਵੇਟ ਬਿਜ਼ਨਸ ਦਾ ਦਿਨ ਹੈ। ਸਪੀਕਰ ਸਾਹਿਬ, 10 ਮੈਂਬਰਾਂ ਨੇ ਆਪਣੇ ਆਪਣੇ ਪ੍ਰਾਈਵੇਟ ਮਤੇ ਦਿੱਤੇ ਹਨ। ਅੱਜ ਦਾ ਦਿਨ ਪ੍ਰਾਈਵੇਟ ਬਿਜ਼ਨਸ ਦਾ ਦਿਨ ਹੈ। ਸਰਕਾਰੀ ਕੰਮ-ਕਾਜ ਤੋਂ ਤਰਜੀਹ ਜੋ ਹੈ, ਉਹ ਪ੍ਰਾਈਵੇਟ ਕੰਮ-ਕਾਜ ਨੂੰ ਦੇਣੀ ਹੁੰਦੀ ਹੈ। ਮੈਂ ਹਿਸਾਬ ਕਿਤਾਬ ਲਗਾ ਰਿਹਾ ਸੀ ਕਿ ਜਿਸ ਤਰ੍ਹਾਂ ਦੇ ਮਤੇ ਅੱਜ ਪੇਸ਼ ਹੋਏ ਹਨ ਔਰ ਇੱਕ ਤੋਂ ਵੱਧ ਕੇ ਇਨ੍ਹਾਂ ਮਤਿਆਂ ਵਿੱਚ ਲੋਕ ਮਹੱਤਤਾ ਦੀਆਂ ਗੱਲਾਂ ਹਨ। ਮਾਨਯੋਗ ਮੈਂਬਰ ਸਰਦਾਰ ਸੋਹਣ ਸਿੰਘ ਠੰਡਲ ਜੀ ਨੇ ਜੋ ਮਤਾ ਲਿਆਂਦਾ ਹੈ ਅਤੇ ਜਿਸ ਤਰ੍ਹਾਂ ਅੱਜ ਹਾਊਸ ਵਿਚ ਗੱਲਾਂ-ਬਾਤਾਂ ਅਤੇ ਵਿਚਾਰਾਂ ਹੋਈਆਂ ਹਨ, ਉਨ੍ਹਾਂ ਤੋਂ ਆਪਾਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਇਹ ਇਕ ਬਹੁਤ ਹੀ ਅਹਿਮ ਮਸਲਾ ਪੰਜਾਬ ਦਾ ਬਣ ਚੁੱਕਾ ਹੈ ਕਿ ਪਾਣੀ ਦੀ ਨਿਕਾਸੀ ਅਤੇ ਛੱਪੜਾਂ ਦਾ ਰੱਖ-ਰਖਾਓ ਆਧੁਨਿਕ ਤਕਨੀਕ ਨਾਲ ਕਿਵੇਂ ਕਰਨਾ ਹੈ ਪਰ ਅਫਸੋਸ ਹੈ ਕਿ ਜਿਹੜੇ ਆਪੋਜ਼ੀਸ਼ਨ ਪਾਰਟੀ ਦੇ ਲੋਕ ਹਮੇਸ਼ਾ ਰੌਲਾ ਪਾਉਂਦੇ ਹਨ ਕਿ ਸਦਨ ਛੋਟਾ ਹੋ ਗਿਆ ਹੈ, ਸਦਨ ਲੰਬਾ ਕਰੋ, ਬੋਲਣ ਦਾ ਮੌਕਾ ਦਿਓ ਉਹ ਬੇਵਜਾ ਔਰ ਬਿਨਾ ਕਿਸੇ ਸਹੀ ਕਾਰਨ ਦੇ ਇਸ ਹਾਊਸ ਤੋਂ ਬਾਹਰ ਚਲੇ ਗਏ ਹਨ। ਸਪੀਕਰ ਸਾਹਿਬ, ਕੱਲ੍ਹ ਜੋ ਵਾਕਿਆ ਹੋਇਆ ਹੈ, ਆਪਣੇ ਇੱਕ ਆਪੋਜ਼ੀਸ਼ਨ ਦੇ ਮੈਂਬਰ ਸਾਹਿਬ ਹਨ ਉਨ੍ਹਾਂ ਦੀ ਆਦਤ ਹੀ ਹੈ ਕਿ ਹਰ ਮੌਕੇ ਤੇ ਉਠ ਕੇ ਆਪਣੀ ਹੋਂਦ ਦਿਖਾਉਣੀ ਔਰ ਹਾਊਸ ਦੀ ਸਮੂਥ ਕਾਰਵਾਈ ਚੱਲਣ ਵਿੱਚ ਵਿਘਨ ਪਾਉਣਾ ਔਰ ਆਪਣੇ ਆਪ ਨੂੰ ਵਿਖਾਉਣ ਲਈ, ਆਪਣੇ ਆਪ ਨੂੰ ਖਬਰਾਂ ਵਿੱਚ ਲਿਆਉਣ ਲਈ, ਹਾਊਸ ਦੀ ਮਰਿਆਦਾ ਭੰਗ ਕਰਨ ਤੱਕ ਦੀ ਸੀਮਾ ਤੇ ਜਾਣਾ। ਸਾਡੇ ਇਧਰਲੇ ਸਾਥੀਆਂ ਨੇ ਸਿਰਫ ਇੰਨੀ ਗੱਲ ਕੀਤੀ ਹੈ ਕਿ ਸਦਨ ਦੀ ਮਰਿਆਦਾ ਭੰਗ ਨਾ ਹੋਵੇ। ਕੋਈ ਅਨਨਸੱਸਰਲੀ ਆਪਣੀ ਹੋਂਦ ਵਿਖਾਉਣ ਦੀ ਲੋੜ ਨਹੀਂ ਹੈ। ਸਤਿਕਾਰਯੋਗ ਮੁੱਖ ਮੰਤਰੀ ਜੀ ਨੇ ਵੀ ਸਪੀਕਰ ਸਾਹਿਬ, ਕਿਸੇ ਦਾ ਨਾਂ ਲੈ ਕੇ, ਪੁਆਇੰਟ ਆਊਟ ਕਰਕੇ ਕੋਈ ਗੱਲ ਨਹੀਂ ਕਹੀ ਸੀ। ਪਿੰਡਾਂ ਦੇ ਵਿੱਚ ਜਿਹੜੀ ਆਮ ਕਹਾਵਤ/ਅਖਾਣ ਹੁੰਦੀ ਹੈ, ਉਸ ਦਾ ਕੋਈ ਮਤਲਬ ਨਹੀਂ ਸੀ ਹੁੰਦਾ ਕਿ ਕਿਸੇ ਨੂੰ ਲਗਾ ਕੇ

Original with;
Punjab Vidhan Sabha
Digitized by;
Panjab Digital Library

ਕੋਈ ਗੱਲ ਕਹੀ ਜਾਵੇ। ਇਹ ਤਾਂ ਸਪੀਕਰ ਸਾਹਿਬ, ਆਮ ਆਪਾਂ ਜਿਸ ਤਰ੍ਹਾਂ ਗੱਲਬਾਤ ਕਰਦੇ ਹਾਂ, ਉਸ ਸਮੇਂ ਜੇ ਕੋਈ ਢੁੱਕਵੀਂ ਗੱਲ ਕਿਸੇ ਨੂੰ ਸੁਝਦੀ ਹੈ ਤਾਂ ਹਰ ਕੋਈ ਗੱਲ ਕਰਦਾ ਹੈ। ਥੋੜ੍ਹੇ ਲਫਜ਼ਾਂ ਵਿੱਚ ਸਾਰੀ ਗੱਲ ਸਮਝ ਆ ਜਾਂਦੀ ਹੈ ਪਰ ਮੈਂ ਇਹ ਕਹਾਂਗਾ, ਸਪੀਕਰ ਸਾਹਿਬ, ਕਿ ਵਾਕਆਊਟ ਦਾ ਇਹ ਤਾਂ ਇੱਕ ਬਹਾਨਾ ਬਣਾਇਆ ਗਿਆ ਹੈ। ਕਾਂਗਰਸ ਪਾਰਟੀ ਨੇ ਪੰਜਾਬ ਵਿੱਚ ਕਦੇ ਵੀ ਸਹੀ ਆਪੋਜ਼ੀਸ਼ਨ ਦਾ ਰੋਲ ਅਦਾ ਨਹੀਂ ਕੀਤਾ, ਨਾ ਹੀ ਕਰ ਸਕਦੀ ਹੈ ਅਤੇ ਨਾ ਹੀ ਕਰ ਰਹੀ ਹੈ। ਪੰਜਾਬ ਦੇ ਭੱਖਦੇ ਮਸਲਿਆਂ ਤੇ ਕਦੇ ਵੀ ਕਾਂਗਰਸ ਪਾਰਟੀ ਗੰਭੀਰ ਨਹੀਂ ਰਹੀ। ਡਿਵੈਲਪਮੈਂਟ ਦੇ ਮਸਲਿਆਂ ਤੇ ਵੀ ਕਦੇ ਕਾਂਗਰਸ ਪਾਰਟੀ ਗੰਭੀਰ ਨਹੀਂ ਰਹੀ। ਪੰਜਾਬ ਦੇ ਲੋਕਾਂ ਵਾਸਤੇ ਕਦੇ ਕਾਂਗਰਸ ਪਾਰਟੀ ਨੇ ਆਵਾਜ਼ ਨਹੀਂ ਉਠਾਈ। ਇਨ੍ਹਾਂ ਦੀ ਰਾਜਨੀਤੀ ਸਿਰਫ ਕੁਰਸੀ ਤੱਕ ਹੀ ਸੀਮਿਤ ਹੈ। ਅੱਜ ਇਹ ਜਿਹੜੇ ਆਪਣੀਆਂ ਸੀਟਾਂ ਤੋਂ ਐਬਸੈਂਟ ਹਨ ਉਹ ਇਸ ਕਰਕੇ ਨਹੀਂ ਕਿ ਇਨ੍ਹਾਂ ਨੂੰ ਕੋਈ ਚੁੱਭਵੀਂ ਗੱਲ ਕਹੀ ਗਈ ਹੈ ਜਾਂ ਫਿਰ ਕੋਈ ਅਨਪਾਰਲੀਮੈਂਟਰੀ ਗੱਲ ਕਹੀ ਗਈ ਹੈ। ਇਹ ਜਿਹੜੇ ਰਹਿੰਦੇ ਸਮੇਂ ਤੱਕ ਸਦਨ ਦਾ ਇਨ੍ਹਾਂ ਨੇ ਬਾਈਕਾਟ ਕੀਤਾ ਹੈ ਉਹ ਇਸ ਲਈ ਕੀਤਾ ਹੈ ਕਿ ਇਹ ਆਪਣੇ ਆਕਾਵਾਂ ਕੋਲ, ਆਪਣੇ ਲੀਡਰਾਂ ਕੋਲ ਦਿੱਲੀ ਵਿਚ ਬੈਠ ਕੇ ਪਾਰਲੀਮੈਂਟ ਦੀਆਂ ਸੀਟਾਂ ਲਈ ਟਿਕਟਾਂ ਦੀ ਲਾਬਿੰਗ ਕਰ ਰਹੇ ਹਨ। ਉਨ੍ਹਾਂ ਦੀ ਚਾਪਲੂਸੀ ਕਰ ਰਹੇ ਹਨ। ਸਪੀਕਰ ਸਾਹਿਬ, ਕਿਸੇ ਨੂੰ ਦਿੱਲੀ ਭੇਜ ਕੇ ਦੇਖ ਲਓ, ਇਹ ਸਾਰੇ ਉਥੇ ਬੈਠੇ ਹਨ। ਇਨ੍ਹਾਂ ਨੇ ਹਾਊਸ ਦਾ ਬਾਈਕਾਟ ਕਰਨ ਦਾ ਸਿਰਫ ਇੱਕ ਢੌਂਗ ਰਚਿਆ ਹੈ ਅਤੇ ਬਹਾਨਾ ਬਣਾਇਆ ਹੈ। ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਜੇਕਰ ਇਸ ਤਰ੍ਹਾਂ ਦੀ ਆਪੋਜ਼ੀਸ਼ਨ ਰਹੀ ਤਾਂ ਪੰਜਾਬ ਵਿੱਚ ਡੈਮੋਕਰੇਸੀ ਕਦੇ ਵੀ ਸਿਹਤਮੰਦ ਨਹੀਂ ਹੋ ਸਕਦੀ। ਲੋਕਾਂ ਨੂੰ ਵੀ ਸੋਚਣਾ ਪਵੇਗਾ ਕਿ ਜਦੋਂ ਸਦਨ ਵਿੱਚ ਪੰਜਾਬ ਦੇ ਮਸਲਿਆਂ ਤੇ ਗੱਲਬਾਤ ਹੁੰਦੀ ਹੈ ਤਾਂ ਉਸ ਵਿੱਚ ਸ਼ਿਰਕਤ ਕਰਨ ਵਾਸਤੇ ਜਿਨ੍ਹਾਂ ਨੂੰ ਲੋਕਾਂ ਨੇ ਚੁਣ ਕੇ ਭੇਜਿਆ ਹੈ, ਫਿਰ ਪੂਰੇ ਸਦਨ ਵਿੱਚੋਂ ਚਲਦੇ ਸਤਰ ਤੱਕ ਐਬਸੈਂਟ ਹੋ ਜਾਣਾ ਕਿੰਨਾ ਕੁ ਜਸਟੀਫਾਈਡ ਹੈ, ਕਿੰਨਾ ਕੁ ਨਿਆਂਸੰਗਤ ਹੈ। ਇਸ ਗੱਲ ਦਾ ਇਨ੍ਹਾਂ ਨੂੰ, ਪੰਜਾਬ ਦੇ ਲੋਕਾਂ ਨੂੰ, ਜੁਆਬ ਦੇਣਾ ਪਵੇਗਾ। ਕਿਉਂਜੋ ਹੁਣ ਲੋਕ ਸਭਾ ਦੀਆਂ ਚੋਣਾਂ ਆ ਰਹੀਆਂ ਹਨ, ਆਪੋਜ਼ੀਸ਼ਨ ਦੀ ਡਿਊਟੀ ਬਣਦੀ ਹੈ ਕਿ ਪੰਜਾਬ ਦੇ ਹਿੱਤਾਂ ਦੀ ਗੱਲ ਕਰੀਏ, ਪੰਜਾਬ ਦੇ ਲੋਕਾਂ ਦੀ ਗੱਲ ਕਰੀਏ ਜਿਨ੍ਹਾਂ ਨੇ 5 ਸਾਲ ਵਾਸਤੇ ਚੁਣ ਕੇ ਇਸ ਮਹਾਨ ਸਦਨ ਵਿੱਚ ਭੇਜਿਆ ਹੈ। ਲੋਕਾਂ ਨੇ ਇਨ੍ਹਾਂ ਨੂੰ ਸਦਨ ਵਿੱਚ ਆਪਣੀ ਆਵਾਜ਼ ਉਠਾਉਣ ਵਾਸਤੇ ਭੇਜਿਆ ਹੈ ਪਰ ਅੱਜ ਕੌਣ ਆਵਾਜ਼ ਉਠਾਉਣ ਵਾਲਾ ਹੈ। ਅੱਜ ਇੱਥੇ ਪਿੰਡਾਂ ਦੀ ਗੱਲ ਹੋ ਰਹੀ ਹੈ, ਛੱਪੜਾਂ ਦੀ ਸਫ਼ਾਈ ਦੀ ਗੱਲ ਹੋ ਰਹੀ ਹੈ, ਵਾਤਾਵਰਣ ਨੂੰ ਸ਼ੁੱਧ ਕਰਨ ਦੀ ਗੱਲ ਹੋ ਰਹੀ ਹੈ, ਟੋਭੇ ਛੱਪੜਾਂ ਦੀ ਸਫ਼ਾਈ ਦੀ ਗੱਲ ਹੋ ਰਹੀ ਹੈ। ਇਹ ਅੱਜ ਇੱਕ ਪਿੰਡਾਂ ਦੀ ਮੁੱਖ ਸਮੱਸਿਆ ਬਣ ਚੁੱਕੀ ਹੈ। ਜਿਵੇਂ ਮੇਰੇ ਦੋਸਤਾਂ ਨੇ ਵੀ ਪਹਿਲਾਂ ਜ਼ਿਕਰ ਕੀਤਾ ਹੈ, ਜੇਕਰ ਐਮ.ਪੀ. ਸਾਹਿਬ ਜਾਂਦੇ ਹਨ, ਐਮ.ਐਲ.ਏ ਸਾਹਿਬ ਜਾਂਦੇ ਹਨ ਤਾਂ ਲੋਕੀਂ ਟੋਭਿਆਂ, ਛੱਪੜਾਂ ਦੀ ਗੱਲ

Original with;
Punjab Vidhan Sabha
Digitized by;
Panjab Digital Library

[ ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ ]

ਕਰਦੇ ਹਨ, ਪੰਚਾਇਤ ਦੀ ਚੋਣ ਆਉਂਦੀ ਹੈ ਤਾਂ ਵੀ ਛੱਪੜਾਂ ਦਾ ਮੁੱਦਾ ਹੀ ਅਹਿਮ ਹੁੰਦਾ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨਸਾਨ ਅਤੇ ਛੱਪੜ ਦਾ ਰਿਸ਼ਤਾ ਜਨਮ-ਜਨਮਾਂਤਰ ਦਾ ਹੈ। ਇਹ ਸਾਡੀ ਸੰਸਕ੍ਰਿਤੀ ਦਾ ਹਿੱਸਾ ਹੈ। ਪਿੰਡਾਂ ਦੀ ਬਣਤਰ ਦਾ ਹਿੱਸਾ ਹੈ ਅਤੇ ਹਰ ਪਿੰਡ ਵਾਸਤੇ ਜ਼ਰੂਰੀ ਅੰਗ ਹੈ। ਸਪੀਕਰ ਸਾਹਿਬ, ਜਦੋਂ ਪਿੰਡ ਵੱਸਦਾ ਹੈ ਤਾਂ ਲੋਕ ਮਕਾਨ ਵਾਸਤੇ ਗਾਰਾ, ਇੱਟਾਂ ਵਾਸਤੇ ਮਿੱਟੀ, ਇਹ ਸਾਰੀ ਇੱਕੋ ਜਗ੍ਹਾ ਤੋਂ ਲੈਂਦੇ ਹਨ। ਪਿੰਡ ਵੀ ਸੋਹਣਾ ਉੱਚਾ ਵੱਸ ਜਾਂਦਾ ਹੈ। ਪਿੰਡ ਦਾ ਫਾਲਤੂ ਪਾਣੀ ਆਉਣ ਵਾਸਤੇ ਜਗ੍ਹਾ ਵੀ ਬਣ ਜਾਂਦੀ ਹੈ ਅਤੇ ਪਿੰਡ ਦਾ ਪਾਣੀ ਉਥੇ ਜਾਂਦਾ ਹੈ। ਫਿਰ ਉਹ ਕੁਦਰਤੀ ਢੰਗ ਨਾਲ ਜ਼ਮੀਨ ਦੇ ਹੇਠ ਜਾਂਦਾ ਹੈ ਜਿਸ ਨਾਲ ਪਾਣੀ ਦਾ ਸਤਰ ਵੀ ਉੱਚਾ ਰਹਿੰਦਾ ਹੈ ਅਤੇ ਪਿੰਡ ਦੀਆਂ ਹੋਰ ਜ਼ਰੂਰਤਾਂ ਵੀ ਪੂਰੀਆਂ ਹੁੰਦੀਆਂ ਹਨ। ਸਪੀਕਰ ਸਾਹਿਬ, ਮੈਂ ਕਹਿ ਸਕਦਾ ਹਾਂ ਕਿ ਇਹ ਇੱਕ ਨੈਚੂਰਲ ਐਵੋਲੂਸ਼ਨ ਇਨਫਰਾਸਟਰਕਚਰ ਸੀ ਪਰ ਫਿਰ ਲੋਕੀਂ ਮੋਡਰੇਨਾਈਜ਼ੇਸ਼ਨ ਵੱਲ ਤੁਰ ਪਏ, ਪੱਕੇ ਮਕਾਨ ਬਣਾਉਣ ਵੱਲ ਤੁਰ ਪਏ ਅਤੇ ਆਪਣੇ ਮਕਾਨ ਪੱਕੇ ਕਰਨ ਵਾਲੇ ਪਾਸੇ ਤੁਰ ਪਏ ਪਰ ਜਗ੍ਹਾ ਹੈ ਨਹੀਂ ਸੀ। ਲੋਕਾਂ ਨੇ ਛੱਪੜਾਂ ਦੀ ਐਨਕਰੋਚਮੈਂਟ ਕਰ ਲਈ। ਅਸੀਂ ਭੁੱਲ ਗਏ ਕਿ ਇਨ੍ਹਾਂ ਛੱਪੜਾਂ ਦਾ ਕਿੰਨਾ ਮਹੱਤਵ ਹੈ। ਛੱਪੜਾਂ ਤੋਂ ਬਗੈਰ ਸਾਰਾ ਸਿਸਟਮ ਡਿਸਟਰਬ ਹੋ ਗਿਆ ਹੈ। ਸਪੀਕਰ ਸਾਹਿਬ, ਅਸੀਂ ਇਹ ਭੁੱਲ ਗਏ ਔਰ ਜਿਸ ਵੇਲੇ ਪਾਣੀ ਸਿਰ ਤੋਂ ਉਪਰ ਲੰਘਦਾ ਹੈ ਤਾਂ ਉਸ ਬਾਰੇ ਸੋਚ ਪੈਦਾ ਹੁੰਦੀ ਹੈ। ਅੱਜ ਉਹ ਛੱਪੜ ਅੱਜ ਉਹ ਟੋਭੇ, ਜਿਸ ਵਿੱਚ ਸਭ ਤੋਂ ਨੁਕਸਾਨਦਾਰ ਚੀਜ਼ ਸੁੱਟੀ ਜਾਂਦੀ ਸੀ, ਅੱਜ ਵਿਧਾਨ ਸਭਾ ਵਿੱਚ ਉਹ ਚਰਚਾ ਦਾ ਵਿਸ਼ਾ ਬਣ ਗਿਆ ਹੈ। ਉਹ ਟੋਭੇ, ਜਿਸ ਦੇ ਬਾਰੇ ਕੋਈ ਸੋਚਣ ਨੂੰ ਤਿਆਰ ਨਹੀਂ ਸੀ ਅੱਜ ਉਸ ਦੇ ਵਾਸਤੇ ਵੱਡੇ ਵੱਡੇ ਫੰਡਾਂ ਦੀ ਗੱਲ ਹੋਣ ਲੱਗ ਪਈ ਹੈ। ਸੋ, ਅੱਜ ਆਪਾਂ ਇਸ ਦੀ ਮਹੱਤਤਾ ਨੂੰ ਸਮਝ ਸਕਦੇ ਹਾਂ। ਜਿੰਨੀਆਂ ਇੱਥੇ ਤਕਰੀਰਾਂ ਹੋਈਆਂ, ਸਾਨੂੰ ਉਨ੍ਹਾਂ ਤੋਂ ਇਨ੍ਹਾਂ ਛੱਪੜਾਂ ਦੀ ਮਹੱਤਤਾ ਦਾ ਅੰਦਾਜ਼ਾ ਲੱਗ ਰਿਹਾ ਹੈ। ਸਪੀਕਰ ਸਾਹਿਬ, ਹੋਰ ਬੁਲਾਰਿਆਂ ਨੇ ਵੀ ਗੱਲ ਕਰਨੀ ਹੋਏਗੀ, ਜਿਸ ਵਾਸਤੇ ਮੈਂ ਖੜ੍ਹਾ ਹੋਇਆ ਹਾਂ ਉਹ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ। ਕਾਂਗਰਸ ਪਾਰਟੀ ਦਾ ਬਤੌਰ ਆਪੋਜ਼ੀਸ਼ਨ ਬਹੁਤ ਮਾੜਾ ਰੋਲ ਰਿਹਾ ਹੈ ਜਿਹੜਾ ਕਿ ਪੰਜਾਬ ਦੇ ਆਉਣ ਵਾਲੇ ਸਮੇਂ ਲਈ, ਜਮਹੂਰੀਅਤ ਲਈ ਬਹੁਤ ਖਤਰਨਾਕ ਘਾਤਕ ਸਿੱਧ ਹੋ ਸਕਦਾ ਹੈ। ਸੋ, ਪੰਜਾਬ ਦੇ ਲੋਕਾਂ ਨੂੰ ਸੋਚਣਾ ਪਏਗਾ ਕਿ ਅਜਿਹੀ ਪਾਰਟੀ ਨੂੰ ਆਪਾਂ ਮੁੜ ਕੇ ਲੋਕ ਸਭਾ ਵਿੱਚ ਭੇਜਣਾ ਹੈ ਜਾਂ ਨਹੀਂ, ਮੁੜ ਕੇ ਅਸੈਂਬਲੀ ਵਿੱਚ ਭੇਜਣਾ ਹੈ ਜਾਂ ਨਹੀਂ ਕਿਉਂਕਿ ਜਿਹੜਾ ਇਨ੍ਹਾਂ ਦਾ ਆਪਣਾ ਫਰਜ਼ ਬਣਦਾ ਸੀ, ਉਹ ਇਹ ਨਿਭਾ ਨਹੀਂ ਸਕੇ। ਲੋਕ ਸੋਚਣਗੇ ਕਿ ਜਿਹੜੇ ਚੁਣੇ ਹੋਏ ਨੁਮਾਇੰਦੇ ਸਾਡੀ ਉਥੇ ਲੋਕ ਸਭਾ ਵਿੱਚ ਜਾਂ ਵਿਧਾਨ ਸਭਾ ਵਿੱਚ ਗੱਲ ਨਹੀਂ ਕਰ ਸਕਦੇ ਉਨ੍ਹਾਂ ਨੂੰ ਉਥੇ ਕਿਉਂ ਭੇਜਿਆ ਜਾਵੇ। ਉਨ੍ਹਾਂ ਨੂੰ ਕਿਉਂ ਵੋਟ ਪਾਈ ਜਾਵੇ ਜੇ ਇਨ੍ਹਾਂ ਨੇ ਉਥੇ ਜਾ ਕੇ ਸਾਡੇ ਦੁੱਖ ਹੀ ਨਹੀਂ ਦੱਸਣੇ ਕਿ ਪੰਜਾਬ ਨੂੰ ਕਿਸ ਰਸਤੇ ਤੇ ਲੈ ਕੇ ਜਾਣਾ ਹੈ ਜੇ ਇਹ ਉਹਦੀ ਗੱਲ ਹੀ ਨਹੀਂ ਕਰ ਸਕਦੇ ਤਾਂ ਕੋਈ ਲੋੜ ਨਹੀਂ ਇਨ੍ਹਾਂ ਨੂੰ ਵੋਟਾਂ ਪਾਉਣ ਦੀ।

Original with;
Punjab Vidhan Sabha
Digitized by;
Panjab Digital Library

ਬਾਕੀ ਸਪੀਕਰ ਸਾਹਿਬ, ਹੋਰ ਵੀ ਬਹੁਤ ਗੱਲਾਂ ਸਨ। ਸਪੀਕਰ ਸਾਹਿਬ, ਸਤਿਕਾਰਯੋਗ ਸਾਡੇ ਮੁੱਖ ਪਾਰਲੀਮਾਨੀ ਸਕੱਤਰ ਸ਼੍ਰੀ ਜਗਦੀਸ਼ ਸਾਹਨੀ ਜੀ ਨੇ ਪਲਾਸਟਿਕ ਦੇ ਲਿਫਾਫਿਆਂ ਦੀ ਗੱਲ ਕੀਤੀ ਸੀ। ਗੱਲਾਂ ਵਿੱਚੋਂ ਗੱਲ ਨਿਕਲਦੀ ਹੈ। ਜਿਸ ਵੇਲੇ ਆਪਾਂ ਡਿਸਕਸ਼ਨ ਕਰੀਏ ਤਾਂ ਗੱਲਾਂ ਵਿੱਚੋਂ ਕਿਸੇ ਤੇ ਚਰਚਾ ਹੁੰਦੀ ਹੈ, ਮੰਥਨ ਹੁੰਦਾ ਤਾਂ ਉਸ ਵੇਲੇ ਸਮੱਸਿਆ ਉਭਰ ਕੇ ਸਾਹਮਣੇ ਆਉਂਦੀ ਹੈ ਅਤੇ ਵਿਚਾਰਾਂ ਤੋਂ ਬਾਅਦ ਉਸ ਸਮੱਸਿਆ ਦਾ ਹੱਲ ਵੀ ਨਿਕਲਦਾ ਹੈ।

ਸਪੀਕਰ ਸਾਹਿਬ, ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਵਿੱਚ ਲਿਫਾਫੇ ਬੰਦ ਹਨ। ਸ਼ਿਮਲਾ ਜਿਹੜਾ ਕਿ ਪਲਾਸਟਿਕ ਦੀ ਗੰਦਗੀ ਦੇ ਨਾਲ ਸੱਭ ਤੋਂ ਵੱਧ ਪ੍ਰਦੂਸ਼ਤ ਸ਼ਹਿਰ ਬਣਨ ਜਾ ਰਿਹਾ ਸੀ ਅੱਜ ਜਦੋਂ ਉਥੇ ਜਾਂਦੇ ਹਾਂ ਇਕ ਲਿਫਾਫਾ ਦੇਖਣ ਨੂੰ ਨਹੀਂ ਮਿਲਦਾ। ਉਥੇ ਦੀ ਸਰਕਾਰ ਨੇ ਉਥੇ ਦਾ ਵਾਤਾਵਰਣ ਬਚਾ ਲਿਆ। ਸਾਡੇ ਵੀ ਇਥੇ ਪਲਾਸਟਿਕ ਦੇ ਲਿਫਾਫੇ ਦੀ ਰੀਸਾਈਕਲ ਕਰਕੇ ਵਰਤੋਂ ਨਾ ਕਰਨ ਬਾਰੇ ਕਾਨੂੰਨ ਬਣਿਆ ਪਰ ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਉਸ ਕਾਨੂੰਨ ਦੀ ਪੂਰੀ ਤਰ੍ਹਾਂ ਪਾਲਣਾ ਨਹੀਂ ਹੋ ਰਹੀ। ਉਹ ਕਾਨੂੰਨ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਰਿਹਾ ਔਰ ਜਿਹੜੇ ਉਸ ਕਾਨੂੰਨ ਦੀ ਅਵੱਗਿਆ ਕਰਦੇ ਹਨ ਉਨ੍ਹਾਂ ਦੇ ਖਿਲਾਫ ਕਾਰਵਾਈ ਨਹੀਂ ਹੋ ਰਹੀ। ਜਿਹੜੇ ਲੋਕ ਹਾਲੇ ਵੀ ਰੀਸਾਈਕਲਡ ਲਿਫਾਫੇ ਯੂਜ਼ ਕਰਦੇ ਹਨ ਉਨ੍ਹਾਂ ਖਿਲਾਫ ਇਸ ਕਾਨੂੰਨ ਨੂੰ ਹੋਰ ਜ਼ਿਆਦਾ ਕੱਸਣ ਦੀ ਲੋੜ ਹੈ। ਸਟਰੌਂਗ ਇੰਪਲੀਮੈਂਟੇਸ਼ਨ ਦੀ ਲੋੜ ਹੈ। ਜੇਕਰ ਕਾਨੂੰਨ ਬਣੇ ਔਰ ਉਸਦੀ ਅੱਧੀ-ਪਚੱਧੀ ਵੀ ਸਖ਼ਤੀ ਨਾਲ ਪਾਲਣਾ ਹੋ ਜਾਵੇ ਤਾਂ ਵੀ ਗੱਲ ਬਣ ਜਾਂਦੀ ਹੈ। ਜੋ ਛੱਪੜਾਂ ਦਾ ਦ੍ਰਿਸ਼ ਸੀ ਜਿਸ ਤਰ੍ਹਾਂ ਬ੍ਰਹਮਪੁਰਾ ਸਾਹਿਬ ਕਹਿ ਰਹੇ ਸਨ ਕਿ ਡੱਡੂ ਪੰਜ ਛੇ ਫੁੱਟ ਹੇਠਾਂ ਤੱਕ ਦਿਖਦਾ ਸੀ ਲੇਕਿਨ ਅੱਜ ਉਹ ਛੱਪੜ ਇੰਨੇ ਪਰਦੂਸ਼ਤ ਹੋ ਚੁੱਕੇ ਹਨ ਕਿ ਪੰਜ ਛੇ ਫੁੱਟ ਤਾਂ ਬਹੁਤ ਦੂਰ ਦੀ ਗੱਲ ਹੈ ਪੰਜ ਛੇ ਸੈਂਟੀਮੀਟਰ ਤੱਕ ਵੀ ਡੱਡੂ ਨਹੀਂ ਦੇਖ ਸਕਦੇ। ਮੈਂ ਵੀ ਇਸ ਗੱਲ ਦੀ ਤਾਈਦ ਕਰਦਾ ਹਾਂ ਕਿ ਜਿਹੜੇ ਪਲਾਸਟਿਕ ਦੇ ਲਿਫਾਫੇ ਹਨ, ਉਹ ਬੰਦ ਹੋਣੇ ਚਾਹੀਦੇ ਹਨ। ਇਹ ਵੀ ਪ੍ਰਦੂਸ਼ਣ ਦਾ ਬਹੁਤ ਵੱਡਾ ਕਾਰਨ ਹਨ। ਮੈਂ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹਾਂ ਕਿ ਪੰਜਾਬ ਵਿੱਚ ਇਹ ਪਲਾਸਟਿਕ ਦਾ ਲਿਫਾਫਾ ਬੰਦ ਕਰਨਾ ਚਾਹੀਦਾ ਹੈ ਔਰ ਜਿਹੜਾ ਕਾਨੂੰਨ ਬਣਾਇਆ ਗਿਆ ਹੈ ਉਸ ਦੀ ਸਖ਼ਤੀ ਨਾਲ ਪਾਲਣਾ ਹੋਣੀ ਚਾਹੀਦੀ ਹੈ ਤਾਂ ਕਿ ਕੁਝ ਹੱਦ ਤੱਕ ਇਸ ਨਿਊਸੈਂਸ ਤੋਂ ਪੰਜਾਬ ਦੀ ਵਸੋਂ ਨੂੰ ਬਚਾਇਆ ਜਾ ਸਕੇ। ਪੰਜਾਬ ਦੇ ਵਾਤਾਵਰਣ ਨੂੰ ਬਚਾ ਕੇ ਰੱਖਣਾ ਇਸ ਰੈਜ਼ੋਲਿਊਸ਼ਨ ਦਾ ਮੁੱਖ ਅੰਸ਼ ਹੈ। ਵਾਤਾਵਰਣ ਨੂੰ ਬਚਾਉਣ ਵਾਸਤੇ ਸਪੀਕਰ ਸਾਹਿਬ, ਟੋਭੇ ਵੀ ਭਰਨੇ ਚਾਹੀਦੇ ਹਨ ਅਤੇ ਪਾਣੀ ਦੇ ਪਰਾਪਰ ਨਿਕਾਸ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ। ਜਿਵੇਂ ਠੰਡਲ ਸਾਹਿਬ ਨੇ ਆਪਣੇ ਰੈਜ਼ੋਲਿਊਸ਼ਨ ਵਿੱਚ ਲਿਆਂਦਾ ਹੈ ਪਰ ਵਾਤਾਵਰਣ ਨੂੰ ਸ਼ੁੱਧ ਕਰਨ ਵਾਸਤੇ ਹੋਰ ਵੀ ਬਹੁਤ ਵੱਡੀ ਗੱਲ ਹੋ ਸਕਦੀ ਹੈ, ਹੋਰ ਵੀ ਬਹੁਤ ਗੱਲਾਂ ਕੀਤੀਆਂ ਜਾ ਰਹੀਆਂ ਹਨ। ਸਪੀਕਰ ਸਾਹਿਬ, ਆਪਣੀ ਸਰਕਾਰ ਬਣਨ ਤੋਂ ਬਾਅਦ ਮੈਂ ਸਮਝਦਾ ਹਾਂ ਕਿ ਸਾਡੇ ਮਾਨਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ

Original with;
Punjab Vidhan Sabha
Digitized by;
Panjab Digital Library

[ ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ ]

ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਜਿੰਨਾ ਧਿਆਨ ਦਿੱਤਾ ਹੈ ਸ਼ਾਇਦ ਹੀ ਕਿਸੀ ਹੋਰ ਸਰਕਾਰ ਵੱਲੋਂ ਦਿਤਾ ਗਿਆ ਹੋਵੇ। ਮੈਂ ਹਾਊਸ ਵਿੱਚ ਖੜ੍ਹੇ ਹੋ ਕੇ ਕਹਿਣਾ ਚਾਹੁੰਦਾ ਹਾਂ ਕਿ ਅੱਜ ਉਹ ਲੋਕ ਇਥੇ ਹਾਜ਼ਰ ਨਹੀਂ ਹਨ, ਮੈਂ ਜਦੋਂ ਵੀ ਮਾਲਵੇ ਦੇ ਇਲਾਕੇ ਵਿਚ ਜਾਂਦਾ ਹਾਂ ਤਾਂ ਉਥੋਂ ਦੇ ਲੋਕਾਂ ਦੀ ਸ਼ਿਕਾਇਤ ਹੁੰਦੀ ਹੈ ਕਿ ਉਥੋਂ ਦਰੱਖਤ ਵਢਾ ਲਏ ਗਏ ਹਨ। ਸਾਡੇ ਮੈਂਬਰ ਸਰਦਾਰ ਸ਼ੇਰ ਸਿੰਘ ਘੁਬਾਇਆ ਨੇ ਸਵਾਲ ਵੀ ਉਠਾਇਆ ਸੀ ਅਤੇ ਅਸੀਂ ਇਨਕੁਆਇਰੀਆਂ ਵੀ ਕੀਤੀਆਂ ਹਨ, ਮੌਕੇ ਤੇ ਜਾ ਕੇ ਵੀ ਵੇਖਿਆ। ਸਪੀਕਰ ਸਾਹਿਬ, ਉਥੇ ਨਹਿਰਾਂ ਅਤੇ ਸੂਏ ਸਾਰੇ ਹੀ ਦਰੱਖਤਾਂ ਤੋਂ ਖਾਲੀ ਹੋ ਗਏ ਹਨ। ਸੜਕਾਂ ਖਾਲੀ ਹੋ ਗਈਆਂ ਹਨ। ਵੱਡੀਆਂ-ਵੱਡੀਆਂ ਟਾਹਲੀਆਂ, ਜਿਆਨੀ ਸਾਹਿਬ ਨੂੰ ਪਤਾ ਹੈ ਉਹ ਪਿਛਲੀ ਸਰਕਾਰ ਵੇਲੇ ਸ਼ਿਕਾਇਤਾਂ ਵੀ ਕਰਦੇ ਰਹੇ ਹਨ, ਤੇ ਵੱਡੇ ਦਰੱਖਤ ਉਨ੍ਹਾਂ ਲੋਕਾਂ ਨੇ ਵਢਵਾਏ ਜਿਨ੍ਹਾਂ ਦੀ ਸੜਕਾਂ ਕਿਨਾਰੇ ਰੁੱਖ ਲਗਾਉਣ ਦੀ ਜ਼ਿੰਮੇਵਾਰੀ ਸੀ। ਉਥੇ ਵੱਡੇ ਵੱਡੇ ਮਾਫੀਏ ਵੀ ਪੈਦਾ ਹੋਏ। ਸਾਡੀ ਇਸ ਸਰਕਾਰ ਨੇ ਵਾਤਾਵਰਣ ਨੂੰ ਸ਼ੁੱਧ ਰੱਖਣ ਵਾਸਤੇ ਜਿਥੇ ਸਮਾਜ ਸੇਵੀ ਸੰਸਥਾਵਾਂ ਨੂੰ ਨਾਲ ਲਿਆ, ਪੰਚਾਇਤਾਂ ਨੂੰ ਨਾਲ ਲਿਆ, ਉਥੇ ਅਸੀਂ ੮0-90 ਲੱਖ ਪੌਦੇ ਹਰ ਸਾਲ ਲਗਾਉਂਦੇ ਹਾਂ। ਅਸੀਂ ਗੈਰ ਪਰੰਪਰਾਗਤ ਥਾਵਾਂ ਉਤੇ ਹੀ ਪੌਦੇ ਲਗਵਾਏ ਤਾਂ ਕਿ ਵਾਤਾਵਰਣ ਸ਼ੁੱਧ ਹੋ ਸਕੇ। ਸਪੀਕਰ ਸਾਹਿਬ, ਇਕ ਹੋਰ ਉਚੇਚਾ ਪ੍ਰੋਗਰਾਮ 'ਨੰਨ੍ਹੀ-ਛਾਂ' ਦਾ ਅਸੀਂ ਪੰਜਾਬ ਵਿਚ ਲੈ ਕੇ ਆਏ ਹਾਂ ਅਤੇ ਇਸ ਪ੍ਰੋਗਰਾਮ ਨੂੰ ਅਸੀਂ ਸ੍ਰੀ ਦਰਬਾਰ ਸਾਹਿਬ ਤੋਂ ਸ਼ੁਰੂ ਕੀਤਾ ਹੈ। ਇਸ ਪ੍ਰੋਗਰਾਮ ਵਿਚ ਅਸੀਂ ਧਾਰਮਿਕ ਡੇਰਿਆਂ, ਮਹਾਂਪੁਰਸ਼ਾਂ ਤੇ ਧਾਰਮਿਕ ਸੰਸਥਾਵਾਂ ਤੋਂ ਵੀ ਲੋਕਾਂ ਨੂੰ ਬੂਟੇ ਵੰਡ ਕੇ ਪੰਜਾਬ ਦੇ ਵਾਤਾਵਰਣ ਨੂੰ ਕਿਸ ਤਰ੍ਹਾਂ ਬਚਾਉਣਾ ਤੇ ਹਰਾ-ਭਰਾ ਰੱਖਣਾ ਹੈ, ਇਸ ਨਾਲ ਜੋੜਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਆਫਰ ਕੀਤੀ ਕਿ ਅਸੀਂ ਜੰਗਲਾਤ ਵਿਭਾਗ ਤੋਂ ਪੌਦੇ ਲੈ ਕੇ ਪੰਜਾਬ ਵਿੱਚ ਲਾਵਾਂਗੇ ਤਾਂ ਕਿ ਪੰਜਾਬ ਹਰਾ-ਭਰਾ ਹੋ ਸਕੇ ਅਤੇ ਵਾਤਾਵਰਣ ਠੀਕ ਹੋ ਸਕੇ। ਕਿਸਾਨ ਭਰਾਵਾਂ ਨੂੰ ਵੀ ਇਸ ਨਾਲ ਜੋੜਿਆ ਜਾ ਰਿਹਾ ਹੈ। ਬੈਂਬੂ ਮਿਸ਼ਨ ਸੁਸਾਇਟੀ ਰਾਹੀਂ ਅਸੀਂ ਬਾਂਸ ਵੀ ਲਗਵਾਵਾਂਗੇ ਤਾਂ ਕਿ ਪੰਜਾਬ ਦਾ ਵਾਤਾਵਰਣ ਸਾਫ-ਸੁਥਰਾ ਰੱਖਿਆ ਜਾ ਸਕੇ ਅਤੇ ਹੋਰ ਵਧੇਰੇ ਰਕਬਾ ਜੰਗਲਾਤ ਥੱਲੇ ਆ ਸਕੇ। ਸਪੀਕਰ ਸਾਹਿਬ, ਅੱਜ ਵੱਡੀਆਂ ਵੱਡੀਆਂ ਸਮੱਸਿਆਵਾਂ ਪ੍ਰਦੂਸ਼ਣ ਨਾਲ ਸਬੰਧਤ ਹਨ, ਉਨ੍ਹਾਂ ਦਾ ਨਿਪਟਾਰਾ ਪੰਜਾਬ ਸਰਕਾਰ ਕਰਨ ਜਾ ਰਹੀ ਹੈ। ਮੈਂ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਜ਼ਰੂਰ ਉਲੇਖ ਕਰਨਾ ਚਾਹਾਂਗਾ ਜਿਨ੍ਹਾਂ ਨੇ ਕਿ ਸੰਤ ਪੁਰਸ਼ ਹੋਣ ਦੇ ਨਾਤੇ ਪਹਿਲ ਕੀਤੀ ਅਤੇ ਇਸ ਦੇ ਨਾਲ ਹੀ ਇਕ ਵਾਤਾਵਰਣ ਬਣਾਇਆ ਕਿ ਅਸੀਂ ਪੰਜਾਬ ਦੇ ਵਾਤਾਵਰਣ ਨੂੰ ਸਾਫ਼-ਸੁਥਰਾ ਕਿਵੇਂ ਬਣਾਉਣਾ ਹੈ। ਉਨ੍ਹਾਂ ਨੇ ਪਵਿੱਤਰ ਕਾਲੀ ਬੇਈਂ ਦੀ ਕਾਰਸੇਵਾ ਕਰਵਾਈ ਅਤੇ ਬਹੁਤ ਸਾਰੇ ਲੋਕਾਂ ਨੂੰ ਪ੍ਰੇਰਨਾ ਦਿੱਤੀ। ਸਪੀਕਰ ਸਾਹਿਬ, ਮੈਂ ਕਹਿਣਾ ਚਾਹਾਂਗਾ ਕਿ ਸਾਨੂੰ ਹਰ ਵੇਲੇ ਸਰਕਾਰ ਦੇ ਮੂੰਹ ਵੱਲ ਨਹੀਂ ਵੇਖਣਾ ਚਾਹੀਦਾ। ਸਰਕਾਰ ਨੂੰ ਫੰਡ ਕਿਸ ਤਰ੍ਹਾਂ ਆਉਂਦੇ ਹਨ, ਫਾਈਨਾਂਸ ਕਿਸ ਤਰ੍ਹਾਂ ਆਉਂਦਾ ਹੈ, ਇਸ ਵਿਚ ਕਈ ਵਾਰੀ ਵੱਡੀਆਂ ਟੈਕਨੀਕਲਟੀਜ਼

Original with;
Punjab Vidhan Sabha
Digitized by;
Panjab Digital Library

ਆ ਜਾਂਦੀਆਂ ਹਨ, ਦੇਰ ਲਗ ਜਾਂਦੀ ਹੈ। ਜੇ ਸਕੀਮ ਅਸੀਂ ਬਣਾਉਣ ਜਾ ਰਹੇ ਹਾਂ, ਕਈ ਵਾਰ ਉਸ ਸਕੀਮ ਵਿੱਚ ਫੰਡ ਨਹੀਂ ਆਉਂਦੇ। ਸਪੀਕਰ ਸਾਹਿਬ, ਸਾਨੂੰ ਚਾਹੀਦਾ ਹੈ ਕਿ ਅਸੀਂ ਹਰੇਕ ਪਿੰਡ ਲੈਵਲ ਤੇ, ਪਿੰਡਾਂ ਵਿਚ ਕਲੱਸਟਰ ਬਣਾ ਕੇ ਲੋਕਾਂ ਨੂੰ ਜੋੜੀਏ। ਅਸੀਂ ਆਪਣੇ-ਆਪਣੇ ਹਲਕੇ ਵਿੱਚ ਜਿਹੜੇ ਲੋਕ ਵਾਤਾਵਰਣ ਪ੍ਰੇਮੀ ਹਨ, ਜੋ ਲੋਕ ਵਾਤਾਵਰਣ ਨੂੰ ਸਾਫ਼ ਰੱਖਣਾ ਚਾਹੁੰਦੇ ਹਨ, ਉਨ੍ਹਾਂ ਨੂੰ ਨਾਲ ਜੋੜੀਏ, ਉਨ੍ਹਾਂ ਦੀਆਂ ਟੀਮਾਂ ਬਣਾਈਏ ਅਤੇ ਹਰੇਕ ਪਿੰਡ ਵਿਚ ਸਕੀਮ ਬਣਾਈਏ ਕਿ ਕਿਸ ਤਰ੍ਹਾਂ ਉਥੇ ਹਰਿਆਵਲ ਅਤੇ ਸਫ਼ਾਈ ਹੋ ਸਕਦੀ ਹੈ clean and green, ਅਸੀਂ ਪਬਲਿਕ ਦੇ ਲੈਵਲ ਤੇ, ਕਾਰਸੇਵਾ ਦੇ ਨਾਮ ਤੇ ਉਪਰਾਲੇ ਕਰੀਏ। ਜਦੋਂ ਇਲਾਕੇ ਦੇ ਲੋਕ ਜੁੜਦੇ ਹਨ, ਸਪੀਕਰ ਸਾਹਿਬ, ਤਾਂ ਵੱਡੀਆਂ ਵੱਡੀਆਂ ਪਲੈਨਿੰਗਜ਼ ਬਣਾਉਣ ਦੀ ਲੋੜ ਨਹੀਂ ਪੈਂਦੀ ਕਿਉਂਕਿ ਉਨ੍ਹਾਂ ਦੇ ਦਿਮਾਗ ਦੇ ਵਿੱਚ ਪਿੰਡਾਂ ਦੀ ਪਿਕਚਰ ਬਣੀ ਹੋਈ ਹੁੰਦੀ ਹੈ ਕਿ ਕਿਵੇਂ-ਕਿਵੇਂ ਆਪਣੇ ਪਿੰਡ ਨੂੰ ਸਾਫ਼ ਸੁਥਰਾ ਬਣਾ ਸਕਦੇ ਹਾਂ ਅਤੇ ਵਾਤਾਵਰਣ ਸਹੀ ਰੱਖ ਸਕਦੇ ਹਾਂ। ਕਿਸ ਤਰ੍ਹਾਂ ਪਿੰਡ ਦੇ ਟੋਭੇ ਅਤੇ ਛੱਪੜ ਸਾਫ਼ ਸੁਥਰੇ ਰੱਖੇ ਜਾ ਸਕਦੇ ਹਨ। ਸੋ ਇਹ ਇਕ ਲਹਿਰ ਚਲਾਉਣ ਦੀ ਲੋੜ ਹੈ ਜਿਸਦੇ ਵਿੱਚ ਸਾਡੇ ਸਾਰੇ ਸਾਥੀ ਜਿੰਨੇ ਵੀ ਇੱਥੇ ਬੈਠੇ ਹਨ, ਵੱਡਾ ਯੋਗਦਾਨ ਪਾ ਸਕਦੇ ਹਨ ਅਤੇ ਇਸਦੇ ਵਿੱਚ ਸਰਕਾਰ ਵੀ ਯੋਗਦਾਨ ਪਾ ਸਕਦੀ ਹੈ ਅਤੇ ਐਮ.ਪੀਜ਼ ਤੋਂ ਵੀ ਡਿਸਕਰੀਸ਼ਨਰੀ ਗਰਾਂਟ ਲੈ ਕੇ ਲਗਾਈ ਜਾਵੇ ਤਾਂ ਕਿ ਵਧੀਆ ਨਤੀਜੇ ਨਿਕਲ ਸਕਣ। ਮੈਂ ਇੰਨੀਆਂ ਬੇਨਤੀਆਂ ਕਰਨੀਆਂ ਸੀ। ਸਪੀਕਰ ਸਾਹਿਬ, ਬੜਾ ਦੁੱਖ ਹੋਇਆ ਹੈ ਕਿਉਂਕਿ ਆਪੋਜੀਸ਼ਨ ਇਸ ਵਿੱਚ ਆਪਣਾ ਰੋਲ ਅਦਾ ਨਹੀਂ ਕਰ ਸਕੀ ਜੋ ਕਿ ਡੈਮੋਕਰੇਸੀ ਲਈ ਬਹੁਤ ਖਤਰਨਾਕ ਹੈ। ਸਪੀਕਰ ਸਾਹਿਬ, ਤੁਸੀਂ ਮੈਨੂੰ ਕੀਮਤੀ ਸਮਾਂ ਦਿਤਾ, ਬਹੁਤ-ਬਹੁਤ ਧੰਨਵਾਦ।

**ਜੇਲ੍ਹਾਂ, ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ (ਸਰਦਾਰ ਹੀਰਾ ਸਿੰਘ ਗਾਬੜੀਆ) :** ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਤੁਸੀਂ ਜੋ ਸਾਡੇ ਮਾਨਯੋਗ ਮੈਂਬਰ ਸਰਦਾਰ ਸੋਹਣ ਸਿੰਘ ਠੰਡਲ ਜੀ ਨੇ ਪੰਜਾਬ ਦੇ ਇਕ ਭਖਦੇ ਮਸਲੇ ਨੂੰ ਮਤੇ ਦੇ ਰੂਪ ਵਿੱਚ ਸਦਨ ਦੇ ਵਿੱਚ ਲਿਆਂਦਾ ਹੈ, ਮੈਨੂੰ ਤੁਸੀਂ ਉਸ ਤੇ ਬੋਲਣ ਦਾ ਮੌਕਾ ਦਿਤਾ। ਕਿਉਂਕਿ ਸਾਡਾ ਸੂਬਾ ਰਿਸ਼ੀਆਂ-ਮੁਨੀਆਂ, ਪੀਰਾਂ-ਪੈਗੰਬਰਾਂ ਦੀ ਧਰਤੀ ਹੈ। ਇਸ ਧਰਤੀ ਨੇ ਬੜੇ-ਬੜੇ ਗੁਰੂਆਂ, ਪੀਰਾਂ-ਪੈਗੰਬਰਾਂ, ਰਿਸ਼ੀਆਂ-ਮੁਨੀਆਂ ਨੂੰ ਜਨਮ ਦਿਤਾ। ਅੱਜ ਦੂਸ਼ਿਤ ਵਾਤਾਵਰਣ ਦੇ ਰੂਪ ਵਿੱਚ, ਪੋਲਿਊਟਿਡ ਪਾਣੀ ਦੇ ਰੂਪ ਵਿੱਚ ਸਾਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿੱਥੋਂ ਤੱਕ ਛੱਪੜਾਂ ਦਾ ਮਸਲਾ ਹੈ, ਬਿਲਕੁਲ ਇਹ ਗੱਲ ਦਰੁੱਸਤ ਹੈ ਕਿ ਜਿਸ ਵੇਲੇ ਸਾਡੇ ਵੱਡੇ-ਵਡੇਰਿਆਂ ਨੇ, ਬਜ਼ੁਰਗਾਂ ਨੇ ਪਿੰਡ ਬੰਨ੍ਹੇ ਜਾਂ ਤਾਂ ਨਦੀਆਂ, ਦਰਿਆਵਾਂ ਤੇ ਜਾ ਕੇ ਪਿੰਡ ਬੰਨ੍ਹੇ ਜਿੱਥੇ ਕਿਤੇ ਇਹ ਸਹੂਲਤਾਂ ਨਹੀਂ ਸਨ, ਉਥੇ ਵਿਸ਼ੇਸ਼ ਤੌਰ ਤੇ ਪਿੰਡ ਬੰਨ੍ਹਣ ਤੋਂ ਬਾਅਦ ਨਾਲ ਛੱਪੜ-ਟੋਭੇ ਵੀ ਬਣਾਏ। ਛੱਪੜ ਜਿਹੜਾ ਹੈ ਕਿਉਂਕਿ ਇਹ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ, ਇਹ

Original with;
Punjab Vidhan Sabha
Digitized by;
Panjab Digital Library

[ ਜੇਲ੍ਹਾਂ, ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ ]

ਅਨਖਿੱੜਵਾਂ ਅੰਗ ਹੈ ਕਿਉਂਕਿ ਜਿੱਥੇ ਛੱਪੜ ਨਹੀਂ ਉਥੇ ਮਨੁੱਖ ਦਾ ਰਹਿਣਾ ਮੁਸ਼ਕਲ ਹੈ। ਮੈਂ ਸਮਝਦਾ ਹਾਂ ਕਿ ਜਿਸ ਹਿਸਾਬ ਦੇ ਨਾਲ ਅੱਜ ਛੱਪੜਾਂ ਵਿੱਚ ਗੰਦਗੀ ਵੱਧ ਰਹੀ ਹੈ, ਇਹ ਠੀਕ ਹੈ ਕਿ ਅੱਜ ਅਸੀਂ ਬੜੇ ਡਿਵੈਲਪਿੰਗ ਦੇਸ਼ ਦੇ ਅਗਾਂਹ ਵਧੂ ਸੂਬੇ ਦੇ ਵਿੱਚ ਵੱਸ ਰਹੇ ਹਾਂ। ਹਰ ਪਿੰਡ ਵਿੱਚ ਉਹ ਸਾਰੀਆਂ ਸਹੂਲਤਾਂ ਨੂੰ ਅਪਣਾ ਰਹੇ ਹਾਂ, ਫਲੱਸ਼ ਸਿਸਟਮ ਘਰ-ਘਰ ਵਿੱਚ ਬਣ ਰਹੇ ਹਨ ਪਰ ਇਸਦੇ ਨਾਲ-ਨਾਲ ਜਿੱਥੇ ਛੱਪੜ ਸੀ, ਜਿੱਥੇ ਸਾਰਾ ਪਿੰਡ ਆਪ ਵੀ ਨਹਾਉਂਦਾ ਹੁੰਦਾ ਸੀ, ਅਸੀਂ ਵੀ ਨਹਾਉਂਦੇ ਰਹੇ ਹਾਂ, ਅਤੇ ਉਥੇ ਆਪਣੇ ਡੰਗਰਾਂ ਨੂੰ ਪਾਣੀ ਪਿਲਾਉਣ ਅਤੇ ਨਹਾਉਣ ਤੋਂ ਇਲਾਵਾ ਸਾਡੀਆਂ ਭੈਣਾਂ, ਸਾਡੀਆਂ ਮਾਤਾਵਾਂ ਕੱਪੜੇ ਵੀ ਧੋਂਦੀਆਂ ਸਨ, ਇਹ ਬੜੇ ਦੁੱਖ ਦੀ ਗੱਲ ਹੈ ਕਿ ਅੱਜ ਛੱਪੜਾਂ ਦਾ ਪਾਣੀ ਖਰਾਬ ਹੁੰਦਾ ਜਾ ਰਿਹਾ ਹੈ ਅਤੇ ਅੱਜ ਛੱਪੜਾਂ ਦੀ ਹਾਲਤ ਨੂੰ ਇੱਥੋਂ ਤੱਕ ਪਹੁੰਚਾ ਦਿਤਾ ਗਿਆ ਹੈ ਕਿ ਸਾਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ ਕਿ ਵਾਤਾਵਰਣ ਨੂੰ ਕਿਸ ਤਰ੍ਹਾਂ ਬਚਾਉਣਾ ਹੈ। ਇਸ ਦੇ ਨਾਲ ਨਾਲ ਮੈਂ ਸਮਝਦਾ ਹਾਂ ਕਿ ਜਿਵੇਂ ਸਾਡੇ ਮਹਾਨ ਸ਼ਹੀਦਾਂ ਨੇ ਸਰਦਾਰ ਭਗਤ ਸਿੰਘ, ਸ਼ਹੀਦ ਰਾਜਗੁਰੂ-ਸੁਖਦੇਵ, ਊਧਮ ਸਿੰਘ, ਮਦਨ ਲਾਲ ਢੀਂਗਰਾ ਵਰਗੇ ਮਹਾਨ ਨੇਤਾਵਾਂ ਨੇ ਦੇਸ਼ ਆਜ਼ਾਦ ਕਰਵਾਇਆ, ਜਿਸ ਆਜ਼ਾਦੀ ਦਾ ਨਿੱਘ ਅੱਜ ਅਸੀਂ ਮਾਣ ਰਹੇ ਹਾਂ, ਇਹ ਆਜ਼ਾਦੀ ਅੱਗੇ ਤਾਂ ਹੀ ਜਾ ਸਕਦੀ ਹੈ ਜੇਕਰ ਸਾਡਾ ਭਵਿੱਖ, ਸਾਡੀ ਜਵਾਨੀ, ਸਾਡੇ ਬੱਚੇ, ਉਨ੍ਹਾਂ ਨੂੰ ਚੰਗਾ ਵਾਤਾਵਰਣ ਮਿਲੇ ਤਾਂ ਕਿ ਉਹ ਆਉਣ ਵਾਲੇ ਸਮੇਂ ਵਿੱਚ ਦੇਸ਼ ਨੂੰ ਸੰਭਾਲ ਸਕਣ। ਪਰ ਜੇ ਉਨ੍ਹਾਂ ਨੂੰ ਇਹੋ ਜਿਹਾ ਪੋਲਿਊਟਿਡ ਵਾਤਾਵਰਣ ਮਿਲਦਾ ਹੈ, ਪੋਲਿਊਟਿਡ ਪਾਣੀ ਮਿਲਣਾ ਹੈ, ਸਾਫ਼-ਸੁਥਰੀ ਹਵਾ ਨਹੀਂ ਮਿਲਣੀ, ਪੀਣ ਵਾਲਾ ਸ਼ੁੱਧ ਪਾਣੀ ਨਹੀਂ ਮਿਲਦਾ, ਤਾਂ ਫਿਰ ਉਹ ਬਚਪਨ, ਉਹ ਜਵਾਨੀ ਕਿਹੋ ਜਿਹੀ ਹੋਵੇਗੀ ਤੇ ਫਿਰ ਉਹ ਦੇਸ਼ ਨੂੰ ਕਿਵੇਂ ਸੰਭਾਲ ਸਕਣਗੇ, ਉਨ੍ਹਾਂ ਦੀ ਸੋਚ ਕਿਹੋ ਜਿਹੀ ਹੋਵੇਗੀ, ਉਹ ਕਿਵੇਂ ਅੱਗੇ ਚੱਲ ਸਕਣਗੇ। ਇਸ ਆਉਣ ਵਾਲੇ ਭਵਿੱਖ ਨੂੰ ਬਚਾਉਣਾ ਸਮੇਂ ਦੀ ਲੋੜ ਹੈ। ਇੱਥੇ ਵਾਰ-ਵਾਰ ਕਿਹਾ ਗਿਆ, ਸਰਦਾਰ ਗੁਰਤੇਜ ਸਿੰਘ ਘੁੜਿਆਣਾ ਜੀ ਨੇ ਵੀ ਕਿਹਾ ਹੈ ਕਿ ਮਾਲਵੇ ਦੇ ਖੇਤਰ ਵਿੱਚ ਕੈਂਸਰ ਦੀ ਬਿਮਾਰੀ ਬੜੀ ਵੱਧ ਰਹੀ ਹੈ। ਇਹ ਤਾਂ ਹੀ ਹੈ ਕਿ ਉੱਥੇ ਦਾ ਪਾਣੀ ਪੋਲਿਊਟਿਡ ਹੋ ਗਿਆ ਹੈ। ਇਹ ਸਭ ਕੁਝ ਮਨੁੱਖ ਦੀ ਆਪਣੀ ਦੇਣ ਹੈ। ਮਨੁੱਖ ਨੇ ਕਈ ਚੀਜ਼ਾਂ ਪੈਦਾ ਕੀਤੀਆਂ ਹਨ ਤਾਂ ਉਸ ਲਈ ਜ਼ਰੂਰੀ ਹੈ ਕਿ ਵਾਤਾਵਰਣ ਨੂੰ ਠੀਕ ਰਖਿਆ ਜਾਵੇ। ਇਸ ਵਾਸਤੇ ਸਾਨੂੰ ਯਤਨ ਕਰਨੇ ਚਾਹੀਦੇ ਹਨ। ਇਹ ਠੀਕ ਹੈ ਕਿ ਪਿਛਲੀ ਸਰਕਾਰ ਨੇ ਇਸ ਪਾਸੇ ਸੋਚਿਆ ਹੀ ਨਹੀਂ। ਨਰੇਗਾ ਦੀ ਗੱਲ ਚੱਲੀ ਹੈ। ਨਰੇਗਾ ਦੀ ਜਿਹੜੀ ਪਾਲਿਸੀ ਬਣਾਈ ਗਈ ਜਿਸ ਤਹਿਤ ਫੰਡਜ਼ ਆ ਰਹੇ ਹਨ, ਇਹ ਪੰਜਾਬ ਵਿੱਚ ਢੁਕਦੀ ਨਹੀਂ। ਸਾਰੇ ਦੇਸ਼ ਦੀ ਇੱਕ ਹੀ ਪਾਲਿਸੀ ਬਣਾ ਦਿੱਤੀ। ਸਾਡੇ ਵਾਤਾਵਰਣ ਹੋਰ ਹੈ, ਬਾਕੀ ਸੂਬਿਆਂ ਦਾ ਹੋਰ ਹੈ। ਕਿਤੇ 50/-ਰੁਪਏ ਦਿਹਾੜੀ ਹੁੰਦੀ ਹੈ, ਕਿਤੇ 70/- ਰੁਪਏ ਦਿਹਾੜੀ ਹੁੰਦੀ ਹੈ, ਕਿਤੇ 100/- ਰੁਪਏ ਦਿਹਾੜੀ ਹੁੰਦੀ ਹੈ ਲੇਕਿਨ ਸਾਡੇ ਦਿਹਾੜੀ 150-200/- ਰੁਪਏ ਤੋਂ ਘੱਟ ਨਹੀਂ ਚੱਲ ਰਹੀ। ਇਸ ਲਈ ਨਰੇਗਾ ਦੀ ਜਿਹੜੀ ਸਕੀਮ ਹੈ, ਇਸ ਬਾਰੇ ਹਾਊਸ ਵਿੱਚ ਵਿਚਾਰ ਕੀਤੀ ਜਾਵੇ ਔਰ ਸੈਂਟਰ ਨੂੰ ਚਾਹੀਦਾ

Original with;
Punjab Vidhan Sabha
Digitized by;
Panjab Digital Library

ਹੈ ਕਿ ਸੂਬਿਆਂ ਦੀ ਰਾਏ ਲੈ ਕੇ ਸਕੀਮਾਂ ਬਣਾਵੇ ਕਿ ਕਿਹੜੀ ਸਟੇਟ ਵਿੱਚ ਕਿਸ ਕਿਸ ਚੀਜ਼ ਦੀ ਲੋੜ ਹੈ। ਇਸ ਬਾਰੇ ਹਾਊਸ ਨੂੰ ਚਿੰਤਾ ਕਰਨੀ ਚਾਹੀਦੀ ਹੈ। ਛੱਪੜਾਂ ਬਾਰੇ ਹਾਊਸ ਨੇ ਚਿੰਤਾ ਜਿਤਾਈ ਹੈ ਕਿ ਕਬਜ਼ੇ ਹੋ ਰਹੇ ਹਨ। ਇਸ ਬਾਰੇ ਵੀ ਐਸ਼ਿਓਰ ਕੀਤਾ ਜਾਵੇ ਔਰ ਕਾਨੂੰਨ ਵਿੱਚ ਅਮੈਂਡਮੈਂਟ ਕੀਤੀ ਜਾਵੇ ਕਿ ਛੱਪੜ ਤੇ ਕਬਜ਼ਾ ਨਹੀਂ ਹੋ ਸਕਦਾ। ਇਨ੍ਹਾਂ ਚੀਜ਼ਾਂ ਬਾਰੇ ਸੋਚਣਾ ਤੇ ਬਚਾਉਣਾ ਬਹੁਤ ਜ਼ਰੂਰੀ ਹੈ। ਜੇ ਛੱਪੜ ਨਹੀਂ ਤਾਂ ਪਿੰਡ ਦਾ ਵਾਤਾਵਰਣ ਜਿਹੜਾ ਹੈ, ਉਹ ਖਰਾਬ ਹੋ ਸਕਦਾ ਹੈ। ਕਿਤੇ-ਕਿਤੇ ਲੋਕਾਂ ਨੇ ਬੋਰ ਕਰਕੇ ਧਰਤੀ ਵਿੱਚ ਪਾਣੀ ਪਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਨੂੰ ਵੀ ਰੋਕਣ ਦੀ ਲੋੜ ਹੈ। ਇਸ ਵਾਸਤੇ ਕਦਮ ਚੁੱਕੇ ਜਾਣ ਤੇ ਵਾਤਾਵਰਣ ਸ਼ੁੱਧ ਕੀਤਾ ਜਾਵੇ। ਸੂਦ ਸਾਹਿਬ ਨੇ ਜਿਵੇਂ ਦੱਸਿਆ ਹੈ ਕਿ ਦਰੱਖਤਾਂ ਦੀ ਬਹੁਤ ਜ਼ਰੂਰਤ ਹੈ। ਇਸ ਬਾਰੇ ਪਾਲਿਸੀ ਤਿਆਰ ਕੀਤੀ ਜਾਵੇ। ਜਿਵੇਂ ਬੈਂਕਾਂ ਵਿੱਚ ਲੋਨ ਦਿੱਤਾ ਜਾਂਦਾ ਹੈ, ਲੋਨ ਦੇਣ ਵੇਲੇ ਇਹ ਪਾਬੰਦੀ ਲਗਾਈ ਜਾਵੇ ਕਿ ਇੰਨੇ ਦਰਖ਼ਤ ਲਗਾਉਣੇ ਹਨ। ਪਿੰਡਾਂ ਵਿੱਚ, ਸ਼ਹਿਰਾਂ ਵਿੱਚ ਦਰੱਖ਼ਤਾਂ ਨੂੰ ਲਗਾਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸਾਡੇ ਦੇਸ਼ ਵਿੱਚ ਬਹੁਤ ਬੁਰਾਈਆਂ ਵੱਧ ਰਹੀਆਂ ਹਨ। ਜਿਵੇਂ ਭਰੂਣ ਹੱਤਿਆਂ ਦੀ ਗੱਲ ਚੱਲੀ ਹੈ। ਹੋਰ ਵੀ ਕਈ ਬੁਰਾਈਆਂ ਨੇ ਜਨਮ ਲਿਆ ਹੈ। ਇਹ ਬਹੁਤ ਵੱਡੀ ਸਮੱਸਿਆ ਹੈ। ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਸੂਦ ਸਾਹਿਬ ਨੇ ਇੱਕ ਗੱਲ ਕੀਤੀ ਹੈ। ਸਾਹਮਣੇ ਬੈਠਣ ਵਾਲੇ ਸੱਜਣ ਮੌਜੂਦ ਨਹੀਂ ਹਨ। ਉਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਸਾਹਮਣੇ ਬੈਠ ਕੇ ਸੁਣਦੇ ਪਰ ਸਹੀ ਮਾਅਨਿਆਂ ਵਿੱਚ ਉਨ੍ਹਾਂ ਕੋਲ ਕੋਈ ਮੁੱਦਾ ਹੀ ਨਹੀਂ ਹੈ। ਇਨ੍ਹਾਂ ਨੇ ਪੰਜਾਬ ਲਈ ਪੰਜ ਸਾਲ ਕੁਝ ਨਹੀਂ ਕੀਤਾ। ਇਨ੍ਹਾਂ ਕੋਲ ਕੁਝ ਕਹਿਣ ਲਈ ਹੈ ਹੀ ਨਹੀਂ ਜਿਸ ਕਰਕੇ ਉਹ ਬੈਠ ਕੇ ਸੁਣਦੇ। ਇਨ੍ਹਾਂ ਕੋਲ ਕੋਈ ਮੁੱਦਾ ਹੀ ਨਹੀਂ। ਇਹ ਆਪ ਮਹਿਸੂਸ ਕਰਦੇ ਹਨ ਕਿ ਅਸੀਂ ਕਿਵੇਂ ਜਵਾਬ ਦੇ ਸਕਾਂਗੇ। ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਕੋਈ ਪਿੰਡ ਨਹੀਂ ਛੱਡਿਆ ਜਿੱਥੇ ਚਾਰ-ਪੰਜ ਲੱਖ ਰੁਪਿਆ ਨਾ ਦਿੱਤਾ ਹੋਵੇ। ਛੱਪੜਾਂ ਦੀ ਸਫਾਈ ਲਈ ਪੈਸਾ ਨਾ ਦਿੱਤਾ ਹੋਵੇ। ਪੀਣ ਵਾਲੇ ਪਾਣੀ ਲਈ ਪੈਸੇ ਦਿੱਤੇ, ਆਰ.ਓ. ਸਿਸਟਮ ਵਾਸਤੇ ਪੈਸੇ ਦਿੱਤੇ। ਹੁਣ ਪਬਲਿਕ ਹੈਲਥ ਵਿਭਾਗ ਵਲੋਂ 1280 ਕਰੋੜ ਰੁਪਏ ਦੀ ਸਕੀਮ ਪਿੰਡਾਂ ਲਈ ਲਿਆਂਦੀ ਗਈ ਹੈ। ਸੜਕਾਂ ਫੋਰ-ਲੇਨ ਕੀਤੀਆਂ ਜਾ ਰਹੀਆਂ ਹਨ, ਹਸਪਤਾਲ ਬਣਾਏ ਜਾ ਰਹੇ ਹਨ, ਯੂਨੀਵਰਸਿਟੀਆਂ ਬਣਾਈਆਂ ਜਾ ਰਹੀਆਂ ਹਨ, ਇੰਟਰਨੈਸ਼ਨਲ ਏਅਰ ਪੋਰਟ ਬਣਾਇਆ ਜਾ ਰਿਹਾ ਹੈ। ਇਨ੍ਹਾਂ ਗੱਲਾਂ ਦਾ ਇਨ੍ਹਾਂ ਕੋਲ ਕੋਈ ਜਵਾਬ ਨਹੀਂ। ਸੂਦ ਸਾਹਿਬ ਨੇ ਜਿਵੇਂ ਕਿਹਾ ਹੈ ਕਿ ਇਹ ਨਮੋਸ਼ੀ ਦੇ ਮਾਰੇ ਚਲੇ ਗਏ ਕਿ ਅਸੀਂ ਉਨ੍ਹਾਂ ਗੱਲਾਂ ਦਾ ਜਵਾਬ ਕਿਵੇਂ ਦੇਵਾਂਗੇ, ਜਿਹੜੀਆਂ ਉਨ੍ਹਾਂ ਦੇ ਸਾਹਮਣੇ ਕਰਨੀਆਂ ਹਨ। ਬੜਾ ਔਖਾ ਹੈ। ਉਹ ਦੁਖੀ ਹੋ ਕੇ ਦੋ ਦਿਨ ਗੱਲਾਂ ਸੁਣਦੇ ਰਹੇ ਪਰ ਜਦੋਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਸਾਡੇ ਕੋਲ ਜਵਾਬ ਕੋਈ ਨਹੀਂ ਔਰ ਪੰਜ ਸਾਲ ਅਸੀਂ ਕੀਤਾ ਹੀ ਕੁਝ ਨਹੀਂ, ਪੰਜ ਸਾਲ ਕੁਝ ਬਣਾਇਆ ਹੀ ਨਹੀਂ। ਹਿੰਦੁਸਤਾਨ ਦੇ ਕਿੰਨੇ ਸੂਬੇ ਹਨ, ਮੈਂ ਕਿਸੇ ਮੁੱਖ ਮੰਤਰੀ ਨੂੰ ਮਾੜਾ ਨਹੀਂ ਕਹਿੰਦਾ ਪਰ ਕਿਸੇ

Original with;
Punjab Vidhan Sabha
Digitized by;
Panjab Digital Library

[ ਜੇਲ੍ਹਾਂ, ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ ]

ਸੂਬੇ ਦਾ ਮੁੱਖ ਮੰਤਰੀ ਸਾਬਤ ਕਰ ਦੇਵੇ ਜੇਕਰ ਉਹ ਸੰਗਤ ਦਰਸ਼ਨ ਕਰਨ ਪਿੰਡ-ਪਿੰਡ ਲੋਕਾਂ ਵਿੱਚ ਗਿਆ ਹੋਵੇ, ਉਥੇ ਲੋਕਾਂ ਤੋਂ ਛੱਪੜਾਂ ਬਾਰੇ ਸੁਣਿਆ ਹੋਵੇ, ਗਲੀਆਂ-ਨਾਲੀਆਂ ਦੀ ਸਮੱਸਿਆ ਬਾਰੇ ਸੁਣਿਆ ਹੋਵੇ, ਹਸਪਤਾਲਾਂ ਬਾਰੇ ਗੱਲ ਕੀਤੀ ਹੋਵੇ। ਹਰ ਮਨੁੱਖ, ਮਾਮੂਲੀ ਤੋਂ ਮਾਮੂਲੀ ਮਨੁੱਖ, ਰਿਕਸ਼ਾ ਚਲਾਉਣ ਵਾਲਾ ਮਨੁੱਖ ਮੁੱਖ ਮੰਤਰੀ ਕੋਲ ਜਾ ਕੇ ਆਪਣੀ ਗੱਲ ਕਰ ਸਕਦਾ ਹੈ। ਹਰ ਪਿੰਡ ਦੇ ਵਿੱਚ ਗਰਾਂਟਾਂ ਗਈਆਂ। ਕਾਲੀਆ ਸਾਹਿਬ ਬੈਠੇ ਹਨ। ਸ਼ਹਿਰਾਂ ਵਿੱਚ ਪਹਿਲੀ ਵਾਰ ਵੱਡੇ ਚੈਕ ਰੋਜ਼ ਕੱਟੇ ਜਾਂਦੇ ਰਹੇ ਹਨ। ਇਕ ਦਿਨ ਮੈਨੂੰ ਇੱਕ ਸੱਜਣ ਕਹਿਣ ਲੱਗਾ ਕਿ ਤੁਸੀਂ ਤਾਂ ਕਹਿੰਦੇ ਸੀ ਕਿ ਖਜ਼ਾਨਾ ਖਾਲੀ ਛੱਡ ਕੇ ਗਏ ਸੀ ਫਿਰ ਇਹ ਪੈਸਾ ਕਿਥੋਂ ਦੇ ਰਹੇ ਹੋ। ਮੈਂ ਕਿਹਾ ਇਹ ਪੰਜਾਬ ਦੇ ਚੌਥੀ ਵਾਰ ਮੁੱਖ ਮੰਤਰੀ ਬਣੇ ਹਨ। ਉਹ ਸੱਜਣ ਕਾਂਗਰਸੀ ਸੀ। ਉਹ ਕਹਿੰਦਾ ਜੇ ਖਜ਼ਾਨਾ ਖਾਲੀ ਸੀ ਤਾਂ ਪੈਸੇ ਕਿਥੋਂ ਵੰਡ ਰਹੇ ਹਨ। ਮੈਂ ਕਿਹਾ ਇਹ ਚੌਥੀ ਵਾਰ ਮੁੱਖ ਮੰਤਰੀ ਬਣੇ ਹਨ ਔਰ ਇਨ੍ਹਾਂ ਨੂੰ ਤਜ਼ਰਬਾ ਹੀ ਇੰਨਾ ਹੈ ਕਿ ਜੇ ਇਸ ਤੋਂ ਵੱਧ ਵੀ ਪੈਸਾ ਲਿਆਉਣਾ ਪਵੇ ਉਹ ਲੈ ਆਉਣਗੇ ਕਿਉਂਕਿ ਉਨ੍ਹਾਂ ਨੂੰ ਤਜਰਬਾ ਹੈ ਕਿ ਕਿਥੋਂ ਪੈਸਾ ਬਚਾਉਣਾ ਹੈ ਅਤੇ ਕਿਥੇ ਲਗਾਉਣਾ ਹੈ। ਜਿਹੜਾ ਪੈਸਾ ਇਹ ਐਸ਼ਪ੍ਰਸਤੀ ਤੇ ਲਾਉਂਦੇ ਰਹੇ, ਅਸੀਂ ਉਹ ਲੋਕਾਂ ਦੇ ਭਲੇ ਲਈ ਲਗਾ ਰਹੇ ਹਾਂ। ਇਸ ਕਰਕੇ ਮੈਂ ਸਮਝਦਾ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ ਜੋ ਪਿੰਡ-ਪਿੰਡ ਜਾ ਕੇ ਲੋਕਾਂ ਦੀਆਂ ਸ਼ਿਕਾਇਤਾਂ, ਲੋਕਾਂ ਦੀ ਗੱਲ ਸੁਣੀ ਹੈ, ਲੋਕਾਂ ਦੇ ਮਸਲੇ ਹੱਲ ਕੀਤੇ ਹਨ, ਲੋਕਾਂ ਦੇ ਵਿੱਚ ਵਿਚਰੇ ਹਨ, ਉਨ੍ਹਾਂ ਗੱਲਾਂ ਦਾ ਸਾਹਮਣਾ ਕਰਨ ਵਾਸਤੇ ਇਨ੍ਹਾਂ ਕੋਲ ਜਵਾਬ ਨਹੀਂ ਸੀ। ਇਨ੍ਹਾਂ ਨੇ ਪੰਜ ਸਾਲ ਐਸ਼ਪ੍ਰਸਤੀ ਵਿੱਚ ਲੰਘਾਏ ਹਨ। ਮੈਂ ਆਪਣੇ ਸ਼ਹਿਰ ਦੀ ਗੱਲ ਕਰਦਾ ਹਾਂ। ਇਹ ਸਾਡੇ ਪੰਜਾਬ ਦਾ ਸਭ ਤੋਂ ਵੱਡਾ ਸ਼ਹਿਰ ਹੈ। ਉਥੇ ਬਹੁਤ ਇੰਡਸਟਰੀ ਹੈ। ਇੰਡਸਟਰੀ ਸਭ ਤੋਂ ਵੱਡਾ ਕਮਾਊ ਪੁੱਤਰ ਹੈ। ਇੰਡਸਟਰੀ ਤੋਂ ਕਈ ਕਿਸਮ ਦੇ ਟੈਕਸ ਆਉਂਦੇ ਹਨ, ਜਿਸ ਨਾਲ ਸਰਕਾਰਾਂ ਚਲਦੀਆਂ ਹਨ। ਇਨ੍ਹਾਂ ਵੇਲੇ ਕਈ ਇੰਡਸਟਰੀਲਿਸਟਸ ਵਿਚਾਰੇ ਟਾਈਮ ਮੰਗ ਕੇ ਚਲੇ ਗਏ। ਉਨ੍ਹਾਂ ਨੇ ਦੋ ਵਾਰ ਟਾਈਮ ਮੰਗਿਆ ਪਰ ਮੁੱਖ ਮੰਤਰੀ ਦੋਵੇਂ ਵਾਰ ਉਥੇ ਨਹੀਂ ਗਏ। ਉਹ ਦੁਖੀ ਹੋ ਗਏ ਔਰ ਉਨ੍ਹਾਂ ਦੀ ਉਸ ਸਮੇਂ ਹਾਲਤ ਬੜੀ ਮਾੜੀ ਹੋ ਗਈ। ਉਨ੍ਹਾਂ ਨੇ ਸਾਡੀ ਇੰਡਸਟਰੀ ਦੀ ਕੋਈ ਗੱਲ ਨਹੀਂ ਸੁਣੀ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਸਾਡੇ ਮੁੱਖ ਮੰਤਰੀ ਸਾਹਿਬ ਨੇ 63 ਵਾਰ ਲੁਧਿਆਣੇ ਵਿੱਚ ਜਾ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ। ਇਹ ਦੋ ਸਾਲ ਦੇ ਵਿੱਚ 63 ਵਾਰ ਗਏ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਹੀ ਨਹੀਂ ਸੁਣੀਆਂ ਬਲਕਿ ਇੰਡਸਟਰੀ ਦੇ ਭਖਦੇ ਮਸਲਿਆਂ ਦਾ ਇਨ੍ਹਾਂ ਨੇ ਹੱਲ ਵੀ ਕੀਤਾ। ਅੱਜ ਸਾਡੇ ਸ਼ਹਿਰ ਵਾਸਤੇ 450 ਕਰੋੜ ਰੁਪਏ ਦੇ ਕੇ ਆਏ ਹਨ ਜਿਹੜਾ ਕਿ ਬਹੁਤ ਜ਼ਿਆਦਾ ਹੈ। ਤੁਸੀਂ ਹੈਰਾਨ ਹੋਵੋਗੇ, ਸਪੀਕਰ ਸਾਹਿਬ, ਕਿ ਪਿਛਲੀ ਸਰਕਾਰ ਨੇ ਜਿਹੜੀਆਂ ਆਊਟਰ ਏਰੀਏ ਵਿੱਚ ਗਰੀਬਾਂ ਦੀਆਂ ਬਸਤੀਆਂ ਹਨ, ਉਥੇ ਇਹ ਸ਼ਰਤ ਲਗਾ ਦਿੱਤੀ ਅਤੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ 350 ਰੁਪਏ ਗਜ਼ ਦੇ ਹਿਸਾਬ ਨਾਲ ਦਿਓ ਤਾਂ ਤੁਹਾਡੀਆਂ ਗਲੀਆਂ ਡਿਕਲੇਅਰ ਕਰਾਂਗੇ। ਗਲੀਆਂ ਡਿਕਲੇਅਰ ਕਰਕੇ ਫਿਰ ਉਨ੍ਹਾਂ ਨੂੰ ਪੱਕੀਆਂ ਕਰਾਂਗੇ। ਸਾਹਨੀ ਸਾਹਿਬ, ਗੱਲ ਕੀ ਹੋਈ ਕਿ

Original with;
Punjab Vidhan Sabha
Digitized by;
Panjab Digital Library

ਜਿਨ੍ਹਾਂ ਨੇ 20-25 ਰੁਪਏ ਪ੍ਰਤੀ ਗਜ਼ ਦੇ ਹਿਸਾਬ ਨਾਲ ਜ਼ਮੀਨ ਲਈ ਸੀ, ਉਨ੍ਹਾਂ ਨੂੰ ਕਿਹਾ ਕਿ 350 ਰੁਪਏ ਗਜ ਦੇ ਹਿਸਾਬ ਨਾਲ ਡਿਵੈਲਪਮੈਂਟ ਚਾਰਜ ਦਿਓ। ਸਾਡੇ ਲੁਧਿਆਣੇ ਵਿੱਚ 216 ਦੇ ਕਰੀਬ ਕਲੋਨੀਆਂ ਹਨ ਔਰ 216 ਕਲੋਨੀਆਂ ਲਈ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਇੱਕ ਦਿਨ ਜਾ ਕੇ ਫੈਸਲਾ ਕਰ ਦਿੱਤਾ ਕਿ ਸਾਰੀਆਂ ਪੱਕੀਆਂ ਕਰੋ। ਅੱਜ ਉਥੇ ਇਧਰ-ਉਧਰ ਕੰਮ ਹੋ ਰਹੇ ਹਨ। ਮੇਰਾ ਖਿਆਲ ਹੈ ਸਾਡੇ ਲੁਧਿਆਣੇ ਵਿੱਚ ਕੋਈ ਇਹੋ ਜਿਹਾ ਵਾਰਡ ਨਹੀਂ ਜਿਥੇ ਕਾਂਗਰਸੀ, ਅਕਾਲੀ ਪਾਰਟੀ ਵਿੱਚ ਸ਼ਾਮਿਲ ਨਾ ਹੋਏ ਹੋਣ। ਉਥੇ ਉਨ੍ਹਾਂ ਦਾ ਜਿਹੜਾ ਮੇਨ ਬੰਦਾ ਸੀ - ਸਰਦਾਰ ਗੁਰਚਰਨ ਸਿੰਘ ਗਾਲਬ - ਉਹ ਅਕਾਲੀ ਦਲ ਵਿੱਚ ਸ਼ਾਮਿਲ ਹੋ ਕੇ ਅਕਾਲੀ ਦਲ ਦੀ ਟਿਕਟ ਤੇ ਚੋਣ ਲੜ ਰਿਹਾ ਹੈ। (ਥੰਪਿੰਗ) ਇਸ ਕਰਕੇ ਇਨ੍ਹਾਂ ਕੋਲ ਹੈ ਹੀ ਕੁਛ ਨਹੀਂ। ਇਨ੍ਹਾਂ ਕੋਲ ਕਿਸੇ ਕਿਸਮ ਦਾ ਕੋਈ ਜਵਾਬ ਨਹੀਂ ਸੀ। ਸੂਦ ਸਾਹਿਬ, ਉਹ ਬਹਿੰਦੇ ਕਾਹਦੇ ਲਈ। ਉਹ ਤਾਂ ਸ਼ਰਮਸਾਰ ਸੀ ਕਿ ਅਸੀਂ ਆਖਰਕਾਰ ਕਰਾਂਗੇ ਕੀ। ਫਿਰ ਦੂਸਰੀ ਗੱਲ ਸੀ, ਸੂਦ ਸਾਹਿਬ, ਮੈਂ ਗੱਲ ਨਹੀਂ ਕਹਿਣੀ ਚਾਹੁੰਦਾ। ਬਰਾੜ ਸਾਹਿਬ ਤਾਂ ਜਾਣਾ ਨਹੀਂ ਸੀ ਚਾਹੁੰਦੇ ਪਰ ਦੂਜੇ ਉਨ੍ਹਾਂ ਨੂੰ ਧੱਕੇ ਨਾਲ ਲਿਜਾਣਾ ਚਾਹੁੰਦੇ ਸੀ। ਮੈਨੂੰ ਇੰਝ ਲਗਦਾ ਸੀ ਕਿ ਕਿਤੇ ਉਹ ਆਪਸ ਵਿੱਚ ਲੜ ਨਾ ਪੈਣ। ਉਹ ਆਪਣੀ ਲੜਾਈ ਨੂੰ ਟਾਲ ਕੇ ਚਲੇ ਗਏ ਕਿ ਕਿਤੇ ਮੀਡੀਆ ਨਾ ਦੇਖ ਲਵੇ। ਜੇਕਰ ਇਥੇ ਲੜ ਪਏ ਤਾਂ ਵਿਧਾਨ ਸਭਾ ਦੀ ਲੜਾਈ ਲੋਕਾਂ ਸਾਹਮਣੇ ਨਾ ਆ ਜਾਵੇ। ਇਸ ਕਰਕੇ ਕਾਂਗਰਸੀ ਇਥੇ ਸਾਹਮਣੇ ਬੈਠ ਨਹੀਂ ਸਕੇ, ਉਨ੍ਹਾਂ ਨੇ ਮਹਿਸੂਸ ਕੀਤਾ ਕਿ ਸਾਡੇ ਕੋਲ ਉੱਤਰ ਦੇਣ ਨੂੰ ਕੁਝ ਨਹੀਂ ਹੈ। ਅਸੀਂ ਜਵਾਬ ਨਹੀਂ ਦੇ ਸਕਦੇ। ਸਾਡੇ ਕੋਲ ਕੋਈ ਮੁੱਦੇ ਨਹੀਂ ਹਨ। ਉਹ ਇਸ ਕਰਕੇ ਉਠ ਕੇ ਚਲੇ ਗਏ ਤੇ ਮੈਂ ਸਮਝਦਾ ਹਾਂ ਕਿ ਉਹ ਆਪਣੇ ਆਪ ਨੂੰ ਬਚਾਉਣ ਲਈ ਗਏ ਹਨ। ਮੈਨੂੰ ਇਸ ਗੱਲ ਦਾ ਬਹੁਤ ਹੀ ਦੁੱਖ ਹੋਇਆ ਜਦੋਂ ਉਹ ਪੱਗ ਦੇ ਮਸਲੇ ਦੇ ਉਤੇ ਬਾਹਰ ਗਏ। ਇਹ ਉਹ ਪੱਗ ਹੈ ਜਿਸ ਨੇ ਦੁਨੀਆਂ ਦੀ ਇੱਜ਼ਤ ਰੱਖੀ ਹੈ। ਇਹ ਉਹ ਪੱਗ ਹੈ ਜਿਸ ਦੇ ਬਾਰੇ ਅੱਜ ਸੰਸਾਰ ਦੇ ਸਾਰੇ ਲੋਕ ਆਪਣੀ ਅਵਾਜ਼ ਉਠਾ ਰਹੇ ਹਨ, ਦੂਜੇ ਧਰਮਾਂ ਦੇ ਲੋਕ ਵੀ ਉਠਾ ਰਹੇ ਹਨ। ਇਥੋਂ ਤੱਕ ਕਿ ਸਾਡੀ ਸਹਿਯੋਗੀ ਪਾਰਟੀ ਭਾਰਤੀ ਜਨਤਾ ਪਾਰਟੀ, ਮੂਹਰੇ ਹੋ ਕੇ ਇਹ ਮਸਲਾ ਉਠਾ ਰਹੀ ਹੈ ਕਿ ਇਸ ਪੱਗ ਦੇ ਮਸਲੇ ਬਾਰੇ ਇਥੋਂ ਸਰਬਸੰਮਤੀ ਦੇ ਨਾਲ ਮਤਾ ਪਾਸ ਕਰਕੇ ਫਰਾਂਸ ਦੀ ਸਰਕਾਰ ਨੂੰ ਭੇਜਣਾ ਚਾਹੀਦਾ ਹੈ। ਜਦੋਂ ਉਹ ਕੱਲ੍ਹ ਹਾਊਸ ਤੋਂ ਬਾਹਰ ਜਾ ਰਹੇ ਸੀ ਤਾਂ ਮੈਂ ਉਨ੍ਹਾਂ ਨੂੰ ਉਦੋਂ ਵੀ ਇਹ ਗੱਲ ਕਹੀ ਸੀ ਕਿ ਤੁਸੀਂ ਲੋਕਾਂ ਦੇ ਵਿੱਚ ਕਿਹੜਾ ਮੂੰਹ ਲੈ ਕੇ ਜਾਵੋਗੇ। ਕੀ ਤੁਸੀਂ ਨਹੀਂ ਚਾਹੁੰਦੇ ਕਿ ਲੋਕਾਂ ਦੇ ਸਿਰ ਉਤੇ ਪੱਗ ਰਹੇ। ਸੂਦ ਸਾਹਿਬ, ਉਹ ਆਪਣੀ ਜਗ੍ਹਾ ਦੇ ਉਤੇ ਸੱਚੇ ਸਨ। ਉਨ੍ਹਾਂ ਨੇ 1984 ਵਿੱਚ ਲੋਕਾਂ ਦੀਆਂ ਪੱਗਾਂ ਲਾਹੀਆਂ, ਪੱਗਾਂ ਦੀ ਬੇਇੱਜ਼ਤੀ ਕਾਂਗਰਸ ਦੀ ਸਰਕਾਰ ਨੇ ਕੀਤੀ ਸੀ। ਜਿਹੜੇ 1984 ਦੇ ਵਿੱਚ ਦਿੱਲੀ ਦੀਆਂ ਗਲੀਆਂ ਤੇ ਬਾਜ਼ਾਰਾਂ ਦੇ ਵਿੱਚ ਪੱਗ ਰੋਲਦੇ ਰਹੇ, ਉਹ ਅੱਜ ਪੱਗ ਬਚਾਉਣ ਦੀ ਗੱਲ ਵਿੱਚ ਹਿੱਸਾ ਨਹੀਂ ਲੈਣਾ ਚਾਹੁੰਦੇ ਸੀ ਕਿਉਂਕਿ ਇਹ ਉਨ੍ਹਾਂ ਦੀ ਕਮਜ਼ੋਰੀ ਸੀ। ਇਸ ਤਰ੍ਹਾਂ ਉਹ ਇਸ ਗੱਲ ਤੋਂ

Original with;
Punjab Vidhan Sabha
Digitized by;
Panjab Digital Library

[ ਜੇਲ੍ਹਾਂ, ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ ]

ਨੰਗੇ ਹੋ ਗਏ ਹਨ ਤੇ ਇਹ ਪਤਾ ਲੱਗ ਗਿਆ ਕਿ ਉਹ ਇਸ ਮਸਲੇ ਦੇ ਉਤੇ ਕਿੰਨੇ ਕੁ ਹਮਾਇਤੀ ਹਨ। ਸੋ, ਇਸ ਤਰ੍ਹਾਂ ਦੀਆਂ ਗੱਲਾਂ ਕੁਦਰਤ ਉਨ੍ਹਾਂ ਦੇ ਕੋਲੋਂ ਆਪਣੇ ਆਪ ਹੀ ਕਰਵਾਉਂਦੀ ਹੈ। ਦੂਜਾ ਜਿਥੋਂ ਤੱਕ ਵਾਤਾਵਰਣ ਦੀ ਗੱਲ ਹੈ ਅਤੇ ਜੋ ਠੰਡਲ ਸਾਹਿਬ ਨੇ ਮਤਾ ਪੇਸ਼ ਕੀਤਾ ਹੈ ਇਹ ਬਿਲਕੁਲ ਵਾਜਬ ਹੈ। ਅਸੀਂ ਇੱਕ ਪਿੰਡ ਦੇ ਵਿੱਚ ਛੱਪੜ ਦੇ ਬਾਰੇ ਤਜਰਬਾ ਕੀਤਾ ਹੈ। ਉਹ ਦੋ ਕੁ ਏਕੜ ਦੇ ਵਿੱਚ ਛੱਪੜ ਹੈ ਤੇ ਉਸ ਦੀ ਅੱਧੇ ਹਿੱਸੇ ਦੀ ਪਾਰਟੀਸ਼ਨ ਕਰ ਦਿੱਤੀ ਗਈ। ਜਿਹੜਾ ਅੱਧਾ ਛੱਪੜ ਹੈ ਉਸ ਨੂੰ ਚਾਰ ਜਗ੍ਹਾ ਦੇ ਵਿੱਚ ਵੰਡ ਦਿੱਤਾ ਗਿਆ ਹੈ ਅਤੇ ਚਾਰ ਟੈਂਕਾਂ ਦੇ ਵਿੱਚ ਕਰੈਸ਼ਰ ਦਾ ਰੇਤਾ, ਬਜਰੀ ਪਾ ਦਿੱਤੀ ਹੈ ਅਤੇ ਜੇਕਰ ਛੱਪੜ ਓਵਰ ਫਲੋਅ ਹੁੰਦਾ ਹੈ ਤਾਂ ਫਿਰ ਸਾਰਾ ਪਾਣੀ ਉਨ੍ਹਾਂ ਟੈਂਕਾਂ ਦੇ ਵਿੱਚ ਆ ਜਾਂਦਾ ਹੈ। ਜਦੋਂ ਚਾਰਾਂ ਟੈਂਕਾਂ ਦੇ ਵਿਚੋਂ ਪਾਣੀ ਬਾਹਰ ਸਿੰਜਾਈ ਲਈ ਵਰਤਿਆ ਜਾਂਦਾ ਹੈ ਤਾਂ ਉਸ ਦੇ ਨਾਲ ਵਾਤਾਵਰਣ ਵੀ ਠੀਕ ਰਹਿੰਦਾ ਹੈ ਅਤੇ ਉਸ ਦੇ ਨਾਲ ਫਸਲਾਂ ਨੂੰ ਵੀ ਕੋਈ ਨੁਕਸਾਨ ਨਹੀਂ ਹੁੰਦਾ। ਇਹ ਸਾਫ਼ ਸੁਥਰਾ ਪਾਣੀ ਬਾਹਰ ਵਰਤੋਂ ਵਿੱਚ ਵੀ ਆ ਸਕਦਾ ਹੈ। ਇਸ ਤਰ੍ਹਾਂ ਦੀ ਸਕੀਮ ਬਣਾਉਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਸਾਨੂੰ ਹਾਊਸ ਦੇ ਵਿੱਚ ਇਹ ਗੱਲ ਲੈ ਕੇ ਆਉਣੀ ਚਾਹੀਦੀ ਹੈ ਕਿ ਜਿੰਨੇ ਵੀ ਪੰਜਾਬ ਦੇ ਵਿੱਚ ਛੱਪੜ ਹਨ, ਚਾਹੇ ਉਹ ਨਗਰ ਕੌਂਸਲਾਂ ਵਿੱਚ ਹਨ, ਚਾਹੇ ਪਿੰਡਾਂ ਦੇ ਵਿੱਚ ਹਨ ਉਨ੍ਹਾਂ ਦੇ ਬਾਰੇ ਐਸਟੀਮੇਟ ਤਿਆਰ ਕਰਕੇ ਸੈਂਟਰ ਗੌਰਮਿੰਟ ਨੂੰ ਭੇਜਣਾ ਚਾਹੀਦਾ ਹੈ ਅਤੇ ਇਸ ਦੇ ਵਿੱਚ ਸੈਂਟਰ ਗੌਰਮਿੰਟ ਵਲੋਂ ਬਹੁਤ ਵੱਡਾ ਸ਼ੇਅਰ ਪਾਇਆ ਜਾਣਾ ਚਾਹੀਦਾ ਹੈ। ਸਾਡੇ ਟੈਕਸਾਂ ਦੇ ਵਿੱਚੋਂ ਸੈਂਟਰ ਗੌਰਮਿੰਟ ਨੂੰ ਬਹੁਤ ਜ਼ਿਆਦਾ ਪੈਸੇ ਜਾਂਦੇ ਹਨ ਪਰ ਉਨ੍ਹਾਂ ਦੇ ਵਿਚੋਂ ਸਾਨੂੰ ਬਹੁਤ ਘੱਟ ਵਾਪਸੀ ਆਉਂਦੀ ਹੈ। ਇਸ ਲਈ ਸਮੁੱਚੇ ਪੰਜਾਬ ਦੇ ਬਾਰੇ ਬਹੁਤ ਵੱਡੀ ਪ੍ਰਾਜੈਕਟ ਰਿਪੋਰਟ ਤਿਆਰ ਕਰਕੇ ਉਨ੍ਹਾਂ ਦੇ ਕੋਲ ਲੈ ਕੇ ਜਾਣੀ ਚਾਹੀਦੀ ਹੈ। ਇਹ ਚਾਹੇ ਸਾਡੇ ਮਾਨਯੋਗ ਪੇਂਡੂ ਵਿਕਾਸ ਮੰਤਰੀ ਨੂੰ ਲੈ ਕੇ ਜਾਣੀ ਚਾਹੀਦੀ ਹੈ। ਸੈਂਟਰ ਗੌਰਮਿੰਟ ਦੇ ਕੋਲ ਡਿਮਾਂਡ ਕੀਤੀ ਜਾਵੇ ਕਿ ਇੰਨੇ ਕਰੋੜ ਰੁਪਏ ਦਾ ਇਹ ਪ੍ਰਾਜੈਕਟ ਹੈ ਇਸ ਦੇ ਵਿੱਚ ਸੈਂਟਰ ਸਰਕਾਰ ਪੈਸਾ ਪਾਵੇ ਉਹ ਚਾਹੇ ਨਰੇਗਾ ਸਕੀਮ ਦੇ ਵਿਚੋਂ ਪਾਵੇ ਜਾਂ ਫਿਰ ਕਿਸੇ ਹੋਰ ਸਕੀਮ ਦੇ ਵਿਚੋਂ ਪਾਵੇ ਤਾਂ ਜੋ ਸਾਡਾ ਵਾਤਾਵਰਣ ਠੀਕ ਹੋ ਸਕੇ। ਇਸ ਤਰ੍ਹਾਂ ਜਿਹੜੇ ਬੱਚਿਆਂ ਨੇ ਸਾਡਾ ਆਉਣ ਵਾਲਾ ਸਮਾਜ ਸੰਭਾਲਣਾ ਹੈ, ਸਾਡੇ ਸੂਬੇ ਨੂੰ ਸੰਭਾਲਣਾ ਹੈ ਤੇ ਦੇਸ਼ ਨੂੰ ਅੱਗੇ ਲੈ ਕੇ ਜਾਣਾ ਹੈ, ਉਨ੍ਹਾਂ ਨੂੰ ਸਿਹਤਮੰਦ ਤੇ ਨਰੋਆ ਕਿਵੇਂ ਬਣਾਇਆ ਜਾਵੇ। ਅੱਜ ਨਰੋਆ ਸਮਾਜ ਬਣਾਉਣਾ ਬੜੀ ਔਖੀ ਗੱਲ ਹੋਈ ਹੋਈ ਹੈ। ਜੇਕਰ ਕਿਸੇ ਬੱਚੇ ਨੂੰ ਵੀ ਡਾਕਟਰ ਦੇ ਕੋਲ ਲੈ ਜਾਓ ਤਾਂ ਉਹ ਕਿਸੇ ਨਾ ਕਿਸੇ ਬਿਮਾਰੀ ਦੇ ਬਾਰੇ ਜ਼ਰੂਰ ਦੱਸ ਦੇਵੇਗਾ ਕਿ ਇਸ ਨੂੰ ਟੀ.ਬੀ. ਹੈ, ਇਸ ਨੂੰ ਸ਼ੂਗਰ ਹੈ ਜਾਂ ਬਲੱਡ ਪ੍ਰੈਸ਼ਰ ਹੈ ਜਾਂ ਕੋਈ ਛੋਟੀ ਮੋਟੀ ਬਿਮਾਰੀ ਨਾਲ ਸਾਡਾ ਜਿਹੜਾ ਆਉਣ ਵਾਲਾ ਭਵਿੱਖ ਹੈ, ਉਹ ਸ਼ਿਕਾਰ ਹੋਇਆ ਪਿਆ ਹੈ। ਉਹ ਇਸ ਤਰ੍ਹਾਂ ਕਿਉਂ ਹੋ ਰਿਹਾ ਹੈ ਉਹ ਤਾਂ ਹੀ ਹੋ ਰਿਹਾ ਹੈ ਕਿਉਂ ਜੋ ਉਹ ਪ੍ਰਦੂਸ਼ਤ ਪਾਣੀ ਪੀ ਰਿਹਾ ਹੈ, ਮਾੜੇ ਵਾਤਾਵਰਣ ਦੇ ਵਿੱਚ ਰਹਿ ਰਿਹਾ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ, ਜੋ ਮਤਾ ਸਰਦਾਰ ਸੋਹਣ ਸਿੰਘ ਠੰਡਲ ਵਲੋਂ ਹਾਊਸ ਵਿਚ ਲਿਆਂਦਾ ਗਿਆ ਹੈ, ਇਹ

Original with;
Punjab Vidhan Sabha
Digitized by;
Panjab Digital Library

ਸਮੇਂ ਦੀ ਲੋੜ ਹੈ ਅਤੇ ਸਮੇਂ ਦੀ ਲੋੜ ਨੂੰ ਸਮਝਦਿਆਂ ਹੋਇਆਂ ਇਸ ਨੂੰ ਪਾਸ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਸਰਕਾਰ ਨੂੰ ਵੀ ਇਸ ਦੇ ਬਾਰੇ ਪ੍ਰਾਜੈਕਟ ਰਿਪੋਰਟ ਤਿਆਰ ਕਰਕੇ ਸੈਂਟਰ ਗੌਰਮਿੰਟ ਨੂੰ ਭੇਜਣੀ ਚਾਹੀਦੀ ਹੈ ਅਤੇ ਉਨ੍ਹਾਂ ਤੋਂ ਬਣਦੇ ਫੰਡ ਪ੍ਰਾਪਤ ਕੀਤੇ ਜਾਣੇ ਚਾਹੀਦੇ ਹਨ ਤਾਂਕਿ ਸਾਡੇ ਪੰਜਾਬ ਨੂੰ ਬਚਾਇਆ ਜਾ ਸਕੇ। ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਬਹੁਤ ਬਹੁਤ ਧੰਨਵਾਦ।

**ਮੁੱਖ ਸੰਸਦੀ ਸਕੱਤਰ, ਸਿੱਖਿਆ (ਸ਼੍ਰੀਮਤੀ ਮਹਿੰਦਰ ਕੌਰ ਜੋਸ਼) :** ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਅਹਿਮ ਮਤੇ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਪਿੰਡਾਂ ਵਿੱਚ ਸਾਫ਼ ਸੁਥਰਾ ਪਾਣੀ ਰੱਖਣ ਵਾਸਤੇ ਜਿਹੜੇ ਛੱਪੜ ਬਣਾਏ ਜਾਂਦੇ ਹਨ ਉਨ੍ਹਾਂ ਸਬੰਧੀ ਅੱਜ ਇਹ ਮਤਾ ਵਿਧਾਨ ਸਭਾ ਵਿੱਚ ਲਿਆਂਦਾ ਗਿਆ ਹੈ। ਇਸ ਬਾਰੇ ਮੈਂ ਆਪ ਜੀ ਦੇ ਧਿਆਨ ਵਿੱਚ ਕੁਝ ਗੱਲਾਂ ਲਿਆਉਣਾ ਚਾਹੁੰਦੀ ਹਾਂ। ਇਹ ਬਹੁਤ ਅਹਿਮ ਮੁੱਦਾ ਹੈ। ਪਿੰਡਾਂ ਵਿੱਚ ਛੱਪੜ ਕਾਫ਼ੀ ਪੁਰਾਣੇ ਹਨ ਅਤੇ ਸਦੀਆਂ ਤੋਂ ਇਹ ਸਾਡੇ ਪਿੰਡਾਂ ਵਿੱਚ ਹਨ। ਕਈ ਪਿੰਡਾਂ ਵਿੱਚ ਇਹ ਛੱਪੜ ਪੂਰੇ ਵੀ ਗਏ ਹਨ ਅਤੇ ਇਸ ਦੇ ਨਾਲ ਹੀ ਜਿਵੇਂ ਕਾਫ਼ੀ ਮੈਂਬਰ ਸਾਹਿਬਾਨ ਨੇ ਦੱਸਿਆ ਹੈ ਕਿ ਇਨ੍ਹਾਂ ਉੱਪਰ ਨਜਾਇਜ਼ ਕਬਜ਼ੇ ਵੀ ਹੋਏ ਹਨ। ਇਹ ਗੱਲ ਬਿਲਕੁਲ ਸੱਚੀ ਹੈ। ਇਸ ਸਬੰਧੀ ਮੈਂ ਆਪ ਜੀ ਰਾਹੀਂ ਵਿਧਾਨ ਸਭਾ ਵਿੱਚ ਇਹ ਗੱਲ ਲਿਆਉਣਾ ਚਾਹੁੰਦੀ ਹਾਂ ਕਿ ਇਹੋ ਜਿਹੇ ਛੱਪੜ, ਜਿਨ੍ਹਾਂ ਉੱਪਰ ਨਜਾਇਜ਼ ਕਬਜ਼ੇ ਹੋਏ ਹਨ, ਉਨ੍ਹਾਂ ਨੂੰ ਛੁਡਾਉਣ ਵਾਸਤੇ ਜਦੋਂ ਕੋਸ਼ਿਸ਼ ਕੀਤੀ ਗਈ ਤਾਂ ਕਈ ਥਾਵਾਂ ਤੇ ਕੀ ਹੋਇਆ ਕਿ ਲੋਕ ਕੋਰਟਾਂ ਵਿੱਚ ਕੇਸ ਲੈ ਗਏ। ਜਦਕਿ ਇਹ ਸਿਰਫ਼ ਤੇ ਸਿਰਫ਼ ਐਡਮਿਨੀਸਟ੍ਰੇਸ਼ਨ ਤੱਕ ਜਾਂ ਪੰਚਾਇਤੀ ਰਾਜ ਤੱਕ ਸੀਮਤ ਰਹਿਣੇ ਚਾਹੀਦੇ ਸਨ। ਇਸ ਦੀ ਬਜਾਏ ਸਿਵਲ ਕੋਰਟ ਵਿਚ ਜਾ ਕੇ ਸਟੇਅ ਲ਼ਏ ਗਏ। ਚਾਰ- ਚਾਰ ਸਾਲ ਇਹ ਕੇਸ ਚਲਦੇ ਰਹੇ ਜਿਸ ਕਾਰਨ ਜਿਹੜਾ ਪਿੰਡਾਂ ਦਾ ਪਾਣੀ ਸੀ ਉਹ ਛੱਪੜਾਂ ਵਿੱਚ ਪੈਣਾ ਚਾਹੀਦਾ ਸੀ ਪਰ ਉਹ ਨਹੀਂ ਪੈ ਸਕਿਆ।

***1.16 ਵਜੇ ਬਾਅਦ ਦੁਪਹਿਰ**

(*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਇਹ ਪਾਣੀ ਪਿੰਡਾਂ ਦੀਆਂ ਗਲੀਆਂ-ਨਾਲੀਆਂ ਤੱਕ ਪਹੁੰਚ ਗਿਆ। ਜਿਸ ਕਾਰਨ ਪਿੰਡ ਦਾ ਵਾਤਾਵਰਣ ਵੀ ਵਧੀਆ ਨਹੀਂ ਰਿਹਾ। ਪਿੰਡਾਂ ਵਿੱਚ ਆਉਣ-ਜਾਣ ਦੇ ਰਸਤੇ ਵੀ ਖਰਾਬ ਹੋ ਗਏ। ਮੈਂ ਇਸ ਸਬੰਧੀ ਆਪ ਜੀ ਰਾਹੀਂ ਸੁਝਾਅ ਪੇਸ਼ ਕਰਨਾ ਚਾਹੁੰਦੀ ਹਾਂ ਕਿ ਜਿਹੜੇ ਵੀ ਛੱਪੜਾਂ ਸਬੰਧੀ ਕੇਸ ਹੋਣ ਉਹ ਸਿਰਫ਼ ਤੇ ਸਿਰਫ਼ ਪੰਚਾਇਤੀ ਰਾਜ ਦੇ ਅਧਿਕਾਰ ਹੇਠ ਹੋਣ ਜਾਂ ਫਿਰ ਡਿਪਟੀ ਕਮਿਸ਼ਨਰ ਨੂੰ ਅਧਿਕਾਰ ਹੋਵੇ ਕਿ ਜੇਕਰ ਕੋਈ ਅਜਿਹਾ ਕੇਸ ਆਉਂਦਾ ਹੈ ਤਾਂ ਉਹ ਡਿਸਟ੍ਰਿਕਟ ਲੈਵਲ ਤੇ ਹੀ ਨਿਪਟਾਇਆ ਜਾ ਸਕੇ। ਇਸ ਨੂੰ

Original with;
Punjab Vidhan Sabha
Digitized by;
Panjab Digital Library

[ ਮੁੱਖ ਸੰਸਦੀ ਸਕੱਤਰ, ਸਿੱਖਿਆ ]

ਸਖ਼ਤੀ ਨਾਲ ਲਾਗੂ ਕੀਤਾ ਜਾਵੇ ਤਾਂ ਹੀ ਜਿਹੜੇ ਨਜਾਇਜ਼ ਕਬਜ਼ੇ ਹਨ, ਉਹ ਛੁਡਵਾਏ ਜਾ ਸਕਦੇ ਹਨ। ਨਹੀਂ ਤਾਂ ਇਹ ਕੇਸ ਬੜਾ ਚਿਰ ਲਮਕਦੇ ਰਹਿੰਦੇ ਹਨ। ਕਈ ਵਾਰ ਤਾਂ ਅਜਿਹਾ ਵੀ ਹੋ ਜਾਂਦਾ ਹੈ ਕਿ 10-10 ਸਾਲ ਅਜਿਹੇ ਕੇਸ ਚਲਦੇ ਰਹਿੰਦੇ ਹਨ ਅਤੇ ਸਿਰੇ ਨਹੀਂ ਚੜ੍ਹਦੇ। ਜਿਸ ਕਾਰਨ ਪਿੰਡਾਂ ਵਿੱਚ ਛੱਪੜਾਂ ਨੂੰ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਦੂਜੀ ਗੱਲ ਜਿਹੜੀ ਮੈਂ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ, ਉਹ ਇਹ ਹੈ ਕਿ ਲੋਕਾਂ ਦੁਆਰਾ ਵੋਟਾਂ ਪਾ ਕੇ ਐਮ.ਐਲ.ਏ. ਬਣਾਏ ਜਾਂਦੇ ਹਨ। ਜਿਸ ਵੇਲੇ ਲੋਕਾਂ ਦੀ ਗੱਲ ਵਿਧਾਨ ਸਭਾ ਦੇ ਸੈਸ਼ਨ ਵਿੱਚ ਲਿਆਉਣੀ ਹੁੰਦੀ ਹੈ ਤਾਂ ਉਸ ਵੇਲੇ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਹੜੇ ਸਾਡੀ ਆਪੋਜੀਸ਼ਨ ਪਾਰਟੀ ਦੇ ਮੈਂਬਰ ਸਾਹਿਬਾਨ ਹਨ ਇਨ੍ਹਾਂ ਨੇ ਆਪਣੀ ਸਰਕਾਰ ਵੇਲੇ ਵੀ ਪੰਜ ਸਾਲਾਂ ਵਿੱਚ ਕੁਝ ਨਹੀਂ ਕੀਤਾ, ਅੱਜ ਜਦੋਂ ਪਿੰਡਾਂ ਦੀਆਂ ਸਮੱਸਿਆਵਾਂ ਤੇ ਗੱਲ ਹੋਈ ਸੀ, ਜਿਸ ਵਿਸ਼ੇ ਬਾਰੇ ਅਸੀਂ ਗੱਲ ਕਰ ਰਹੇ ਹਾਂ, ਪਿੰਡਾਂ ਦੇ ਲੋਕਾਂ ਦੀਆਂ ਮੁਸ਼ਕਿਲਾਂ ਬਾਰੇ ਅੱਜ ਅਸੀਂ ਇੱਥੇ ਗੱਲ ਕਰ ਰਹੇ ਹਾਂ, ਇਹ ਇਨ੍ਹਾਂ ਨੂੰ ਅੱਜ ਇੱਥੇ ਗੱਲ ਕਰਨੀ ਚਾਹੀਦੀ ਸੀ। ਆਪੋਜੀਸ਼ਨ ਵਾਲਿਆਂ ਬਾਰੇ ਇਹ ਗੱਲ ਸੱਚੀ ਹੈ ਕਿ ਇਹ ਲੋਕਾਂ ਦੇ ਬਿਲਕੁਲ ਹਿਤੈਸ਼ੀ ਨਹੀਂ ਹਨ। ਇਸੇ ਕਰਕੇ ਹੀ ਇਹ ਲੋਕਾਂ ਵਾਸਤੇ ਕੋਈ ਚੰਗੀ ਸੋਚ ਇੱਥੇ ਲੈ ਕੇ ਨਹੀਂ ਆਏ। ਇਹ ਸਿਰਫ਼ ਤੇ ਸਿਰਫ਼ ਆਪਣੀ ਗੱਲ ਹੀ ਕਰਨਾ ਚਾਹੁੰਦੇ ਹਨ। ਪਿੰਡਾਂ ਦੀ ਅਤੇ ਖ਼ਾਸ ਕਰਕੇ ਜਿਹੜੀ ਛੱਪੜਾਂ ਦੀ ਗੱਲ ਸੀ, ਜਿਹੜੀ ਕਿ ਪਿੰਡਾਂ ਦੇ ਵਾਤਾਵਰਣ ਨਾਲ ਸਬੰਧਤ ਹੈ, ਇਹ ਇਨ੍ਹਾਂ ਨੂੰ ਅੱਜ ਇੱਥੇ ਪੇਸ਼ ਕਰਨੀ ਚਾਹੀਦੀ ਸੀ ਪਰ ਇਨ੍ਹਾਂ ਨੇ ਨਹੀਂ ਕੀਤੀ। ਇਨ੍ਹਾਂ ਦੇ ਇਸ ਵਰਤਾਰੇ ਕਾਰਨ ਲੋਕਾਂ ਨੇ ਅਗਾਂਹ ਨੂੰ ਇਨ੍ਹਾਂ ਨੂੰ ਮੂੰਹ ਵੀ ਨਹੀਂ ਲਾਉਣਾ, ਕਿਉਂਕਿ ਇਹ ਲੋਕਾਂ ਦੀ ਅਵਾਜ਼ ਇਸ ਵਿਧਾਨ ਸਭਾ ਵਿੱਚ ਨਹੀਂ ਲੈ ਕੇ ਆ ਸਕਦੇ। ਇਹ ਸਿਰਫ ਤੇ ਸਿਰਫ਼ ਆਪਣੀ ਖ਼ਾਤਿਰ ਹੀ ਗੱਲ ਕਰਦੇ ਹਨ। ਮੈਂ ਸਮਝਦੀ ਹਾਂ ਕਿ ਇਹ ਕੋਈ ਚੰਗਾ ਕੰਮ ਨਹੀਂ ਹੈ। ਅੱਜ ਇਸ ਵਿਧਾਨ ਸਭਾ ਵਿੱਚ ਜੋ ਪਿੰਡਾਂ ਦੀਆਂ ਮੁਸ਼ਕਿਲਾਂ ਹਨ, ਪਿੰਡਾਂ ਵਾਸਤੇ ਉਸਾਰੂ ਸੋਚ ਪਿੰਡਾਂ ਦੇ ਪਾਣੀ ਅਤੇ ਪਿੰਡਾਂ ਦੇ ਛੱਪੜਾਂ ਦੀ ਗੱਲ ਕਰਨ ਅਸੀਂ ਜਾ ਰਹੇ ਹਾਂ। ਅੱਜ ਇਹ ਮੁੱਦਾ ਬਹੁਤ ਹੀ ਅਹਿਮ ਸੀ। ਇਸ ਦੇ ਨਾਲ ਗਰੀਬ ਪਰਿਵਾਰਾਂ ਦਾ ਮੁੱਦਾ ਵੀ ਅਟੈਚ ਹੁੰਦਾ ਹੈ। ਗਰੀਬ ਪਰਿਵਾਰ ਜੋ ਕਿ ਛੱਪੜਾਂ ਦੇ ਨੇੜੇ ਰਹਿੰਦੇ ਹਨ, ਜਿੱਥੇ ਛੱਪੜਾਂ ਦੀ ਗੱਲ ਕੀਤੀ ਜਾਂਦੀ ਹੈ ਉਥੇ ਜਿਹੜੇ ਗਰੀਬ ਪਰਿਵਾਰ ਛੱਪੜਾਂ ਦੇ ਨੇੜੇ ਰਹਿੰਦੇ ਹਨ, ਉਨ੍ਹਾਂ ਦਾ ਮੁੱਦਾ ਵੀ ਵਿਚਾਰਨ ਦੀ ਅੱਜ ਲੋੜ ਸੀ। ਮੈਂ ਸਰਦਾਰ ਸੋਹਣ ਸਿੰਘ ਠੰਡਲ ਜੀ ਦੀ ਬੜੀ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਇਹ ਮੁੱਦਾ ਪੇਸ਼ ਕੀਤਾ ਹੈ। ਇਹ ਮਤਾ ਬਹੁਤ ਹੀ ਅਹਿਮ ਹੈ ਔਰ ਇਥੋਂ ਤੱਕ ਵੀ ਵਿਚਾਰ ਕਰਨੀ ਚਾਹੀਦੀ ਹੈ ਕਿ ਕਈ ਪਿੰਡਾਂ ਜਿਨ੍ਹਾਂ ਕੋਲ ਆਪਣੀ ਪੰਚਾਇਤੀ ਜ਼ਮੀਨ ਨਹੀਂ ਹੈ, ਮੈਂ ਉਨ੍ਹਾਂ ਦੀ ਗੱਲ ਵੀ ਨਾਲ ਅਟੈਚ ਕਰਨੀ ਚਾਹੁੰਦੀ ਹਾਂ। ਜਿਨ੍ਹਾਂ ਪਿੰਡਾਂ ਦੀ ਪੰਚਾਇਤ ਕੋਲ ਜ਼ਮੀਨ ਨਹੀਂ ਹੈ, ਉਨ੍ਹਾਂ ਵਾਸਤੇ ਵੀ ਪੰਚਾਇਤੀ ਰਾਜ ਮਹਿਕਮੇ ਵਲੋਂ ਫੰਡਜ਼ ਰੱਖੇ ਜਾਣ ਅਤੇ ਇਹ ਫੰਡਜ਼ ਉਨ੍ਹਾਂ ਪੰਚਾਇਤਾਂ ਨੂੰ ਦਿੱਤੇ ਜਾਣ। ਕਿਉਂਕਿ ਕਈ ਪੰਚਾਇਤਾਂ ਕੋਲ ਆਪਣੇ ਛੱਪੜਾਂ ਵਾਸਤੇ ਪੈਸਾ ਵੀ ਨਹੀਂ ਹੈ ਅਤੇ ਜ਼ਮੀਨ ਵੀ ਨਹੀਂ ਹੈ। ਉਨ੍ਹਾਂ ਨੂੰ ਜ਼ਮੀਨ ਵੀ

Original with;
Punjab Vidhan Sabha
Digitized by;
Panjab Digital Library

ਸਰਕਾਰ ਵਲੋਂ ਖਰੀਦ ਕੇ ਦਿੱਤੀ ਜਾਵੇ। ਕਿਉਂਕਿ 80% ਅਬਾਦੀ ਪਿੰਡਾਂ ਦੇ ਵਿੱਚ ਰਹਿੰਦੀ ਹੈ ਅਤੇ 20% ਅਬਾਦੀ ਸ਼ਹਿਰਾਂ ਵਿੱਚ ਰਹਿੰਦੀ ਹੈ। ਅਸੀਂ 80% ਅਬਾਦੀ ਵਾਲੇ ਪਿੰਡਾਂ ਦੇ ਲੋਕਾਂ ਨੂੰ ਇਗਨੋਰ ਨਹੀਂ ਕਰ ਸਕਦੇ। 80% ਅਬਾਦੀ ਵਿੱਚ ਸੀਵਰੇਜ ਸਿਸਟਮ ਤਾਂ ਹੀ ਕਾਮਯਾਬ ਹੋ ਸਕਦਾ ਹੈ, ਜੇਕਰ ਸਰਕਾਰ ਉਨ੍ਹਾਂ ਨੂੰ ਵੀ ਸ਼ਹਿਰਾਂ ਦੀ ਤਰ੍ਹਾਂ ਸਾਰੀਆਂ ਸਹੂਲਤਾਂ ਦੇਵੇ। ਬੇਸ਼ੱਕ ਪਿੰਡਾਂ ਦੇ ਵਿੱਚ ਛੱਪੜ ਸੀ, ਪਰ ਇਨ੍ਹਾਂ ਦੇ ਸਹੀ ਯੂਜ਼ ਲਈ ਸਰਕਾਰ ਨੂੰ ਮਦਦ ਕਰਨੀ ਪਵੇਗੀ। ਨਰੇਗਾ ਸਕੀਮ ਸੈਂਟਰ ਸਰਕਾਰ ਦੀ ਸਕੀਮ ਹੈ। ਇਸ ਸਕੀਮ ਬਾਰੇ ਸਤਿਕਾਰਯੋਗ ਮੰਤਰੀ ਸਾਹਿਬ ਨੇ ਵੀ ਦੱਸਿਆ ਹੈ। ਸੈਂਟਰ ਸਰਕਾਰ ਇੱਕ ਥਾਂ ਤੇ ਬੈਠ ਕੇ ਫੈਸਲੇ ਕਰਦੀ ਹੈ। ਸੈਂਟਰ ਸਰਕਾਰ ਦੁਆਰਾ ਉਥੇ ਬੈਠ ਕੇ ਸਾਰੇ ਹਿੰਦੁਸਤਾਨ ਦੇ ਵਿੱਚ ਸਕੀਮ ਸਹੀ ਤਰ੍ਹਾਂ ਲਾਗੂ ਨਹੀਂ ਕੀਤੀ ਜਾ ਸਕਦੀ। ਕਿਉਕਿ ਪੰਜਾਬ ਦੇ ਹਾਲਾਤ ਬਾਕੀ ਸੂਬਿਆਂ ਨਾਲੋਂ ਕੁਝ ਹੋਰ ਹਨ। ਬਾਕੀ ਸੂਬਿਆਂ ਵਿੱਚ ਕੁਝ ਹੋਰ ਗੱਲਾਂ ਹਨ ...

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ) :** ਮਾਨਯੋਗ ਭੈਣ ਜੀ ਨੇ ਕਿਹਾ ਹੈ ਕਿ 80% ਅਬਾਦੀ ਪਿੰਡਾਂ ਵਿੱਚ ਹੈ ਅਤੇ ਸ਼ਹਿਰਾਂ ਵਿਚ 20% ਹੈ। ਪਰ ਇਨ੍ਹਾਂ ਨੂੰ ਪਤਾ ਨਹੀਂ ਕਿ ਅੱਜ ਦੀ ਡੇਟ ਵਿਚ 30 ਤੋਂ 40% ਅਬਾਦੀ ਸ਼ਹਿਰਾਂ ਵਿੱਚ ਹੈ ਅਤੇ ਤਕਰੀਬਨ 60% ਅਬਾਦੀ ਪਿੰਡਾਂ ਵਿੱਚ ਹੈ। ਕਿਉਂਕਿ ਪਿੰਡਾਂ ਦੇ ਲੋਕ ਸ਼ਹਿਰਾਂ ਵਿੱਚ ਕਨਵਰਟ ਹੋ ਰਹੇ ਹਨ ਜਿਸ ਦਾ ਕਾਰਨ ਹੈ ਕਿ ਪਿੰਡਾਂ ਵਿੱਚ ਕੋਈ ਸਹੂਲਤਾਂ ਨਹੀਂ ਮਿਲ ਰਹੀਆਂ। ਉਹ ਲੋਕ ਸ਼ਹਿਰਾਂ ਵੱਲ ਨੂੰ ਜਾ ਰਹੇ ਹਨ। ਇੱਥੇ ਸਹੀ ਤੱਥ ਦੱਸੇ ਜਾਣ, ਇਹ ਪੂਰੇ ਪੰਜਾਬ ਵਿੱਚ ਤੱਥ ਜਾਣੇ ਹਨ। (ਵਿਘਨ) (ਸ਼ੋਰ)

**ਮੁੱਖ ਸੰਸਦੀ ਸਕੱਤਰ, ਸਿੱਖਿਆ (ਸ਼੍ਰੀਮਤੀ ਮਹਿੰਦਰ ਕੌਰ ਜੋਸ਼) :** ਮੈਂ ਇਹ ਗੱਲ ਵੀ ਲਿਆਉਣਾ ਚਾਹੁੰਦੀ ਹਾਂ। ਮੈਂ ਸ਼ਹਿਰਾਂ ਦੀ ਗੱਲ ਦੇ ਇਸ ਟੌਪਿਕ ਤੇ ਵੀ ਆਉਣਾ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦਾ ਪਾਣੀ, ਸਾਰੇ ਦਾ ਸਾਰਾ ਮੇਰੇ ਹਲਕੇ ਦੇ ਪਿੰਡਾਂ ਵਿੱਚ ਜਾ ਰਿਹਾ ਹੈ। ਪਹਿਲਾਂ ਤਾਂ ਇਸ ਦਾ ਹੱਲ ਕੀਤਾ ਜਾਵੇ। ਆਪਾਂ ਸਿਰਫ ਛੱਪੜਾਂ ਦੀ ਗੱਲ ਕਰਦੇ ਹਾਂ, ਸਾਰਾ ਸੀਵਰੇਜ ਦਾ ਜਿੰਨਾਂ ਵੀ ਗੰਦਾ ਪਾਣੀ ਹੈ, ਉਹ ਮੇਰੇ ਹਲਕੇ ਦੇ 15 ਪਿੰਡਾਂ ਨੂੰ ਜਾ ਰਿਹਾ ਹੈ। ਇਸ ਦੇ ਨਾਲ ਕੀ ਹੋ ਰਿਹਾ ਹੈ ਕਿ ਇੱਕ ਪਾਸੇ ਛੱਪੜਾਂ ਦੀ ਗੱਲ ਕਰਦੇ ਹਾਂ, ਦੂਸਰੇ ਪਾਸੇ ਸ਼ਹਿਰਾਂ ਵਿੱਚ ਸੀਵਰੇਜ ਦੇ ਪਾਣੀ ਦੀ ਗੱਲ ਹੈ। ਮੇਰੇ ਹਲਕੇ ਸ਼ਾਮ ਚੁਰਾਸੀ ਦੇ ਵਿੱਚ ਇਹ ਗੰਦਾ ਸੀਵਰੇਜ ਦਾ ਪਾਣੀ ਜਾ ਰਿਹਾ ਹੈ। ਮੈਂ ਲੋਕਲ ਬਾਡੀਜ਼ ਦੇ ਮਨਿਸਟਰ ਸਾਹਿਬ ਨੂੰ ਬੇਨਤੀ ਕਰਦੀ ਹਾਂ ਕਿ ਪਹਿਲਾਂ ਇਸ ਗੱਲ ਵੱਲ ਧਿਆਨ ਦਿੱਤਾ ਜਾਵੇ ਤਾਂ ਕਿ ਮੇਰੇ ਹਲਕੇ ਦੇ 12-15 ਪਿੰਡਾਂ ਦੇ ਲੋਕ ਚੰਗਾ ਜੀਵਨ ਬਤੀਤ ਕਰ ਸਕਣ। ਮੇਰਾ ਖਿਆਲ ਹੈ ਕਿ ਮੇਰੇ ਵੀਰ ਸ਼੍ਰੀ ਸੂਦ ਜੀ ਨੂੰ ਵੀ ਇਸ ਗੱਲ ਦਾ ਪਤਾ ਹੈ। ਛੱਪੜਾਂ ਦੀ ਗੱਲ ਤਾਂ ਛੱਡੋ, ਇਹ ਤਾਂ ਬਿਲਕੁਲ ਛੋਟੀ ਜਿਹੀ ਗੱਲ ਹੈ, ਜੋ ਸਾਰੇ ਦਾ ਸਾਰਾ ਗੰਦਾ ਸੀਵਰੇਜ ਦਾ ਪਾਣੀ ਮੇਰੇ ਹਲਕੇ ਦੇ ਪਿੰਡਾਂ ਵਿੱਚ ਜਾ ਰਿਹਾ ਹੈ, ਉਹ ਬਹੁਤ ਵੱਡੀ ਪ੍ਰਾਬਲਮ ਹੈ। ਮੈਂ ਲੋਕਲ ਬਾਡੀਜ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਇਸ ਦੇ ਲਈ ਫੰਡਜ਼

Original with;
Punjab Vidhan Sabha
Digitized by;
Panjab Digital Library

[ ਮੁੱਖ ਸੰਸਦੀ ਸਕੱਤਰ, ਸਿੱਖਿਆ ]

ਮੁਹੱਈਆ ਕਰਵਾਏ ਜਾਣ ਤਾਂ ਕਿ ਸ਼ਹਿਰਾਂ ਦਾ ਪਾਣੀ ਪਿੰਡਾਂ ਦੇ ਵਿੱਚ ਨਾ ਜਾਵੇ। ਉਥੇ ਹੀ ਸ਼ਹਿਰਾਂ ਦੇ ਵਿੱਚ ਟਰੀਟਮੈਂਟ ਪਲਾਂਟ ਲਗਾਏ ਜਾਣ ਤਾਂ ਕਿ ਪਿੰਡਾਂ ਨੂੰ ਸਾਫ ਸੁਥਰਾ ਅਤੇ ਸੁਖਾਵਾਂ ਵਾਤਾਵਰਣ ਮੁਹੱਈਆ ਹੋ ਸਕੇ। ਸ਼ਹਿਰਾਂ ਦੇ ਗੰਦੇ ਪਾਣੀ ਨੂੰ ਸੰਭਾਲਣ ਦੀ ਵੀ ਅੱਜ ਬਹੁਤ ਵੱਡੀ ਜ਼ਰੂਰਤ ਹੈ। ਛੱਪੜਾਂ ਦੇ ਪਾਣੀ ਦੇ ਨਾਲ-ਨਾਲ ਸ਼ਹਿਰਾਂ ਦੇ ਗੰਦੇ ਪਾਣੀ ਲਈ ਯੋਗ ਪ੍ਰਬੰਧ ਕਰਨੇ ਵੀ ਬਹੁਤ ਜ਼ਰੂਰੀ ਹਨ। ਮੈਂ ਫਿਰ ਉਸੇ ਟੌਪਿਕ ਤੇ ਆਉਣਾ ਚਾਹੁੰਦੀ ਹਾਂ ਕਿ ਨਰੇਗਾ ਦੀ ਜਿਹੜੀ ਸਕੀਮ ਹੈ, ਇਸ ਦੀ ਗੱਲ ਇੱਥੇ ਕੀਤੀ ਗਈ ਹੈ। ਇਸ ਦੇ ਵਿੱਚ 60 ਅਤੇ 40% ਰੇਸ਼ੋ ਰੱਖੀ ਗਈ ਹੈ। 40% ਪੈਸਾ ਮਸ਼ੀਨਰੀ ਲਗਾ ਕੇ ਕੰਮ ਤੇ ਅਤੇ 60% ਪੈਸਾ ਮੈਨੂਅਲ ਵਰਕ ਲਈ ਰੱਖਿਆ ਹੈ। ਇਸ ਨਾਲ ਸਿਰਫ ਛੱਪੜ ਨੂੰ ਖੋਦਣ ਦਾ ਹੀ ਕੰਮ ਰਹਿ ਜਾਂਦਾ ਹੈ। ਇਸ ਦੇ ਨਾਲ ਲੇਬਰ ਨੂੰ ਬਹੁਤ ਘੱਟ ਫਾਇਦਾ ਹੁੰਦਾ ਹੈ। ਮੈਂ ਇਹ ਦੱਸਣਾ ਚਾਹੁੰਦੀ ਹਾਂ ਕਿ ਅਸੀਂ ਸੜਕਾਂ ਉਤੇ ਮਿੱਟੀ ਵੀ ਪਾਉਂਦੇ ਹਾਂ, ਉਸ ਲਈ ਵੀ ਲੇਬਰ ਨਰੇਗਾ ਸਕੀਮ ਦੇ ਤਹਿਤ ਲਿਆਂਦੀ ਜਾਵੇ ਤਾਂ ਜੋ ਪਿੰਡਾਂ ਦੇ ਗਰੀਬ ਲੋਕਾਂ ਨੂੰ ਵੀ ਰੋਜ਼ਗਾਰ ਮਿਲ ਸਕੇ ਅਤੇ ਪਿੰਡਾਂ ਦਾ ਕੰਮ ਠੀਕ ਤਰ੍ਹਾਂ ਨਾਲ ਹੋ ਸਕੇ। ਮੈਂ ਸਰਦਾਰ ਸੋਹਣ ਸਿੰਘ ਠੰਡਲ ਜੀ ਦੀ ਬੜੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਮਤਾ ਪੇਸ਼ ਕੀਤਾ ਔਰ ਮੈਂ ਪੁਰਜ਼ੋਰ ਸਿਫਾਰਸ਼ ਕਰਦੀ ਹਾਂ ਕਿ ਇਹ ਮਤਾ ਪਾਸ ਕਰ ਦੇਣਾ ਚਾਹੀਦਾ ਹੈ ਅਤੇ ਮੇਰੀ ਇਹ ਵੀ ਬੇਨਤੀ ਹੈ ਕਿ ਛੱਪੜਾਂ ਦੇ ਪਾਣੀ ਦੇ ਨਾਲ ਨਾਲ ਮੇਰੇ ਹਲਕੇ ਦੇ ਪਿੰਡਾਂ ਵਿੱਚ ਸ਼ਹਿਰ ਦਾ ਪਾਣੀ ਜਾ ਰਿਹਾ ਹੈ ਜਿਸ ਨਾਲ ਉਹ ਪਿੰਡ ਐਫੈਕਟ ਹੋ ਰਹੇ ਹਨ, ਉਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ। ਬਹੁਤ ਧੰਨਵਾਦੀ ਹਾਂ, ਜੈ ਹਿੰਦ।

**ਸਰਦਾਰ ਗੁਰਬਚਨ ਸਿੰਘ ਬੱਬੇਹਾਲੀ (ਗੁਰਦਾਸਪੁਰ)** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਠੰਡਲ ਸਾਹਿਬ ਨੇ ਬੜਾ ਹੀ ਵਧੀਆ ਮਤਾ ਇੱਥੇ ਲਿਆਂਦਾ ਹੈ। ਛੱਪੜਾਂ ਦੀ ਗੱਲ ਇੱਥੇ ਆਈ ਹੈ ਅਤੇ ਕਾਫੀ ਮੈਂਬਰ ਸਾਹਿਬਾਨ ਨੇ ਆਪਣੀ ਜਾਣਕਾਰੀ ਮੁਤਾਬਿਕ ਆਪਣੇ ਵਿਚਾਰ ਰੱਖੇ ਹਨ। ਸਫਾਈ ਅਤੇ ਟਰੀਟਮੈਂਟ ਪਲਾਂਟ ਲਗਾਉਣ ਦੀ ਗੱਲ ਵੀ ਆਈ ਹੈ। ਮੈਂ ਉੱਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਗੱਲ ਟਰੀਟਮੈਂਟ ਪਲਾਂਟ ਦੀ ਹੈ ਜਾਂ ਵੱਡੇ ਨਾਲੇ ਬਣਾ ਕੇ ਛੱਪੜਾਂ ਨੂੰ ਪਿੰਡਾਂ ਤੋਂ ਦੂਰ ਕਰਨ ਦੀ ਹੈ ਜਾਂ ਕਬਜ਼ੇ ਛੁਡਾਉਣ ਦੀ ਗੱਲ ਹੈ ਜਾਂ ਸਫਾਈ ਦੀ ਗੱਲ ਹੈ, ਵੱਡੇ ਵੱਡੇ ਪਲਾਂਟ ਲਗਾਉਣ ਲਈ ਵੱਡੀਆਂ ਗਰਾਂਟਾਂ ਦੀ ਵੀ ਲੋੜ ਹੈ। ਇਸ ਨੂੰ ਪ੍ਰੈਕਟੀਕਲੀ ਇੰਪਲੀਮੈਂਟ ਕਰਨ ਲਈ ਬਹੁਤ ਸਮਾਂ ਲਗੇਗਾ। ਮੇਰੀ ਤੁਹਾਡੇ ਰਾਹੀਂ ਉੱਪ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਜਿਹੜਾ ਡਿਵੈਲਪਮੈਂਟ ਵਾਸਤੇ ਪੈਸਾ ਮੁੱਖ ਮੰਤਰੀ ਸਾਹਿਬ ਵਲੋਂ ਪਿੰਡਾਂ ਵਿੱਚ ਵੰਡਿਆ ਗਿਆ ਹੈ ਉਸ ਵਿੱਚੋਂ ਬਹੁਤ ਸਾਰੇ ਪੈਸੇ ਅਸੀਂ ਛੱਪੜਾਂ ਦੀ ਸਫਾਈ ਵਾਸਤੇ ਦਿੱਤੇ ਹਨ। ਇਹ ਨਰੇਗਾ ਸਕੀਮ ਰਾਹੀਂ ਵੀ ਪਿੰਡਾਂ ਵਿੱਚ ਗਏ ਹਨ। ਪਰ ਪ੍ਰੈਕਟੀਕਲ ਗੱਲ ਇਹ ਹੈ ਕਿ ਛੱਪੜ ਸਾਫ ਕਿਸ ਤਰ੍ਹਾਂ ਕਰਾਉਣੇ ਹਨ। ਟਰੀਟਮੈਂਟ ਪਲਾਂਟ ਤਾਂ ਕਰੋੜਾਂ ਰੁਪਏ ਦੇ ਖ਼ਰਚੇ ਨਾਲ ਬਹੁਤ ਸਮਾਂ ਬਾਅਦ ਲਗਣਗੇ ਪਰ ਹੁਣ ਜਿਹੜਾ ਪਾਣੀ

Original with;
Punjab Vidhan Sabha
Digitized by;
Panjab Digital Library

ਛੱਪੜਾਂ ਵਿੱਚ ਹਜਾਰਾਂ ਲੀਟਰ ਖੜ੍ਹਾ ਹੈ, ਉਸ ਨੂੰ ਬਾਹਰ ਕੱਢ ਕੇ ਛੱਪੜ ਦੀ ਸਫਾਈ ਕਰਵਾਈਏ। ਹੁਣ ਅੱਗੇ ਮਈ ਜੂਨ ਵਿੱਚ ਕਾਫੀ ਗਰਮੀ ਪੈਣੀ ਹੈ। ਮੇਰੀ ਤੁਹਾਡੇ ਰਾਹੀਂ ਬ੍ਰਹਮਪੁਰਾ ਸਾਹਿਬ ਨੂੰ, ਮੰਤਰੀ ਸਾਹਿਬ ਨੂੰ ਵੀ ਬੇਨਤੀ ਹੈ ਕਿ ਦਿੱਤੀ ਹੋਈ ਗ੍ਰਾਂਟ ਦਾ ਪਰਪਜ਼ ਚੇਂਜ ਨਹੀਂ ਕੀਤਾ ਜਾ ਸਕਦਾ ਅਤੇ ਛੱਪੜ ਦੇ ਪਾਣੀ ਨੂੰ ਕਿਸੇ ਦੀ ਜ਼ਮੀਨ ਵਿੱਚ ਜ਼ਿਆਦਾ ਸਮਾਂ ਨਹੀਂ ਸੁਟਿਆ ਜਾ ਸਕਦਾ। ਇਸ ਛੱਪੜ ਦੇ ਪਾਣੀ ਨੂੰ ਅਗਲੀ ਪੈਲੀ ਵਿੱਚ ਮੋਟਰ ਰਾਹੀਂ ਸੁੱਟਣ ਦਾ ਪ੍ਰਬੰਧ ਕਰਨਾ ਪੈਂਦਾ ਹੈ। ਇਹ ਕੋਈ 2-4 ਹਜ਼ਾਰ ਲੀਟਰ ਪਾਣੀ ਨਹੀਂ ਹੈ ਇਸ ਲਈ ਮੋਟਰ ਲਾਉਣ ਦੀ ਲੋੜ ਹੈ। ਸੋ ਮੇਰੀ ਬੇਨਤੀ ਹੈ ਕਿ ਛੱਪੜ ਦੀ ਸਫਾਈ ਵਾਸਤੇ ਗ੍ਰਾਂਟ ਦਾ ਪਰਪਜ਼ ਚੇਂਜ ਕਰਨ ਦੀ ਇਜਾਜਤ ਦਿੱਤੀ ਜਾਵੇ ਤਾਂ ਜੋ ਉਸ ਗ੍ਰਾਂਟ ਵਿੱਚੋਂ ਥੋੜ੍ਹੇ ਜਿਹੇ ਪੈਸੇ ਨਾਲ ਲਗਦੀ ਜ਼ਮੀਨ ਟੈਂਪਰੇਰੀ ਤੌਰ ਤੇ ਲੀਜ਼ ਤੇ ਲੈਣ ਲਈ ਖਰਚ ਕੀਤੇ ਜਾ ਸਕਣ। ਇਸ ਜਗ੍ਹਾ ਵਿੱਚ ਅਸੀਂ ਛੱਪੜ ਦਾ ਪਾਣੀ ਸੁੱਟ ਸਕਦੇ ਹਾਂ। ਇਸ ਲਈ ਮੋਟਰ ਦਾ ਕੁਨੈਕਸ਼ਨ ਲੈਣ ਦੀ ਵੀ ਲੋੜ ਹੈ। ਕਈ ਪੰਚਾਇਤਾਂ ਕੋਲ ਜ਼ਮੀਨਾਂ ਨਹੀਂ ਹੁੰਦੀਆਂ ਇਸ ਕਰਕੇ ਕੁਨੈਕਸ਼ਨ ਨਹੀਂ ਲਿਆ ਜਾ ਸਕਦਾ। ਜੇਕਰ ਕੁਨੈਕਸ਼ਨ ਮਿਲ ਜਾਵੇ ਤਾਂ ਫਿਰ ਇਸ ਕੰਮ ਵਾਸਤੇ ਇੱਕ ਮਹੀਨਾ ਮੋਟਰ ਚਲਦੀ ਹੈ। ਮੈਂ ਆਪਣੇ ਪਿੰਡ ਦੇ ਛੱਪੜ ਅੱਜ ਤੋਂ 3 ਸਾਲ ਪਹਿਲਾਂ ਸਾਫ ਕਰਵਾਏ ਸਨ ਅਤੇ ਉਸ ਵੇਲੇ 45 ਹਜ਼ਾਰ ਰੁਪਏ ਦਾ ਬਿਲ ਮੋਟਰਾਂ ਦੇ ਕੁਨੈਕਸ਼ਨ ਦਾ ਆਇਆ ਸੀ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸੁਝਾਅ ਦਿੱਤੇ ਗਏ ਹਨ ਕਿ ਛੱਪੜ ਦਾ ਪੋਰਸ਼ਨ ਬਣਾਇਆ ਜਾਵੇ, ਵਿੱਚ ਵੱਡੀ ਕੰਧ ਕੱਢੀ ਜਾਵੇ, ਇਹ ਤਾਂ ਹੀ ਹੋ ਸਕਦਾ ਹੈ ਜੇਕਰ ਪਹਿਲਾਂ ਪਾਣੀ ਕੱਢਿਆ ਜਾਵੇ। ਸੋ ਤੁਹਾਡੇ ਰਾਹੀਂ ਮੈਂ ਉਪ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਗਰਾਂਟਾਂ ਛੱਪੜ ਦੀ ਸਫਾਈ ਵਾਸਤੇ ਦਿੱਤੀਆਂ ਹਨ ਪਰ ਪ੍ਰੈਕਟੀਕਲ ਤੌਰ ਤੇ ਜਦੋਂ ਤੱਕ ਛੱਪੜ ਦਾ ਪਾਣੀ ਕੱਢਿਆ ਨਹੀਂ ਜਾਂਦਾ, ਸਹੀ ਤਰੀਕੇ ਨਾਲ ਛੱਪੜ ਦੀ ਸਫਾਈ ਨਹੀਂ ਹੋ ਸਕਦੀ। ਸੋ ਗ੍ਰਾਂਟ ਦਾ ਪਰਪਜ਼ ਚੇਂਜ ਕਰਨ ਨਾਲ ਇਸ ਵਿਚੋਂ ਕੁਝ ਪੈਸੇ ਨਾਲ ਨੇੜਲੇ ਖੇਤ ਲੀਜ਼ ਤੇ ਲਏ ਜਾ ਸਕਦੇ ਹਨ, ਬਿਜਲੀ ਦਾ ਟੈਂਪਰੇਰੀ ਕੁਨੈਕਸ਼ਨ ਲਿਆ ਜਾ ਸਕਦਾ ਹੈ ਅਤੇ ਉਸ ਦਾ ਬਿਲ ਦਿੱਤਾ ਜਾ ਸਕਦਾ ਹੈ। ਟੈਂਪ੍ਰੇਰੀ ਤੌਰ ਤੇ ਮੋਟਰ ਦਾ ਕੁਨੈਕਸ਼ਨ ਲੈਣ ਲਈ, ਉਸ ਦਾ ਬਿਲ ਦੇਣ ਵਾਸਤੇ, ਪਾਣੀ ਕੱਢਣ ਲਈ ਪੈਸਾ ਜ਼ਰੂਰੀ ਹੈ। ਇਸੇ ਤਰ੍ਹਾਂ ਜਿਥੇ ਛੱਪੜਾਂ ਤੇ ਕਬਜ਼ਾ ਹੋਵੇ ਉਹ ਛੁਡਾਇਆ ਜਾਵੇ, ਤਾਂ ਹੀ ਪਾਣੀ ਛੱਪੜ ਵਿੱਚੋਂ ਨਿਕਲੇਗਾ ਅਤੇ ਜੇ.ਸੀ.ਬੀ. ਨਾਲ ਪੁੱਟ ਕੇ ਸਫਾਈ ਕਰਵਾਈ ਜਾ ਸਕਦੀ ਹੈ। ਇਸੇ ਤਰ੍ਹਾਂ ਹੀ ਜਦੋਂ ਛੱਪੜ ਸੁੱਕ ਜਾਵੇਗਾ ਤਾਂ ਉਸ ਨੂੰ ਸਾਫ਼ ਕਰਾਉਣ ਦੀ ਲੋੜ ਹੁੰਦੀ ਹੈ ਕਿਉਂਕਿ ਜੇ ਛੱਪੜ ਵਿੱਚ ਗਾਦ ਰਹਿੰਦੀ ਹੈ ਤਾਂ ਹੇਠਲੇ ਪੱਧਰ ਤੇ ਜ਼ਮੀਨ ਵਿੱਚ ਪਾਣੀ ਨਹੀਂ ਜਾਂਦਾ। ਜੇ ਛੱਪੜ ਸਾਫ ਕਰਨਾ ਹੈ ਤਾਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਫੰਡ ਅੱਜ ਪੰਚਾਇਤਾਂ ਨੂੰ ਆਉਂਦੇ ਹਨ ਉਹ ਤਾਂ ਹੀ ਸਹੀ ਤਰੀਕੇ ਨਾਲ ਵਰਤੇ ਜਾ ਸਕਦੇ ਹਨ ਜੇਕਰ ਉਸ ਫੰਡ ਦੀ ਵਰਤੋਂ ਦਾ ਪਰਪਜ਼ ਬਦਲ ਕੇ ਮੋਟਰ ਲਾਉਣ ਦੀ ਆਗਿਆ ਦਿੱਤੀ ਜਾਵੇ, ਬਿਜਲੀ ਦੇ ਬਿਲਾਂ ਦੀ ਅਦਾਇਗੀ ਕਰਨ ਦੀ

Original with;
Punjab Vidhan Sabha
Digitized by;
Panjab Digital Library

[ ਸਰਦਾਰ ਗੁਰਬਚਨ ਸਿੰਘ ਬੱਬੇਹਾਲੀ ]

ਆਗਿਆ ਦਿੱਤੀ ਜਾਵੇ ਅਤੇ ਨਾਲ ਹੀ ਛੱਪੜ ਦੇ ਨੇੜੇ ਕਿਸਾਨ ਦੀ ਮਾਲਕੀ ਜੋ ਹੈ ਉਸ ਦੀ ਜ਼ਮੀਨ ਇਕ ਦੋ ਏਕੜ ਲੀਜ਼ ਤੇ ਲੈਣ ਦੀ ਆਗਿਆ ਹੋਵੇ ਤਾਂ ਜੋ ਸਾਫ ਪਾਣੀ ਸਿੱਟ ਕੇ ਛੱਪੜ ਦੀ ਸਫਾਈ ਕੀਤੀ ਜਾ ਸਕੇ।

*1.32 ਵਜੇ ਬਾਅਦ ਦੁਪਹਿਰ

(*ਇਸ ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸ਼ਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਸਰਕਾਰ ਨੂੰ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਹੁਣ ਛੱਪੜ ਲਈ ਸਫਾਈ ਲਈ ਗਰਾਂਟ ਜਾਂਦੀ ਹੈ ਤਾਂ ਯੂ.ਸੀ., ਬੀ.ਡੀ.ਓ. ਪੰਚਾਇਤ ਨੂੰ ਦਿੰਦਾ ਹੈ। ਉਹ ਆਪ ਉਸ ਦੀ ਫੋਟੋਗ੍ਰਾਫੀ ਕਰਵਾਏ ਕਿ ਉਥੇ ਲੇਬਰ ਲੱਗੀ ਹੈ, ਜੇ.ਸੀ.ਬੀ. ਲੱਗੀ ਹੈ, ਸਫਾਈ ਹੋਈ ਹੈ ਤਾਂ ਯੂ.ਸੀ. ਦੇਣਾ ਚਾਹੀਦਾ ਹੈ। ਕਿਉਂਕਿ ਇਸ ਦਾ ਬਾਅਦ ਵਿੱਚ ਕੋਈ ਸਬੂਤ ਨਹੀਂ ਮਿਲਦਾ ਕਿ ਇਸ ਦੀ ਸਫਾਈ ਹੋਈ ਵੀ ਹੈ ਜਾਂ ਨਹੀਂ ਹੋਈ। ਕਿਉਂਕਿ ਇਕ ਦਿਨ ਹੀ ਜਦੋਂ ਛੱਪੜ ਵਿੱਚ ਪਾਣੀ ਛੱਡ ਦੇਈਏ ਤਾਂ ਉਸ ਵੇਲੇ ਛੱਪੜ ਭਰਿਆ ਲਗਦਾ ਹੈ, ਫਿਰ ਇਹ ਅੰਦਾਜ਼ਾ ਨਹੀਂ ਲੱਗ ਸਕਦਾ ਕਿ ਸਫਾਈ ਹੋਈ ਹੈ ਜਾਂ ਨਹੀਂ ਹੋਈ। ਇਸ ਕਰਕੇ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਗਰਾਂਟਾਂ ਦਿੱਤੀਆਂ ਜਾਂਦੀਆਂ ਹਨ, ਛੱਪੜ ਦੀ ਸਫਾਈ ਸਬੰਧੀ ਜੋ ਬੀ.ਡੀ.ਓ. ਨੇ ਯੂ.ਸੀ. ਦੇਣਾ ਹੈ, ਜਿੰਨੀ ਦੇਰ ਕਿਸੇ ਪੰਚਾਇਤ ਵੱਲੋਂ, ਸਕੱਤਰ ਦੀ ਹਾਜ਼ਰੀ ਵਿੱਚ, ਪੰਚਾਇਤ ਅਫ਼ਸਰ ਦੀ ਹਾਜ਼ਰੀ ਵਿੱਚ ਪਿੰਡ ਦੀ ਪੰਚਾਇਤ ਦੀ ਹਾਜ਼ਰੀ ਵਿੱਚ, ਉਸ ਦੀ ਫੋਟੋਗ੍ਰਾਫੀ ਕਰਕੇ, ਨਾਲ ਨਾ ਲਗਾਈ ਜਾਵੇ, ਉਹ ਯੂ.ਸੀ. ਸਹੀ ਨਾ ਮੰਨਿਆ ਜਾਵੇ। ਇਸ ਤਰ੍ਹਾਂ ਪ੍ਰੈਕਟੀਕਲ ਤੌਰ ਤੇ ਉਸ ਪੈਸੇ ਦੀ ਸਹੀ ਯੂਟੇਲਾਈਜੇਸ਼ਨ ਹੋ ਸਕੇਗੀ। ਪਹਿਲਾਂ ਵੀ ਇਸ ਗੱਲ ਦਾ ਜ਼ਿਕਰ ਆਇਆ ਹੈ ਕਿ 1947 ਤੋਂ ਬਾਅਦ ਅੱਜ ਤੱਕ ਗਲੀਆਂ, ਨਾਲੀਆਂ ਲਈ ਗਰਾਂਟਾਂ ਦਿੱਤੀਆਂ ਜਾਂਦੀਆਂ ਹਨ ਤੇ ਇਹ ਪੈਸਾ ਉਹ ਸਹੀ ਤਰੀਕੇ ਨਾਲ ਵਰਤਦੇ ਨਹੀਂ ਜਿਸ ਕਰਕੇ ਪਿੰਡਾਂ ਦਾ ਵਿਕਾਸ ਨਜ਼ਰ ਨਹੀਂ ਆਉਂਦਾ। ਇਹ ਗਰਾਂਟ ਪਤਾ ਨਹੀਂ ਕਿੱਥੇ ਜਾਂਦੀ ਹੈ। ਪਰ ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ ਕਿ ਜਿਹੜੇ ਸਾਡੇ ਪਿੰਡਾਂ ਦੇ ਪੰਚ ਜਾਂ ਸਰਪੰਚ ਹਨ, ਉਹ ਸਾਰੇ ਹੀ ਕੁਰੱਪਟ ਹਨ, ਉਹ ਸਹੀ ਤਰੀਕੇ ਨਾਲ ਗਰਾਂਟ ਨਹੀਂ ਲਾਉਂਦੇ ਅਤੇ ਵਾਰ-ਵਾਰ ਗਰਾਂਟ ਦੀ ਮੰਗ ਕਰਦੇ ਹਨ ਜਾਂ ਵਾਰ ਵਾਰ ਗਰਾਂਟਾਂ ਪਿੰਡਾਂ ਨੂੰ ਜਾਣ ਦਾ ਕਾਰਨ ਇਹ ਨਹੀਂ ਹੈ ਕਿ ਉਹ ਸਹੀ ਤਰੀਕੇ ਨਾਲ ਗਰਾਂਟਾਂ ਦੀ ਵਰਤੋਂ ਨਹੀਂ ਕਰ ਰਹੇ। ਜਿਸ ਤਰ੍ਹਾਂ ਵਾਰ-ਵਾਰ ਸੜਕਾਂ ਤੇ ਪ੍ਰੀਮਿਕਸ ਪੈਂਦੀ ਹੈ ਅਤੇ ਸੜਕਾਂ ਦੀ ਰਿਪੇਅਰ ਹੁੰਦੀ ਹੈ, ਸੜਕਾਂ ਉੱਚੀਆਂ ਕਰਨ ਦੀ ਪਰਪੋਜ਼ਲ ਆਉਂਦੀ ਹੈ, ਉਸੇ ਤਰ੍ਹਾਂ ਗਲੀਆਂ ਨਾਲੀਆਂ ਪਿੰਡਾਂ ਦੇ ਵਿੱਚ ਪੱਕੀਆਂ ਕਰਨ ਦੀ ਲੋੜ ਵੀ ਪੈਂਦੀ ਰਹਿੰਦੀ ਹੈ। ਪਿੰਡਾਂ ਦੀ ਡਿਵੈਲਪਮੈਂਟ ਲੋਕਾਂ ਰਾਹੀਂ ਚੁਣੇ ਹੋਏ ਪੰਚਾਂ ਅਤੇ ਸਰਪੰਚਾਂ ਰਾਹੀਂ ਹੁੰਦੀ ਹੈ। ਪਿੰਡ ਵਧ ਰਹੇ ਹਨ, ਸ਼ਹਿਰ ਵੀ ਵਧ ਰਹੇ ਹਨ ਜਿਸ ਕਾਰਨ ਗਲੀਆਂ ਨੀਵੀਆਂ ਹੋ ਜਾਂਦੀਆਂ ਹਨ। ਨਵੇਂ ਘਰ ਬਣਦੇ ਹਨ, ਨਵੀਆਂ ਗਲੀਆਂ ਬਣਦੀਆਂ ਹਨ। ਗਲੀਆਂ ਦੇ ਵਿੱਚੋਂ ਟਰੈਕਟਰ,

Original with;
Punjab Vidhan Sabha
Digitized by;
Panjab Digital Library

ਟਰਾਲੀਆਂ, ਮੋਟਰ ਸਾਈਕਲ, ਟਰੱਕ ਵਗੈਰਾ ਲੰਘਦੇ ਰਹਿੰਦੇ ਹਨ ਜਿਸ ਕਾਰਨ ਇਹ ਗਲੀਆਂ ਨਾਲੀਆਂ ਟੁਟਦੀਆਂ ਰਹਿੰਦੀਆਂ ਹਨ ਅਤੇ ਇਨ੍ਹਾਂ ਦੀ ਰਿਪੇਅਰ ਦੀ ਵੀ ਲੋੜ ਪੈਂਦੀ ਰਹਿੰਦੀ ਹੈ ਅਤੇ ਸਮੇਂ-ਸਮੇਂ ਤੇ ਇਹ ਨਵੀਆਂ ਵੀ ਬਣਾਉਣੀਆਂ ਪੈਂਦੀਆਂ ਹਨ। 30 ਸਾਲ ਪਹਿਲਾਂ ਕਈ ਪਿੰਡ ਮਾਡਲ ਵਿਲੇਜ਼ ਸਕੀਮ ਵਿੱਚ ਆਏ ਸਨ, ਉਦੋਂ ਉਨ੍ਹਾਂ ਦੀਆਂ ਗਲੀਆਂ ਨਾਲੀਆਂ ਬਣੀਆਂ, ਪਰ ਹੁਣ ਫਿਰ ਬਣਾਈਆਂ ਜਾ ਰਹੀਆਂ ਹਨ ਇਸ ਸਮੇਂ ਦੀ ਲੋੜ ਹੈ। ਜਿਵੇਂ ਸੜਕਾਂ ਤੇ ਪ੍ਰੀਮਿਕਸ ਪਾਉਣ ਦੀ ਲੋੜ ਹੈ ਬਿਲਕੁਲ ਉਸੇ ਤਰ੍ਹਾਂ ਹੀ ਗਲੀਆਂ ਨਾਲੀਆਂ ਦੀ ਵੀ ਲੋੜ ਹੈ। ਇਸ ਗੱਲ ਨਾਲ ਮੈਂ ਸਹਿਮਤ ਨਹੀਂ ਕਿ ਪਿੰਡਾਂ ਨੂੰ ਇਸ ਕੰਮ ਲਈ ਗਰਾਂਟਾਂ ਨਹੀਂ ਦੇਣੀਆਂ ਚਾਹੀਦੀਆਂ। ਅਸੀਂ ਪਿੰਡਾਂ ਨੂੰ ਇਹ ਗਰਾਂਟਾਂ ਵੀ ਦੇਈਏ ਅਤੇ ਇਹ ਉਸੇ ਹਿਸਾਬ ਨਾਲ ਮਿਲਣੀਆਂ ਚਾਹੀਦੀਆਂ ਹਨ ਜਿਸ ਤਰ੍ਹਾਂ ਅੱਜ ਮਿਲ ਰਹੀਆਂ ਹਨ। ਸਪੀਕਰ ਸਾਹਿਬ, ਠੰਡਲ ਸਾਹਿਬ ਨੇ ਜੋ ਮਤਾ ਇੱਥੇ ਅੱਜ ਲਿਆਂਦਾ ਹੈ ਉਸ ਨਾਲ ਮੈਂ ਸਹਿਮਤ ਹਾਂ ਪਰ ਜੋ ਗੱਲ ਮੈਂ ਪਹਿਲਾਂ ਕਹੀ ਹੈ ਕਿ ਗਰਾਂਟਾਂ ਦਿੱਤੀਆਂ ਜਾਂਦੀਆਂ ਹਨ ਇਸ ਦੇ ਨਾਲ ਪਰਪਜ ਚੇਂਜ ਕਰਨ ਦੀ ਵੀ ਆਗਿਆ ਹੋਵੇ ਅਤੇ ਛੱਪੜ ਦੇ ਨਾਲ ਲਗਦੀ ਜ਼ਮੀਨ ਨੂੰ ਲੀਜ਼ ਤੇ ਵੀ ਲਿਆ ਜਾਵੇ ਅਤੇ ਛੱਪੜ ਦਾ ਪਾਣੀ ਉਥੇ ਸਿੱਟਿਆ ਜਾਵੇ ਅਤੇ ਛੱਪੜਾਂ ਦੀ ਸਫਾਈ ਕੀਤੀ ਜਾਵੇ। ਬਿਜਲੀ ਦੇ ਬਿਲ ਜਮ੍ਹਾਂ ਕਰਵਾਉਣ ਲਈ ਵੀ ਪੈਸਾ ਦਿੱਤਾ ਜਾਵੇ ਤਾਂ ਕਿ ਛੱਪੜਾਂ ਦੀ ਪਰਾਪਰ ਸਫਾਈ ਹੋ ਸਕੇ। ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਹੋਰ ਰਾਏ ਦੇਣੀ ਚਾਹੁੰਦਾ ਹਾਂ ਕਿ ਜੰਗਲਾਤ ਮਹਿਕਮੇ ਵੱਲੋਂ ਪਿੰਡਾਂ ਨੂੰ ਗਰਾਂਟ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਪੰਚਾਇਤਾਂ ਛੱਪੜਾਂ ਦੇ ਆਲੇ-ਦੁਆਲੇ ਸਫੈਦੇ ਤੇ ਪਾਪੂਲਰ ਦੇ ਬੂਟੇ ਲਗਾ ਸਕਣ ਤਾਂ ਜੋ ਉਹ ਜਮ੍ਹਾਂ ਪਾਣੀ ਨੂੰ ਸੋਚ ਸਕਣ, ਪਾਣੀ ਨੂੰ ਖਿੱਚ ਸਕਣ। ਇਸ ਦੇ ਨਾਲ ਪੰਚਾਇਤਾਂ ਨੂੰ ਆਮਦਨ ਵੀ ਹੋਵੇਗੀ ਜਿਹੜਾ ਛੱਪੜਾਂ ਵਿਚ ਪਾਣੀ ਖੜ੍ਹਾ ਰਹਿੰਦਾ ਹੈ, ਉਹ ਵੀ ਘੱਟ ਹੋਵੇਗਾ। ਅਸੀਂ ਪ੍ਰੈਕਟੀਕਲੀ ਵੇਖਿਆ ਹੈ ਕਿ ਜਿਹੜੇ ਖੇਤਾਂ ਦੇ ਦੁਆਲੇ ਸਫੈਦੇ ਜਾਂ ਪਾਪੂਲਰ ਦੇ ਬੂਟੇ ਲਗਦੇ ਹਨ, ਉਨ੍ਹਾਂ ਦੇ ਨੇੜੇ ਦੀ ਇਕ ਕਨਾਲ ਜਗ੍ਹਾ ਖੁਸ਼ਕ ਹੋ ਜਾਂਦੀ ਹੈ, ਖੁਸ਼ਕ ਹੋਣ ਕਰਕੇ ਫਸਲ ਵੀ ਉਥੇ ਘੱਟ ਹੁੰਦੀ ਹੈ। ਇਸੇ ਤਰ੍ਹਾਂ ਛੱਪੜਾਂ ਦੁਆਲੇ ਦਰੱਖਤ ਲਗਾਉਣ ਲਈ ਜੰਗਲਾਤ ਮਹਿਕਮੇ ਵੱਲੋਂ ਜਾਂ ਸਰਕਾਰ ਵੱਲੋਂ ਗਰਾਂਟ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਉਥੇ ਵੱਧ ਤੋਂ ਵੱਧ ਦਰੱਖਤ ਲਗਾਏ ਜਾ ਸਕਣ ਅਤੇ ਵੇਸਟ ਪਾਣੀ ਨੂੰ ਘੱਟ ਕਰਨ ਵਿੱਚ ਸਹਿਯੋਗ ਮਿਲ ਸਕੇ। ਇਸ ਦੇ ਨਾਲ ਹੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਠੰਡਲ ਸਾਹਿਬ ਦੇ ਮਤੇ ਨੂੰ ਪਾਸ ਕੀਤਾ ਜਾਵੇ।

**ਸਰਦਾਰ ਵਿਰਸਾ ਸਿੰਘ ਵਲਟੋਹਾ (ਵਲਟੋਹਾ)** : ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਦਿਹਾਤੀ ਵਾਤਾਵਰਣ ਨਾਲ ਸਬੰਧਤ ਬਹੁਤ ਹੀ ਅਹਿਮ ਮਤਾ ਜਿਹੜਾ ਸਾਡੇ ਸਹਿਕਾਰਯੋਗ ਐਮ.ਐਲ.ਏ. ਸਾਹਿਬ, ਸਰਦਾਰ ਸੋਹਣ ਸਿੰਘ ਠੰਡਲ ਜੀ ਨੇ ਲਿਆਂਦਾ ਹੈ, ਇਸ ਦੇ ਮੁਤੱਲਕ ਆਪਣੇ ਵਿਚਾਰ ਰੱਖਣ ਦਾ ਸਮਾਂ

Original with;
Punjab Vidhan Sabha
Digitized by;
Panjab Digital Library

[ ਸਰਦਾਰ ਵਿਰਸਾ ਸਿੰਘ ਵਲਟੋਹਾ ]

ਦਿੱਤਾ ਹੈ। ਇਸ ਸਬੰਧ ਵਿੱਚ ਮੈਂ ਆਪਣੇ ਕੁਝ ਸੁਝਾਓ ਤੇ ਵਿਚਾਰ ਪੇਸ਼ ਕਰਾਂਗਾ। ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਬੋਲਣ ਵਾਲੇ ਸਾਰੇ ਸਤਿਕਾਰਯੋਗ ਮੈਂਬਰਾਂ ਨੇ ਪਿੰਡਾਂ ਦੇ ਅੰਦਰ ਛੱਪੜਾਂ ਦੀ ਜ਼ਰੂਰਤ, ਉਨ੍ਹਾਂ ਦੀ ਸਾਫ-ਸਫਾਈ ਅਤੇ ਉਨ੍ਹਾਂ ਦੀ ਯੋਗ ਵਰਤੋਂ ਬਾਰੇ ਬੜੇ ਵਿਸਥਾਰ ਨਾਲ ਆਪਣੇ ਵਿਚਾਰ ਰੱਖੇ ਹਨ। ਮੇਰਾ ਖਿਆਲ ਹੈ ਕਿ ਹਾਊਸ ਵਿਚ ਬੈਠੇ ਹੋਏ ਸਾਰੇ ਮੈਂਬਰਾਂ ਵਿਚੋਂ ਬਹੁਤਾਤ ਵਿੱਚ ਮੈਂਬਰ ਪਿੰਡਾਂ ਨਾਲ ਹੀ ਸਬੰਧਤ ਹਨ। ਅੱਜ ਅਸੀਂ ਵੇਖਦੇ ਹਾਂ ਕਿ ਪਿੰਡਾਂ ਵਿੱਚ ਛੱਪੜਾਂ ਦੀਆਂ ਥਾਂਵਾਂ ਤੇ ਕਬਜ਼ੇ ਕਰਨ ਦੀ ਇਕ ਦੌੜ ਜਿਹੀ ਲੱਗੀ ਹੋਈ ਹੈ। ਛੱਪੜਾਂ ਦੀਆਂ ਥਾਂਵਾਂ ਵਾਧੂ ਥਾਂਵਾਂ ਮੰਨੀਆਂ ਜਾਂਦੀਆਂ ਹਨ। ਪਤਾ ਨਹੀਂ, ਕਿਥੋਂ ਇਹ ਸਾਡੇ ਲੋਕਾਂ ਦੀ ਸੋਚ ਬਣ ਗਈ ਹੈ। ਪਰ ਮੈਂ ਆਪਣੇ ਵਡ-ਵਡੇਰੇ ਜਿਨ੍ਹਾਂ ਬਾਰੇ ਕੁਝ ਲੋਕ ਸੋਚਦੇ ਹੋਣਗੇ ਕਿ ਉਦੋਂ ਉਹ ਲੋਕ ਜਾਗਰੂਕ ਨਹੀਂ ਸਨ ਜਾਂ ਉਹ ਲੋਕ ਪੜ੍ਹੇ-ਲਿਖੇ ਨਹੀਂ ਸਨ ਪਰ ਸਦੀਆਂ ਪਹਿਲਾਂ ਉਨ੍ਹਾਂ ਬਜ਼ੁਰਗਾਂ ਨੇ ਜਿਨ੍ਹਾਂ ਨੇ ਪਿੰਡ ਵਸਾਏ ਸਨ, ਪਿੰਡ ਬੰਨ੍ਹੇ ਸਨ, ਉਨ੍ਹਾਂ ਨੇ ਉਸ ਵੇਲੇ ਛੱਪੜਾਂ ਵਾਸਤੇ, ਨਿਆਈਆਂ ਵਾਸਤੇ ਖੁੱਲੀਆਂ ਥਾਂਵਾਂ ਛੱਡੀਆਂ ਸਨ। ਉਹ ਜਗ੍ਹਾ ਰੱਖਣ ਦਾ ਇਕ ਮਕਸਦ ਸੀ ਕਿ ਪਿੰਡਾਂ ਦਾ ਜਿੰਨਾ ਵੀ ਨਿਕਾਸ ਦਾ ਪਾਣੀ ਹੈ, ਉਹ ਛੱਪੜਾਂ ਵਿੱਚ ਜਾਵੇ। ਪਰ ਬਦਕਿਸਮਤੀ ਨਾਲ ਅੱਜ ਛੱਪੜਾਂ ਦਾ ਵਾਤਾਵਰਣ ਪੰਜਾਬ ਦੀ ਵਿਧਾਨ ਸਭਾ ਵਿੱਚ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਸਪੀਕਰ ਸਾਹਿਬ, ਅੱਜ ਦਿਹਾਤੀ ਵਿਕਾਸ ਦੀ ਬਹੁਤ ਵੱਡੀ ਜ਼ਰੂਰਤ ਹੈ। ਮੈਂ ਕੱਲ੍ਹ ਵੀ ਬੋਲਦਿਆਂ ਹੋਇਆਂ ਜ਼ਿਕਰ ਕੀਤਾ ਸੀ ਕਿ ਜਿੰਨਾ ਵੀ ਪੰਜਾਬ ਅੰਦਰ ਇਨਫਰਾਸਟਰੱਕਚਰ ਖੜ੍ਹਾ ਕੀਤਾ ਜਾ ਰਿਹਾ ਹੈ, ਬੁਨਿਆਦੀ ਢਾਂਚੇ ਦਾ ਜਿਹੜਾ ਵਿਕਾਸ ਕੀਤਾ ਜਾ ਰਿਹਾ ਹੈ, ਉਸ ਦਾ ਜ਼ਿਆਦਾ ਰੁਖ ਸ਼ਹਿਰਾਂ ਵਾਲੇ ਬੰਨੇ ਹੈ। ਮੁਹਾਲੀ ਲੈ ਲਵੋ, ਲੁਧਿਆਣਾ ਲੈ ਲਵੋ ਜਾਂ ਕੋਈ ਹੋਰ ਸ਼ਹਿਰ ਲੈ ਲਵੋ, ਵਿਕਾਸ ਦੀਆਂ ਮੁਹਾਰਾਂ ਸ਼ਹਿਰਾਂ ਵਾਲੇ ਪਾਸੇ ਜ਼ਿਆਦਾ ਹਨ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਪਿੰਡਾਂ ਵਾਸਤੇ ਵੀ ਬੜੀਆਂ ਸਕੀਮਾਂ ਬਣਾਈਆਂ ਹਨ ਪਰ ਉਹ ਘੱਟ ਹਨ। ਪਿੰਡਾਂ ਦਾ ਜਿਸ ਤਰ੍ਹਾਂ ਦਾ ਵਿਕਾਸ ਹੋਣਾ ਚਾਹੀਦਾ ਹੈ, ਜਿਸ ਪੱਧਰ ਦਾ ਵਿਕਾਸ ਹੋਣਾ ਚਾਹੀਦਾ ਹੈ ਅੱਜ ਦੇ ਜ਼ਮਾਨੇ ਦੇ ਵਿੱਚ ਉਸ ਤਰ੍ਹਾਂ ਦਾ ਨਹੀਂ ਹੋ ਰਿਹਾ। ਅੱਜ ਵੀ ਪਿੰਡਾਂ ਦੇ ਵਿੱਚ ਗੰਦ ਗਲੀਆਂ ਤੇ ਨਾਲੀਆਂ ਵਿੱਚ ਖੜ੍ਹਾ ਰਹਿੰਦਾ ਹੈ। ਇਹ ਬੜੇ ਹੀ ਦੁੱਖ ਵਾਲੀ ਗੱਲ ਹੈ ਅਤੇ ਕਿਸੇ ਵੀ ਪਿੰਡ ਦਾ ਵਿਕਾਸ ਜਿਹੜਾ ਹੈ, ਵਿਕਾਸ ਤੋਂ ਪਹਿਲਾਂ ਨਿਕਾਸ ਦੀ ਜ਼ਰੂਰਤ ਹੈ। ਸਪੀਕਰ ਸਾਹਿਬ, ਬੜੀ ਮਿਹਰਬਾਨੀ ਹੈ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਕਿ ਉਨ੍ਹਾਂ ਨੇ ਮੇਰੇ ਹਲਕੇ ਦੇ ਵਿਕਾਸ ਵੱਲ ਉਚੇਚੇ ਤੌਰ ਤੇ ਬਹੁਤ ਵੱਡੀ ਮਾਤਰਾ ਵਿੱਚ ਫੰਡ ਮੁਹੱਈਆ ਕਰਾਏ, ਮੈਂ ਉਸਦੇ ਨਾਲ ਆਪਣੇ ਇਲਾਕੇ ਦੇ ਪਿੰਡਾਂ ਦਾ ਵਿਕਾਸ ਕਰਵਾ ਰਿਹਾ ਹਾਂ। ਪਰ ਮੈਂ ਸਭ ਤੋਂ ਪਹਿਲਾਂ ਪਿੰਡਾਂ ਵਿੱਚ ਜਾ ਕੇ ਲੋਕਾਂ ਦੇ ਇਕੱਠ ਦੇ ਵਿੱਚ ਜਾਂ ਸਰਪੰਚ ਸਾਹਿਬਾਨ ਨੂੰ ਜਾਂ ਪੰਚਾਇਤ ਨੂੰ ਇਹ ਬੇਨਤੀ ਕਰਦਾ ਹਾਂ ਕਿ ਵਿਕਾਸ ਤੋਂ ਪਹਿਲਾਂ ਨਿਕਾਸ ਦਾ ਪ੍ਰਬੰਧ ਕਰੋ। ਛੱਪੜਾਂ ਦੀ ਸਫਾਈ ਕਰੋ ਅਤੇ ਪਿੰਡ ਦੇ ਵਿੱਚ ਗਲੀਆਂ ਇਸ ਤਰ੍ਹਾਂ ਬਣਾਓ ਕਿ ਗਲੀਆਂ ਦਾ ਪਾਣੀ ਛੱਪੜਾਂ ਦੇ ਵਿੱਚ ਜਾਵੇ ਅਤੇ ਗਲੀ ਦੇ ਵਿੱਚ ਹਰ ਘਰ ਦਾ ਪਾਣੀ ਪਵੇ ਅਤੇ ਮੈਨੂੰ ਖੁਸ਼ੀ ਹੈ

Original with;
Punjab Vidhan Sabha
Digitized by;
Panjab Digital Library

ਕਿ ਮੇਰੇ ਇਲਾਕੇ ਦੇ ਵਿੱਚ ਪੰਚਾਇਤਾਂ ਅਤੇ ਲੋਕ ਸਾਥ ਦੇ ਰਹੇ ਹਨ ਅਤੇ ਇਸ ਤਰੀਕੇ ਦੇ ਨਾਲ ਵਿਕਾਸ ਹੋ ਰਿਹਾ ਹੈ। ਸਪੀਕਰ ਸਾਹਿਬ, ਗੰਦੇ ਛੱਪੜ ਕੋਲੋਂ, ਮੇਰਾ ਖਿਆਲ ਹੈ ਕਿ ਕਈ ਵੇਰ ਆਪਾਂ ਵੀ ਲੰਘਦੇ ਹਾਂ, ਇੰਨੀ ਬਦਬੂ ਆਉਂਦੀ ਹੈ ਕਿ ਸਾਰਾ ਵਾਤਾਵਰਣ ਗੰਧਲਾ ਹੋ ਜਾਂਦਾ ਹੈ। ਜਦੋਂ ਵਾਤਾਵਰਣ ਗੰਧਲਾ ਹੁੰਦਾ ਹੋਵੇ ਫਿਰ ਆਸ ਪਾਸ ਦੇ ਲੋਕਾਂ ਤੇ ਉਸ ਗੰਧਲੇ ਵਾਤਾਵਰਣ ਦਾ ਅਸਰ ਹੁੰਦਾ ਹੈ। ਜਿਥੇ ਸਰਕਾਰ ਦੀ ਜ਼ਿੰਮੇਂਵਾਰੀ ਬਣਦੀ ਹੈ, ਉਥੇ ਲੋਕਾਂ ਦੀ ਵੀ ਜ਼ਿੰਮੇਂਵਾਰੀ ਬਣਦੀ ਹੈ ਕਿ ਉਸ ਦੀ ਸਾਫ ਸਫਾਈ ਵੱਲ ਧਿਆਨ ਦਿੱਤਾ ਜਾਵੇ। ਕਿਉਂਕਿ ਸਾਡੇ ਵੱਡੇ ਵਡੇਰਿਆਂ ਨੇ ਸਾਨੂੰ ਛੱਪੜਾਂ ਦੇ ਰੂਪ ਵਿੱਚ ਇਕ ਨਿਆਮਤ ਦਿੱਤੀ, ਇਸਨੂੰ ਸੰਭਾਲਣ ਲਈ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ। ਇਸਦੀ ਸਾਫ ਸਫਾਈ ਰੱਖਣਾ ਸਾਡਾ ਫਰਜ਼ ਬਣਦਾ ਹੈ ਕਿਉਂਕਿ ਹੁਣ ਇਕ ਮਾਹੌਲ ਬਣ ਚੁੱਕਿਆ ਹੈ ਕਿ ਸਾਂਝੀ ਮਾਂ ਨੂੰ ਕੌਣ ਪਿੱਟਦਾ ਹੈ। ਹੁਣ ਇਹ ਸਾਂਝਾ ਕੰਮ ਹੈ,ਪਿੰਡ ਦਾ ਕੋਈ ਦੁਆਨੀ ਲਗਾ ਕੇ ਰਾਜ਼ੀ ਨਹੀਂ ਅਤੇ ਹਰ ਕੋਈ ਕਹਿੰਦਾ ਹੈ ਕਿ ਸਰਕਾਰ ਇਸ ਪਾਸੇ ਧਿਆਨ ਦੇਵੇ, ਕੁਝ ਕਰੇ। ਨਰੇਗਾ ਸਕੀਮ ਦੇ ਤਹਿਤ ਪ੍ਰੋਜੈਕਟ ਬਣਾ ਕੇ ਸੈਂਟਰ ਸਰਕਾਰ ਕੋਲ ਗਏ ਹਨ, ਹੁਣ ਕਿੰਨਾ ਪੈਸਾ ਆਉਂਦਾ ਹੈ, ਪਤਾ ਨਹੀਂ। ਰੌਲਾ ਜ਼ਿਆਦਾ ਪੈਂਦਾ ਹੈ ਅਤੇ ਪੈਸਾ ਘੱਟ ਆਉਂਦਾ ਹੈ। ਆਪਾਂ ਨੂੰ ਪਤਾ ਹੈ ਕਿ ਇਕ ਛੱਪੜ ਨੂੰ ਸਾਫ ਕਰਨ ਲਈ, ਉਸਨੂੰ ਵਧੀਆ ਬਣਾਉਣ ਲਈ ਲੱਖਾਂ ਰੁਪਏ ਖਰਚ ਹੋ ਸਕਦੇ ਹਨ, ਇਸ ਕੰਮ ਦੇ ਲਈ ਪੈਸੇ ਦੀ ਜ਼ਰੂਰਤ ਹੈ। ਇਸ ਦੇ ਨਾਲ-ਨਾਲ ਹੀ ਸਪੀਕਰ ਸਾਹਿਬ, ਇਹ ਵੀ ਦੇਖਦੇ ਹਾਂ ਕਿ ਕੁਝ ਨਵੇਂ ਪਿੰਡ ਵੱਸੇ ਹਨ ਅਤੇ ਉਥੇ ਛੱਪੜ ਹੈ ਹੀ ਨਹੀਂ। ਕਈ ਥਾਵਾਂ ਤੇ ਛੱਪੜ ਸਨ ਪਰ ਲੋਕਾਂ ਨੇ ਕਬਜ਼ੇ ਕਰ ਲਏ ਅਤੇ ਉਥੇ ਮਕਾਨ ਬਣਾ ਲਏ, ਘਰ ਬਣਾ ਲਏ, ਵਸ ਗਏ, ਆਬਾਦ ਹੋ ਗਏ, ਹੁਣ ਉਹ ਸਰਕਾਰ ਵਲੋਂ ਵੀ ਛੁਡਾਉਣੇ ਔਖੇ ਹਨ। ਮੇਰੇ ਇਲਾਕੇ ਵਿੱਚ ਇਕ ਬਹੁਤ ਵੱਡਾ ਪਿੰਡ ਜਿਸ ਦੀ ਤਕਰੀਬਨ 7-੮ ਹਜ਼ਾਰ ਦੀ ਆਬਾਦੀ ਹੋਵੇਗੀ, ਬਾਰਡਰ ਦੇ ਉਤੇ ਪੈਂਦਾ ਹੈ। ਦੁੱਖ ਇਸ ਗੱਲ ਦਾ ਹੈ ਕਿ ਉਥੇ ਇਕ ਵੀ ਛੱਪੜ ਨਹੀਂ ਹੈ। ਇਕ ਕਸਬਾ ਹੈ ਮੇਰੇ ਇਲਾਕੇ ਦੇ ਵਿੱਚ ਉਹ ਪਿਛਲੇ 40-50 ਸਾਲਾਂ ਵਿੱਚ ਡਿਵੈਲਪ ਹੋਇਆ ਹੈ, ਉਥੇ ਵੀ ਕੋਈ ਛੱਪੜ ਨਹੀਂ ਸੀ। ਰੂਰਲ ਡਿਵੈਲਪਮੈਂਟ ਡਿਪਾਰਟਮੈਂਟ ਨੂੰ ਜ਼ਮੀਨ ਦੇ ਵਟਾਂਦਰੇ ਵਾਸਤੇ ਕਿ ਅਸੀਂ ਫਲਾਣੇ ਆਦਮੀ ਦੀ ਜ਼ਮੀਨ ਵਿੱਚ ਛੱਪੜ ਬਣਾਉਣਾ ਚਾਹੁੰਦੇ ਹਾਂ, ਉਸ ਦੇ ਵਟਾਂਦਰੇ ਵਿੱਚ ਪੰਚਾਇਤ ਦੀ ਜ਼ਮੀਨ ਬਦਲੀ ਜਾਵੇ। ਇਹ ਮਾਮਲਾ ਪੇਂਡੂ ਵਿਕਾਸ ਵਿਭਾਗ ਦੇ ਨਾਲ ਸਬੰਧ ਰੱਖਦਾ ਹੈ ਅਤੇ ਲੋਕਾਂ ਦਾ ਮਸਲਾ ਹੈ ਪਰ ਪਤਾ ਨਹੀਂ ਉਸ ਨੂੰ ਕਿਉਂ ਵਿਭਾਗ ਵਲੋਂ ਅਣਗੌਲਿਆ ਜਾ ਰਿਹਾ ਹੈ। ਉਸ ਦੀ ਫਾਈਲ ਕਦੇ ਬੀ.ਡੀ.ਪੀ.ਓ. ਕੋਲ ਅਤੇ ਕਦੇ ਡੀ.ਡੀ.ਪੀ.ਓ. ਦੇ ਦਫਤਰ ਦੇ ਧੱਕੇ ਖਾ ਰਹੀ ਹੈ। ਫਾਈਲ ਅੱਗੇ ਤੁਰਦੀ ਨਹੀਂ। ਮੈਨੂੰ ਇੱਕ ਗੱਲ ਪਤਾ ਲੱਗੀ ਹੈ। ਪਤਾ ਨਹੀਂ ਕਿਥੋਂ ਤੱਕ ਸਹੀ ਹੈ? ਮੈਂ ਇਸ ਗੱਲ ਨੂੰ ਘੋਖਿਆ ਨਹੀਂ ਕਿ ਗੱਲ ਕਿੰਨੀ ਸਹੀ ਹੈ। ਤਬਾਦਲਿਆਂ ਤੇ ਰੂਰਲ ਡਿਵੈਲਪਮੈਂਟ ਵਿਭਾਗ ਜਿਹੜਾ ਹੈ, ਉਹ ਤਵੱਜੋ ਨਹੀਂ ਦੇ ਰਿਹਾ। ਇਹੋ ਜਿਹੇ ਅਹਿਮ ਮਸਲੇ ਔਰ ਜਿਹੜਾ ਲੋਕਾਂ ਦਾ ਅਹਿਮ ਮਸਲਾ ਹੈ, ਮੈਂ

Original with;
Punjab Vidhan Sabha
Digitized by;
Panjab Digital Library

[ ਸਰਦਾਰ ਵਿਰਸਾ ਸਿੰਘ ਵਲਟੋਹਾ ]

ਬੇਨਤੀ ਕਰਾਂਗਾ ਕਿ ਵਿਭਾਗ ਨੂੰ ਹਦਾਇਤਾਂ ਕੀਤੀਆਂ ਜਾਣ ਕਿ ਇਨ੍ਹਾਂ ਵੱਲ ਫੌਰੀ ਧਿਆਨ ਦੇਵੇ। ਜਿੱਥੋਂ ਤੱਕ ਛੱਪੜਾਂ ਵਾਸਤੇ ਜ਼ਮੀਨ ਵਟਾਂਦਰੇ ਦਾ ਮਾਮਲਾ ਹੈ, ਇਹੋ ਜਿਹੇ ਜ਼ਮੀਨਾਂ ਦੇ ਕੇਸ ਤੁਰੰਤ ਨਿਪਟਾਉਣ ਵਾਸਤੇ ਮਹਿਕਮੇ ਨੂੰ ਤੁਰੰਤ ਹਦਾਇਤਾਂ ਜਾਰੀ ਕਰਵਾਈਆਂ ਜਾਣ। ਸਪੀਕਰ ਸਾਹਿਬ, ਬੀਬੀ ਜੀ ਬੋਲ ਰਹੇ ਸੀ ਤੇ ਉਹ ਪੇਂਡੂ ਆਬਾਦੀ ਤੇ ਸ਼ਹਿਰੀ ਆਬਾਦੀ ਦੀ ਪਰਸੈਂਟੇਜ ਦੀ ਗੱਲ ਕਰ ਰਹੇ ਸੀ ਪਰ ਜੋ ਗੰਦ ਸ਼ਹਿਰਾਂ ਦਾ, ਕਾਰਖਾਨਿਆਂ ਦਾ ਰੁੜ੍ਹ ਕੇ ਪਿੰਡਾਂ ਵਿੱਚ ਜਾਂਦਾ ਹੈ, ਉਸ ਨਾਲ ਪਿੰਡਾਂ ਦਾ ਵਾਤਾਵਰਣ, ਪਿੰਡਾਂ ਦਾ ਪਾਣੀ ਗੰਧਲਾ ਹੋ ਰਿਹਾ ਹੈ। ਇਹ ਸਾਰੇ ਲੋਕਾਂ ਦੇ ਸਾਹਮਣੇ ਹੈ। ਤੁਸੀਂ ਇੱਕ ਵਿਧਾਨ ਸਭਾ ਵਲੋਂ ਕਮੇਟੀ ਬਣਾਈ ਸੀ ਕਿ ਜਿਹੜੀਆਂ ਵੱਖ ਵੱਖ ਡਿਸਟਿਲਰੀਆਂ ਹਨ, ਇਹ ਕਮੇਟੀ ਉਨ੍ਹਾਂ ਦੀ ਜਾਂਚ ਕਰੇਗੀ। ਉਸ ਕਮੇਟੀ ਦੀ ਰਿਪੋਰਟ ਅਜੇ ਪੇਸ਼ ਹੋਣੀ ਹੈ ਪਰ ਮੈਂ ਜੋ ਕੁਝ ਦੇਖਿਆ ਹੈ, ਪੰਜਾਬ ਦੇ ਲੋਕਾਂ ਨਾਲ ਸ਼ਰੇਆਮ ਧੱਕਾ ਹੋ ਰਿਹਾ ਹੈ। ਜੋ ਡਿਸਟਿਲਰੀਆਂ ਦਾ ਗੰਦ ਹੈ, ਉਸ ਨੂੰ ਸ਼ੁੱਧ ਨਹੀਂ ਕੀਤਾ ਜਾਂਦਾ ਤੇ ਆਮ ਵਾਤਾਵਰਣ ਵਿੱਚ ਛੱਡ ਦਿੱਤਾ ਜਾਂਦਾ ਹੈ। ਕਾਰਖਾਨਿਆਂ ਦਾ ਜਿਹੜਾ ਨਿਕਾਸ ਹੈ, ਉਹ ਨਾਲੀਆਂ ਰਾਹੀਂ, ਦਰਿਆਵਾਂ ਵਿੱਚ ਛੱਡਿਆ ਜਾ ਰਿਹਾ ਹੈ, ਜਿਸ ਪਾਣੀ ਨੂੰ ਲੋਕ ਵਰਤਦੇ ਹਨ। ਪਲਿਊਸ਼ਨ ਕੰਟਰੋਲ ਬੋਰਡ ਬੜਾ ਅਹਿਮ ਵਿਭਾਗ ਹੈ, ਪਰ ਕੰਟਰੋਲ ਹੈ ਨਹੀਂ ਕੋਈ। ਇਸ ਨੂੰ ਕੰਟਰੋਲ ਕਰਨਾ ਚਾਹੀਦਾ ਹੈ, ਸਖ਼ਤੀ ਨਾਲ ਕੰਟਰੋਲ ਕਰਨਾ ਚਾਹੀਦਾ ਹੈ। ਜਿਹੜੇ ਵਾਤਾਵਰਣ ਨਾਲ ਖੇਡਦੇ ਹਨ, ਲੋਕਾਂ ਦੀਆਂ ਜ਼ਿੰਦਗਾਨੀਆਂ ਨਾਲ ਖੇਡਦੇ ਹਨ, ਲੋਕਾਂ ਦੀਆਂ ਜਾਨਾਂ ਨਾਲ ਖੇਡਦੇ ਹਨ, ਉਨ੍ਹਾਂ ਨੂੰ ਬਖ਼ਸ਼ਣਾ ਨਹੀਂ ਚਾਹੀਦਾ। ਉਨ੍ਹਾਂ ਨੂੰ ਸਖਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਇਸ ਮੁਤੱਲਕ ਜਿਹੜੇ ਡਿਪਾਰਟਮੈਂਟ ਹਨ ਜਾਂ ਜਿਹੜੇ ਅਧਿਕਾਰੀ ਹਨ, ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਉਣੀ ਚਾਹੀਦੀ ਹੈ ਪਰ ਇਸ ਜ਼ਿੰਮੇਵਾਰੀ ਵਿਚ ਕੁਤਾਹੀ ਹੋ ਰਹੀ ਹੈ। ਸਪੀਕਰ ਸਾਹਿਬ, ਗੁਰਬਾਣੀ ਵਿੱਚ ਵੀ ਕਿਹਾ ਗਿਆ ਹੈ :

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਇਹ ਜਿਹੜਾ ਸ਼ਬਦ ਹੈ, ਇਹ ਬੜੀ ਮਹੱਤਤਾ ਰੱਖਦਾ ਹੈ। ਪਾਣੀ ਨੂੰ ਪਿਤਾ ਕਿਹਾ ਗਿਆ ਹੈ ਤੇ ਜੋ ਪਿਤਾ ਦੀ ਕਦਰ ਨਹੀਂ ਕਰਦਾ ਔਰ ਉਸ ਵਿੱਚ ਗੰਦ ਪਾਉਂਦਾ ਹੈ ਤਾਂ ਇਹ ਇਹੋ ਜਿਹੇ ਲਈ ਸਜ਼ਾ ਵੀ ਮੁਕੱਰਰ ਹੋਣੀ ਚਾਹੀਦੀ ਹੈ। ਮੈਂ ਬੇਨਤੀ ਕਰਾਂਗਾ ਕਿ ਜਿਹੜੇ ਲੋਕ ਛੱਪੜਾਂ ਤੇ ਕਬਜ਼ਾ ਕਰਦੇ ਹਨ, ਉਨ੍ਹਾਂ ਵਾਸਤੇ ਸਖਤ ਸਜ਼ਾਵਾਂ ਰੱਖੀਆਂ ਜਾਣ। ਮੈਂ ਇਸ ਦੇ ਨਾਲ ਹੀ ਅੱਗੇ ਬੇਨਤੀ ਕਰਦਾ ਹਾਂ ਕਿ ਜੋ ਰੂਰਲ ਡਿਵੈਲਪਮੈਂਟ ਵਿਭਾਗ ਹੈ, ਉਸ ਨੂੰ ਹਦਾਇਤਾਂ ਕੀਤੀਆਂ ਜਾਣ ਕਿ ਛੱਪੜਾਂ ਵਾਸਤੇ ਵਟਾਂਦਰੇ ਦੇ ਕੇਸਾਂ ਨੂੰ ਜਲਦੀ ਤੋਂ ਜਲਦੀ ਨਿਪਟਾਇਆ ਜਾਵੇ। ਸਪੀਕਰ ਸਾਹਿਬ, ਇਹ ਜੋ ਮਤਾ ਰਖਿਆ ਗਿਆ ਹੈ, ਇਹ ਪੰਜਾਬ ਦੇ ਕਰੋੜਾਂ ਲੋਕਾਂ ਦਾ ਮਸਲਾ ਹੈ। ਪਿੰਡਾਂ ਵਿੱਚ ਚਲੇ ਜਾਓ ਉਥੇ ਵੀ ਇਹੀ ਗੱਲ ਚਲਦੀ ਹੈ ਕਿ ਸਾਡਾ ਪਾਣੀ ਕਿਸੇ ਪਾਸੇ ਨਹੀਂ ਨਿਕਲਦਾ, ਸਾਡੀਆਂ ਗਲੀਆਂ ਦਾ ਪਾਣੀ, ਘਰਾਂ ਦਾ ਪਾਣੀ ਘਰਾਂ ਵਿਚ ਖੜ੍ਹਦਾ ਹੈ, ਬਦਬੂ ਮਾਰਦਾ ਹੈ, ਮੁਸ਼ਕ ਆਉਂਦੀ ਹੈ, ਇਸ ਦਾ ਨਿਕਾਸ

Original with;
Punjab Vidhan Sabha
Digitized by;
Panjab Digital Library

ਕਰੋ। ਸਮੁੱਚੇ ਪੰਜਾਬ ਦੇ ਪਿੰਡਾਂ ਦੀ ਇਹ ਆਵਾਜ਼ ਹੈ। ਇਹ ਮਤਾ ਬੜਾ ਅਹਿਮ ਮਤਾ ਹੈ। ਇਹ ਵਿਧਾਨ ਸਭਾ ਵੱਲੋਂ ਪਾਸ ਕੀਤਾ ਜਾਵੇ। ਕਿਰਪਾ ਕਰਕੇ ਇਸ ਦੇ ਉੱਤੇ ਅਸਰ ਵੀ ਹੋਵੇ, ਇਸ ਦੇ ਬਾਰੇ ਜ਼ਰੂਰੀ ਕਦਮ ਵੀ ਚੁੱਕੇ ਜਾਣ। ਇਥੇ ਵਿਧਾਨ ਸਭਾ ਵਿੱਚ ਗੱਲਾਂ ਬੜੀਆਂ ਹੁੰਦੀਆਂ ਹਨ ਅਤੇ ਕੀਮਤੀ ਸਮਾਂ ਕੱਢ ਕੇ ਇਹੋ ਜਿਹੇ ਮਤਿਆਂ ਤੇ ਅਸੀਂ ਵਿਚਾਰਾਂ ਕਰਦੇ ਹਾਂ ਪਰ ਉਸ ਦੀ ਜਿਹੜੀ ਆਊਟ-ਪੁੱਟ ਹੈ, ਉਹ ਬਹੁਤ ਘੱਟ ਨਿਕਲਦੀ ਹੈ। ਸੋ, ਮੇਰੀ ਬੇਨਤੀ ਹੈ ਕਿ ਇਸ ਮਤੇ ਨੂੰ ਅੱਜ ਸਰਬਸੰਮਤੀ ਦੇ ਨਾਲ ਪਾਸ ਕਰਕੇ ਸਮੁੱਚੇ ਪੰਜਾਬ ਦੇ ਦਿਹਾਤੀ ਲੋਕਾਂ ਦੀ ਆਵਾਜ਼ ਨੂੰ ਸਰਕਾਰ ਤੱਕ ਪਹੁੰਚਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ। ਇਨ੍ਹਾਂ ਲਫਜ਼ਾਂ ਦੇ ਨਾਲ ਹੀ ਮੈਂ ਆਪ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ।

**ਸਰਦਾਰ ਬਲਬੀਰ ਸਿੰਘ ਘੁੰਨਸ (ਭਦੌੜ, ਐਸ.ਸੀ.)** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਹੀ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਇਹੋ ਜਿਹੇ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ, ਜਿਸ ਨੂੰ ਸਾਡੇ ਸਤਿਕਾਰਯੋਗ ਐਮ.ਐਲ.ਏ. ਸਰਦਾਰ ਸੋਹਣ ਸਿੰਘ ਜੀ ਠੰਡਲ ਸਾਹਿਬ ਨੇ ਲਿਆਂਦਾ ਹੈ। ਸਾਰਿਆਂ ਨੇ ਹੀ ਇਸ ਦੀ ਪ੍ਰੋੜਤਾ ਕੀਤੀ ਹੈ। ਜਿਥੋਂ ਤੱਕ ਇਸ ਮਤੇ ਵਿੱਚ ਪਾਣੀ ਦੀ ਗੱਲ ਦਾ ਸਵਾਲ ਹੈ, ਸ਼ੁੱਧ ਪਾਣੀ ਦੀ ਗੱਲ ਦਾ, ਸ਼ੁੱਧ ਵਾਤਾਵਰਣ ਦੀ ਗੱਲ ਦਾ, ਉਥੇ ਸਾਡੇ ਗੁਰੂਆਂ ਨੇ, ਪੀਰਾਂ ਨੇ, ਸਾਡੇ ਦੇਵੀ-ਦੇਵਤਿਆਂ ਨੇ ਇਸ ਪਾਣੀ ਨੂੰ ਬਹੁਤ ਮਹੱਤਤਾ ਦਿੱਤੀ ਹੈ। ਅੱਜ ਜਿਥੇ ਪਿੰਡਾਂ ਦੇ ਵਿੱਚ ਇਸ ਪਾਣੀ ਨੂੰ ਛੱਪੜਾਂ ਰਾਹੀਂ ਸ਼ੁੱਧ ਕਰਨ ਵਾਸਤੇ ਇਹ ਅਹਿਮ ਮਤਾ ਆਇਆ ਹੈ, ਉਥੇ ਮੈਂ ਸਮਝਦਾ ਹਾਂ ਕਿ ਇਸ ਮਤੇ ਦੀ ਜਿੰਨੀ ਪ੍ਰੋੜਤਾ ਕੀਤੀ ਜਾਵੇ, ਉਨੀ ਹੀ ਥੋੜ੍ਹੀ ਹੈ ਕਿਉਂਕਿ ਭਗਤ ਕਬੀਰ ਜੀ ਨੇ ਬੜੇ ਮਾਣ ਨਾਲ ਕਿਹਾ ਹੈ -

ਗੰਗਾ ਪੀਰ ਜੋ ਘਰ ਘਰ ਹੈ ਪੀਵਹੈ ਨਿਰਮਲੁ ਨੀਰੁ॥

ਜਿਥੇ ਇਸ ਪਾਣੀ ਬਾਰੇ ਗੁਰਬਾਣੀ ਵਿੱਚ ਬੜਾ ਫੁਰਮਾਣ ਕੀਤਾ ਹੈ, ਉਥੇ ਸਾਡੇ ਸੰਸਾਰ ਦੇ ਗੁਰੂ, ਜਿਨ੍ਹਾਂ ਨੇ ਉਦਾਸੀਆਂ ਲਗਾ ਕੇ ਉੱਚੀਆਂ-ਨੀਵੀਆਂ ਧਰਤੀਆਂ ਤੇ ਜਾ-ਜਾ ਕੇ, ਪਹਾੜਾਂ ਤੇ ਜਾ ਕੇ, ਦਰਿਆਵਾਂ ਤੇ ਜਾ ਕੇ ਸਾਨੂੰ ਮਨੁੱਖਤਾ ਵਾਸਤੇ ਬਹੁਤ ਸੁਚੇਤ ਕੀਤਾ ਅਤੇ ਉਨ੍ਹਾਂ ਨੇ ਜਪੁਜੀ ਸਾਹਿਬ ਦੇ ਅਖੀਰਲੇ ਸਲੋਕ ਦੇ ਵਿੱਚ ਜੋ ਅਹਿਮ ਗੱਲ ਕੀਤੀ : -

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਸਾਡੇ ਗੁਰੂਆਂ ਦਾ ਸਾਨੂੰ ਇਹ ਬਹੁਤ ਵੱਡਾ ਸੰਦੇਸ਼ ਹੈ। ਉਨ੍ਹਾਂ ਨੇ ਇਥੋਂ ਤੱਕ ਕਿਹਾ : -

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ॥

ਕਹਿਣ ਲੱਗੇ ਸਭ ਤੋਂ ਪਹਿਲਾਂ ਇਸ ਮਨੁੱਖ ਨੂੰ ਜੀਵਨ ਵਾਸਤੇ ਪਾਣੀ ਦੀ ਲੋੜ ਹੈ, ਬਾਕੀ ਗੱਲਾਂ ਬਾਅਦ ਦੇ ਵਿੱਚ ਹਨ। ਇਸੇ ਕਰਕੇ ਪੰਜਾਬ ਦੀ ਧਰਤੀ ਨੂੰ ਪੰਜ ਦਰਿਆਵਾਂ

Original with;
Punjab Vidhan Sabha
Digitized by;
Panjab Digital Library

[ ਸਰਦਾਰ ਬਲਬੀਰ ਸਿੰਘ ਘੁੰਨਸ ]

ਦੀ ਧਰਤੀ ਕਰਕੇ ਦੁਨੀਆਂ ਯਾਦ ਕਰਦੀ ਹੈ। ਇਥੋਂ ਪਹਿਲਾਂ ਪਾਣੀ ਯਾਦ ਆਉਂਦਾ ਹੈ। ਪਾਣੀ ਦੇ ਪੰਜ ਦਰਿਆ ਯਾਦ ਆਉਂਦੇ ਹਨ। ਇਸੇ ਕਰਕੇ ਸ਼ੁੱਧ ਪਾਣੀ ਵਾਸਤੇ, ਪਵਿੱਤਰ ਪਾਣੀ ਵਾਸਤੇ ਗੰਗਾ, ਜਮੁਨਾ, ਸਰਸਵਤੀ, ਸਤਲੁਜ, ਰਾਵੀ, ਝਨਾਬ - ਕਿਸ-ਕਿਸ ਦੀ ਗੱਲ ਕਰੀਏ। ਸੋ, ਇਹ ਸਾਰੀ ਗੱਲ ਤਾਂ ਪਾਣੀ ਤੇ ਆਉਂਦੀ ਹੈ। ਮੈਂ ਸਮਝਦਾ ਹਾਂ ਕਿ ਜਿਥੇ ਸਾਡੇ ਬਹੁਤ ਹੀ ਅਹਿਮ ਦਰਿਆਵਾਂ ਦੀ ਗੱਲ ਹੈ, ਉਥੇ ਸੂਦ ਸਾਹਿਬ ਕਹਿ ਰਹੇ ਸਨ ਕਿ ਪੌਦਿਆਂ ਦੀ ਵੀ ਗੱਲ ਹੈ, ਬ੍ਰਿਕਸ਼ਾਂ ਦੀ ਗੱਲ ਹੈ। ਜਿਥੇ ਪਾਣੀ ਇੰਨਾ ਵੱਡਾ ਪਵਿੱਤਰ ਹੈ, ਉਥੇ ਸ੍ਰੀ ਹਰਿਮੰਦਰ ਸਾਹਿਬ ਤੋਂ ਸਾਡੇ ਸਤਿਕਾਰਯੋਗ ਭੈਣ ਜੀ ਨੇ "ਨੰਨੀ ਛਾਂ" ਸ਼ੁਰੂ ਕਰਕੇ ਜਿਥੇ ਗੁਰੂਆਂ ਨੂੰ ਸ਼ਰਧਾਂਜਲੀ ਕਹਿ ਲਈਏ ਜਾਂ ਕਹਿ ਲਈਏ ਕਿ ਜੋ ਉਨ੍ਹਾਂ ਨੇ ਸਾਡੀ ਰਹੁ-ਰੀਤ ਚਲਾਈ ਹੈ, ਉਸ ਨੂੰ ਦੁਬਾਰਾ ਉਜਾਗਰ ਕੀਤਾ ਹੈ। ਇਹ ਗੁਰੂਆਂ ਦੀ ਮਿਹਰਬਾਨੀ ਤੋਂ ਬਿਨਾਂ ਨਹੀਂ ਹੋ ਸਕਦਾ। ਉਥੇ ਉਸੇ ਹੀ ਅੰਮ੍ਰਿਤਸਰ, ਉਸੇ ਹਰਿਮੰਦਰ ਸਾਹਿਬ, ਜਿਸ ਨੂੰ ਅਸੀਂ ਅੰਮ੍ਰਿਤ ਰੂਪੀ ਪਾਣੀ ਸਮਝਦੇ ਹਾਂ, ਉਸੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਮ੍ਰਿਤ ਰੂਪੀ ਪਾਣੀ ਬਾਰੇ ਉਸ ਮੌਕੇ ਇਹ ਗੱਲ ਕਹੀ ਗਈ ਸੀ ਕਿ ਜਿਹੜਾ ਇਥੋਂ ਪਾਣੀ ਪੀ ਲੈਂਦਾ ਹੈ ਉਹ ਅਮਰ ਹੋ ਜਾਂਦਾ ਹੈ, ਪਵਿੱਤਰ ਹੋ ਜਾਂਦਾ ਹੈ। ਉਥੇ ਕਿੰਨੀਆਂ-ਕਿੰਨੀਆਂ ਵੱਡੀਆਂ ਘਟਨਾਵਾਂ ਵਾਪਰੀਆਂ ਅਤੇ ਅੱਜ ਵੀ ਹਰਿ ਕੀ ਪਉੜੀ ਉਤੇ ਜਦੋਂ ਸ਼ਰਧਾਲੂ ਜਾਂਦੇ ਹਨ ਉਹ ਚਾਹੇ ਖੱਤਰੀ, ਬ੍ਰਾਹਮਣ, ਸ਼ੂਦਰ ਤੇ ਵੈਸ਼ ਧਰਮ ਨਾਲ ਸਬੰਧਤ ਹੁੰਦੇ ਹਨ, ਉਨ੍ਹਾਂ ਦੇ ਲਈ ਇਹ ਉਪਦੇਸ਼ ਚਹੁੰ ਵਰਣਾ ਕੋ ਸਾਂਝਾ ਮਿਲਦਾ ਹੈ। ਜਦੋਂ ਵੀ ਅਸੀਂ ਉਥੇ ਜਾਂਦੇ ਹਾਂ, ਚਾਹੇ ਕਿਸੇ ਵੀ ਦਰਵਾਜ਼ੇ ਦੇ ਰਾਹੀਂ ਜਾਂਦੇ ਹਾਂ ਤਾਂ ਸਭ ਤੋਂ ਪਹਿਲਾਂ ਪਵਿੱਤਰ ਹੋਣ ਵਾਸਤੇ ਉਥੇ ਲੱਗੀਆਂ ਹੋਈਆਂ ਟੂਟੀਆਂ ਰਾਹੀਂ ਜਾਂ ਜੋ ਅੰਮ੍ਰਿਤ ਕੁੰਡ ਹਨ ਤਾਂ ਉਨ੍ਹਾਂ ਦੇ ਵਿਚੋਂ ਸ਼ਰਧਾਲੂ ਅਤੇ ਮਹਾਂਪੁਰਸ਼ ਆਪਣੇ ਚਰਨ ਸਾਫ਼ ਕਰਕੇ ਉਥੇ ਨਮਸਕਾਰ ਕਰਦੇ ਹਨ, ਨਿਵਾਜ਼ਤ ਕਰਦੇ ਹਨ। ਮੈਂ ਸਮਝਦਾ ਹਾਂ ਕਿ ਸਾਡੇ ਗੁਰੂਆਂ ਨੇ ਪਾਣੀ ਦੇ ਪਵਿੱਤਰ ਕੰਢਿਆਂ ਦੇ ਉਤੇ ਬੈਠ ਕੇ, ਨਾਮ ਜਪ ਕੇ ਉਨ੍ਹਾਂ ਨੇ ਇਥੋਂ ਤੱਕ ਕਿਹਾ ਹੈ : "ਤਿੰਨਾ ਦਰਿਆਵਾਂ ਸਿਉ ਦੋਸਤੀ ਮਨਮੁੱਖ ਸਚਾ ਨਾਉ।" ਇਸ ਪਾਣੀ ਨੂੰ ਸ਼ੁੱਧ ਰੱਖਣ ਵਾਸਤੇ ਸਾਡੇ ਗੁਰੂਆਂ ਨੇ, ਪੀਰਾਂ ਨੇ ਤੇ ਦੇਵਤਿਆਂ ਨੇ ਇਥੋਂ ਤੱਕ ਇਹ ਗੱਲ ਕਹੀ ਹੈ ਕਿ "ਅੰਨ ਦੇਵਤਾ ਪਾਣੀ ਦੇਵਤਾ।" ਜਿਥੇ ਪਾਣੀ ਨੂੰ ਦੇਵਤਾ ਕਰਕੇ ਮੰਨਿਆ ਗਿਆ ਹੈ ਤਾਂ ਫਿਰ ਉਥੇ ਅੱਜ ਇਸ ਪਾਣੀ ਨੂੰ ਸਾਂਭਣ ਦੀ ਕੀ ਲੋੜ ਪੈ ਗਈ ਹੈ? ਜੇਕਰ ਕਿਸੇ ਵੇਲੇ ਗੁਰੂ ਸਾਹਿਬ ਵਲੋਂ ਪਾਣੀ ਪਿਆਉਣ ਦੀ ਡਿਊਟੀ ਲਗਾਈ ਗਈ ਸੀ ਤਾਂ ਉਹ ਭਾਈ ਘਨੱਈਆ ਜੀ ਦੀ ਲਗਾਈ ਗਈ ਸੀ। ਇਥੇ ਹੀ ਬਸ ਨਹੀਂ ਕਿ ਜਿਥੇ ਗੁਰੂ ਸਾਹਿਬ ਵੱਡੀ ਮੰਜ਼ਿਲ ਮਾਰ ਕੇ ਆਪਣੇ ਕਿਸੇ ਸੇਵਕ ਨੂੰ ਤਾਰਨ ਵਾਸਤੇ ਗਏ ਤਾਂ ਮੈਂ ਸਮਝਦਾ ਹਾਂ ਕਿ ਇਕ ਵਿਦਵਾਨ ਨੇ ਕਿਹਾ ਕਿ "ਮਹਾਂ ਸਿੰਘ ਦੀ ਤੜਫਦੀ ਰੂਹ ਤਾਈਂ ਪਾਣੀ ਮਿਲਿਆ ਖਿਦਰਾਣੇ ਦੀ ਢਾਬ ਉਤੇ"। ਇਨ੍ਹਾਂ ਦਾ ਨਾਮ, ਢਾਬ ਵੀ ਕਿਹਾ ਗਿਆ ਹੈ, ਛੱਪੜ ਵੀ ਕਿਹਾ ਹੈ, ਟੋਭੇ ਵੀ ਕਿਹਾ ਗਿਆ ਹੈ। ਸਪੀਕਰ ਸਾਹਿਬ, ਇਸ ਦੇ ਨਾਲ ਇੱਕ ਬਹੁਤ ਵੱਡੀ ਗੱਲ ਦਰੱਖਤਾਂ ਦੀ, ਪੌਦਿਆਂ ਦੀ ਗੱਲ ਸੀ। ਉਹ ਵੀ ਅੱਜ ਇਸੇ ਕਰਕੇ ਸਮਾਪਤ ਹੋ ਗਈ ਹੈ ਕਿਉਂਕਿ ਪੰਜਾਬ ਦੇ ਵਿੱਚ ਛੱਪੜਾਂ ਦੇ

Original with;
Punjab Vidhan Sabha
Digitized by;
Panjab Digital Library

ਕਿਨਾਰਿਆਂ ਦੇ ਉਤੇ ਪਿੱਪਲ ਜਾਂ ਬੋਹੜ ਹੁੰਦੇ ਸਨ ਤੇ ਜਿਨ੍ਹਾਂ ਦੇ ਉਪਰ ਸਾਡੀਆਂ ਧੀਆਂ ਭੈਣਾਂ ਉਥੇ ਸਾਲ ਬਾਅਦ ਤੀਆਂ ਦੇ ਤਿਉਹਾਰ ਤੇ ਇਕੱਠੀਆਂ ਹੋ ਕੇ, ਜੁੜ ਕੇ ਖੁਸ਼ੀਆਂ ਮਨਾਉਂਦੀਆਂ ਸਨ। ਆਪਣੇ ਮਾਪਿਆਂ ਨੂੰ ਮਿਲਣ ਦਾ ਇੱਕ ਬਹੁਤ ਵੱਡਾ ਸੰਜੋਗ ਸੀ। ਮੈਂ ਮਹਿਸੂਸ ਕਰਦਾ ਹਾਂ ਕਿ ਅੱਜ ਜਿਹੜੀ ਛੱਪੜਾਂ ਦੀ ਬਦਬੂ ਹੈ ਉਸ ਕਰਕੇ ਉਥੇ ਜਿਹੜਾ ਜੁੜਨ ਦਾ ਜ਼ਰੀਆ ਸੀ, ਉਹ ਵੀ ਖਤਮ ਹੋ ਗਿਆ ਹੈ। ਇਸ ਕਰਕੇ ਇਹ ਬਹੁਤ ਵੱਡੀ ਸਮੱਸਿਆ ਬਣ ਕੇ ਉਭਰੀ ਹੈ। ਇਸਦੇ ਵਾਸਤੇ ਪੰਜਾਬ ਸਰਕਾਰ ਵਲੋਂ ਬਹੁਤ ਵੱਡਾ ਉਦਮ ਸ਼ੁਰੂ ਕੀਤਾ ਗਿਆ ਹੈ। ਸਾਡੇ ਮੁੱਖ ਮੰਤਰੀ ਸਾਹਿਬ ਜਿਹੜੇ ਇੱਕ ਦੇਵਤਾ ਰੂਪੀ ਇਨਸਾਨ ਹਨ ਤੇ ਉਹ ਹਰ ਇੱਕ ਗੱਲ ਨੂੰ ਪਹਿਲ ਦੇ ਆਧਾਰ ਤੇ ਲੈ ਕੇ ਚਲਦੇ ਹਨ। ਉਹ ਸੱਥਾਂ ਦੇ ਵਿੱਚ ਜਾ ਕੇ ਬੈਠਦੇ ਹਨ, ਲੋਕਾਂ ਦੀਆਂ ਗੱਲਾਂ ਸੁਣਦੇ ਹਨ ਤੇ ਫਿਰ ਉਨ੍ਹਾਂ ਦਾ ਤੁਰੰਤ ਨਿਪਟਾਰਾ ਕਰਦੇ ਹਨ। ਇਸ ਕਰਕੇ ਅੱਜ ਜਿਥੇ ਛੱਪੜਾਂ ਦੀ ਗੱਲ ਚਲੀ ਹੈ, ਸ਼ੁੱਧ ਪਾਣੀ ਦੀ ਗੱਲ ਚਲੀ ਹੈ। ਇਨ੍ਹਾਂ ਦੇ ਵਾਸਤੇ ਪੰਚਾਇਤਾਂ ਦੇ ਕੋਲ ਕੋਈ ਫੰਡ ਨਹੀਂ ਹੈ ਕਿਉਂਕਿ ਸਾਰੇ ਛੱਪੜ ਖਾਲੀ ਕੀਤੇ ਤੋਂ ਬਿਨਾਂ ਪਾਣੀ ਸ਼ੁੱਧ ਨਹੀਂ ਹੋ ਸਕਦਾ। ਜਦੋਂ ਗਰਮੀਆਂ ਦਾ ਸਮਾਂ ਆ ਜਾਂਦਾ ਹੈ ਤਾਂ ਉਦੋਂ ਝੋਨੇ ਦੀ ਲਵਾਈ ਹੋਣ ਲਗਦੀ ਹੈ ਅਤੇ ਫਿਰ ਸਾਰਿਆਂ ਨੂੰ ਪਾਣੀ ਦੀ ਜ਼ਿਆਦਾ ਲੋੜ ਹੁੰਦੀ ਹੈ। ਉਸ ਵੇਲੇ ਹੀ ਇਨ੍ਹਾਂ ਛੱਪੜਾਂ ਨੂੰ ਖਾਲੀ ਕੀਤਾ ਜਾ ਸਕਦਾ ਹੈ ਤੇ ਉਦੋਂ ਆਪਾਂ ਵੱਡੀ ਗਿਣਤੀ ਦੇ ਵਿੱਚ ਪਾਣੀ ਲਗਾ ਸਕਦੇ ਹਾਂ। ਉਸ ਵੇਲੇ ਮੁਸ਼ਕਲ ਇਹ ਆਉਂਦੀ ਹੈ ਕਿ ਉਸ ਵੇਲੇ ਤਾਂ ਪਾਣੀ ਵੈਸੇ ਹੀ ਬਹੁਤਾ ਲੋੜੀਂਦਾ ਹੁੰਦਾ ਹੈ। ਇਸ ਕਰਕੇ ਮੈਂ ਮਹਿਸੂਸ ਕਰਦਾ ਹਾਂ ਕਿ ਜਿਥੇ ਇਸ ਪਾਣੀ ਨੂੰ ਸ਼ੁੱਧ ਕਰਨ ਵਾਸਤੇ ਵਿੱਤ ਮੰਤਰੀ ਜੀ ਵਲੋਂ ਆਪਣੇ ਵਲੋਂ ਵੱਡੇ-ਵੱਡੇ ਪ੍ਰਾਜੈਕਟਾਂ ਦੀ ਗੱਲ ਕੀਤੀ ਗਈ ਹੈ ਉਥੇ ਪੰਚਾਇਤਾਂ ਨੂੰ ਵੀ ਅਜਿਹੇ ਫੰਡ ਮੁਹੱਈਆ ਕਰਵਾਏ ਜਾਣੇ ਚਾਹੀਦੇ ਹਨ ਤਾਂ ਜੋ ਉਹ ਇਨ੍ਹਾਂ ਛੱਪੜਾਂ ਦੇ ਵਿਚੋਂ ਪਾਣੀ ਨੂੰ ਕੱਢ ਕੇ ਇਨ੍ਹਾਂ ਨੂੰ ਸਾਫ਼ ਕਰਵਾ ਸਕਣ। ਮੈਂ ਸਮਝਦਾ ਹਾਂ ਕਿ ਜਿਵੇਂ ਆਪਾਂ ਬਲਾਕਾਂ ਦੇ ਵਿੱਚ ਜਾਂ ਹੋਰ ਵੀ ਬੜੇ ਪ੍ਰਾਜੈਕਟ ਹੁੰਦੇ ਹਨ ਉਨ੍ਹਾਂ ਲਈ ਵੱਡੀਆਂ-ਵੱਡੀਆਂ ਮਸ਼ੀਨਾਂ ਦਿੰਦੇ ਹਾਂ। ਵਾਤਾਵਰਣ ਨੂੰ ਠੀਕ ਕਰਨ ਵਾਸਤੇ ਅਤੇ ਸੜਕਾਂ ਦੇ ਕਿਨਾਰੇ ਮਿੱਟੀ ਪਾਉਣ ਲਈ ਮਸ਼ੀਨਾਂ ਰਾਹੀਂ ਕੰਮ ਕਰਵਾਉਂਦੇ ਹਾਂ ਤਾਂ ਸਾਨੂੰ ਅਜਿਹੇ ਪ੍ਰਾਜੈਕਟ ਛੱਪੜਾਂ ਵਾਸਤੇ ਵੀ ਬਣਾਉਣੇ ਚਾਹੀਦੇ ਹਨ। ਜਿਸ ਤਰ੍ਹਾਂ ਸੜਕਾਂ ਦੀ ਮੁਰੰਮਤ ਦਾ ਸਮਾਂ 6 ਸਾਲ ਦਾ ਰੱਖਿਆ ਹੁੰਦਾ ਹੈ ਇਸੇ ਤਰ੍ਹਾਂ ਛੱਪੜਾਂ ਲਈ ਵੀ ਅਲਹਿਦਾ ਫੰਡ ਰੱਖਿਆ ਜਾਵੇ ਜਿਸ ਨੂੰ ਦੋ ਸਾਲਾਂ ਬਾਅਦ ਜਾਂ ਜਿੰਨਾ ਵੀ ਮਹਿਸੂਸ ਹੋਵੇ, ਉਸ ਨੂੰ ਜ਼ਰੂਰ ਸਾਫ਼ ਕੀਤਾ ਜਾਵੇ। ਫਿਰ ਹੀ ਮੈਂ ਸਮਝਦਾ ਹਾਂ ਕਿ ਇਨ੍ਹਾਂ ਭਰੇ ਹੋਏ ਛੱਪੜਾਂ ਦੇ ਵਿਚੋਂ ਪਾਣੀ ਦੀ ਸ਼ੁੱਧਤਾ ਹੋ ਸਕਦੀ ਹੈ। ਇਹ ਜੋ ਠੰਡਲ ਸਾਹਿਬ ਨੇ ਮਤਾ ਪੇਸ਼ ਕੀਤਾ ਹੈ ਇਹ ਬਹੁਤ ਹੀ ਅਹਿਮ ਮਤਾ ਰੱਖਿਆ ਹੈ। ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ ਔਰ ਤੁਹਾਡਾ ਸਮਾਂ ਦੇਣ ਦੇ ਉਤੇ ਧੰਨਵਾਦ ਕਰਦਾ ਹਾਂ ਜੀ।

**ਸਥਾਨਕ ਸਰਕਾਰ, ਉਦਯੋਗ ਅਤੇ ਵਪਾਰ ਮੰਤਰੀ (ਸ਼੍ਰੀ ਮਨੋਰੰਜਨ ਕਾਲੀਆ) :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਅਭਾਰੀ ਹਾਂ ਕਿ ਤੁਸੀਂ ਮੈਨੂੰ

Original with;
Punjab Vidhan Sabha
Digitized by;
Panjab Digital Library

[ ਸਥਾਨਕ ਸਰਕਾਰ, ਉਦਯੋਗ ਅਤੇ ਵਪਾਰ ਮੰਤਰੀ ]

ਜਿਹੜਾ ਇਹ ਮਤਾ ਸਰਦਾਰ ਸੋਹਣ ਸਿੰਘ ਠੰਡਲ ਲੈ ਕੇ ਆਏ ਹਨ ਕਿ ਪਿੰਡਾਂ ਦੇ ਛੱਪੜਾਂ ਦੀ ਸਾਂਭ-ਸੰਭਾਲ ਹੋਣੀ ਚਾਹੀਦੀ ਹੈ ਅਤੇ ਆਧੁਨਿਕ ਤਕਨੀਕ ਨਾਲ ਇਨ੍ਹਾਂ ਨੂੰ ਸਾਫ਼ ਕੀਤਾ ਜਾਣਾ ਚਾਹੀਦਾ ਹੈ, ਇਹ ਬਹੁਤ ਹੀ ਚੰਗਾ ਵਿਸ਼ਾ ਹੈ। ਇਸ ਦੇ ਨਾਲ ਮਾਨਵਤਾ ਨੂੰ ਜਿਹੜੀ ਪ੍ਰਦੂਸ਼ਣ ਦੀ ਸਮੱਸਿਆ ਹੈ, ਉਸ ਬਾਰੇ ਵੀ ਚਿੰਤਾ ਕੀਤੀ ਗਈ ਹੈ ਤਾਂ ਕਿ ਮਾਨਵ ਸਾਫ਼-ਸੁਥਰੇ ਵਾਤਾਵਰਣ ਵਿੱਚ ਰਹਿ ਸਕੇ। ਪਿੰਡ ਭਾਰਤ ਦੇਸ਼ ਦਾ ਸਭ ਤੋਂ ਛੋਟਾ ਅਤੇ ਇੱਕ ਅਹਿਮ ਯੂਨਿਟ ਹੈ। ਜਦੋਂ ਅਸੀਂ ਪਿੰਡ ਜਾਂ ਗਾਂਵ ਦੀ ਗੱਲ ਕਰਦੇ ਹਾਂ ਤਾਂ ਮਨ ਵਿੱਚ ਜੋ ਗੱਲ ਆਉਂਦੀ ਹੈ ਜਾਂ ਦਿਮਾਗ ਵਿੱਚ ਅਸੀਂ ਸੋਚਦੇ ਹਾਂ ਕਿ ਪਿੰਡ ਦੀ ਜਿਹੜੀ ਤਸਵੀਰ ਹੈ ਉਹ ਗਾਂਵ ਦੀਆਂ ਸਾਫ਼-ਸੁਥਰੀਆਂ ਗਲੀਆਂ ਅਤੇ ਲਹਿਲਹਾਉਂਦੇ ਖੇਤ ਹਨ, ਹਰੇ-ਭਰੇ ਖੇਤ ਹਨ। ਟੋਭਾ ਹੈ, ਜਿਸ ਵਿੱਚ ਪਿੰਡ ਦਾ ਪੀਣ ਵਾਲਾ ਪਾਣੀ ਹੈ। ਜਿਹੜਾ ਪਾਣੀ ਯੂਜ਼ ਕੀਤਾ ਜਾਂਦਾ ਹੈ ਉਹ ਛੱਪੜ ਵਿੱਚ ਹੀ ਜਾਂਦਾ ਹੈ। ਕੋਈ ਸਮਾਂ ਸੀ ਜਦੋਂ ਲੋਕ ਉਥੇ ਨਹਾਉਂਦੇ ਵੀ ਸੀ ਅਤੇ ਪਸ਼ੂ, ਮੱਝਾਂ ਆਦਿ ਵੀ ਉਥੇ ਨਹਾਉਂਦੇ ਸਨ ਅਤੇ ਕੋਈ ਸਮਾਂ ਸੀ ਉਥੋਂ ਪੀਣ ਲਈ ਵੀ ਪਾਣੀ ਵਰਤਿਆ ਜਾਂਦਾ ਸੀ। ਪਰ ਅੱਜ ਇਹ ਵਕਤ ਆ ਗਿਆ ਹੈ ਕਿ ਛੱਪੜਾਂ ਦਾ ਪਾਣੀ ਨਾ ਤਾਂ ਇਨਸਾਨ ਦੇ ਪੀਣ ਯੋਗ ਰਿਹਾ ਹੈ ਅਤੇ ਨਾ ਹੀ ਜਾਨਵਰ ਪੀਂਦੇ ਹਨ। ਇੰਨਾ ਪ੍ਰਦੂਸ਼ਣ ਇਨ੍ਹਾਂ ਵਿੱਚ ਵੱਧ ਗਿਆ ਹੈ ਕਿ ਅੱਜ ਜ਼ਰੂਰਤ ਹੈ ਕਿ ਕੋਈ ਨਾ ਕੋਈ ਆਧੁਨਿਕ ਤਕਨੀਕ ਲਿਆ ਕੇ ਇਨ੍ਹਾਂ ਛੱਪੜਾਂ ਨੂੰ ਸਾਫ਼ ਕੀਤਾ ਜਾਵੇ। ਇਹ ਸਮੱਸਿਆ ਕਿਉਂ ਬਣੀ, ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਸਮੱਸਿਆ ਪ੍ਰਦੂਸ਼ਣ ਤੋਂ ਪੈਦਾ ਹੋਈ ਹੈ, ਪਲਿਊਸ਼ਨ ਤੋਂ ਹੋਈ ਹੈ। ਜੋ ਮਾਨਵ ਨੇ ਵਿਕਾਸ ਕੀਤਾ ਜਾਂ ਜਿਹੜੀ ਡਿਵੈਲਪਮੈਂਟ ਹੋਈ ਉਸ ਦੇ ਨਾਲ ਪਲਿਊਸ਼ਨ ਫੈਲਿਆ। Pollution is the price of development. ਸਾਡਾ ਦੇਸ਼ ਜਿਸ ਦੀ ਸੰਸਕ੍ਰਿਤੀ ਹਜ਼ਾਰਾਂ ਸਾਲ ਪੁਰਾਣੀ ਹੈ, ਇਹ ਕਾਇਮ ਰਹੀ ਹੈ, ਦੇਸ਼ ਕਾਇਮ ਰਿਹਾ ਹੈ। ਸਾਡੇ ਰਿਸ਼ੀਆਂ-ਮੁਨੀਆਂ ਨੇ ਕਿਹਾ ਕਿ ਨੇਚਰ ਨਾਲ ਭਾਵ ਕੁਦਰਤ ਅਨੁਸਾਰ ਜੀਓ। Live according to nature. ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਇਹ ਸਾਡੇ ਸ਼ਾਸ਼ਤਰਾਂ ਵਿੱਚ ਹੈ ਕਿ ਜਿਹੜੇ ਕੁਦਰਤੀ ਸੋਮੇ ਹਨ, ਨੈਚੂਰਲ ਰਿਸੋਰਸਿਜ਼ ਹਨ ਉਨ੍ਹਾਂ ਦਾ ਆਪਟੀਮਮ ਯੂਜ਼ ਹੋਵੇ ਪਰ ਉਨ੍ਹਾਂ ਦਾ ਸ਼ੋਸ਼ਣ ਨਾ ਕੀਤਾ ਜਾਵੇ। ਇਹ ਜਿਹੜੀ ਪ੍ਰਾਕ੍ਰਿਤੀ ਹੈ ਇਸ ਨੇ ਮਾਨਵ ਨੂੰ ਹਮੇਸ਼ਾ ਦਿੱਤਾ ਹੀ ਹੈ। ਲੇਕਿਨ ਮਾਨਵ ਨੇ ਇਸ ਦਾ ਹਮੇਸ਼ਾ ਸੋਸ਼ਣ ਕੀਤਾ ਹੈ। ਇਸ ਦਾ ਨਤੀਜਾ ਪਲਿਊਸ਼ਨ ਹੋਇਆ। ਅੱਜ ਸਥਿਤੀ ਇਹ ਹੈ ਕਿ ਅਸੀਂ ਸੋਚਣ ਲੱਗ ਪਏ ਹਾਂ ਕਿ ਜਿਹੜਾ ਪਲਿਊਸ਼ਨ ਹੈ ਇਸ ਉੱਤੇ ਰੋਕ ਲਾਉਣੀ ਚਾਹੀਦੀ ਹੈ। ਇਸ ਨੂੰ ਨੱਥ ਪਾਉਣੀ ਚਾਹੀਦੀ ਹੈ। ਭਾਰਤ ਵਿੱਚ ਚਿੰਤਾ ਅਤੇ ਚਿੰਤਨ ਪਹਿਲਾਂ ਵੀ ਸੀ। ਸਾਡੇ ਸ਼ਾਸਤਰਾਂ ਵਿੱਚ ਕਿਹਾ ਗਿਆ ਹੈ ਕਿ ਜਿਹੜਾ ਪਿੱਪਲ ਹੈ ਇਸ ਨੂੰ ਪੂਜੋ। ਇਸ ਲਈ ਪੂਜੋ ਕਿਉਂਕਿ ਇਹ 24 ਘੰਟੇ ਆਕਸੀਜਨ ਦਿੰਦਾ ਹੈ। ਜਿਸ ਚੀਜ਼ ਨੂੰ ਪੂਜੋਗੇ, ਉਸ ਨੂੰ ਕੱਟੋਗੇ ਨਹੀਂ। ਪਿੱਪਲ ਨਾਲ ਇਕੋਲੋਜੀਕਲ ਬੈਲੈਂਸ ਆਕਸੀਜਨ ਦਾ ਬਣਿਆ ਰਹੇਗਾ, ਆਕਸੀਜਨ ਮਿਲੇਗੀ। ਇਸੇ ਤਰ੍ਹਾਂ ਹੀ ਗੁਰਬਾਣੀ ਵਿੱਚ ਲਿਖਿਆ ਹੈ ਕਿ :

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

Original with;
Punjab Vidhan Sabha
Digitized by;
Panjab Digital Library

ਪਵਨ ਨੂੰ ਗੁਰੂ ਦਾ ਦਰਜਾ ਦਿੱਤਾ ਗਿਆ ਹੈ ਅਤੇ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਗਿਆ ਹੈ ਕਿਉਂਕਿ ਇਨ੍ਹਾਂ ਬਿਨਾਂ ਇਨਸਾਨ ਜੀਅ ਨਹੀਂ ਸਕਦਾ। ਪਵਨ ਦੇ ਬਿਨਾਂ ਇਨਸਾਨ ਜੀਅ ਨਹੀਂ ਸਕਦਾ। ਧਰਤੀ ਜੋ ਹੈ, ਉਹ ਸਾਡੀ ਮਾਤਾ ਹੈ। ਇਹ ਤਿੰਨੇ ਚੀਜ਼ਾਂ ਅੱਜ ਗੰਧਲੀਆਂ ਹੋ ਗਈਆਂ ਹਨ ਕਿਉਂਕਿ ਮਾਨਵ ਨੇ ਸੋਸ਼ਣ ਕੀਤਾ ਹੈ। ਇਸੇ ਤਰ੍ਹਾਂ ਹਰ ਦਿਵਾਲੀ ਤੋਂ ਬਾਅਦ ਗੋਵਰਧਨ ਪੂਜਾ ਹੁੰਦੀ ਹੈ। ਗੋਵਰਧਨ ਪੂਜਾ ਦੇ ਬਾਰੇ ਕਹਿਣਾ ਹੈ ਕਿ ਭਗਵਾਨ ਕ੍ਰਿਸ਼ਨ ਜੀ ਨੇ ਇੰਦਰ ਦੇਵਤਾ ਦੀ ਕਰੋਪੀ ਤੋਂ ਬਚਣ ਲਈ ਗੋਵਰਧਨ ਪਰਬਤ ਨੂੰ ਆਪਣੀ ਚੀਚੀ ਉਂਗਲੀ ਤੇ ਧਾਰਨ ਕੀਤਾ ਸੀ। ਕਿਉਂਕਿ ਲੋਕ ਉਸ ਵਕਤ ਇੰਦਰ ਦੇਵਤਾ ਦੀ ਪੂਜਾ ਕਰਦੇ ਸਨ ਕਿ ਜ਼ਿਆਦਾ ਬਰਸਾਤ ਨਾ ਹੋਵੇ। ਜ਼ਿਆਦਾ ਬਰਸਾਤ ਦੀ ਕਰੋਪੀ ਨਾ ਆਵੇ। ਭਗਵਾਨ ਕ੍ਰਿਸ਼ਨ ਜੀ ਨੇ ਕਿਹਾ ਕਿ ਇੰਦਰ ਦੀ ਪੂਜਾ ਨਾ ਕਰੋ। ਤੁਸੀਂ ਗੋਵਰਧਨ ਪਰਬਤ ਦੀ ਪੂਜਾ ਕਰੋ। ਕਹਿਣ ਦਾ ਅਰਥ ਹੈ ਕਿ ਜਿਸ ਚੀਜ਼ ਨੇ ਤੁਹਾਨੂੰ ਬਚਾਉਣਾ ਹੈ, ਉਸ ਨੂੰ ਕੱਟਣਾ ਨਹੀਂ। ਜੇ ਪਰਬਤ ਹਰੇ ਭਰੇ ਰਹਿਣਗੇ ਤਾਂ ਬੇਮੌਸਮੀ ਬਾਰਸ਼ ਨਹੀਂ ਹੋਵੇਗੀ। ਹੜ੍ਹ ਨਹੀਂ ਆਉਣਗੇ, ਬਾਰਸ਼ ਸਮੇਂ ਸਿਰ ਹੀ ਹੋਵੇਗੀ। ਜਿਹੜੇ ਹੜ੍ਹ ਆਉਂਦੇ ਹਨ, ਇਹ ਉਦੋਂ ਆਉਂਦੇ ਹਨ ਜਦੋਂ ਦਰਖਤ ਕੱਟਦੇ ਹਾਂ। ਇਸ ਲਈ ਉਨ੍ਹਾਂ ਨੇ ਪਰਬਤ ਦੀ ਪੂਜਾ ਉਸ ਸਮੇਂ ਕਰਵਾਈ ਤਾਂ ਕਿ ਪਰਬਤ ਹਰੇ ਭਰੇ ਰਹਿ ਸਕਣ। ਜੇਕਰ ਪਹਾੜ ਹਰੇ ਭਰੇ ਰਹਿਣਗੇ ਤਾਂ ਬੇਮੌਸਮੀ ਬਾਰਸ਼ ਨਹੀਂ ਆਵੇਗੀ ਅਤੇ ਇਸ ਤਰ੍ਹਾਂ ਹੜ੍ਹ ਵੀ ਨਹੀਂ ਆਉਣਗੇ। ਇੰਦਰ ਦੇਵਤਾ ਦੀ ਕਰੋਪੀ ਵੀ ਨਹੀਂ ਆਵੇਗੀ। ਪਰਿਆਵਰਣ ਦੀ ਸੰਭਾਲ ਕਰਨ ਬਾਰੇ ਸਾਡੇ ਸ਼ਾਸ਼ਤਰਾਂ ਵਿੱਚ ਵੀ ਲਿਖਿਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਪਵਨ, ਪਾਣੀ ਅਤੇ ਧਰਤੀ ਨੂੰ ਗੁਰੂ, ਪਿਤਾ ਅਤੇ ਮਾਤਾ ਦਾ ਦਰਜਾ ਦਿੱਤਾ ਗਿਆ ਹੈ। ਅਸੀਂ ਇਨ੍ਹਾਂ ਦਾ ਦੋਹਨ ਕਰਨਾ ਹੈ। ਜਿਸ ਤਰ੍ਹਾਂ ਅਸੀਂ ਮਾਤਾ ਅਤੇ ਪਿਤਾ ਨਾਲ ਵਿਵਹਾਰ ਕਰਦੇ ਹਾਂ, ਉਸੇ ਤਰ੍ਹਾਂ ਇਸ ਪਰਿਆਵਰਣ ਨਾਲ ਵੀ ਅੱਛਾ ਵਿਵਹਾਰ ਕੀਤਾ ਜਾਵੇ। ਇਸ ਧਰਤੀ ਮਾਤਾ ਨਾਲ ਵੀ ਅੱਛਾ ਵਿਵਹਾਰ ਕੀਤਾ ਜਾਵੇ। ਅਸੀਂ ਇਸ ਵਾਤਾਵਰਣ ਦਾ, ਕੁਦਰਤ ਦੀਆਂ ਨਿਆਮਤਾਂ ਦਾ ਅਸੀਂ ਦੋਹਨ ਕਰੀਏ, ਆਪਟੀਮਮ ਯੂਜ਼ ਕਰੀਏ। ਪ੍ਰਦੂਸ਼ਣ ਦੀ ਦੇਣ ਸਭ ਤੋਂ ਜ਼ਿਆਦਾ ਪੱਛਮੀ ਦੇਸ਼ਾਂ ਦੀ ਹੈ। ਯੂਨੀਅਨ ਕਾਰਬਾਈਡ ਜਿਸ ਦੇ ਨਾਲ ਭੋਪਾਲ ਦੇ ਵਿੱਚ ਗੈਸ ਟਰੈਜ਼ਡੀ ਹੋਈ ਸੀ, ਇਸ ਦਾ ਪਲਾਂਟ ਵਰਲਡ ਕੰਟਰੀਜ਼ ਵਿੱਚ ਲਗਾਉਣ ਦਾ ਫੈਸਲਾ ਕਰਨ ਕਰਕੇ ਇਹ ਹਾਦਸਾ ਹੋਇਆ। ਜੇ ਉਨ੍ਹਾਂ ਨੂੰ ਪੁੱਛਿਆ ਜਾਵੇ ਕਿ ਇੱਥੇ ਕਿਹੜਾ ਲੋਕ ਨਹੀਂ ਰਹਿੰਦੇ। ਅਮਰੀਕਾ ਦੇ ਵਿਚ ਵੀ ਉਹੀ ਹੱਡੀਆਂ ਮਾਸ ਦੇ ਬਣੇ ਹੋਏ ਲੋਕ ਰਹਿੰਦੇ ਹਨ ਜਿਹੜੇ ਕਿ ਭਾਰਤ ਦੇਸ਼ ਵਿੱਚ ਰਹਿੰਦੇ ਹਨ। ਲੇਕਿਨ ਉਨ੍ਹਾਂ ਨੇ ਸਿਰਫ ਆਪਣੇ ਦੇਸ਼ ਦੀ ਹੀ ਚਿੰਤਾ ਕੀਤੀ ਹੈ। ਦੁਨੀਆਂ ਦੀ ਚਿੰਤਾ ਨਹੀਂ ਕੀਤੀ। ਸਾਰੇ ਲੋਕ ਇਕੋ ਜਿਹੇ ਹੀ ਹਨ ਪਰ ਉਨ੍ਹਾਂ ਨੇ ਉਸ ਵਕਤ ਜ਼ਿਆਦਾ ਪ੍ਰਦੂਸ਼ਣ ਕਰਨ ਵਾਲੀ ਇੰਡਸਟਰੀਜ਼ ਨੂੰ ਵਰਲਡ ਕੰਟਰੀਜ਼ ਵਿੱਚ ਲਗਾਉਣ ਦਾ ਉਪਰਾਲਾ ਕੀਤਾ ਤਾਂ ਕਿ ਆਪਣਾ ਘਰ ਸਾਫ ਸੁਥਰਾ ਰੱਖੀਏ। ਸਵਾਲ ਇਹ ਹੈ ਕਿ ਪੂਰੀ ਦੁਨੀਆਂ ਹੀ ਸਾਡਾ ਦੇਸ਼ ਹੈ, ਸਾਡਾ

Original with;
Punjab Vidhan Sabha
Digitized by;
Panjab Digital Library

[ ਸਥਾਨਕ ਸਰਕਾਰ, ਉਦਯੋਗ ਅਤੇ ਵਪਾਰ ਮੰਤਰੀ ]

ਮੁਹੱਲਾ ਹੈ, ਸਾਡੀ ਗਲੀ ਹੈ। ਇਹ ਸੋਚ ਕਿ ਆਪਣੇ ਘਰ ਨੂੰ ਸਾਫ ਸੁਥਰਾ ਰੱਖੀਏ, ਸਹੀ ਹੈ ਪਰ ਅਸੀਂ ਆਪਣੇ ਪੂਰੇ ਮੁਹੱਲੇ ਨੂੰ ਅਤੇ ਗਲੀਆਂ ਨੂੰ ਵੀ ਸਾਫ ਸੁਥਰਾ ਰੱਖੀਏ। ਇੱਥੇ ਪਲਾਸਟਿਕ ਦੇ ਬੈਗਾਂ ਦੀ ਗੱਲ ਕੀਤੀ ਗਈ ਹੈ। ਇਹ ਬਿਲਕੁਲ ਠੀਕ ਹੈ ਕਿ ਇਹ ਨਹੀਂ ਹੋਣੇ ਚਾਹੀਦੇ। ਇਹ ਨਹੀਂ ਕਿ ਅਸੀਂ ਥਰਮੋਕੋਲ ਅਤੇ ਪਲਾਸਟਿਕ ਦੇ ਬੈਗਾਂ ਨੂੰ ਬਾਹਰ ਸੁੱਟ ਦੇਈਏ ਬਲਕਿ ਇਨ੍ਹਾਂ ਨੂੰ ਸਹੀ ਪਰਾਪਰ ਜਗ੍ਹਾ ਤੇ ਜਾ ਕੇ ਸੁਟੀਏ। ਇਹ ਪਲਾਸਟਿਕ ਦੀ ਦੇਣ ਵੀ ਪੱਛਮੀ ਦੇਸ਼ਾਂ ਦੀ ਹੀ ਹੈ। ਇਸ ਨੂੰ ਰੀਸਾਈਕਲ ਕੀਤਾ ਜਾ ਸਕਦਾ ਹੈ। ਜੇ ਕਹੀਏ ਕਿ ਇਨ੍ਹਾਂ ਨੂੰ ਜਲਾ ਕੇ ਖਤਮ ਕਰ ਸਕਦੇ ਹਾਂ, ਪਰ ਇਸ ਦੇ ਨਾਲ ਜ਼ਿਆਦਾ ਪਲਿਊਸ਼ਨ ਪੈਦਾ ਹੁੰਦਾ ਹੈ। ਸਪੀਕਰ ਸਾਹਿਬ, ਅੱਜ ਜ਼ਰੂਰਤ ਹੈ ਕਿ ਇਨ੍ਹਾਂ ਨੂੰ ਚੈਨੇਲਾਈਜ਼ ਕੀਤਾ ਜਾਵੇ। ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਣਾ ਹੈ ਕਿ ਅੱਜ ਤੋਂ 20-25 ਸਾਲ ਪਹਿਲਾਂ ਬਿਸਲੇਰੀ ਦੀਆਂ ਬੋਤਲਾਂ ਨਹੀਂ ਸਨ। ਆਮ ਬੰਦਾ ਸੋਚਦਾ ਸੀ ਕਿ ਇਨ੍ਹਾਂ ਦੀ ਕਿੱਥੇ ਲੋੜ ਪੈਣੀ ਹੈ ਪਰ ਅੱਜ ਇਹ ਜ਼ਰੂਰਤ ਬਣ ਕੇ ਰਹਿ ਗਈਆਂ ਹਨ। ਅੱਜ ਪ੍ਰਦੂਸ਼ਣ ਕਾਰਨ ਨਸੈਸਟੀ ਬਣ ਗਈ ਹੈ ਕਿ ਡਿਸਟਿਲਡ ਬੋਤਲ ਦਾ ਪਾਣੀ ਪੀਣਾ ਹੈ। ਧਰਤੀ ਵੈਸੇ ਸਭ ਤੋਂ ਵੱਡਾ ਫਿਲਟਰ ਕੁਦਰਤ ਨੇ ਸਾਨੂੰ ਦਿੱਤਾ ਹੋਇਆ ਹੈ। ਜਿਹੜਾ ਪਾਣੀ ਅਸੀਂ ਸੁੱਟਦੇ ਹਾਂ, ਉਹ ਥੱਲੇ ਫਿਲਟਰ ਹੋ ਕੇ ਜਾਂਦਾ ਹੈ। ਲੇਕਿਨ ਅੱਜ ਧਰਤੀ ਨੇ ਵੀ ਆਪਣੇ ਹੱਥ ਖੜ੍ਹੇ ਕਰ ਦਿੱਤੇ ਹਨ ਕਿਉਂਕਿ ਹੁਣ ਜਿਹੜਾ ਇੰਨਾ ਜ਼ਿਆਦਾ ਕੈਮੀਕਲ ਅਤੇ ਪਲਿਊਸ਼ਨ ਹੈ, ਧਰਤੀ ਇਸ ਨੂੰ ਫਿਲਟਰ ਨਹੀਂ ਕਰ ਸਕਦੀ। ਕੋਈ ਸਮਾਂ ਸੀ ਜਿਸ ਦਾ ਅਸੀਂ ਪਿੰਡਾਂ ਵਿੱਚ ਛੱਪੜ ਦੀ ਗੱਲ ਕਰਦੇ ਹਾਂ, ਮਿਊਂਸਪਲ ਕਮੇਟੀਆਂ ਖੇਤ ਲੀਜ਼ ਤੇ ਲੈ ਕੇ ਉਸ ਵਿੱਚ ਪਾਣੀ ਪਾਉਂਦੀਆਂ ਸਨ ਅਤੇ ਕਿਸਾਨ ਉਸ ਵਿਚੋਂ ਸੱਲੇਜ ਵਾਟਰ ਆਪਣੇ ਖੇਤਾਂ ਨੂੰ ਲਗਾਉਂਦਾ ਸੀ। ਅੱਜ ਹਾਲ ਇਹ ਹੈ ਕਿ ਉਸਨੂੰ ਕੋਈ ਵੀ ਕਿਸਾਨ ਖੇਤ ਨੂੰ ਨਹੀਂ ਲਗਾਉਂਦਾ। ਪਹਿਲਾਂ ਜਦੋਂ 1997 ਵਿੱਚ ਅਕਾਲੀ-ਭਾਜਪਾ ਸਰਕਾਰ ਸੀ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ, ਤਾਂ ਜਲੰਧਰ ਦੀ ਗੱਲ ਮੈਨੂੰ ਯਾਦ ਆ ਰਹੀ ਹੈ। ਇਸੇ ਤਰ੍ਹਾਂ ਮਿਊਂਸਪਲ ਕਾਰਪੋਰੇਸ਼ਨ ਨੇ ਜ਼ਮੀਨ ਲਈ ਹੋਈ ਸੀ ਅਤੇ ਉਸ ਵਿੱਚ ਉਹ ਪਾਣੀ ਪਾਉਂਦੇ ਸੀ। ਇੱਕ ਪਾਸੇ ਖੇਤ ਸਨ ਅਤੇ ਇੱਕ ਪਾਸੇ ਆਬਾਦੀ ਹੋ ਗਈ ਔਰ ਰਾਤੀ ਦੋਵੇਂ ਹੀ ਪਹਿਰਾ ਦਿੰਦੇ ਸੀ। ਕਿਸਾਨ ਕਹਿੰਦੇ ਸੀ ਕਿ ਜੇਕਰ ਬੰਨ੍ਹ ਟੁਟ ਗਿਆ ਅਤੇ ਪਾਣੀ ਖੇਤਾਂ ਵਿੱਚ ਵੜ੍ਹ ਗਿਆ ਤਾਂ ਟਮਾਟਰ ਹਦਵਾਣੇ ਵਰਗੇ ਹੋ ਜਾਣੇ ਹਨ ਅਤੇ ਦੂਜੇ ਪਾਸੇ ਜਿੱਥੇ ਰਿਹਾਇਸ਼ ਸੀ ਉਹ ਲੋਕ ਤਾਂ ਪਹਿਰਾ ਦਿੰਦੇ ਸਨ ਕਿ ਘਰਾਂ ਵਿੱਚ ਪਾਣੀ ਵੜ ਜਾਵੇਗਾ ਪਰ ਸਰਦਾਰ ਬਾਦਲ ਦੀ ਸਰਕਾਰ ਨੇ ਜਲੰਧਰ ਵਿੱਚ ਸੀਵਰੇਜ ਸਿਸਟਮ ਸ਼ੁਰੂ ਕੀਤਾ ਅਤੇ ਉਥੇ ਲੋਕਾਂ ਨੂੰ ਇਸ ਤਕਲੀਫ ਤੋਂ ਨਿਜ਼ਾਤ ਦਿਵਾਈ (ਥੰਪਿੰਗ)। ਅੱਜ ਜਿਹੜੀ ਪਲਿਊਸ਼ਨ ਦੀ ਗੱਲ ਆਈ ਹੈ, ਵਾਤਾਵਰਣ ਨੂੰ ਠੀਕ ਰੱਖਣ ਦੀ ਜ਼ਿੰਮੇਵਾਰੀ ਸਾਡੀ ਸਾਰਿਆਂ ਦੀ ਹੈ, ਇਹ ਸਰਕਾਰ ਤੇ ਵੀ ਆਉਂਦੀ ਹੈ ਅਤੇ ਸਮਾਜ ਤੇ ਵੀ ਆਉਂਦੀ ਹੈ। ਇਹ ਹਰ ਵਿਅਕਤੀ ਨੂੰ ਚਾਹੀਦਾ ਹੈ ਕਿ ਜਿਹੜੀ ਵੀ ਚੀਜ਼ ਅਸੀਂ ਪਲਿਊਸ਼ਨ ਕਰੀਏਟ ਕਰਨ ਵਾਲੀ ਯੂਜ਼ ਕਰਦੇ ਹਾਂ ਇਸ ਨੂੰ ਰਸਤਿਆਂ ਵਿੱਚ ਨਾ ਸੁੱਟੀਏ। ਜਦ ਅਸੀਂ ਦੂਸਰੇ ਪੱਛਮੀ ਦੇਸ਼ਾਂ ਵਿੱਚ ਜਾਂਦੇ ਹਾਂ ਤਾਂ ਉਥੇ

Original with;
Punjab Vidhan Sabha
Digitized by;
Panjab Digital Library

ਜਾਕੇ ਅਸੀਂ ਡਿਸਿਪਲਿਨ ਦਾ ਮੁਜ਼ਾਹਰਾ ਕਰਦੇ ਹਾਂ। ਉਥੇ ਅਸੀਂ ਕਾਗਜ਼ ਤੱਕ ਵੀ ਸੜਕ ਦੇ ਬਾਹਰ ਨਹੀਂ ਸੁੱਟਦੇ ਜਦਕਿ ਭਾਰਤ ਵੜਦੇ ਸਾਰ ਹੀ ਅਸੀਂ 15 ਮਿੰਟਾਂ ਬਾਅਦ ਸਭ ਕੁਝ ਭੁੱਲ ਜਾਂਦੇ ਹਾਂ ਅਤੇ ਚੀਜ਼ਾਂ ਸੜਕ ਤੇ ਸੁੱਟਣੀਆਂ ਸ਼ੁਰੂ ਕਰ ਦਿੰਦੇ ਹਾਂ। ਚਾਹੀਦਾ ਤਾਂ ਇਹ ਹੈ ਕਿ ਅਸੀਂ ਆਪਣੇ ਆਪ ਤੇ ਕੰਟਰੋਲ ਰੱਖੀਏ। ਹਰ ਵਿਅਕਤੀ ਨੂੰ ਇਹ ਜ਼ਿੰਮੇਵਾਰੀ ਨਿਭਾਉਣੀ ਪਵੇਗੀ ਕਿ ਪਲਿਊਸ਼ਨ ਅਤੇ ਗੰਦਗੀ ਘੱਟ ਤੋਂ ਘੱਟ ਫੈਲਾਈਏ। ਸਪੀਕਰ ਸਾਹਿਬ, ਪਿਛਲੇ 5 ਸਾਲ ਕਾਂਗਰਸ ਦੀ ਸਰਕਾਰ ਇੱਥੇ ਰਹੀ, ਕਾਂਗਰਸ ਵੀ ਸੱਤਾ ਤੇ ਕਾਬਜ਼ ਰਹੀ, ਪਰ ਉਨ੍ਹਾਂ ਨੇ ਇੱਕ ਵੀ ਸਾਲਿਡ ਵੇਸਟ ਮੈਨੇਜਮੈਂਟ ਪ੍ਰਾਜੈਕਟ ਪੰਜਾਬ ਵਿੱਚ ਨਹੀਂ ਲਿਆਂਦਾ। ਹੁਣ ਮੈਨੂੰ ਖੁਸ਼ੀ ਹੈ ਦੱਸਣ ਵਿੱਚ ਕਿ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸਾਲਿਡ ਵੇਸਟ ਮੈਨੇਜਮੈਂਟ ਦਾ ਪਹਿਲਾ ਪ੍ਰਾਜੈਕਟ ਅੰਮ੍ਰਿਤਸਰ ਸ਼ਹਿਰ ਵਿੱਚ ਲਿਆਂਦਾ ਹੈ (ਥੰਪਿੰਗ) ਅਤੇ ਇਸ ਨੂੰ ਸ਼ੁਰੂ ਕਰ ਦਿੱਤਾ ਹੈ। ਇਸੇ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਮਿਉਂਸਪਲ ਕਮੇਟੀਆਂ ਅਤੇ ਕਾਰਪੋਰੇਸ਼ਨਾਂ ਨੂੰ ਇਕੱਠਾ ਕਰਕੇ ਹੋਰ ਅਜਿਹੇ ਪ੍ਰਾਜੈਕਟ ਲਿਆਵਾਂਗੇ ਅਤੇ ਜਿਹੜਾ ਵੇਸਟ ਪ੍ਰੋਡੱਕਟ ਰੀਸਾਈਕਲ ਹੋ ਸਕਦਾ ਹੈ, ਜਿਹੜੀਆਂ ਕੰਪਨੀਆਂ ਇਸ ਵਿੱਚ ਇੰਟਰਸਡ ਹਨ ਜੋ ਕਿ ਬਰਿਕਸ ਬਣਾਉਂਦੀਆਂ ਹਨ ਜਾਂ ਸਿੰਥੈਟਿਕੋਲ ਬਣਾਉਂਦੀਆਂ ਹਨ, ਉਨ੍ਹਾਂ ਦੀ ਵੀ ਪਾਰਟੀਸੀਪੇਸ਼ਨ ਲਵਾਂਗੇ ਤਾਂ ਜੋ ਪੰਜਾਬ ਰਹਿਣ ਲਾਇਕ ਬਣ ਸਕੇ। ਸੱਲੇਜ ਵਾਟਰ ਲਈ ਵੀ ਅਸੀਂ ਸੀਵਰੇਜ ਟਰੀਟਮੈਂਟ ਪਲਾਂਟ ਲਗਾਉਣੇ ਹਨ ਅਤੇ ਅਗਲੇ ਪੰਜ ਸਾਲਾਂ ਵਿੱਚ ਵਾਟਰ ਸਪਲਾਈ, ਸੀਵਰੇਜ ਅਤੇ ਵਾਟਰ ਟਰੀਟਮੈਂਟ ਪਲਾਂਟ ਲਗਾਉਣ ਵਾਸਤੇ 2180 ਕਰੋੜ ਰੁਪਿਆ ਰੱਖਿਆ ਹੈ ਜਦਕਿ ਕਾਂਗਰਸ ਸਰਕਾਰ ਨੇ ਆਪਣੇ ਸਮੇਂ 5 ਸਾਲਾਂ ਵਿੱਚ ਇਸ ਉੱਤੇ ਸਿਰਫ 280 ਕਰੋੜ ਰੁਪਿਆ ਖਰਚ ਕੀਤਾ। ਸਪੀਕਰ ਸਾਹਿਬ, ਇਹ ਠੰਡਲ ਸਾਹਿਬ ਨੇ ਮਤਾ ਲਿਆ ਕੇ ਹਾਊਸ ਦਾ ਧਿਆਨ ਦੁਆਇਆ ਕਿ ਸਾਨੂੰ ਇਸ ਦਾ ਚਿੰਤਨ ਕਰਨਾ ਚਾਹੀਦਾ ਹੈ, ਇਹ ਬਹੁਤ ਚੰਗੀ ਗੱਲ ਹੈ। ਅੱਜ ਵਿਕਾਸ ਦੇ ਨਾਂ ਤੇ ਸੀ.ਸੀ ਫਲੋਰਿੰਗ ਸ਼ੁਰੂ ਹੋ ਗਈ ਹੈ। ਸੀ.ਸੀ. ਫਲੋਰਿੰਗ ਸ਼ੁਰੂ ਹੋਣ ਨਾਲ ਕੀ ਹੋ ਰਿਹਾ ਹੈ ਕਿ ਸ਼ਹਿਰਾਂ ਵਿੱਚ ਵੀ ਅਤੇ ਪਿੰਡਾਂ ਦੇ ਵਿੱਚ ਵੀ ਅਸੀਂ ਇਕ ਸਮੱਸਿਆ ਵਿੱਚੋਂ ਨਿਕਲਦੇ ਹਾਂ ਅਤੇ ਦੂਜੀ ਵੱਡੀ ਸਮੱਸਿਆ ਵਿੱਚ ਕਦਮ ਰੱਖ ਰਹੇ ਹਾਂ। ਕਿਉਂਕਿ ਪਹਿਲਾਂ ਕੱਚੀਆਂ ਸੜਕਾਂ ਹੁੰਦੀਆਂ ਸੀ, ਘਰਾਂ ਦੇ ਵਿੱਚ ਇੱਟਾਂ ਦੇ ਫਰਸ਼ ਹੁੰਦੇ ਸੀ ਅਤੇ ਬਰਸਾਤੀ ਪਾਣੀ ਸੀਪੇਜ਼ ਕਰਕੇ ਧਰਤੀ ਦੇ ਥੱਲੇ ਚਲਾ ਜਾਂਦਾ ਸੀ ਔਰ ਪੀਣ ਵਾਲਾ ਪਾਣੀ ਇਹੀ ਹੁੰਦਾ ਸੀ। ਹੁਣ ਸ਼ਹਿਰਾਂ ਵਿੱਚ ਸੀ.ਸੀ. ਫਲੋਰਿੰਗ ਦਾ ਪ੍ਰਚਲਨ ਹੋ ਗਿਆ ਹੈ, ਪਿੰਡਾਂ ਵਿੱਚ ਵੀ ਇਹੀ ਹਾਲਤ ਹੈ ਅਤੇ ਸੜਕਾਂ ਵੀ ਅਸੀਂ ਪੱਕੀਆਂ ਬਣਾ ਦਿੱਤੀਆਂ ਹਨ। ਉਸ ਦਾ ਅਸਰ ਇਹ ਹੈ ਕਿ ਜਦੋਂ ਬਰਸਾਤ ਆਉਂਦੀ ਹੈ, ਜੋ ਕਿ ਕੁਦਰਤੀ ਪਾਣੀ ਦਾ ਇਕ ਬਹੁਤ ਹੀ ਵਡਮੁੱਲਾ ਸਰੋਤ ਹੈ, ਉਹ ਸਾਰਾ ਪਾਣੀ ਅੱਜ ਨਾਲੀਆਂ ਦੇ ਰਾਹੀਂ ਵਹਿ ਜਾਂਦਾ ਹੈ ਅਤੇ ਸੀਵਰੇਜ਼ ਦੇ ਵਿੱਚ ਚਲਾ ਜਾਂਦਾ ਹੈ। ਜਿਹੜਾ ਕੁਦਰਤ ਨੇ ਸਾਨੂੰ ਪਾਣੀ ਦਿੱਤਾ ਹੈ ਉਹ ਪਾਣੀ ਸੀਵਰੇਜ ਵਿੱਚ ਚਲਾ ਜਾਂਦਾ ਹੈ ਔਰ

Original with;
Punjab Vidhan Sabha
Digitized by;
Panjab Digital Library

[ ਸਥਾਨਕ ਸਰਕਾਰ, ਉਦਯੋਗ ਅਤੇ ਵਪਾਰ ਮੰਤਰੀ ]

ਅੱਜ ਲੋਕਲ ਬਾਡੀਜ਼ ਡਿਪਾਰਟਮੈਂਟ ਵਿੱਚ ਅਸੀਂ ਹਦਾਇਤ ਦਿੱਤੀ ਹੈ ਕਿ ਇੰਟਰ ਲਾਕਿੰਗ ਟਾਈਲਾਂ ਨਾਲ ਕਮ-ਅਜ਼-ਕਮ ਸੀਪੇਜ਼ ਤਾਂ ਹੋਵੇਗੀ ਉਹ ਟਾਈਲਾਂ ਵਰਤੀਆਂ ਜਾਣ ਅਤੇ ਵਾਟਰ ਰੀਚਾਰਜਿੰਗ ਸਿਸਟਮ ਨੂੰ ਸ਼ਹਿਰਾਂ ਦੇ ਵਿੱਚ ਅਤੇ ਪਿੰਡਾਂ ਦੇ ਵਿੱਚ ਲਾਗੂ ਕੀਤਾ ਜਾਵੇ ਤਾਂ ਕਿ ਛੱਤਾਂ ਉਤੇ ਜੋ ਬਰਸਾਤੀ ਪਾਣੀ ਹੋਵੇ ਉਹ ਜ਼ਮੀਨ ਵਿੱਚ ਜਾਵੇ। ਜੇਕਰ ਅੱਜ ਅਸੀਂ ਉਸਦੀ ਚਿੰਤਾ ਨਾ ਕੀਤੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੀਣ ਲਈ ਪਾਣੀ ਮਿਲਣਾ ਹੀ ਮੁਸ਼ਕਲ ਹੋ ਜਾਵੇਗਾ। ਪੀਣ ਵਾਲਾ ਪਾਣੀ ਮੁਹੱਈਆ ਹੋਵੇ, ਇਸ ਲਈ ਜ਼ਰੂਰੀ ਹੈ ਕਿ ਅਸੀਂ ਅੱਜ ਤੋਂ ਹੀ ਇਸ ਬਾਰੇ ਚਿੰਤਾ ਕਰੀਏ ਅਤੇ ਵਾਤਾਵਰਣ ਨੂੰ ਸਾਫ ਸੁਥਰਾ ਰਖੀਏ ਔਰ ਪ੍ਰਦੂਸ਼ਣ ਨੂੰ ਰੋਕੀਏ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਸਰਕਾਰ ਆਪਣੀ ਜ਼ਿੰਮੇਵਾਰੀ ਨਿਭਾਏ ਔਰ ਹਰ ਵਿਅਕਤੀ ਵੀ ਆਪਣੀ ਜ਼ਿੰਮੇਵਾਰੀ ਨਿਭਾਏ। ਸੋ, ਸਪੀਕਰ ਸਾਹਿਬ, ਮੈਂ ਠੰਡਲ ਸਾਹਿਬ ਜੀ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇਹ ਬਹੁਤ ਜ਼ਰੂਰੀ ਅਤੇ ਮਹੱਤਵਪੂਰਨ ਮਤਾ ਲਿਆਂਦਾ ਹੈ। ਇਨ੍ਹਾਂ ਸ਼ਬਦਾਂ ਨਾਲ ਉਨ੍ਹਾਂ ਦਾ ਬਹੁਤ ਬਹੁਤ ਧੰਨਵਾਦ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ) :** ਸਰ, ਮੈਂ ਇਕ ਬੇਨਤੀ ਕਰਨੀ ਸੀ ਕਿ ਹਾਊਸ ਦੇ ਸਾਰੇ ਮੈਂਬਰਾਂ ਨੇ ਇਸ ਰੈਜ਼ੋਲਿਊਸ਼ਨ ਦੇ ਹੱਕ ਵਿੱਚ ਬੋਲਿਆ ਹੈ ਅਤੇ ਮੇਰਾ ਖਿਆਲ ਹੈ ਕਿ ਸ਼੍ਰੀ ਮਨੋਰੰਜਨ ਕਾਲੀਆ ਜੀ ਬੁਲਾਰੇ ਵੀ ਆਖਿਰੀ ਸੀ, ਇਸ ਲਈ ਮੇਰੀ ਬੇਨਤੀ ਹੈ ਸਾਡੇ ਸਾਰੇ ਮੈਂਬਰਾਂ ਦੀ ਭਾਵਨਾ ਸੀ ਕਿ ਪੰਜਾਬ ਰਾਜ ਵਿੱਚ ਪਾਲੀਥੀਨ ਦੇ ਲਿਫਾਫਿਆਂ ਨੂੰ ਬੰਦ ਕਰਨਾ ਚਾਹੀਦਾ ਹੈ। ਇਸ ਦੇ ਬਾਰੇ ਵੀ ਸਾਰਿਆਂ ਦੀ ਯੂਨਾਨੀਮਿਟੀ ਹੈ। ਜੇਕਰ, ਸਪੀਕਰ ਸਾਹਿਬ, ਰੈਜ਼ੋਲਿਊਸ਼ਨ ਪਾਸ ਕੀਤਾ ਜਾ ਰਿਹਾ ਹੈ ਤਾਂ ਇਸ ਦੇ ਵਿੱਚ ਇਹ ਵੀ ਜੋੜ ਦਿੱਤਾ ਜਾਵੇ ਕਿ 'ਰਾਜ ਵਿੱਚ ਪਾਲੀਥੀਨ ਦੇ ਲਿਫਾਫਿਆਂ ਤੇ ਪਾਬੰਦੀ ਲਾਈ ਜਾਵੇ ਅਤੇ ਛੱਪੜਾਂ ਤੇ ਨਜਾਇਜ਼ ਕਬਜ਼ੇ ਹਟਾਉਣ ਵਾਸਤੇ ਸਖ਼ਤੀ ਨਾਲ ਕਾਨੂੰਨ ਬਣੇ ਅਤੇ ਉਸ ਤੇ ਅਮਲ ਕੀਤਾ ਜਾਵੇ।' ਇਸ ਤਰ੍ਹਾਂ ਹਾਊਸ ਦੀਆਂ ਭਾਵਨਾਵਾਂ ਜੋ ਹਨ, ਉਹ ਪਰਾਪਰਲੀ ਕਨਵੇਅ ਹੋ ਸਕਦੀਆਂ ਹਨ।

**ਮਾਨਯੋਗ ਸਪੀਕਰ :** ਇਹ ਵੀ ਐਡੀਸ਼ਨ ਕਰ ਲਈ ਜਾਵੇ। ਹੁਣ ਤੁਸੀਂ ਅਮੈਂਡਮੈਂਟ ਮੂਵ ਕਰੋ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ -

ਇਸ ਮਤੇ ਦੇ ਅੰਤ ਵਿੱਚ ਇਹ ਵੀ ਜੋੜ ਦਿੱਤਾ ਜਾਵੇ -

"ਰਾਜ ਵਿੱਚ ਪਾਲੀਥੀਨ ਦੇ ਲਿਫਾਫਿਆਂ ਤੇ ਪਾਬੰਦੀ ਲਾਈ ਜਾਵੇ ਅਤੇ ਛੱਪੜਾਂ ਤੇ ਨਜਾਇਜ਼ ਕਬਜ਼ੇ ਹਟਾਉਣ ਵਾਸਤੇ ਸਖ਼ਤੀ ਨਾਲ ਕਾਨੂੰਨ ਬਣੇ ਅਤੇ ਉਸ ਤੇ ਅਮਲ ਕੀਤਾ ਜਾਵੇ।"

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ ਕਿ -

ਇਸ ਮਤੇ ਦੇ ਅੰਤ ਵਿੱਚ ਇਹ ਵੀ ਜੋੜ ਦਿੱਤਾ ਜਾਵੇ -

"ਰਾਜ ਵਿੱਚ ਪਾਲੀਥੀਨ ਦੇ ਲਿਫਾਫਿਆਂ ਤੇ ਪਾਬੰਦੀ ਲਾਈ ਜਾਵੇ ਅਤੇ ਛੱਪੜਾਂ ਤੇ ਨਜਾਇਜ਼ ਕਬਜ਼ੇ ਹਟਾਉਣ ਵਾਸਤੇ ਸਖ਼ਤੀ ਨਾਲ ਕਾਨੂੰਨ ਬਣੇ ਅਤੇ ਉਸ ਤੇ ਅਮਲ ਕੀਤਾ ਜਾਵੇ।"

**ਮਾਨਯੋਗ ਸਪੀਕਰ** : ਪ੍ਰਸ਼ਨ ਹੈ ਕਿ -

ਇਸ ਮਤੇ ਦੇ ਅੰਤ ਵਿੱਚ ਇਹ ਵੀ ਜੋੜ ਦਿੱਤਾ ਜਾਵੇ -

"ਰਾਜ ਵਿੱਚ ਪਾਲੀਥੀਨ ਦੇ ਲਿਫਾਫਿਆਂ ਤੇ ਪਾਬੰਦੀ ਲਾਈ ਜਾਵੇ ਅਤੇ ਛੱਪੜਾਂ ਤੇ ਨਜਾਇਜ਼ ਕਬਜ਼ੇ ਹਟਾਉਣ ਵਾਸਤੇ ਸਖ਼ਤੀ ਨਾਲ ਕਾਨੂੰਨ ਬਣੇ ਅਤੇ ਉਸ ਤੇ ਅਮਲ ਕੀਤਾ ਜਾਵੇ।"

ਪ੍ਰਸਤਾਵ ਸਰਬ-ਸੰਮਤੀ ਨਾਲ ਪ੍ਰਵਾਨ ਹੋਇਆ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ ਕਿ -

"ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਦਿਹਾਤੀ ਵਾਤਾਵਰਣ ਵਿੱਚ ਆ ਰਹੀ ਗਿਰਾਵਟ ਨੂੰ ਰੋਕਣ ਲਈ ਅਤੇ ਪਿੰਡਾਂ ਨੂੰ ਸਾਫ ਸੁਥਰਾ ਰੱਖਣ ਲਈ, ਪਿੰਡਾਂ ਦੇ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜ ਖੁਦਵਾ ਕੇ ਉਨ੍ਹਾਂ ਦਾ ਆਧੁਨਿਕ ਤਕਨੀਕਾਂ ਨਾਲ ਰੱਖ-ਰਖਾਵ ਕਰਨ ਲਈ ਤੁਰੰਤ ਅਤੇ ਸਥਾਈ ਕਦਮ ਚੁੱਕੇ ਜਾਣ ਅਤੇ ਰਾਜ ਵਿੱਚ ਪਾਲੀਥੀਨ ਦੇ ਲਿਫਾਫਿਆਂ ਤੇ ਪਾਬੰਦੀ ਲਾਈ ਜਾਵੇ ਅਤੇ ਛੱਪੜਾਂ ਤੇ ਨਜਾਇਜ਼ ਕਬਜ਼ੇ ਹਟਾਉਣ ਵਾਸਤੇ ਸਖ਼ਤੀ ਨਾਲ ਕਾਨੂੰਨ ਬਣੇ ਅਤੇ ਉਸ ਤੇ ਅਮਲ ਕੀਤਾ ਜਾਵੇ।"

ਸੋਧਿਆ ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

---

## (ii) RESOLUTION REG. RECOMMENDATION TO THE STATE GOVERNMENT TO TAKE SERIOUS STEPS AND MAKE AN APPROPRIATE LEGISLATION TO CHECK THE INCIDENTS OF SETTING ON FIRE THE WHEAT CHAFF, RICE HUSK AND THE STRAW ALONG THE CANALS OR ROADS IN THE STATE, WHICH RESULTS NOT ONLY IN ENVIRONMENTAL POLLUTION, BUT

Original with;
Punjab Vidhan Sabha
Digitized by;
Panjab Digital Library

**ALSO HAS AN ADVERSE IMPACT ON HUMANITY AND THE ENTIRE LIVING COMMUNITY**

**ਮਾਨਯੋਗ ਸਪੀਕਰ** : ਅਗਲਾ ਰੈਜ਼ੋਲਿਊਸ਼ਨ। ਸ਼੍ਰੀ ਅਨਿਲ ਜੋਸ਼ੀ, ਐਮ.ਐਲ.ਏ. ਮਤਾ ਪੇਸ਼ ਕਰਨਾ।

**ਸ਼੍ਰੀ ਅਨਿਲ ਜੋਸ਼ੀ** : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇੱਕ ਬਹੁਤ ਹੀ ਅਹਿਮ ਮਤਾ ਹਾਊਸ ਅੱਗੇ ਪੇਸ਼ ਕਰਨ ਦੀ ਇਜ਼ਾਜ਼ਤ ਦਿੱਤੀ ਹੈ।

ਮੈਂ ਪ੍ਰਸਤਾਵ ਕਰਦਾ ਹਾਂ ਕਿ :

"ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਵਿੱਚ ਕਣਕ ਅਤੇ ਝੋਨੇ ਦੀ ਫੱਕ ਨੂੰ ਅਤੇ ਨਹਿਰਾਂ ਅਤੇ ਸੜਕਾਂ ਦੇ ਕੰਢੇ ਲੱਗੀ ਘਾਹ ਨੂੰ ਅੱਗ ਲਾਉਣ ਤੇ ਰੋਕ ਲਈ ਕਦਮ ਚੁੱਕੇ ਜਾਣ ਅਤੇ ਇਸ ਸਬੰਧ ਵਿੱਚ ਕਾਨੂੰਨ ਬਣਾਏ ਜਾਣ ਤਾਂ ਕਿ ਇਸ ਦੇ ਸਿੱਟੇ ਵਜੋਂ ਨਾ ਕੇਵਲ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ, ਸਗੋਂ ਇਸ ਦਾ ਮਨੁੱਖਤਾ ਅਤੇ ਸਮੁੱਚੀ ਕੁਦਰਤ ਤੇ ਵੀ ਮਾੜਾ ਪ੍ਰਭਾਵ ਵੀ ਪੈਂਦਾ ਹੈ।"

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ ਕਿ -

"ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਵਿੱਚ ਕਣਕ ਅਤੇ ਝੋਨੇ ਦੀ ਫੱਕ ਨੂੰ ਅਤੇ ਨਹਿਰਾਂ ਅਤੇ ਸੜਕਾਂ ਦੇ ਕੰਢੇ ਲੱਗੀ ਘਾਹ ਨੂੰ ਅੱਗ ਲਾਉਣ ਤੇ ਰੋਕ ਲਈ ਕਦਮ ਚੁੱਕੇ ਜਾਣ ਅਤੇ ਇਸ ਸਬੰਧ ਵਿਚ ਕਾਨੂੰਨ ਬਣਾਏ ਜਾਣ ਤਾਂ ਕਿ ਇਸ ਦੇ ਸਿੱਟੇ ਵਜੋਂ ਨਾ ਕੇਵਲ ਵਾਤਾਵਰਣ ਦਾ ਪ੍ਰਦੂਸ਼ਣ ਹੁੰਦਾ ਹੈ, ਸਗੋਂ ਇਸ ਦਾ ਮਨੁੱਖਤਾ ਅਤੇ ਸਮੁੱਚੀ ਕੁਦਰਤ ਤੇ ਮਾੜਾ ਪ੍ਰਭਾਵ ਵੀ ਪੈਂਦਾ ਹੈ।"

ਬਹਿਸ, ਜੇ ਕੋਈ ਹੋਵੇ।

**ਸ਼੍ਰੀ ਅਨਿਲ ਜੋਸ਼ੀ (ਅੰਮ੍ਰਿਤਸਰ ਉੱਤਰੀ)** : ਸਪੀਕਰ ਸਾਹਿਬ, ਧੰਨਵਾਦ। ਅੱਜ ਜੋ ਇਹ ਮਤਾ ਪੇਸ਼ ਕੀਤਾ ਗਿਆ ਹੈ ਇਹ ਆਪਣੇ ਆਪ ਵਿੱਚ ਬਹੁਤ ਹੀ ਅਹਿਮੀਅਤ ਰੱਖਦਾ ਹੈ। ਅਜੋਕੇ ਹਾਲਾਤ ਵਿੱਚ ਜਦੋਂ ਕਿ ਪੰਜਾਬ ਖੇਤੀਬਾੜੀ ਵਿੱਚ ਬਹੁਤ ਅੱਗੇ ਹੈ ਅਤੇ ਪੰਜਾਬ ਹਿੰਦੁਸਤਾਨ ਦਾ ਅੰਨ ਦਾ ਭੰਡਾਰ ਵੀ ਹੈ। ਇਸ ਕਰਕੇ ਇਹ ਮਤਾ ਲਿਆਂਦਾ ਹੈ। ਜਦੋਂ ਕਣਕ ਦੀ ਵਢਾਈ ਹੁੰਦੀ ਹੈ, ਅੱਜਕੱਲ੍ਹ ਵਢਾਈ ਜ਼ਿਆਦਾ ਕਰਕੇ ਕੰਬਾਈਨਾਂ ਨਾਲ ਹੀ ਹੁੰਦੀ ਹੈ। ਇਸੇ ਤਰ੍ਹਾਂ ਝੋਨੇ ਦੀ ਕਟਾਈ ਵੀ ਜ਼ਿਆਦਾ ਕਰਕੇ ਕੰਬਾਈਨਾਂ ਨਾਲ ਹੀ ਹੋਣ ਲਗ ਪਈ ਹੈ। ਇਸ ਤਰ੍ਹਾਂ ਜਿਹੜਾ ਕਣਕ ਦਾ ਨਾੜ ਹੁੰਦਾ ਹੈ ਜਾਂ ਝੋਨੇ ਦੀ ਪਰਾਲੀ ਹੁੰਦੀ ਹੈ, ਉਸ ਨੂੰ ਸੜਕ ਦੇ ਕੰਢਿਆਂ ਤੇ ਅੱਗ ਲਗਾਈ ਜਾਂਦੀ ਹੈ। ਇਸ ਦੇ ਨਾਲ ਹੀ ਸੜਕਾਂ ਦੇ ਕਿਨਾਰਿਆਂ ਤੇ ਜਿਹੜਾ ਘਾਹ ਉੱਗਿਆ ਹੋਇਆ ਹੁੰਦਾ ਹੈ, ਖਾਸ ਕਰਕੇ ਕਾਂਗਰਸ ਘਾਹ। ਕਾਂਗਰਸ ਵਾਲੇ ਤਾਂ ਅੱਜ ਬੈਠੇ ਨਹੀਂ ਲੇਕਿਨ ਇਹ ਜਿਹੜਾ

Original with;
Punjab Vidhan Sabha
Digitized by;
Panjab Digital Library

ਕਾਂਗਰਸ ਘਾਹ ਹੁੰਦਾ ਹੈ, ਜਦੋਂ ਉਹ ਸੁੱਕਦਾ ਹੈ ਤਾਂ ਉਸ ਨੂੰ ਵੀ ਅੱਗ ਲਗਾ ਦਿੱਤੀ ਜਾਂਦੀ ਹੈ। ਇਸ ਦੇ ਨਾਲ ਅਸੀਂ ਇਹ ਵੀ ਵੇਖਦੇ ਹਾਂ ਜਦੋਂ ਬਾਗਾਂ ਜਾਂ ਪਾਰਕਾਂ ਵਿੱਚ ਪੱਤੇ ਸੁੱਕਦੇ ਹਨ ਤਾਂ ਉਨ੍ਹਾਂ ਨੂੰ ਵੀ ਇਕੱਠੇ ਕਰਕੇ ਸੌਖਾ ਕੰਮ ਕਰਦੇ ਹਾਂ ਤੇ ਉਨ੍ਹਾਂ ਨੂੰ ਵੀ ਅੱਗ ਲਗਾ ਦਿੱਤੀ ਜਾਂਦੀ ਹੈ। ਇਸ ਨਾਲ ਪ੍ਰਦੂਸ਼ਣ ਫੈਲਦਾ ਹੈ ਅਤੇ ਵਾਤਾਵਰਣ ਉਤੇ ਮਾੜਾ ਅਸਰ ਪੈਂਦਾ ਹੈ। ਇਹ ਬੜਾ ਵੱਡਾ ਮੁੱਦਾ ਹੈ। ਅੱਜ ਜਿਹੜੀ ਵੀ ਗੱਲ ਹੋਈ ਹੈ, ਉਹ ਪਾਣੀ ਤੇ ਹੀ ਹੋਈ ਹੈ। ਮੈਂ ਠੰਡਲ ਸਾਹਿਬ ਦਾ ਵੀ ਧੰਨਵਾਦੀ ਹਾਂ ਜਿੰਨ੍ਹਾਂ ਨੇ ਛੱਪੜਾਂ ਦਾ ਬੜਾ ਵੱਡਾ ਮੁੱਦਾ ਪੇਸ਼ ਕੀਤਾ। ਛੱਪੜਾਂ ਤੇ ਜਿਹੜੇ ਕਬਜ਼ੇ ਹੋਏ ਜਾਂ ਪਲਾਸਟਿਕ ਲਿਫਾਫਿਆਂ ਉਤੇ ਕਾਨੂੰਨ ਬਣਾ ਕੇ ਸਖਤੀ ਨਾਲ ਲਾਗੂ ਕਰਨ ਦਾ ਮਤਾ ਪਾਸ ਕੀਤਾ ਹੈ, ਉਸ ਲਈ ਵੀ ਮੈਂ ਠੰਡਲ ਸਾਹਿਬ ਸਮੇਤ ਸਾਰੇ ਹਾਊਸ ਦਾ ਧੰਨਵਾਦ ਕਰਦਾ ਹਾਂ। ਇਹ ਜਿਹੜਾ ਮਤਾ ਹੁਣ ਲਿਆਂਦਾ ਹੈ, ਇਹ ਵੀ ਬੜੀ ਬਹਿਸ ਦਾ ਮੁੱਦਾ ਹੈ। ਅੱਜ ਜਦੋਂ ਮੌਸਮ ਵਿਚ ਵਾਰ ਵਾਰ ਗਲੋਬਲ ਵਾਰਮਿੰਗ ਦੀ ਗੱਲ ਆਉਂਦੀ ਹੈ ਅਤੇ ਮੌਸਮ ਵਿੱਚ ਚੇਂਜ ਵੀ ਹੋ ਗਈ ਹੈ। ਬਰਸਾਤ ਵੀ ਪੂਰੀ ਨਹੀਂ ਹੁੰਦੀ। ਬਰਫ ਵੀ ਪਹਾੜਾਂ ਉਤੇ ਬੜੀ ਘੱਟ ਪਈ ਹੈ ਅਤੇ ਸਮੇਂ ਦੇ ਨਾਲ ਧਰਤੀ ਹੇਠਲਾ ਪਾਣੀ ਹੌਲੀ ਹੌਲੀ ਖਤਮ ਹੁੰਦਾ ਜਾ ਰਿਹਾ ਹੈ। ਅੱਜ ਜਿਹੜੀ ਨਾੜ ਨੂੰ ਅੱਗ ਲਗਾਉਂਦੇ ਹਨ, ਉਸ ਨਾਲ ਇਕ ਤਾਂ ਜ਼ਮੀਨ ਵਿਚਲਾ ਪਾਣੀ ਸੁੱਕਦਾ ਹੈ ਔਰ ਇਸ ਦੇ ਨਾਲ ਹੀ ਜਿਹੜੇ ਜ਼ਮੀਨ ਵਿੱਚ ਕੀੜੇ ਹਨ ਜਿਵੇਂ ਗੰਡੋਏ ਜਾਂ ਹੋਰ ਜਿਨ੍ਹਾਂ ਨੂੰ ਮਿੱਤਰ ਕੀੜੇ ਕਿਹਾ ਜਾਂਦਾ ਹੈ, ਉਹ ਮਰ ਜਾਂਦੇ ਹਨ। ਇਹ ਮਿੱਤਰ ਕੀੜੇ ਜ਼ਮੀਨ ਨੂੰ ਪੋਲੀ ਰੱਖਦੇ ਹਨ, ਜ਼ਮੀਨ ਵਿੱਚ ਹਵਾ ਜਾਂਦੀ ਹੈ। ਇਨ੍ਹਾਂ ਦੇ ਮਰਨ ਨਾਲ ਜ਼ਿਮੀਦਾਰਾਂ ਨੂੰ ਖੇਤੀਬਾੜੀ ਲਈ ਖੇਤਾਂ ਵਿੱਚ ਕੈਮੀਕਲ ਅਤੇ ਖਾਦ ਜ਼ਿਆਦਾ ਵਰਤਣੀ ਪੈਂਦੀ ਹੈ। ਇਸ ਤਰ੍ਹਾਂ ਕਿਸਾਨ ਦਾ ਖਰਚਾ ਵਧ ਜਾਂਦਾ ਹੈ। ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਵੀ ਮੈਂ ਇਸੇ ਮੁੱਦੇ ਤੇ ਰਹਾਂਗਾ ਕਿ ਜਿਹੜੀ ਕਣਕ ਦੇ ਨਾੜ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਈ ਜਾਂਦੀ ਹੈ, ਉਸ ਨਾਲ ਜਿਹੜਾ ਧੂੰਆਂ ਪੈਦਾ ਹੁੰਦਾ ਹੈ, ਉਹ ਧੂੰਆਂ ਵਾਤਾਵਰਣ ਵਿੱਚ ਲਗਾਤਾਰ ਕਈ ਕਈ ਦਿਨ ਨਹੀਂ ਹਟਦਾ। ਇਸ ਦੇ ਨਾਲ ਹੀ ਜੋ ਮੈਡੀਕਲ ਸਾਇੰਸ ਦਾ ਸਰਵੇਖਣ ਹੋਇਆ ਹੈ ਅਤੇ ਉਸ ਦੇ ਜੋ ਰਿਜ਼ਲਟ ਸਾਹਮਣੇ ਆਏ ਹਨ, ਉਨ੍ਹਾਂ ਮੁਤਾਬਿਕ ਸਾਹ ਦੀ ਪ੍ਰਾਬਲਮ ਖਾਸ ਕਰਕੇ ਬੱਚਿਆਂ ਨੂੰ ਜ਼ਿਆਦਾ ਹੁੰਦੀ ਹੈ। ਸਕਿਨ ਦੀ ਪ੍ਰਾਬਲਮ ਵਧਦੀ ਹੈ ਅਤੇ ਅਲਰਜੀ ਦੀ ਪ੍ਰਾਬਲਮ ਵਧਦੀ ਹੈ। ਇਨ੍ਹਾਂ ਨਾਲ ਬਹੁਤ ਜ਼ਿਆਦਾ ਨੁਕਸਾਨ ਹੋ ਰਿਹਾ ਹੈ। ਬੱਚੇ ਬਹੁਤ ਸੈਂਸਟਿਵ ਹੁੰਦੇ ਹਨ ਅਤੇ ਹਰੇਕ ਪੰਜਵੇਂ ਜਾਂ ਛੇਵੇਂ ਬੱਚੇ ਨੂੰ ਸਾਹ ਦੀ ਤਕਲੀਫ ਹੋ ਜਾਂਦੀ ਹੈ ਅਤੇ ਹਰੇਕ ਤੀਜੇ ਬੱਚੇ ਨੂੰ ਅਲਰਜੀ ਦੀ ਤਕਲੀਫ ਹੋ ਜਾਂਦੀ ਹੈ। ਇਹ ਮੈਡੀਕਲ ਸਾਇੰਸ ਦੇ ਸਰਵੇਖਣ ਹਨ। ਇਸਦੇ ਨਾਲ ਹੀ ਜਿਹੜਾ ਧੂੰਆਂ ਹੁੰਦਾ ਹੈ, ਉਸ ਦੇ ਨਾਲ ਬਹੁਤ ਐਕਸੀਡੈਂਟ ਵੀ ਹੁੰਦੇ ਹਨ। ਪਿੱਛੇ ਇਕ ਬਹੁਤ ਵੱਡਾ ਹਾਦਸਾ ਹੋਇਆ ਹੈ, ਮੇਰੇ ਕੋਲ ਪੂਰੇ ਫੈਕਟਸ ਤਾਂ ਨਹੀਂ ਪਰ ਇਕ ਐਸਾ ਦੁਖਾਂਤ ਵਾਪਰਿਆ ਕਿ ਇਕ ਗੱਡੀ ਨੂੰ ਅੱਗ ਲੱਗ ਗਈ ਸੀ। ਉਸ ਦੇ ਵਿੱਚ ਸਵਾਰੀਆਂ ਵੀ ਸਨ। ਸੜਕ ਦੇ ਕੋਲ ਅੱਗ ਲੱਗੀ ਹੋਈ ਸੀ ਅਤੇ ਜਦੋਂ

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਅਨਿਲ ਜੋਸ਼ੀ ]

ਉਹ ਗੱਡੀ ਕੋਲੋਂ ਲੰਘਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸਨੂੰ ਵੀ ਅੱਗ ਲਗ ਗਈ। ਜਦੋਂ ਨਾੜ ਨੂੰ ਪਰਾਲੀ ਨੂੰ ਜਾਂ ਸੜਕ ਦੇ ਕਿਨਾਰੇ ਤੇ ਘਾਹ ਨੂੰ ਅੱਗ ਲਗਾਈ ਜਾਂਦੀ ਹੈ ਤਾਂ ਉਸਦੇ ਨਾਲ ਸੜਕ ਦੇ ਕਿਨਾਰੇ ਲੱਗੇ ਦਰੱਖਤ ਜਿਹੜੇ ਹੁੰਦੇ ਹਨ, ਜੋ ਵਾਤਾਵਰਣ ਸ਼ੁੱਧ ਕਰਦੇ ਹਨ, ਪਰ ਉਨ੍ਹਾਂ ਨੂੰ ਵੀ ਅੱਗ ਲਗ ਜਾਂਦੀ ਹੈ। ਇਕ ਪਾਸੇ ਜਿਵੇਂ ਕਿ ਜੰਗਲਾਤ ਵਿਭਾਗ ਦੇ ਮੰਤਰੀ ਜੀ ਜੋ ਇੱਥੇ ਬੈਠੇ ਹਨ, ਉਨ੍ਹਾਂ ਨੇ ਦੱਸਿਆ ਹੈ ਕਿ ਕਿੰਨੇ ਬੂਟੇ ਉਹ ਹਰ ਸਾਲ ਲਗਾ ਰਹੇ ਹਨ ਅਤੇ ਦੂਜੇ ਪਾਸੇ ਬੂਟਿਆਂ ਨੂੰ ਵੀ ਅੱਗ ਸੜਕ ਦੇ ਕੰਢਿਆਂ ਤੇ ਲਗਦੀ ਹੈ ਅਤੇ ਉਹ ਸੜ ਜਾਂਦੇ ਹਨ। ਇਸਦੇ ਨਾਲ ਹਰ ਪਾਸੇ ਨੁਕਸਾਨ ਹੀ ਨੁਕਸਾਨ ਹੁੰਦਾ ਹੈ। ਇਹ ਜਿਹੜਾ ਮਤਾ ਹੈ ਉਸ ਤੇ ਬੜੀ ਲੰਮੀ ਬਹਿਸ ਦੀ ਜ਼ਰੂਰਤ ਹੈ ਕਿਉਂਕਿ ਇਹ ਜਿਹੜੀ ozone ਦੀ ਪਰਤ ਵਿੱਚ ਵੀ ਛੇਕ ਹੋ ਰਹੇ ਹਨ, ਇਸ ਦੇ ਨਾਲ ਵੀ ਵਾਤਾਵਰਣ ਵਿਗੜ ਰਿਹਾ ਹੈ। ਮੈਂ ਕਹਾਂਗਾ ਕਿ ਇਸ ਦੇ ਖਿਲਾਫ ਸਖ਼ਤੀ ਨਾਲ ਕਾਨੂੰਨ ਬਣਾਇਆ ਜਾਵੇ ਕਿਉਂਕਿ ਜਿਹੜੀ ਸਮੱਸਿਆ ਹੈ, ਇਸਦਾ ਐਗਰੀਕਲਚਰ ਨਾਲ ਸਬੰਧ ਹੈ। ਨਾੜਾਂ ਨੂੰ ਅੱਗ ਲਗਾਉਣੀ, ਪਰਾਲੀ ਨੂੰ ਅੱਗ ਲਗਾਉਣੀ, ਇਸ ਵਿਰੁੱਧ ਸਖ਼ਤੀ ਨਾਲ ਕਾਨੂੰਨ ਬਣਾਉਣਾ ਚਾਹੀਦਾ ਹੈ ਕਿਉਂਕਿ ਸਾਡੀ ਨੇਚਰ ਇਸ ਤਰ੍ਹਾਂ ਦੀ ਹੈ, ਸਾਡੀ ਸੋਚ ਇਸ ਤਰ੍ਹਾਂ ਦੀ ਹੈ ਕਿ ਸਖ਼ਤੀ ਤੋਂ ਬਿਨਾਂ ਗੱਲ ਨਹੀਂ ਬਣਦੀ। ਇਸ ਨੂੰ ਇਕ ਆਫੈਂਸ ਮੰਨਿਆ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸਾਡੀ ਐਗਰੀਕਲਚਰ ਯੂਨੀਵਰਸਿਟੀ ਹੈ ਅਤੇ ਹੋਰ ਜਿਹੜੇ ਰੀਲੇਟਿਡ ਵਿਭਾਗ ਹਨ, ਉਨ੍ਹਾਂ ਦੇ ਰਾਹੀਂ ਕਿਸਾਨਾਂ ਵਿੱਚ ਵੀ ਅਵੇਅਰਨੈਂਸ ਲਿਆਉਣੀ ਚਾਹੀਦੀ ਹੈ।

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਮਾਨਯੋਗ ਸਪੀਕਰ ਸਾਹਿਬ ਕਿਉਂਕਿ ਸਦਨ ਦੇ ਟਾਈਮ ਵਿੱਚ ਤਿੰਨ ਮਿੰਟ ਰਹਿ ਗਏ ਹਨ ਅਤੇ ਜੇ ਜੋਸ਼ੀ ਸਾਹਿਬ ਨੂੰ ਇਤਰਾਜ਼ ਨਾ ਹੋਵੇ ਤਾਂ ਇਹ ਜਿਹੜਾ ਮਤਾ ਲੈ ਕੇ ਆਏ ਹਨ, ਅਸੀਂ ਚਾਹੁੰਦੇ ਹਾਂ ਕਿ ਇਸ ਨੂੰ ਪਾਸ ਕਰ ਦਿੱਤਾ ਜਾਵੇ ਕਿਉਂਕਿ ਇਸ ਤੇ ਬਹਿਸ ਕਰਨ ਲਈ ਸਮਾਂ ਨਹੀਂ ਹੈ। ਪਿਛੇ ਕੈਲੀਫੋਰਨੀਆਂ ਵਾਲੇ ਵੀ "ਰਾਈਸ ਸਟਰਾਅ ਬਰਨਿੰਗ ਐਕਟ" ਲੈ ਕੇ ਆਏ ਹਨ ਅਤੇ ਜੋ ਪੰਜਾਬ ਦੀ ਅਸੈਂਬਲੀ ਇਹ ਮਤਾ ਪਾਸ ਕਰਦੀ ਹੈ ਅਤੇ ਪੰਜਾਬ ਸਰਕਾਰ ਇਹ ਕਾਨੂੰਨ ਬਣਾਉਂਦੀ ਹੈ ਤਾਂ ਇਸਦਾ ਫਰਕ ਇਕੱਲੇ ਪੰਜਾਬ ਵਿੱਚ ਨਹੀਂ ਪੈਣਾ ਕਿਉਂਕਿ ਜੇ ਪੰਜਾਬ ਇਸ ਸਬੰਧੀ ਕੋਈ ਕਦਮ ਚੁੱਕਦਾ ਹੈ ਤਾਂ ਸਾਰਾ ਹਿੰਦੁਸਤਾਨ ਸੁਣਦਾ ਹੈ ਅਤੇ ਇਸਦੇ ਨਾਲ ਸਿਰਫ ਪੰਜਾਬ ਦਾ ਭਲਾ ਹੀ ਨਹੀਂ ਹੋਵੇਗਾ ਬਲਕਿ ਰਾਈਸ ਸਟਰਾਅ ਬਰਨਿੰਗ ਤੋਂ ਨਿਊਜ਼ੀਲੈਂਡ, ਇੰਡੋਨੇਸ਼ੀਆ ਅਤੇ ਹੋਰ ਦੂਸਰੇ ਦੇਸ਼ ਜਿੱਥੇ-ਜਿੱਥੇ ਵੀ ਝੋਨਾ ਹੁੰਦਾ ਹੈ, ਲਾਭ ਹੋਵੇਗਾ। ਮੈਂ ਜੋਸ਼ੀ ਸਾਹਿਬ ਨੂੰ ਕਹਾਂਗਾ ਕਿ ਆਪਾਂ ਇਸ ਮਤੇ ਨੂੰ ਸਦਨ ਵਿੱਚ ਪਾਸ ਕਰਵਾ ਲਈਏ।

**ਸ਼੍ਰੀ ਅਨਿਲ ਜੋਸ਼ੀ** : ਸਪੀਕਰ ਸਾਹਿਬ, ਇਹ ਵਾਕਿਆ ਹੀ ਬੜਾ ਵਧੀਆ ਮਤਾ ਹੈ। ਮੇਰੀ ਬੇਨਤੀ ਹੈ ਕਿ ਇਸ ਨੂੰ ਪਾਸ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਪ੍ਰਸ਼ਨ ਹੈ ਕਿ -

"ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਵਿੱਚ ਕਣਕ ਅਤੇ ਝੋਨੇ ਦੀ ਫੱਕ ਨੂੰ ਅਤੇ ਨਹਿਰਾਂ ਅਤੇ ਸੜਕਾਂ ਦੇ ਕੰਢੇ ਲੱਗੀ ਘਾਹ ਨੂੰ ਅੱਗ ਲਾਉਣ ਤੇ ਰੋਕ ਲਈ ਕਦਮ ਚੁੱਕੇ ਜਾਣ ਅਤੇ ਇਸ ਸਬੰਧ ਵਿਚ ਕਾਨੂੰਨ ਬਣਾਏ ਜਾਣ ਤਾਂ ਕਿ ਇਸ ਦੇ ਸਿੱਟੇ ਵਜੋਂ ਨਾ ਕੇਵਲ ਵਾਤਾਵਰਣ ਦਾ ਪ੍ਰਦੂਸ਼ਣ ਹੁੰਦਾ ਹੈ, ਸਗੋਂ ਇਸ ਦਾ ਮਨੁੱਖਤਾ ਅਤੇ ਸਮੁੱਚੀ ਕੁਦਰਤ ਤੇ ਮਾੜਾ ਪ੍ਰਭਾਵ ਵੀ ਪੈਂਦਾ ਹੈ।"

**ਪ੍ਰਸਤਾਵ ਸਰਵ-ਸੰਮਤੀ ਨਾਲ ਪ੍ਰਵਾਨ ਹੋਇਆ।**

**ਮਾਨਯੋਗ ਸਪੀਕਰ** : ਹੁਣ ਸਦਨ, ਸ਼ੁਕਰਵਾਰ, 6 ਮਾਰਚ, 2009 ਦੇ 10.00 ਵਜੇ ਸਵੇਰੇ ਤੱਕ ਸਥੱਗਿਤ ਕੀਤਾ ਜਾਂਦਾ ਹੈ।

*2.30 ਵਜੇ ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਸ਼ੁਕਰਵਾਰ, 6 ਮਾਰਚ, 2009 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।)

---

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# APPENDIX
# TO
# PUNJAB VIDHAN SABHA DEBATES

Thursday, the 5th March, 2009

**Vol. VI – No. 3**

## UNSTARRED QUESTION AND ANSWER

## ਅਪ੍ਰਵਾਸੀ ਭਾਰਤੀਆਂ ਦੇ ਜਾਇਦਾਦ ਸਬੰਧੀ ਕੇਸ

179. **ਸਰਦਾਰ ਜਗਬੀਰ ਸਿੰਘ ਬਰਾੜ** : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਰਾਜ ਵਿੱਚ ਮਾਲ ਵਿਭਾਗ ਪਾਸ ਅਪ੍ਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਸਬੰਧੀ ਲੰਬਿਤ ਪਏ ਕੇਸਾਂ ਦੇ ਜ਼ਿਲ੍ਹਾ-ਵਾਰ ਵੇਰਵੇ ਕੀ ਹਨ?

(ਅ) ਕੀ ਅਪ੍ਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਸਬੰਧੀ ਕੇਸਾਂ ਨੂੰ ਨਿਸ਼ਚਿਤ ਸਮੇਂ ਵਿੱਚ ਨਿਪਟਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਅਜੀਤ ਸਿੰਘ ਕੋਹਾੜ (ਮਾਲ ਤੇ ਮੁੜ ਵਸੇਬਾ ਅਤੇ ਸੰਕਟ ਪ੍ਰਬੰਧ ਮੰਤਰੀ)** : (ੳ) ਰਾਜ ਵਿੱਚ ਮਾਲ ਵਿਭਾਗ ਪਾਸ ਪ੍ਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਸਬੰਧੀ ਲੰਬਿਤ ਪਏ ਕੇਸਾਂ ਦੇ ਜ਼ਿਲ੍ਹਾਵਾਰ ਵੇਰਵੇ ਅਨੁਲੱਗ1 ਤੇ ਹਨ।

(ਅ) ਪੰਜਾਬ ਸਰਕਾਰ ਦੇ ਮਾਲ ਅਤੇ ਪੁਨਰਵਾਸ ਵਿਭਾਗ ਵੱਲੋਂ ਪੰਜਾਬ ਲੈਂਡ ਰੈਵੀਨਿਊ ਐਕਟ, 1887 (ਐਕਟ ਨੰਬਰ XVII of 1887) ਦੀ ਧਾਰਾ 27 ਤਹਿਤ ਪੰਜਾਬ ਰਾਜ ਵਿੱਚ ਸਮੂਹ ਜ਼ਿਲ੍ਹਾ ਮਾਲ ਅਫਸਰਾਂ ਨੂੰ ਸਹਾਇਕ ਕੁਲੈਕਟਰ ਦਰਜਾ ਅੱਵਲ ਦੀਆਂ ਸ਼ਕਤੀਆ ਪ੍ਰਵਾਸੀ ਭਾਰਤੀਆਂ ਦੇ ਤਕਸੀਮ, ਅਨਰਜਿਸਟਰਡ Wills ਦੇ ਅਧਾਰ ਤੇ ਝਗੜੇ ਵਾਲੇ ਅਤੇ ਬਿਨਾਂ ਝਗੜੇ ਵਾਲੇ ਇੰਤਕਾਲ ਅਤੇ ਖਸਰਾ ਗਿਰਦਾਵਰੀ ਦੇ ਕੇਸਾਂ ਦਾ ਸ਼ੀਘਰ ਨਿਪਟਾਰਾ ਕਰਨ ਲਈ ਅਧਿਸੂਚਨਾ ਨੰਬਰ ਐਸ.ਓ. 88/ਪੀ.ਏ. 17/1887/ਐਸ.27/2008 ਮਿਤੀ 1-12-2008 ਰਾਹੀਂ ਸੌਂਪੀਆਂ ਗਈਆਂ ਹਨ।

ਉਪਰੋਕਤ ਤੋਂ ਇਲਾਵਾ ਅਧਿਸੂਚਨਾ ਨੰ: ਐਸ.ਓ. 49/ਪੀ.ਏ. 16/1887/ਐਸ. 105/2006 ਮਿਤੀ 16 ਨਵੰਬਰ, 2006 ਰਾਹੀਂ ਜਲੰਧਰ, ਹੁਸ਼ਿਆਰਪੁਰ, ਮੋਗਾ ਅਤੇ ਨਵਾਂ ਸ਼ਹਿਰ ਦੇ ਜ਼ਿਲ੍ਹਾ ਮਾਲ ਅਫਸਰਾਂ ਨੂੰ ਸਹਾਇਕ ਕੁਲੈਕਟਰ ਦਰਜਾ ਅੱਵਲ ਦੀਆਂ ਸ਼ਕਤੀਆਂ ਪੰਜਾਬ ਟੈਨੈਂਸੀ ਐਕਟ, 1887 (ਪੰਜਾਬ ਐਕਟ ਨੰ: 16 ਆਫ 1887) ਦੀ

Original with;
Punjab Vidhan Sabha
Digitized by;
Panjab Digital Library

ਧਾਰਾ 105 ਤਹਿਤ ਪ੍ਰਵਾਸੀ ਭਾਰਤੀਆਂ ਦੇ ਕੇਸਾਂ ਦਾ ਫੈਸਲਾ ਕਰਨ ਹਿੱਤ ਉਪਰੋਕਤ ਐਕਟ ਦੀ ਧਾਰਾ 77 ਦੀ ਸਬ ਧਾਰਾ 3 ਤਹਿਤ ਸੌਂਪੀਆਂ ਗਈਆਂ ਸਨ। ਉਪਰੋਕਤ ਅਧਿਸੂਚਨਾ ਨੰਬਰ ਐਸ.ਓ. 49/ਏ.16/1887/ਐਸ. 105/2006 ਮਿਤੀ 16 ਨਵੰਬਰ, 2006 ਨੂੰ ਸੁਪਰਸੀਡ ਕਰਕੇ ਹੁਣ ਇਹ ਸ਼ਕਤੀਆਂ ਅਧਿਸੂਚਨਾ ਐਸ.ਓ./ਪੀ.ਏ. 16/ 1887/ਐਸ. 105/2009 ਮਿਤੀ 9 ਅਪ੍ਰੈਲ, 2009 ਰਾਹੀਂ ਰਾਜ ਦੇ ਸਮੂਹ ਜ਼ਿਲ੍ਹਾ ਮਾਲ ਅਫਸਰਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ।

## ਅਨੁਲੱਗ - 1

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਲੰਬਿਤ ਕੇਸਾਂ ਦੀ ਗਿਣਤੀ |
|---|---|---|
| 1 | 2 | 3 |
| 1. | ਫਰੀਦਕੋਟ | ਨਿਲ |
| 2. | ਮਾਨਸਾ | ਨਿਲ |
| 3. | ਬਠਿੰਡਾ | ਨਿਲ |
| 4. | ਫਿਰੋਜ਼ਪੁਰ | 10 |
| 5. | ਮੋਗਾ | ਨਿਲ |
| 6. | ਮੁਕਤਸਰ | ਨਿਲ |
| 7. | ਅੰਮ੍ਰਿਤਸਰ | 7 |
| 8. | ਜਲੰਧਰ | 147 |
| 9. | ਹੁਸ਼ਿਆਰਪੁਰ | 2 |
| 10. | ਗੁਰਦਾਸਪੁਰ | 2 |
| 11. | ਕਪੂਰਥਲਾ | 15 |
| 12. | ਨਵਾਂ ਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) | 2 |
| 13. | ਤਰਨਤਾਰਨ | ਨਿਲ |
| 14. | ਫਤਿਹਗੜ੍ਹ ਸਾਹਿਬ | ਨਿਲ |
| 15. | ਬਰਨਾਲਾ | ਨਿਲ |
| 16. | ਲੁਧਿਆਣਾ | 2 |
| 17. | ਐਸ.ਏ.ਐਸ. ਨਗਰ | 2 |
| 18. | ਪਟਿਆਲਾ | ਨਿਲ |
| 19. | ਸੰਗਰੂਰ | ਨਿਲ |
| 20. | ਰੂਪ ਨਗਰ | ਨਿਲ |
| | ਕੁੱਲ | 189 |

Original with;
Punjab Vidhan Sabha
Digitized by;
Panjab Digital Library

PUNJAB GOVT. GAZ. (EXTRA), DECEMBER 3, 2008
(AGHN 12, 1930 SAKA)

**GOVERNMENT OF PUNJAB**

DEPARTMENT OF REVENUE AND REHABILITATION

(LAND REVENUE BRANCH)

**Notification**

The 1st Decemebr, 2008

**No. S.O.88/P.A.17/1887/S.27/2008.**–In exercise of the powers conferred by section 27 of the Punjab Land Revenue Act, 1887 (Act No. XVII of 1887) and all other powers enabling him in this behalf, the Governor of Punjab is pleased to confer the powers of Assistant Collector of the First Grade upon all the District Revenue Officers in the State of Punjab in their respective districts to decide the cases of partition, contested and uncontested mutations on the basis of unregistered Wills and cases pertaining to Khasra Girdawaries under the provisions of the aforesaid Act where Non-Resident Indians are petitioners, for the Speedy disposal of their cases.

ROMILA DUBEY,
Financial Commissioner, Revenue
and Secretary to Government of Punjab,
Department of Revenue and Rehabilitation

PUNJAB GOVT. GAZ. (EXTRA), NOV 17, 2006
(KRTK 26, 1928 SAKA)

**GOVERNMENT OF PUNJAB**

DEPARTMENT OF REVENUE AND REHABILITATION

(AGRARIAN REFORMS BRANCH)

**Notification**

The 16th November, 2006

**No. S.O.49/P.A.16/1887/S.105/2006.**–In exercise of the powers conferred by section 105 of the Punjab Tenancy Act, 1887 (Punjab Act

Original with;
Punjab Vidhan Sabha
Digitized by;
Panjab Digital Library

No. 16 of 1887) and all other powers enabling him in this behalf, the Governor of Punjab is pleased to confer the powers of Assistant Collector 1st Grade upon officers as given under column No. 2 of the Table, to decide the suits of Non-Resident Indians under sub-section (3) of section 77 of the Act in respect of the areas as given under column No. 3 of the Table, namely :–

TABLE

| Serial No. | Designation of the Officer | Area of disposal of Cases |
|---|---|---|
| 1 | 2 | 3 |
| 1. | District Revenue Officer, Jalandhar | Jalandhar, Amritsar, Kapurthala, Ludhiana and Tarn Taran. |
| 2. | District Revenue Officer, Hoshiarpur | Hoshiarpur, Gurdaspur. |
| 3. | District Revenue Officer, Moga | Moga, Mukatsar, Faridkot, Bhatinda, Mansa, Sangrur and Ferozepur. |
| 4. | District Revenue Officer, Nawanshahar | Nawan Shahar, Ropar, Patiala, Fatehgarh Sahib and S.A.S. Nagar. |

K.K. BHATNAGAR,
Financial Commissioner, Revenue
and Secretary to Government of Punjab,
Department of Revenue and Rehabilitation

## GOVERNMENT OF PUNJAB
## DEPARTMENT OF REVENUE AND REHABILITATION
## (AGRARIAN REFORMS BRANCH)

## NOTIFICATION

The 9th April, 2009

**No. S.O./P.A.16/1887/S.105/2009.**–In supersession of the Government of Punjab, Department of Revenue and Rehabilitation (Agrarian Reforms Branch), Notification No. S.O.49/P.A.16/1887/S.105/

Original with;
Punjab Vidhan Sabha
Digitized by;
Panjab Digital Library

2006, dated the 16th November, 2006 and in exercise of the powers conferred by section 105 of the Punjab Tenancy Act, 1887 (Punjab Act No. 16 of 1887), and all other powers enabling him in this behalf, the Governor of Punjab is pleased to confer the powers of the Assistant Collector 1st grade upon all the District Revenue Officers to decide the suits of Non-Resident Indian mentioned in second and third group of sub section (3) of section 77 of the said Act within their respective districts.

ROMILA DUBEY,
Financial Commissioner, Revenue
and Secretary to Government of Punjab,
Department of Revenue and Rehabilitation

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©2009

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/6659/05-2009(1)

*Original with;*
Punjab Vidhan Sabha
*Digitized by;*
Panjab Digital Library

# PUNJAB VIDHAN SABHA
# DEBATES

*Friday, the 6th March, 2009*

**Vol. VI - No. 4**

OFFICIAL REPORT

CONTENTS

| | | Page |
|---|---|---|
| Starred Questions and Answers | .. | (4) 1 |
| Unstarred Questions and Answers | .. | (4) 23 |
| Matters raised during Zero Hour and Statements by the Ministers thereon | .. | (4) 34 |
| Appeal to the Opposition by the Chief Minister | .. | (4) 36 |
| Matters raised during Zero Hour and Statements by the Ministers thereon *(Resumption)* | .. | (4) 37 |
| Presentation of the Reports of the Committees | .. | (4) 40 |
| Resumption of Discussion on Governor's Address | .. | (4) 41 |
| Presentation of the Second Report of the Business Advisory Committee | .. | (4) 51 |
| Discussion on Governor's Address *(Resumption)* | .. | (4) 52 |
| Appendix | .. | (i) |

**Punjab Vidhan Sabha Secretariat, Chandigarh**

**Price : Rs.**

*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

## PUNJAB VIDHAN SABHA

*Friday, the 6th March, 2009*

***The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Sardar Nirmal Singh Kahlon) in the Chair.***

---

### STARRED QUESTIONS AND ANSWERS

### ਬੰਗਾ ਕਸਬੇ ਵਿੱਚ ਸੀਵਰੇਜ ਵਿਛਾਉਣਾ

***898. ਸਰਦਾਰ ਮੋਹਨ ਲਾਲ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬੰਗਾ ਵਿੱਚ ਗੜ੍ਹਸ਼ੰਕਰ ਸੜਕ ਤੋਂ ਗੁਰਦੁਆਰਾ ਚਰਨ ਕਮਲ ਤੱਕ ਸੀਵਰੇਜ ਵਿਛਾਉਣ ਸਬੰਧੀ ਕੰਮ ਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਤਿਕਸ਼ਨ ਸੂਦ (ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ) :** ਗੜ੍ਹਸ਼ੰਕਰ ਸੜਕ ਤੋਂ ਗੁਰਦੁਆਰਾ ਚਰਨ ਕਮਲ ਤੱਕ ਸੀਵਰੇਜ ਵਿਛਾਉਣ ਲਈ ਨਾ ਤਾਂ ਕੋਈ ਤਖਮੀਨਾ ਹੀ ਬਣਿਆ ਹੈ ਅਤੇ ਨਾ ਹੀ ਇਸ ਕੰਮ ਲਈ ਕੋਈ ਫੰਡਜ਼ ਉਪਲਬਧ ਹਨ।

**ਸਰਦਾਰ ਮੋਹਨ ਲਾਲ ਸਿੰਘ :** ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਗੜ੍ਹਸ਼ੰਕਰ ਤੋਂ ਗੁਰਦੁਆਰਾ ਚਰਨ ਕੰਵਲ ਸਾਹਿਬ ਤੱਕ ਜੋ ਸੀਵਰੇਜ ਪੈਣਾ ਹੈ, ਉਸ ਦਾ ਤਖਮੀਨਾ ਨਹੀਂ ਤਿਆਰ ਕੀਤਾ ਗਿਆ ਅਤੇ ਨਾ ਹੀ ਫੰਡਜ਼ ਉਪਲਬਧ ਹਨ। ਸਪੀਕਰ ਸਾਹਿਬ, ਸਾਡੇ ਮਾਨਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਪਿਛਲੇ ਦਿਨੀਂ ਦੋ ਕਰੋੜ ਰੁਪਿਆ ਬੰਗਾ ਸ਼ਹਿਰ ਦੇ ਵਿਕਾਸ ਵਾਸਤੇ ਦਿੱਤਾ ਸੀ ਪਰ ਬੜੇ ਦੁੱਖ ਤੇ ਅਫਸੋਸ ਦੀ ਗੱਲ ਹੈ ਕਿ ਮਹਿਕਮੇ ਦੀ ਅਣਗਹਿਲੀ ਕਾਰਨ ਸਾਡਾ ਏਰੀਆ ਪਛੜਿਆ ਪਿਆ ਹੈ ਔਰ ਇੱਥੋਂ ਤੱਕ ਕਿ ਇਸ ਕੰਮ ਸੰਬੰਧੀ ਤਖਮੀਨਾ ਵੀ ਤਿਆਰ ਨਹੀਂ ਕੀਤਾ ਗਿਆ। ਮੈਂ ਬੇਨਤੀ ਕਰਦਾ ਹਾਂ ਕਿ ਜਿੱਥੇ ਸੀਵਰੇਜ ਪੈਣਾ ਹੈ, ਉਸ ਰੋਡ ਤੇ ਗੁਰਦੁਆਰਾ ਚਰਨ ਕੰਵਲ ਸਾਹਿਬ, ਜਿਸ ਨੂੰ ਗੁਰੂ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਹੈ, ਔਰ ਇਸ ਤੇ ਲੜਕਿਆਂ ਦਾ ਕਾਲਜ ਹੈ, ਗੁਰੂ ਨਾਨਕ ਕਾਲਜ ਲੜਕੀਆਂ ਦਾ ਹੈ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੈ ਜਿੱਥੇ ਸਾਰੇ ਸ਼ਹਿਰ ਦੇ ਬੱਚੇ ਪੜ੍ਹਦੇ ਹਨ ਔਰ ਵਾਰਡ ਨੰ: 9 ਵੀ ਇੱਥੇ ਪੈਂਦੀ ਹੈ ਪਰ ਇਸ ਪਾਸੇ ਸੀਵਰੇਜ ਪਾਉਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਚਾਲੂ ਮਾਲੀ ਸਾਲ ਦੌਰਾਨ ਇਹ ਸੀਵਰੇਜ ਪਾ ਦਿੱਤਾ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਗੜ੍ਹਸ਼ੰਕਰ ਤੋਂ ਗੁਰਦੁਆਰਾ ਚਰਨ ਕੰਵਲ, ਬੰਗਾ ਤੱਕ ਵੱਖ-ਵੱਖ ਥਾਵਾਂ ਵਿਚ 1100 ਮੀਟਰ ਤੱਕ ਸੀਵਰ ਪਾਉਣ ਦੀ ਜ਼ਰੂਰਤ ਹੈ ਜਿਸ ਲਈ 67 ਲੱਖ ਰੁਪਏ ਚਾਹੀਦੇ ਹਨ। ਸਪੀਕਰ ਸਾਹਿਬ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਪਹਿਲੀ ਸਰਕਾਰ ਹੈ ਜਿਸ ਨੇ ਸ਼ਹਿਰਾਂ ਦੇ ਵਿਕਾਸ ਵਾਸਤੇ ਖੁੱਲ੍ਹੇ ਫੰਡਜ਼

*Original with;*
Punjab Vidhan Sabha
*Digitized by;*
Panjab Digital Library

**[ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ]**

ਦਿੱਤੇ ਹਨ ਔਰ ਮੈਂਬਰ ਸਾਹਿਬ ਨੇ ਖੁਦ ਹਾਊਸ ਵਿਚ ਮੰਨਿਆ ਹੈ ਕਿ ਦੋ ਕਰੋੜ ਰੁਪਿਆ ਬੰਗੇ ਦੀ ਨਗਰ ਕੌਂਸਲ ਨੂੰ ਦਿੱਤੇ ਗਏ ਹਨ। ਇਹ 'ਬੀ' ਕਲਾਸ ਨਗਰ ਕੌਂਸਲ ਹੈ। ਉਥੇ ਲੋਕਲ ਨਗਰ ਕੌਂਸਲ ਨੇ ਆਪਣੇ ਹਿਸਾਬ ਨਾਲ ਪ੍ਰਾਇਰਟੀ ਤੇ ਕੰਮ ਦੇਖਣੇ ਹਨ। ਇਹ ਪੈਸੇ ਡਿਵੈਲਪਮੈਂਟ ਵਾਸਤੇ ਹਨ। ਅਗਰ ਇਹ ਕੰਮ ਟਾਪ ਪ੍ਰਾਇਰਟੀ ਦਾ ਹੈ ਤਾਂ ਇਹ ਕੰਮ ਦੋ ਕਰੋੜ ਰੁਪਏ ਦੀ ਗਰਾਂਟ ਵਿਚੋਂ ਆਸਾਨੀ ਨਾਲ ਕਰਵਾਇਆ ਜਾ ਸਕਦਾ ਹੈ। ਜੇ ਹੁਣ ਵੀ ਇਹ ਚਾਹੁਣ ਤਾਂ ਇਹ ਇਸ ਕੰਮ ਨੂੰ ਟਾਪ ਪ੍ਰਾਇਰਟੀ ਦੇ ਸਕਦੇ ਹਨ। ਜਦੋਂ ਵਿਭਾਗ ਕੋਲ ਇਸ ਬਾਰੇ ਕੋਈ ਪਰਮਿਸ਼ਨ ਦੀ ਗੱਲ ਆਵੇਗੀ ਤਾਂ ਤੁਰੰਤ ਪਰਮਿਸ਼ਨ ਦੇ ਦਿੱਤੀ ਜਾਵੇਗੀ। ਮੈਂ ਸਮਝਦਾ ਹਾਂ ਕਿ ਫੰਡਜ਼ ਕਾਫੀ ਹਨ ਅਤੇ ਹੋਰ ਕੰਮ ਵੀ ਪੂਰੇ ਹੋ ਜਾਣਗੇ। ਇਹ ਇਨ੍ਹਾਂ ਤੇ ਡਿਪੈਂਡ ਕਰਦਾ ਹੈ ਕਿ ਕਿਸ ਕੰਮ ਨੂੰ ਪ੍ਰਾਇਰਟੀ ਦੇ ਕੇ ਕਰਵਾਉਣਾ ਹੈ ਜਾਂ ਕਿਸ ਕੰਮ ਨੂੰ ਬਾਅਦ ਵਿਚ ਕਰਵਾਉਣਾ ਹੈ।

---

## ਨਿਆਇਕ ਹਿਰਾਸਤ ਵਿਚ ਰਹੇ ਅਧਿਕਾਰੀ/ਕਰਮਚਾਰੀ

***876. ਡਾਕਟਰ ਦਲਬੀਰ ਸਿੰਘ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 2008 ਦੌਰਾਨ ਵੱਖ-ਵੱਖ ਕੇਸਾਂ ਵਿਚ ਨਿਆਇਕ ਹਿਰਾਸਤ ਵਿੱਚ ਰਹੇ ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਦੇ ਨਾਂ ਕੀ-ਕੀ ਹਨ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਾਰੇ ਅਧਿਕਾਰੀਆਂ/ਕਰਮਚਾਰੀਆਂ ਨੂੰ ਸਰਕਾਰੀ ਹਦਾਇਤਾਂ ਅਨੁਸਾਰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਸ਼੍ਰੀਮਾਨ ਜੀ—

(ੳ) ਸਾਲ 2008 ਦੌਰਾਨ ਵੱਖ-ਵੱਖ ਕੇਸਾਂ ਵਿਚ ਨਿਆਇਕ ਹਿਰਾਸਤ ਵਿੱਚ ਰਹੇ ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਦੇ ਨਾਂ ਅਨੁਲੱਗ 'ਕ' ਵਿੱਚ ਦਰਜ ਕੀਤੇ ਗਏ ਹਨ ।

(ਅ) ਹਾਂ ਜੀ। ਵੇਰਵੇ ਅਨੁਲੱਗ 'ਖ' ਵਿਚ ਦਿੱਤੇ ਗਏ ਹਨ।

### ਅਨੁਲੱਗ-ਕ

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਪੰਜਾਬ ਵਿੱਚ ਸਾਲ 2008 ਦੌਰਾਨ ਨਿਆਇਕ ਹਿਰਾਸਤ ਵਿੱਚ ਰਹੇ ਅਧਿਕਾਰੀਆਂ/ਕਰਮਚਾਰੀਆਂ ਦੇ ਨਾਂ :—

| ਲੜੀ ਨੰ: | ਅਧਿਕਾਰੀਆਂ/ਕਰਮਚਾਰੀਆਂ ਦੇ ਨਾਂ ਅਤੇ ਅਹੁਦਾ |
|---|---|
| | ਸਰਵ/ਸ਼੍ਰੀ/ਸ਼੍ਰੀਮਤੀ— |
| 1 | ਮਹਿੰਦਰ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਫਤਿਹਗੜ੍ਹ ਸਾਹਿਬ |
| 2 | ਸੁਖਪਾਲ ਸਿੰਘ, ਉਪ ਮੰਡਲ ਅਫਸਰ, ਪੰਚਾਇਤੀ ਰਾਜ, ਤਲਵੰਡੀ ਸਾਬੋ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਅਧਿਕਾਰੀਆਂ/ਕਰਮਚਾਰੀਆਂ ਦੇ ਨਾਂ ਅਤੇ ਅਹੁਦਾ |
|---|---|
| | ਸਰਵ/ਸ਼੍ਰੀ/ਸ਼੍ਰੀਮਤੀ— |
| 3 | ਸੁਰਿੰਦਰ ਸਿੰਘ ਢਿੱਲੋਂ, ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਪਾਤੜਾਂ |
| 4 | ਮਨੋਜ ਕੁਮਾਰ, ਸਮਾਜਿਕ ਸਿੱਖਿਆ ਤੇ ਪੰਚਾਇਤ ਅਫਸਰ (ਚਾਰਜ ਬੀ.ਡੀ.ਪੀ.ਓ.) ਸੁਧਾਰ |
| 5 | ਭੁਪਿੰਦਰ ਸਿੰਘ ਪਾਲੀ, ਸੁਪਰਡੰਟ ਗਰੇਡ-2, ਜ਼ਿਲ੍ਹਾ ਪ੍ਰੀਸ਼ਦ, ਫਰੀਦਕੋਟ |
| 6 | ਸਰਵਨ ਸਿੰਘ, ਜੂਨੀਅਰ ਇੰਜੀਨੀਅਰ, ਪੰਚਾਇਤੀ ਰਾਜ |
| 7 | ਜਸਪ੍ਰੀਤ ਸਿੰਘ, ਐਸ.ਈ.ਪੀ.ਓ. (ਬੀ.ਡੀ.ਪੀ.ਓ.) |
| 8 | ਨਿਰਮਲ ਸਿੰਘ, ਗਰਾਮ ਸੇਵਕ |
| 9 | ਹਰਪ੍ਰੀਤ ਸਿੰਘ, ਗਰਾਮ ਸੇਵਕ |
| 10 | ਦਰਸ਼ਨ ਸਿੰਘ, ਪੰਚਾਇਤ ਸਕੱਤਰ, ਬਲਾਕ ਧੂਰੀ |
| 11 | ਨਰਿੰਦਰ ਸਿੰਘ, ਪੰਚਾਇਤ ਸਕੱਤਰ, ਬਲਾਕ ਪਠਾਨਕੋਟ |
| 12 | ਹਰਮੇਸ਼ ਲਾਲ, ਸੇਵਾਦਾਰ, ਪੰਚਾਇਤੀ ਰਾਜ |

## ਅਨੁਲੱਗ-ਖ

ਸਾਲ 2008 ਦੌਰਾਨ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਨਿਆਇਕ ਹਿਰਾਸਤ ਵਿਚ ਲਿਆ ਸੀ ਅਤੇ ਉਨ੍ਹਾਂ ਨੂੰ ਮੁਅੱਤਲ ਕੀਤਾ ਗਿਆ ਸੀ, ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ :—

| ਲੜੀ ਨੰ: | ਨਾਂ ਅਤੇ ਅਹੁਦਾ | ਗ੍ਰਿਫਤਾਰੀ ਦੀ ਤਾਰੀਖ | ਮੁਅੱਤਲ ਕੀਤਾ ਕਿ ਨਹੀਂ | ਸਮਾਇਤ ਮਨਜ਼ੂਰੀ ਦੀ ਸਥਿਤੀ |
|---|---|---|---|---|
| | ਸਰਵ/ਸ਼੍ਰੀ/ਸ਼੍ਰੀਮਤੀ— | | | |
| 1 | ਮਹਿੰਦਰ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਫਤਿਹਗੜ੍ਹ ਸਾਹਿਬ | 21.1.2008 | ਹਾਂ ਜੀ | ਚੌਕਸੀ ਵਿਭਾਗ ਵੱਲੋਂ ਮੰਗੀ ਸਮਾਇਤ ਮਨਜ਼ੂਰੀ ਵਿਚਾਰ ਅਧੀਨ ਹੈ। |
| 2 | ਸੁਖਪਾਲ ਸਿੰਘ, ਐਸ.ਡੀ.ਓ., ਪੰਚਾਇਤੀ ਰਾਜ, ਤਲਵੰਡੀ ਸਾਬੋ | 20.1.2008 | ਹਾਂ ਜੀ | ਚੌਕਸੀ ਵਿਭਾਗ ਵੱਲੋਂ ਮੰਗੀ ਸਮਾਇਤ ਮਨਜ਼ੂਰੀ ਵਿਚਾਰ ਅਧੀਨ ਹੈ। |
| 3 | ਸੁਰਿੰਦਰ ਸਿੰਘ ਢਿੱਲੋਂ, ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਪਾਤੜਾਂ | 19.12.2007 | ਹਾਂ ਜੀ | ਚੌਕਸੀ ਵਿਭਾਗ ਨੇ ਕੇਸ ਮੁੜ ਵਿਚਾਰਨ ਉਪਰੰਤ ਅਦਾਲਤ ਵਿੱਚ ਆਦਮਪਤਾ ਰਿਪੋਰਟ ਪੇਸ਼ ਕੀਤੀ। ਅਦਾਲਤ ਵੱਲੋਂ ਮਾਮਲਾ ਦਾਖਲ ਦਫਤਰ ਕਰ ਦਿੱਤਾ ਗਿਆ। |

Original with;
Punjab Vidhan Sabha
Digitized by;
Panjab Digital Library

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

| ਲੜੀ ਨੰ: | ਨਾਂ ਅਤੇ ਅਹੁਦਾ | ਗ੍ਰਿਫਤਾਰੀ ਦੀ ਤਾਰੀਖ | ਮੁਅੱਤਲ ਕੀਤਾ ਕਿ ਨਹੀਂ | ਸਮਾਇਤ ਮਨਜ਼ੂਰੀ ਦੀ ਸਥਿਤੀ |
|---|---|---|---|---|
| | ਸਰਵ/ਸ਼੍ਰੀ/ਸ਼੍ਰੀਮਤੀ— | | | |
| 4 | ਮਨੋਜ ਕੁਮਾਰ ਢੰਡ, ਐਸ.ਈ.ਪੀ.ਓ. ਚਾਰਜ ਬੀ.ਡੀ.ਪੀ.ਓ. ਸੁਧਾਰ | 26-6-2008 | ਹਾਂ ਜੀ | ਚੌਕਸੀ ਵਿਭਾਗ ਵੱਲੋਂ ਸਮਾਇਤ ਮਨਜ਼ੂਰੀ ਦੀ ਮੰਗ ਨਹੀਂ ਕੀਤੀ ਗਈ। |
| 5 | ਭੁਪਿੰਦਰ ਸਿੰਘ ਪਾਲੀ, ਸੁਪਰਡੰਟ ਗਰੇਡ-2, ਜ਼ਿਲ੍ਹਾ ਪ੍ਰੀਸ਼ਦ, ਫਰੀਦਕੋਟ | 6-12-2008 | ਹਾਂ ਜੀ | ਚੌਕਸੀ ਵਿਭਾਗ ਵੱਲੋਂ ਸਮਾਇਤ ਮਨਜ਼ੂਰੀ ਦੀ ਮੰਗ ਨਹੀਂ ਕੀਤੀ ਗਈ। |
| 6 | ਸਰਵਨ ਸਿੰਘ, ਜੂਨੀਅਰ ਇੰਜੀਨੀਅਰ, ਪੰਚਾਇਤੀ ਰਾਜ | 3-12-07 ਤੋਂ ਮਿਤੀ 22-2-08 ਤੱਕ ਨਿਆਇਕ ਹਿਰਾਸਤ ਵਿੱਚ ਰਿਹਾ | ਹਾਂ ਜੀ | ਚੌਕਸੀ ਵਿਭਾਗ ਨੂੰ ਸਮਾਇਤ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ। |
| 7 | ਜਸਪ੍ਰੀਤ ਸਿੰਘ, ਐਸ.ਈ.ਪੀ.ਓ., (ਬੀ.ਡੀ.ਪੀ.ਓ. ਪੱਖੋਵਾਲ) | 3-12-2007 | ਹਾਂ ਜੀ | ਚੌਕਸੀ ਵਿਭਾਗ ਨੂੰ ਸਮਾਇਤ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ। |
| 8 | ਨਿਰਮਲ ਸਿੰਘ, ਗ੍ਰਾਮ ਸੇਵਕ, ਬਲਾਕ ਪੱਖੋਵਾਲ | 3-12-2007 | ਹਾਂ ਜੀ | ਚੌਕਸੀ ਵਿਭਾਗ ਨੂੰ ਸਮਾਇਤ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ। |
| 9 | ਹਰਪ੍ਰੀਤ ਸਿੰਘ, ਗ੍ਰਾਮ ਸੇਵਕ, ਬਲਾਕ ਪੱਖੋਵਾਲ | 3-12-2007 | ਹਾਂ ਜੀ | ਚੌਕਸੀ ਵਿਭਾਗ ਨੂੰ ਸਮਾਇਤ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ। |
| 10 | ਦਰਸ਼ਨ ਸਿੰਘ, ਪੰਚਾਇਤ ਸਕੱਤਰ, ਬਲਾਕ ਧੂਰੀ | 7-1-2008 | ਹਾਂ ਜੀ | ਪੁਲਿਸ ਵਿਭਾਗ ਨੇ ਸਮਾਇਤ ਮਨਜ਼ੂਰੀ ਦੀ ਮੰਗ ਅਜੇ ਨਹੀਂ ਕੀਤੀ ਹੈ। |
| 11 | ਨਰਿੰਦਰ ਸਿੰਘ, ਪੰਚਾਇਤ ਸਕੱਤਰ, ਬਲਾਕ ਪਠਾਨਕੋਟ | 9-9-2008 | ਹਾਂ ਜੀ | ਚੌਕਸੀ ਵਿਭਾਗ ਵੱਲੋਂ ਸਮਾਇਤ ਮਨਜ਼ੂਰੀ ਦੀ ਮੰਗ ਨਹੀਂ ਕੀਤੀ ਗਈ। |
| 12 | ਹਰਮੇਸ਼ ਲਾਲ, ਸੇਵਾਦਾਰ, ਪੰਚਾਇਤੀ ਰਾਜ | 20-4-2008 | ਹਾਂ ਜੀ | ਪੁਲਿਸ ਵਿਭਾਗ ਵੱਲੋਂ ਸਮਾਇਤ ਮਨਜ਼ੂਰੀ ਦੀ ਮੰਗ ਨਹੀਂ ਕੀਤੀ ਗਈ। |

Original with;
Punjab Vidhan Sabha
Digitized by;
Panjab Digital Library

**ਡਾਕਟਰ ਦਲਬੀਰ ਸਿੰਘ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਕਾਫੀ ਜਾਣਕਾਰੀ ਦਿੱਤੀ ਹੈ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇੱਕ ਸਤੀਸ਼ ਕੁਮਾਰ ਡੇਰਾ ਬਾਬਾ ਨਾਨਕ ਵਿੱਚ ਰਿਹਾ ਹੈ। ਉਸ ਦਾ ਨਾਂ ਇਸ ਲਿਸਟ ਵਿਚ ਨਹੀਂ ਆਇਆ ਹੈ। ਕੀ ਮੰਤਰੀ ਜੀ ਇਸ ਗੱਲ ਬਾਰੇ ਦੱਸਣਗੇ ਕਿ ਕੀ ਇਸ ਨੂੰ ਸਸਪੈਂਡ ਕੀਤਾ ਗਿਆ ਹੈ ਜਾਂ ਨਹੀਂ ?

**ਮੰਤਰੀ :** ਸਪੀਕਰ ਸਾਹਿਬ, ਇਹ ਠੀਕ ਹੋ ਸਕਦੇ ਹਨ ਪਰ ਜੋ ਲਿਸਟ ਮਹਿਕਮੇ ਨੇ ਮੈਨੂੰ ਪ੍ਰੋਵਾਈਡ ਕੀਤੀ ਹੈ, ਉਸ ਵਿਚ ਇਸ ਦਾ ਨਾਂ ਨਹੀਂ ਹੈ।

**ਮਾਨਯੋਗ ਸਪੀਕਰ :** ਉਨ੍ਹਾਂ ਨੇ ਪੁੱਛਿਆ ਹੈ ਕਿ ਉਸ ਨੂੰ ਕਰੋਗੇ ਜਾਂ ਨਹੀਂ। ਇਸ ਦਾ ਜਵਾਬ ਦਿਓ।

**ਮੰਤਰੀ :** ਸਪੀਕਰ ਸਾਹਿਬ, ਮਹਿਕਮੇ ਤੋਂ ਪੁੱਛਾਂਗੇ ਕਿ ਇਹ ਹੋਇਆ ਹੈ ਕਿ ਨਹੀਂ ਹੋਇਆ। ਸ਼ਾਇਦ ਇਨ੍ਹਾਂ ਦੀ ਇਨਫਰਮੇਸ਼ਨ ਠੀਕ ਹੋਵੇ, ਗਲਤ ਵੀ ਹੋ ਸਕਦੀ ਹੈ। ਮੈਂ ਪਤਾ ਕਰ ਲਵਾਂਗਾ ਜੀ, ਵੈਰੀਫਾਈ ਕਰ ਲਵਾਂਗਾ ਜੀ।

**ਡਾਕਟਰ ਦਲਬੀਰ ਸਿੰਘ :** ਸਰ, ਆਮ ਕਰਕੇ ਦੇਖਿਆ ਗਿਆ ਹੈ ਕਿ ਜਿਹੜੀਆਂ ਗਰਾਂਟਾਂ ਵੱਖ-ਵੱਖ ਮਹਿਕਮਿਆਂ ਵੱਲੋਂ ਪੰਚਾਇਤਾਂ ਨੂੰ ਦਿੱਤੀਆਂ ਜਾਂਦੀਆਂ ਹਨ, ਅਕਸਰ ਉਨ੍ਹਾਂ ਵਿੱਚ ਬਹੁਤ ਵਾਰੀ ਕੁਝ ਖਾਮੀਆਂ, ਕੁਤਾਹੀ ਜਾਂ ਗਲਤ ਤੌਰ ਤੇ ਗਰਾਂਟਾਂ ਦੀ ਵਰਤੋਂ ਹੋ ਜਾਂਦੀ ਹੈ। ਜਿਸ ਵੇਲੇ ਅਗਲੀ ਸਰਕਾਰ ਆਉਂਦੀ ਹੈ ਜਾਂ ਕੁਝ ਸਮਾਂ ਪਾ ਕੇ ਵਿਰੋਧੀ ਧਿਰ ਦੇ ਸਰਪੰਚ ਉੱਤੇ ਕਾਰਵਾਈ ਕੀਤੀ ਜਾਂਦੀ ਹੈ, ਉਸ ਨੂੰ ਸਸਪੈਂਡ ਕਰ ਦਿੱਤਾ ਜਾਂਦਾ ਹੈ ਜਾਂ ਉਸ ਦੀ ਇਨਕੁਆਇਰੀ ਖੋਲ੍ਹ ਦਿੱਤੀ ਜਾਂਦੀ ਹੈ ਜਾਂ ਉਸ ਤੇ ਕੇਸ ਦਰਜ ਹੋ ਜਾਂਦਾ ਹੈ। ਜਿਹੜੀਆਂ ਗਰਾਂਟਾਂ ਪਿੰਡਾਂ ਵਿੱਚ ਲੱਗਦੀਆਂ ਹਨ, ਉਨ੍ਹਾਂ ਗਰਾਂਟਾਂ ਨੂੰ ਲਗਾਉਣ ਦੇ ਜ਼ਿੰਮੇਂਵਾਰ ਪੰਚਾਇਤ ਅਫਸਰ, ਪੰਚਾਇਤ ਸੈਕ੍ਰੇਟਰੀ ਜਾਂ ਜਿਹੜੇ ਜੂਨੀਅਰ ਇੰਜੀਨੀਅਰ ਹੁੰਦੇ ਹਨ, ਉਹ ਵੀ ਉਨੇ ਹੀ ਜ਼ਿੰਮੇਂਵਾਰ ਹੁੰਦੇ ਹਨ। ਉਨ੍ਹਾਂ ਦੀ ਦੇਖ-ਰੇਖ ਹੇਠ ਇਨ੍ਹਾਂ ਗਰਾਂਟਾਂ ਦੀ ਵਰਤੋਂ ਕੀਤੀ ਜਾਂਦੀ ਹੈ ਪਰ ਜਦੋਂ ਕੋਈ ਕੇਸ ਖੁੱਲ੍ਹਦਾ ਹੈ ਤਾਂ ਅਫਸਰ ਉਥੋਂ ਬਦਲ ਜਾਂਦੇ ਹਨ। ਮੈਂ ਮਾਨਯੋਗ ਮੰਤਰੀ ਜੀ ਕੋਲੋਂ ਐਸ਼ਿਉਰੈਂਸ ਲੈਣੀ ਚਾਹੁੰਦਾ ਹਾਂ ਕਿ ਉਹ ਅਧਿਕਾਰੀ ਜਿਹੜੇ ਉਨ੍ਹਾਂ ਕੰਮਾਂ ਦੇ ਵਿੱਚ ਸ਼ਾਮਿਲ ਹੁੰਦੇ ਹਨ, ਉਨ੍ਹਾਂ ਦੇ ਉੱਤੇ ਕੀ ਉਹੀ ਕੇਸ ਦਰਜ ਹੋਵੇਗਾ ਜਾਂ ਉਨ੍ਹਾਂ ਦੀ ਕੋਈ ਜ਼ਿੰਮੇਂਵਾਰੀ ਫਿਕਸ ਹੋਏਗੀ ?

**ਮੰਤਰੀ :** ਜਿਹੜੇ ਅਫਸਰ ਸਾਹਿਬਾਨ ਜ਼ਿੰਮੇਂਵਾਰ ਹੁੰਦੇ ਹਨ, ਉਨ੍ਹਾਂ ਸਾਰਿਆਂ ਦੇ ਖਿਲਾਫ ਉਹ ਕੇਸ ਬਣਦਾ ਹੈ। ਪਿਛਲੇ ਸਮੇਂ ਦੇ ਵਿੱਚ ਵੀ ਇਸੇ ਤਰ੍ਹਾਂ ਜੋ ਸਰਪੰਚ, ਜੇ.ਈ. ਜਾਂ ਕੋਈ ਹੋਰ ਅਫਸਰ ਸਨ, ਉਹ ਸਾਰੇ ਇਨਵਾਲਵਡ ਹੁੰਦੇ ਹਨ ਔਰ ਤਫਤੀਸ਼ ਵਿੱਚ ਜਿਹੜੇ ਦੋਸ਼ੀ ਪਾਏ ਜਾਂਦੇ ਹਨ, ਉਨ੍ਹਾਂ ਦੇ ਖਿਲਾਫ ਕੇਸ ਦਰਜ ਹੁੰਦਾ ਹੈ। ਜੇ ਇਨ੍ਹਾਂ ਨੂੰ ਕੇਸ ਦਾ ਪਤਾ ਹੈ ਕਿ ਉਸ ਦੀ ਜ਼ਿੰਮੇਂਵਾਰੀ ਬਣਦੀ ਸੀ ਤਾਂ ਇਹ ਦੱਸ ਦੇਣ, ਉਸ ਦੇ ਖਿਲਾਫ ਇਨਕੁਆਇਰੀ ਕਰਵਾ ਲਵਾਂਗੇ ਜੀ।

**ਡਾਕਟਰ ਦਲਬੀਰ ਸਿੰਘ :** ਤੁਹਾਡਾ ਬਹੁਤ ਧੰਨਵਾਦ ਜੀ।

---

Original with;
Punjab Vidhan Sabha
Digitized by;
Panjab Digital Library

## ਨੌਕਰੀਆਂ/ਤਰੱਕੀਆਂ ਵਿੱਚ ਰਾਖਵਾਂਕਰਨ

***895. ਸਰਦਾਰ ਮੋਹਨ ਲਾਲ ਸਿੰਘ :** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿੱਚ ਕੰਮ ਕਰ ਰਹੀਆਂ ਕੋਆਪਰੇਟਿਵ ਸੋਸਾਇਟੀਆਂ ਵਿੱਚ ਨੌਕਰੀ/ਤਰੱਕੀਆਂ ਦੀ ਸੂਰਤ ਵਿੱਚ ਨੌਕਰੀ/ਤਰੱਕੀਆਂ ਵਿੱਚ ਰਾਖਵੇਂਕਰਨ ਸਬੰਧੀ ਰਾਜ ਦੀ ਨੀਤੀ ਲਾਗੂ ਨਹੀਂ ਕੀਤੀ ਜਾਂਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਣ ਕੀ ਹਨ ?

**ਕੈਪਟਨ ਕੰਵਲਜੀਤ ਸਿੰਘ :** ਪੰਜਾਬ ਦੀਆਂ ਸਹਿਕਾਰੀ ਸਿਖਰ ਸੰਸਥਾਵਾਂ ਅਤੇ ਕੇਂਦਰੀ ਸਹਿਕਾਰੀ ਸਭਾਵਾਂ ਵਿੱਚ ਅਸਾਮੀਆਂ ਦੀ ਭਰਤੀ/ਪਦ-ਉਨਤੀ ਸਮੇਂ ਰਾਖਵਾਂਕਰਨ ਦੀ ਨੀਤੀ ਲਾਗੂ ਕੀਤੀ ਜਾ ਰਹੀ ਹੈ।

ਜਿਥੋਂ ਤੱਕ ਪ੍ਰਾਇਮਰੀ ਸਹਿਕਾਰੀ ਸਭਾਵਾਂ ਦਾ ਸਬੰਧ ਹੈ, ਇਨ੍ਹਾਂ ਸਭਾਵਾਂ ਵਿੱਚ ਆਮ ਤੌਰ ਤੇ ਇੱਕ ਕੈਡਰ ਵਿੱਚ ਇੱਕ ਤੋਂ ਵੱਧ ਅਸਾਮੀ ਨਹੀਂ ਹੈ। ਇਸ ਲਈ ਰਾਖਵਾਂਕਰਨ ਦੀ ਨੀਤੀ ਲਾਗੂ ਨਹੀਂ ਕੀਤੀ ਜਾ ਸਕਦੀ। ਇਹ ਕਰਮਚਾਰੀ ਸਭਾਵਾਂ ਦੀਆਂ ਲੋਕਲ ਪ੍ਰਬੰਧਕ ਕਮੇਟੀਆਂ ਦੇ ਕਰਮਚਾਰੀ ਹੁੰਦੇ ਹਨ, ਨਾ ਕਿ ਸਹਿਕਾਰਤਾ ਵਿਭਾਗ/ਸਰਕਾਰ ਦੇ ਕਰਮਚਾਰੀ ਹਨ ਅਤੇ ਇਨ੍ਹਾਂ ਨੂੰ ਸਹਿਕਾਰੀ ਸਭਾਵਾਂ ਵੱਲੋਂ ਹੀ ਤਨਖਾਹ ਦਿੱਤੀ ਜਾਂਦੀ ਹੈ।

**ਸਰਦਾਰ ਮੋਹਨ ਲਾਲ ਸਿੰਘ :** ਮਾਨਯੋਗ ਸਪੀਕਰ ਸਾਹਿਬ, ਜਿਹੜੀਆਂ ਬੈਂਕਾਂ ਹਨ, ਸਹਿਕਾਰੀ ਸਭਾਵਾਂ ਹਨ, ਉਨ੍ਹਾਂ ਦੇ ਜਿਹੜੇ ਤਨਖਾਹ ਸਕੇਲ ਹਨ, ਉਹ ਪੰਜਾਬ ਸਰਕਾਰ ਨਾਲੋਂ ਵੀ ਵੱਧ ਹਨ ਅਤੇ ਇਨ੍ਹਾਂ ਦੇ ਮਹਿਕਮੇ ਵਿੱਚ ਜਿਹੜੀਆਂ 2007 ਤੱਕ ਪਰਮੋਸ਼ਨਾਂ ਹੋ ਰਹੀਆਂ ਹਨ, ਉਸ ਵਿੱਚ 20 ਪ੍ਰਤੀਸ਼ਤ ਰਾਖਵਾਂਕਰਨ ਦਿੱਤਾ ਗਿਆ ਹੈ। ਹੁਣ ਸਾਲ 2009 ਦੌਰਾਨ ਇਨ੍ਹਾਂ ਨੇ ਉਸ ਨੂੰ ਘਟਾ ਕੇ 14 ਪ੍ਰਤੀਸ਼ਤ ਕਰ ਦਿੱਤਾ ਹੈ। ਹੁਣ ਜਿਹੜੀ ਅਫਸਰ ਸਾਹਿਬਾਨ ਦੀ ਤਰੱਕੀ ਹੋਣੀ ਹੈ ਔਰ ਇਨ੍ਹਾਂ ਨੇ ਜਿਹੜੇ ਤਰੱਕੀ ਵਾਸਤੇ ਨਾਂ ਭੇਜੇ ਹਨ, ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬ ਸਟੇਟ ਕੋਆਪ੍ਰੇਟਿਵ ਬੈਂਕ ਵਿੱਚ 130 ਨਾਮ ਪਦ-ਉਨਤੀ ਵਾਸਤੇ ਭੇਜੇ ਹਨ ਔਰ ਉਨ੍ਹਾਂ ਵਿੱਚ ਇੱਕ ਵੀ ਐਸ.ਸੀ. ਜਾਂ ਰਿਜ਼ਰਵ ਕੈਟੇਗਰੀ ਦਾ ਨਾਂ ਨਹੀਂ ਭੇਜਿਆ ਗਿਆ। ਜਿਨ੍ਹਾਂ ਦੀ ਸਰਵਿਸ ਵੀ ਜ਼ਿਆਦਾ ਹੈ, ਜਿਨ੍ਹਾਂ ਦਾ ਰਿਕਾਰਡ ਵੀ ਠੀਕ ਹੈ, ਉਨ੍ਹਾਂ ਦਾ ਵੀ ਨਾਂ ਨਹੀਂ ਭੇਜਿਆ ਗਿਆ ਪਰ ਜਿਨ੍ਹਾਂ ਦੀ ਸਰਵਿਸ ਵੀ ਘੱਟ ਹੈ ਅਤੇ ਰਿਕਾਰਡ ਵੀ ਠੀਕ ਨਹੀਂ, ਉਨ੍ਹਾਂ 130 ਜਣਿਆਂ ਦੇ ਨਾਂ ਪਰਮੋਸ਼ਨ ਵਾਸਤੇ ਭੇਜ ਦਿੱਤੇ ਹਨ। ਕੀ ਮੰਤਰੀ ਜੀ, ਜੋ ਰਿਜ਼ਰਵੇਸ਼ਨ 20 ਪ੍ਰਤੀਸ਼ਤ ਤੋਂ ਘਟਾ ਕੇ 14 ਪ੍ਰਤੀਸ਼ਤ ਕੀਤੀ ਹੈ, ਉਸ ਨੂੰ ਦੁਬਾਰਾ 20 ਪ੍ਰਤੀਸ਼ਤ ਕਰਨ ਦਾ ਵਿਸ਼ਵਾਸ ਦਿਵਾਉਣਗੇ ?

**ਮੰਤਰੀ :** ਸਪੀਕਰ ਸਾਹਿਬ, ਮੈਂ ਬੜਾ ਕਲੀਅਰ ਜਵਾਬ ਦਿੱਤਾ ਹੈ ਕਿ ਜਿਹੜੀਆਂ ਸਾਡੀਆਂ ਕੇਂਦਰੀ ਅਪੈਕਸ ਇਨਸਟੀਚਿਊਟਸ ਹਨ, ਉਨ੍ਹਾਂ ਵਿੱਚ ਸਰਕਾਰ ਦੀ ਰਾਖਵਾਂਕਰਨ ਦੀ ਨੀਤੀ ਲਾਗੂ ਹੁੰਦੀ ਹੈ। ਉਨ੍ਹਾਂ ਵਿੱਚ ਸੈਂਟਰਲ ਕੋਆਪ੍ਰੇਟਿਵ ਬੈਂਕ ਵੀ ਆ ਜਾਂਦਾ ਹੈ। ਉਸ ਵਿੱਚ ਸਾਡਾ ਐਗਰੀਕਲਚਰ ਡਿਵੈਲਪਮੈਂਟ ਬੈਂਕ ਵੀ ਆ ਜਾਂਦਾ ਹੈ। ਜੋ ਪੰਜਾਬ ਸਰਕਾਰ ਵੱਲੋਂ ਰਾਖਵਾਂਕਰਨ ਦੀ ਨੀਤੀ ਸਾਰੇ ਕਰਮਚਾਰੀਆਂ ਲਈ ਤਹਿ ਕੀਤੀ ਜਾਂਦੀ ਹੈ, ਉਨ੍ਹਾਂ ਦੇ ਲਈ ਵੀ ਉਹੀ ਹੁੰਦੀ ਹੈ। ਜਿਹੜਾ ਕੋਆਪ੍ਰੇਟਿਵ ਬੈਂਕ ਹੈ, ਯਕੀਨੀ ਤੌਰ ਤੇ ਉਥੇ ਵੀ ਸਰਕਾਰ ਦੀ ਨੀਤੀ ਮੁਤਾਬਿਕ ਹੀ ਹੋਏਗਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਮੋਹਨ ਲਾਲ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਕੋਆਪ੍ਰੇਟਿਵ ਸੋਸਾਇਟੀਜ਼ ਪ੍ਰਾਈਵੇਟ ਹੁੰਦੀਆਂ ਹਨ ਅਤੇ ਇੱਕ ਹੀ ਕਰਮਚਾਰੀ ਉਥੇ ਹੁੰਦਾ ਹੈ। ਉਥੇ ਸੈਕ੍ਰੇਟਰੀ ਵੀ ਹੁੰਦਾ ਹੈ, ਖਜ਼ਾਨਚੀ ਵੀ ਹੁੰਦਾ ਹੈ, ਸੇਲਜ਼ਮੈਨ ਵੀ ਹੁੰਦਾ ਹੈ, ਚੌਕੀਦਾਰ-ਕਮ-ਪੀਅਨ ਵੀ ਹੁੰਦਾ ਹੈ ......

**ਮਾਨਯੋਗ ਸਪੀਕਰ** : ਇਨ੍ਹਾਂ ਨੇ ਦੱਸਿਆ ਹੈ ਕਿ ਰੂਲ ਹਰ ਥਾਂ ਲਾਗੂ ਹੈ। ਉਨ੍ਹਾਂ ਨੇ ਰੂਲ ਤਾਂ ਦੱਸ ਦਿੱਤੇ ਹਨ।

**ਸਰਦਾਰ ਮੋਹਨ ਲਾਲ ਸਿੰਘ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੰਤਰੀ ਜੀ ਨੇ ਦੱਸਿਆ ਹੈ ਕਿ ਇਹ ਪ੍ਰਾਈਵੇਟ ਸੁਸਾਇਟੀਆਂ ਹੁੰਦੀਆਂ ਹਨ ਜਦ ਕਿ ਉਨ੍ਹਾਂ ਸਾਰੀਆਂ ਸੁਸਾਇਟੀਆਂ ਨੂੰ ਇੰਸਪੈਕਟਰ ਹੀ ਚੈੱਕ ਕਰਦੇ ਹਨ। ਉਨ੍ਹਾਂ ਸੰਸਥਾਵਾਂ ਦੇ ਜਿਹੜੇ ਮੈਂਬਰ ਚੁਣੇ ਜਾਂਦੇ ਹਨ, ਉਨ੍ਹਾਂ ਵਿੱਚ ਵੀ ਕੋਈ ਰਿਜ਼ਰਵੇਸ਼ਨ ਦਾ ਕੋਟਾ ਲਾਗੂ ਨਹੀਂ ਹੈ, ਨਾ ਕੋਈ ਐਮ.ਡੀ. ਬਣਦਾ ਹੈ, ਨਾ ਚੇਅਰਮੈਨ ਤੇ ਨਾ ਹੀ ਵਾਈਸ ਚੇਅਰਮੈਨ ਬਣਦਾ ਹੈ..

**ਮਾਨਯੋਗ ਸਪੀਕਰ** : ਤੁਸੀਂ ਕੀ ਸਵਾਲ ਪੁੱਛਣਾ ਚਾਹੁੰਦੇ ਹੋ ?

**ਸਰਦਾਰ ਮੋਹਨ ਲਾਲ ਸਿੰਘ** : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਸੁਸਾਇਟੀਆਂ ਦੇ ਵਿੱਚ ਚਾਰ-ਚਾਰ ਮੁਲਾਜ਼ਮ ਹਨ, ਉਨ੍ਹਾਂ ਵਿਚ ਤਾਂ ਘੱਟੋ-ਘੱਟ ਇੱਕ ਪੋਸਟ ਰਿਜ਼ਰਵੇਸ਼ਨ ਦੀ ਹੋਣੀ ਚਾਹੀਦੀ ਹੈ। ਜੇਕਰ ਸਰਕਾਰ ਵੱਲੋਂ 100 ਮੁਲਾਜ਼ਮ ਭਰਤੀ ਕੀਤੇ ਜਾਂਦੇ ਹਨ ਤਾਂ ਉਨ੍ਹਾਂ ਵਿੱਚ ਇਨ੍ਹਾਂ ਦਾ ਬਣਦਾ ਹਿੱਸਾ ਤਾਂ ਰਿਜ਼ਰਵ ਕੀਤਾ ਜਾਣਾ ਚਾਹੀਦਾ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਥੋੜ੍ਹਾ ਜਿਹਾ ਕੰਫਿਊਜ਼ ਕਰ ਗਏ ਹਨ। ਰਾਖਵਾਂਕਰਨ ਅਗੇਂਸਟ ਪਰਟੀਕੁਲਰ ਪੋਸਟ ਔਰ ਅਗੇਂਸਟ ਪਰਟੀਕੁਲਰ ਕਾਡਰ ਹੁੰਦਾ ਹੈ। ਮੈਂ ਜਵਾਬ ਦਿੱਤਾ ਹੈ ਕਿ ਜੇਕਰ ਕੋਈ ਸੇਲਜ਼ਮੈਨ ਹੈ, ਪਹਿਲਾਂ ਤਾਂ ਉਹ ਸਰਕਾਰ ਦਾ ਮੁਲਾਜ਼ਮ ਨਹੀਂ ਹੈ, ਉਹ ਉਥੇ ਦੀ ਸੁਸਾਇਟੀ ਦਾ ਮੁਲਾਜ਼ਮ ਹੈ। ਦੂਸਰਾ ਇਹ ਹੈ ਕਿ ਜਿਥੇ ਵੀ ਸਿੰਗਲ ਪੋਸਟ ਹੋਵੇ, ਉਥੇ ਪੰਜਾਬ ਸਰਕਾਰ ਦੀ ਨੀਤੀ ਹੈ ਕਿ ਉਥੇ ਕੋਈ ਰਿਜ਼ਰਵੇਸ਼ਨ ਲਾਗੂ ਨਹੀਂ ਹੋਵੇਗੀ। ਇਸ ਕਰਕੇ ਇਨ੍ਹਾਂ ਦੇ ਵਿੱਚ ਕੋਈ ਰਾਖਵਾਂਕਰਨ ਨਹੀਂ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਡਿਪਾਰਟਮੈਂਟ ਵਿੱਚ ਅਤੇ ਇਨ੍ਹਾਂ ਦੇ ਡਿਪਾਰਟਮੈਂਟ ਦੇ ਨਾਲ ਜੁੜੇ ਵੱਖ-ਵੱਖ ਅਦਾਰਿਆਂ ਵਿਚ ਸ਼ਡਿਊਲਡ ਕਾਸਟ ਅਤੇ ਬੈਕਵਰਡ ਕਲਾਸਿਜ਼ ਦੀਆਂ ਜਿਹੜੀਆਂ ਰਾਖਵੀਆਂ ਸੀਟਾਂ ਹਨ, ਉਨ੍ਹਾਂ ਦਾ ਕਿੰਨਾ ਬੈਕਲਾਗ ਪਿਆ ਹੈ ਅਤੇ ਉਸ ਨੂੰ ਪੂਰਾ ਕਰਨ ਲਈ ਇਹ ਕੀ ਉਪਰਾਲਾ ਕਰ ਰਹੇ ਹਨ ?

**ਮਾਨਯੋਗ ਸਪੀਕਰ** : ਇਹ ਤਾਂ ਵੱਖਰਾ ਸਵਾਲ ਕਰਨ ਦੀ ਲੋੜ ਹੈ। ਇਹ ਇੰਨੀ ਇਨਫਰਮੇਸ਼ਨ ਹੁਣ ਨਹੀਂ ਦੇ ਸਕਦੇ। ਨੈਕਸਟ ਕੁਐਸਚਨ।

---

## ਨਿਸ਼ਾਨ ਵਾਲੇ ਪ੍ਰਸ਼ਨ ਨੰ: 871 ਅਤੇ 807

(ਸੰਬੰਧਿਤ ਮਾਨਯੋਗ ਮੈਂਬਰਾਂ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

---

Original with;
Punjab Vidhan Sabha
Digitized by;
Panjab Digital Library

## ਜੰਗਲੀ ਜਾਨਵਰਾਂ ਤੋਂ ਫਸਲਾਂ ਨੂੰ ਬਚਾਉਣਾ

*861. **ਸਰਦਾਰ ਚਰਨਜੀਤ ਸਿੰਘ ਚੰਨੀ** : ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਕੰਢੀ ਅਤੇ ਬੇਟ ਖੇਤਰਾਂ ਵਿਚ ਜੰਗਲੀ ਜਾਨਵਰਾਂ ਤੋਂ ਕਿਸਾਨਾਂ ਦੀਆਂ ਫਸਲਾਂ ਨੂੰ ਬਚਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

**ਸ਼੍ਰੀ ਤਿਕਸ਼ਨ ਸੂਦ** : ਸ਼੍ਰੀਮਾਨ ਜੀ, ਸਰਕਾਰ ਵੱਲੋਂ ਕੰਡੀ ਅਤੇ ਬੇਟ ਏਰੀਆ ਵਿੱਚ ਕਿਸਾਨਾਂ ਦੀਆਂ ਫਸਲਾਂ ਨੂੰ ਜੰਗਲੀ ਜਾਨਵਰਾਂ ਤੋਂ ਬਚਾਉਣ ਲਈ ਹੇਠ ਲਿਖੇ ਕਦਮ ਚੁੱਕੇ ਗਏ ਹਨ :—

(1) ਰਾਜ ਸਰਕਾਰ ਨੇ ਕੰਡੀ ਅਤੇ ਬੇਟ ਏਰੀਏ ਵਿੱਚ ਜੰਗਲੀ ਸੂਰ ਅਤੇ ਰੋਝਾਂ ਵਰਗੇ ਜੰਗਲੀ ਜਾਨਵਰ ਜਿਹੜੇ ਕਿ ਮਨੁੱਖੀ ਜਾਨ ਅਤੇ ਪ੍ਰੋਪਰਟੀ (ਜਿਸ ਵਿੱਚ ਕਿਸਾਨਾਂ ਦੀਆਂ ਫਸਲਾਂ ਵੀ ਸ਼ਾਮਿਲ ਹਨ) ਨੂੰ ਖਤਰਾ ਪੈਦਾ ਕਰਦੇ ਹਨ, ਦੇ ਸ਼ਿਕਾਰ ਕਰਨ ਲਈ ਪਰਮਿਟ ਦੇਣ ਵਾਸਤੇ ਨੋਟੀਫਿਕੇਸ਼ਨ ਨੰ: 34/18/2004-Ft.5/2781, ਮਿਤੀ 6 ਮਾਰਚ, 2006 ਰਾਹੀਂ ਰਾਜ ਦੇ ਉਪ ਮੰਡਲ ਅਫਸਰ (ਸਿਵਲ) ਨੂੰ ਜੰਗਲੀ ਜੀਵ (ਸੁਰੱਖਿਆ) ਐਕਟ, 1972 ਦੀ ਧਾਰਾ 11 (1) (ਬੀ) ਅਧੀਨ ਨਿਯੁਕਤ ਕੀਤਾ ਹੈ। ਇਹ ਨਿਯੁਕਤ ਕੀਤੇ ਅਫਸਰ ਆਪਣੇ ਹਲਕੇ ਵਿੱਚ ਮੁੱਖ ਜੰਗਲੀ ਜੀਵ ਵਾਰਡਨ, ਪੰਜਾਬ ਵੱਲੋਂ ਬਣਾਏ ਗਏ ਪ੍ਰੋਸੀਜਰ ਅਨੁਸਾਰ ਕਿਸਾਨਾਂ ਦੀਆਂ ਫਸਲਾਂ ਦਾ ਉਜਾੜਾ ਕਰਨ ਵਾਲੇ ਜੰਗਲੀ ਸੂਰ ਜਾਂ ਰੋਝ ਦਾ ਸ਼ਿਕਾਰ ਕਰਨ ਲਈ ਪਰਮਿਟ ਜਾਰੀ ਕਰ ਸਕਦੇ ਹਨ।

(2) ਕਿਸਾਨਾਂ ਦੀਆਂ ਫਸਲਾਂ ਨੂੰ ਜੰਗਲੀ ਜਾਨਵਰਾਂ ਵੱਲੋਂ ਕੀਤੇ ਜਾ ਰਹੇ ਨੁਕਸਾਨ ਦੀ ਭਰਪਾਈ ਲਈ ਮੁਆਵਜ਼ਾ ਦੇਣ ਵਾਸਤੇ ਸਰਕਾਰ ਵੱਲੋਂ ਇਕ ਪਾਲਿਸੀ ਅਤੇ ਨਿਯਮ ਵਿਚਾਰ ਅਧੀਨ ਹਨ।

**ਸਰਦਾਰ ਚਰਨਜੀਤ ਸਿੰਘ ਚੰਨੀ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿੱਚ ਜਿਥੇ-ਜਿਥੇ ਵੀ ਕੰਡੀ ਏਰੀਆ ਜਾਂ ਬੇਟ ਦਾ ਏਰੀਆ ਪੈਂਦਾ ਹੈ, ਉਥੇ ਜੰਗਲੀ ਜਾਨਵਰਾਂ ਦੀ ਬਹੁਤ ਜ਼ਿਆਦਾ ਭਰਮਾਰ ਹੋ ਗਈ ਹੈ ਜਿਸ ਨਾਲ ਫਸਲਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਰਿਹਾ ਹੈ। ਅੱਜ ਜਿਹੜਾ ਕਿਸਾਨ ਹੈ, ਉਹ ਆਪਣੇ ਘਰ ਨਹੀਂ ਸੌਂ ਸਕਦਾ। ਜੇਕਰ ਉਹ ਇਕ ਰਾਤ ਵੀ ਆਪਣੇ ਘਰ ਸੌਂ ਜਾਂਦਾ ਹੈ ਤਾਂ ਉਸ ਦੀ ਫਸਲ ਖਰਾਬ ਹੋ ਜਾਂਦੀ ਹੈ। ਜੰਗਲੀ ਸੂਰ ਮੱਕੀ ਬਹੁਤ ਖਾਂਦਾ ਹੈ, ਨੀਲ ਗਾਂ ਬਹੁਤ ਜ਼ਿਆਦਾ ਨੁਕਸਾਨ ਕਰ ਰਹੀ ਹੈ ਅਤੇ ਬਾਰਾਸਿੰਗਾ ਵੀ ਬਹੁਤ ਜ਼ਿਆਦਾ ਨੁਕਸਾਨ ਕਰ ਰਿਹਾ ਹੈ। ਸਪੀਕਰ ਸਾਹਿਬ, ਅੱਜ ਦੀ ਤਰੀਕ ਵਿੱਚ ਸੂਰ ਔਰ ਬਾਰਾਸਿੰਗਾ ਬੰਦਿਆਂ ਨੂੰ ਪੈਣ ਲੱਗ ਪਿਆ ਹੈ। ਇਸ ਤਰ੍ਹਾਂ ਬੰਦੇ ਨੂੰ ਜਾਨ ਦਾ ਖਤਰਾ ਬਣ ਜਾਂਦਾ ਹੈ। ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਐਕਟ ਵਿੱਚ ਇਸ ਤਰ੍ਹਾਂ ਦੀ ਪ੍ਰੋਵੀਜ਼ਨ ਕੀਤੀ ਜਾਣੀ ਚਾਹੀਦੀ ਹੈ ਕਿ ਜੇ ਕਿਸੇ ਦੇ ਖੇਤ ਵਿੱਚ ਜੰਗਲੀ ਸੂਰ ਵੜ ਜਾਂਦਾ ਹੈ ਤਾਂ ਉਸ ਨੂੰ ਮਾਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਸਰਕਾਰ ਇਸ ਐਕਟ ਵਿੱਚ ਇਸ ਤਰ੍ਹਾਂ ਕੀਤੇ ਜਾਣ ਦੀ ਸਿਫਾਰਸ਼ ਕਰੇ।

**ਮੰਤਰੀ** : ਸਪੀਕਰ ਸਾਹਿਬ, ਇਹ ਵਾਕਿਆ ਹੀ ਬਹੁਤ ਅਹਿਮ ਸਵਾਲ ਹੈ। ਮੈਂ ਵੀ ਪਿਛਲੀ ਟਰਮ ਵਿੱਚ ਬਹੁਤ ਵਾਰੀ ਸਵਾਲ ਦਿੱਤੇ ਸਨ ਅਤੇ ਇਸ ਤੋਂ ਪਿਛਲੀ ਟਰਮ ਦੇ ਵਿੱਚ ਵੀ ਇਸ ਤਰ੍ਹਾਂ ਦੇ ਸਵਾਲ ਪੁੱਛੇ ਜਾਂਦੇ ਰਹੇ ਹਨ। ਸਪੀਕਰ ਸਾਹਿਬ, ਇਹ ਵਾਕਿਆ ਹੀ ਚਿੰਤਾ ਦਾ ਵਿਸ਼ਾ ਹੈ। ਮੇਰੀ ਜ਼ਮੀਨ, ਫਾਰਮ ਵੀ ਕੰਡੀ ਇਲਾਕੇ ਵਿਚ ਹੀ ਪੈਂਦਾ ਹੈ। ਇਨ੍ਹਾਂ

Original with;
Punjab Vidhan Sabha
Digitized by;
Panjab Digital Library

ਜਾਨਵਰਾਂ ਵੱਲੋਂ ਫਸਲਾਂ ਦਾ ਬਹੁਤ ਨੁਕਸਾਨ ਕੀਤਾ ਜਾਂਦਾ ਹੈ। ਮੁੱਖ ਮੰਤਰੀ ਸਾਹਿਬ ਵੀ ਬਹੁਤ ਚਿੰਤਤ ਹਨ ਅਤੇ ਇਨ੍ਹਾਂ ਨਾਲ ਵੀ ਬਹੁਤ ਵਾਰੀ ਡਿਸਕਸ਼ਨ ਹੋ ਚੁੱਕੀ ਹੈ। ਜਦੋਂ ਅਸੀਂ ਪਿੱਛੇ ਕਾਂਗਰਸ ਸਰਕਾਰ ਵੇਲੇ ਸਵਾਲ ਉਠਾਇਆ ਸੀ ਤਾਂ ਉਨ੍ਹਾਂ ਨੇ ਇਹ ਕਹਿ ਕੇ ਤਸੱਲੀ ਕਰਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਮਾਰਨ ਦੀ ਇਜ਼ਾਜ਼ਤ ਦੇ ਦਿੱਤੀ ਹੈ। ਜਿਹੜੀ ਮੈਂ ਪਹਿਲਾਂ ਨੋਟੀਫਿਕੇਸ਼ਨ ਦੀ ਗੱਲ ਕੀਤੀ ਹੈ, ਉਹ ਮੈਂ ਪੜ੍ਹੀ ਸੀ। ਸਪੀਕਰ ਸਾਹਿਬ, ਹਿੰਦੁਸਤਾਨ ਦੇ ਇਤਿਹਾਸ ਵਿੱਚ ਦੋ ਸਰਕਾਰਾਂ ਐਸੀਆਂ ਹੋਈਆਂ ਹਨ ਜਿਨ੍ਹਾਂ ਨੇ ਨਿਵੇਕਲੇ ਫੈਸਲੇ ਕੀਤੇ ਹਨ। ਪੁਰਾਣੇ ਵੇਲੇ ਮੁਹੰਮਦ ਤੁਗਲਕ ਅਤੇ ਦੂਜੀ ਪਿਛਲੀ ਕਾਂਗਰਸ ਦੀ ਸਰਕਾਰ ਵੇਲੇ। ਇਨ੍ਹਾਂ ਨੇ ਨੋਟੀਫਿਕੇਸ਼ਨ ਜਾਰੀ ਕਰਕੇ ਇਹ ਤਸੱਲੀ ਕਰਾਉਣ ਦੀ ਕੋਸ਼ਿਸ਼ ਕੀਤੀ ਕਿ ਅਸੀਂ ਸੂਰ ਮਾਰਨ ਦੀ ਪਰਮਿਸ਼ਨ ਦੇ ਦਿੱਤੀ ਹੈ, ਰੋਝਾਂ ਮਾਰਨ ਦੀ ਇਜ਼ਾਜ਼ਤ ਦੇ ਦਿੱਤੀ ਹੈ। ਸਪੀਕਰ ਸਾਹਿਬ, ਉਸ ਵਾਸਤੇ ਜਿਹੜੇ ਰੂਲ ਬਣਾਏ ਗਏ ਹਨ, ਉਨ੍ਹਾਂ ਵਿੱਚ ਇਸ ਤਰ੍ਹਾਂ ਲਿਖਿਆ ਹੋਇਆ ਹੈ ਕਿ ਸਨਸੈਟ ਅਤੇ ਸਨਰਾਈਜ਼ ਦੇ ਵਿਚਕਾਰ ਨਹੀਂ ਮਾਰ ਸਕਦੇ, ਜਦਕਿ ਸੂਰ ਰਾਤ ਨੂੰ ਹੀ ਆਉਂਦਾ ਹੈ। ਸੂਰ ਕਿੱਲ ਕਰਨਾ ਹੈ ਇਨਜਰ ਨਹੀਂ ਕਰਨਾ, ਇਹ ਤਾਂ ਸ਼ਿਕਾਰੀ ਦੇ ਵੱਸ ਦੀ ਗੱਲ ਨਹੀਂ ਹੈ। ਫੇਰ ਲਿਖਿਆ ਹੈ ਕਿ only adult male boar shall be hunted, ਹੁਣ ਕੋਈ ਪਹਿਲਾਂ ਜਾ ਕੇ ਤਾਂ ਨਹੀਂ ਦੇਖੇਗਾ ਕਿ ਮੇਲ ਹੈ ਜਾ ਫੀਮੇਲ ਜਾਂ ਫੇਰ ਇਹ ਮੇਜਰ ਨਹੀਂ ਹੈ ਜਾਂ ਅਡੱਲਟ ਹੈ। ਸੋ, ਐਸੀਆਂ ਗੱਲਾਂ ਕਰਕੇ ਰਿਜ਼ਲਟ ਇਹ ਹੋਇਆ ਕਿ ਪੰਚਾਇਤਾਂ ਨੂੰ ਇੱਕ ਵੀ ਪਰਮਿਟ ਨਹੀਂ ਮਿਲਿਆ ਅਤੇ ਨਾ ਹੀ ਕੋਈ ਜਾਨਵਰ ਮਰਿਆ। ਇਹ ਸਿਰਫ ਕਾਗਜ਼ੀ ਫੈਸਲਾ ਸੀ। ਇਸ ਵਾਸਤੇ ਸਾਡੀ ਸਰਕਾਰ ਨੇ ਇੱਕ ਤਾਂ ਵਾਈਲਡ ਲਾਈਫ ਬੋਰਡ ਕਾਂਸਟੀਚਿਊਟ ਕਰ ਦਿੱਤਾ ਸੀ। ਉਸ ਦੇ ਥਰੂ ਜਿਹੜੇ ਫੈਸਲੇ ਲਏ ਜਾਂਦੇ ਹਨ, ਉਨ੍ਹਾਂ ਦੀ ਸਰਕਾਰ ਵੱਲੋਂ ਸੈਂਟਰ ਗੌਰਮਿੰਟ ਦੀ ਮਨਜ਼ੂਰੀ ਲੈਣੀ ਹੁੰਦੀ ਹੈ। ਦੂਸਰਾ, ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਕੰਢੀ ਐਡਵਾਈਜ਼ਰੀ ਕੌਂਸਲ ਨੂੰ ਸੁਰਜੀਤ ਕੀਤਾ ਹੈ, ਉਸ ਦਾ ਪੁਨਰਗਠਨ ਹੋਇਆ ਹੈ ਜਿਸ ਦੇ ਤਹਿਤ ਚਾਰ ਸਬ-ਕਮੇਟੀਆਂ ਬਣਾਈਆਂ ਹਨ। ਇਹ ਖਾਸ ਤੌਰ ਤੇ ਫਾਰੈਸਟ ਏਰੀਆ, ਕੰਢੀ ਏਰੀਆ ਨਾਲ ਰਿਲੇਟਿਡ ਮੁਸ਼ਕਲਾਂ ਨੂੰ ਦੇਖੇਗੀ। ਉਸ ਦੀਆਂ ਮੀਟਿੰਗਾਂ ਰੱਖ ਲਈਆਂ ਗਈਆਂ ਹਨ। ਵਾਈਲਡ ਲਾਈਫ ਬੋਰਡ ਦਾ ਏਜੰਡਾ ਬਣ ਗਿਆ ਹੈ, ਉਸ ਵਿੱਚ ਇਹ ਸਾਰੀਆਂ ਗੱਲਾਂ ਸ਼ਾਮਿਲ ਕਰ ਲਈਆਂ ਗਈਆਂ ਹਨ। ਇਸ ਸਬੰਧੀ ਵਿਭਾਗ ਦੇ ਅਫਸਰਾਂ ਨਾਲ ਡਿਸਕਸ਼ਨ ਹੋਈ ਹੈ, ਮੈਂ ਸਮਝਦਾ ਹਾਂ ਕਿ ਇਹ ਦੋ ਜਾਨਵਰਾਂ ਦਾ ਸ਼ੈਡਿਊਲ ਚੇਂਜ ਕਰਨ ਦੀ ਲੋੜ ਹੈ। ਇਹ ਪੰਜਾਬ ਵਿੱਚ ਬਹੁਤ ਨੁਕਸਾਨ ਕਰ ਰਹੇ ਹਨ। ਉਨ੍ਹਾਂ ਜਾਨਵਰਾਂ ਦਾ ਸ਼ਡਿਊਲ ਚੇਂਜ ਕਰਨ ਦੀ ਲੋੜ ਹੈ ਜਿਨ੍ਹਾਂ ਦੀ ਗਿਣਤੀ ਵਧ ਜਾਂਦੀ ਹੈ ਕਿਉਂਕਿ ਇਹ ਬਹੁਤ ਨੁਈਸੈਂਸ ਕ੍ਰੀਏਟ ਕਰਦੇ ਹਨ। ਇਸ ਵਾਸਤੇ ਅਸੀਂ ਰੂਲ ਤਿਆਰ ਕਰਕੇ ਜਲਦੀ ਹੀ ਕੋਸ਼ਿਸ਼ ਕਰਾਂਗੇ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਵਿਭਾਗ ਨੇ ਪਾਲਿਸੀ ਤਿਆਰ ਕੀਤੀ ਹੈ ਜਿਸ ਨੂੰ ਅਗਰ ਮਨਜ਼ੂਰੀ ਮਿਲ ਗਈ ਤਾਂ ਉਸ ਵਿੱਚ ਕਿਸਾਨਾਂ ਵਾਸਤੇ ਜਿਵੇਂ ਕਿਸੇ ਕਲੈਮਿਟੀ ਦਾ ਮੁਆਵਜ਼ਾ ਮਿਲਦਾ ਹੈ, ਉਸੇ ਤਰ੍ਹਾਂ ਹੀ ਇਸ ਵਿੱਚ ਫਸਲਾਂ ਦਾ ਨੁਕਸਾਨ ਹੈ, ਇਸ ਬਾਰੇ ਅਸੀਂ ਵਿਚਾਰ ਕਰ ਰਹੇ ਹਾਂ। ਪੰਜਾਬ ਸਰਕਾਰ ਕਿਸਾਨਾਂ ਨੂੰ ਜੰਗਲੀ ਜਾਨਵਰਾਂ ਵੱਲੋਂ ਕੀਤੇ ਜਾਂਦੇ ਨੁਕਸਾਨ ਵਿਚੋਂ ਕੱਢਣ ਲਈ ਯਤਨ ਕਰੇਗੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਪਿਛਲੀ ਸਰਕਾਰ ਨੇ ਖਰੜਾ ਤਿਆਰ ਕੀਤਾ ਸੀ.....

**ਮਾਨਯੋਗ ਸਪੀਕਰ :** ਉਨ੍ਹਾਂ ਨੇ ਡਿਟੇਲ ਵਿੱਚ ਜਵਾਬ ਦੇ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਚਰਨਜੀਤ ਸਿੰਘ ਚੰਨੀ** : ਸਪੀਕਰ ਸਾਹਿਬ, ਇੱਕ-ਦੋ-ਮਿੰਟ ਹੋਰ ਦੇ ਦਿਓ। ਸਪੀਕਰ ਸਾਹਿਬ, ਪਿਛਲੀ ਸਰਕਾਰ ਨੇ ਜੋ ਖਰੜਾ ਤਿਆਰ ਕੀਤਾ ਸੀ, ਉਸ ਵਿੱਚ ਜਿਹੜੀਆਂ ਕਮੀਆਂ-ਪੇਸ਼ੀਆਂ ਸਨ, ਇਨ੍ਹਾਂ ਨੇ ਉਨ੍ਹਾਂ ਬਾਰੇ ਦੱਸਿਆ ਹੈ। ਇਹ ਬੜੇ ਸਿਆਣੇ ਮੰਤਰੀ ਹਨ ਅਤੇ ਇਹ ਬਹੁਤ ਹੀ ਸੀਨੀਅਰ ਐਡਵੋਕੇਟ ਰਹੇ ਹਨ। ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਦੀਆਂ ਗਲਤੀਆਂ ਸੁਧਾਰ ਕੇ ਇਹ ਕਿੰਨੀ ਦੇਰ ਵਿੱਚ ਨਵਾਂ ਖਰੜਾ ਤਿਆਰ ਕਰਕੇ ਨੋਟੀਫਿਕੇਸ਼ਨ ਜਾਰੀ ਕਰ ਦੇਣਗੇ ਜਾਂ ਫਿਰ ਬਿਲ ਦੇ ਰੂਪ ਵਿੱਚ ਲੈ ਕੇ ਆਉਣਗੇ ਤਾਂ ਕਿ ਇਹ ਗੱਲਾਂ ਕਿਤਾਬਾਂ ਵਿੱਚ ਹੀ ਨਾ ਰਹਿਣ, ਮੀਟਿੰਗਾਂ ਵਿੱਚ ਹੀ ਨਾ ਰਹਿਣ ? ਸਪੀਕਰ ਸਾਹਿਬ, ਗਰੀਬ ਕਿਸਾਨਾਂ ਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਬਾਰੇ ਸਮਾਂ-ਬੱਧ ਸੀਮਾ ਦੱਸ ਦੇਣ ਕਿ ਕਿੰਨੀ ਦੇਰ ਵਿੱਚ ਜੰਗਲੀ ਜਾਨਵਰਾਂ ਤੋਂ ਨਿਜਾਤ ਦਿਵਾ ਦਿੱਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਅਸੀਂ ਕਿਤਾਬਾਂ ਵਿੱਚ ਹੀ ਗੱਲਾਂ ਨਹੀਂ ਰੱਖਣੀਆਂ। ਅਸੀਂ ਕਿਸਾਨਾਂ ਨੂੰ ਰਾਹਤ ਦੇਣੀ ਹੈ। ਜਿਵੇਂ ਹੀ ਕੋਡ ਖਤਮ ਹੋ ਜਾਵੇਗਾ, ਇਲੈਕਸ਼ਨਾਂ ਖਤਮ ਹੋ ਜਾਣਗੀਆਂ, ਸਾਰੀਆਂ ਬੋਰਡ ਕੌਂਸਲਾਂ ਦੀਆਂ ਮੀਟਿੰਗਾਂ ਕਰਵਾ ਦੇਣੀਆਂ ਹਨ। ਮੈਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਛੇ ਮਹੀਨੇ ਦੇ ਅੰਦਰ-ਅੰਦਰ ਕੇਸ ਬਣਾ ਕੇ ਸੈਂਟਰ ਗੌਰਮਿੰਟ ਕੋਲ ਭੇਜ ਦੇਵਾਂਗੇ।

---

## ਸਰਕਾਰੀ ਕਾਲਜ ਨਰੋਟ ਜੈਮਲ ਸਿੰਘ ਵਿੱਚ ਅਧਿਆਪਕਾਂ ਦੀ ਨਿਯੁਕਤੀ

***903. ਸ਼੍ਰੀ ਬਿਸ਼ੰਬਰ ਦਾਸ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਸਰਕਾਰੀ ਕਾਲਜ, ਨਰੋਟ ਜੈਮਲ ਸਿੰਘ ਲਈ ਕਾਲਜ ਅਧਿਆਪਕਾਂ ਦੀ ਲੋੜੀਂਦੀ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਉੱਥੇ ਅਸਲ ਵਿੱਚ ਕੰਮ ਕਰ ਰਹੇ ਅਧਿਆਪਕਾਂ ਦੀ ਗਿਣਤੀ ਕਿੰਨੀ ਹੈ ?

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਕਾਲਜ ਵਿੱਚ ਹੋਰ ਅਧਿਆਪਕਾਂ ਦੀ ਨਿਯੁਕਤੀ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ?

**ਡਾਕਟਰ ਉਪਿੰਦਰਜੀਤ ਕੌਰ** : (ੳ) ਸਰਕਾਰੀ ਕਾਲਜ, ਨਰੋਟ ਜੈਮਲ ਸਿੰਘ ਵਿਚ ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ 7 ਹੈ, ਜਿਨ੍ਹਾਂ ਵਿਚੋਂ 4 ਭਰੀਆਂ ਹੋਈਆਂ ਹਨ ਅਤੇ 3 ਅਸਾਮੀਆਂ ਖਾਲੀ ਹਨ। ਜਿਹੜੀਆਂ 4 ਭਰੀਆਂ ਹੋਈਆਂ ਹਨ, ਉਨ੍ਹਾਂ ਵਿਚੋਂ 2 ਰੈਗੂਲਰ ਤੌਰ ਤੇ ਕੰਮ ਕਰ ਰਹੇ ਹਨ ਅਤੇ 2 ਗੈਸਟ ਫੈਕਲਟੀ ਲੈਕਚਰਾਰ ਦੇ ਤੌਰ ਤੇ ਕੰਮ ਕਰ ਰਹੇ ਹਨ।

(ਅ) ਸਰਕਾਰ ਵੱਲੋਂ ਲੈਕਚਰਾਰ (ਕਾਲਜ ਕਾਡਰ) ਦੀਆਂ ਖਾਲੀ ਅਸਾਮੀਆਂ ਵਿਚੋਂ 265 ਅਸਾਮੀਆਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਰੈਗੂਲਰ ਤੌਰ ਤੇ ਭਰਨ ਲਈ ਫਰਵਰੀ, 2008, ਨੂੰ ਲਿਖਿਆ ਗਿਆ ਸੀ ਅਤੇ ਕਮਿਸ਼ਨ ਵੱਲੋਂ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਅਕਾਦਮਿਕ ਸੈਸ਼ਨ ਦੇ ਸ਼ੁਰੂ ਵਿਚ ਇਹ ਭਰਤੀ ਪ੍ਰਕਿਰਿਆ ਮੁਕੰਮਲ ਹੋ ਜਾਵੇਗੀ ਅਤੇ ਇਨ੍ਹਾਂ ਕਾਲਜਾਂ ਵਿਚ ਅਧਿਆਪਕ ਤੈਨਾਤ ਕੀਤੇ ਜਾ ਸਕਣਗੇ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਬਿਸ਼ੰਬਰ ਦਾਸ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਸਿੱਖਿਆ ਮੰਤਰੀ ਜੀ ਨੂੰ ਰਿਕੁਐਸਟ ਕਰਦਾ ਹਾਂ ਕਿ ਇਸ ਪਛੜੇ ਹੋਏ ਇਲਾਕੇ ਨੂੰ ਕਾਫੀ ਦੇਰ ਤੋਂ ਬਾਅਦ ਕਾਲਜ ਮਿਲਿਆ ਹੈ ਔਰ ਦੋ ਹੀ ਰੈਗੂਲਰ ਪ੍ਰੋਫੈਸਰ ਉਥੇ ਕੰਮ ਕਰ ਰਹੇ ਹਨ ਜੋ ਕਿ ਬੱਚਿਆਂ ਤੋਂ ਡੋਨੇਸ਼ਨ ਲੈ ਕੇ ਉਥੇ ਪੜ੍ਹਾਈ ਕਰਵਾ ਰਹੇ ਹਨ ਔਰ ਬੱਚੇ ਉਥੋਂ ਹੋਰ ਪਾਸੇ ਜਾ ਰਹੇ ਹਨ। ਹੋਰ ਬੱਚੇ ਵੀ ਉਥੋਂ ਜਾਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਵੇਲੇ ਬਹੁਤ ਘੱਟ ਸੰਖਿਆ ਵਿਚ ਬੱਚੇ ਰਹਿ ਗਏ ਹਨ। ਜੇ ਇਸੇ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਇਹ ਕਾਲਜ ਬੰਦ ਹੋਣ ਦੀ ਕਗਾਰ ਤੱਕ ਪਹੁੰਚ ਸਕਦਾ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਇਹ ਅਸਾਮੀਆਂ ਰੈਗੂਲਰ ਕਰ ਦਿੱਤੀਆਂ ਜਾਣਗੀਆਂ। ਟੈਂਪਰੇਰੀ ਅਧਿਆਪਕਾਂ ਨਾਲ ਪੜ੍ਹਾਈ ਦਾ ਪੂਰਾ ਸੰਜਮ ਨਹੀਂ ਵਰਤਿਆ ਜਾ ਰਿਹਾ। ਇਸੇ ਤਰ੍ਹਾਂ ਮੇਰੀ ਹੋਰ ਹੰਬਲ ਰਿਕੁਐਸਟ ਹੈ ਕਿ ਇਸ ਕਾਲਜ ਵਾਸਤੇ ਅਜੇ ਤੱਕ ਕੋਈ ਬਿਲਡਿੰਗ ਨਹੀਂ ਮਿਲੀ। ਬੱਚੇ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ.....

**ਮਾਨਯੋਗ ਸਪੀਕਰ :** ਪਹਿਲਾਂ ਪਹਿਲੇ ਭਾਗ ਦਾ ਜਵਾਬ ਲੈ ਲਓ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਇਸ ਮਸਲੇ ਤੇ ਕੱਲ੍ਹ ਵੀ ਹਾਊਸ ਵਿਚ ਬੇਨਤੀ ਕੀਤੀ ਸੀ ਔਰ ਮੈਂ ਅੱਜ ਫਿਰ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਹਾਊਸ ਦੇ ਲੀਡਰ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਇਹ ਸ਼੍ਰੇਅ ਜਾਂਦਾ ਹੈ ਕਿ ਸਕੂਲ ਸਿੱਖਿਆ ਦੇ ਖੇਤਰ ਵਿਚ ਵੀ ਅਤੇ ਕਾਲਜ ਸਿੱਖਿਆ ਦੇ ਖੇਤਰ ਵਿਚ ਵੀ ਜੋ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ, ਉਨ੍ਹਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਸਾਨੂੰ ਪ੍ਰਵਾਨਗੀ ਦਿੱਤੀ ਹੈ। ਅਸੀਂ ਇਸ ਸਬੰਧ ਵਿਚ ਕਾਫੀ ਯਤਨ ਵੀ ਕੀਤੇ ਹਨ। ਸਕੂਲ ਸਿੱਖਿਆ ਦੇ ਖੇਤਰ ਵਿਚ ਪਿਛਲੇ ਦੋ ਸਾਲਾਂ ਦੌਰਾਨ ਲਗਭਗ 20,000 ਅਧਿਆਪਕ ਭਰਤੀ ਕਰਕੇ ਸਕੂਲਾਂ ਵਿਚ ਤੈਨਾਤ ਕਰਵਾਏ ਹਨ। (ਥੰਪਿੰਗ) ਜਿਥੋਂ ਤੱਕ ਕਾਲਜ ਕਾਡਰ ਦਾ ਤਾਅਲੁੱਕ ਹੈ, ਅਸੀਂ ਤਰੱਕੀਆਂ ਵੀ ਦਿੱਤੀਆਂ ਹਨ ਅਤੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਨੂੰ ਫਰਵਰੀ, 2008 ਵਿੱਚ 9 ਪ੍ਰਿੰਸੀਪਲਾਂ ਦੀਆਂ ਅਸਾਮੀਆਂ ਅਤੇ 265 ਲੈਕਚਰਾਰਾਂ ਦੀਆਂ ਅਸਾਮੀਆਂ ਭਰਨ ਲਈ ਬੇਨਤੀ ਵੀ ਕੀਤੀ ਹੈ। ਉਨ੍ਹਾਂ ਵੱਲੋਂ 4 ਅਪ੍ਰੈਲ, 2008 ਨੂੰ ਅਖਬਾਰਾਂ ਵਿਚ ਇਸ਼ਤਿਹਾਰ ਦਿੱਤੇ ਗਏ ਹਨ ਪਰ ਹਾਈ ਕੋਰਟ ਵਿਚ ਕੰਟੈਂਪਟ ਪਟੀਸ਼ਨ 29 ਅਪ੍ਰੈਲ ਨੂੰ ਪਾਈ ਗਈ ਜਿਸ ਕਰਕੇ ਭਰਤੀ ਪ੍ਰਕਿਰਿਆ ਦੇ ਕਾਰਜ ਵਿੱਚ ਰੁਕਾਵਟ ਆਈ ਅਤੇ ਇਹ ਕਾਰਜ ਰੁਕ ਗਿਆ। ਹੁਣ ਕੰਟੈਂਪਟ ਪਟੀਸ਼ਨ ਡਿਸਮਿਸ ਹੋਈ ਹੈ ਔਰ ਅਸੀਂ ਦੁਬਾਰਾ ਜਨਵਰੀ, 2009 ਵਿਚ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਨੂੰ ਲਿਖਿਆ ਹੈ ਕਿ ਛੇਤੀ ਤੋਂ ਛੇਤੀ ਭਰਤੀ ਪ੍ਰਕ੍ਰਿਆ ਮੁਕੰਮਲ ਕਰ ਲੈਣ ਔਰ ਮੈਂ ਮੈਂਬਰ ਸਾਹਿਬ ਨੂੰ ਭਰੋਸਾ ਦਿਵਾਉਂਦੀ ਹਾਂ ਕਿ ਜਦੋਂ ਹੀ ਭਰਤੀ ਪ੍ਰਕ੍ਰਿਆ ਦਾ ਕਾਰਜ ਮੁਕੰਮਲ ਹੋ ਗਿਆ, ਜਿੰਨੀਆਂ ਜਿੰਨੀਆਂ ਵੀ ਸੈਂਕਸ਼ਨਡ ਪੋਸਟਾਂ ਹਨ, ਉਥੇ ਅਧਿਆਪਕ ਤੈਨਾਤ ਕਰ ਦਿੱਤੇ ਜਾਣਗੇ।

**ਸ਼੍ਰੀ ਬਿਸ਼ੰਬਰ ਦਾਸ :** ਸਪੀਕਰ ਸਾਹਿਬ, ਮੈਂ ਮਾਰਚ, 2008 ਦੇ ਸੈਸ਼ਨ ਵਿਚ ਵੀ ਇਸ ਸਬੰਧੀ ਬੇਨਤੀ ਕੀਤੀ ਸੀ..

**ਮਾਨਯੋਗ ਸਪੀਕਰ :** ਤੁਹਾਡਾ ਜਵਾਬ ਆ ਗਿਆ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਬਿਸ਼ੰਬਰ ਦਾਸ :** ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਇਸੇ ਸੈਸ਼ਨ ਵਿਚ ਅਧਿਆਪਕ/ਲੈਕਚਰਾਰ ਲਗਾ ਦਿੱਤੇ ਜਾਣ। ਦੂਸਰੀ ਮੇਰੀ ਰਿਕੁਐਸਟ ਹੈ ਕਿ ਇਸ ਕਾਲਜ ਕੋਲ ਆਪਣੀ ਕੋਈ ਬਿਲਡਿੰਗ ਨਹੀਂ ਹੈ। ਕਾਲਜ ਦੇ ਵਿਦਿਆਰਥੀ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਵਿਚ ਪੜ੍ਹਾਈ ਕਰ ਰਹੇ ਹਨ। ਇਸ ਕਾਰਨ ਸੀਨੀਅਰ ਸੈਕੰਡਰੀ ਸਕੂਲ ਦੇ ਬੱਚੇ ਵੀ ਸਫਰ ਕਰ ਰਹੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਕਾਲਜ ਲਈ ਬਿਲਡਿੰਗ ਕਦੋਂ ਤੱਕ ਫਰਨਿਸ਼ ਕਰਵਾ ਕੇ ਅਵੇਲੇਬਲ ਕਰਵਾ ਦਿੱਤੀ ਜਾਵੇਗੀ ? ਇਹ ਕਦੋਂ ਬਣ ਜਾਵੇਗੀ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਦੀ ਬੇਨਤੀ ਦਰੁਸਤ ਹੈ। ਸਾਰੀ ਭਰਤੀ ਪ੍ਰਕ੍ਰਿਆ ਲਈ ਸਰਕਾਰ ਵੱਲੋਂ ਪੂਰੇ ਯਤਨ ਕੀਤੇ ਜਾ ਰਹੇ ਹਨ ਅੌਰ ਪੜ੍ਹਾਈ ਵੀ..

**ਮਾਨਯੋਗ ਸਪੀਕਰ :** ਤੁਸੀਂ ਅਗਲੇ ਭਾਗ ਦਾ ਜਵਾਬ ਦਿਓ। ਬਿਲਡਿੰਗ ਬਣਾਉਣ ਬਾਰੇ ਦੱਸੋ।

**ਮੰਤਰੀ :** ਪਬਲਿਕ ਸਰਵਿਸ ਕਮਿਸ਼ਨ ਵੱਲੋਂ ਭਰਤੀ ਪ੍ਰਕਿਰਿਆ ਪੂਰੀ ਕਰਵਾ ਕੇ ਅਸੀਂ ਅਧਿਆਪਕ ਤੈਨਾਤ ਕਰ ਦਿਆਂਗੇ.....।

**ਮਾਨਯੋਗ ਸਪੀਕਰ :** ਗੱਲ ਤਾਂ ਬਿਲਡਿੰਗ ਦੀ ਹੈ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਜਿੱਥੋਂ ਤੱਕ ਬਿਲਡਿੰਗ ਦਾ ਤਾਅਲੁੱਕ ਹੈ, ਅਸੀਂ ਪੰਜਾਬ ਵਿੱਚ 15 ਕਾਲਜਾਂ ਵਿੱਚ ਇਨਫਰਾਸਟਰਕਚਰ ਮਜ਼ਬੂਤ ਕਰਨ ਲਈ ਭਾਰਤ ਸਰਕਾਰ ਅਤੇ ਰਾਜ ਸਰਕਾਰ ਨੂੰ ਵੀ ਲੋੜੀਂਦੇ ਸਹਿਯੋਗ ਲਈ ਬੇਨਤੀ ਕਰ ਰਹੇ ਹਾਂ ਅਤੇ ਇਸ ਸਬੰਧੀ ਵੀ ਸਮੀਪ ਭਵਿੱਖ ਵਿੱਚ ਯਕੀਨਨ ਇਹ ਕਾਰਜ ਮੁਕੰਮਲ ਹੋ ਜਾਵੇਗਾ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ) :** ਸਪੀਕਰ ਸਾਹਿਬ, ਜਿਸ ਤਰ੍ਹਾਂ ਸਿੱਖਿਆ ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ ਲੋੜੀਂਦੀ ਕਾਰਵਾਈ ਕਰ ਰਹੇ ਹਾਂ, ਪਰ ਸ਼ਾਇਦ ਇਨ੍ਹਾਂ ਦੇ ਧਿਆਨ ਵਿੱਚ ਨਹੀਂ ਹੈ ਕਿ ਅੱਜ +1 ਅਤੇ +2 ਲਈ ਕਾਲਜਾਂ ਨੇ ਹੀ ਸਕੂਲ ਖੋਲ੍ਹ ਲਏ ਹਨ। ਉਹ ਇੱਕੋ ਹੀ ਸਟਰਕਚਰ ਵਿੱਚ ਕੰਮ ਕਰ ਰਹੇ ਹਨ ਜਿਸ ਨਾਲ ਮੈਂ ਨਹੀਂ ਸਮਝਦਾ ਕਿ ਵਿਦਿਆ ਦਾ ਸਤਰ ਉੱਚਾ ਹੋ ਸਕੇਗਾ। ਉਨ੍ਹਾਂ ਸਕੂਲਾਂ ਲਈ ਕੋਈ ਵੱਖਰਾ ਪ੍ਰਿੰਸੀਪਲ ਨਹੀਂ ਹੈ ਅਤੇ ਕਾਲਜ ਵਾਲਾ ਪ੍ਰਿੰਸੀਪਲ ਹੀ ਸਕੂਲ ਨੂੰ ਵੀ ਦੇਖ ਰਿਹਾ ਹੈ ਜਦਕਿ ਕਾਨੂੰਨ ਮੁਤਾਬਿਕ ਸਕੂਲ ਲਈ ਵੱਖਰਾ ਇਨਫਰਾਸਟਰਕਚਰ ਬਣਾਉਣਾ ਪੈਂਦਾ ਹੈ। ਇਸ ਗੱਲ ਤੇ ਮੰਤਰੀ ਸਾਹਿਬਾ ਕ੍ਰਿਪਾ ਕਰਕੇ ਧਿਆਨ ਦੇਣ ਕਿਉਂਕਿ ਇੱਕੋ ਹੀ ਪ੍ਰਿੰਸੀਪਲ ਸਕੂਲ ਅਤੇ ਕਾਲਜ ਦੋਨਾਂ ਵਾਸਤੇ ਡਿਊਟੀ ਪੂਰੀ ਤਰ੍ਹਾਂ ਨਹੀਂ ਨਿਭਾ ਸਕਦਾ। ਮੈਂ ਸਮਝਦਾ ਹਾਂ ਕਿ ਜੇਕਰ +1 ਅਤੇ +2 ਦੇ ਬੱਚਿਆਂ ਲਈ ਵੱਖਰਾ ਪ੍ਰਿੰਸੀਪਲ ਅਤੇ ਵੱਖਰਾ ਸਟਾਫ ਹੋਵੇ, ਤਾਂ ਹੀ ਬੱਚਿਆਂ ਦੀ ਸਿੱਖਿਆ ਦਾ ਸਤਰ ਉੱਚਾ ਹੋ ਸਕਦਾ ਹੈ। ਇਸ ਬਾਰੇ ਕੀ ਮੰਤਰੀ ਜੀ ਕੋਈ ਬਿਆਨ ਦੇਣ ਦੀ ਕ੍ਰਿਪਾਲਤਾ ਕਰਨਗੇ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਸ ਸਬੰਧੀ ਮੈਂ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਜਿੱਥੋਂ ਤੱਕ ਇਨ੍ਹਾਂ ਕਾਲਜਾਂ ਦਾ ਸਵਾਲ ਹੈ, ਇਨ੍ਹਾਂ ਵਿਚੋਂ +1 ਅਤੇ +2 ਦੀਆਂ ਕਲਾਸਾਂ ਵਿਦਡਰਾਅ ਕਰ ਲਈਆਂ ਗਈਆਂ ਹਨ। ਹੁਣ ਜਿਹੜੇ ਸੀਨੀਅਰ ਸੈਕੰਡਰੀ ਸਕੂਲ ਹਨ,

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਵਿੱਚ ਹੀ +1 ਅਤੇ +2 ਦੀਆਂ ਕਲਾਸਾਂ ਚਲਾਈਆਂ ਜਾ ਰਹੀਆਂ ਹਨ। ਅਸੀਂ 12 ਸਕੂਲ ਪ੍ਰਿੰਸੀਪਲਜ਼ ਦੀਆਂ ਕਾਲਜ ਕਾਡਰ ਵਿੱਚ ਤਰੱਕੀਆਂ ਕਰ ਚੁੱਕੇ ਹਾਂ ਅਤੇ 9 ਪ੍ਰਿੰਸੀਪਲ ਨਵੇਂ ਭਰਤੀ ਕੀਤੇ ਜਾਣੇ ਹਨ। ਜਿੱਥੇ-ਜਿੱਥੇ ਵੀ ਕਾਲਜਾਂ ਵਿੱਚ ਖਾਲੀ ਅਸਾਮੀਆਂ ਪਈਆਂ ਹਨ, ਉਹ ਪੂਰੀਆਂ ਕਰ ਦਿੱਤੀਆਂ ਜਾਣਗੀਆਂ ਅਤੇ ਜਿੱਥੋਂ ਤੱਕ ਸਕੂਲ ਕਾਡਰ ਦਾ ਤਾਅਲੁੱਕ ਹੈ, ਉਸ ਸਬੰਧੀ ਵੱਖਰੀ ਭਰਤੀ ਪ੍ਰਕ੍ਰਿਆ ਚਲ ਰਹੀ ਹੈ।

**ਡਾਕਟਰ ਦਲਬੀਰ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮਾਨਯੋਗ ਮੰਤਰੀ ਸਾਹਿਬਾ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕਾਲਜਾਂ ਵਿੱਚ ਲਗਭਗ 650 ਪੋਸਟਾਂ ਕਾਲਜ ਲੈਕਚਰਾਰਾਂ ਦੀਆਂ ਖਾਲੀ ਪਈਆਂ ਹਨ। ਉਨ੍ਹਾਂ ਪੋਸਟਾਂ ਦੀ ਜਗ੍ਹਾ ਪਾਰਟ ਟਾਈਮ ਲੈਕਚਰਾਰ ਲਗਾਏ ਗਏ ਹਨ ਅਤੇ ਕੁਝ ਪੀ.ਪੀ.ਐਸ.ਸੀ. ਵੱਲੋਂ ਸਿਲੈਕਟਿਡ ਕੈਂਡੀਡੇਟਸ ਵੀ ਉਸੇ ਪੈਟਰਨ ਉੱਤੇ ਪਾਰਟ ਟਾਈਮ ਲੈਕਚਰਾਰਜ਼ ਵਜੋਂ ਕੰਮ ਕਰ ਰਹੇ ਹਨ। ਮੈਂ ਮੰਤਰੀ ਸਾਹਿਬਾ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਨੂੰ ਰੈਗੂਲਰ ਜਾਂ ਪੱਕਾ ਕਰਨ ਦੀ ਕੋਈ ਤਜਵੀਜ਼ ਹੈ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਪੰਜਾਬ ਕੈਬਨਿਟ ਨੇ ਸਾਨੂੰ ਕੁੱਲ 354 ਲੈਕਚਰਾਰਾਂ ਦੀਆਂ ਅਸਾਮੀਆਂ ਰਿਵਾਈਵ ਕਰਕੇ ਪ੍ਰਵਾਨਗੀ ਦੇ ਦਿੱਤੀ ਹੈ ਜਿਨ੍ਹਾਂ ਨੂੰ ਕਿ ਅਸੀਂ ਭਰਨਾ ਹੈ। ਇਨ੍ਹਾਂ ਵਿਚੋਂ ਕੁੱਲ 89 ਅਸਾਮੀਆਂ ਆਲਰੇਡੀ ਪੁਰ ਕਰ ਦਿੱਤੀਆਂ ਗਈਆਂ ਹਨ। ਜਿਹੜੀ ਭਰਤੀ ਪਿਛਲੇ ਸਮੇਂ ਵਿੱਚ ਚੇਅਰਮੈਨ ਸਿੱਧੂ ਸਾਹਿਬ ਦੁਆਰਾ ਕੀਤੀ ਗਈ ਸੀ, ਉਸ ਤੇ ਕੁਝ ਕਿੰਤੂ ਪ੍ਰੰਤੂ ਕੀਤੇ ਗਏ ਸਨ ਅਤੇ ਉਹ ਭਰਤੀ ਰੱਦ ਕਰ ਦਿੱਤੀ ਗਈ ਸੀ। ਉਨ੍ਹਾਂ ਵਿੱਚੋਂ 29 ਕੈਂਡੀਡੇਟਸ ਨੂੰ ਨਾਨ-ਟੇਂਟਿਡ ਪਾਇਆ ਗਿਆ ਅਤੇ ਉਨ੍ਹਾਂ ਨੂੰ ਅਸੀਂ ਮੁੜ ਨੌਕਰੀ ਤੇ ਤਾਇਨਾਤ ਕਰ ਦਿੱਤਾ ਹੈ। ਬਾਕੀ 60 ਕੈਂਡੀਡੇਟਸ ਨੇ ਵੀ ਲੈਕਚਰਾਰ ਦਾ ਟੈਸਟ ਪਾਸ ਕੀਤਾ ਅਤੇ ਉਨ੍ਹਾਂ ਨੂੰ ਵੀ ਤਾਇਨਾਤ ਕੀਤਾ ਹੈ। ਇਸ ਪ੍ਰਕਾਰ ਨਾਲ ਕੁੱਲ 354 ਰਿਵਾਈਵ ਹੋਈਆਂ ਪੋਸਟਾਂ ਵਿੱਚੋਂ 89 ਪੋਸਟਾਂ ਭਰੀਆਂ ਜਾ ਚੁੱਕੀਆਂ ਹਨ। ਬਾਕੀ ਦੀਆਂ ਰਹਿੰਦੀਆਂ 265 ਪੋਸਟਾਂ ਲਈ ਰਿਕੂਜ਼ੀਸ਼ਨ ਅਸੀਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਨੂੰ ਭੇਜੀ ਹੈ ਅਤੇ ਅਸੀਂ ਉਮੀਦ ਕਰਦੇ ਹਾਂ ਕਿ ਨਵੇਂ ਅਕਾਦਮਿਕ ਸੈਸ਼ਨ ਦੇ ਸ਼ੁਰੂਆਤ ਸਮੇਂ ਇਹ ਅਸਾਮੀਆਂ ਭਰ ਦਿੱਤੀਆਂ ਜਾਣਗੀਆਂ।

---

## ਨਿਸ਼ਾਨ ਵਾਲੇ ਪ੍ਰਸ਼ਨ ਨੰ: 847 ਅਤੇ 892

(ਸਬੰਧਿਤ ਮਾਨਯੋਗ ਮੈਂਬਰਾਂ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਏ।)

---

## ਪਸ਼ੂ-ਚਿਕਿਤਸਕਾ ਡਾਕਟਰਾਂ ਦੀ ਭਰਤੀ

***878. ਡਾਕਟਰ ਦਲਬੀਰ ਸਿੰਘ** : ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਨਵੇਂ ਪਸ਼ੂ-ਚਿਕਿਤਸਕ ਡਾਕਟਰ ਭਰਤੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਨਹੀਂ ਜੀ।

Original with;
Punjab Vidhan Sabha
Digitized by;
Panjab Digital Library

**ਡਾਕਟਰ ਦਲਬੀਰ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਿੰਡਾਂ ਵਿੱਚ ਜਿਹੜੇ ਕਿਸਾਨਾਂ ਦੇ ਬੱਚਿਆਂ ਨੂੰ ਜ਼ਮੀਨ ਵਿਰਸੇ ਵਿਚ ਮਿਲਦੀ ਹੈ, ਉਹ ਬਹੁਤ ਘਟ ਗਈ ਹੈ। ਮੇਰਾ ਕਹਿਣ ਦਾ ਭਾਵ ਇਹ ਹੈ ਕਿ ਜਿਹੜਾ ਕਿਸਾਨ ਹੈ, ਉਸ ਦੇ ਆਉਣ ਵਾਲੀ ਪੀੜ੍ਹੀ ਦੇ ਜਿਹੜੇ ਬੱਚੇ ਹਨ ਉਹ ਐਗਰੀਕਲਚਰ ਤੇ ਡਿਪੈਂਡੇਂਟ ਨਹੀਂ ਰਹੇ ਕਿਉਂਕਿ ਜ਼ਮੀਨ ਉਨ੍ਹਾਂ ਦੀ ਵੰਡ ਵਿੱਚ ਬਹੁਤ ਸਾਰੀ ਘਟ ਗਈ ਹੈ ਔਰ ਉਨ੍ਹਾਂ ਨੇ ਡੇਅਰੀ ਫਾਰਮਿੰਗ ਜਾਂ ਹੋਰ ਜਿਹੜੇ ਪਸ਼ੂਆਂ ਨਾਲ ਰਿਲੇਡਿਟ ਕਾਰੋਬਾਰ ਹਨ ਉਹ ਸ਼ੁਰੂ ਕੀਤੇ ਹਨ। ਇਸਤੋਂ ਇਲਾਵਾ ਬਹੁਤ ਸਾਰੀਆਂ ਡਿਸਪੈਂਸਰੀਆਂ ਵਿੱਚ ਜਿਹੜੇ ਵੈਟਰਨਰੀ ਫਾਰਮਾਸਿਸਟ ਲਾਉਂਦੇ ਹਾਂ, ਉਨ੍ਹਾਂ ਦੀਆਂ ਪੋਸਟਾਂ ਵੀ ਖਾਲੀ ਪਈਆਂ ਹਨ ਅਤੇ ਜਿਹੜੇ ਵੈਟਰਨਰੀ ਹਸਪਤਾਲ ਹਨ, ਉਨ੍ਹਾਂ ਵਿੱਚ ਵੀ ਵੈਟਰਨਰੀ ਸਰਜਨ ਜਾਂ ਡਾਕਟਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਮੈਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਜੇ ਕੋਈ ਤਜਵੀਜ਼ ਨਹੀਂ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਤਜਵੀਜ਼ ਬਣਾ ਲਓ ਤਾਂ ਕਿ ਇਨ੍ਹਾਂ ਖਾਲੀ ਪਈਆਂ ਅਸਾਮੀਆਂ ਨੂੰ ਭਰਿਆ ਜਾ ਸਕੇ।

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਦਾ ਸਵਾਲ ਬਹੁਤ ਗੰਭੀਰ ਹੈ। ਇਹ ਬਹੁਤ ਵਧੀਆ ਗੱਲ ਇਨ੍ਹਾਂ ਨੇ ਕੀਤੀ ਹੈ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਡਾਕਟਰਾਂ ਦੀਆਂ 582 ਪੋਸਟਾਂ ਹਨ ਜਿਹੜੀਆਂ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਗਈਆਂ ਹਨ ਔਰ ਇਨ੍ਹਾਂ ਵਿੱਚੋਂ 383 ਭਰ ਲਈਆਂ ਗਈਆਂ ਹਨ ਅਤੇ ਹਾਲੇ 199 ਆਸਾਮੀਆਂ ਖਾਲੀ ਪਈਆਂ ਹਨ। ਜ਼ਿਲ੍ਹਾ ਪ੍ਰੀਸ਼ਦਾਂ ਵਿੱਚ ਵੀ ਅਸਾਮੀਆਂ ਘੱਟ ਹਨ ਅਤੇ ਸਾਡੇ ਵੀ 82 ਡਾਕਟਰ ਘੱਟ ਹਨ। ਹੁਣ ਸਰਕਾਰ ਦੀ ਪ੍ਰਾਈਵੇਟ ਹਸਪਤਾਲ ਖੋਲ੍ਹਣ ਦੀ ਤਜਵੀਜ਼ ਹੈ। ਜਿਹੜੇ ਡਾਕਟਰ ਯੂਨੀਵਰਸਿਟੀਆਂ ਵਿੱਚੋਂ ਨਿਕਲਦੇ ਹਨ, ਉਹ 45 ਹਨ ਅਤੇ ਉਨ੍ਹਾਂ ਵਿੱਚੋਂ ਕਈ ਪੜ੍ਹ ਕੇ ਬਾਹਰ ਚਲੇ ਜਾਂਦੇ ਹਨ। ਕੁਝ ਪ੍ਰਾਈਵੇਟ ਤੌਰ ਤੇ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਕਰਕੇ ਡਾਕਟਰਾਂ ਦੀ ਘਾਟ ਹੋ ਜਾਂਦੀ ਹੈ। ਜਦੋਂ ਵੀ ਤਜਵੀਜ਼ ਪ੍ਰਵਾਨ ਹੋ ਗਈ ਤਾਂ ਇਹ ਘਾਟ ਪੂਰੀ ਕਰਾਂਗੇ। 2002 ਤੋਂ ਭਰਤੀ ਬੰਦ ਹੈ ਪਰ ਜ਼ਿਲ੍ਹਾ ਪ੍ਰੀਸ਼ਦਾਂ ਦੀ ਭਰਤੀ ਚੱਲ ਰਹੀ ਹੈ ਅਤੇ ਇਹ ਅਸਾਮੀਆਂ ਵੀ ਖਾਲੀ ਪਈਆਂ ਹਨ। ਸਰਕਾਰ ਵੀ ਇਸ ਪ੍ਰਤੀ ਚਿੰਤੁਤ ਹੈ, ਮੁੱਖ ਮੰਤਰੀ ਸਾਹਿਬ ਵੀ ਚਿੰਤੁਤ ਹਨ। ਜਦੋਂ ਵੀ ਤਜਵੀਜ਼ ਪ੍ਰਵਾਨ ਹੋ ਗਈ ਤਾਂ ਇਸ ਨੂੰ ਪੂਰਾ ਕਰਨ ਦੇ ਉਪਰਾਲੇ ਕਰਾਂਗੇ।

**ਡਾਕਟਰ ਦਲਬੀਰ ਸਿੰਘ** : ਮੰਤਰੀ ਸਾਹਿਬ ਦਾ ਧੰਨਵਾਦ ਜੀ।

---

## ਮੋਰਿੰਡਾ-ਚਮਕੌਰ ਸਾਹਿਬ ਸੜਕ ਨੂੰ ਚੌੜਾ ਕਰਨਾ

***862. ਸਰਦਾਰ ਚਰਨਜੀਤ ਸਿੰਘ ਚੰਨੀ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੋਰਿੰਡਾ-ਚਮਕੌਰ ਸਾਹਿਬ ਸੜਕ ਨੂੰ ਚੌੜਾ ਨਾ ਕਰਨ ਦੇ ਕੀ ਕਾਰਨ ਹਨ ਜਿਸ ਨੂੰ ਕਿ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਅਧੀਨ ਪੱਕਾ ਕੀਤਾ ਜਾ ਰਿਹਾ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਮੋਰਿੰਡਾ-ਚਮਕੌਰ ਸਾਹਿਬ ਸੜਕ ਨੂੰ ਇਸ ਕਰਕੇ ਚੌੜਾ ਨਹੀਂ ਕੀਤਾ ਜਾ ਰਿਹਾ ਕਿਉਂਕਿ ਤਜਵੀਜ਼ ਤਿਆਰ ਕਰਦੇ ਸਮੇਂ ਇਸ ਸੜਕ ਤੇ ਟਰੈਫਿਕ ਸੈਨਸਿਸ 4951 ਪੀ.ਸੀ.ਯੂ. (ਪੈਸੰਜਰ ਕਾਰ ਯੂਨਿਟਸ) ਸੀ। ਇੰਡੀਅਨ ਰੋਡ ਕਾਂਗਰਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜੇਕਰ ਪੇਸੰਜਰ ਕਾਰ ਯੂਨਿਟਸ 6000 ਤੋਂ ਵੱਧ ਹੋਣ ਤਾਂ ਹੀ ਸੜਕ ਨੂੰ ਦੋ-ਲੇਨਜ਼ ਜਾਂ ਕਿ 7.00 ਮੀਟਰ ਤੱਕ ਚੌੜਾ ਕੀਤਾ ਜਾਂਦਾ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਇਸ ਰੋਡ ਨੂੰ ਆਵਾਜਾਈ ਘੱਟ ਹੋਣ ਕਰਕੇ ਚੌੜਾ ਨਹੀਂ ਕੀਤਾ ਗਿਆ ਪਰ ਮੈਂ ਇਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸੜਕ ਹੈ, ਇਸ ਤੋਂ ਅੱਗੇ ਜਾ ਕੇ ਇਹ ਸੜਕ ਫਟਦੀ ਹੈ ਜਿਸ ਵਿੱਚੋਂ ਇਕ ਸੜਕ ਮੋਰਿੰਡਾ ਤੋਂ ਬੇਲਾ ਤੱਕ ਜਾਂਦੀ ਹੈ ਅਤੇ ਦੂਸਰੀ ਸੜਕ ਰੋਪੜ ਤੇ ਬਹਿਰਾਮਪੁਰ ਨੂੰ ਜਾਂਦੀ ਹੈ। ਜਿਹੜੀ ਇਸ ਦੀ ਸਬਸਿਡਰੀ ਸੜਕ ਹੈ, ਜਿਸ ਵਿੱਚੋਂ ਇਸ ਰੋਡ ਨੇ ਆਵਾਜਾਈ ਲੈਣੀ ਹੈ ਅਤੇ ਜਿਸ ਦੀ ਆਵਾਜਾਈ ਪੂਰੀ ਹੈ, ਉਸ ਨੂੰ ਚੌੜਾ ਕੀਤਾ ਜਾ ਰਿਹਾ ਹੈ ਪਰ ਜਿਹੜੀ ਮੇਨ ਸੜਕ ਹੈ, ਉਸ ਨੂੰ ਚੌੜਾ ਨਹੀਂ ਕੀਤਾ ਜਾ ਰਿਹਾ। ਜਦੋਂ ਇਸ ਬਾਰੇ ਗੱਲ ਹੋ ਰਹੀ ਸੀ ਤਾਂ ਮੈਂ ਇਨ੍ਹਾਂ ਦੇ ਸਬੰਧਿਤ ਅਫਸਰਾਂ ਨੂੰ ਵੀ ਕਿਹਾ ਸੀ ਕਿ ਚਮਕੌਰ ਸਾਹਿਬ ਇਕ ਬਹੁਤ ਹੀ ਇਤਿਹਾਸਕ ਸਥਾਨ ਹੈ। ਇਥੇ ਤਿੰਨ ਚਾਰ ਮੇਲੇ ਲੱਗਦੇ ਹਨ, ਸ਼ਹੀਦੀ ਜੋੜ ਮੇਲਾ ਲੱਗਦਾ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਸੰਗਤ ਇਥੇ ਆਉਂਦੀ ਹੈ। ਇਸ ਕਰਕੇ ਬਰਸਾਤ ਦੇ ਦਿਨਾਂ ਵਿੱਚ ਬੈਠ ਕੇ ਉਸ ਦਾ ਸਿਸਟਮ ਤਿਆਰ ਨਹੀਂ ਕਰ ਸਕਦੇ। ਜੋ ਇਸ ਦੇ ਦੂਰਅੰਦੇਸ਼ ਨਤੀਜੇ ਹਨ, ਉਨ੍ਹਾਂ ਨੂੰ ਸਾਹਮਣੇ ਰੱਖ ਕੇ ਇਸ ਦੀ ਚੌੜਾਈ ਤਹਿ ਕਰਨੀ ਚਾਹੀਦੀ ਹੈ। ਜੋੜ ਮੇਲੇ ਤੇ ਕਿੰਨਾ ਇਕੱਠ ਹੁੰਦਾ ਹੈ, ਇਸ ਬਾਰੇ ਸਭ ਨੂੰ ਪਤਾ ਹੈ। ਮੁੱਖ ਮੰਤਰੀ ਸਾਹਿਬ ਜਾਂਦੇ ਹਨ ਅਤੇ ਸਾਰੇ ਪੰਜਾਬ ਵਿੱਚੋਂ ਸੰਗਤਾਂ ਆਉਂਦੀਆਂ ਹਨ, ਬਾਹਰਲੇ ਦੇਸ਼ਾਂ ਵਿੱਚੋਂ ਵੀ ਸੰਗਤਾਂ ਆਉਂਦੀਆਂ ਹਨ। ਸਿਰਫ ਇਸ ਕਰਕੇ ਇਸ ਸੜਕ ਨੂੰ ਚੌੜਾ ਨਹੀਂ ਕੀਤਾ ਕਿਉਂਕਿ ਕੁਝ ਦਰਖਤ ਕੱਟਣੇ ਪੈਣਗੇ, ਉਸ ਦੀ ਮਨਜ਼ੂਰੀ ਸੈਂਟਰ ਤੋਂ ਆਏਗੀ ਅਤੇ ਉਹ ਲੇਟ ਹੋ ਜਾਵੇਗਾ। ਮੈਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਦੋਂ ਇਸ ਦੇ ਅੱਗੇ ਸਬਸਿਡਰੀ ਸੜਕ ਜਿਹੜੀ ਅੱਗੇ ਜਾ ਕੇ ਫਟਦੀ ਹੈ, ਚੌੜੀ ਹੋ ਰਹੀ ਹੈ ਤਾਂ ਇਸ ਨੂੰ ਘੱਟ ਕਿਉਂ ਰੱਖਿਆ ਗਿਆ ਹੈ ਅਤੇ ਕਦੋਂ ਤੱਕ ਇਸ ਨੂੰ ਮੁੜ ਤਜਵੀਜ਼ ਬਣਾ ਕੇ ਚੌੜਾ ਕਰ ਦਿੱਤਾ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੜਕਾਂ ਚੌੜੀਆਂ ਕੀਤੀਆਂ ਜਾ ਰਹੀਆਂ ਹਨ, ਉਹ 18 ਫੁੱਟ ਤੱਕ ਚੌੜੀਆਂ ਕੀਤੀਆਂ ਜਾ ਰਹੀਆਂ ਹਨ, ਇਸ ਤੋਂ ਵੱਧ ਚੌੜੀਆਂ ਨਹੀਂ ਕੀਤੀਆਂ ਜਾ ਰਹੀਆਂ। ਇਹ ਸੜਕ ਪਹਿਲਾਂ ਹੀ 18 ਫੁੱਟ ਚੌੜੀ ਹੈ। ਮੇਨ ਸੜਕ ਲਈ ਸਾਡੀ ਸਟੇਟ ਟੈਕਨੀਕਲ ਏਜੰਸੀ ਬਣੀ ਹੋਈ ਹੈ, ਉਹ ਬੈਠ ਕੇ ਡਿਸਕਸ ਕਰਦੀ ਹੈ, ਸਰਵੇ ਕਰਵਾਉਂਦੀ ਹੈ। ਉਸ ਤੋਂ ਬਾਅਦ ਗੌਰਮਿੰਟ ਆਫ ਇੰਡੀਆ ਦੀ ਹਾਈ ਲੈਵਲ ਕਮੇਟੀ ਮਨਿਸਟਰੀ ਆਫ ਰੂਰਲ ਡਿਵੈਲਪਮੈਂਟ ਅਧੀਨ ਉਸ ਪ੍ਰੋਪੋਜ਼ਲ ਨੂੰ, ਜਿਥੇ ਲੋੜ ਹੁੰਦੀ ਹੈ, ਉਹ ਵਧਾਉਣ ਜਾਂ ਚੌੜੀ ਕਰਨ ਬਾਰੇ ਅਪਰੂਵ ਕਰਦੀ ਹੈ। ਇਨ੍ਹਾਂ ਦੀ ਗੱਲ ਸਹੀ ਹੈ ਕਿ ਅਸੀਂ ਪ੍ਰੋਪੋਜ਼ਲ ਇਨ੍ਹਾਂ ਦੇ ਮੁਤਾਬਿਕ ਸੜਕਾਂ ਚੌੜੀਆਂ ਕਰਨ ਵਾਸਤੇ ਬਣਾ ਕੇ ਭੇਜਦੇ ਹਾਂ ਤਾਂ ਜੋ ਅਸੀਂ ਸੈਂਟਰ ਕੋਲੋਂ ਵੱਧ ਤੋਂ ਵੱਧ ਫਾਇਦਾ ਲੈ ਸਕੀਏ ਪਰ ਕਈ ਵਾਰੀ ਟੈਕਨੀਕਲ ਸਪੈਸੀਫਿਕੇਸ਼ਨਾਂ ਦੇ ਤਹਿਤ ਉਹ ਸਾਡੀ ਪ੍ਰੋਪੋਜ਼ਲ ਨੂੰ ਕੱਟ-ਡਾਊਨ ਕਰ ਦਿੰਦੇ ਹਨ। ਇਸ ਲਈ ਜਦੋਂ ਵੀ ਪ੍ਰੋਸੀਜਰ ਵਾਲੀ ਗੱਲ ਪੂਰੀ ਹੋ ਜਾਵੇਗੀ ਤਾਂ ਇਸ ਨੂੰ ਦੁਬਾਰਾ ਲੈ ਲਿਆ ਜਾਵੇਗਾ। ਇਹ ਮੈਂ ਇਨ੍ਹਾਂ ਨੂੰ ਆਪਣੇ ਵੱਲੋਂ ਆਸ਼ਵਾਸਨ ਦਿਵਾਉਂਦਾ ਹਾਂ।

Original with;
Punjab Vidhan Sabha
Digitized by;
Panjab Digital Library

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਅਤੇ ਜਿਸ ਤਰ੍ਹਾਂ ਮੈਂ ਪਹਿਲਾਂ ਵੀ ਕਿਹਾ ਹੈ ਕਿ ਸੜਕ ਬਹੁਤ ਹੀ ਅਹਿਮੀਅਤ ਰੱਖਦੀ ਹੈ ਅਤੇ ਇਤਿਹਾਸਕ ਸਥਾਨ ਨੂੰ ਜਾਂਦੀ ਹੈ। ਜੇਕਰ ਮੰਤਰੀ ਜੀ ਹੋਰ ਕੁਝ ਨਹੀਂ ਕਰ ਸਕਦੇ ਤਾਂ ਇਸ ਨੂੰ ਸ਼ਡਿਊਲ ਰੋਡ ਵਿਚ ਲੈ ਲਿਆ ਜਾਵੇ। ਇਸ ਦੇ ਦੋਨੋਂ ਪਾਸੇ 60—66 ਫੁੱਟ ਜਗ੍ਹਾ ਹੈ ਅਤੇ ਇਸ ਉਤੇ ਲੋਕਾਂ ਨੇ ਦੁਕਾਨਾਂ ਵਗੈਰਾ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਜੇਕਰ ਇਸ ਨੂੰ ਸ਼ਡਿਊਲ ਸੜਕ ਵਿਚ ਲੈ ਲਿਆ ਜਾਵੇਗਾ ਤਾਂ ਲੋਕ ਸੜਕ ਤੋਂ 15 ਜਾਂ 50 ਫੁੱਟ ਪਿੱਛੇ ਹਟਣਗੇ। ਇਹ ਨਾ ਹੋਵੇ ਕਿ ਜੇ ਅਸੀਂ ਇਸ ਸੜਕ ਨੂੰ ਦੇਰ ਬਾਅਦ ਚੌੜਾ ਕਰਾਂਗੇ ਤਾਂ ਉਸ ਵੇਲੇ ਇਸ ਦੇ ਚੌੜਾ ਹੋਣ ਦੀ ਗੁੰਜਾਇਸ਼ ਹੀ ਨਾ ਰਹੇ। ਮੇਰੀ ਬੇਨਤੀ ਹੈ ਕਿ ਇਸ ਦਾ ਦੁਬਾਰਾ ਐਸਟੀਮੇਟ ਤਿਆਰ ਕਰਵਾਇਆ ਜਾਵੇ ਤਾਂ ਜੋ ਇਸ ਨੂੰ ਚੌੜਾ ਕੀਤਾ ਜਾ ਸਕੇ।

**ਮਾਨਯੋਗ ਸਪੀਕਰ :** ਮੰਤਰੀ ਜੀ, ਕੀ ਸ਼ਡਿਊਲ ਸੜਕ ਬਾਰੇ ਕੁਝ ਕਹਿਣਾ ਚਾਹੋਗੇ ?

**ਮੰਤਰੀ :** ਇਨ੍ਹਾਂ ਦੀ ਗੱਲ ਵਾਜਬ ਲੱਗਦੀ ਹੈ ਅਤੇ ਬਿਲਕੁਲ ਜਾਇਜ਼ ਹੈ। ਅਸੀਂ ਇਸ ਨੂੰ ਸ਼ਡਿਊਲ ਰੋਡ ਵਿਚ ਇਨਕਲੂਡ ਕਰ ਲਵਾਂਗੇ ਪਰ ਅਸੀਂ ਪੀ.ਐਮ.ਜੀ.ਐਸ.ਵਾਈ. ਸਕੀਮ ਵਿਚ ਇਹ ਸੜਕ ਲਈ ਹੈ ਅਤੇ ਇਸ ਦੇ ਤਹਿਤ ਅਸੀਂ ਹੋਰ ਪੈਸੇ ਨਹੀਂ ਲੈ ਸਕਦੇ। ਅਸੀਂ ਸਮੇਂ ਦੇ ਮੁਤਾਬਿਕ ਦੇਖ ਲਵਾਂਗੇ ਕਿ ਜਿਹੜੀ 6000 ਪੀ.ਸੀ.ਯੂ. (ਪੈਸੰਜਰ ਕਾਰ ਯੂਨਿਟ) ਦੀ ਰਿਕੁਆਇਰਮੈਂਟ ਹੈ, ਉਹ ਕਦੋਂ ਫੁਲਫਿਲ ਹੋ ਜਾਵੇਗੀ। ਇਕ ਸਾਡੇ ਇੰਡੀਅਨ ਰੋਡ ਕਾਂਗਰਸ ਹੈ ਜਿਹੜੀ ਕਿ ਸਾਰੀਆਂ ਸੜਕਾਂ ਦੀਆਂ ਟੈਕਨੀਕਲ ਸਪੈਸੀਫਿਕੇਸ਼ਨਾਂ ਡਿਸਾਈਡ ਕਰਦੀ ਹੈ, ਉਸ ਦੇ ਮੁਤਾਬਿਕ ਗਾਈਡਲਾਈਨਜ਼ ਤੇ ਹੀ ਅਸੀਂ ਕੰਮ ਕਰਦੇ ਹਾਂ। ਜਦੋਂ ਇਹ 6000 ਪੀ.ਸੀ.ਯੂ. ਦੀ ਸ਼ਰਤ ਪੂਰੀ ਕਰ ਲਵੇਗੀ, ਉਸ ਤੋਂ ਬਾਅਦ ਇਸ ਦੀ ਵਾਈਡਨਿੰਗ ਬਾਰੇ ਵਿਚਾਰ ਕਰ ਲਵਾਂਗੇ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ.......

**ਮਾਨਯੋਗ ਸਪੀਕਰ :** ਤੁਹਾਡੀ ਗੱਲ ਦਾ ਜਵਾਬ ਆ ਤਾਂ ਗਿਆ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਹੋਵੇ, ਇਤਿਹਾਸਕ ਸਥਾਨ ਨੂੰ ਸੜਕ ਜਾਂਦੀ ਹੋਵੇ ਅਤੇ ਇਹ 6000 ਪੀ.ਸੀ.ਯੂ. ਦੀ ਸ਼ਰਤ ਲਾਉਣ, ਇਹ ਚੰਗਾ ਨਹੀਂ ਲੱਗਦਾ। ਮੰਤਰੀ ਜੀ ਤਾਂ ਵੈਸੇ ਹੀ ਫਰਾਖਦਿਲ ਹਨ। ਆਉਣ ਵਾਲੇ ਸਮੇਂ ਵਿਚ ਇਸ ਨੂੰ ਪੰਜਾਬ ਦੇ ਫੰਡਾਂ ਵਿਚੋਂ ਚੌੜਾ ਕਰਵਾ ਦੇਣ। ਮੰਤਰੀ ਜੀ ਫਰਾਖਦਿਲੀ ਵਿਖਾਉਣ ਅਤੇ ਇਹ ਅਨਾਊਂਸ ਕਰ ਦੇਣ।

**ਮਾਨਯੋਗ ਸਪੀਕਰ :** ਮੈਂ ਤਾਂ ਕਹਿ ਦਿੰਦਾ ਹਾਂ, ਜੇਕਰ ਉਹ ਮੰਨ ਜਾਣ।

**ਮੰਤਰੀ :** ਸਪੀਕਰ ਸਾਹਿਬ, ਅਜੇ ਤਾਂ ਬਜਟ ਐਲੋਕੇਸ਼ਨ ਆਉਣੀ ਹੈ। ਮੈਂ ਹੁਣ ਇਸ ਦੀ ਕੋਈ ਕਮਿਟਮੈਂਟ ਨਹੀਂ ਕਰ ਸਕਦਾ। ਬਜਟ ਤਾਂ ਪਾਸ ਵੀ ਨਹੀਂ ਹੋਇਆ। ਉਨ੍ਹਾਂ ਦੀ ਗੱਲ ਦਾ ਅਸੀਂ ਬਿਲਕੁਲ ਭਰੋਸਾ ਦਿਵਾਉਂਦੇ ਹਾਂ ਅਤੇ ਸੜਕ ਦੀ ਅਹਿਮੀਅਤ ਨੂੰ ਵੇਖਦੇ ਹੋਏ, ਇਸ ਨੂੰ ਪਹਿਲ ਦੇ ਅਧਾਰ ਤੇ ਟੇਕ-ਅੱਪ ਕਰਾਂਗੇ।

---

Original with;
Punjab Vidhan Sabha
Digitized by;
Punjab Digital Library

ਨਿਸ਼ਾਨ ਵਾਲੇ ਪ੍ਰਸ਼ਨ ਨੰ: 849, 891, 836 ਅਤੇ 860

(ਸਬੰਧਿਤ ਮਾਨਯੋਗ ਮੈਂਬਰਾਂ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

---

ਸਾਇੰਸ (ਵਿਗਿਆਨ) ਦੇ ਵਿਸ਼ਿਆਂ ਨੂੰ ਪੜ੍ਹਾਉਣਾ

*904. **ਸ਼੍ਰੀ ਬਿਸ਼ੰਬਰ ਦਾਸ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਮਿਆਲ ਅਤੇ ਖੋਜਕੀਚੱਕ, ਜ਼ਿਲ੍ਹਾ ਗੁਰਦਾਸਪੁਰ, ਵਿਚ ਸਥਿਤ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਾਇੰਸ ਸਟ੍ਰੀਮ (ਵਿਸ਼ੇ) ਵਿਚ ਕੋਈ ਸਿੱਖਿਆ ਨਹੀਂ ਦਿੱਤੀ ਜਾ ਰਹੀ ਹੈ ; ਜੇਕਰ ਅਜਿਹਾ ਹੋਵੇ, ਤਾਂ ਕੀ ਸਰਕਾਰ ਉਕਤ ਸਕੂਲਾਂ ਵਿੱਚ ਕੁਝ ਸਾਇੰਸ ਦੇ ਅਧਿਆਪਕਾਂ ਦੀ ਨਿਯੁਕਤੀ ਕਰਨ ਦੀ ਤਜਵੀਜ਼ ਰੱਖਦੀ ਹੈ ?

**ਡਾਕਟਰ ਉਪਿੰਦਰਜੀਤ ਕੌਰ** : ਹਾਂ ਜੀ, ਇਹ ਦਰੁਸਤ ਹੈ ਕਿ ਬਮਿਆਲ ਅਤੇ ਖੋਜਕੀਚੱਕ, ਜ਼ਿਲ੍ਹਾ ਗੁਰਦਾਸਪੁਰ, ਵਿਚ ਸਥਿਤ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਾਇੰਸ ਦੇ ਵਿਸ਼ੇ ਦੀ ਪੜ੍ਹਾਈ ਨਹੀਂ ਕਰਵਾਈ ਜਾ ਰਹੀ। ਅਜਿਹਾ ਇਸ ਕਰਕੇ ਹੋਇਆ ਕਿਉਂਕਿ ਇਹਨਾਂ ਸਕੂਲਾਂ ਵਿਚ ਸਾਇੰਸ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਕਾਫੀ ਨਹੀਂ ਸੀ। ਬਮਿਆਲ ਸਕੂਲ ਤੋਂ ਵਿਦਿਆਰਥੀਆਂ ਦੀ ਲੋੜੀਂਦੀ ਗਿਣਤੀ ਦੀ ਅਣਹੋਂਦ ਵਿਚ ਸਾਇੰਸ ਗਰੁੱਪ ਸ਼ਿਫਟ ਕੀਤਾ ਗਿਆ। ਖੋਜਕੀਚੱਕ ਸਕੂਲ ਵਿਚ ਸੀਨੀਅਰ ਸੈਕੰਡਰੀ ਪੱਧਰ ਤੇ ਸਾਇੰਸ ਸਟ੍ਰੀਮ ਕਦੇ ਚਾਲੂ ਨਹੀਂ ਕੀਤਾ ਗਿਆ।

**ਸ਼੍ਰੀ ਬਿਸ਼ੰਬਰ ਦਾਸ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਵਿਦਿਆ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬਮਿਆਲ ਵਿੱਚੋਂ ਸਾਇੰਸ ਗਰੁੱਪ ਇਨ੍ਹਾਂ ਨੇ ਵਾਪਸ ਕਿਉਂ ਲਿਆ ਸੀ ਜਦ ਕਿ ਪਹਿਲਾਂ ਉਥੇ ਸੀ ? ਅਤੇ ਘੱਟੋ ਘੱਟ ਕਿੰਨੇ ਵਿਦਿਆਰਥੀਆਂ ਦੀ ਸੰਖਿਆ ਹੋਣੀ ਚਾਹੀਦੀ ਹੈ ਜਿਸ ਲਈ ਇਹ ਸਾਇੰਸ ਗਰੁੱਪ ਦਿੰਦੇ (ਲਾਗੂ) ਹਨ ? ਕੀ ਪਿੰਡਾਂ ਦੇ ਬੱਚੇ ਸਾਇੰਸ ਗਰੁੱਪ ਨਹੀਂ ਪੜ੍ਹਨਾ ਚਾਹੁੰਦੇ ? ਕਿਸ ਕਾਰਨ ਕਰਕੇ ਇਹ ਉਥੋਂ ਸ਼ਿਫਟ ਕੀਤਾ ਗਿਆ ? ਸਪੀਕਰ ਸਾਹਿਬ, ਜਦੋਂ ਵੀ ਮੈਂ ਉਥੇ ਜਾਂਦਾ ਹਾਂ ਤਾਂ ਮੇਰੇ ਕੋਲੋਂ ਲੋਕਾਂ ਵਲੋਂ ਵਾਰ-ਵਾਰ ਪੁੱਛਿਆ ਜਾਂਦਾ ਹੈ ਕਿ ਇੱਥੋਂ ਸਾਇੰਸ ਗਰੁੱਪ ਕਿਉਂ ਸ਼ਿਫਟ ਕੀਤਾ ਗਿਆ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਗੱਲ ਦੀ ਕਾਇਲ ਹਾਂ ਕਿ ਸਾਨੂੰ ਵਿਦਿਆਰਥੀਆਂ ਨੂੰ ਸਾਇੰਸ ਵਿਸ਼ਾ ਲਾਜ਼ਮੀ ਤੌਰ ਤੇ ਪੜ੍ਹਾਉਣਾ ਚਾਹੀਦਾ ਹੈ ਪਰ ਜੋ ਮੌਕੇ ਦੀ ਸਥਿਤੀ ਹੈ, ਉਹ ਬਿਆਨ ਕਰਨੀ ਵੀ ਜ਼ਰੂਰੀ ਹੈ। ਬਮਿਆਲ ਵਿਖੇ 2007 ਵਿੱਚ ਸਾਇੰਸ ਸਟਰੀਮ Non-medical as well as Medical ਕਲਾਸਾਂ ਦਾ ਕੋਈ ਵਿਦਿਆਰਥੀ ਦਾਖਲ ਨਹੀਂ ਹੋਇਆ ਸੀ ਜਿਸ ਦੇ ਫਲਸਰੂਪ ਹੀ ਸਾਇੰਸ ਸਟਰੀਮ ਨੂੰ ਉਥੋਂ ਸ਼ਿਫਟ ਕਰਕੇ ਫਤਹਿਗੜ੍ਹ ਚੂੜੀਆਂ ਵਿਖੇ ਲਿਆਂਦਾ ਗਿਆ ਸੀ ਅਤੇ ਉਥੇ ਇਹ ਸਫਲਤਾ ਨਾਲ ਚਲ ਰਹੀ ਹੈ। ਦੂਜਾ, ਸਾਇੰਸ ਸਟਰੀਮ ਵਾਸਤੇ ਵਿਦਿਆਰਥੀਆਂ ਦੀ ਗਿਣਤੀ 20 ਹੋਣੀ ਜ਼ਰੂਰੀ ਹੈ।

**ਸ਼੍ਰੀ ਬਿਸ਼ੰਬਰ ਦਾਸ** : ਸਪੀਕਰ ਸਾਹਿਬ, ਬਮਿਆਲ ਦੇ ਬਾਰੇ ਮੰਤਰੀ ਜੀ ਨੇ ਦੱਸਿਆ ਹੈ, ਪਰ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਬਮਿਆਲ ਵਿੱਚ ਬੱਚਿਆਂ ਦੇ ਮਾਪੇ ਅਤੇ ਬੱਚੇ ਖੁਦ ਮੈਨੂੰ ਮਿਲਦੇ ਹਨ ਅਤੇ ਕਹਿੰਦੇ ਹਨ ਕਿ ਅਸੀਂ ਸਾਇੰਸ ਗਰੁੱਪ ਲੈਣਾ ਚਾਹੁੰਦੇ ਹਾਂ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਬਿਸ਼ੰਬਰ ਦਾਸ]

ਇਨ੍ਹਾਂ ਨੇ ਵਿਦਿਆਰਥੀਆਂ ਦੀ ਗਿਣਤੀ 20 ਦੱਸੀ ਹੈ। ਸਪੀਕਰ ਸਾਹਿਬ, ਉਥੇ ਤਿੰਨ ਸੈਕਸ਼ਨ ਚਲ ਰਹੇ ਹਨ ਅਤੇ ਉੱਥੇ ਬੱਚਿਆਂ ਦੀ ਗਿਣਤੀ 20 ਨਾਲੋਂ ਕਿਤੇ ਜ਼ਿਆਦਾ ਹੋ ਸਕਦੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਸਾਇੰਸ ਸਟਰੀਮ ਉਥੇ ਜ਼ਰੂਰ ਚਾਲੂ ਕੀਤੀ ਜਾਵੇ।

ਇਸੇ ਤਰ੍ਹਾਂ ਖੋਜਕੀਚੱਕ ਵੀ ਪਛੜਿਆ ਹੋਇਆ ਇਲਾਕਾ ਹੈ ਅਤੇ ਬੱਚੇ ਸ਼ਹਿਰਾਂ ਵਿੱਚ ਨਹੀਂ ਜਾ ਸਕਦੇ। ਉਥੇ ਵੀ ਸਾਇੰਸ ਸਟਰੀਮ ਨਹੀਂ ਹੈ। ਇਸ ਤਰ੍ਹਾਂ ਇਸ ਇਲਾਕੇ ਨਾਲ ਵਿਤਕਰਾ ਹੋ ਰਿਹਾ ਹੈ। ਇਸ ਲਈ ਮੈਂ ਸਰਕਾਰ ਕੋਲ ਇਹ ਬੇਨਤੀ ਕਰਦਾ ਹਾਂ ਕਿ ਇਹ ਐਸ਼ਿਓਰ ਕੀਤਾ ਜਾਵੇ ਕਿ ਪਿੰਡਾਂ ਦੇ ਸਕੂਲਾਂ ਵਿੱਚ ਵੀ ਉਸੇ ਤਰ੍ਹਾਂ ਸਾਇੰਸ ਗਰੁੱਪ ਪੜ੍ਹਾਇਆ ਜਾਵੇਗਾ ਜਿਸ ਤਰ੍ਹਾਂ ਸ਼ਹਿਰਾਂ ਦੇ ਸਕੂਲਾਂ ਵਿੱਚ ਪੜ੍ਹਾਇਆ ਜਾ ਰਿਹਾ ਹੈ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਅਸੀਂ ਆਉਣ ਵਾਲੇ ਸਮੇਂ ਦੇ ਵਿੱਚ ਸਰਕਾਰ ਦੀ ਪ੍ਰਵਾਨਗੀ ਦੇ ਨਾਲ 11,000 ਨਵੇਂ ਅਧਿਆਪਕ ਭਰਤੀ ਕਰਨ ਜਾ ਰਹੇ ਹਾਂ। ਜਦੋਂ ਅਧਿਆਪਕ ਭਰਤੀ ਹੋ ਗਏ ਅਤੇ ਮਾਨਯੋਗ ਮੈਂਬਰ ਸਾਹਿਬ ਨੇ ਇਨ੍ਹਾਂ ਸਕੂਲਾਂ ਦੇ ਵਿੱਚ ਸਾਇੰਸ ਦੇ ਵਿਦਿਆਰਥੀਆਂ ਦੀ ਲੋੜੀਂਦੀ ਗਿਣਤੀ 20 ਪੂਰੀ ਕਰ ਲਈ ਤਾਂ ਯਕੀਨਨ ਸਾਡੇ ਵੱਲੋਂ ਇਹ ਯਤਨ ਹੋਵੇਗਾ ਕਿ ਇਹ ਸਟਰੀਮ ਉਥੇ ਚਾਲੂ ਕਰ ਦਿੱਤੀ ਜਾਵੇ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮਾਨਯੋਗ ਸਪੀਕਰ ਸਾਹਿਬ, ਪੰਜਾਬ ਦੀ 66% ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ ਅਤੇ 34% ਸ਼ਹਿਰਾਂ ਵਿੱਚ ਰਹਿੰਦੀ ਹੈ । ਹਾਇਰ ਐਜੂਕੇਸ਼ਨ ਵਿੱਚ 6% ਬੱਚੇ ਪਿੰਡਾਂ ਵਿਚੋਂ ਜਾ ਰਹੇ ਹਨ ਅਤੇ 94% ਬੱਚੇ ਸ਼ਹਿਰਾਂ ਵਿਚੋਂ ਜਾ ਰਹੇ ਹਨ। ਇਸ ਦਾ ਮੇਨ ਕਾਰਨ ਇਹ ਹੈ ਕਿ ਸਾਡੇ ਪਿੰਡਾਂ ਦੇ ਸਕੂਲਾਂ ਵਿੱਚ ਸਾਇੰਸ ਦੀ ਪੜ੍ਹਾਈ ਨਹੀਂ ਹੈ। ਮੈਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਪੂਰਵਕ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਸਾਇੰਸ ਵਿਸ਼ਾ ਲਾਗੂ ਕਰਨ ਲਈ ਕੀ ਸਰਕਾਰ ਵਿਚਾਰ ਕਰ ਰਹੀ ਹੈ ? ਜੇਕਰ ਕਰ ਰਹੀ ਹੈ ਤਾਂ ਕਿੰਨੇ ਚਿਰ ਵਿੱਚ ਅਸੀਂ 100% ਟੀਚੇ ਉਪਲਬਧ ਕਰ ਲਵਾਂਗੇ ? ਮੇਰੇ ਹਲਕੇ ਚਮਕੌਰ ਸਾਹਿਬ ਵਿੱਚ 14 ਸਕੂਲ ਹਨ ਜਿਨ੍ਹਾਂ ਵਿਚੋਂ ਕੇਵਲ 3 ਵਿੱਚ ਹੀ ਸਾਇੰਸ ਪੜ੍ਹਾਈ ਜਾਂਦੀ ਹੈ ਬਾਕੀ ਵਿੱਚ ਸਾਇੰਸ ਦਾ ਵਿਸ਼ਾ ਨਹੀਂ ਹੈ। ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਜਾ ਕੇ ਇਹ ਵਿਸ਼ਾ ਪੜ੍ਹਨਾ ਪੈਂਦਾ ਹੈ। ਇਹ ਵਿਸ਼ਾ ਬੜਾ ਹੀ ਸੰਵੇਦਨਸ਼ੀਲ ਵਿਸ਼ਾ ਹੈ ਅਤੇ ਪੰਜਾਬ ਦੀ ਪ੍ਰਫੁੱਲਤਾ ਅਤੇ ਖੁਸ਼ਹਾਲੀ ਦੇ ਨਾਲ ਰਿਲੇਟਿਡ ਹੈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਸਾਰੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕਦੋਂ ਤੱਕ ਇਹ ਵਿਸ਼ਾ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਜਾਵੇਗਾ ?

**ਮਾਨਯੋਗ ਸਪੀਕਰ :** ਹਾਂ ਜੀ, ਮੰਤਰੀ ਜੀ, ਕੀ ਕੋਈ ਵਿਚਾਰ ਹੈ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤਾਂ ਸ਼ੁਰੂ ਵਿੱਚ ਹੀ ਬੇਨਤੀ ਕੀਤੀ ਹੈ ਕਿ ਮੈਂ ਖੁਦ ਇਸ ਗੱਲ ਦੀ ਕਾਇਲ ਹਾਂ ਕਿ ਸਾਨੂੰ ਸਾਰੇ ਵਿਦਿਆਰਥੀਆਂ ਨੂੰ ਸਾਇੰਸ ਪੜ੍ਹਾਉਣ ਦੀ ਲੋੜ ਹੈ ਅਤੇ ਇਹ ਸਮੇਂ ਦੀ ਲੋੜ ਵੀ ਹੈ। ਬਾਕੀ ਜਿੱਥੋਂ ਤੱਕ ਸਹੂਲਤਾਂ ਮੁਹੱਈਆ ਕਰਨ ਦੀ ਗੱਲ ਹੈ, ਸਾਡੇ ਵਲੋਂ ਯਤਨ ਹੋ ਰਿਹਾ ਸੀ ਕਿ ਅਸੀਂ 11,000 ਸਾਇੰਸ, ਗਣਿਤ ਅਧਿਆਪਕ ਛੇਤੀ ਤੋਂ ਛੇਤੀ ਭਰਤੀ ਕਰ ਲਈਏ ਪਰ ਤੁਸੀਂ ਜਾਣਦੇ ਹੋ ਕਿ ਕੋਡ ਆਫ ਕੰਡਕਟ ਲੱਗਿਆ ਹੋਇਆ ਹੈ ਅਤੇ ਭਰਤੀ ਪ੍ਰਕ੍ਰਿਆ ਰੁਕੀ ਹੋਈ ਹੈ। ਜਦੋਂ ਵੀ ਸਾਨੂੰ ਮੌਕਾ ਮਿਲਿਆ, ਅਸੀਂ ਭਰਤੀ ਪ੍ਰਕ੍ਰਿਆ ਮੁਕੰਮਲ ਕਰਾਂਗੇ ਅਤੇ ਜਿਹੜੇ-ਜਿਹੜੇ ਸਕੂਲ ਵਿਦਿਆਰਥੀ ਮੁਹੱਈਆ ਕਰਨਗੇ, ਉਨ੍ਹਾਂ ਸਕੂਲਾਂ ਵਿਚ ਸਾਇੰਸ ਸਟਰੀਮ ਚਾਲੂ ਕਰਨ ਲਈ ਭਰਪੂਰ ਯਤਨ ਕੀਤੇ ਜਾਣਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਮੋਹਨ ਲਾਲ ਸਿੰਘ :** ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਅਗਵਾਈ ਵਿੱਚ ਜਿਹੜੀ ਸਾਡੀ ਸਰਕਾਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਚੱਲ ਰਹੀ ਹੈ, ਉਨ੍ਹਾਂ ਨੇ ਇਸ ਸਦਨ ਵਿਚ ਪੰਜਾਬੀ ਲਾਗੂ ਕਰਨ ਲਈ ਬਹੁਤ ਵੱਡਾ ਫੈਸਲਾ ਕੀਤਾ ਹੈ। ਕੀ ਮਾਨਯੋਗ ਸਿੱਖਿਆ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਦਸਵੀਂ ਤੋਂ ਬਾਅਦ +1 ਅਤੇ +2 ਵਿਚ ਨਾਨ-ਮੈਡੀਕਲ ਅਤੇ ਮੈਡੀਕਲ ਗਰੁੱਪ ਵਿਚ ਜਿਹੜੀਆਂ ਕਲਾਸਾਂ ਚਲਦੀਆਂ ਹਨ, ਉਹ ਪੰਜਾਬੀ ਮਾਧਿਅਮ ਵਿਚ ਪੜ੍ਹਾਈਆਂ ਜਾਣਗੀਆਂ ? ਇਸ ਦਾ ਕਾਰਨ ਇਹ ਹੈ ਕਿ ਜਿਹੜੇ ਸਾਡੇ ਪਿੰਡਾਂ ਦੇ ਬੱਚੇ ਹਨ, ਉਹ ਦਸਵੀਂ ਤੱਕ ਪੰਜਾਬੀ ਵਿਚ ਪੜ੍ਹਦੇ ਹਨ ਤੇ ਉਸ ਤੋਂ ਬਾਅਦ ਨਾਨ-ਮੈਡੀਕਲ ਅਤੇ ਮੈਡੀਕਲ ਵਿਚ ਇੰਗਲਿਸ਼ ਮਾਧਿਅਮ ਹੋਣ ਕਾਰਨ ਉਹ ਚਲਦੇ ਨਹੀਂ ਹਨ। ਇਸ ਲਈ ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਨਾਨ-ਮੈਡੀਕਲ ਅਤੇ ਮੈਡੀਕਲ ਗਰੁੱਪ ਪੰਜਾਬੀ ਮਾਧਿਅਮ ਵਿਚ ਪੜ੍ਹਾਏ ਜਾਣਗੇ ?

**ਮੰਤਰੀ :** ਸਪੀਕਰ ਸਾਹਿਬ, ਇਹ ਮੌਜੂਦਾ ਪੰਜਾਬ ਸਰਕਾਰ ਨੂੰ ਸ਼ਰੇਅ ਜਾਂਦਾ ਹੈ ਕਿ ਪੰਜਾਬੀ ਨੂੰ ਰਾਜ ਭਾਸ਼ਾ ਦੇ ਤੌਰ ਤੇ ਬਣਦਾ ਸਤਿਕਾਰ ਦਿੱਤਾ ਗਿਆ ਹੈ। ਇਸ ਬਾਰੇ ਦੋ ਐਕਟ ਇਸ ਅਜ਼ੀਮ ਹਾਊਸ ਨੇ ਪਾਸ ਕੀਤੇ ਹਨ। ਜਿੱਥੋਂ ਤੱਕ ਮੈਂਬਰ ਸਾਹਿਬ ਦੀ ਚਿੰਤਾ ਹੈ, +1 ਅਤੇ +2 ਵਿਚ ਨਾਨ-ਮੈਡੀਕਲ ਅਤੇ ਮੈਡੀਕਲ ਗਰੁੱਪ ਵਿਚ ਪਹਿਲਾਂ ਹੀ ਪੰਜਾਬੀ ਮਾਧਿਅਮ ਹੈ, ਇਹ ਸਹੂਲਤ ਮੌਜੂਦ ਹੈ, ਆਲਰੇਡੀ ਮੁਹੱਈਆ ਹੈ, ਜੇਕਰ ਕੋਈ ਪੜ੍ਹਨਾ ਚਾਹੇ। ਸਕੂਲਾਂ ਵਿੱਚ ਬੱਚਿਆਂ ਨੂੰ ਸਾਇੰਸ ਗਰੁੱਪ ਨਾਨ-ਮੈਡੀਕਲ ਅਤੇ ਮੈਡੀਕਲ ਗਰੁੱਪ ਵਿੱਚ ਪੰਜਾਬੀ ਮਾਧਿਅਮ ਵਿਚ ਪੜ੍ਹਾਏ ਜਾ ਰਹੇ ਹਨ। ਸਾਡਾ ਯਤਨ ਹੈ ਕਿ ਪਿੰਡਾਂ ਵਿਚ ਚੰਗੀ ਤੋਂ ਚੰਗੀ ਸਿੱਖਿਆ ਮੁਹੱਈਆ ਕਰਵਾਈ ਜਾਵੇ ਤਾਂ ਕਿ ਵਿਦਿਆਰਥੀਆਂ ਨੂੰ ਕਿਸੇ ਪਾਸੇ ਤੋਂ ਕਸਰ ਨਾ ਲੱਗੇ। ਮੈਂ ਨਿਮਰਤਾ ਸਹਿਤ ਬੇਨਤੀ ਕਰਦੀ ਹਾਂ, ਬੜੇ ਮਾਣ ਨਾਲ ਬੇਨਤੀ ਕਰਦੀ ਹਾਂ ਕਿ ਮਾਨਯੋਗ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਰਹਿਨੁਮਾਈ ਵਿੱਚ ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ ਵਿੱਚ ਬਹੁਤ ਵੱਡੇ ਸੁਧਾਰ ਕੀਤੇ ਹਨ, ਵੱਡੇ ਕਦਮ ਉਠਾਏ ਹਨ। ਕੇਵਲ ਭਰਤੀ ਪ੍ਰਕ੍ਰਿਆ ਦੇ ਪ੍ਰਯਾਸ ਹੀ ਨਹੀਂ ਕੀਤੇ ਸਗੋਂ ਹੋਰ ਵੀ ਕਾਰਜ ਕੀਤੇ ਹਨ। ਪਿਛਲੇ ਸਮੇਂ ਵਿਚ ਅਸੀਂ ਦੇਖਿਆ ਹੈ ਕਿ ਭਰਤੀ ਨਹੀਂ ਕੀਤੀ ਗਈ ਔਰ ਜਿਹੜੀ ਛੋਟੇ ਪੱਧਰ ਤੇ ਭਰਤੀ ਕੀਤੀ ਗਈ ਸੀ, ਉਹ ਮੈਰਿਟ ਦੇ ਆਧਾਰ ਤੇ ਨਹੀਂ ਕੀਤੀ ਗਈ ਪਰ ਹੁਣ ਅਸੀਂ ਕਹਿ ਸਕਦੇ ਹਾਂ ਕਿ ਜਿੰਨੀ ਵੀ ਭਰਤੀ 20,000 ਅਧਿਆਪਕਾਂ ਦੀ ਕੀਤੀ ਗਈ ਹੈ, ਉਹ ਕੇਵਲ ਮੈਰਿਟ ਦੇ ਆਧਾਰ ਤੇ ਕੀਤੀ ਗਈ ਹੈ ਔਰ ਪਾਰਦਰਸ਼ੀ ਢੰਗ ਨਾਲ ਕੀਤੀ ਗਈ ਹੈ। (ਥੰਪਿੰਗ) ਕਿਤੇ ਕੋਈ ਇਤਰਾਜ਼ ਨਹੀਂ ਹੋਇਆ। ਇਸ ਬਾਰੇ ਸਮੁੱਚਾ ਪੰਜਾਬ ਜਾਣਦਾ ਹੈ ਔਰ ਇਸ ਗੱਲ ਤੋਂ ਸੰਤੁਸ਼ਟ ਹੈ। ਇੱਥੇ ਹੀ ਬੱਸ ਨਹੀਂ, ਟੀਚਰਾਂ ਦੀਆਂ ਤਰੱਕੀਆਂ ਰੁਕੀਆਂ ਪਈਆਂ ਸਨ। ਇਹ ਵੀ 4,000 ਤਰੱਕੀਆਂ ਕੀਤੀਆਂ ਹਨ ਔਰ ਇਹ ਸਿਲਸਿਲਾ ਹਾਲੇ ਵੀ ਜਾਰੀ ਹੈ। ਕਦੀ ਵੀ ਕਿਸੇ ਸਰਕਾਰ ਨੇ ਰੈਸ਼ਨੇਲਾਈਜ਼ੇਸ਼ਨ ਦੀ ਪਾਲਿਸੀ ਲਾਗੂ ਨਹੀਂ ਕੀਤੀ ਔਰ ਇਹ ਮੌਜੂਦਾ ਸਰਕਾਰ ਨੂੰ ਵਡਿਆਈ ਜਾਂਦੀ ਹੈ। ਇਹ ਸਾਰਾ ਸ਼ਰੇਅ ਸਾਡੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੂੰ ਜਾਂਦਾ ਹੈ। ਇਨ੍ਹਾਂ ਨੇ ਬੜੀ ਸੰਜੀਦਗੀ ਨਾਲ ਇਹ ਵਿਸ਼ਾ ਲਿਆ ਹੈ ਔਰ ਪ੍ਰਵਾਨਗੀ ਦਿੱਤੀ ਹੈ। ਸਮੁੱਚੇ ਪੰਜਾਬ ਵਿਚ ਵਿਦਿਆਰਥੀਆਂ ਦੀ ਗਿਣਤੀ ਦੇ ਅਨੁਸਾਰ ਅਧਿਆਪਕਾਂ ਨੂੰ ਤਾਇਨਾਤ ਕੀਤਾ ਗਿਆ ਹੈ। 2,000 ਦੇ ਕਰੀਬ ਅਧਿਆਪਕ ਸਕੂਲੀ ਖੇਤਰ ਵਿਚੋਂ ਮੁਹੱਈਆ ਕਰਵਾ ਕੇ ਪੇਂਡੂ ਖੇਤਰਾਂ ਵਿਚ ਮੁਹੱਈਆ ਕੀਤੇ ਹਨ। ਇਹ ਵੱਡੀਆਂ ਪ੍ਰਾਪਤੀਆਂ ਹਨ ਔਰ ਸਮੁੱਚੇ ਹਾਊਸ ਨੂੰ ਇਸ ਤੇ ਮਾਣ ਕਰਨਾ ਬਣਦਾ ਹੈ। (ਥੰਪਿੰਗ)

---

Original with;
Punjab Vidhan Sabha
Digitized by;
Panjab Digital Library

## ਹੜ੍ਹ ਪ੍ਰਭਾਵਿਤ ਫਸਲਾਂ ਲਈ ਮੁਆਵਜ਼ੇ ਦੀ ਅਦਾਇਗੀ

***884. ਸਰਦਾਰ ਜਗਬੀਰ ਸਿੰਘ ਬਰਾੜ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2008 ਦੌਰਾਨ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਆਏ ਹੜ੍ਹਾਂ ਕਾਰਨ ਤਬਾਹ ਹੋਇਆਂ ਉਨ੍ਹਾਂ ਦੀਆਂ ਫਸਲਾਂ ਅਤੇ ਘਰਾਂ ਦੇ ਇਵਜ਼ ਵਿੱਚ ਕਿੰਨੇ ਲੋਕਾਂ ਨੂੰ ਅਜੇ ਤੱਕ ਮੁਆਵਜ਼ੇ ਦੀ ਅਦਾਇਗੀ ਕਰ ਦਿੱਤੀ ਗਈ ਹੈ ਅਤੇ ਹੁਣ ਤੱਕ ਉਕਤ ਮੁਆਵਜ਼ੇ ਦੀ ਅਦਾਇਗੀ ਕੀਤੇ ਜਾਣ ਲਈ ਪੈਂਡਿੰਗ ਪਏ ਕੇਸਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ?

**ਸਰਦਾਰ ਅਜੀਤ ਸਿੰਘ ਕੋਹਾੜ :** ਸਾਲ 2008 ਦੌਰਾਨ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਆਏ ਹੜ੍ਹਾਂ ਕਾਰਨ ਤਬਾਹ ਹੋਈਆਂ ਫਸਲਾਂ ਅਤੇ ਘਰਾਂ ਦੇ ਇਵਜ਼ ਵੱਜੋਂ 56271 ਲੋਕਾਂ ਨੂੰ ਰਾਹਤ ਦੀ ਰਕਮ ਵੰਡੀ ਜਾ ਚੁੱਕੀ ਹੈ। ਜ਼ਿਲ੍ਹਾ-ਵਾਰ ਗਿਣਤੀ ਹੇਠ ਅਨੁਸਾਰ ਹੈ :

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਫਸਲਾਂ ਦੇ ਨੁਕਸਾਨ ਸਬੰਧੀ ਰਾਹਤ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ | ਮਕਾਨਾਂ ਦੇ ਨੁਕਸਾਨ ਸਬੰਧੀ ਰਾਹਤ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ | ਪੈਂਡਿੰਗ ਕੇਸਾਂ ਦੀ ਗਿਣਤੀ |
|---|---|---|---|---|
| 1 | ਰੂਪਨਗਰ | 4182 | 61 | 1742 |
| 2 | ਫਿਰੋਜ਼ਪੁਰ | 5445 | 1678 | ਨਿੱਲ |
| 3 | ਮੋਗਾ | 2622 | 395 | 205 |
| 4 | ਹੁਸ਼ਿਆਰਪੁਰ | 3312 | 7111 | 2576 |
| 5 | ਗੁਰਦਾਸਪੁਰ | 3540 | 748 | ਨਿੱਲ |
| 6 | ਜਲੰਧਰ | 5765 | 100 | 657 |
| 7 | ਤਰਨ ਤਾਰਨ | 6413 | 1488 | 129 |
| 8 | ਕਪੂਰਥਲਾ | 13411 | — | 1789 |
| | ਕੁੱਲ | 44690 | 11581 | 7098 |

**ਸਰਦਾਰ ਜਗਬੀਰ ਸਿੰਘ ਬਰਾੜ :** ਮਾਨਯੋਗ ਸਪੀਕਰ ਸਾਹਿਬ, ਜਿਹੜੇ 7098 ਕੇਸ ਪੈਂਡਿੰਗ ਹਨ, ਇਹ ਬਹੁਤ ਜ਼ਿਆਦਾ ਕੇਸ ਹਨ। ਨਾਲੇ ਜਿਹੜਾ ਮੇਰਾ ਸਵਾਲ ਸੀ, ਉਹ ਜਾਨ ਅਤੇ ਮਾਲ ਦੋਨਾਂ ਬਾਰੇ ਸੀ, ਬਾਈ ਚਾਂਸ ਜਾਨ ਲਫਜ਼ ਵਿੱਚੋਂ ਕੱਟਿਆ ਗਿਆ। ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ 7098 ਪੈਂਡਿੰਗ ਕੇਸ ਹਨ, ਕਦੋਂ ਤੱਕ ਇਨ੍ਹਾਂ ਨੂੰ ਮੁਆਵਜ਼ਾ ਮਿਲ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ, ਜੇਕਰ ਜ਼ਿਲ੍ਹਾਵਾਰ ਕਹਿਣ ਤਾਂ ਮੈਂ ਜ਼ਿਲ੍ਹਾਵਾਰ ਦੱਸ ਦਿੰਦਾ ਹਾਂ, ਹੁਣ ਕਿੰਨੇ ਕੇਸ ਰਹਿ ਗਏ ਹਨ। ਰੂਪਨਗਰ ਵਿੱਚ ਜਿਹੜੇ ਲਾਭਪਾਤਰੀ ਰਹਿੰਦੇ ਹਨ, ਉਹ ਬਾਹਰਲੇ ਦੇਸ਼ਾਂ ਵਿੱਚ ਰਹਿਣ ਵਾਲੇ ਹਨ ਅਤੇ ਕਈਆਂ ਦੀ ਮੌਤ ਹੋ ਗਈ ਹੈ। ਫਿਰੋਜ਼ਪੁਰ ਵਿੱਚ ਕੋਈ

Original with;
Punjab Vidhan Sabha
Digitized by;
Panjab Digital Library

ਨਹੀਂ ਰਹਿ ਗਿਆ। ਮੋਗੇ ਵਿੱਚ ਲਾਭਪਾਤਰੀਆਂ ਦੀ ਰਿਹਾਇਸ਼ ਦਾ ਪਤਾ ਨਾ ਹੋਣ ਕਰਕੇ ਰਹਿ ਗਏ ਹਨ। ਬਾਰ-ਬਾਰ ਮੁਨਿਆਦੀ ਕਰਨ ਦੇ ਬਾਵਜੂਦ ਉਹ ਰਾਹਤ ਲੈਣ ਨਹੀਂ ਆਏ। ਹੁਸ਼ਿਆਰਪੁਰ ਵਿੱਚ ਵੀ ਇਸੇ ਤਰ੍ਹਾਂ ਹੈ। ਗੁਰਦਾਸਪੁਰ ਵਿੱਚ ਕੋਈ ਨਹੀਂ ਹੈ। ਜਲੰਧਰ ਵਿੱਚ ਅਜੇ 657 ਨੂੰ ਮੁਆਵਜ਼ਾ ਵੰਡਣ ਵਾਲਾ ਰਹਿੰਦਾ ਹੈ, ਉਹ ਵੰਡ ਦੇਣਗੇ। ਤਰਨ ਤਾਰਨ ਵਿੱਚ ਤਕਸੀਮ, ਵਿਰਾਸਤ, ਇੰਤਕਾਲ ਦੇ ਝਗੜੇ ਕਰਨ ਲਾਭਪਾਤਰੀ ਰਹਿ ਗਏ ਹਨ।

**ਮਾਨਯੋਗ ਸਪੀਕਰ** : ਇਹ ਬਕਾਇਆ ਰਹਿੰਦੇ ਕੇਸਾਂ ਦੀ ਲਿਸਟ ਤਾਂ ਤੁਸੀਂ ਪੜ੍ਹ ਦਿੱਤੀ ਹੈ।

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਬੰਦੇ ਬਾਹਰ ਗਏ ਹਨ, ਉਹ ਰਹਿ ਗਏ ਹਨ। ਜਿਨ੍ਹਾਂ ਦਾ ਐਡਰੈਸ ਨਹੀਂ ਹੁੰਦਾ, ਉਨ੍ਹਾਂ ਦੀ ਬਾਰ-ਬਾਰ ਭਾਲ ਕੀਤੀ ਜਾਂਦੀ ਹੈ ਪਰ ਉਹ ਮਿਲਦੇ ਨਹੀਂ।

**ਸਰਦਾਰ ਜਗਬੀਰ ਸਿੰਘ ਬਰਾੜ** : ਮਾਨਯੋਗ ਸਪੀਕਰ ਸਾਹਿਬ, ਮੇਰੇ ਹਲਕੇ ਦਾ ਇੱਕ ਕੇਸ ਹੈ, ਸਤਨਾਮ ਸਿੰਘ, ਸਰਪੰਚ ਪੁੱਤਰ ਕੇਹਰ ਸਿੰਘ। ਉਹ ਪਿੰਡ ਦੀਪ ਨਗਰ ਦਾ ਸਰਪੰਚ ਹੈ ਅਤੇ ਇਹ ਵਾਕਿਆ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਚਹੇੜੂ ਦਾ ਹੈ। ਉਹ ਹੜ੍ਹਾਂ ਦੌਰਾਨ ਬੇਈਂ ਵਿੱਚ ਇਕਦਮ ਰੁੜ੍ਹ ਗਿਆ। ਉਸ ਦਾ ਮੁਆਵਜ਼ਾ ਦੇਣ ਵਾਲਾ ਅਜੇ ਰਹਿੰਦਾ ਹੈ। ਇੱਕ ਕੇਸ ਹੈ, ਗੁਰਪ੍ਰੀਤ ਸਿੰਘ ਪੁੱਤਰ ਨਿਰਮਲ ਸਿੰਘ, ਰਿਹਾਇਸ਼ ਪਰਾਗਪੁਰ, ਹਲਕਾ ਜਲੰਧਰ ਕੈਂਟ। ਇਹ ਵੀ ਬੇਈਂ ਵਿੱਚ ਚਹੇੜੂ ਵਿੱਚ ਰੁੜ੍ਹ ਗਿਆ ਸੀ। ਉਹ ਅਜੇ 18 ਸਾਲ ਦੀ ਉਮਰ ਦਾ ਸੀ। ਉਸ ਦੀ ਮੌਤ ਹੋ ਗਈ। ਉਹ ਮਾਪਿਆਂ ਦਾ ਇਕੱਲਾ ਪੁੱਤ ਸੀ। ਇਸ ਦਾ ਮੁਆਵਜ਼ਾ ਵੀ ਪੈਂਡਿੰਗ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇੱਕ ਨੂੰ ਤਾਂ ਵਿਆਜ ਪੈ ਰਿਹਾ ਹੈ। ਜੇਕਰ ਇਨ੍ਹਾਂ ਦੋਨਾਂ ਨੂੰ ਪ੍ਰਾਇਰਟੀ ਦੇ ਆਧਾਰ ਤੇ ਮੁਆਵਜ਼ਾ ਦੇ ਦਿੱਤਾ ਜਾਵੇ ਤਾਂ ਮੈਂ ਤੁਹਾਡਾ ਧੰਨਵਾਦੀ ਹੋਵਾਂਗਾ।

**ਮੰਤਰੀ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਦੋਨਾਂ ਕੇਸਾਂ ਨੂੰ ਪਹਿਲ ਦੇ ਆਧਾਰ ਤੇ ਵਿਚਾਰ ਕੇ, ਜੇ ਸਹੀ ਪਾਏ ਗਏ, ਤਾਂ ਮੁਆਵਜ਼ਾ ਦਿਵਾ ਦੇਵਾਂਗੇ।

**ਸਰਦਾਰ ਜਗਬੀਰ ਸਿੰਘ ਬਰਾੜ** : ਧੰਨਵਾਦ ਜੀ।

**ਸਰਦਾਰ ਸਰਬਜੀਤ ਸਿੰਘ ਮੱਕੜ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਆਪ ਜੀ ਦੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਵੀ ਇਸੇ ਤਰੀਕੇ ਦਾ ਇੱਕ ਪੰਡੋਰੀ ਨਿਝਾਰਾਂ ਦਾ ਕੇਸ ਹੈ, ਜਿਸ ਵਿੱਚ ਇੱਕ ਨੌਜਵਾਨ ਮਕਾਨ ਦੀ ਤਰੇੜ ਦੇਖ ਕੇ ਮੌਕੇ ਤੇ ਐਕਸਪਾਇਰ ਹੋ ਗਿਆ। ਉਸ ਦਾ ਸਾਰਾ ਕੇਸ ਬਣਾ ਕੇ ਭੇਜਿਆ ਗਿਆ ਸੀ ਪਰ ਉਸ ਦਾ ਮੁਆਵਜ਼ਾ ਨਹੀਂ ਮਿਲਿਆ। ਇਸੇ ਤਰ੍ਹਾਂ ਅਲਾਵਲਪੁਰ ਵਿੱਚ ਇੱਕ ਵਾਰਡ ਵਿੱਚ ਪੈਸੇ ਆ ਗਏ ਪਰ ਦੋ ਵਾਰਡਾਂ ਵਿੱਚ ਨਹੀਂ ਆਏ। ਇਸੇ ਤਰ੍ਹਾਂ ਆਦਮਪੁਰ ਹਲਕੇ ਦੇ ਪੇਂਡੂ ਖੇਤਰ ਵਿੱਚ ਅਜੇ ਪੈਸੇ ਨਹੀਂ ਪਹੁੰਚੇ। ਕਿਰਪਾ ਕਰਕੇ ਇਸ ਦੇ ਬਾਰੇ ਦੱਸਣ ਕਿ ਕਿੰਨੀ ਜਲਦੀ ਅਤੇ ਇਹ ਕਿਵੇਂ ਦਿੱਤੇ ਜਾਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਸਵਾਲ ਦੇ ਵਿੱਚ ਪੁੱਛਿਆ ਸੀ ਕਿ ਕਿੰਨਾ ਨੁਕਸਾਨ ਹੋਇਆ ਤੇ ਕਿੰਨੇ ਵਿਅਕਤੀਆਂ ਨੂੰ ਮੁਆਵਜ਼ਾ ਦਿੱਤਾ ਗਿਆ। ਜੇਕਰ ਇਕੱਲੇ-ਇਕੱਲੇ ਵਿਅਕਤੀ ਦਾ ਸਵਾਲ ਵਿਚ ਪੁੱਛ ਲੈਂਦੇ ਤਾਂ ਮੈਂ ਉਹ ਰਿਪੋਰਟ ਵੀ ਮੰਗਵਾ ਲੈਣੀ ਸੀ। ਇਸ ਕਰਕੇ ਮੈਂ ਰਿਪੋਰਟ ਮੰਗਵਾ ਲਵਾਂਗਾ ਤੇ ਉਹ ਵੀ ਦੇਵਾਂਗਾ।

**ਮਾਨਯੋਗ ਸਪੀਕਰ** : ਠੀਕ ਹੈ । ਅਗਲਾ ਸਵਾਲ

---

Original with;
Punjab Vidhan Sabha
Digitized by;
Panjab Digital Library

## ਐਕਸ ਇੰਡੀਆ ਲੀਵ ਤੇ ਗਏ ਪਸ਼ੂ-ਚਿਕਿਤਸਕ

***883. ਸਰਦਾਰ ਜਗਬੀਰ ਸਿੰਘ ਬਰਾੜ :** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਸਮੇਂ ਰਾਜ ਵਿੱਚ ਕਿੰਨੇ ਪਸ਼ੂ-ਚਿਕਿਤਸਕ ਐਕਸ ਇੰਡੀਆ ਲੀਵ ਤੇ ਹਨ ਅਤੇ ਇਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਕੰਮ ਚਲਾਉਣ ਲਈ ਸਰਕਾਰ ਦੁਆਰਾ ਚੁੱਕੇ ਜਾ ਰਹੇ ਕਦਮਾਂ ਦੇ ਵੇਰਵੇ ਕੀ ਹਨ ?

**ਸਰਦਾਰ ਗੁਲਜ਼ਾਰ ਸਿੰਘ ਰਣੀਕੇ :** ਇਸ ਸਮੇਂ ਰਾਜ ਵਿੱਚ ਵਿਭਾਗ ਦੇ 27 ਵੈਟਰਨਰੀ ਡਾਕਟਰ ਐਕਸ-ਇੰਡੀਆ ਲੀਵ ਤੇ ਹਨ। ਇਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਪਸ਼ੂ ਹਸਪਤਾਲਾਂ ਦਾ ਕੰਮ ਨੇੜੇ ਦੇ ਪਸ਼ੂ ਹਸਪਤਾਲਾਂ ਵਿੱਚ ਲੱਗੇ ਡਾਕਟਰਾਂ ਨੂੰ ਵਾਧੂ ਚਾਰਜ ਦੇ ਕੇ ਚਲਾਇਆ ਜਾ ਰਿਹਾ ਹੈ।

**ਸਰਦਾਰ ਜਗਬੀਰ ਸਿੰਘ ਬਰਾੜ :** ਸਪੀਕਰ ਸਾਹਿਬ, ਜਿਸ ਤਰ੍ਹਾਂ ਮੰਤਰੀ ਜੀ ਨੇ ਦੱਸਿਆ ਹੈ ਕਿ ਇਸ ਵੇਲੇ 27 ਵੈਟਰਨਰੀ ਡਾਕਟਰ ਐਕਸ-ਇੰਡੀਆ ਲੀਵ ਤੇ ਗਏ ਹੋਏ ਹਨ ਅਤੇ ਉਨ੍ਹਾਂ ਦਾ ਚਾਰਜ ਨੇੜੇ ਦੀਆਂ ਡਿਸਪੈਂਸਰੀਆਂ ਵਾਲੇ ਡਾਕਟਰਾਂ ਨੂੰ ਦਿੱਤਾ ਗਿਆ ਹੈ। ਸਪੀਕਰ ਸਾਹਿਬ, ਜਦੋਂ ਇਹ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਸਨ ਤਾਂ ਇਕ ਵਾਇਬਲ ਰਿਪੋਰਟ ਬਣਾਈ ਗਈ ਸੀ ਕਿ ਕਿੰਨੀ ਦੂਰ ਤੱਕ ਪਸ਼ੂ ਨੂੰ ਵਿਖਾਉਣ ਲਈ ਲੈ ਕੇ ਜਾਣਾ ਪਵੇਗਾ ਤੇ ਉਥੇ ਕਿੰਨੇ ਡਾਕਟਰਾਂ ਦੀ ਲੋੜ ਹੈ। ਸਪੀਕਰ ਸਾਹਿਬ, ਪੰਜਾਬ ਵਿੱਚ ਪਸ਼ੂਆਂ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਰਿਹਾ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਹ 27 ਵੈਟਰਨਰੀ ਡਾਕਟਰ ਐਕਸ-ਇੰਡੀਆ ਲੀਵ ਤੇ ਗਏ ਹੋਏ ਹਨ, ਕੀ ਉਨ੍ਹਾਂ ਦੀਆਂ ਆਸਾਮੀਆਂ ਨੂੰ ਖਾਲੀ ਕੰਸਿਡਰ ਕੀਤਾ ਜਾਵੇਗਾ ਜਾਂ ਫਿਰ ਹਾਲੇ ਉਨ੍ਹਾਂ ਦੀ ਵਾਪਸ ਆਉਣ ਦੀ ਉਡੀਕ ਕੀਤੀ ਜਾ ਰਹੀ ਹੈ। ਜੇਕਰ ਸਰਕਾਰ ਵੱਲੋਂ ਐਡਵਰਟਾਈਜ਼ਮੈਂਟ ਦਿੱਤੀ ਜਾਂਦੀ ਹੈ ਤਾਂ ਕਿ ਇਨ੍ਹਾਂ 27 ਵੈਟਰਨਰੀ ਡਾਕਟਰਾਂ ਦੀਆਂ ਆਸਾਮੀਆ ਨੂੰ ਉਸ ਵਿਚ ਸ਼ਾਮਲ ਕੀਤਾ ਜਾਵੇਗਾ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਸਵਾਲ ਵਾਕਿਆ ਹੀ ਬੜਾ ਗੰਭੀਰ ਹੈ। ਇਹ ਡਾਕਟਰ ਸਾਹਿਬਾਨ ਕਾਇਦੇ ਕਾਨੂੰਨ ਮੁਤਾਬਿਕ ਛੁੱਟੀ ਲੈ ਕੇ ਗਏ ਹੋਏ ਹਨ। ਲੇਕਿਨ ਅਸੀਂ ਅੱਗੇ ਲਈ ਸੋਚ ਰਹੇ ਹਾਂ ਕਿ ਇਨ੍ਹਾਂ ਨੂੰ ਬਹੁਤੀ ਦੇਰ ਵਾਸਤੇ ਬਾਹਰ ਨਾ ਭੇਜਿਆ ਜਾਵੇ। ਮੈਂਬਰ ਸਾਹਿਬ ਦੀ ਗੱਲ ਠੀਕ ਹੈ ਤੇ ਅੱਜ ਹਸਪਤਾਲਾਂ ਵਿਚ ਬਹੁਤ ਨੁਕਸਾਨ ਹੋ ਰਿਹਾ ਹੈ। ਇਹ ਡਾਕਟਰ ਜੇਕਰ ਛੁੱਟੀ ਦੇ ਅੰਦਰ-ਅੰਦਰ ਵਾਪਸ ਆ ਗਏ ਤਾਂ ਠੀਕ ਹੈ ਨਹੀਂ ਤਾਂ ਉਨ੍ਹਾਂ ਦੇ ਖਿਲਾਫ਼ ਕਾਰਵਾਈ ਕਰਾਂਗੇ।

**ਸਰਦਾਰ ਜਗਬੀਰ ਸਿੰਘ ਬਰਾੜ :** ਸਪੀਕਰ ਸਾਹਿਬ, ਇਨ੍ਹਾਂ ਡਾਕਟਰਾਂ ਨੂੰ 7-7, 8-8 ਸਾਲ ਬਾਹਰ ਗਿਆ ਨੂੰ ਹੋ ਗਏ ਹਨ। ਇਸ ਤਰ੍ਹਾਂ ਪੰਜਾਬ ਵਿਚ ਹਸਪਤਾਲਾਂ ਵਿੱਚ ਬਹੁਤ ਨੁਕਸਾਨ ਹੋ ਰਿਹਾ ਹੈ। ਇਸ ਲਈ ਮੈਂ ਮਾਨਯੋਗ ਮੰਤਰੀ ਸਾਹਿਬ ਤੋਂ ਇਸ ਹਾਊਸ ਦੇ ਅੰਦਰ ਇਸ ਤਰ੍ਹਾਂ ਦਾ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਇਨ੍ਹਾਂ ਡਾਕਟਰਾਂ ਨੂੰ ਕਿੰਨੀ ਦੇਰ ਤੱਕ ਵਾਪਸ ਬੁਲਾ ਲਿਆ ਜਾਵੇਗਾ ਜਾਂ ਫਿਰ ਇਨ੍ਹਾਂ ਆਸਾਮੀਆਂ ਨੂੰ ਕਦੋਂ ਤੱਕ ਖਾਲੀ ਡਿਕਲੇਅਰ ਕਰਕੇ ਇਹ ਅਸਾਮੀਆਂ ਭਰ ਲਈਆਂ ਜਾਣਗੀਆਂ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਇਨ੍ਹਾਂ ਦਾ ਸਾਰਾ ਰਿਕਾਰਡ ਘੋਖ ਲਵਾਂਗੇ। ਜੇਕਰ ਇਹ ਆਪਣੇ ਕਾਇਦੇ ਕਾਨੂੰਨ ਮੁਤਾਬਿਕ, ਛੁੱਟੀ ਦੇ ਮੁਤਾਬਿਕ ਵਾਪਸ ਆ ਜਾਂਦੇ ਹਨ ਤਾਂ ਠੀਕ ਹੈ। ਜੇਕਰ ਇਹ ਨਹੀਂ ਆਉਂਦੇ ਤਾਂ ਇਨ੍ਹਾਂ ਨੂੰ ਵਿਹਲਾ ਕਰਕੇ ਕੋਈ ਹੋਰ ਉਪਰਾਲਾ ਕਰਾਂਗੇ। ਸਾਡੇ ਕੋਲ ਪਹਿਲਾਂ ਵੀ ਆਸਾਮੀਆਂ ਖਾਲੀ ਪਈਆਂ ਹਨ ਤੇ ਉਨ੍ਹਾਂ ਨੂੰ ਪ੍ਰਾਈਵੇਟ ਹਸਪਤਾਲਾਂ ਰਾਹੀਂ ਭਰਨ ਦੀ ਤਜਵੀਜ਼ ਬਣਾ ਰਹੇ ਹਾਂ। ਮੈਂਬਰ ਸਾਹਿਬ ਦਾ ਖਦਸ਼ਾ ਬਹੁਤ ਗੰਭੀਰ ਹੈ ਅਤੇ ਅਸੀਂ ਇਸ ਉਤੇ ਗੰਭੀਰਤਾ ਨਾਲ ਵਿਚਾਰ ਕਰਕੇ ਜੋ ਵੀ ਕਾਰਵਾਈ ਬਣਦੀ ਹੋਵੇਗੀ, ਜ਼ਰੂਰ ਕਰਾਂਗੇ।

**ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿਚ ਲਿਆਉਂਣਾ ਚਾਹੁੰਦਾ ਹਾਂ ਕਿ ਜਿਹੜੀਆਂ ਡਿਸਪੈਂਸਰੀਆਂ ਸ਼ਹਿਰਾਂ ਵਿਚ ਆ ਗਈਆਂ ਹਨ, ਉਥੇ ਸਟਾਫ ਵਿਹਲਾ ਬੈਠਾ ਹੈ ਕਿਉਂਕਿ ਨਗਰ ਨਿਗਮ ਵਿਚ ਜੋ ਡਿਸਪੈਂਸਰੀਆਂ ਆਉਂਦੀਆਂ ਹਨ, ਉਥੇ ਕੋਈ ਡੰਗਰ ਨਹੀਂ ਰੱਖੇ ਜਾ ਸਕਦੇ। ਸੋ, ਕੀ ਇਸ ਤਰ੍ਹਾਂ ਦੀ ਕੋਈ ਤਜਵੀਜ਼ ਹੈ ਕਿ ਉਥੇ ਜਿਹੜਾ ਸਟਾਫ਼ ਵਿਹਲਾ ਬੈਠਾ ਹੈ, ਉਸ ਨੂੰ ਹੋਰ ਜਗ੍ਹਾ ਦੇ ਉਤੇ ਸਿਫ਼ਟ ਕਰ ਦਿੱਤਾ ਜਾਵੇਗਾ ?

**ਮੰਤਰੀ** : ਇਹ ਵੀ ਪਤਾ ਕਰ ਲਵਾਂਗੇ। ਪੂਰੀ ਪੜਤਾਲ ਕਰਵਾ ਲਵਾਂਗੇ ਤੇ ਪੂਰੀ ਪੜਤਾਲ ਕਰਵਾ ਕੇ ਜੋ ਵੀ ਕਾਰਵਾਈ ਬਣਦੀ ਹੋਵੇਗੀ, ਉਹ ਕਰਾਂਗੇ।

---

**ਨਿਸ਼ਾਨ ਵਾਲੇ ਪ੍ਰਸ਼ਨ ਨੰ: 870 ਅਤੇ 768**

(ਸਬੰਧਤ ਮਾਨਯੋਗ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

**ਮਾਨਯੋਗ ਸਪੀਕਰ** : ਪ੍ਰਸ਼ਨ ਖਤਮ ਹੁੰਦੇ ਹਨ।

---

## UNSTARRED QUESTIONS AND ANSWERS

### ਲਾਛੜੂ–ਬਪੌੜ ਸੜਕ ਦੀ ਮੁਰੰਮਤ

186. **ਸ਼੍ਰੀ ਮਦਨ ਲਾਲ ਠੇਕੇਦਾਰ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਘਨੌਰ ਬਲਾਕ ਵਿਚ ਲਾਛੜੂ ਤੋਂ ਬਪੌੜ ਵਾਇਆ ਜੰਡ ਮੰਡੋਲੀ–ਉਠੰਸਰ ਸੜਕ ਦੀ ਮੁਰੰਮਤ ਪਿਛਲੀ ਵਾਰ ਕਿਸ ਸਾਲ ਵਿਚ ਕੀਤੀ ਗਈ ਸੀ;

(ਅ) ਅਗਲੇ ਵਿੱਤੀ ਸਾਲ ਦੇ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਸੜਕ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : (ੳ) ਇਸ ਸੜਕ ਦੀ ਪਿਛਲੀ ਮੁਰੰਮਤ ਨਵੰਬਰ, 2001 ਵਿੱਚ ਕੀਤੀ ਗਈ।

(ਅ) ਹਾਂ ਜੀ। ਇਸ ਸੜਕ ਦੀ ਖਾਸ ਮੁਰੰਮਤ ਲਈ ਟੈਂਡਰ ਅਲਾਟ ਕਰਨ ਉਪਰੰਤ ਕੰਮ ਹੱਥ ਵਿਚ ਲਿਆ ਜਾ ਚੁੱਕਾ ਹੈ।

---

Original with;
Punjab Vidhan Sabha
Digitized by;
Panjab Digital Library

## ਆਦਰਸ਼ ਸਕੂਲ ਖੋਲ੍ਹਣਾ

187. ਸ਼੍ਰੀ ਮਦਨ ਲਾਲ ਠੇਕੇਦਾਰ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿਚ ਉਨ੍ਹਾਂ ਬਲਾਕਾਂ ਦੇ ਨਾਂ ਕੀ-ਕੀ ਹਨ ਜਿੱਥੇ ਆਦਰਸ਼ ਸਕੂਲ ਖੋਲ੍ਹੇ ਗਏ ਹਨ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਆਰਦਸ਼ ਸਕੂਲਾਂ ਵਿਚ ਹੁਣ ਤੱਕ ਅਧਿਆਪਕਾਂ ਦੀਆਂ ਸਾਰੀਆਂ ਆਸਾਮੀਆਂ ਭਰ ਦਿੱਤੀਆਂ ਗਈਆਂ ਹਨ ;

(ੲ) ਉਨ੍ਹਾਂ ਬਲਾਕਾਂ ਦੇ ਨਾਂ ਕੀ-ਕੀ ਹਨ ਜਿਨ੍ਹਾਂ ਵਿਚ ਅਗਾਮੀ ਵਿੱਤੀ ਸਾਲ ਵਿਚ ਆਦਰਸ਼ ਸਕੂਲ ਖੋਲ੍ਹਣ ਦੀ ਤਜਵੀਜ਼ ਵਿਚਾਰ ਅਧੀਨ ਹੈ ?

ਡਾਕਟਰ ਉਪਿੰਦਰਜੀਤ ਕੌਰ : (ੳ) ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ 1. ਧਰਦਿਓ ਬੁੱਟਰ, ਬਲਾਕ ਰਈਆ (ਅੰਮ੍ਰਿਤਸਰ) 2. ਨੰਦਗੜ੍ਹ, ਬਲਾਕ ਸੰਗਤ (ਬਠਿੰਡਾ) 3. ਸ਼ਹਿਜਾਦਾ ਸੰਤ ਸਿੰਘ, ਬਲਾਕ ਜ਼ੀਰਾ (ਫਿਰੋਜ਼ਪੁਰ) 4. ਥੰਬਾ, ਬਲਾਕ ਧਰਮਕੋਟ (ਮੋਗਾ) 5. ਸਰੀਵਾਲੀ-ਭੰਗੇਵਾਲਾ, ਬਲਾਕ ਮੁਕਤਸਰ (ਮੁਕਤਸਰ) 6. ਭਾਗੂ, ਬਲਾਕ ਲੰਬੀ (ਮੁਕਤਸਰ) 7. ਕੋਟ ਭਾਈ, ਬਲਾਕ ਕੋਟ ਭਾਈ (ਮੁਕਤਸਰ) 8. ਖਟਕੜ੍ਹ ਕਲਾਂ, ਬਲਾਕ ਬੰਗਾ (ਸ਼ਹੀਦ ਭਗਤ ਸਿੰਘ ਨਗਰ) 9. ਜਵਾਹਰ ਸਿੰਘ ਵਾਲਾ, ਬਲਾਕ ਨਿਹਾਲ ਸਿੰਘ ਵਾਲਾ (ਮੋਗਾ) ਵਿਖੇ ਕੁੱਲ 9 ਆਦਰਸ਼ ਸਕੂਲ ਚਲਾਏ ਜਾ ਰਹੇ ਹਨ।

(ਅ) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਚਲਾਏ ਜਾ ਰਹੇ ਆਦਰਸ਼ ਸਕੂਲਾਂ ਵਿੱਚ ਹੇਠ ਲਿਖੇ ਅਨੁਸਾਰ ਅਧਿਆਪਕਾਂ ਦੀਆਂ ਆਸਾਮੀਆਂ ਭਰੀਆਂ ਹਨ :-

| ਲੜੀ ਨੰ: | ਆਸਾਮੀ ਦਾ ਨਾਂ | ਪ੍ਰਵਾਨਿਤ ਆਸਾਮੀਆਂ | ਭਰੀਆਂ ਆਸਾਮੀਆਂ | ਖਾਲੀ ਆਸਾਮੀਆਂ |
|---|---|---|---|---|
| 1 | ਲੈਕਚਰਾਰਜ਼ | 45 | 43 | 02 |
| 2 | ਮਾਸਟਰ/ ਮਿਸਟਰੈਸ | 105 | 99 | 06 |
| 3 | ਈ.ਟੀ.ਟੀ. | 14 | 09 | 05 |

Original with;
Punjab Vidhan Sabha
Digitized by;
Panjab Digital Library

(ੲ) ਅਗਾਮੀ ਵਿੱਤੀ ਸਾਲ/ਨੇੜਲੇ ਭਵਿੱਖ ਵਿੱਚ ਪੰਜਾਬ ਸਿੱਖਿਆ ਵਿਕਾਸ ਬੋਰਡ ਵੱਲੋਂ ਹੇਠ ਦਰਸਾਏ ਆਦਰਸ਼ ਸਕੂਲ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਮੋਡ ਅਧੀਨ ਖੋਲ੍ਹੇ ਜਾਣ ਦੀ ਤਜਵੀਜ਼ ਹੈ :—

| ਲੜੀ ਨੰ: | ਆਦਰਸ਼ ਸਕੂਲ | ਬਲਾਕ | ਜ਼ਿਲ੍ਹਾ |
|---|---|---|---|
| 1 | ਖਿਲਚੀਆਂ | ਰਈਆ | ਅੰਮ੍ਰਿਤਸਰ |
| 2 | ਲੋਹਾਰਕਾ ਕਲਾਂ | ਵੇਰਕਾ | ਅੰਮ੍ਰਿਤਸਰ |
| 3 | ਬੰਡਾਲਾ | ਜੰਡਿਆਲਾ ਗੁਰੂ | ਅੰਮ੍ਰਿਤਸਰ |
| 4 | ਫੱਤੂਬਿੱਲਾ | ਮਜੀਠਾ | ਅੰਮ੍ਰਿਤਸਰ |
| 5 | ਚੋਗਾਵਾਂ | ਚੋਗਾਵਾਂ | ਅੰਮ੍ਰਿਤਸਰ |
| 6 | ਸ਼ੇਰਪੁਰਕਲਾਂ | ਸਿਧਵਾਂ ਬੇਟ | ਲੁਧਿਆਣਾ |
| 7 | ਝੋਰੜਾਂ | ਰਾਏਕੋਟ | ਲੁਧਿਆਣਾ |
| 8 | ਧਾਂਦਰਾ | ਲੁਧਿਆਣਾ-1 | ਲੁਧਿਆਣਾ |
| 9 | ਰੌਣੀ | ਖੰਨਾ | ਲੁਧਿਆਣਾ |
| 10 | ਅਗੰਮਪੁਰ | ਆਨੰਦਪੁਰ ਸਾਹਿਬ | ਰੋਪੜ |
| 11 | ਝਨੇੜੀ | ਭਵਾਨੀਗੜ੍ਹ | ਸੰਗਰੂਰ |
| 12 | ਕਾਲੇਵਾਲ | ਖਰੜ | ਐਸ.ਏ.ਐਸ. ਨਗਰ |
| 13 | ਜੌਹਲਕਲਾਂ | ਡੇਰਾਬੱਸੀ | ਐਸ.ਏ.ਐਸ. ਨਗਰ |
| 14 | ਉੱਚਾ | ਢਿੱਲਵਾਂ | ਕਪੂਰਥਲਾ |
| 15 | ਨੌਸ਼ਹਿਰਾ ਪੰਨੂਆਂ | ਨੌਸ਼ਹਿਰਾ ਪੰਨੂਆਂ | ਤਰਨਤਾਰਨ |
| 16 | ਰਾਣੀਵਾਲਾ | ਮਲੋਟ | ਮੁਕਤਸਰ |

ਉਪਰੋਕਤ ਤੋਂ ਇਲਾਵਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮੌਜੂਦਾ ਵਿੱਤੀ ਸਾਲ ਦੌਰਾਨ ਕੋਟ ਧੰਦਲ, ਬਲਾਕ ਕਾਹਨੂੰਵਾਲ (ਗੁਰਦਾਸਪੁਰ) ਵਿਖੇ ਆਦਰਸ਼ ਸਕੂਲ ਖੋਲ੍ਹਣ ਦੀ ਤਜਵੀਜ਼ ਵਿਚਾਰ ਅਧੀਨ ਹੈ।

---

## ਅਧਿਆਪਕਾਂ ਦੀਆਂ ਖਾਲੀ ਅਸਾਮੀਆਂ

188. ਸ਼੍ਰੀ ਮਦਨ ਲਾਲ ਠੇਕੇਦਾਰ : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਟਿਆਲਾ, ਸਨੌਰ ਅਤੇ ਘਨੌਰ ਬਲਾਕਾਂ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੁਆਰਾ ਚਲਾਏ ਜਾ ਰਹੇ ਸਕੂਲਾਂ ਵਿੱਚ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕਾਂ ਦੀਆਂ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਉਕਤ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤੇ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : ਸ਼੍ਰੀਮਾਨ ਜੀ, ਬਲਾਕ ਪਟਿਆਲਾ, ਸਨੌਰ ਅਤੇ ਘਨੌਰ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੁਆਰਾ ਚਲਾਏ ਜਾ ਰਹੇ ਸਕੂਲਾਂ ਵਿੱਚ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕਾਂ ਦੀ ਭਰਤੀ ਨਹੀਂ ਕੀਤੀ ਜਾਂਦੀ। ਇਨ੍ਹਾਂ ਸਕੂਲਾਂ ਵਿੱਚ ਸਿਰਫ ਈ.ਟੀ.ਟੀ. ਅਧਿਆਪਕਾਂ ਦੀ ਭਰਤੀ ਕੀਤੀ ਜਾਂਦੀ ਹੈ। ਇਨ੍ਹਾਂ ਬਲਾਕਾਂ ਵਿੱਚ ਖਾਲੀ ਪਈਆਂ ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਬਲਾਕ ਦਾ ਨਾਂ | ਖਾਲੀ ਅਸਾਮੀਆਂ ਦੀ ਗਿਣਤੀ |
|---|---|---|
| 1 | ਪਟਿਆਲਾ | 4 |
| 2 | ਸਨੌਰ | 3 |
| 3 | ਘਨੌਰ | 16 |

ਇਨ੍ਹਾਂ ਅਸਾਮੀਆਂ ਨੂੰ ਭਰਨ ਸਬੰਧੀ ਮਿਤੀ 13 ਦਸੰਬਰ, 2008 ਦੇ ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤਾ ਗਿਆ ਸੀ ਪਰੰਤੂ ਕੁਝ ਤਕਨੀਕੀ ਕਾਰਨਾਂ ਕਰਕੇ ਇਹ ਇਸ਼ਤਿਹਾਰ ਰੱਦ ਕਰ ਦਿੱਤਾ ਗਿਆ ਸੀ। ਹੁਣ ਪੰਜਾਬ ਪੰਚਾਇਤੀ ਰਾਜ ਪ੍ਰਾਇਮਰੀ ਟੀਚਰਜ਼ (ਭਰਤੀ ਅਤੇ ਸੇਵਾਵਾਂ ਦੀਆਂ ਸ਼ਰਤਾਂ) ਰੂਲਜ਼, 2006 ਵਿੱਚ ਵਿਦਿਅਕ ਯੋਗਤਾ ਸਬੰਧੀ ਸੋਧ ਕਰਨ ਲਈ ਡਰਾਫਟ ਰੂਲ ਮਿਤੀ 20 ਫਰਵਰੀ, 2009 ਦੇ ਅਸਧਾਰਨ ਗਜ਼ਟ ਨੋਟੀਫਿਕੇਸ਼ਨ ਵਿੱਚ ਛਾਪ ਕੇ 30 ਦਿਨਾਂ ਅੰਦਰ ਇਤਰਾਜ਼ ਮੰਗੇ ਗਏ ਹਨ। ਇਨ੍ਹਾਂ ਇਤਰਾਜ਼ਾਂ ਨੂੰ ਵਿਚਾਰਨ ਉਪਰੰਤ ਇਨ੍ਹਾਂ ਦਾ ਨਿਪਟਾਰਾ ਕਰਕੇ ਸੋਧੇ ਨਿਯਮਾਂ ਦੀ ਅੰਤਿਮ ਨੋਟੀਫਿਕੇਸ਼ਨ ਕੀਤੀ ਜਾਵੇਗੀ। ਇਸ ਉਪਰੰਤ ਛੇਤੀ ਹੀ ਖਾਲੀ ਥਾਵਾਂ ਭਰ ਲਈਆਂ ਜਾਣਗੀਆਂ।

---

## ਸ਼ਗਨ ਸਕੀਮ ਅਧੀਨ ਬਿਨੈ-ਪੱਤਰਾਂ ਦੀ ਗਿਣਤੀ

189. ਸਰਦਾਰ ਅਮਰਜੀਤ ਸਿੰਘ ਸਮਰਾ : ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 2006-07 ਦੇ ਸਮੇਂ ਦੌਰਾਨ ਰਾਜ ਵਿੱਚ ਸ਼ਗਨ/ਅਸ਼ੀਰਵਾਦ ਸਕੀਮ ਅਧੀਨ ਸਰਕਾਰ ਦੁਆਰਾ ਪ੍ਰਾਪਤ ਕੀਤੇ ਬਿਨੈ-ਪੱਤਰਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ;

(ਅ) ਕੀ ਉਕਤ ਸਕੀਮ ਅਧੀਨ ਉਪਰੋਕਤ ਕਥਿਤ ਸਾਰੇ ਬਿਨੈਕਾਰਾਂ ਨੂੰ ਵਿੱਤੀ ਸਹਾਇਤਾ ਦੇ ਦਿੱਤੀ ਗਈ ਹੈ, ਜੇਕਰ ਨਹੀਂ ਤਾਂ ਉਨ੍ਹਾਂ ਬਿਨੈਕਾਰਾਂ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਨੂੰ ਸਹਾਇਤਾ ਪ੍ਰਾਪਤ ਨਹੀਂ ਹੋ ਸਕੀ ਅਤੇ ਇਸ ਦੇ ਕੀ ਕਾਰਨ ਹਨ ?

ਸਰਦਾਰ ਗੁਲਜ਼ਾਰ ਸਿੰਘ ਰਣੀਕੇ : (ੳ) ਸਾਲ 2006-07 ਦੇ ਸਮੇਂ ਦੌਰਾਨ ਰਾਜ ਵਿੱਚ ਸ਼ਗਨ/ਅਸ਼ੀਰਵਾਦ ਸਕੀਮ ਅਧੀਨ ਬਿਨੈ-ਪੱਤਰਾਂ ਦੀ ਕੁੱਲ ਗਿਣਤੀ 68,506 ਹੈ। ਜ਼ਿਲ੍ਹੇ-ਵਾਰ ਗਿਣਤੀ ਅਨੁਲੱਗ 'ੳ' ਅਨੁਸਾਰ ਨਾਲ ਨੱਥੀ ਹੈ ;

(ਅ) ਉਕਤ 68,506 ਬਿਨੈਕਾਰਾਂ ਵਿੱਚੋਂ 36,087 ਬਿਨੈਕਾਰਾਂ ਨੂੰ ਵਿੱਤੀ ਸਹਾਇਤਾ ਦਿੱਤੀ ਗਈ ਅਤੇ 32,419 ਬਿਨੈਕਾਰਾਂ ਦੀਆਂ ਅਰਜ਼ੀਆਂ ਵਿੱਤ ਵਿਭਾਗ ਤੋਂ ਫੰਡਜ਼ ਉਪਲਬਧ ਨਾ ਹੋਣ ਕਾਰਣ ਲੰਬਿਤ ਹਨ। ਜ਼ਿਲ੍ਹੇ-ਵਾਰ ਵੇਰਵੇ ਅਨੁਲੱਗ 'ੳ' ਅਨੁਸਾਰ ਨਾਲ ਨੱਥੀ ਹੈ।

Original with;
Punjab Vidhan Sabha
Digitized by;
Panjab Digital Library

## ਅਨੁਲੱਗ-ੳ

ਸ਼ਗਨ ਸਕੀਮ ਤਹਿਤ ਸਾਲ 2006-07 ਦੌਰਾਨ ਪ੍ਰਾਪਤ ਬਿਨੈਕਾਰਾਂ ਦੀ ਗਿਣਤੀ, ਬਿਨੈਕਾਰਾਂ ਦੀ ਗਿਣਤੀ ਜਿਨ੍ਹਾਂ ਨੂੰ ਵਿੱਤੀ ਸਹਾਇਤਾ ਦਿੱਤੀ ਗਈ ਤੇ ਲੰਬਿਤ ਬਿਨੈਕਾਰਾਂ ਦੀ ਗਿਣਤੀ ਦਾ ਜ਼ਿਲ੍ਹੇ-ਵਾਰ ਵੇਰਵਾ :—

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਕੁੱਲ ਪ੍ਰਾਪਤ ਬਿਨੈਕਾਰਾਂ ਦੀ ਗਿਣਤੀ | ਪ੍ਰਾਪਤ ਬਿਨੈਕਾਰਾਂ ਦੀ ਗਿਣਤੀ ਜਿਨ੍ਹਾਂ ਨੂੰ ਵਿੱਤੀ ਸਹਾਇਤਾ ਦਿੱਤੀ ਗਈ | ਲੰਬਿਤ ਬਿਨੈਕਾਰਾਂ ਦੀ ਗਿਣਤੀ |
|---|---|---|---|---|
| 1 | 2 | 3 | 4 | 5 |
| 1 | ਅੰਮ੍ਰਿਤਸਰ | 9666 | 5228 | 4438 |
| 2 | ਬਠਿੰਡਾ | 2765 | 1510 | 1255 |
| 3 | ਬਰਨਾਲਾ | 789 | — | 789 |
| 4 | ਫਰੀਦਕੋਟ | 2557 | 1234 | 1323 |
| 5 | ਫਿਰੋਜ਼ਪੁਰ | 6054 | 3202 | 2852 |
| 6 | ਫਤਿਹਗੜ੍ਹ ਸਾਹਿਬ | 1259 | 564 | 695 |
| 7 | ਗੁਰਦਾਸਪੁਰ | 6971 | 3977 | 2994 |
| 8 | ਹੁਸ਼ਿਆਰਪੁਰ | 2674 | 1768 | 906 |
| 9 | ਜਲੰਧਰ | 4655 | 2572 | 2083 |
| 10 | ਕਪੂਰਥਲਾ | 2086 | 976 | 1110 |
| 11 | ਲੁਧਿਆਣਾ | 4990 | 2266 | 2724 |
| 12 | ਮਾਨਸਾ | 2222 | 1235 | 987 |
| 13 | ਮੁਕਤਸਰ | 3462 | 1853 | 1609 |
| 14 | ਮੋਗਾ | 3203 | 1916 | 1287 |
| 15 | ਸ਼ਹੀਦ ਭਗਤ ਸਿੰਘ ਨਗਰ | 1218 | 542 | 676 |
| 16 | ਐਸ.ਏ.ਐਸ. ਨਗਰ | 868 | 531 | 337 |
| 17 | ਪਟਿਆਲਾ | 3576 | 2209 | 1367 |
| 18 | ਤਰਨ ਤਾਰਨ | 3979 | 1782 | 2197 |
| 19 | ਰੋਪੜ | 755 | 330 | 425 |
| 20 | ਸੰਗਰੂਰ | 4757 | 2392 | 2365 |
| | ਕੁੱਲ ਜੋੜ | 68506 | 36087 | 32419 |

## ਸਕੂਲ ਅਧਿਆਪਕਾਂ ਦੀ ਪਦ-ਉਨਤੀ

190. ਸਰਦਾਰ ਈਸ਼ਰ ਸਿੰਘ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 2007-2008 ਅਤੇ 2008-09 ਦੇ ਦੌਰਾਨ ਰਾਜ ਵਿੱਚ ਲੈਕਚਰਾਰਾਂ ਵਜੋਂ ਪਦ-ਉਨਤ ਕੀਤੇ ਗਏ ਮਾਸਟਰਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਨੂੰ ਪਦ-ਉਨਤ ਕਰਨ ਸਮੇਂ ਸਰਕਾਰ ਦੁਆਰਾ ਕੀ ਕਸੌਟੀ ਅਪਣਾਈ ਗਈ ?

Original with;
Punjab Vidhan Sabha
Digitized by;
Panjab Digital Library

ਡਾਕਟਰ ਉਪਿੰਦਰਜੀਤ ਕੌਰ : ਸਾਲ 2007-08 ਅਤੇ ਸਾਲ 2008-09 ਦੌਰਾਨ ਮਾਸਟਰਾਂ ਤੋਂ ਪਦ-ਉਨਤ ਕੀਤੇ ਗਏ ਲੈਕਚਰਾਰਾਂ ਦਾ ਜ਼ਿਲ੍ਹੇ-ਵਾਰ ਵੇਰਵਾ ਨਿਮਨ ਅਨੁਸਾਰ ਹੈ :-

| ਲੜੀ ਨੰ: | ਜ਼ਿਲ੍ਹੇ ਦਾ ਨਾਂ | 2007-08 ਅਤੇ 2008-09 ਦੌਰਾਨ ਲੈਕਚਰਾਰਾਂ ਵਜੋਂ ਪਦ-ਉਨਤ ਹੋਏ ਅਧਿਆਪਕਾਂ ਦੀ ਗਿਣਤੀ |
|---|---|---|
| 1 | ਅੰਮ੍ਰਿਤਸਰ | 180 |
| 2 | ਬਠਿੰਡਾ | 93 |
| 3 | ਬਰਨਾਲਾ | 52 |
| 4 | ਫਰੀਦਕੋਟ | 58 |
| 5 | ਫਿਰੋਜ਼ਪੁਰ | 121 |
| 6 | ਫਤਿਹਗੜ੍ਹ ਸਾਹਿਬ | 49 |
| 7 | ਗੁਰਦਾਸਪੁਰ | 222 |
| 8 | ਹੁਸ਼ਿਆਰਪੁਰ | 121 |
| 9 | ਜਲੰਧਰ | 124 |
| 10 | ਕਪੂਰਥਲਾ | 54 |
| 11 | ਲੁਧਿਆਣਾ | 190 |
| 12 | ਮਾਨਸਾ | 40 |
| 13 | ਮੁਕਤਸਰ | 63 |
| 14 | ਮੋਗਾ | 81 |
| 15 | ਸ਼ਹੀਦ ਭਗਤ ਸਿੰਘ ਨਗਰ | 41 |
| 16 | ਪਟਿਆਲਾ | 164 |
| 17 | ਰੋਪੜ | 81 |
| 18 | ਐਸ.ਏ.ਐਸ. ਨਗਰ | 75 |
| 19 | ਸੰਗਰੂਰ | 107 |
| 20 | ਤਰਨਤਾਰਨ | 46 |
| | ਕੁੱਲ ਗਿਣਤੀ : | 1962 |

ਵਿਧੀ :

1. ਅਧਿਆਪਕ ਸਬੰਧਿਤ ਵਿਸ਼ੇ ਵਿੱਚ ਐਮ.ਏ./ਐਮ.ਐਸ.ਸੀ./ਐਮ.ਕਾਮ. ਪਾਸ ਹੋਣਾ ਚਾਹੀਦਾ ਹੈ।
2. ਅਧਿਆਪਕ ਦੀਆਂ ਪਿਛਲੇ ਪੰਜ ਸਾਲਾਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਤਸੱਲੀਬਖਸ਼ ਹੋਣੀਆਂ ਚਾਹੀਦੀਆਂ ਹਨ ਅਤੇ ਗੁਪਤ ਰਿਪੋਰਟਾਂ ਦੇ ਅਧਾਰ ਤੇ ਉਸ ਨੇ ਘੱਟੋ-ਘੱਟ 10 ਅੰਕ ਜ਼ਰੂਰ ਪ੍ਰਾਪਤ ਕੀਤੇ ਹੋਣ।

Original with;
Punjab Vidhan Sabha
Digitized by;
Panjab Digital Library

3. ਪਿਛਲੇ ਪੰਜ ਸਾਲਾਂ ਦੌਰਾਨ ਅਧਿਆਪਕ ਦੁਆਰਾ ਪੜ੍ਹਾਏ ਵਿਸ਼ਿਆਂ ਦੇ ਨਤੀਜਿਆਂ ਵਿੱਚੋਂ ਘੱਟੋ-ਘੱਟ ਅੱਧੇ ਨਤੀਜੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਤੀਜਿਆਂ ਦੀ ਪ੍ਰਤੀਸ਼ਤਤਾ ਤੋਂ ਘੱਟ ਨਹੀਂ ਹੋਣੇ ਚਾਹੀਦੇ।

---

**ਬਿਨਾ ਨਿਸ਼ਾਨ ਵਾਲਾ ਪ੍ਰਸ਼ਨ ਨੰ: 191***

**(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)**

---

## ਸੜਕ ਦੁਰਘਟਨਾਵਾਂ ਵਿੱਚ ਮੌਤਾਂ

193. **ਸਰਦਾਰ ਸੁਖਪਾਲ ਸਿੰਘ ਖਹਿਰਾ** : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 2007-08 ਅਤੇ 2008-09 ਦੇ ਸਮੇਂ ਦੌਰਾਨ ਰਾਜ ਵਿੱਚ ਵਾਪਰੀਆਂ ਸੜਕ ਦੁਰਘਟਨਾਵਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਅਤੇ ਇਸ ਵਿੱਚ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ ?

**ਸਰਦਾਰ ਸੁਖਬੀਰ ਸਿੰਘ ਬਾਦਲ** : ਸਾਲ 2007, 2008 ਅਤੇ 31 ਜਨਵਰੀ, 2009 ਤੱਕ ਦੇ ਸਮੇਂ ਦੌਰਾਨ ਰਾਜ ਵਿੱਚ ਵਾਪਰੀਆਂ ਸੜਕ ਦੁਰਘਟਨਾਵਾਂ ਦੀ ਪੁਲਿਸ ਜ਼ਿਲ੍ਹਾ-ਵਾਰ ਦੀ ਗਿਣਤੀ ਅਤੇ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ ਅਨੁਲੱਗ ਤੇ ਦਰਸਾਈ ਜਾਂਦੀ ਹੈ।

### ਅਨੁਲੱਗ

1 ਜਨਵਰੀ, 2007 ਤੋਂ 31 ਦਸੰਬਰ, 2007 ਤੱਕ ਸੜਕ ਹਾਦਸਿਆਂ ਦੀ ਗਿਣਤੀ ਅਤੇ ਮੌਤਾਂ ਸਬੰਧੀ ਜ਼ਿਲ੍ਹਾ-ਵਾਰ ਰਿਪੋਰਟ

| ਲੜੀ ਨੰ: | ਪੁਲਿਸ ਜ਼ਿਲ੍ਹੇ ਦਾ ਨਾਂ | ਸੜਕ ਹਾਦਸੇ | ਮਰੇ ਵਿਅਕਤੀ |
|---|---|---|---|
| 1 | ਫਿਰੋਜ਼ਪੁਰ | 202 | 154 |
| 2 | ਮੁਕਤਸਰ | 106 | 59 |
| 3 | ਮੋਗਾ | 177 | 101 |
| 4 | ਫਰੀਦਕੋਟ | 110 | 63 |
| 5 | ਮਾਨਸਾ | 91 | 53 |
| 6 | ਬਠਿੰਡਾ | 225 | 151 |
| 7 | ਪਟਿਆਲਾ | 551 | 331 |
| 8 | ਸੰਗਰੂਰ | 254 | 156 |
| 9 | ਬਰਨਾਲਾ | 108 | 72 |

*For Unstarred Question No. 191 and reply thereto, please *see* Appendix to this Debates.

Original with;
Punjab Vidhan Sabha
Digitized by;
Panjab Digital Library

[ਉਪ ਮੁੱਖ ਮੰਤਰੀ]

| ਲੜੀ ਨੰ: | ਪੁਲਿਸ ਜ਼ਿਲ੍ਹੇ ਦਾ ਨਾਂ | ਸੜਕ ਹਾਦਸੇ | ਮਰੇ ਵਿਅਕਤੀ |
|---|---|---|---|
| 10 | ਫਤਿਹਗੜ੍ਹ ਸਾਹਿਬ | 283 | 200 |
| 11 | ਲੁਧਿਆਣਾ | 512 | 283 |
| 12 | ਜਗਰਾਉਂ | 129 | 88 |
| 13 | ਖੰਨਾ | 249 | 146 |
| 14 | ਰੋਪੜ | 260 | 135 |
| 15 | ਜਲੰਧਰ | 370 | 260 |
| 16 | ਸ਼ਹੀਦ ਭਗਤ ਸਿੰਘ ਨਗਰ | 160 | 106 |
| 17 | ਕਪੂਰਥਲਾ | 180 | 99 |
| 18 | ਹੁਸ਼ਿਆਰਪੁਰ | 335 | 239 |
| 19 | ਅੰਮ੍ਰਿਤਸਰ | 165 | 114 |
| 20 | ਮਜੀਠਾ | 109 | 67 |
| 21 | ਗੁਰਦਾਸਪੁਰ | 151 | 174 |
| 22 | ਤਰਨ ਤਾਰਨ | 124 | 81 |
| 23 | ਬਟਾਲਾ | 96 | 47 |
| 24 | ਮੋਹਾਲੀ | 261 | 184 |
| | ਕੁੱਲ ਜੋੜ : | 5208 | 3363 |

1 ਜਨਵਰੀ, 2008 ਤੋਂ 31 ਦਸੰਬਰ, 2008 ਤੱਕ ਸੜਕ ਹਾਦਸਿਆਂ ਦੀ ਗਿਣਤੀ ਅਤੇ ਮੌਤਾਂ ਸਬੰਧੀ ਜ਼ਿਲ੍ਹਾ-ਵਾਰ ਰਿਪੋਰਟ

| ਲੜੀ ਨੰ: | ਪੁਲਿਸ ਜ਼ਿਲ੍ਹੇ ਦਾ ਨਾਂ | ਕਿੰਨੇ ਸੜਕ ਹਾਦਸੇ ਹੋਏ | ਮਰੇ ਹੋਏ ਵਿਅਕਤੀ |
|---|---|---|---|
| 1 | ਫਿਰੋਜ਼ਪੁਰ | 200 | 128 |
| 2 | ਮੁਕਤਸਰ | 107 | 72 |
| 3 | ਮੋਗਾ | 151 | 89 |
| 4 | ਫਰੀਦਕੋਟ | 115 | 75 |
| 5 | ਮਾਨਸਾ | 86 | 49 |
| 6 | ਬਠਿੰਡਾ | 276 | 145 |
| 7 | ਪਟਿਆਲਾ | 638 | 306 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਪੁਲਿਸ ਜ਼ਿਲ੍ਹੇ ਦਾ ਨਾਂ | ਕਿੰਨੇ ਸੜਕ ਹਾਦਸੇ ਹੋਏ | ਮਰੇ ਹੋਏ ਵਿਅਕਤੀ |
|---|---|---|---|
| 8 | ਸੰਗਰੂਰ | 280 | 178 |
| 9 | ਬਰਨਾਲਾ | 92 | 68 |
| 10 | ਫਤਹਿਗੜ੍ਹ ਸਾਹਿਬ | 243 | 184 |
| 11 | ਲੁਧਿਆਣਾ | 483 | 312 |
| 12 | ਜਗਰਾਉਂ | 100 | 61 |
| 13 | ਖੰਨਾ | 247 | 176 |
| 14 | ਰੋਪੜ | 234 | 143 |
| 15 | ਜਲੰਧਰ | 375 | 264 |
| 16 | ਸ਼ਹੀਦ ਭਗਤ ਸਿੰਘ ਨਗਰ | 132 | 95 |
| 17 | ਕਪੂਰਥਲਾ | 224 | 109 |
| 18 | ਹੁਸ਼ਿਆਰਪੁਰ | 271 | 207 |
| 19 | ਅੰਮ੍ਰਿਤਸਰ | 192 | 102 |
| 20 | ਮਜੀਠਾ | 112 | 80 |
| 21 | ਗੁਰਦਾਸਪੁਰ | 126 | 137 |
| 22 | ਤਰਨ ਤਾਰਨ | 145 | 112 |
| 23 | ਬਟਾਲਾ | 228 | 48 |
| 24 | ਮੋਹਾਲੀ | 352 | 193 |
| | ਕੁੱਲ ਜੋੜ : | 5409 | 3333 |

1 ਜਨਵਰੀ, 2009 ਤੋਂ 31 ਜਨਵਰੀ, 2009 ਤੱਕ ਸੜਕ ਹਾਦਸਿਆਂ ਦੀ ਗਿਣਤੀ ਅਤੇ ਮੌਤਾਂ ਸਬੰਧੀ ਜ਼ਿਲ੍ਹਾ-ਵਾਰ ਰਿਪੋਰਟ

| ਲੜੀ ਨੰ: | ਪੁਲਿਸ ਜ਼ਿਲ੍ਹੇ ਦਾ ਨਾਂ | ਕਿੰਨੇ ਸੜਕ ਹਾਦਸੇ ਹੋਏ | ਮਰੇ ਹੋਏ ਵਿਅਕਤੀ |
|---|---|---|---|
| 1 | ਫਿਰੋਜ਼ਪੁਰ | 14 | 04 |
| 2 | ਮੁਕਤਸਰ | 10 | 08 |

Original with;
Punjab Vidhan Sabha
Digitized by;
Panjab Digital Library

[ਉਪ ਮੁੱਖ ਮੰਤਰੀ]

| ਲੜੀ ਨੰ: | ਪੁਲਿਸ ਜ਼ਿਲ੍ਹੇ ਦਾ ਨਾਂ | ਕਿੰਨੇ ਸੜਕ ਹਾਦਸੇ ਹੋਏ | ਮਰੇ ਹੋਏ ਵਿਅਕਤੀ |
|---|---|---|---|
| 3 | ਮੋਗਾ | 12 | 10 |
| 4 | ਫਰੀਦਕੋਟ | 11 | 05 |
| 5 | ਮਾਨਸਾ | 10 | 04 |
| 6 | ਬਠਿੰਡਾ | 18 | 10 |
| 7 | ਪਟਿਆਲਾ | 49 | 32 |
| 8 | ਸੰਗਰੂਰ | 13 | 09 |
| 9 | ਬਰਨਾਲਾ | 32 | 12 |
| 10 | ਫਤਹਿਗੜ੍ਹ ਸਾਹਿਬ | 43 | 27 |
| 11 | ਲੁਧਿਆਣਾ | 35 | 19 |
| 12 | ਜਗਰਾਉਂ | 13 | 11 |
| 13 | ਖੰਨਾ | 23 | 19 |
| 14 | ਰੋਪੜ | 37 | 17 |
| 15 | ਜਲੰਧਰ | 28 | 19 |
| 16 | ਸ਼ਹੀਦ ਭਗਤ ਸਿੰਘ ਨਗਰ | 10 | 03 |
| 17 | ਕਪੂਰਥਲਾ | 24 | 06 |
| 18 | ਹੁਸ਼ਿਆਰਪੁਰ | 23 | 18 |
| 19 | ਅੰਮ੍ਰਿਤਸਰ | 31 | 13 |
| 20 | ਮਜੀਠਾ | 09 | 04 |
| 21 | ਗੁਰਦਾਸਪੁਰ | 16 | 16 |
| 22 | ਤਰਨ ਤਾਰਨ | 04 | 04 |
| 23 | ਬਟਾਲਾ | 19 | 01 |
| 24 | ਮੋਹਾਲੀ | 29 | 16 |
| | ਕੁੱਲ ਜੋੜ : | 513 | 287 |

Original with;
Punjab Vidhan Sabha
Digitized by;
Panjab Digital Library

## ਰਾਜ ਦੀਆਂ ਜੇਲ੍ਹਾਂ ਵਿੱਚ ਬੰਦ ਪਾਕਿਸਤਾਨੀ ਨਾਗਰਿਕ

194. **ਸਰਦਾਰ ਰਿਪਜੀਤ ਸਿੰਘ ਬਰਾੜ :** ਕੀ ਜੇਲ੍ਹ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਇਸ ਸਮੇਂ ਜੇਲ੍ਹਾਂ ਵਿੱਚ ਬੰਦ ਪਾਕਿਸਤਾਨੀ ਨਾਗਰਿਕਾਂ ਦੀ ਗਿਣਤੀ ਕਿੰਨੀ ਹੈ?

**ਸਰਦਾਰ ਹੀਰਾ ਸਿੰਘ ਗਾਬੜੀਆ :** ਪੰਜਾਬ ਰਾਜ ਵਿੱਚ ਇਸ ਸਮੇਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਪਾਕਿਸਤਾਨੀ ਨਾਗਰਿਕਾਂ ਦੀ ਕੁੱਲ ਗਿਣਤੀ 96 ਹੈ।

---

## ਵੱਡੇ ਸ਼ਹਿਰਾਂ ਲਈ ਵਿਕਾਸ ਗ੍ਰਾਂਟਾਂ

195. **ਸਰਦਾਰ ਰਿਪਜੀਤ ਸਿੰਘ ਬਰਾੜ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਦੋ ਸਾਲਾਂ ਦੇ ਦੌਰਾਨ ਅੰਮ੍ਰਿਤਸਰ, ਜਲੰਧਰ, ਪਟਿਆਲਾ ਅਤੇ ਬਠਿੰਡਾ ਦੇ ਵਿਕਾਸ ਲਈ ਸ਼ਹਿਰ-ਵਾਰ ਕਿੰਨੀ ਗ੍ਰਾਂਟ ਦਿੱਤੀ ਗਈ ?

**ਸ਼੍ਰੀ ਤਿਕਸ਼ਨ ਸੂਦ (ਸੰਸਦੀ ਮਾਮਲੇ, ਡਾਕਟਰੀ ਖੋਜ ਅਤੇ ਸਿੱਖਿਆ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ) :** ਪਿਛਲੇ ਦੋ ਸਾਲਾਂ ਦੌਰਾਨ ਅੰਮ੍ਰਿਤਸਰ, ਜਲੰਧਰ, ਪਟਿਆਲਾ ਅਤੇ ਬਠਿੰਡਾ ਸ਼ਹਿਰ ਦੇ ਵਿਕਾਸ ਲਈ ਕ੍ਰਮਵਾਰ 27566.39 ਲੱਖ ਰੁਪਏ, 13208.75 ਲੱਖ ਰੁਪਏ, 2405.04 ਲੱਖ ਰੁਪਏ ਅਤੇ 4552.36 ਲੱਖ ਰੁਪਏ ਗ੍ਰਾਂਟ ਵਜੋਂ ਦਿੱਤੇ ਗਏ ਹਨ।

### ਅਨੁਲੱਗ 'ੳ'

### ਵੱਡੇ ਸ਼ਹਿਰਾਂ ਲਈ ਵਿਕਾਸ ਗ੍ਰਾਂਟਾਂ

ਰਕਮ ਲੱਖਾਂ ਵਿੱਚ

| ਲੜੀ ਨੰ: | ਸ਼ਹਿਰ ਦਾ ਨਾਮ | ਸਾਲ | | ਜੋੜ |
|---|---|---|---|---|
| | | 2007-08 | 2008-09 | ਕਾਲਮ 3+4 |
| 1 | 2 | 3 | 4 | 5 |
| 1 | ਅੰਮ੍ਰਿਤਸਰ | 13786.79 | 13779.60 | 27566.39 |
| 2 | ਜਲੰਧਰ | 462.19 | 12746.56 | 13208.75 |
| 3 | ਪਟਿਆਲਾ | 1101.60 | 1303.44 | 2405.04 |
| 4 | ਬਠਿੰਡਾ | 183.08 | 4369.28 | 4552.36 |
| | ਜੋੜ : | 15533.66 | 32198.88 | 47732.54 |

Original with;
Punjab Vidhan Sabha
Digitized by;
Panjab Digital Library

## MATTERS RAISED DURING ZERO HOUR AND STATEMENTS BY THE MINISTERS THEREON

**ਸਰਦਾਰ ਚਰਨਜੀਤ ਸਿੰਘ ਚੰਨੀ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਧਿਆਨ ਵਿੱਚ ਵਿਧਾਨ ਸਭਾ ਦੇ ਮੈਂਬਰਾਂ ਦੀ ਇੱਕ ਮੁਸ਼ਕਲ ਲਿਆਉਣੀ ਚਾਹੁੰਦਾ ਹਾਂ। ਜਦੋਂ ਕਿਸੇ ਮੈਂਬਰ ਵੱਲੋਂ ਮੈਡੀਕਲ ਬਿੱਲ ਦਿੱਤਾ ਜਾਂਦਾ ਹੈ ਤਾਂ ਵਿਧਾਨ ਸਭਾ ਵੱਲੋਂ ਹੈਲਥ ਡਿਪਾਰਟਮੈਂਟ ਨੂੰ ਭੇਜ ਦਿੱਤਾ ਜਾਂਦਾ ਹੈ ਜਿਸ ਕਾਰਨ ਅਨਨਸੈਸਰਲੀ ਡਿਲੇਅ ਹੋ ਜਾਂਦੀ ਹੈ। ਸਪੀਕਰ ਸਾਹਿਬ, ਤੁਸੀਂ ਆਪ ਕੰਪੀਟੈਂਟ ਹੋ ਤਾਂ ਬਿਲ ਹੋਰ ਪਾਸੇ ਜਾਣ ਦੀ ਲੋੜ ਨਹੀਂ ਹੈ। ਇਸ ਕਰਕੇ ਮੇਰੀ ਬੇਨਤੀ ਹੈ ਕਿ ਵਿਧਾਨ ਸਭਾ ਲੈਵਲ ਤੇ ਹੀ ਇਹ ਬਿਲ ਪਾਸ ਕੀਤੇ ਜਾਣੇ ਚਾਹੀਦੇ ਹਨ। ਇਸ ਦੇ ਨਾਲ ਹੀ ਵਿਧਾਨ ਸਭਾ ਦੇ ਮੈਂਬਰ ਨੂੰ ਡੀਜ਼ਲ ਤੇ ਟੈਲੀਫੋਨ ਦੇ ਪੈਸੇ ਮਿਲਦੇ ਹਨ। ਇਸ ਵਾਸਤੇ ਸਾਨੂੰ ਹਰ ਮਹੀਨੇ ਬਿਲ ਇਕੱਠੇ ਕਰਕੇ ਇੱਥੇ ਜਮ੍ਹਾਂ ਕਰਾਉਣੇ ਪੈਂਦੇ ਹਨ। ਸਾਨੂੰ 10,000 ਰੁਪਿਆ ਮਹੀਨਾ ਮਿਲਦਾ ਹੈ ਜਦਕਿ ਸਾਡਾ 20-30 ਹਜ਼ਾਰ ਰੁਪਿਆ ਡੀਜ਼ਲ ਦਾ ਵੈਸੇ ਹੀ ਖ਼ਰਚ ਹੋ ਜਾਂਦਾ ਹੈ। ਇਸ ਦਾ ਸਿਰਫ਼ ਯੂਟੇਲਾਈਜ਼ੇਸ਼ਨ ਸਰਟੀਫਿਕੇਟ ਲੈ ਲਿਆ ਜਾਵੇ। ਨਾਲ ਦੀ ਸਟੇਟ ਹਰਿਆਣਾ ਵਿੱਚ ਵੀ ਇਸੇ ਤਰ੍ਹਾਂ ਹੈ, ਉਨ੍ਹਾਂ ਤੋਂ ਬਿਲ ਨਹੀਂ ਲਏ ਜਾਂਦੇ। ਸਾਡਾ ਕੰਮ ਤਾਂ ਸਿਰਫ਼ ਲੋਕਾਂ ਦੀਆਂ ਦਰਖ਼ਾਸਤਾਂ ਸਾਂਭਣ ਤੱਕ ਠੀਕ ਹੈ, ਜਿਹੜੇ ਇਹ ਬਿਲ ਹਨ ਇਨ੍ਹਾਂ ਨੂੰ ਸਾਂਭਣ ਤੋਂ ਰਾਹਤ ਦਿਵਾਈ ਜਾਵੇ। (ਥੰਪਿੰਗ) ਜਿਹੜੀਆਂ ਇਹ ਮੇਜ਼ਾਂ ਥਪਥਪਾਈਆਂ ਗਈਆਂ ਹਨ, ਇਸ ਤੋਂ ਲੱਗਦਾ ਹੈ ਕਿ ਸਾਰੇ ਮੈਂਬਰਾਂ ਦੀ ਇਹ ਸਾਂਝੀ ਸਮੱਸਿਆ ਹੈ, ਕਾਂਗਰਸੀ ਵੀਰਾਂ ਦੀ ਵੀ ਇਹ ਸਮੱਸਿਆ ਹੋਵੇਗੀ....

**ਮਾਨਯੋਗ ਸਪੀਕਰ** : ਇਹ ਸਮੱਸਿਆ ਸਾਰਿਆਂ ਦੀ ਹੈ। ਇਸ ਦੇ ਨਾਲ ਮੈਂ ਵੀ ਸਹਿਮਤ ਹਾਂ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ)** : ਇਹ ਕਰ ਦਿਓ ਜਨਾਬ। ਗੱਲ ਇਹ ਹੈ ਕਿ ਜਦੋਂ ਅਸੀਂ ਮੈਡੀਕਲ ਬਿਲ ਭੇਜਦੇ ਹਾਂ ਤਾਂ ਕਹਿੰਦੇ ਹਨ ਕਿ ਇਸ ਉੱਪਰ ਲਿਖਵਾਓ ਕਿ ਕ੍ਰੋਨਿਕ ਬਿਮਾਰੀ ਹੈ। ਹੁਣ ਅਸੀਂ ਡਾਕਟਰ ਕੋਲ ਜਾ ਕੇ ਕਹੀਏ ਕਿ ਸਾਨੂੰ ਕ੍ਰੋਨਿਕ ਬਿਮਾਰੀ ਹੈ, ਸਾਨੂੰ ਸਰਟੀਫਿਕੇਟ ਦਿਓ ਜਦਕਿ ਵਿਧਾਨ ਸਭਾ ਵਿੱਚ ਇਹ ਪਾਸ ਹੋ ਗਿਆ ਹੈ ਕਿ ਜਿਹੜਾ ਮੈਂਬਰ ਦਾ ਬਿਲ ਹੈ, ਚਾਹੇ ਉਹ ਵਿਧਾਇਕ ਹੈ ਜਾਂ ਮੰਤਰੀ ਹੈ, ਸਾਬਕਾ ਹੈ ਜਾਂ ਮੌਜੂਦਾ ਹੈ, ਉਹ ਉਸੇ ਤਰ੍ਹਾਂ ਹੀ ਪਾਸ ਹੋ ਜਾਣਾ ਚਾਹੀਦਾ ਹੈ। ਔਰ ਮੈਂ ਨਹੀਂ ਸਮਝਦਾ ਕਿ ਕ੍ਰੋਨਿਕ ਬਿਮਾਰੀ ਦਾ ਸਰਟੀਫਿਕੇਟ ਲਿਆਉਣਾ ਕੋਈ ਰੈਲੇਵੈਂਟ ਚੀਜ਼ ਹੈ। ਮੇਰੀ ਬੇਨਤੀ ਹੈ ਕਿ ਜਿਹੜੀਆਂ ਮੈਂਬਰਾਂ ਵਾਸਤੇ ਕੋਈ ਅਜਿਹੀਆਂ ਅਰਜੈਂਟ ਚੀਜ਼ਾਂ ਹਨ, ਉਹ ਕਰ ਦੇਣੀਆਂ ਚਾਹੀਦੀਆਂ ਹਨ। ਸਪੀਕਰ ਸਾਹਿਬ, ਮੇਰਾ 2-3 ਲੱਖ ਰੁਪਏ ਦਾ ਬਿਲ ਅੱਜ ਤੱਕ ਲੱਭਿਆ ਨਹੀਂ ਕਿ ਉਹ ਕ੍ਰੋਨਿਕ ਬਿਮਾਰੀ ਹੈ ਕਿ ਨਹੀਂ। ਇਸ ਕਰਕੇ ਮੈਂ ਕਲੇਮ ਕਰਨਾ ਹੀ ਛੱਡ ਦਿੱਤਾ ਹੈ। ਇਸੇ ਤਰ੍ਹਾਂ ਹੀ ਕਈ ਮੈਂਬਰਾਂ ਦਾ ਹੋ ਰਿਹਾ ਹੈ। ਇਸ ਬਾਰੇ ਲੀਡਰ ਆਫ਼ ਦਿ ਹਾਊਸ ਨੂੰ ਮੈਂ ਬੇਨਤੀ ਕਰਾਂਗਾ ਕਿ ਜਿਹੜਾ ਇਹ ਕ੍ਰੋਨਿਕ ਬਿਮਾਰੀ ਦਾ ਸਰਟੀਫਿਕੇਟ ਦੇਣ ਦਾ ਝੰਜਟ ਹੈ ਇਸ ਤੋਂ ਛੁਟਕਾਰਾ ਦਿਵਾਉਣ ਅਤੇ ਇਹ ਜਿਹੜੀਆਂ ਬਿਲਾਂ ਦੀਆਂ ਫਾਰਮੈਲਿਟੀਜ਼ ਹਨ, ਇਹ ਹਟਾਈਆਂ ਜਾਣ।

Original with;
Punjab Vidhan Sabha
Digitized by;
Panjab Digital Library

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫ਼ਤ ਚੰਨੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ....

**ਮਾਨਯੋਗ ਸਪੀਕਰ** : ਇਸ ਦਾ ਜਵਾਬ ਸੀ.ਐਮ. ਸਾਹਿਬ ਦੇਣਗੇ ਜਾਂ ਤੁਸੀਂ ਦੇਵੋਗੇ ?

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ** : ਸਪੀਕਰ ਸਾਹਿਬ, ਮੈਂ ਦੇਵਾਂਗਾ ਜੀ। ਇਹ ਜਿਹੜਾ ਇਸ਼ੂ ਹੈ, it is not of an urgent importance ਕਿ ਜ਼ੀਰੋ ਆਵਰ ਵਿੱਚ ਉਠਾਇਆ ਜਾਵੇ। ਇਹ ਜੈਨੂਅਨ ਨਹੀਂ ਹੈ ਕਿ ਇਸ ਨੂੰ ਜ਼ੀਰੋ ਆਵਰ ਵਿੱਚ ਡਿਸਕਸ ਕੀਤਾ ਜਾਵੇ। ਜਿਵੇਂ ਪੰਜਾਬੀ ਦੇ ਇੱਕ ਬੜੇ ਉੱਘੇ ਸ਼ਾਇਰ ਹੋਏ ਹਨ ਪੀਰ ਵਾਰਿਸ ਸ਼ਾਹ, ਉਨ੍ਹਾਂ ਨੇ ਕਿਹਾ ਹੈ ਕਿ :

ਵਾਰਿਸ ਸ਼ਾਹ ਲੁਕਾਈਏ ਜੱਗ ਕੋਲੋਂ ਭਾਵੇਂ ਆਪਣਾ ਹੀ ਗੁੜ ਖਾਈਏ ਜੀ।

ਮੇਰੇ ਕਹਿਣ ਦਾ ਭਾਵ ਇਹ ਹੈ ਕਿ ਕਾਨੂੰਨ ਬਣੇ ਹਨ ਕਿ ਜਿਹੜਾ ਬਿਲ ਹੈ, ਇਸ ਦੀ ਹੈਲਥ ਡਿਪਾਰਟਮੈਂਟ ਤੋਂ ਤਸਦੀਕ ਹੋਵੇ। We can sit in the Chamber.

**ਮਾਨਯੋਗ ਸਪੀਕਰ** : ਬੈਠੋ ਜੀ। ਚੰਨੀ ਜੀ ਅਤੇ ਆਪ ਸਾਰੇ ਮੈਂਬਰ ਸਾਹਿਬਾਨ ਜੋ ਗੱਲ ਇਨ੍ਹਾਂ ਨੇ ਕਹੀ ਇਹ ਜੈਨੂਅਨ ਹੈ। ਇਹ ਗੱਲ ਚੈਂਬਰ ਵਿੱਚ ਬੈਠ ਕੇ ਹੋ ਸਕਦੀ ਹੈ। ਇਸ ਸਬੰਧੀ ਮੀਟਿੰਗ ਸੱਦ ਲੈਂਦੇ ਹਾਂ, ਉਸ ਵਿੱਚ ਸੀ.ਐਮ. ਸਾਹਿਬ ਨੂੰ ਵੀ ਸੱਦ ਲਵਾਂਗੇ ਜਾਂ ਫਿਰ ਬਾਅਦ ਵਿੱਚ ਇਨ੍ਹਾਂ ਨਾਲ ਡਿਸਕਸ ਕਰ ਲਵਾਂਗੇ। ਐਫ. ਐਮ. ਸਾਹਿਬ ਤਾਂ ਉਸ ਵਿੱਚ ਹੁੰਦੇ ਹੀ ਹਨ।

**ਸਰਦਾਰ ਚਰਨਜੀਤ ਸਿੰਘ ਚੰਨੀ** : ਮਾਨਯੋਗ ਸਪੀਕਰ ਸਾਹਿਬ, ਇਹ ਗੱਲ ਪਹਿਲਾਂ ਵੀ ਕਈ ਮੀਟਿੰਗਾਂ ਵਿੱਚ ਹੋ ਚੁੱਕੀ ਹੈ। ਤੁਸੀਂ ਸਹਿਮਤੀ ਦਿਖਾਈ ਹੈ, ਮਾਨਯੋਗ ਸੀ.ਐਮ. ਸ਼ਾਹਿਬ ਨੇ ਦਿਖਾਈ ਹੈ। ਸਪੀਕਰ ਸਾਹਿਬ, ਇਹ ਗੱਲ ਇਸ ਕਰਕੇ ਉਠਾਈ ਹੈ ਕਿਉਂਕਿ ਇਸ ਵਕਤ ਕੋਈ ਐਮਰਜੈਂਸੀ ਕੰਮ ਪੰਜਾਬ ਵਿੱਚ ਇਸ ਕਰਕੇ ਨਹੀਂ ਦਿਖ ਰਿਹਾ ਕਿਉਂਕਿ ਸਰਕਾਰ ਇੱਥੇ ਬੈਠੀ ਹੈ। ਸਰਕਾਰ ਦਾ ਸਾਰਾ ਕੰਮ ਠੀਕ ਚੱਲ ਰਿਹਾ ਹੈ। ਜੇਕਰ ਇੱਥੇ ਆਪੋਜ਼ੀਸ਼ਨ ਹੋਵੇ ਤਾਂ ਉਹ ਕੋਈ ਖਾਸ ਮੁੱਦਾ ਉਠਾਉਂਦੇ ।

**ਮਾਨਯੋਗ ਸਪੀਕਰ** : ਤਕਲੀਫ਼ ਤਾਂ ਸਾਰਿਆਂ ਨੂੰ ਹੀ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ** : ਹੁਣ ਸਪੀਕਰ ਸਾਹਿਬ, ਜੇਕਰ ਕੋਈ ਅਜਿਹੀ ਗੱਲ ਨਹੀਂ ਹੈ ਤਾਂ ਸਾਨੂੰ ਆਪਣੇ ਮੁੱਦੇ ਵਿਚਾਰ ਲੈਣ ਦਿਓ। ਜਿਹੜੀ ਸਾਡੀ ਆਪਣੀ ਪ੍ਰਾਬਲਮ ਹੈ ਕਿਉਂਕਿ ਪੰਜਾਬ ਵਿੱਚ ਕੋਈ ਹੋਰ ਐਮਰਜੈਂਸੀ ਨਹੀਂ ਹੈ, ਆਪੋਜ਼ੀਸ਼ਨ ਜੇਕਰ ਆ ਕੇ ਕੋਈ ਅਹਿਮ ਪ੍ਰਾਬਲਮ ਰੱਖਦੀ ਤਾਂ ਉਸ ਉੱਪਰ ਵਿਚਾਰ ਕਰ ਲੈਂਦੇ, ਪਰ ਹੁਣ ਇਸ ਵਕਤ ਅਸੀਂ ਆਪਣੇ ਬਾਰੇ ਹੀ ਵਿਚਾਰ ਕਰ ਲਈਏ। (ਥੰਪਿੰਗ) ਘੱਟੋ-ਘੱਟ ਇਹ ਗੱਲਾਂ ਤਾਂ ਵਿਚਾਰ ਲਈਏ ਜਿਹੜੀਆਂ ਕਿ ਘੱਟ ਅਹਿਮੀਅਤ ਰੱਖਦੀਆਂ ਹਨ। ਮਾਨਯੋਗ ਸਪੀਕਰ ਸਾਹਿਬ, ਜੇ ਇਹ ਕੰਮ ਕਮੇਟੀ ਦੇ ਵਿਚਾਰਨ ਦਾ ਹੀ ਹੈ ਤਾਂ ਉਥੇ ਹੀ ਫੈਸਲਾ ਹੋ ਜਾਵੇਗਾ। ਜੇ ਬਾਅਦ ਵਿਚ ਸਦਨ ਵਿਚ ਲੈ ਕੇ ਆਉਣਾ ਹੈ ਤਾਂ ਹੁਣ ਹੀ ਇਸ ਨੂੰ ਸਦਨ ਵਿਚ ਕਰ ਲਵੋ।

Original with;
Punjab Vidhan Sabha
Digitized by;
Panjab Digital Library

[ਸਰਦਾਰ ਚਰਨਜੀਤ ਸਿੰਘ ਚੰਨੀ]

ਜੇ ਕਮੇਟੀ ਵਿਚ ਹੀ ਫੈਸਲਾ ਹੋ ਸਕਦਾ ਹੈ ਤਾਂ ਉਥੇ ਵਿਚਾਰ ਲੈਣਾ। ਸਾਨੂੰ 10,000 ਰੁਪਿਆ ਇਸ ਦੇ ਵਾਸਤੇ ਮਿਲਦਾ ਹੈ ਜੋ ਕਿ ਅੱਜ ਵੀ ਇੰਨਾ ਹੀ ਮਿਲਦਾ ਹੈ। ਬਜਾਏ ਇਸ ਦੇ ਕਿ ਅਸੀਂ ਇਹ ਬਿੱਲ ਸੰਭਾਲ ਕੇ ਰੱਖੀਏ, ਫਿਰ ਜਮ੍ਹਾਂ ਕਰਵਾਈਏ, ਪੈਟਰੋਲ ਪੰਪ ਤੋਂ ਬਿਲ ਲੈਣਾ ਪੈਂਦਾ ਹੈ ਅਤੇ ਬਾਅਦ ਵਿਚ ਇੱਥੇ ਦੇਣਾ ਹੁੰਦਾ ਹੈ। ਸਾਨੂੰ ਇਸ ਤੋਂ ਛੁਟਕਾਰਾ ਦਿਵਾਓ, ਅਸੀਂ ਹੋਰ ਕੰਮ ਵੀ ਕਰਵਾ ਸਕੀਏ.....

**ਮੁੱਖ ਸੰਸਦੀ ਸਕੱਤਰ, ਲੋਕ ਨਿਰਮਾਣ (ਭ ਅਤੇ ਮ) (ਸ਼੍ਰੀ ਦੇਸ ਰਾਜ ਧੁੱਗਾ) :** ਮਾਨਯੋਗ ਸਪੀਕਰ ਸਾਹਿਬ, ਮੈਂਬਰਾਂ ਵੱਲੋਂ ਟੈਲੀਫੋਨ ਬਿਲਾਂ ਅਤੇ ਹੋਰ ਸਾਰੀਆਂ ਸਮੱਸਿਆਵਾਂ ਬਾਰੇ ਲਿਖ ਕੇ ਤੁਹਾਡੇ ਤੱਕ ਪਹੁੰਚਾ ਵੀ ਦਿੱਤਾ ਗਿਆ ਹੈ। ਤਕਰੀਬਨ 30—35 ਮੈਂਬਰਾਂ ਨੇ ਇਹ ਗੱਲ ਲਿਖ ਕੇ ਦਿੱਤੀ ਹੈ। ਇਹ ਜ਼ਰੂਰ ਮਨਜ਼ੂਰ ਕਰ ਲਿਆ ਜਾਵੇ। ਅਸੀਂ ਪਹਿਲਾਂ ਸਾਰੇ ਤਰ੍ਹਾਂ ਦੇ ਬਿਲ ਇਕੱਠੇ ਕਰਦੇ ਹਾਂ, ਫਿਰ ਇਥੇ ਦਿੰਦੇ ਹਾਂ। ਇਨ੍ਹਾਂ ਬਿਲਾਂ ਨੂੰ ਆਪਣੇ ਆਪ ਹੀ ਸਾਡੀ ਹਰ ਮਹੀਨੇ ਦੀ ਸੈਲਰੀ ਦੇ ਵਿਚ ਜਮ੍ਹਾਂ ਕਰ ਦਿੱਤਾ ਜਾਇਆ ਕਰੇ। ਧੰਨਵਾਦ।

---

## APPEAL TO THE OPPOSITION BY THE CHIEF MINISTER

**ਟਰਾਂਸਪੋਰਟ ਮੰਤਰੀ (ਮਾਸਟਰ ਮੋਹਨ ਲਾਲ) :** ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਹਮੇਸ਼ਾ ਆਪੋਜ਼ੀਸ਼ਨ ਦਾ ਆਦਰ-ਮਾਣ, ਸਨਮਾਨ ਕੀਤਾ ਹੈ। ਇਹ ਸਦਨ ਇੰਨਾ ਪਵਿੱਤਰ ਸਦਨ ਹੈ ਕਿ ਟਰੈਜ਼ਰੀ ਬੈਂਚਾਂ ਦੀ ਗੱਲ ਭਾਵੇਂ ਸੁਣੀ ਜਾਵੇ ਜਾਂ ਨਾ ਸੁਣੀ ਜਾਵੇ ਪਰ ਆਪੋਜ਼ੀਸ਼ਨ ਦੀ ਗੱਲ ਨੂੰ ਇੱਥੇ ਹਮੇਸ਼ਾ ਤਰਜੀਹ ਨਾਲ ਅਸੀਂ ਸੁਣਦੇ ਹਾਂ। ਇਨ੍ਹਾਂ ਦਾ ਇਹਤਰਾਮ ਕਰਦੇ ਹਾਂ। ਅਸੀਂ ਇਨ੍ਹਾਂ ਲੀਹਾਂ ਤੇ ਹਮੇਸ਼ਾ ਚਲਣਾ ਹੈ। ਸਾਡੇ ਲੀਡਰ ਆਫ਼ ਦਿ ਹਾਊਸ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਹਮੇਸ਼ਾ ਇਹੀ ਪ੍ਰੰਪਰਾ ਰੱਖੀ ਹੈ। ਮੈਂ ਇਸ ਲਈ ਖੜ੍ਹਾ ਹੋਇਆ ਹਾਂ ਕਿ ਅੱਛਾ ਨਹੀਂ ਲੱਗਦਾ ਕਿ ਸ਼੍ਰੀ ਸੱਤਪਾਲ ਗੁਸਾਈਂ ਸਾਹਿਬ ਇੱਥੇ ਇਕੱਲੇ ਹੀ ਉਧਰ ਬੈਠੇ ਰਹਿਣ। ਬਾਕੀ ਇਨ੍ਹਾਂ ਦੇ ਸਾਥੀ ਹਾਊਸ ਵਿਚੋਂ ਗਾਇਬ ਹੋਣ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਲੀਡਰ ਆਫ ਦਿ ਹਾਊਸ ਨੂੰ ਅਤੇ ਆਪ ਜੀ ਨੂੰ ਕਿ ਸੋਮਵਾਰ ਨੂੰ ਇਸ ਸਦਨ ਦਾ ਆਖਰੀ ਸੈਸ਼ਨ ਹੈ, ਇਸ ਲਈ ਕਿਸੇ ਨਾ ਕਿਸੇ ਤਰੀਕੇ ਨਾਲ ਹੱਲ ਕੱਢ ਕੇ ਸਾਨੂੰ ਆਪੋਜ਼ੀਸ਼ਨ ਨੂੰ ਵੀ ਬੁਲਾ ਲੈਣਾ ਚਾਹੀਦਾ ਹੈ। ਡੈਮੋਕਰੇਸੀ ਇਸੇ ਤਰੀਕੇ ਨਾਲ ਚਲਦੀ ਹੈ। ਕਿਸੇ ਇੱਕ ਆਦਮੀ ਕਰਕੇ ਇਸ ਤਰ੍ਹਾਂ ਨਾ ਕਰੀਏ, ਕਿਸੇ ਇੱਕ ਦੁਆਰਾ ਸਦਨ ਦੀ ਮਰਿਆਦਾ ਭੰਗ ਕਰਨ ਕਰਕੇ ਬਾਕੀਆਂ ਨੂੰ ਨੁਕਸਾਨ ਨਾ ਪਹੁੰਚੇ। ਬਾਕੀਆਂ ਦੀਆਂ ਗੱਲਾਂ ਤਾਂ ਇਥੇ ਆਉਣ। ਸਪੀਕਰ ਸਾਹਿਬ, ਮੈਂ ਤੁਹਾਨੂੰ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਮਾਨਯੋਗ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਇਹ ਡੈਡਲਾਕ ਖਤਮ ਕਰ ਦਿੱਤਾ ਜਾਵੇ। ਅੱਜ 20 ਕੁਐਸਚਨ ਲੱਗੇ ਹਨ, ਜਿਨ੍ਹਾਂ ਵਿਚੋਂ ਲਗਭਗ 12 ਕੁਐਸਚਨ ਅਨ-ਆਂਸਰਡ ਚਲੇ ਗਏ ਹਨ। ਹਰ ਮੈਂਬਰ ਦਾ ਇਹ ਪ੍ਰਿਵਿਲੇਜ ਹੈ ਕਿ ਉਹ ਆਪਣੇ ਕੁਐਸਚਨ ਦਾ ਜਵਾਬ ਠੀਕ ਢੰਗ ਨਾਲ ਇਸ ਹਾਊਸ ਵਿਚ ਪ੍ਰਾਪਤ ਕਰ ਸਕੇ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਮਾਲਕ ਹੋ। ਲੀਡਰ ਆਫ਼ ਦਿ ਹਾਊਸ ਮਾਲਕ ਹਨ। ਇਸ ਸਬੰਧੀ ਕੋਈ ਹੱਲ ਕੱਢੋ।

**ਮਾਨਯੋਗ ਸਪੀਕਰ :** ਸੀ.ਐਮ. ਸਾਹਿਬ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ)** : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਸਾਰੀ ਪਾਰਲੀਮੈਂਟਰੀ ਹਿਸਟਰੀ ਵਿਚ ਭਾਵੇਂ ਇਹ ਪਾਰਲੀਮੈਂਟ ਹੋਵੇ ਜਾਂ ਅਸੈਂਬਲੀ ਵਿਚ ਹੋਵੇ, ਇਹ ਪਹਿਲੀ ਦਫਾ ਹੋਇਆ ਹੈ ਕਿ ਆਪੋਜ਼ੀਸ਼ਨ ਜਿਹੜੀ ਹੈ, ਉਹ ਸਾਰੇ ਸੈਸ਼ਨ ਦਾ ਹੀ ਬਾਈਕਾਟ ਕਰ ਦੇਵੇ। ਜੇਕਰ ਕੋਈ ਮਸਲਾ ਇਹੋ ਜਿਹਾ ਹੋਵੇ ਜਿਹੜਾ ਕਿ ਬਹੁਤ ਗੰਭੀਰ ਹੋਵੇ, ਜਿਸ ਨਾਲ ਸਟੇਟ ਨੂੰ ਜਾਂ ਦੇਸ਼ ਨੂੰ ਨੁਕਸਾਨ ਪਹੁੰਚੇ, ਸਟੇਟ ਜਾਂ ਦੇਸ਼ ਨਾਲ ਤਾਅਲੁੱਕ ਰੱਖਣ ਵਾਲਾ ਮਸਲਾ ਹੋਵੇ ਜਾਂ ਕੋਈ ਬਹੁਤ ਵੱਡੀ ਤਕਲੀਫ ਹੋਵੇ ਤਾਂ ਇਸ ਤਰ੍ਹਾਂ ਬਾਈਕਾਟ ਕਰਦੇ ਜਚਦੇ ਹਨ। ਪਰ ਛੋਟੇ ਜਿਹੇ ਮਾਮਲੇ ਨੂੰ ਲੈ ਕੇ ਬਾਈਕਾਟ ਕਰਨਾ ਠੀਕ ਨਹੀਂ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਚੈਂਬਰ ਵਿਚ ਵੀ ਗਿਆ ਸੀ। ਮੈਂ ਤੁਹਾਨੂੰ ਕਹਾਂਗਾ ਕਿ ਉਨ੍ਹਾਂ ਨੂੰ ਕੰਟੈਕਟ ਕਰੋ। ਇਹ ਚੰਗਾ ਨਹੀਂ ਲੱਗਦਾ ਕਿ ਡੈਮੋਕਰੇਸੀ ਵਿਚ ਇਸ ਤਰ੍ਹਾਂ ਹੋਵੇ। ਮੈਂ ਤੁਹਾਨੂੰ ਅਪੀਲ ਵੀ ਕੀਤੀ ਸੀ, ਮੈਂ ਅੱਜ ਵੀ ਆਪੋਜ਼ੀਸ਼ਨ ਨੂੰ ਅਪੀਲ ਕਰਦਾ ਹਾਂ ਕਿ ਉਹ ਜ਼ਰੂਰ ਇਥੇ ਆਉਣ ਕਿਉਂਕਿ ਗਵਰਨਰ ਐਡਰੈਸ ਤੇ ਅੱਜ ਅਖੀਰਲੀ ਬਹਿਸ ਹੋਣੀ ਹੈ, ਉਸ ਵਿਚ ਹਿੱਸਾ ਲੈ ਸਕਣ। ਮੇਰਾ ਆਪਣਾ ਵੀ ਪੁਆਇੰਟ ਆਫ ਵਿਊ ਹੈ। ਇਹ ਵੀ ਸੁਣ ਲਵੋ ਕਿ ਜਿੰਨਾ ਚਿਰ ਆਪੋਜ਼ੀਸ਼ਨ ਬੈਂਚਿਜ਼ ਤੇ ਕੋਈ ਨਾ ਹੋਵੇ, ਉਨਾ ਚਿਰ ਤੱਕ ਇੱਧਰ ਖੜ੍ਹ ਕੇ ਬੋਲਣ ਦਾ ਸੁਆਦ ਵੀ ਨਹੀਂ ਆਉਂਦਾ ਕਿਉਂਕਿ ਹੁਣ ਸਾਹਮਣੇ ਆਪੋਜੀਸ਼ਨ ਪਾਰਟੀ ਨਹੀਂ ਹੈ, ਇਸ ਲਈ ਸੈਸ਼ਨ ਵੀ ਡੱਲ ਜਿਹਾ ਹੀ ਮਹਿਸੂਸ ਹੋ ਰਿਹਾ ਹੈ। ਮੈਂ ਕੱਲ੍ਹ ਵੀ ਅਪੀਲ ਕੀਤੀ ਸੀ ਅਤੇ ਅੱਜ ਵੀ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਇੱਥੇ ਬੁਲਾਉਣ ਦਾ ਉਪਰਾਲਾ ਕੀਤਾ ਜਾਵੇ।

**ਮਾਨਯੋਗ ਸਪੀਕਰ** : ਤੁਹਾਡੇ ਜੋ ਵਿਚਾਰ ਹਨ, ਜਿਹੜੀ ਤੁਸੀਂ ਗੱਲ ਕੀਤੀ ਹੈ, ਤੁਸੀਂ ਹਾਊਸ ਵਿਚ ਬਹੁਤ ਵਧੀਆ ਗੱਲ ਰੱਖੀ ਹੈ। ਮੈਂ ਆਪੋਜ਼ੀਸ਼ਨ ਦੇ ਨਾਲ ਸੰਪਰਕ ਕਰਕੇ ਸਾਰੀ ਗੱਲ ਕਰਦਾ ਹਾਂ ਔਰ ਉਨ੍ਹਾਂ ਨੂੰ ਆਪਣੇ ਵੱਲੋਂ ਕਹਾਂਗਾ ਕਿ ਬਾਦਲ ਸਾਹਿਬ ਨੇ ਗੱਲ ਕੀਤੀ ਸੀ ਕਿ ਕੱਲ੍ਹ ਦੇ ਸੈਸ਼ਨ ਵਿਚ ਸਾਰੇ ਪਾਰਟੀਸੀਪੇਟ ਕਰੀਏ।

(ਇਸ ਸਮੇਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ, ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ, ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ, ਸ਼੍ਰੀ ਜਗਦੀਸ਼ ਸਾਹਨੀ ਅਤੇ ਮਾਨਯੋਗ ਮੈਂਬਰ ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਨਯੋਗ ਸਪੀਕਰ** : ਇਸ ਤੇ ਹੋਰ ਗੱਲ ਨਾ ਕਰੀਏ।

---

## MATTERS RAISED DURING ZERO HOUR AND STATEMENTS BY THE MINISTERS THEREON *(RESUMPTION)*

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ)** : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਸਮਾਂ ਮੰਗਿਆ ਸੀ......

**ਮਾਨਯੋਗ ਸਪੀਕਰ** : ਇਸ ਇਸ਼ੂ ਤੇ ਹੋਰ ਗੱਲ ਕਰਨ ਦੀ ਲੋੜ ਨਹੀਂ ਹੈ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ** : ਮੈਂ ਪਹਿਲਾਂ ਵੀ ਤਿੰਨ ਵਾਰੀ ਆਪਣੀ ਗੱਲ ਕਰਨ ਲਈ ਖੜ੍ਹੀ ਹੋਈ ਹਾਂ...(ਵਿਘਨ) ਹਰ ਵਾਰੀ ਕਹਿਣ ਵਾਸਤੇ ਖੜ੍ਹਦੀ ਰਹੀ ਹਾਂ...(ਵਿਘਨ)

Original with;
Punjab Vidhan Sabha
Digitized by;
Panjab Digital Library

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ)** : ਜੇ ਤਿੰਨ ਵਾਰੀ ਖੜ੍ਹੇ ਹੋਣ ਨਾਲ ਗੱਲ ਸੁਣੀ ਜਾਣ ਲੱਗੀ, ਫਿਰ ਤਾਂ ਮੈਂ ਵੀ ਛੇ ਵਾਰ ਖੜ੍ਹਾ ਹੋ ਜਾਵਾਂਗਾ। ਮੈਂ ਵੀ ਕਾਫ਼ੀ ਦੇਰ ਤੋਂ ਖੜ੍ਹਾ ਹਾਂ। ਮੈਂ ਵੀ ਕੁਝ ਕਹਿਣਾ ਚਾਹੁੰਦਾ ਹਾਂ....

**ਮਾਨਯੋਗ ਸਪੀਕਰ** : ਬੀਬੀ ਜੀ, ਤੁਸੀਂ ਪਹਿਲਾਂ ਗੱਲ ਕਰ ਲਵੋ।

**स्वास्थ्य एवं परिवार कल्याण मंत्री (श्रीमती लक्ष्मी कांता चावला) :–** स्पीकर साहिब, इस हाऊस में बड़े–बड़े मसलों की बात तो होती है, पर बड़े–बड़े जानवरों की बात भी होती है। मेरी सी.एम. साहब से प्रार्थना है कि 1992 से विधान सभा का जितना रिकार्ड, है उस में मैंने यह बात बार–बार कही है कि नील गाय, बारहसिंगा और सुअर से पंजाब का किसान तंग है लेकिन पंजाब की जनता कुत्तों से भी बहुत तंग है। मैं प्रार्थना करूंगी कि कुत्तों द्वारा काटे गये लोगों के आंकड़े मंगवाइये, 6 से ज्यादा मौतें पिछले 3 साल में अमृतसर शहर में हो चुकी हैं । अगर जानवरों पर किसी मोहल्ला विशेष या पुरुष विशेष का प्यार है, तो अलग बात है । मैं जिस संस्कृति की हूँ, उस में तो एक कीड़ी को भी नहीं मारते । वैसे तो लोग मुर्गे आराम से खाते हैं, सूअर खाते हैं, बकरा भी हलाल होता है, दूसरा भी होता है । मैं तो चाहती हूं कि किसी को न मारा जाए । हम लोग तो ये मानते हैं कि ''ऐक नूर ते सब जग ऊपजया, कौन भले को मंदे'' पर जो लोग बूचड़खाने में उन्हें मारते है, उन्हें पता नहीं एक नूर क्यों नहीं दिखाई देता । मेरा निवेदन है कि अमृतसर की जनता चूहों से भी बहुत तंग है । मैंने 1992 में कहा था कि आतंकवाद पर तो काबू पा लिया है पर इन चूहों और कुत्तों के आतंकवाद पर भी काबू पाइये । पिछले 15 साल में हमने आतंकवाद पर काबू पा लिया है पर कुत्तों ने इतने व्यक्ति मार दिये, उसकी चिन्ता किसी को नहीं है । सीवरेज भी हमारा चूहों की वजह से खराब होता है । मकान खाली हो गये, छत्तें खराब हो गई । मेरी मुख्य मंत्री जी को विनती है कि पंजाब को कुत्तों के आतंक से बचाइये व अमृतसर को कुत्तों व चूहों के आतंक से बचाइये । धन्यवाद ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ)** : ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਸਾਰੇ ਹਾਊਸ ਦਾ ਵੀ ਧਿਆਨ ਇਸ ਵੱਲ ਲਿਆਉਣਾ ਚਾਹੁੰਦਾ ਹਾਂ ਕਿ ਕੁੱਤਿਆਂ ਦੀ ਵੀ ਗੱਲ ਕਰ ਲਈ, ਚੂਹਿਆਂ ਦੀ ਵੀ ਕਰ ਲਈ ਅਤੇ ਹੋਰ ਜਾਨਵਰਾਂ ਦੀ ਵੀ ਕਰ ਲਈ, ਐਨੇ ਪੜ੍ਹੇ-ਲਿਖੇ ਮੇਰੇ ਭੈਣ ਜੀ ਹਨ (ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਨੂੰ ਸੰਬੋਧਨ ਕਰਦੇ ਹੋਏ) ਕਿ ਪੰਜਾਬ ਵਿੱਚ ਸਕੂਲਾਂ ਵਿੱਚ ਇੱਕ ਬਿਮਾਰੀ ਬਹੁਤ ਵਧ ਰਹੀ ਹੈ, ਉਹ ਹੈ ਮੋਬਾਈਲ ਫੋਨ ਦੇ ਇਸਤੇਮਾਲ ਦੀ। ਅੱਜ ਪੁਜ਼ੀਸ਼ਨ ਇਹ ਹੈ ਕਿ ਹਰ ਬੱਚੇ ਕੋਲ ਸਕੂਲ ਵਿੱਚ ਮੋਬਾਈਲ ਹੈ ਅਤੇ ਰੋਕਣ ਦੀ ਜ਼ਿੰਮੇਵਾਰੀ ਟੀਚਰ ਤੇ ਹੈ ਜਿਸ ਦੀ ਆਪਣੀ ਜੇਬ ਵਿੱਚ ਮੋਬਾਈਲ ਹੁੰਦਾ ਹੈ। (ਇੱਕ ਆਵਾਜ਼: ਅਸੀਂ ਵੀ ਤਾਂ ਮੋਬਾਈਲ ਰੱਖਦੇ ਹਾਂ)। ਸਪੀਕਰ ਸਾਹਿਬ, ਮੈਂ ਸਹਿਮਤ ਹਾਂ ਕਿ ਸਾਡੀ ਜੇਬ ਵਿੱਚ ਵੀ ਮੋਬਾਈਲ ਹੈ ਪਰ ਅਸੀਂ ਮੋਬਾਈਲ ਨਾਲ ਕਿਸੇ ਦਾ ਕੁਝ ਸੰਵਾਰਦੇ ਹਾਂ, ਕਿਸੇ ਦਾ ਵਿਗਾੜਦੇ ਨਹੀਂ ਹਾਂ। ਅਸੀਂ ਮੋਬਾਈਲ ਦਾ ਬਿਲ ਪੇਅ ਕਰਦੇ ਹਾਂ, ਲੋਕਾਂ ਦੀ ਸਹੂਲਤ ਲਈ ਪਰ ਬੱਚੇ ਮੋਬਾਈਲ ਦਾ ਬਿਲ ਪੇਅ ਕਰਦੇ ਹਨ ਆਪਣੇ ਬਾਪ ਵਾਸਤੇ ਮੁਸੀਬਤ ਲਿਆਉਣ ਲਈ। ਮੈਂ ਅੱਜ ਇਸ ਹਾਊਸ ਵਿੱਚ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੋਬਾਈਲ ਦਾ ਪ੍ਰਯੋਗ ਸਕੂਲਾਂ ਅਤੇ ਕਾਲਜਾਂ ਦੇ ਬੱਚਿਆਂ ਲਈ ਸਕੂਲਾਂ ਅਤੇ ਕਾਲਜਾਂ ਵਿੱਚ ਪ੍ਰਤਿਬੰਧਤ ਹੋਣਾ ਚਾਹੀਦਾ ਹੈ, ਬੈਨ ਹੋਣਾ ਚਾਹੀਦਾ ਹੈ ਅਤੇ ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਬੱਚਾ ਸਕੂਲ ਅਤੇ ਕਾਲਜ ਵਿੱਚ ਮੋਬਾਈਲ ਲੈ ਕੇ ਜਾਵੇ ਉਸ ਨੂੰ ਫਾਈਨ ਹੋਣਾ ਚਾਹੀਦਾ ਹੈ ਅਤੇ ਟੀਚਰ ਨੂੰ ਡਬਲ ਫਾਈਨ ਹੋਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

**ਸਿੱਖਿਆ ਮੰਤਰੀ (ਡਾਕਟਰ ਉਪਿੰਦਰਜੀਤ ਕੌਰ)** : ਮਾਨਯੋਗ ਸਪੀਕਰ ਸਾਹਿਬ, ਸਾਹਨੀ ਸਾਹਿਬ ਨੇ ਇੱਕ ਬਹੁਤ ਹੀ ਜ਼ਰੂਰੀ ਮੁੱਦੇ ਵੱਲ ਧਿਆਨ ਦਿਵਾਇਆ ਹੈ। ਅਸੀਂ ਆਲਰੇਡੀ ਸਾਰੇ ਸਕੂਲਾਂ ਵਿੱਚ ਇਹ ਸਰਕੂਲਰ ਜਾਰੀ ਕਰ ਚੁੱਕੇ ਹਾਂ ਕਿ ਸਕੂਲਾਂ ਦੇ ਕਾਰਜਕਾਰੀ ਘੰਟਿਆਂ ਦੇ ਦੌਰਾਨ ਮੋਬਾਈਲ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਜੇਕਰ ਕਿਸੇ ਵਿਦਿਆਰਥੀ ਕੋਲ ਮੋਬਾਈਲ ਹੋਵੇ ਤਾਂ ਟੀਚਰ ਉਸ ਨੂੰ ਸਕੂਲ ਦੇ ਪ੍ਰਿੰਸੀਪਲ ਜਾਂ ਸਕੂਲ ਦੇ ਹੈਡਮਾਸਟਰ ਕੋਲ ਜਮ੍ਹਾਂ ਕਰਾਵੇ ਅਤੇ ਉਹ ਵਿਦਿਆਰਥੀ ਜਾਂਦੇ ਸਮੇਂ ਆਪਣਾ ਮੋਬਾਈਲ ਲੈ ਜਾਵੇ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਇਹ ਬੈਨ ਹੋਣਾ ਚਾਹੀਦਾ ਹੈ ਜੀ। ਕੋਈ ਟੀਚਰ ਅਤੇ ਬੱਚਾ ਸਕੂਲ ਵਿੱਚ ਮੋਬਾਈਲ ਫੋਨ ਲੈ ਕੇ ਨਾ ਜਾਵੇ।

**ਮਾਨਯੋਗ ਸਪੀਕਰ** : ਬੀਬੀ ਜੀ ਨੇ ਗੱਲ ਕਰ ਦਿੱਤੀ ਹੈ। ਇਸ ਨੂੰ ਸਖਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਹਾਂ ਜੀ, ਮਜੀਠੀਆ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸਪੀਕਰ ਸਾਹਿਬ, ਮੈਂ ਤਾਂ ਖੜ੍ਹਾ ਹੋਇਆ ਸੀ ਕਿਉਂਕਿ ਅੱਜ ਬੜੀਆਂ ਦਿਲਲਗੀਆਂ ਚੱਲ ਰਹੀਆਂ ਹਨ। ਮੈਂ ਆਪ ਜੀ ਦੇ ਅੱਗੇ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਆਪ ਜੀ ਆਪਣੀ ਨਿਗ੍ਹਾ ਇਨ੍ਹਾਂ ਕੁਰਸੀਆਂ ਵੱਲ (ਸਾਡੇ ਵੱਲ) ਸਵੱਲੀ ਰੱਖੋ। ਮੈਂ ਵੀ ਕਈ ਵਾਰ ਖੜ੍ਹਾ ਹੁੰਦਾ ਹਾਂ, ਕਈ ਵਾਰ ਬੈਠਦਾ ਹਾਂ, ਪਰ ਮੈਨੂੰ ਬੋਲਣ ਦਾ ਮੌਕਾ ਨਹੀਂ ਮਿਲ ਰਿਹਾ, ਮੈਂ ਉਸੇ ਦਿਨ ਦਾ ਸ਼ਸ਼ੋਪੰਜ ਵਿਚ ਪਿਆ ਹਾਂ ਜਿਸ ਦਿਨ ਤੋਂ ਸਾਡੇ ਆਪੋਜ਼ੀਸ਼ਨ ਦੇ ਸਾਰੇ ਮੈਂਬਰ ਸਾਹਿਬਾਨ ਬਾਈਕਾਟ ਕਰਕੇ ਗਏ ਹਨ। ਸ਼ਸ਼ੋਪੰਜ ਇਸ ਕਰਕੇ, ਬਈ ਵਿਧਾਨ ਸਭਾ ਦਾ ਰਿਕਾਰਡ ਫਰੋਲ ਲਿਆ, ਸਮਾਜ ਦੇ ਸਿਆਣਿਆਂ ਨਾਲ ਵੀ ਸੰਪਰਕ ਕੀਤਾ, ਵਾਸਤੂ ਸ਼ਾਸਤਰ ਵਾਲਿਆਂ ਨਾਲ ਵੀ ਗੱਲ ਕੀਤੀ ਹੈ ਅਤੇ ਗੁਣੀ ਗਿਆਨੀਆਂ ਨਾਲ ਵੀ ਵਿਚਾਰਾਂ ਕੀਤੀਆਂ ਹਨ, ਹੁਣ ਜਵਾਬ ਕਿੱਥੋਂ ਲੱਭੀਏ। ਮੈਂ ਫੈਸਲਾ ਕੀਤਾ ਕਿ ਆਪ ਜੀ ਨਾਲ ਗੱਲ ਕੀਤੀ ਜਾਵੇ। ਵਿਧਾਨ ਸਭਾ ਵਿੱਚ ਆਪ ਜੀ ਦਾ ਸਾਰੇ ਸਤਿਕਾਰ ਕਰਦੇ ਹਨ ਅਤੇ ਆਪ ਜੀ ਨੂੰ ਸਾਰੇ ਸਵਾਲ ਕਰਦੇ ਹਨ, ਹੁਣ ਆਪ ਜੀ ਹੀ ਮੈਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰੋ ਕਿ ਉਸ ਦਿਨ ਬਾਈਕਾਟ ਹੋਇਆ ਕਿਉਂਕਿ ਇਕ ਲਫਜ਼ ਸੀ.ਐਮ. ਨੇ ਵਰਤਿਆ, ਜੇ ਆਗਿਆ ਹੋਵੇ ਤਾਂ ਮੈਂ ਦੁਬਾਰਾ ਵਰਤ ਲਵਾਂ। ** ਸ਼ਬਦ। ਇਸ ਮਜ਼ਾਕੀਆ ਲਹਿਜ਼ੇ ਵਿੱਚ ਇਸ ਵਿਧਾਨ ਸਭਾ ਦੇ ਰਿਕਾਰਡ ਵਿੱਚ, ਹਿਸਟਰੀ ਵਿੱਚ ਮਜ਼ਾਕੀਆ ਲਹਿਜ਼ੇ ਵਿੱਚ ਰੂਲਿੰਗ ਪਾਰਟੀ ਵਾਲੇ ਆਪੋਜ਼ੀਸ਼ਨ ਪਾਰਟੀ ਵਾਲਿਆਂ ਨੂੰ ਅਤੇ ਆਪੋਜ਼ੀਸ਼ਨ ਪਾਰਟੀ ਵਾਲੇ ਰੂਲਿੰਗ ਪਾਰਟੀ ਨੂੰ ਬਹੁਤ ਕੁਝ ਆਖਦੇ ਰਹਿੰਦੇ ਹਨ। ਵੈਸੇ ਵੀ, ਇਹ ਲਫਜ਼ ਕੋਈ ਅਨਪਾਰਲੀਮੈਂਟਰੀ ਲੈਂਗੂਏਜ ਨਹੀਂ, ਇਹ ਕੋਈ ਗਾਲ੍ਹ ਨਹੀਂ ਸੀ। ਇਸ ਗੱਲ ਦਾ ਬੜਾ ਦੁੱਖ ਹੈ, ਇਹ ਚੀਜ਼ ਹੁਣ ਐਕਸਟਿੰਕਟ ਹੋ ਗਈ ਹੈ, ਹੁਣ ਇਹ ਪਾਈ ਨਹੀਂ ਜਾਂਦੀ। ਜੇ ਇਸ ਦਾ ਜ਼ਿਕਰ ਕੀਤਾ ਗਿਆ ਹੈ ਤਾਂ ਇਨ੍ਹਾਂ ਨੇ ਇੰਨਾ ਵਾਵੇਲਾ ਮਚਾਇਆ ਅਤੇ ਪੰਜਾਬ ਦੇ ਅਸਲੀ ਮੁੱਦਿਆਂ ਤੋਂ ਹਟ ਕੇ, ਜੋ ਅਸਲ ਮੁੱਦੇ ਸਨ ਉਨ੍ਹਾਂ ਨੂੰ ਹੋਰ ਰੰਗਤ ਦੇ ਕੇ ਬਾਈਕਾਟ ਕਰ ਦਿੱਤਾ, ਇਹ ਬੜੀ ਅਫਸੋਸ ਦੀ ਗੱਲ ਹੈ। ਉਸ ਦਿਨ ਸੀ.ਐਮ. ਸਾਹਿਬ ਨੇ ਵੀ ਅਤੇ ਮਾਸਟਰ ਮੋਹਨ ਲਾਲ ਜੀ ਨੇ ਵੀ ਬੇਨਤੀ ਕੀਤੀ, ਉਨ੍ਹਾਂ ਨੂੰ ਕੋਈ ਲਾਲਚ ਦੇ ਦਿਓ, ਉਨ੍ਹਾਂ ਦਾ ਆਉਣ ਦਾ ਜੀਅ ਵੀ ਕਰਦਾ ਹੈ, ਮਗਰ ਉਨ੍ਹਾਂ ਨੇ ਇਸ ਨੂੰ ਬੇਫਜ਼ੂਲ ਇਸ਼ੂ ਬਣਾ ਲਿਆ ਹੈ। ਤੁਸੀਂ ਕ੍ਰਿਪਾ ਕਰਕੇ ਜਵਾਬ ਦਿਓ ਕਿ ** ** ਬਾਰੇ ਉਨ੍ਹਾਂ ਨੂੰ ਗੁੱਸਾ ਕਿਉਂ ਆਇਆ।

**ਮਾਨਯੋਗ ਸਪੀਕਰ** : ਇਹ ** ** ਲਫਜ਼ ਕੱਟ ਦਿੱਤਾ ਜਾਵੇ। ਹੁਣ ਕੋਈ ਬਹੁਤੀ ਬਹਿਸ ਵਾਲੀ ਗੱਲ ਨਹੀਂ ਰਹਿ ਗਈ। ਬਾਦਲ ਸਾਹਿਬ ਨੇ ਵੀ ਆਖ ਦਿੱਤਾ ਹੈ, ਮੈਂ ਆਪਣੇ ਵੱਲੋਂ ਵੀ ਕਨਵੇਅ ਕਰ ਦਿਆਂਗਾ ਕਿ ਤੁਸੀਂ ਇਥੇ ਆ ਕੇ ਪਾਰਟੀਸੀਪੇਟ ਕਰੋ। ਮੈਂ ਉਨ੍ਹਾਂ ਨਾਲ ਗੱਲ ਕਰ ਲਵਾਂਗਾ।

---

****Expunged as ordered by the Chair.**

*Original with;*
Punjab Vidhan Sabha
*Digitized by;*
Panjab Digital Library

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਨੇ ਮੈਡੀਕਲ, ਟੈਲੀਫੋਨ ਅਤੇ ਡੀਜ਼ਲ/ਪੈਟ੍ਰੋਲ ਦੇ ਬਿਲਾਂ ਸਬੰਧੀ ਪੇਸ਼ ਆ ਰਹੀਆਂ ਸਮੱਸਿਆਵਾਂ ਦਾ ਜੋ ਜ਼ਿਕਰ ਕੀਤਾ ਹੈ, ਉਸ ਸਬੰਧੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਸਰਕਾਰੀ ਕਾਗਜ਼ ਕਾਲੇ ਕਰਨੇ ਹਨ, ਕੋਈ ਰੂਲਜ਼ ਵਿੱਚ ਜੇਕਰ ਕੋਈ ਤਰਮੀਮ ਕਰਨੀ ਹੈ, ਸੋਮਵਾਰ ਨੂੰ ਜਦੋਂ ਅਗਲਾ ਸੈਸ਼ਨ ਕਰਾਂਗੇ ਤਾਂ ਉਸ ਵੇਲੇ ਮੈਂ ਆਪ ਦੇ ਚੈਂਬਰ ਵਿੱਚ ਆ ਕੇ ਜਿੰਨੀਆਂ ਵੀ ਕੋਈ ਤਬਦੀਲੀਆਂ ਹਨ, ਉਹ ਕਰਕੇ ਮੈਂ ਤੁਹਾਨੂੰ ਇਤਲਾਹ ਕਰ ਦੇਵਾਂਗਾ।

**ਮਾਨਯੋਗ ਸਪੀਕਰ** : ਠੀਕ ਹੈ।

---

## PRESENTATION OF THE REPORTS OF THE COMMITTEES

**ਮਾਨਯੋਗ ਸਪੀਕਰ** : ਹੁਣ ਚੇਅਰਮੈਨ, ਸਰਕਾਰੀ ਕਾਰੋਬਾਰ ਕਮੇਟੀ, ਰਿਪੋਰਟ ਪੇਸ਼ ਕਰਨਗੇ। ਸਰਦਾਰ ਗੁਰਤੇਜ ਸਿੰਘ ਘੁੜਿਆਣਾ।

**ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ (ਸਰਦਾਰ ਗੁਰਤੇਜ ਸਿੰਘ ਘੁੜਿਆਣਾ)** : ਸ਼੍ਰੀਮਾਨ ਜੀ, ਮੈਂ—

(1) ਪੰਜਾਬ ਕਮਿਊਨੀਕੇਸ਼ਨਜ਼ ਲਿਮਟਿਡ ਅਤੇ ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਨਾਲ ਸਬੰਧਿਤ ਸਾਲ 1997-98, 2005-06 ਅਤੇ 2003-04 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਵਪਾਰਕ) ਵਿੱਚ ਆਉਂਦੇ ਆਡਿਟ ਪੈਰ੍ਹਿਆਂ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 88ਵੀਂ ਰਿਪੋਰਟ; ਅਤੇ

(2) ਪੰਜਾਬ ਐਗਰੋ ਫੂਡ-ਗ੍ਰੇਨਜ ਕਾਰਪੋਰੇਸ਼ਨ ਲਿਮਟਿਡ, ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਿਡ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ ਅਤੇ ਪੰਜਾਬ ਰਾਜ ਮਾਲ ਗੁਦਾਮ ਕਾਰਪੋਰੇਸ਼ਨ ਨਾਲ ਸਬੰਧਤ ਸਾਲ 2003-04 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਵਪਾਰਕ) ਵਿੱਚ ਆਉਂਦੇ ਆਡਿਟ ਪੈਰਿਆਂ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 89ਵੀਂ ਰਿਪੋਰਟ ਪੇਸ਼ ਕਰਦਾ ਹਾਂ।

**ਮਾਨਯੋਗ ਸਪੀਕਰ** : ਹੁਣ ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੇ ਚੇਅਰਮੈਨ ਸਰਦਾਰ ਹਰਮੀਤ ਸਿੰਘ ਸੰਧੂ ਕਮੇਟੀ ਦੀ 40ਵੀਂ ਰਿਪੋਰਟ ਪੇਸ਼ ਕਰਨ।

**ਸਭਾਪਤੀ, ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ (ਸਰਦਾਰ ਹਰਮੀਤ ਸਿੰਘ ਸੰਧੂ)** : ਸਪੀਕਰ ਸਾਹਿਬ, ਮੈਂ ਸਦਨ ਵਿਚ ਮੰਤਰੀਆਂ ਦੁਆਰਾ ਸਮੇਂ ਸਮੇਂ ਤੇ ਦਿੱਤੇ ਗਏ ਆਸ਼ਵਾਸਨਾਂ, ਵਚਨਾਂ ਅਤੇ ਵਿਸ਼ਵਾਸ ਆਦਿ ਦੀ ਪੜਤਾਲ ਕਰਨ ਲਈ ਸਾਲ 2008-09 ਲਈ ਗਠਿਤ ਕੀਤੀ ਗਈ ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕਰਨ ਦਾ ਅਧਿਕਾਰ ਦਿੱਤੇ ਜਾਣ ਤੇ ਸਭਾਪਤੀ ਵਜੋਂ ਇਸ ਦੀ 40ਵੀਂ ਰਿਪੋਰਟ ਸਦਨ ਵਿਚ ਪੇਸ਼ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਹੁਣ ਸਰਦਾਰ ਮੋਹਨ ਲਾਲ ਸਿੰਘ ਕੁਐਸਚਨ ਐਂਡ ਰੈਫਰੈਂਸਿਜ਼ ਕਮੇਟੀ ਦੀ ਚੌਥੀ ਰਿਪੋਰਟ ਪੇਸ਼ ਕਰਨਗੇ।

**ਸਭਾਪਤੀ, ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ (ਸਰਦਾਰ ਮੋਹਨ ਲਾਲ ਸਿੰਘ)** : ਸਪੀਕਰ ਸਾਹਿਬ, ਮੈਂ ਸਾਲ 2008-09 ਲਈ ਗਠਿਤ ਕੀਤੀ ਗਈ ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ ਵੱਲੋਂ ਰਿਪੋਰਟ ਪੇਸ਼ ਕੀਤੇ ਜਾਣ ਦਾ ਅਧਿਕਾਰ ਦਿੱਤੇ ਜਾਣ ਤੇ ਸਭਾਪਤੀ ਵਜੋਂ ਇਸ ਦੀ ਚੌਥੀ ਰਿਪੋਰਟ ਸਦਨ ਵਿਚ ਪੇਸ਼ ਕਰਦਾ ਹਾਂ।

---

## RESUMPTION OF DISCUSSION ON GOVERNOR'S ADDRESS

**ਮਾਨਯੋਗ ਸਪੀਕਰ** : ਹੁਣ 4 ਮਾਰਚ, 2009, ਨੂੰ ਸਰਦਾਰ ਵਿਰਸਾ ਸਿੰਘ ਵਲਟੋਹਾ ਵੱਲੋਂ ਪੇਸ਼ ਕੀਤੇ ਗਏ ਅਤੇ ਸਰਦਾਰ ਅਮਰਜੀਤ ਸਿੰਘ ਸਾਹੀ ਵੱਲੋਂ ਪ੍ਰੋੜ੍ਹਤਾ ਕੀਤੇ ਗਏ ਨਿਮਨਲਿਖਤ ਪ੍ਰਸਤਾਵ ਤੇ ਬਹਿਸ ਮੁੜ ਆਰੰਭ ਹੋਵੇਗੀ :—

"ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿਚ ਮਾਣ-ਪੱਤਰ ਪੇਸ਼ ਕੀਤਾ ਜਾਵੇ—

'ਕਿ ਇਸ ਸਮਾਗਮ ਵਿਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 27 ਫਰਵਰੀ, 2009 ਨੂੰ ਸਦਨ ਵਿਚ ਦੇਣ ਦੀ ਕ੍ਰਿਪਾਲਤਾ ਕੀਤੀ।"

ਹਾਂ ਜੀ, ਸ਼੍ਰੀ ਹਰੀਸ਼ ਰਾਏ ਢਾਂਡਾ ਜੀ।

*11-22 ਵਜੇ ਪੂਰਵ ਦੁਪਹਿਰ

(*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਹਰੀਸ਼ ਰਾਏ ਢਾਂਡਾ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬੜਾ ਮਸ਼ਕੂਰ ਹਾਂ ਕਿ ਗਵਰਨਰ ਸਾਹਿਬ ਦੇ ਭਾਸ਼ਣ ਤੇ ਆਪਣੀ ਪ੍ਰਤੀਕਿਰਿਆ ਜ਼ਾਹਿਰ ਕਰਨ ਦਾ ਆਪ ਜੀ ਨੇ ਮੈਨੂੰ ਮੌਕਾ ਦਿੱਤਾ ਹੈ। ਮੂਲ ਰੂਪ ਵਿਚ ਗਵਰਨਰ ਸਾਹਿਬ ਦਾ ਐਡਰੈਸ ਸੁਣਨ ਅਤੇ ਪੜ੍ਹਨ ਤੇ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਪੂਰਾ ਪੰਜਾਬ ਤਰੱਕੀ ਦੀਆਂ ਲੀਹਾਂ ਤੇ ਤੇਜ਼ ਰਫਤਾਰ ਨਾਲ ਅਗਰਸਰ ਹੋ ਰਿਹਾ ਹੈ। ਖਾਸ ਵਿਸ਼ੇਸ਼ ਗੱਲ ਇਹ ਨਜ਼ਰ ਆਈ ਕਿ ਪਹਿਲੀ ਵਾਰ ਪੰਜਾਬ ਵਿਚ ਇਨਫਰਾਸਟਰੱਕਚਰ ਡਿਵੈਲਪਮੈਂਟ ਨੂੰ ਇੰਨੀ ਮਹੱਤਤਾ ਤੇ ਤਰਜੀਹ ਦਿੱਤੀ ਗਈ ਹੈ। ਪਾਵਰ ਸੈਕਟਰ ਵਿਚ ਜੇਕਰ ਇਕੋ ਸਮੇਂ ਦੇਖੀਏ ਤਾਂ ਤਲਵੰਡੀ ਸਾਬੋ, ਗੋਇੰਦਵਾਲ ਸਾਹਿਬ, ਰਾਜਪੁਰਾ ਅਤੇ ਗਿੱਦੜਬਾਹਾ ਅਨੇਕਾਂ ਜਗ੍ਹਾ ਤੇ ਲਗਾਤਾਰ ਇਕੱਠੀ ਵਿਉਂਤ ਬਣਾਉਣੀ ਅਤੇ ਉਨ੍ਹਾਂ ਤੇ ਕੰਮ ਸ਼ੁਰੂ ਹੋਣਾ ਆਪਣੇ ਆਪ ਵਿਚ ਇਕ ਅਨੋਖੀ ਮਿਸਾਲ ਹੈ। ਮਾਓ-ਸੇ-ਤੁੰਗ ਨੇ ਕਿਹਾ ਸੀ ਕਿ ਜੇਕਰ ਅਸੀਂ ਇਕ ਯੂਨਿਟ ਬਿਜਲੀ ਪੈਦਾ ਕਰਦੇ ਹਾਂ ਤਾਂ ਅਸੀਂ ਇਕ ਸਟੈਪ ਸ਼ੋਸ਼ਲਾਈਜ਼ੇਸ਼ਨ ਦੇ ਨੇੜੇ ਜਾਂਦੇ ਹਾਂ। ਮੈਂ ਸਮਝਦਾ ਹਾਂ ਕਿ ਇਹ ਪ੍ਰਯਾਸ ਪੰਜਾਬ ਦਾ ਭਵਿੱਖ ਉੱਜਲ ਕਰੇਗਾ।

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]

ਅਗਲੀ ਗੱਲ ਇਹ ਕਿ ਇਨਫਰਾਸਟਰੱਕਚਰ ਦੇ 60 ਸਾਲਾਂ ਦੇ ਇਤਿਹਾਸ ਵਿਚ ਕੇਵਲ ਇਕ ਵਾਰ ਇਕ ਏਅਰਪੋਰਟ ਅੰਮ੍ਰਿਤਸਰ ਵਿਖੇ ਪੰਜਾਬ ਨੂੰ ਪ੍ਰਾਪਤ ਹੋਇਆ ਭਾਵੇਂ ਕਿ ਉਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਰਕਾਰ ਸੀ ਪਰ ਇਕੋ ਸਮੇਂ ਦੋ ਇੰਟਰਨੈਸ਼ਨਲ ਏਅਰਪੋਰਟਾਂ ਅਤੇ ਹੋਰ ਅਨੇਕਾਂ ਏਅਰਪੋਰਟਾਂ ਦੀ ਵਿਉਂਤ ਬਣਾਉਣੀ ਵੀ ਆਪਣੇ ਆਪ ਵਿਚ ਇਕ ਬੜੀ ਵੱਡੀ ਮਿਸਾਲ ਹੈ। ਅਗਲੀ ਗੱਲ ਸਿੱਖਿਆ ਦੇ ਖੇਤਰ ਵਿਚ ਆਈ.ਆਈ.ਟੀ. ਦਾ ਆਉਣਾ, ਸੈਂਟਰਲ ਯੂਨੀਵਰਸਿਟੀ ਦਾ ਆਉਣਾ, ਵਰਲਡ ਕਲਾਸ ਯੂਨੀਵਰਸਿਟੀ ਦਾ ਆਉਣਾ ਜਿਹੜੀ ਕਿ ਸਾਰੇ ਹਿੰਦੁਸਤਾਨ ਵਿਚ 5 ਯੂਨੀਵਰਸਿਟੀਆਂ ਵਿਚੋਂ ਇੱਕ ਪੰਜਾਬ ਵਿਚ ਆਈ ਹੈ। ਐਕਸਪ੍ਰੈਸ ਹਾਈਵੇਜ਼ ਜਿਨ੍ਹਾਂ ਬਾਰੇ ਅਸੀਂ ਬਾਹਰਲੇ ਮੁਲਕਾਂ ਵਿਚ ਵੇਖਦੇ ਸਾਂ ਜਾਂ ਲੇਖਾਂ ਵਿਚ ਪੜ੍ਹਦੇ ਸਾਂ ਅਤੇ ਇਹ ਗੱਲ ਸੋਚਦੇ ਸਾਂ ਕਿ ਕਦੇ ਹਿੰਦੁਸਤਾਨ ਵਿਚ ਵੀ ਅਜਿਹੀ ਸੜਕ ਦੀ ਵਿਉਂਤ ਬਣੇਗੀ। ਅੱਜ ਪੰਜਾਬ ਵਿਚ ਐਕਸਪ੍ਰੈਸ ਹਾਈਵੇਜ਼ ਮੁਹਾਲੀ ਤੋਂ ਲੈ ਕੇ ਫਗਵਾੜੇ ਤੱਕ ਅਤੇ ਦੂਜੀ ਵਿਉਂਤ ਪਠਾਨਕੋਟ ਤੋਂ ਰਾਜਸਥਾਨ ਨੂੰ ਮਿਲਾਉਣ ਦੀ ਬੜੀ ਅਨੋਖੀ ਗੱਲ ਹੈ। ਇਹ ਪੰਜਾਬ ਵਿਚ ਇਨਫਰਾਸਟਰੱਕਚਰ ਡਿਵੈਲਪਮੈਂਟ ਵਿਚ ਨਜ਼ਰ ਆ ਰਹੀ ਹੈ। ਪੂਰੇ ਪੰਜਾਬ ਵਿਚ ਸੜਕਾਂ ਦਾ ਨਿਰਮਾਣ ਹੋਣਾ, ਚੌੜੀਆਂ ਕੀਤੇ ਜਾਣ ਅਤੇ ਨਵੀਂ ਕਾਰਪੈਟਿੰਗ ਕੀਤੀ ਜਾਣੀ, ਇਹ ਚੰਗੀਆਂ ਗੱਲਾਂ ਹੋ ਰਹੀਆਂ ਹਨ। ਅੱਜ ਸਾਨੂੰ ਪੂਰੇ ਪੰਜਾਬ ਵਿਚ ਸੜਕਾਂ ਤੇ ਜਾਣ ਦਾ ਮੌਕਾ ਮਿਲਦਾ ਹੈ। ਅਸੀਂ ਵੇਖਦੇ ਹਾਂ ਕਿ ਪਹਿਲੀ ਵਾਰ ਪੰਜਾਬ ਦੇ ਇਤਿਹਾਸ ਵਿਚ ਹਰ ਮੇਨ ਰੋਡ ਜਾਂ ਤਾਂ ਸੰਵਾਰ ਦਿੱਤੀ ਗਈ ਹੈ ਜਾਂ ਸੰਵਾਰਨ ਅਧੀਨ ਕੰਮ ਚਲ ਰਿਹਾ ਹੈ। ਇਸੇ ਤਰ੍ਹਾਂ ਸਿੱਖਿਆ ਪੱਧਰ ਤੇ ਸਕੂਲਾਂ ਦੀ ਅੱਪਗਰੇਡੇਸ਼ਨ ਦਾ, ਇਨਫਰਾਸਟਰੱਕਚਰ ਦੀ ਡਿਵੈਲਪਮੈਂਟ ਹੋਣਾ, ਖਾਸ ਕਰਕੇ ਮੁੱਖ ਮੰਤਰੀ ਜੀ ਦੇ ਉਪਰਾਲੇ ਨਾਲ ਆਦਰਸ਼ ਸਕੂਲਾਂ ਦੀ ਵਿਉਂਤ ਬਣਾਉਣਾ ਤੇ ਪੰਜਾਬ ਦੇ ਲੋਕਾਂ ਨੂੰ ਸਿੱਖਿਆ ਨਾਲ ਜੋੜ ਕੇ ਤਰੱਕੀ ਦੀ ਲੀਹ ਤੇ ਲਿਜਾਉਣਾ, ਬੜਾ ਹੀ ਉਚਿਤ ਉਪਰਾਲਾ ਹੈ ਜਿਹੜਾ ਗਵਰਨਰ ਸਾਹਿਬ ਦੇ ਐਡਰੈਸ ਵਿਚ ਨਜ਼ਰ ਆਇਆ ਹੈ। ਇਸੇ ਤਰ੍ਹਾਂ ਯਾਦ ਹੈ ਜਦੋਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦਾ ਮੈਨੀਫੈਸਟੋ ਤਿਆਰ ਹੋਇਆ, ਉਸੇ ਵਿੱਚ ਜਦ ਆਟੇ ਦਾਲ ਦੀ ਗੱਲ ਆਈ ਤਾਂ ਉਸ ਦਾ ਮਜ਼ਾਕ ਉਡਾਉਣ ਦੀ ਵੀ ਕੋਸ਼ਿਸ਼ ਕੀਤੀ ਗਈ, ਕਿਸੇ ਨੇ 420 ਦਾ ਨਾਮ ਦਿੱਤਾ ਅਤੇ ਇਸ ਸਦਨ ਵਿੱਚ ਵੀ ਥਾਲੀਆਂ ਖੜਕਾਈਆਂ ਗਈਆਂ। ਉਸ ਸਮੇਂ ਇਹ ਸੋਚਦੇ ਸੀ ਕਿ ਸ਼ਾਇਦ ਇਹ ਸੰਭਵ ਨਹੀਂ ਹੋ ਸਕਦਾ ਪਰ 13 ਲੱਖ ਪਰਿਵਾਰਾਂ ਨੂੰ 4 ਰੁਪਏ ਕਿਲੋ ਆਟਾ ਅਤੇ 20 ਰੁਪਏ ਕਿਲੋ ਦਾਲ ਮੁਹੱਈਆ ਹੋ ਰਿਹਾ ਹੈ। ਇਹ ਪਹਿਲਾ ਪ੍ਰਾਂਤ ਹੈ ਜਿਸ ਨੇ ਇਹ ਉਪਰਾਲਾ ਕੀਤਾ ਹੈ। ਇਸ ਤੋਂ ਪਹਿਲਾਂ ਕਦੇ ਵੀ ਕਿਸੇ ਨੇ ਉਪਰਾਲਾ ਨਹੀਂ ਕੀਤਾ। ਇਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਜੀ ਦਾ ਗਰੀਬਾਂ ਪ੍ਰਤੀ ਦਰਦ ਦਾ ਅਹਿਸਾਸ ਨਜ਼ਰ ਆਉਂਦਾ ਹੈ। ਇਸ ਤੋਂ ਪਹਿਲਾਂ ਵੀ ਜਦੋਂ ਪੈਨਸ਼ਨ ਸਕੀਮ, ਸ਼ਗਨ ਸਕੀਮ ਲਾਗੂ ਕੀਤੀ ਗਈ ਸੀ ਤਾਂ ਉਸ ਦਾ ਮਾਣ ਵੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਪ੍ਰਾਪਤ ਹੋਇਆ ਸੀ। ਇਸ ਤੋਂ ਇਲਾਵਾ ਪੰਜਾਬ ਦੀ ਖੇਤੀ ਨੂੰ ਪ੍ਰਫੁੱਲਿਤ ਕਰਨ ਲਈ ਜੋ ਕਿਸੇ ਨੇ ਉਪਰਾਲਾ ਕੀਤਾ ਹੈ ਤਾਂ ਉਹ ਵੀ ਇਸ ਡਿਬੇਟ ਵਿੱਚ ਨਜ਼ਰ ਆ ਰਿਹਾ ਹੈ। ਸੋਆਇਲ ਟੈਸਟਿੰਗ ਲੈਬਾਟਰੀ ਹਰ ਜ਼ਿਲ੍ਹੇ ਵਿੱਚ ਬਣਾਉਣਾ, ਇਸ ਤੋਂ ਇਲਾਵਾ ਮਾਰਕੀਟਿੰਗ ਇਨਫਰਾਸਟਰੱਕਚਰ ਡਿਵੈਲਪ ਕਰਨਾ, ਉਸ ਵਿੱਚ ਵੀ 375 ਕਰੋੜ ਰੁਪਏ ਦੀ ਪ੍ਰੋਵੀਜ਼ਨ ਕਰਨਾ, ਹਾਰਟੀਕਲਚਰ ਲਈ 3000 ਏਕੜ ਹੋਰ ਜ਼ਮੀਨ ਅੰਦਰ ਲਿਆਉਣਾ, ਕੋਆਪਰੇਟਿਵ ਡਿਵੈਲਪਮੈਂਟ ਲਹਿਰ ਰਾਹੀਂ ਬਲਕ ਮਿਲਕ ਕੂਲਰਜ਼, 100 ਕਮਰਸ਼ੀਅਲ ਡੇਅਰੀ ਯੂਨਿਟਸ ਅਤੇ ਡੇਅਰੀ ਡਿਵੈਲਪਮੈਂਟ ਲਈ 60 ਕਰੋੜ ਰੁਪਏ ਦੇਣਾ, ਇਹ ਵੀ ਆਪਣੇ ਆਪ ਵਿੱਚ ਦਰਸਾਉਂਦਾ ਹੈ ਕਿ ਸਰਕਾਰ ਵੱਲੋਂ ਹਰ ਪੱਖੋਂ ਪੰਜਾਬ ਦੇ ਲੋਕਾਂ

Original with;
Punjab Vidhan Sabha
Digitized by;
Panjab Digital Library

ਦੀ ਤਰੱਕੀ ਲਈ ਪ੍ਰਯਾਸ ਕੀਤਾ ਜਾ ਰਿਹਾ ਹੈ। ਮੈਂ ਖਾਸ ਤੌਰ ਤੇ ਕੋਆਪਰੇਟਿਵ ਮਹਿਕਮੇ ਦੇ ਦੋ ਉਪਰਾਲਿਆਂ ਦੀ ਸ਼ਲਾਘਾ ਕਰਨੀ ਚਾਹੁੰਦਾ ਹਾਂ। ਮਾਈ ਭਾਗੋ ਇਸਤਰੀ ਸ਼ਕਤੀ ਸਕੀਮ, ਐਸੀ ਸਕੀਮ ਹੈ ਜਿਸ ਵਿੱਚ ਗਰੀਬ ਔਰਤਾਂ ਨੂੰ ਕਢਾਈ ਲਈ ਗਰੁੱਪਾਂ ਰਾਹੀਂ ਪੈਸੇ ਕਮਾਉਣ ਲਈ ਉਤਸ਼ਾਹ ਮਿਲੇਗਾ ਅਤੇ ਦੂਸਰਾ ਦੁੱਧ ਦੀਆਂ ਸੁਸਾਇਟੀਆਂ ਬਣਾ ਕੇ ਧੰਦਾ ਕਰਨ ਦਾ ਮੌਕਾ ਮਿਲੇਗਾ। ਇਸ ਦੇ ਨਾਲ ਪੰਜਾਬ ਦੇ ਫੇਅਰ ਸੈਕਸ ਦਾ ਸ਼ਕਤੀਕਰਨ ਹੋਇਆ ਹੈ। ਇਸ ਤੋਂ ਇਲਾਵਾ ਭਾਈ ਘਨੱਈਆ ਹੈਲਥ ਕੇਅਰ ਸਕੀਮ ਹਿੰਦੁਸਤਾਨ ਵਿੱਚ ਪਹਿਲੀ ਅਜਿਹੀ ਸਕੀਮ ਬਣਾਈ ਗਈ ਹੈ ਜਿਸ ਵਿੱਚ 2 ਲੱਖ ਰੁਪਏ ਤੱਕ ਦੇ ਇਲਾਜ ਲਈ ਫੈਸਿਲਟੀਜ਼ ਮੁਹੱਈਆ ਕੀਤੀਆਂ ਜਾਣਗੀਆਂ। ਇਸ ਦੇ ਇਲਾਵਾ ਸ਼ੂਗਰ ਮਿਲਜ਼ ਦੀ ਰੀਵਾਈਵਲ ਕਰਨਾ, ਸਦਨ ਵਿੱਚ ਕੱਲ੍ਹ ਹੀ ਪਰਾਲੀ ਨੂੰ ਜਲਾਉਣ ਦਾ ਮਤਾ ਪਾਸ ਕੀਤਾ ਗਿਆ ਸੀ ਇਸਦੇ ਨਾਲ ਇਕ ਤਾਂ ਪਰਾਲੀ ਦੀ ਪ੍ਰਾਬਲਮ ਖਤਮ ਹੋਵੇਗੀ ਤੇ ਦੂਸਰਾ ਇਸਦੇ ਜਲਾਉਣ ਨਾਲ ਬਿਜਲੀ ਪੈਦਾ ਕਰਨ ਦਾ ਜਿਹੜਾ ਰਸਤਾ ਬਣਿਆ ਹੈ, ਉਸ ਨਾਲ ਨਾ ਕੇਵਲ ਪਰਾਲੀ ਦੀ ਮੁਸ਼ਕਲ ਹੱਲ ਕਰਾਂਗੇ ਸਗੋਂ ਬਿਜਲੀ ਬਣਾਉਣ ਦਾ ਵੀ ਪ੍ਰਯਾਸ ਕੀਤਾ ਜਾਵੇਗਾ। ਕੋਈ ਵੀ ਪ੍ਰਾਂਤ ਉਦੋਂ ਤੱਕ ਤਰੱਕੀ ਨਹੀਂ ਕਰ ਸਕਦਾ ਜਦੋਂ ਤੱਕ ਉਸ ਦੀ ਆਰਥਿਕਤਾ ਮਜ਼ਬੂਤ ਨਾ ਹੋਵੇ। ਇਸ ਲਈ ਐਕਸਾਈਜ਼ ਐਂਡ ਟੈਕਸੇਸ਼ਨ ਪਾਲਿਸੀ ਬਣਾਈ ਗਈ ਹੈ ਜਿਸ ਵਿੱਚ ਟੈਕਸਾਂ ਦੀਆਂ ਦਰਾਂ ਨਹੀਂ ਵਧਾਈਆਂ ਗਈਆਂ ਬਲਕਿ ਘਟਾਈਆਂ ਗਈਆਂ ਹਨ। ਟੈਕਸਾਂ ਵਿੱਚ ਸਰਲਤਾ ਵੀ ਲਿਆਂਦੀ ਗਈ ਹੈ। ਇਸ ਵਿੱਚ 26.8% ਦਾ ਵਾਧਾ ਐਕਸਾਈਜ਼ ਟੈਕਸ ਦੀ ਰਿਕਵਰੀ ਵਿੱਚ ਹੋਇਆ ਹੈ ਅਤੇ ਇਸ ਨਾਲ ਬੈਟਰਮੈਂਟ ਨਜ਼ਰ ਆਈ ਹੈ। ਇਸ ਲਈ ਵੀ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ, ਵਧਾਈ ਦੇ ਪਾਤਰ ਹਨ। ਪੰਜਾਬ ਇਕ ਐਸਾ ਸੂਬਾ ਹੈ ਜਿੱਥੇ ਖੇਤੀ ਤੇ ਜ਼ਿਆਦਾ ਲੋਕ ਨਿਰਭਰਤਾ ਰੱਖਦੇ ਹਨ। ਪੰਜਾਬ ਦੀ ਖੇਤੀ ਵਿੱਚ ਤਰੱਕੀ ਲਿਆਉਣ ਲਈ ਇਰੀਗੇਸ਼ਨ ਸਿਸਟਮ ਦਾ ਬੜਾ ਵੱਡਾ ਰੋਲ ਹੈ ਪਰ ਪਿਛਲੇ ਕਈ ਸਾਲਾਂ ਤੋਂ, ਸਾਲਾਂ ਤੋਂ ਨਹੀਂ ਬਲਕਿ ਦਹਾਕਿਆਂ ਤੋਂ ਇਹ ਕੈਨਾਲ ਇਰੀਗੇਸ਼ਨ ਸਿਸਟਮ ਨੂੰ ਇੰਪਰੂਵ ਕਰਨ ਲਈ ਕੋਈ ਪ੍ਰਯਾਸ ਨਹੀਂ ਕੀਤਾ ਗਿਆ। ਅੱਜ ਸਾਹਮਣੇ ਦੇ ਬੈਂਚ ਖਾਲੀ ਹਨ, ਅਕਸਰ ਜਾਖੜ ਸਾਹਿਬ ਪ੍ਰਸ਼ਨ ਕਰਦੇ ਹੁੰਦੇ ਸਨ ਕਿ ਟੇਲਾਂ ਤੇ ਪਾਣੀ ਨਹੀਂ ਪਹੁੰਚਦਾ ਅਤੇ ਨਾ ਹੀ ਉਨ੍ਹਾਂ ਨੇ ਕਦੇ ਇਸ ਵਾਸਤੇ ਵਿਉਂਤ ਬਣਾਈ ਸੀ। ਉਹ ਬੀਮਾਰੀ ਬਾਰੇ ਤਾਂ ਬੋਲਦੇ ਰਹੇ ਪਰ ਉਸਦੇ ਇਲਾਜ ਬਾਰੇ ਕੁਝ ਨਹੀਂ ਸੋਚਿਆ ਅਤੇ ਨਾ ਹੀ ਕੋਈ ਵਿਉਂਤ ਬਣਾਈ। ਇਹ ਪਹਿਲੀ ਸਰਕਾਰ ਹੈ ਜਿਸ ਨੇ 3655.56 ਕਰੋੜ ਰੁਪਏ ਦੀ ਲਾਗਤ ਨਾਲ ਇਰੀਗੇਸ਼ਨ ਸਿਸਟਮ ਦੀ ਅਪਗ੍ਰੇਡੇਸ਼ਨ ਦਾ ਉਪਰਾਲਾ ਕੀਤਾ ਹੈ। ਕੰਡੀ ਕਨਾਲ ਤੇ ਵੀ 346 ਕਰੋੜ ਰੁਪਏ ਦੀ ਲਾਗਤ ਲੱਗੀ ਹੈ ਜਿਸ ਨਾਲ ਕੰਡੀ ਦੇ ਇਲਾਕੇ ਵਿੱਚ ਜ਼ਿਮੀਂਦਾਰ ਭਾਈਚਾਰੇ ਨੂੰ ਬਹੁਤ ਮਦਦ ਮਿਲੇਗੀ। ਕੰਡੀ ਡੈਮ ਪ੍ਰਾਜੈਕਟ ਨੂੰ ਨੈਸ਼ਨਲ ਪ੍ਰਾਜੈਕਟ ਵਿਚ ਲੈਣਾ, ਇਹ ਸਰਕਾਰ ਦੀ ਬਹੁਤ ਵੱਡੀ ਉਪਲਬਧੀ ਹੈ। ਇਹੀ ਨਹੀਂ, ਇਹ ਪਹਿਲੀ ਵਾਰ ਹੈ ਕਿ ਪੰਜਾਬ ਸਰਕਾਰ ਨੇ ਐਨ.ਆਰ.ਆਈਜ਼ ਭਾਈਚਾਰੇ ਨੂੰ ਭਰੋਸਾ ਹੀ ਨਹੀਂ ਦਿੱਤਾ ਬਲਕਿ ਉਨ੍ਹਾਂ ਦੀ ਰਾਖੀ ਲਈ ਕਦਮ ਵੀ ਚੁੱਕੇ ਹਨ। ਉਨ੍ਹਾਂ ਲਈ ਵੱਖਰੇ ਥਾਣੇ ਬਣਾਏ ਗਏ ਹਨ। ਉਨ੍ਹਾਂ ਨਾਲ ਮੁੱਖ ਮੰਤਰੀ ਸਾਹਿਬ ਨੇ ਨਿੱਜੀ ਮੀਟਿੰਗਾਂ ਵੀ ਕੀਤੀਆਂ ਤਾਂ ਕਿ ਉਨ੍ਹਾਂ ਦੀ ਦੁੱਖ ਤਕਲੀਫ ਨੂੰ ਦੂਰ ਕੀਤਾ ਜਾ ਸਕੇ। ਇਸ ਬਾਰੇ ਇਹ ਸਾਰੀਆਂ ਗੱਲਾਂ ਵਿਸਥਾਰ ਨਾਲ ਡਿਬੇਟ ਵਿਚ ਆਈਆਂ ਹਨ। ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਪੰਜਾਬ ਦੀ ਅੱਜ ਦੀ ਸਥਿਤੀ ਨਜ਼ਰ ਆਉਂਦੀ ਹੈ ਪਰ ਕੁਝ ਗੱਲਾਂ ਬਾਰੇ ਚਾਹੇ ਕੁਝ ਸ਼ਬਦ ਘੱਟ ਇਸਤੇਮਾਲ ਕੀਤੇ ਗਏ ਹਨ ਪਰ ਉਹ ਬਹੁਤ ਅਹਿਮੀਅਤ ਵਾਲੀਆਂ ਗੱਲਾਂ ਹਨ। ਜਿਵੇਂ ਪੇਜ ਦੋ ਤੇ ਕਿਹਾ ਗਿਆ ਹੈ : My Government wants decentralization of the Planning process : ਇਹ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]

ਬਹੁਤ ਹੀ ਉੱਤਮ ਸਵਾਲ ਹੈ। ਡਿਪਟੀ ਸਪੀਕਰ ਸਾਹਿਬ, ਪਲਾਨਿੰਗ ਪ੍ਰਾਸੈੱਸ ਐਸਾ ਹੈ ਜਿਸ ਵਿਚ ਪੰਜਾਬ ਨਾਲ, ਪੰਜਾਬ ਵਰਗੇ ਹੋਰ ਸੂਬਿਆਂ ਨਾਲ ਸਦਾ ਸੈਂਟਰ ਵਲੋਂ ਵਿਤਕਰਾ ਹੋਇਆ ਹੈ। ਇਸ ਬਾਰੇ ਮੈਂ ਆਪਣੇ ਭਾਸ਼ਣ ਵਿੱਚ ਬਾਅਦ ਵਿੱਚ ਦੱਸਾਂਗਾ। ਇਸ ਤੋਂ ਇਲਾਵਾ ਪੈਰ੍ਹਾ ਨੰ: 6 ਜੋ ਇੱਕ ਲਾਈਨ ਦਾ ਪੈਰ੍ਹਾ ਹੈ ਪਰ ਮੈਂ ਸਮਝਦਾ ਹਾਂ ਕਿ ਇਹ ਸਭ ਤੋਂ ਵੱਧ ਅਹਿਮੀਅਤ ਵਾਲਾ ਪੈਰ੍ਹਾ ਹੈ। "Punjab has been facing injustice on the issue of river waters." ਇਹ ਪਾਣੀਆਂ ਦਾ ਮਸਲਾ ਹੈ ਅੌਰ ਇਹ ਐਸਾ ਮਸਲਾ ਹੈ ਜਿਸ ਤੇ ਪੰਜਾਬ ਨਾਲ ਬਹੁਤ ਵੱਡੀ ਬੇਇਨਸਾਫੀ ਹੋਈ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਨਾਲ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਇੰਡਸ-ਬੇਸਨ ਸੀ, ਉਸ ਵਿਚ ਪੰਜ ਦਰਿਆ ਸੀ : ਸਤਲੁਜ, ਜੇਹਲਮ, ਚਨਾਬ, ਰਾਵੀ ਤੇ ਬਿਆਸ ਪਰ ਹੁਣ ਇਸ ਵੇਲੇ ਹਿੰਦੁਸਤਾਨ ਬਣਨ ਉਪਰੰਤ ਪੰਜਾਬ ਵਿਚ ਤਿੰਨ ਦਰਿਆ ਰਹਿ ਗਏ ਹਨ : ਰਾਵੀ, ਬਿਆਸ ਤੇ ਸਤਲੁਜ ਜਿਨ੍ਹਾਂ ਦਾ ਟੋਟਲ ਪਾਣੀ 304 ਲੱਖ ਏਕੜ ਫੀਟ ਸੀ ਜਦ ਕਿ ਪਾਕਿਸਤਾਨ ਵਾਲੇ ਪੰਜਾਬ ਵਿਚ ਸਿੰਧ ਅਤੇ ਅਟਕ ਨੂੰ ਲੈ ਕੇ ਤੇ ਦੋ ਦਰਿਆਵਾਂ ਚਨਾਬ ਤੇ ਜੇਹਲਮ ਸਮੇਤ 1430 ਐਲ.ਏ.ਐਫ ਪਾਣੀ ਬਣਦਾ ਸੀ। ਗੰਗਾ ਬੇਸਨ ਜੋ ਹੈ, ਉਸ ਵਿਚ ਜੇ ਜਮਨਾ ਨੂੰ ਨਾਲ ਰਲਾ ਲਿਆ ਜਾਵੇ ਤੇ ਹੋਰ ਸਬਸਿਡਰੀਆਂ ਰਲਾ ਲਈਆਂ ਜਾਣ ਤੇ ਟੋਟਲ 4500 ਐਲ.ਏ.ਐਫ. ਪਾਣੀ ਬਣਦਾ ਹੈ ਕਿ ਜਦ ਕਿ 300 ਐਲ.ਏ.ਐਫ. ਇਸਤੇਮਾਲ ਹੁੰਦਾ ਹੈ ਅਤੇ ਬਾਕੀ ਸਮੁੰਦਰ ਵਿਚ ਰਲ ਜਾਂਦਾ ਹੈ। ਜਦੋਂ ਹਿੰਦੁਸਤਾਨ ਆਜ਼ਾਦ ਹੋਇਆ ਸੀ, ਉਸ ਸਮੇਂ ਪੰਜਾਬ ਦੀ ਵਰਤੋਂ ਲਈ ਪਾਣੀ ਸੀ, 90 ਐਲ.ਏ.ਐਫ ਅਤੇ ਰਾਜਸਥਾਨ ਨੂੰ ਦਿੱਤਾ ਜਾਂਦਾ ਸੀ, 11 ਐਲ.ਏ.ਐਫ.। ਰਾਜਸਥਾਨ ਇਸ ਤਰ੍ਹਾਂ ਪਾਣੀ ਦੀ ਰਾਇਲਟੀ ਦਿੰਦਾ ਸੀ ਪਰ ਆਜ਼ਾਦੀ ਦੇ ਬਾਅਦ 1948 ਵਿੱਚ ਸੈਂਟਰ ਨੇ ਪਹਿਲਾ ਕੁਹਾੜਾ ਮਾਰਿਆ ਤੇ ਰਾਇਲਟੀ ਪੰਜਾਬ ਦੀ ਬੰਦ ਕਰ ਦਿੱਤੀ। ਅੱਜ ਦੇ ਦਿਨ ਪੰਜਾਬ ਦੀ ਵਰਤੋਂ ਵਿੱਚ 152 ਐਲ.ਏ.ਐਫ. ਪਾਣੀ ਹੈ, ਰਾਜਸਥਾਨ ਦਾ 90 ਐਲ.ਏ.ਐਫ, ਹਰਿਆਣੇ ਦਾ 59.5 ਐਲ.ਏ.ਐਫ ਪਾਣੀ ਹੈ ਤੇ ਪਾਕਿਸਤਾਨ ਨੂੰ ਸਾਲ 2002 ਤੱਕ 0.2 ਐਲ.ਏ.ਐਫ. ਪਾਣੀ ਜਾਂਦਾ ਸੀ। ਪੰਜਾਬ ਦੇ ਪਾਣੀ ਦੀ ਜ਼ਰੂਰਤ ਖੇਤੀਬਾੜੀ ਲਈ 390 ਐਲ.ਏ.ਐਫ ਹੈ ਜਦ ਕਿ ਡੋਮੈਸਟਿਕ ਤੇ ਇੰਡਸਟਰੀ ਲਈ 60 ਐਲ.ਏ.ਐਫ ਹੈ। ਇਸ ਤਰ੍ਹਾਂ ਕੁੱਲ 450 ਐਲ.ਏ.ਐਫ ਪਾਣੀ ਚਾਹੀਦਾ ਹੈ ਜਦ ਕਿ ਸਾਡੇ ਕੋਲ ਉਪਲਬਧ 304 ਐਲ.ਏ.ਐਫ. ਪਾਣੀ ਹੈ ਤੇ 154 ਐਲ.ਏ.ਐਫ. ਅਸੀਂ ਡੈਫੀਸਿਟ ਵਿੱਚ ਹਾਂ ਜਿਹੜਾ ਹਰ ਸਾਲ ਜ਼ਮੀਨ ਹੇਠਲੇ ਪਾਣੀ ਵਿਚੋਂ ਪੂਰਾ ਕਰਦੇ ਹਾਂ। ਇਸ ਤਰ੍ਹਾਂ ਸਮੱਸਿਆ ਗੰਭੀਰ ਹੋ ਚੁੱਕੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿਚ ਪਾਣੀ ਦਾ ਸੰਕਟ ਗੰਭੀਰ ਨਜ਼ਰ ਆ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਹੇਲਿੰਕਸੀ ਦੀ ਰੂਲਿੰਗ ਹੈ ਜਿਹੜੀ ਰਿਪੇਰੀਅਨ ਲਾਅ ਤੇ ਬੇਸਡ ਹੈ। ਰਿਪੇਰੀਅਨ ਸ਼ਬਦ 'ਰਿਪਾ' ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ਦਰਿਆ ਦੇ ਨਾਲ ਲੱਗਦਾ ਕੰਢਾ ਜਿੱਥੇ ਦਰਿਆ ਦਾ ਪਾਣੀ ਕਿਤੇ ਕਿਤੇ ਬੈਠਦਾ ਹੈ। ਉਸ ਵਿਚ ਕਿਹਾ ਗਿਆ ਹੈ :

"Foremost right to use the water lies with the people being around these rivers as they face natural calamities. These people are bound to bear the risk of life and property".

Original with;
Punjab Vidhan Sabha
Digitized by;
Panjab Digital Library

ਰਾਈਪੇਰੀਅਨ ਲਾਅ ਅਤੇ ਬੇਸਿਨ ਲਾਅ ਪੂਰੀ ਦੁਨੀਆ ਵਿਚ ਪ੍ਰਚਲਿਤ ਹਨ ਤੇ ਇਹੀ ਮਾਪਦੰਡ ਮੰਨੇ ਗਏ ਹਨ। ਹਿੰਦੁਸਤਾਨ ਵਿੱਚ ਜਿਹੜੇ ਪਾਣੀ ਡਿਸਟਰੀਬਿਊਸ਼ਨ ਦੇ ਨਾਰਮਜ਼ ਹਨ, ਕਾਨੂੰਨ ਹਨ, ਉਨ੍ਹਾਂ ਨੇ ਵੀ ਰਾਈਪੇਰੀਅਨ ਲਾਅ ਨੂੰ ਹੀ ਕਬੂਲਿਆ ਹੈ। ਇਸ ਬਾਰੇ ਸੱਤਵੇਂ ਸ਼ਡਿਊਲ ਵਿਚ ਜ਼ਿਕਰ ਮਿਲਦਾ ਹੈ। ਸੈਂਟਰ ਤੇ ਸਟੇਟ ਦੇ ਅਧਿਕਾਰ ਖੇਤਰ ਵਿੱਚ ਤਿੰਨ ਲਿਸਟ ਬਣੀਆਂ ਹਨ। ਪਹਿਲੀ ਸੈਂਟਰ ਦੀ ਲਿਸਟ, ਦੂਜੀ ਸਟੇਟ ਦੀ ਲਿਸਟ ਤੇ ਤੀਸਰੀ ਕੰਕਰੈਂਟ ਲਿਸਟ। ਇਸ ਦੀ 11ਵੀਂ ਕਲਾਜ਼ ਵਿਚ ਵਾਟਰ ਸਪਲਾਈ, ਇਰੀਗੇਸ਼ਨ, ਡਰੇਨੇਜ ਅਤੇ ਇਲੈਕਟ੍ਰੀਸਿਟੀ ਜਨਰੇਸ਼ਨ ਥਰੂ ਵਾਟਰ ਨੂੰ ਸਟੇਟ ਦੇ ਪਰਵਿਊ ਵਿੱਚ ਰੱਖਿਆ ਗਿਆ। ਇਸ ਵਿੱਚ, ਡਿਪਟੀ ਸਪੀਕਰ ਸਾਹਿਬ, ਸਰਕਾਰ ਦਖਲਅੰਦਾਜ਼ੀ ਨਹੀਂ ਸੀ ਕਰ ਸਕਦੀ ਪਰ 56ਵੀਂ ਕਲਾਜ਼ ਵਿੱਚ ਇਹ ਲਿਖਿਆ ਗਿਆ — "Centre can formulate laws regarding Inter-State Rivers and control all development of waters on these rivers. For that, Centre has framed two laws". ਰਿਜ਼ਰਵ ਬੋਰਡ ਐਕਟ, 1956 ਅਤੇ ਇੰਟਰ ਸਟੇਟ ਰਿਵਰ ਵਾਟਰ ਡਿਸਪਿਊਟ ਐਕਟ, 1956 ਹੈ। ਇਸ ਐਕਟ ਵਿੱਚ ਕਲਾਜ਼ 262 ਹੈ। ਇੰਡੀਅਨ ਕਾਂਸਟੀਚਿਊਸ਼ਨ ਵਿੱਚ ਐਪਲੀਕੇਬਲ ਹੈ ਕਿ ਉਹ ਉਥੇ ਹੀ ਹੋਣ ਜਿਥੇ ਇੰਟਰ ਸਟੇਟ ਡਿਸਪਿਊਟਸ ਹੋਣ ਅਤੇ ਜਾਇੰਟ ਪਾਰਲੀਮੈਂਟਰੀ ਕਮੇਟੀ ਨੇ ਜਦ ਆਪਣਾ ਡਰਾਫਟ ਸਬਮਿਟ ਕੀਤਾ ਤਾਂ ਉਨ੍ਹਾਂ ਇਸ ਚੀਜ਼ ਨੂੰ ਬੜੀ ਕਲੈਰਿਟੀ ਨਾਲ ਸਮਝਿਆ ਤੇ ਵੇਖਿਆ। ਉਸ ਵਿੱਚ ਲਿਖਿਆ ਹੈ - "The States has full right to use the water of rivers falling in their States. The State can even use the water by ignoring the neighbouring States' need in order to fulfil its own requirement." ਇਹ ਵਿਧਾਨ ਬਣਾਉਣ ਵਾਲਿਆਂ ਨੇ ਇਹ ਸਿਫਾਰਸ਼ ਕੀਤੀ। ਉਸ ਸਮੇਂ ਇਸ ਡਿਸਪਿਊਟ ਨੂੰ ਦੇਖਿਆ ਪਰ ਪੰਜਾਬ ਦੀ ਬਾਈਫਰਕੇਸ਼ਨ ਵਿੱਚ, ਪੰਜਾਬ ਰੀਆਰਗੇਨਾਈਜੇਸ਼ਨ ਐਕਟ, 1966 ਵਿੱਚ ਸੈਕਸ਼ਨ 78-79-80 ਪਾਣੀ ਡਿਸਟ੍ਰੀਬਿਊਸ਼ਨ ਨੂੰ ਲੈ ਕੇ ਪੰਜਾਬ ਨਾਲ ਬੜਾ ਵੱਡਾ ਧੋਖਾ ਕੀਤਾ ਗਿਆ। ਡਿਪਟੀ ਸਪੀਕਰ ਸਾਹਿਬ, ਇਹ ਸਾਰਾ ਕਾਨੂੰਨ ਕਾਂਸਟੀਚਿਊਸ਼ਨ ਦੇ ਵਿਦਰੋਹ ਵਿੱਚ ਹੈ। ਜਦੋਂ ਕਾਨੂੰਨ ਬਣਾਇਆ ਗਿਆ ਤਾਂ ਇਸ ਦੇ ਵਿੱਚ ਕਲਾਜਿਜ਼ ਇਹੋ ਜਿਹੀਆਂ ਐਂਟਰ ਕੀਤੀਆਂ ਗਈਆਂ ਕਿ ਸੈਂਟਰ ਨੇ ਪਾਣੀਆਂ, ਭਾਖੜਾ ਡੈਮ ਅਤੇ ਪੰਜਾਬ ਦੀ ਬਿਜਲੀ ਤੇ ਆਪਣਾ ਕਬਜ਼ਾ ਜਮਾ ਲਿਆ। ਇਹ ਪੂਰੇ ਦਾ ਪੂਰਾ ਜਿਹੜਾ ਕਾਨੂੰਨ ਬਣਾਇਆ ਗਿਆ ਹੈ, ਇਹ ਕਾਂਸਟੀਚਿਊਸ਼ਨ ਦੇ ਬਿਲਕੁਲ ਉਲਟ ਨਜ਼ਰ ਆਉਂਦਾ ਹੈ। ਇਸ ਦੇ ਇਲਾਵਾ ਹਿੰਦੁਸਤਾਨ ਵਿੱਚ ਜਦ-ਜਦ ਕਿਤੇ ਪਾਣੀ ਦੇ ਝਗੜੇ ਉਠੇ, ਨਰਮਦਾ ਦਾ ਝਗੜਾ ਉਠਿਆ ਤਾਂ ਉਸ ਸਮੇਂ ਗੁਜਰਾਤ, ਮਹਾਂਰਾਸ਼ਟਰ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਪਾਰਟੀਆਂ ਸਨ ਪਰ ਰਾਜਸਥਾਨ ਨੂੰ ਉਸ ਵਿੱਚ ਇਹ ਕਹਿ ਕੇ ਬੈਨੀਫਿਟ ਨਹੀਂ ਦਿੱਤਾ ਗਿਆ ਕਿ ਇਹ ਰਾਈਪੇਰੀਅਨ ਸਟੇਟ ਨਹੀਂ ਹੈ ਭਾਵ ਇਹ ਕਿ ਰਾਈਪੇਰੀਅਨ ਲਾਅ ਉੱਤੇ ਮੋਹਰ ਲੱਗ ਗਈ। ਇਸੇ ਤਰ੍ਹਾਂ ਕ੍ਰਿਸ਼ਨਾ ਡਿਸਪਿਊਟ ਕਰਨਾਟਕਾ, ਆਂਧਰਾ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਵਿੱਚ ਉੱਠਿਆ। ਇਹ ਤਿੰਨੇ ਰਾਈਪੇਰੀਅਨ ਸਟੇਟ ਸਨ, ਇਸ ਲਈ ਇਨ੍ਹਾਂ ਨੂੰ ਪਾਰਟੀ ਮੰਨਿਆ ਗਿਆ ਅਤੇ ਇਨ੍ਹਾਂ ਨੂੰ ਬੈਨੀਫਿਟ ਆਫ ਡਿਵੀਜ਼ਨ ਦਿੱਤਾ ਗਿਆ। ਇਸੇ ਤਰ੍ਹਾਂ ਕਾਵੇਰੀ ਦੇ ਝਗੜੇ ਸਮੇਂ ਕਰਨਾਟਕਾ, ਤਾਮਿਲਨਾਡੂ ਅਤੇ ਕੇਰਲ, ਤਿੰਨ ਸਟੇਟਾਂ ਵਿੱਚ ਡਿਸਪਿਊਟ ਸੀ। ਇੰਟਰਨੈਸ਼ਨਲ ਪੱਧਰ ਤੇ ਦੇਖੀਏ ਤਾਂ ਜਦ ਜਦ ਰਿਵਰ ਪਾਣੀ ਨੂੰ ਲੈ ਕੇ ਡਿਸਪਿਊਟ ਉਠੇ ਤਾਂ ਇਹੋ ਜਿਹੇ ਮਾਪਦੰਡ ਲਏ ਗਏ। ਚਾਹੇ ਨੀਲ ਦਰਿਆ ਨੂੰ ਲੈ ਕੇ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]

ਇਜਿਪਟ ਅਤੇ ਸੁਡਾਨ ਵਿੱਚ ਡਿਸਪਿਊਟ ਸੀ, ਚਾਹੇ ਦਾਨੂਬ (Danube) ਦਰਿਆ ਨੂੰ ਲੈ ਕੇ ਬੁਲਗਾਰੀਆ, ਹੰਗਰੀ, ਰੁਮਾਨੀਆ, ਰਸ਼ੀਆ, ਜੈਬਿਕ ਸਲਵਾਕੀਆ, ਚੈਕੋਸਲਵਾਕੀਆ ਵਿਚ ਡਿਸਪਿਊਟ ਸੀ, ਚਾਹੇ ਜਾਰਡਨ ਰਿਵਰ ਨੂੰ ਲੈ ਕੇ ਇਜ਼ਰਾਈਲ ਅਤੇ ਅਰਬ ਮੁਲਕਾਂ ਵਿੱਚ ਡਿਸਪਿਊਟ ਸੀ, ਉਥੇ ਵੀ ਇਹੀ ਕਾਨੂੰਨੀ ਮਾਪਦੰਡ ਬਣਾਏ ਗਏ ਕਿ ਬੇਸਿਨ ਸਟੇਟ, ਰਾਈਪੇਰੀਅਨ ਸਟੇਟ ਉਸ ਪਾਣੀ ਦੇ ਹੱਕਦਾਰ ਹੋਣਗੇ। ਅੱਜ ਜੋ ਪੰਜਾਬ ਦੇ ਹਾਲਾਤ ਹਨ, 1970 ਵਿੱਚ ਪੰਜਾਬ ਵਿੱਚ ਇੱਕ ਲੱਖ ਸੱਤਰ ਹਜ਼ਾਰ ਟਿਊਬਵੈਲ ਸੀ ਜਦ ਕਿ 2007 ਵਿੱਚ ਇਨ੍ਹਾਂ ਦੀ ਤਾਦਾਦ 16 ਲੱਖ ਤੱਕ ਵਧ ਗਈ। ਇਸੇ ਵਜ੍ਹਾ ਕਰਕੇ ਸਾਡੇ ਕੋਲ ਪਾਣੀ ਘੱਟ ਹੈ। ਸਾਡਾ ਪਾਣੀ ਖੋਹ ਲਿਆ ਗਿਆ। ਅੱਜ 16 ਲੱਖ ਟਿਊਬਵੈਲ ਪੰਜਾਬ ਵਿੱਚ ਚੱਲ ਰਹੇ ਹਨ। ਪੰਜਾਬ ਵਿੱਚ ਪਾਣੀ ਉਪਲਬਧ ਨਾ ਹੋਣ ਕਾਰਣ ਬੂਟਿਆਂ ਤੇ ਨਦੀਨ ਐਸੇ ਪੈਦਾ ਹੁੰਦੇ ਹਨ ਕਿ 30 ਇਨਸੈਕਟੀਸਾਈਡਜ਼ ਅਤੇ ਪੈਸਟੀਸਾਈਡਜ਼ ਇਸਤੇਮਾਲ ਕਰਨੇ ਪੈਂਦੇ ਹਨ, ਜਿਸ ਨਾਲ ਮੁਕਤਸਰ, ਮਾਨਸਾ, ਬਠਿੰਡਾ ਵਿੱਚ ਕੈਂਸਰ ਵਰਗੀ ਬਿਮਾਰੀ ਦੀ ਭਰਮਾਰ ਲਗਾਤਾਰ ਹੋਈ ਹੈ। ਇਹੀ ਨਹੀਂ ਇਨ੍ਹਾਂ ਦੇ ਵਿੱਚ ਡੈਂਟਲ, ਅਰਥਰਾਈਟਸ ਬਿਮਾਰੀਆਂ ਕਨਟੈਮੀਨੇਟਿਡ ਪਾਣੀ ਦੀ ਵਰਤੋਂ ਕਰਕੇ ਹੋ ਰਹੀਆਂ ਹਨ। ਪੀ.ਜੀ.ਆਈ. ਦੀ ਇੱਕ ਰਿਪੋਰਟ ਵਿੱਚ ਉਨ੍ਹਾਂ ਨੇ ਇਹ ਕਿਹਾ ਹੈ ਕਿ ਕਨਟੈਮੀਨੇਟਿਡ ਪਾਣੀ ਦੇ ਇਸਤੇਮਾਲ ਹੋਣ ਨਾਲ ਇਸ ਇਲਾਕੇ ਵਿੱਚ ਡੀ.ਐਨ.ਏ. ਚੇਂਜ ਹੋਣਾ ਸ਼ੁਰੂ ਹੋ ਗਿਆ ਹੈ। ਹੈਪੇਟਾਈਟਸ, ਡਾਇਰੀਆ, ਹਾਈ ਬਲੱਡ ਪ੍ਰੈਸ਼ਰ ਅਤੇ ਹੋਰ ਡਿਜ਼ੀਜ਼ਜ਼ ਬਹੁਤ ਜ਼ਿਆਦਾ ਕਰੀਏਟ ਹੋਈਆਂ ਹਨ ਕਿਉਂਕਿ ਸਵੱਛ ਪਾਣੀ ਉਪਲਬਧ ਨਹੀਂ ਹੈ। ਇਸ ਦੇ ਇਲ-ਇਫੈਕਟ ਲਾਈਵ ਸਟਾਕ ਤੇ ਵੀ ਹੋਏ ਹਨ ਅਤੇ ਮੱਛੀਆਂ ਦੀ ਬਿਮਾਰੀਆਂ ਨਾਲ ਡੈਥ ਹੋਈ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ 138 ਬਲਾਕਾਂ ਵਿੱਚੋਂ 112 ਬਲਾਕਾਂ ਵਿੱਚ ਵਾਟਰ ਟੇਬਲ ਅਲਾਰਮਿੰਗਲੀ ਲੋਅ ਚਲਿਆ ਗਿਆ ਹੈ। ਉਥੇ ਖਤਰੇ ਦੀਆਂ ਘੰਟੀਆਂ ਵੱਜਣ ਵਾਲਾ ਮਾਹੌਲ ਕਰੀਏਟ ਹੋ ਗਿਆ ਹੈ। ਇਸੇ ਤਰੀਕੇ ਨਾਲ ਪਾਣੀ ਦੀ ਡੇਫਿਸਿਟ ਰੇਸ਼ੋ ਰਹਿ ਗਈ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਲਈ ਬੜੀ ਤਕਲੀਫ ਹੋ ਸਕਦੀ ਹੈ। ਇਸ ਦਾ ਰੀਜ਼ਨ ਕੀ ਸੀ? ਜੇਕਰ ਇਸ ਦੇ ਰੀਜ਼ਨ ਦੇਖੀਏ ਕਿ ਪਾਣੀ ਨੂੰ ਡਿਪਲੀਟ ਕਿਉਂ ਕੀਤਾ ਗਿਆ ਤਾਂ ਇਹ ਠੀਕ ਹੈ ਕਿ ਰਾਈਸ ਕਲਟੀਵੇਸ਼ਨ ਨੂੰ ਇਸ ਵਿਚ ਇੱਕ ਰੀਜ਼ਨ ਦੇ ਤੌਰ ਤੇ ਲਿਆ ਜਾ ਸਕਦਾ ਹੈ ਪਰ ਇਸ ਵਿਚ ਮੇਨ ਰੀਜ਼ਨ ਹੈ ਕਿ ਵਾਟਰ ਰੀਚਾਰਜਿੰਗ ਨਹੀਂ ਹੋ ਰਹੀ। ਪੰਜਾਬ ਵਿੱਚ ਰੇਨ ਵਾਟਰ ਦੀ ਰੀਚਾਰਜਿੰਗ ਇਸ ਕਰਕੇ ਨਹੀਂ ਹੋ ਰਹੀ ਕਿਉਂਕਿ ਪੰਜਾਬ ਦਾ ਅੱਧਾ ਪਾਣੀ ਖੋਹ ਲਿਆ ਗਿਆ ਹੈ ਤੇ ਇਸ ਤਰ੍ਹਾਂ ਉਸ ਨੇ ਪੰਜਾਬ ਦਾ ਜੋ ਗਰਾਊਂਡ ਵਾਟਰ ਰੀਚਾਰਜ ਕਰਨਾ ਸੀ, ਉਹ ਨਹੀਂ ਹੋ ਰਿਹਾ। ਪੰਜਾਬ ਦੇ ਪਾਣੀਆਂ ਦੀ ਐਕਸਪਲਾਇਟੇਸ਼ਨ ਵੇਖੀਏ ਤਾਂ ਇਹ ਵੇਖਿਆ ਜਾਵੇ ਕਿ ਸਤਲੁਜ ਦਰਿਆ ਕਿਥੇ ਵਗਦਾ ਹੈ ਅਤੇ ਪੰਜਾਬ ਨੂੰ ਉਸ ਵਿਚੋਂ ਕੇਵਲ 45 ਐਲ.ਏ.ਐਫ. ਮਿਲਦਾ ਹੈ ਜਦਕਿ 135 ਐਲ.ਏ.ਐਫ. ਰਾਜਸਥਾਨ ਨੂੰ ਮਿਲਦਾ ਹੈ। ਇਸ ਤਰ੍ਹਾਂ ਜੋ ਰਾਵੀ ਬਿਆਸ ਦੀ ਡਿਸਟ੍ਰੀਬਿਊਸ਼ਨ ਜੋ ਕਿ ਸਾਲ 1955 ਵਿੱਚ ਕੀਤੀ ਗਈ ਸੀ ਤਾਂ ਉਸ ਮੁਤਾਬਿਕ ਰਾਜਸਥਾਨ ਨੂੰ 80 ਐਲ.ਏ.ਐਫ., ਪੰਜਾਬ ਨੂੰ 72 ਐਲ.ਏ.ਐਫ., ਜੰਮੂ ਕਸ਼ਮੀਰ ਨੂੰ 6.5 ਐਲ.ਏ.ਐਫ. ਪਾਣੀ ਮਿਲਦਾ ਹੈ। ਸਾਲ 1976 ਵਿੱਚ ਇੰਦਰਾ ਗਾਂਧੀ ਦੀ ਗੌਰਮਿੰਟ ਦੇ ਆਰਡੀਨੈਂਸ ਰਾਹੀਂ 1955 ਦੀ ਜੋ ਡਿਸਟ੍ਰੀਬਿਊਸ਼ਨ ਸੀ, ਉਸ ਉਤੇ ਮੋਹਰ ਲਗਾਈ ਗਈ। ਉਸ ਉਤੇ ਮੋਹਰ ਲਗਾ ਕੇ ਜਿਹੜਾ 72 ਐਲ.ਏ.ਐਫ. ਪਾਣੀ ਸੀ, ਉਸ ਵਿਚੋਂ

Original with;
Punjab Vidhan Sabha
Digitized by;
Panjab Digital Library

35 ਐਲ.ਏ.ਐਫ. ਹਰਿਆਣੇ ਨੂੰ ਦੇ ਦਿੱਤਾ ਅਤੇ 2 ਐਲ.ਏ.ਐਫ. ਦਿੱਲੀ ਨੂੰ ਦੇ ਦਿੱਤਾ। ਰੀਆਰਗੀਨਾਈਜ਼ੇਸ਼ਨ ਆਫ਼ ਸਟੇਟਸ ਸਮੇਂ 35 ਐਲ.ਏ.ਐਫ. ਪਾਣੀ ਹਰਿਆਣੇ ਨੂੰ ਦਿੱਤਾ ਗਿਆ। ਇਸ ਵਿੱਚ ਜੋ ਰੀਜ਼ਨ ਬਣਾਇਆ ਗਿਆ, ਉਹ ਇਹ ਹੈ ਕਿ 60:40 ਦੀ ਰੇਸ਼ੋ ਨਾਲ ਲੈਂਡ ਡਿਵਾਈਡ ਹੋਈ ਹੈ ਤਾਂ ਉਸ ਵੇਲੇ ਟੋਟਲੀ ਹਰਿਆਣੇ ਨੂੰ ਇਗਨੋਰ ਕਰ ਦਿੱਤਾ ਗਿਆ ਕਿ ਹਰਿਆਣਾ ਰਾਈਪੇਰੀਅਨ ਸਟੇਟ ਨਹੀਂ ਹੈ। ਉਹ ਨਾ ਹੀ ਇਸ ਬੇਸਿਨ ਦਾ ਅੰਗ ਹੈ ਕਿਉਂਕਿ ਘੱਗਰ ਤੇ ਆ ਕੇ ਇੰਡਸ ਬੇਸਿਨ ਖਤਮ ਹੋ ਜਾਂਦਾ ਹੈ। ਮਿਤੀ 31 ਦਸੰਬਰ, 1981 ਨੂੰ ਇੰਦਰਾ ਗਾਂਧੀ ਨੇ ਉਸ ਸਮੇਂ ਦੇ ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ ਰਾਹੀਂ, ਰੀਡੀਫਾਈਨ ਕਰਕੇ ਫਾਈਨਲਟੀ ਕਰ ਦਿੱਤੀ ਕਿ ਰਾਜਸਥਾਨ ਨੂੰ 86 ਐਲ.ਏ.ਐਫ. ਜਾਵੇਗਾ, ਪੰਜਾਬ ਨੂੰ 42.5 ਐਲ.ਏ.ਐਫ., ਹਰਿਆਣੇ ਨੂੰ 35 ਐਲ.ਏ.ਐਫ., ਦਿੱਲੀ ਨੂੰ 2 ਐਲ.ਏ.ਐਫ. ਅਤੇ ਜੰਮੂ ਕਸ਼ਮੀਰ ਨੂੰ 6.5 ਐਲ.ਏ.ਐਫ.। ਡਿਪਟੀ ਸਪੀਕਰ ਸਾਹਿਬ, ਪਾਣੀ ਹਥਿਆਉਣ ਦਾ ਇਥੇ ਹੀ ਸਿਲਸਿਲਾ ਖਤਮ ਨਹੀਂ ਹੋਇਆ। ਇਸ ਤੋਂ ਬਾਅਦ ਇਰਾਡੀ ਟ੍ਰਿਬਿਊਨਲ ਨੇ ਅਪ੍ਰੈਲ, 1986 ਵਿਚ ਆਪਣਾ ਫੈਸਲਾ ਸੁਣਾਇਆ ਜਿਸ ਵਿਚ 171.07 ਐਲ.ਏ.ਐਫ. ਉਪਲਬਧ ਪਾਣੀ ਨੂੰ ਵਧਾ ਕੇ 182.07 ਐਲ.ਏ.ਐਫ. ਦਰਸਾ ਦਿੱਤਾ ਗਿਆ। ਇਸ ਵਿਚ ਨਾਲਿਆਂ ਤੇ ਕੱਸੀਆਂ ਦਾ ਪਾਣੀ ਵੀ ਵਿਚ ਜੋੜ ਲਿਆ ਗਿਆ। ਜਿਹੜਾ ਨਾਨ-ਐਗਜਿਸਟਿੰਗ ਪਾਣੀ ਹੈ ਉਸ ਨੂੰ ਰਿਜ਼ਿਊਮ ਕਰਕੇ, ਰਿਜ਼ੰਪਸ਼ਨ ਦੇ ਨਾਲ 10 ਐਲ.ਏ.ਐਫ. ਵਧਾ ਕੇ ਰਾਜਸਥਾਨ ਦਾ 86 ਐਲ.ਏ.ਐਫ. ਹੀ ਰਹਿਣ ਦਿੱਤਾ ਤੇ ਪੰਜਾਬ ਨੂੰ 42.5 ਐਲ.ਏ.ਐਫ. ਤੋਂ ਵਧਾ ਕੇ 50 ਐਲ.ਏ.ਐਫ. ਵਿਖਾ ਦਿੱਤਾ ਕਿ ਜਿਵੇਂ ਨਵਾਂ ਪਾਣੀ ਮਿਲਿਆ ਹੁੰਦਾ ਹੈ। ਇਸ ਚੋਰ ਤਰੀਕੇ ਨਾਲ ਹਰਿਆਣਾ ਦਾ ਪਾਣੀ 35 ਐਲ.ਏ.ਐਫ. ਤੋਂ ਵਧਾ ਕੇ 38 ਐਲ.ਏ.ਐਫ. ਕਰ ਦਿੱਤਾ ਗਿਆ। ਇਸ ਦੀ ਵਜ੍ਹਾ ਤੇ ਬਹਾਨਾ ਕੀ ਬਣਾਇਆ ਗਿਆ। ਇਸ ਬਾਰੇ ਮੈਂ ਪਹਿਲਾਂ ਵੀ ਕਿਹਾ ਹੈ ਕਿ ਇਸ ਦਾ 40 ਪ੍ਰਤੀਸ਼ਤ ਹਿੱਸਾ ਹਰਿਆਣੇ ਨੂੰ ਚਲਿਆ ਗਿਆ। ਜਦ ਪਾਕਿਸਤਾਨ ਦੇ ਨਾਲ ਪਾਣੀ ਦਾ ਡਿਸਪਿਊਟ ਚੱਲਿਆ ਤਾਂ ਫਿਰ ਵਰਲਡ ਬੈਂਕ ਦੀ ਇੰਟਰਵੈਨਸ਼ਨ ਹੋਈ ਤਾਂ ਉਸ ਵਿੱਚ ਇਹ ਤੈਅ ਹੋਇਆ ਕਿ ਅਸੀਂ ਪਾਕਿਸਤਾਨ ਨੂੰ ਉਨ੍ਹਾਂ ਦੇ ਇਰੀਗੇਸ਼ਨ ਸਿਸਟਮ ਨੂੰ ਡਿਵੈਲਪ ਕਰਨ ਲਈ ਕੁਝ ਮੁਆਵਜ਼ਾ ਦੇ ਦਈਏ। ਅਸੀਂ ਉਧਰਲੇ ਵਗਦੇ ਦਰਿਆਵਾਂ ਉਤੇ ਆਪਣਾ ਹੱਕ ਛੱਡਿਆ ਤਾਂ ਇਸ ਤਰ੍ਹਾਂ ਇਧਰਲੇ ਦਰਿਆਵਾਂ ਤੇ ਪਾਕਿਸਤਾਨ ਨੇ ਆਪਣਾ ਹੱਕ ਛੱਡਿਆ। ਇਸ ਤਰ੍ਹਾਂ 60 ਮਿਲੀਅਨ ਸਟਰਲਿੰਗ ਪੌਂਡ ਉਸ ਸਮੇਂ ਪਾਕਿਸਤਾਨ ਨੂੰ ਦਿੱਤੇ ਗਏ। ਇਹ ਸਿਰਫ ਇਕ ਬਹਾਨਾ ਬਣਾਇਆ ਗਿਆ ਕਿ ਦੇਸ਼ ਨੇ ਖਰੀਦਿਆ ਹੈ। ਜਦੋਂ ਮੁਲਕ ਦਾ ਵਿਭਾਜਨ ਹੋਇਆ ਤਾਂ ਉਸ ਨੂੰ ਪੰਜਾਬ ਦਾ ਵਿਭਾਜਨ ਬਣਾ ਕੇ ਰੱਖ ਦਿੱਤਾ। ਉਸ ਸਮੇਂ ਪੰਜਾਬ ਦੇ ਨਾਲ ਸਭ ਤੋਂ ਪਹਿਲਾ ਧੱਕਾ ਹੋਇਆ ਕਿ ਪੈਕੇਜ ਆਫ ਪ੍ਰਾਪਰਟੀ ਐਕਟ ਵਿੱਚ ਜਿਹੜੇ ਪਾਕਿਸਤਾਨ ਤੋਂ ਉਜੜ ਕੇ ਇਧਰ ਆਏ, ਉਨ੍ਹਾਂ ਨੂੰ 60 ਪ੍ਰਤੀਸ਼ਤ ਘੱਟ ਪ੍ਰਾਪਰਟੀ ਮਿਲੀ। ਉਨ੍ਹਾਂ ਨੂੰ 30 ਤੋਂ 35 ਪ੍ਰਤੀਸ਼ਤ ਦੇ ਵਿਚ ਵਿਚ ਪ੍ਰਾਪਰਟੀ ਮਿਲੀ। ਕੀ ਉਸ ਪੰਜਾਬ ਦੇ ਹੋਏ ਨੁਕਸਾਨ ਦੀ ਕਦੇ ਪੂਰਤੀ ਕੀਤੀ ਗਈ ? ਇਸੇ ਤਰ੍ਹਾਂ ਪੰਜਾਬ ਵਿੱਚ ਗੈਰ ਕੁਦਰਤੀ ਬਾਰਡਰ ਆਏ ਅਤੇ ਪੰਜਾਬ ਨੇ ਸਦਾ ਉਸ ਬਾਰਡਰ ਦੇ ਕੋਲ ਹਾਸਟਿਲਿਟੀਜ਼ ਫੇਸ ਕੀਤੀਆਂ, ਲੜਾਈਆਂ ਦੇ ਅਸਰ ਬਰਦਾਸ਼ਤ ਕੀਤੇ। ਉਹ ਫੈਕਟ ਕਦੇ ਵੀ ਕੰਸਿਡਰ ਨਹੀਂ ਕੀਤੇ ਗਏ। ਇਹ ਕੰਸਿਡਰੇਸ਼ਨਜ਼ ਲੈ ਕੇ 60 ਮਿਲੀਅਨ ਸਟਰਲਿੰਗ ਪੌਂਡ ਮੁਆਵਜ਼ਾ ਦਿੱਤਾ ਗਿਆ ਹੈ। ਇਸ ਕਰਕੇ ਉਸ ਦੇ ਉਤੇ ਸਾਡਾ ਹੱਕ ਹੈ। ਇਸ ਤਰ੍ਹਾਂ ਦੂਜਾ ਬਹਾਨਾ ਇਹ ਲਗਾਇਆ ਗਿਆ ਕਿ ਪੰਜਾਬ ਕੋਲ ਉਸ ਦੀ ਜ਼ਰੂਰਤ ਤੋਂ ਵੱਧ ਪਾਣੀ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]

ਹੈ। ਇਹ ਪਾਣੀ ਪਾਕਿਸਤਾਨ ਵਿਚ ਜਾਣ ਦੀ ਬਜਾਏ ਹਰਿਆਣਾ ਤੇ ਰਾਜਸਥਾਨ ਨੂੰ ਦੇ ਦਿੱਤਾ ਜਾਵੇ। ਇਸ ਤਰ੍ਹਾਂ ਰਾਜਸਥਾਨ ਵਾਸਤੇ 292 ਮੀਲ ਲੰਮੀ ਨਹਿਰ ਖੋਦੀ ਗਈ ਜਿਸ ਵਿਚ ਲੱਖਾਂ ਏਕੜ ਜ਼ਮੀਨ ਪੰਜਾਬ ਦੀ ਬਰਬਾਦ ਹੋ ਗਈ। ਡਿਪਟੀ ਸਪੀਕਰ ਸਾਹਿਬ, ਜਿੰਨਾ ਪਾਣੀ ਰਾਜਸਥਾਨ ਨੂੰ ਰਿਲੀਜ਼ ਹੁੰਦਾ ਹੈ ਤੇ ਜਦੋਂ ਉਥੇ ਪਹੁੰਚਦਾ ਹੈ ਤਾਂ ਉਹ ਪਾਣੀ ਅੱਧਾ ਰਹਿ ਜਾਂਦਾ ਹੈ। ਉਹ ਅੱਧਾ ਪਾਣੀ ਜਾਂ ਤਾਂ ਇਵੈਪੋਰੇਟ ਹੋ ਜਾਂਦਾ ਹੈ ਜਾਂ ਫਿਰ ਗਰਾਊਂਡ ਵਾਟਰ ਦੇ ਨਾਲ ਮਿਕਸ ਹੋ ਜਾਂਦਾ ਹੈ। ਇਸ ਨਾਲ ਪੰਜਾਬ ਦੇ ਕਈ ਸ਼ਹਿਰਾਂ ਦੇ ਵਿਚ ਵਾਟਰ ਲਾਗਿੰਗ ਦੀ ਇੰਨੀ ਜ਼ਿਆਦਾ ਦਿੱਕਤ ਆਈ ਹੋਈ ਹੈ ਚਾਹੇ ਉਹ ਅਬੋਹਰ ਹੈ ਜਿੱਥੇ ਨਵੀਂ ਪ੍ਰਾਬਲਮ ਸ਼ੁਰੂ ਹੋਈ ਹੈ, ਚਾਹੇ ਉਹ ਮਾਨਸਾ ਹੈ ਜਾਂ ਮੁਕਤਸਰ ਹੈ, ਲੱਖਾਂ ਏਕੜ ਜ਼ਮੀਨ ਇਸ ਨਹਿਰ ਕੱਢਣ ਨਾਲ, ਇਰੀਗੇਸ਼ਨ ਚੈਨਲਜ਼ ਕ੍ਰੀਏਟ ਕਰਨ ਨਾਲ ਬਰਬਾਦ ਹੋਈ ਹੈ। ਡਿਪਟੀ ਸਪੀਕਰ ਸਾਹਿਬ, ਮੁੱਕਦੀ ਗੱਲ ਇਹ ਕਿ ਦਰਿਆਵਾਂ ਦੇ ਪਾਣੀ ਤੋਂ ਬਚਣ ਲਈ ਜਿਹੜੇ ਬੰਧ ਹਨ, ਉਨ੍ਹਾਂ ਦੀ ਮਜ਼ਬੂਤੀ ਲਈ ਇੱਕ ਨਵਾਂ ਪੈਸਾ ਪੰਜਾਬ ਨੂੰ ਪ੍ਰਾਪਤ ਨਹੀਂ ਹੁੰਦਾ। ਇਹ ਸਾਰਾ ਪੈਸਾ ਪੰਜਾਬ ਨੂੰ ਆਪ ਖਰਚ ਕਰਨਾ ਪੈਂਦਾ ਹੈ। ਨਹਿਰਾਂ ਦੀ ਜਿਹੜੀ ਸੀਪੇਜ ਹੈ ਉਸ ਦਾ ਇੱਲ ਇਫੈਕਟ ਵੀ ਪੰਜਾਬ ਦੇ ਕਿਸਾਨ ਨੂੰ ਫੇਸ ਕਰਨਾ ਪੈਂਦਾ ਹੈ। ਇਹੀ ਨਹੀਂ, ਇਸੇ ਬਹਾਨੇ ਨਾਲ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦਾ ਕੰਟਰੋਲ ਵੀ ਸੈਂਟਰ ਨੇ ਆਪਣੇ ਕੋਲ ਰੱਖ ਲਿਆ ਹੈ। ਜੇਕਰ ਹਰਿਆਣਾ ਯਮੁਨਾ ਵਿਚੋਂ ਪਾਣੀ ਲੈਂਦਾ ਹੈ ਤਾਂ ਹਥਨੀ ਕੁੰਡ ਦਾ ਕੰਟਰੋਲ ਹਰਿਆਣੇ ਕੋਲ ਹੈ ਨਾ ਕਿ ਸੈਂਟਰ ਕੋਲ ਪਰ ਪੰਜਾਬ ਦਾ ਟੋਟਲ ਕੰਟਰੋਲ ਸੈਂਟਰ ਕੋਲ ਹੈ। 1966 ਵਿੱਚ ਜੇਕਰ ਬੋਰਡ ਵਿੱਚ 9 ਵਿਚੋਂ 6 ਮੈਂਬਰ ਪੰਜਾਬ ਦੇ ਹੁੰਦੇ ਸੀ ਤਾਂ ਅੱਜ ਕੇਵਲ ਤੇ ਕੇਵਲ ਇੱਕ ਮੈਂਬਰ ਹੀ ਉੱਥੇ ਹੈ। ਇੱਥੇ ਹੀ ਸਿਲਸਿਲਾ ਖਤਮ ਨਹੀਂ ਹੁੰਦਾ, ਪਾਣੀ ਤੇ ਹੋਰ ਪਾਣੀ ਤੇ ਇਨ੍ਹਾਂ ਦਾ ਲਾਲਚ ਸੀ। ਇੰਦਰਾ ਗਾਂਧੀ ਨੇ ਪੰਜਾਬ ਨੂੰ ਸੌਗਾਤ ਦਿੱਤੀ, ਪੰਜਾਬ ਵਿਚੋਂ ਐਸ.ਵਾਈ.ਐਲ. ਕੈਨਾਲ ਕੱਢਣ ਦਾ ਫੈਸਲਾ ਕੀਤਾ ਅਤੇ ਖੁਦ ਅਪ੍ਰੈਲ 1988 ਵਿੱਚ ਕਪੂਰੀ ਵਿਖੇ ਇਸ ਦਾ ਟੱਕ ਲਾਇਆ। ਪੰਜਾਬ ਦੀ ਛਾਤੀ ਤੇ ਇੱਕ ਹੋਰ ਵਾਰ ਕੀਤਾ ਕਾਂਗਰਸ ਦੀ ਸੈਂਟਰ ਸਰਕਾਰ ਨੇ। ਡਿਪਟੀ ਸਪੀਕਰ ਸਾਹਿਬ, ਇਹੀ ਵਜ੍ਹਾ ਹੈ ਕਿ ਕਿਉਂ ਸ਼੍ਰੋਮਣੀ ਅਕਾਲੀ ਦਲ ਅਵਾਜ਼ ਉਠਾਉਂਦਾ ਰਿਹਾ ਹੈ ਸਟ੍ਰਕਚਰ ਰੀਕੰਸੀਡਰ ਕਰਨ ਲਈ, ਸਟੇਟਸ ਨੂੰ ਹੋਰ ਸ਼ਕਤੀਆਂ ਦੇਣ ਲਈ ਕਿਉਂਕਿ ਜਦੋਂ ਅਜਿਹੇ ਪ੍ਰਹਾਰ ਹੁੰਦੇ ਹਨ, ਹੱਕਾਂ ਦੀ ਮਾਰ ਹੁੰਦੀ ਹੈ ਤਾਂ ਅਜਿਹੇ ਤਰੀਕੇ ਅਪਣਾਏ ਜਾਂਦੇ ਹਨ। ਜਦੋਂ ਸਤਲੁਜ-ਯਮੁਨਾ ਲਿੰਕ ਕੈਨਾਲ ਬਣੀ, ਉਸ ਵੇਲੇ ਉਤਪੰਨ ਹੋਇਆ ਧਰਮ ਯੁੱਧ ਮੋਰਚਾ ਜਿਸ ਦਾ ਪੰਜਾਬ ਨੇ ਸੰਤਾਪ ਕੱਟਿਆ ਜਿਸ ਤੋਂ ਆਪ ਸਾਰੇ ਵਾਕਫ਼ ਹੋ। ਇਹ ਇਸ ਕਰਕੇ ਹੋਇਆ ਕਿਉਂਕਿ ਅਸੀਂ ਮਹਿਸੂਸ ਕੀਤਾ, ਸਾਨੂੰ ਤਕਲੀਫ ਹੋਈ ਕਿ ਕਿਉਂ ਪੰਜਾਬ ਦੇ ਹੱਕਾਂ ਤੇ ਇਸ ਤਰ੍ਹਾਂ ਕਾਤਲਾਨਾ ਐਕਟ ਸੈਂਟਰ ਦੀ ਸਰਕਾਰ ਵੱਲੋਂ ਕੀਤਾ ਜਾਂਦਾ ਹੈ। ਕੀ ਪੰਜਾਬ ਦੇ ਲੋਕ ਕਿਸੇ ਕੰਮ ਵਿੱਚ ਪਿੱਛੇ ਹਨ ? ਡਿਪਟੀ ਸਪੀਕਰ ਸਾਹਿਬ, ਅਜ਼ਾਦੀ, ਅਜ਼ਾਦੀ ਦੀ ਲਹਿਰ ਵੇਲੇ ਪੰਜਾਬੀਆਂ ਨੇ ਸਭ ਤੋਂ ਵੱਧ ਹਿੱਸਾ ਲਿਆ। ਜੇ ਪਾਕਿਸਤਾਨ ਨਾਲ ਲੜਾਈ ਹੋਈ ਤਾਂ ਉਸ ਵਿੱਚ ਪੰਜਾਬੀਆਂ ਦਾ ਯੋਗਦਾਨ ਬੇਮਿਸਾਲ ਸੀ ਜਿਸ ਦੀ ਕਿ ਕੋਈ ਹੋਰ ਤੁਲਨਾ ਵੀ ਨਹੀਂ ਕਰ ਸਕਦਾ। ਚਾਹੇ ਉਸ ਤੋਂ ਬਾਅਦ ਵੀ ਕੋਈ ਹੋਰ ਲੜਾਈ ਲੜੀ ਹੋਵੇ ਪਰ ਪੰਜਾਬੀਆਂ ਨੇ ਉਸ ਵਿੱਚ ਬੇਮਿਸਾਲ ਯੋਗਦਾਨ ਪਾਇਆ। ਸਦਾ ਪੰਜਾਬੀਆਂ ਨੇ ਪਹਿਲਤਾ ਦੇ ਅਧਾਰ ਤੇ ਹਿੰਦੁਸਤਾਨ ਦੀ ਰਾਖੀ ਕੀਤੀ ਪਰ ਫੇਰ ਸਾਡੇ ਹੱਕਾਂ ਤੇ ਇਸ ਤਰ੍ਹਾਂ ਦਾ ਧੱਕਾ ਕਿਉਂ ਹੋਇਆ ? 12 ਜੁਲਾਈ ਨੂੰ

Original with;
Punjab Vidhan Sabha
Digitized by;
Panjab Digital Library

ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟਸ ਐਕਟ ਹੋਇਆ ਪਰ ਨਾਲ ਦੇ ਨਾਲ ਸੈਕਸ਼ਨ 5 ਵਿੱਚ ਮੋਹਰ ਲਗਾ ਦਿੱਤੀ ਇਸ ਟੋਟਲ ਵਿਤਕਰੇ ਨਾਲ। ਜਿਹੜਾ ਪੰਜਾਬ ਨਾਲ ਵਿਤਕਰਾ ਹੋਇਆ ਉਸ ਨੂੰ ਤਸਲੀਮ ਕੀਤਾ ਗਿਆ ਕਿ ਪੰਜਾਬ ਨਾਲ ਧੋਖਾ ਹੋਇਆ ਹੈ। ਇਹੀ ਨਹੀਂ ਮੈਂ ਸ਼ੁਰੂਆਤ ਵਿੱਚ ਇੱਕ ਸ਼ਬਦ ਪੜ੍ਹਿਆ ਸੀ My Government wants decentralisation of planning process. ਇਹ ਬਹੁਤ ਇੰਪਾਰਟੈਂਟ ਹੈ ਕਿਉਂਕਿ, ਡਿਪਟੀ ਸਪੀਕਰ ਸਾਹਿਬ, ਜਿਹੜਾ ਬਹੁਤ ਜ਼ਿਆਦਾ ਹਿੱਸਾ ਟੈਕਸਾਂ ਦਾ ਹੈ, ਉਹ ਸੈਂਟਰ ਲੈ ਜਾਂਦਾ ਹੈ ਪਰ ਜਿਹੜੀਆਂ ਸੈਂਟਰ ਪਾਲਿਸੀਜ਼ ਬਣਾਉਂਦਾ ਹੈ, ਪਲਾਨਿੰਗ ਬਣਾਉਂਦਾ ਹੈ ਉਨ੍ਹਾਂ ਵਿੱਚ ਪੰਜਾਬ ਦੇ ਨਾਲ ਧੋਖਾ ਹੀ ਹੁੰਦਾ ਹੈ। ਜੇ ਸੜਕਾਂ ਬਣਾਉਣੀਆਂ ਹਨ ਤਾਂ ਉਥੇ ਬਣਾਉਣੀਆਂ ਹਨ ਜਿੱਥੇ ਪਿੰਡਾਂ ਵਿੱਚ ਸੜਕਾਂ ਪਹੁੰਚੀਆਂ ਹੋਈਆਂ ਨਹੀਂ ਹਨ। ਜੇ ਪੰਜਾਬ ਨੇ ਆਪਣੇ ਪਿੰਡਾਂ ਵਿੱਚ ਸੜਕਾਂ ਪਹੁੰਚਾ ਦਿੱਤੀਆਂ ਹਨ ਤਾਂ ਪੰਜਾਬ ਦਾ ਹਿੱਸਾ ਕਿਉਂ ਮਾਰਿਆ ਜਾਵੇ ? ਜੇ ਪੰਜਾਬ ਦੇ ਲੋਕ ਗਰੀਬੀ ਰੇਖਾ ਤੋਂ ਉੱਪਰ ਹਨ ਤਾਂ ਉਨ੍ਹਾਂ ਨੂੰ ਕਿਉਂ ਡਿਵੈਲਪਮੈਂਟ ਸਕੀਮਾਂ ਤੋਂ ਵਾਂਝਾ ਰੱਖਿਆ ਜਾਵੇ। ਜੇਕਰ ਪਿੰਡ-ਪਿੰਡ ਵਿੱਚ ਬਿਜਲੀ ਪਹੁੰਚਾ ਦਿੱਤੀ ਤਾਂ ਸੈਂਟਰ ਤੋਂ ਅਸਿਸਟੈਂਸ ਇਹ ਕਹਿ ਕੇ ਕਿਉਂ ਨਾ ਮਿਲੇ ਕਿ ਗ੍ਰਾਂਟਸ ਦੇ ਪੈਸੇ ਉਨ੍ਹਾਂ ਨੂੰ ਦੇਣੇ ਹਨ ਜਿਨ੍ਹਾਂ ਨੇ ਬਿਜਲੀ ਦਾ ਇਨਸਾਸਟ੍ਰਕਚਰ ਪਿੰਡਾਂ ਵਿੱਚ ਭੇਜਣ ਲਈ ਉਪਰਾਲਾ ਕੀਤਾ। ਡਿਪਟੀ ਸਪੀਕਰ ਸਾਹਿਬ, ਜਿਹੜੇ ਸਾਡੇ ਸਾਹਮਣੇ ਵਾਲੇ ਵੀਰ, ਜਿਹੜੇ ਕਿ ਹੁਣ ਇੱਥੇ ਨਹੀਂ ਬੈਠੇ ਹਨ, ਇਹ ਹੱਥ ਉੱਚਾ ਕਰਕੇ ਰੌਲਾ ਪਾਉਣਗੇ ਕਿ ਸਕੀਮ ਸੈਂਟਰ ਤੋਂ ਆਈ ਹੈ। ਉਹ ਇਹ ਮਹਿਸੂਸ ਕਰਾਉਣਗੇ ਜਿਵੇਂ ਸਾਨੂੰ ਖੈਰਾਤ ਆਈ ਹੈ। ਜੇਕਰ ਸੈਂਟਰ ਤੋਂ ਕੋਈ ਪੈਸਾ ਆਇਆ ਹੈ ਤਾਂ ਮੈਂ ਸਮਝਦਾ ਹਾਂ ਕਿ ਸਾਡੇ ਦਿੱਤੇ ਟੈਕਸ ਵਿਚੋਂ ਆਉਂਦਾ ਹੈ। ਸਾਨੂੰ ਅਫ਼ਸੋਸ ਹੈ ਕਿ ਜਿੰਨਾ ਅਸੀਂ ਟੈਕਸ ਕੰਟਰੀਬਿਊਟ ਕਰਦੇ ਹਾਂ, ਉਸ ਦਾ ਸਿਰਫ਼ 5-7% ਹੀ ਸਾਨੂੰ ਵਾਪਸ ਮਿਲਦਾ ਹੈ। ਬੀਬੀ ਭੱਠਲ ਜੀ ਨੇ ਪਿਛਲੀ ਵਾਰ ਬੜਾ ਲੋਨ ਵਾਸਤੇ ਕਿਹਾ ਕਿ ਸੈਂਟਰ ਨੇ ਮਾਫ਼ ਕਰ ਦਿੱਤਾ ਹੈ। ਮੈਂ ਤੁਹਾਨੂੰ ਹੁਣ ਲੋਨ ਦਾ ਸਾਕਾ ਦੱਸਣਾ ਚਾਹੁੰਦਾ ਹਾਂ। ਇਹ ਵੀ ਇਸ ਨਾਲ ਕੰਸਰਨਡ ਹੈ ਕਿ My Government wants decentralisation of planning process. ਇਹ ਬਹੁਤ ਅਵੱਸ਼ਕ ਹੈ ਕਿ ਡੀਸੈਂਟਰੇਲਾਈਜ਼ ਕੀਤਾ ਜਾਵੇ। ਸੂਬਿਆਂ ਨੂੰ ਜ਼ਿਆਦਾ ਸ਼ਕਤੀ ਤੇ ਅਜ਼ਾਦੀ ਦਿੱਤੀ ਜਾਵੇ ਤਾਂ ਕਿ ਆਪਣੇ ਦਿੱਤੇ ਟੈਕਸ ਵਿਚੋਂ ਆਪਣੀ ਪਲਾਨਿੰਗ ਖੁਦ ਕਰ ਸਕਣ। ਲੋਨ ਵੇਵਰ ਸਕੀਮ ਵਿੱਚ ਪੂਰੇ ਹਿੰਦੁਸਤਾਨ ਵਿਚੋਂ 237 ਡਰਾੱਟ ਪਰੋਨ ਡਿਸਟ੍ਰਿਕਟ ਆਈਡੈਂਟੀਫਾਈ ਕੀਤੇ ਗਏ ਹਨ ਪਰ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਵਿਚੋਂ ਇੱਕ ਵੀ ਜ਼ਿਲ੍ਹਾ ਪੰਜਾਬ ਦਾ ਨਹੀਂ ਹੈ। ਇੰਨਾ ਅਲਾਰਮਿੰਗਲੀ ਪੰਜਾਬ ਦੇ ਪਾਣੀ ਦਾ ਲੈਵਲ ਥੱਲੇ ਚਲਾ ਗਿਆ ਹੈ ਪਰ ਇਸ ਦੇ ਬਾਵਜੂਦ ਵੀ ਪੰਜਾਬ ਵਿਚੋਂ ਇਕ ਵੀ ਜ਼ਿਲ੍ਹਾ ਇਸ ਸਕੀਮ ਤਹਿਤ ਨਹੀਂ ਲਿਆ ਗਿਆ। ਜਿਹੜੇ ਜ਼ਿਲ੍ਹੇ ਡਰਾੱਟ ਅਫੈਕਟਿਡ ਹਨ, ਉਨ੍ਹਾਂ ਵਿਚ ਨਾ ਤਾਂ ਬੋਰੋਅਰ ਦੀ ਲਿਮਟ ਇੱਕ ਵਜ੍ਹਾ ਸੀ ਅਤੇ ਨਾ ਫਾਰਮ ਸਾਈਜ਼ ਦੀ ਲਿਮਟ ਲੋਨ ਮੁਆਫ ਕਰਨ ਲਈ ਕੰਸਿਡਰ ਕੀਤੀ ਗਈ ਪਰ ਪੰਜਾਬ ਦੇ ਲਈ ਇਹ ਦੋਵੇਂ ਲਿਮਟਸ ਤਹਿ ਕੀਤੀਆਂ ਗਈਆਂ। ਇਸ ਦੇ ਫਲਸਰੂਪ ਹਰਿਆਣੇ ਨੂੰ 1000 ਕਰੋੜ ਰੁਪਿਆ ਪ੍ਰਾਪਤ ਹੋਇਆ ਹੈ ਅਤੇ ਪੰਜਾਬ ਦੇ ਹਿੱਸੇ ਵਿਚ ਕੇਵਲ 627 ਕਰੋੜ ਰੁਪਿਆ ਹੀ ਆਇਆ ਹੈ। ਇਸ ਪ੍ਰਕਾਰ ਨਾਲ ਪੰਜਾਬ ਦੇ ਕਾਟਨ ਫਾਰਮਰਜ਼ ਲਈ ਕੋਈ ਸਪੈਸ਼ਲ ਪੈਕੇਜ ਨਹੀਂ ਦਿੱਤਾ ਗਿਆ ਜਦੋਂ ਕਿ ਵਿਦਰਭਾ ਲਈ ਸਪੈਸ਼ਲ ਇਸ ਤਰ੍ਹਾਂ ਕੀਤਾ ਗਿਆ ਹੈ। ਪੰਜਾਬ ਕਾਟਨ ਕਰਾਪ ਵਿਚ ਸਕਸੈਸਿਵ ਫੈਲੂਅਰਜ਼ ਹੋਏ ਹਨ, ਇੱਕ ਤੋਂ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]

ਬਾਅਦ ਇੱਕ। ਇਸ ਵਿੱਚ ਇਨਪੁਟਸ ਇੰਨੇ ਜ਼ਿਆਦਾ ਹਨ ਕਿ ਇਨ੍ਹਾਂ ਨੇ ਜ਼ਿਮੀਂਦਾਰ ਦਾ ਲੱਕ ਤੋੜ ਦਿੱਤਾ ਹੈ ਅਤੇ ਲੋਕ ਖੁਦਕੁਸ਼ੀਆਂ ਤੇ ਉਤਰ ਆਏ ਹਨ। ਪੰਜਾਬ ਵਿੱਚ ਖੁਦਕੁਸ਼ੀਆਂ ਹੋਈਆਂ ਹਨ। ਇਸ ਬਾਰੇ ਚਿੰਤਾ ਕਈ ਵਾਰ ਉਧਰੋਂ ਵੀ ਸੁਣਨ ਨੂੰ ਮਿਲਦੀ ਹੈ ਪਰ ਇਹ ਆਸਪੈਕਟ ਕਿ ਕਾਟਨ ਗਰੋਅਰਜ਼ ਦੀ ਵੀ ਡੈਟ ਵੇਵਰ ਸਕੀਮ ਦੇ ਅਧੀਨ ਵਿਉਂਤ ਬਣਾਈ ਜਾਵੇ, ਇਹ ਪਰਪਜ਼ਫੁਲੀ ਕਿਉਂ ਪੰਜਾਬ ਨਾਲ ਇਸ ਤਰ੍ਹਾਂ ਹੁੰਦਾ ਹੈ? ਕਾਂਗਰਸ ਦੀਆਂ ਨੀਤੀਆਂ ਨਾ ਜਾਣੇ ਕਿਉਂ ਪੰਜਾਬ ਨਾਲ ਸਰਾਸਰ ਧੱਕਾ ਕਰਦੀਆਂ ਹਨ। ਇਸ ਤਰ੍ਹਾਂ ਨਾਲ ਮੈਂ ਆਪ ਜੀ ਨਾਲ ਇਹ ਵਿਊ ਸ਼ੇਅਰ ਕਰਨੇ ਸੀ ਕਿ ਕਿਸ ਤਰ੍ਹਾਂ ਪੰਜਾਬ ਨਾਲ ਵਿਤਕਰਾ ਹੁੰਦਾ ਹੈ। ਇਸ ਦੇ ਨਾਲ-ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਪੂਰੀ ਤਰ੍ਹਾਂ ਗਵਰਨਰ ਐਡਰੈਸ ਨੂੰ ਸੈਕੰਡ ਕਰਦਾ ਹਾਂ ਅਤੇ ਉਨ੍ਹਾਂ ਦੀ ਸ਼ਲਾਘਾ ਕਰਦਾ ਹਾਂ। ਮੈਂ ਬੇਨਤੀ ਕਰਦਾ ਹਾਂ ਕਿ ਇਸ ਨੂੰ ਯੂਨਾਨੀਮਸਲੀ ਐਕਸੈਪਟ ਕੀਤਾ ਜਾਵੇ। ਧੰਨਵਾਦ ਜੀ।

**ਸਰਦਾਰ ਸਰਬਜੀਤ ਸਿੰਘ ਮੱਕੜ (ਆਦਮਪੁਰ)** : ਆਦਰ ਤੇ ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਅੱਜ ਆਪ ਜੀ ਨੇ ਸਦਨ ਦੇ ਵਿਚ ਫਰਵਰੀ, 2009 ਵਿੱਚ ਗਵਰਨਰ ਸਾਹਿਬ ਦੁਆਰਾ ਦਿੱਤੇ ਹੋਏ ਭਾਸ਼ਣ ਤੇ ਮੈਨੂੰ ਬੋਲਣ ਦਾ, ਆਪਣੀ ਗੱਲਬਾਤ ਕਰਨ ਦਾ ਮੌਕਾ ਦਿੱਤਾ ਹੈ। ਮੈਂ ਬੜੀ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਸਾਡੇ ਆਦਰ ਤੇ ਸਤਿਕਾਰਯੋਗ ਚੌਥੀ ਵਾਰ ਬਣੇ ਚੀਫ ਮਨਿਸਟਰ ਸਾਹਿਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਅਗਵਾਈ ਵਿੱਚ ਅੱਜ ਮੈਨੂੰ ਬੋਲਣ ਦਾ ਮੌਕਾ ਮਿਲਿਆ ਹੈ। ਇਨ੍ਹਾਂ ਨੇ ਆਪਣੇ ਦੋ ਸਾਲ ਦੇ ਕਾਰਜਕਾਲ ਦੇ ਸਮੇਂ ਵਿਚ ਜੋ ਪੰਜਾਬ ਵਿਚ ਨਵਾਂ ਰੰਗ ਲਿਆਂਦਾ ਹੈ, ਉਸ ਬਾਰੇ ਸਾਡੇ ਗਵਰਨਰ ਸਾਹਿਬ ਨੇ ਬਾਖੂਬੀ ਆਪਣੇ ਭਾਸ਼ਣ ਵਿਚ ਦੱਸਿਆ ਹੈ। ਉਨ੍ਹਾਂ ਦਾ ਭਾਸ਼ਣ ਵਿਧਾਨ ਸਭਾ ਦੇ ਮੈਂਬਰਾਂ ਨੂੰ ਬਹੁਤ ਵੱਡੀ ਤਾਕਤ ਦੇ ਕੇ ਗਿਆ ਹੈ। ਮੈਨੂੰ ਇਸ ਗੱਲ ਦੀ ਵੀ ਵੱਡੀ ਖੁਸ਼ੀ ਹੈ ਕਿ ਅੱਜ ਸੈਸ਼ਨ ਦੇ ਸ਼ੁਰੂ ਹੁੰਦਿਆਂ, ਸਾਲ 2009 ਦੇ ਪਹਿਲੇ ਸੈਸ਼ਨ ਵਿਚ, ਸਾਡੀ ਪਾਰਟੀ ਦੇ ਮੈਂਬਰ ਪਾਰਲੀਮੈਂਟ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਡਿਪਟੀ ਚੀਫ ਮਨਿਸਟਰ ਵਜੋਂ ਮਾਣ ਬਖਸ਼ਿਆ ਗਿਆ ਹੈ, ਉਨ੍ਹਾਂ ਨੂੰ ਇਸ ਅਹੁਦੇ ਤੇ ਨਿਵਾਜਿਆ ਗਿਆ ਹੈ।

| *11.53 ਵਜੇ<br>ਪੂਰਵ ਦੁਪਹਿਰ | (*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।) |
|---|---|

ਸਪੀਕਰ ਸਾਹਿਬ, ਉਨ੍ਹਾਂ ਦੀ ਅਗਵਾਈ ਸਾਨੂੰ ਸ਼ੁਰੂ ਤੋਂ ਮਿਲਦੀ ਰਹੀ ਹੈ। ਉਨ੍ਹਾਂ ਦੇ ਦਿਸ਼ਾ ਨਿਰਦੇਸ਼ ਸਾਨੂੰ ਕੰਮ ਕਰਨ ਵਾਸਤੇ ਤਾਕਤ ਬਖਸ਼ਦੇ ਰਹੇ ਹਨ। ਅੱਜ ਇਹ ਸਾਡੇ ਲਈ ਬਹੁਤ ਵੱਡੀ ਖੁਸ਼ੀ ਦੀ ਗੱਲ ਹੈ। ਅਸੀਂ ਦੋ ਸਾਲਾਂ ਵਿਚ ਪੰਜਾਬ ਦੀ ਸੰਗਤ ਨੂੰ ਬੜੀ ਖੁਸ਼ੀ ਨਾਲ ਹਰ ਗੱਲ ਲਈ ਜਵਾਬਦੇਹ ਰਹੇ ਹਾਂ। ਨਾਲ ਦੀ ਨਾਲ.....

**ਮਾਨਯੋਗ ਸਪੀਕਰ** : ਮੱਕੜ ਸਾਹਿਬ, ਬੈਠੋ, ਪਲੀਜ਼। ਅੱਜ ਪ੍ਰੋਗਰਾਮ ਵਿਚ ਕੁਝ ਤਬਦੀਲੀ ਕੀਤੀ ਗਈ ਹੈ। ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਹੋਈ ਹੈ ਅਤੇ ਉਸ ਵਿਚ ਸੈਸ਼ਨ ਦੇ ਪ੍ਰੋਗਰਾਮ ਵਿਚ ਕੁਝ ਤਬਦੀਲੀ ਲਿਆਂਦੀ ਗਈ ਹੈ।

Original with;
Punjab Vidhan Sabha
Digitized by;
Panjab Digital Library

## PRESENTATION OF THE SECOND REPORT OF THE BUSINESS ADVISORY COMMITTEE

**ਮਾਨਯੋਗ ਸਪੀਕਰ** : ਕਾਰਜ ਸਲਾਹਕਾਰ ਕਮੇਟੀ ਦੀ ਮੀਟਿੰਗ ਹੋਈ ਸੀ ਜਿਸ ਮੁਤਾਬਿਕ ਪ੍ਰੋਗਰਾਮ ਵਿੱਚ ਕੁਝ ਤਬਦੀਲੀ ਹੋਈ ਹੈ। ਮੈਂ ਕਾਰਜ ਸਲਾਹਕਾਰ ਕਮੇਟੀ ਦੀ ਦੂਸਰੀ ਰਿਪੋਰਟ ਪੇਸ਼ ਕਰਦਾ ਹਾਂ ਜੋ ਇਸ ਤਰ੍ਹਾਂ ਹੈ—

After considering the revised programme, the Committee recommended that the following business be transacted :

| | |
|---|---|
| Saturday, the 7th March, 2009 | Holiday |
| Sunday, the 8th March, 2009 | Holiday |
| Monday, the 9th March, 2009 (2.00 P.M.) | (i) Resumption of Discussion on Governor's Address |

**ਮਾਨਯੋਗ ਸਪੀਕਰ** : ਹੁਣ ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ, ਡਾਕਟਰੀ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ—

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਦੂਸਰੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ—

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਦੂਸਰੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਦੂਸਰੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

---

Original with;
Punjab Vidhan Sabha
Digitized by;
Panjab Digital Library

## DISCUSSION ON GOVERNOR'S ADDRESS *(Resumption)*

**ਮਾਨਯੋਗ ਸਪੀਕਰ** : ਰਾਜਪਾਲ ਜੀ ਦੇ ਭਾਸ਼ਣ ਤੇ ਬਹਿਸ। ਹਾਂ ਜੀ, ਮੱਕੜ ਜੀ।

**ਸਰਦਾਰ ਸਰਬਜੀਤ ਸਿੰਘ ਮੱਕੜ** : ਮਾਨਯੋਗ ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਭਾਸ਼ਣ ਤੇ ਕੁਝ ਗੱਲਾਂ ਤੇ ਚਰਚਾ ਕਰਨਾ ਚਾਹਾਂਗਾ ਕਿਉਂਕਿ ਜਿਹੜੀ ਸਾਡੇ ਤੋਂ ਪਹਿਲਾਂ ਸਰਕਾਰ ਸੀ ਜਿਸ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੀ ਕਿਹਾ ਜਾਂਦਾ ਹੈ ਜਿਸ ਨੇ 2002—07 ਤੱਕ ਇਸ ਪੰਜਾਬ ਵਿੱਚ ਹਨੇਰੇ ਦੀਆਂ ਰਾਤਾਂ ਲੈਕੇ ਆਂਦੀਆਂ ਸਨ ਔਰ ਉਨ੍ਹਾਂ ਨੇ ਹਰ ਤਰ੍ਹਾਂ ਦੇ ਡਿਵੈਲਪਮੈਂਟ ਦੇ ਕੰਮਾਂ ਨੂੰ ਰੋਕਾਂ ਲਗਾਈਆਂ। ਇਸ ਤੋਂ ਇਲਾਵਾ ਚਲੀਆਂ ਹੋਈਆਂ ਰਵਾਇਤਾਂ ਜੋ ਕਿ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਸੰਗਤ ਦਰਸ਼ਨ ਦੌਰਾਨ ਲੋਕਾਂ ਦੀ ਸੇਵਾ ਕਰਨ ਲਈ ਚਲਾਈਆਂ ਸਨ, ਉਹ ਵੀ ਸਾਰੀਆਂ ਤਹਿਸ-ਨਹਿਸ ਕਰ ਦਿਤੀਆਂ। ਜਦੋਂ ਵੀ ਕੋਈ ਪਾਰਟੀ ਇਲੈਕਸ਼ਨ ਲੜਦੀ ਹੈ ਤਾਂ ਲੋਕਾਂ ਨੂੰ ਵਾਇਦੇ ਕਰਦੀ ਹੈ ਪਰ ਉਹ ਸਾਰੀ ਵਾਇਦਾ-ਖਿਲਾਫੀ ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਵਿੱਚ ਆਉਂਦਿਆਂ ਸਾਰ ਹੀ ਸ਼ੁਰੂ ਕਰ ਦਿੱਤੀ। ਸਪੀਕਰ ਸਾਹਿਬ, ਜੇਕਰ ਮੈਂ ਗਰੀਬਾਂ ਦੇ ਹਾਲਾਤ ਨੂੰ ਦੇਖਦਾ ਤਾਂ ਮੁੱਖ ਮੰਤਰੀ ਸਾਹਿਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਉਦੋਂ ਗਰੀਬਾਂ ਵਾਸਤੇ 5,100 ਰੁਪਏ ਦਾ ਸ਼ਗਨ ਸ਼ੁਰੂ ਕੀਤਾ ਸੀ, ਪੈਨਸ਼ਨ ਸ਼ੁਰੂ ਕੀਤੀ ਸੀ, ਨਾਲ ਹੀ ਕਿਸਾਨਾਂ ਵਾਸਤੇ ਬਿਜਲੀ ਫਰੀ ਕੀਤੀ ਸੀ ਅਤੇ ਗਰੀਬਾਂ ਵਾਸਤੇ ਕੁਝ ਯੂਨਿਟ ਵੀ ਮੁਆਫ ਕੀਤੇ ਸਨ ਲੇਕਿਨ ਕੈਪਟਨ ਅਮਰਿੰਦਰ ਸਿੰਘ ਨੇ ਵਾਇਦੇ ਤਾਂ ਬਹੁਤ ਕੀਤੇ ਪਰ ਆਉਂਦਿਆਂ ਹੀ ਸਾਰੀਆਂ ਚੀਜ਼ਾਂ ਬੰਦ ਕਰ ਦਿੱਤੀਆਂ ਔਰ ਫਿਰ ਇੱਕ ਵਾਰ ਗਰੀਬੀ ਰੇਖਾ ਦੇ ਹੇਠ ਕਿਸਾਨਾਂ ਨੂੰ ਪੰਜਾਬ ਵਿੱਚ ਧੱਕਾ ਲੱਗਾ। ਕਿਸਾਨ ਅਤੇ ਕਿਸਾਨੀ ਨੂੰ ਬਹੁਤ ਵੱਡੀਆਂ ਪ੍ਰਾਬਲਮਜ਼ ਦਾ ਸਾਹਮਣਾ ਕਰਨਾ ਪਿਆ। ਨਾਲ-ਨਾਲ ਜਿਹੜਾ ਸਾਡਾ ਚੰਗਾ ਮਾਹੌਲ ਸੀ, ਹਰ ਤਰ੍ਹਾਂ ਨਾਲ ਚੰਗੇ ਤਰੀਕੇ ਨਾਲ ਸੜਕਾਂ ਦੀ ਡਿਵੈਲਪਮੈਂਟ ਚਲ ਰਹੀ ਸੀ ਇਹ ਸਾਰੀਆਂ ਚੀਜ਼ਾਂ ਬੰਦ ਕਰ ਦਿੱਤੀਆਂ। ਜਿਸ ਦੇ ਨਾਲ ਹੀ ਸੇਲਜ਼ ਟੈਕਸ ਅਤੇ ਵੈਟ ਲਗਾ ਕੇ ਇੱਕ ਬੜਾ ਵੱਡਾ ਪੰਜਾਬ ਦੀ ਜਨਤਾ ਤੇ ਬੋਝ ਪਾਇਆ। ਸਾਢੇ ਤਿੰਨ ਸਾਲ ਕਿਸੇ ਸੜਕ ਦਾ ਨਿਰਮਾਣ ਨਹੀਂ ਕੀਤਾ ਅਤੇ ਨਾ ਹੀ ਪੁਰਾਣੀਆਂ ਸੜਕਾਂ ਦੀ ਰਿਪੇਅਰ ਕੀਤੀ। ਬਿਜਲੀ ਖੇਤਰ ਵਿੱਚ ਬੇਯਕੀਨੀ ਹੋ ਗਈ, ਸੜਕਾਂ ਦਾ ਬੁਰਾ ਹਾਲ ਹੋ ਗਿਆ, ਸਮਾਜਿਕ ਭਲਾਈ ਦੀ ਥਾਂ ਲੋਕਾਂ ਦੇ ਮਨਾਂ ਵਿੱਚ ਮਾਯੂਸੀ ਆ ਗਈ, ਬੁਨਿਆਦੀ ਸੁਵਿਧਾਵਾਂ ਠੱਪ ਹੋ ਗਈਆਂ। ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿੱਚ ਗੱਲ ਕੀਤੀ ਕਿ ਬਾਦਲ ਸਰਕਾਰ ਨੇ ਆਉਂਦਿਆਂ ਹੀ ਪਹਿਲਾਂ ਜੋ ਵਚਨ ਕੀਤੇ ਸਨ, ਉਹ ਪੂਰੇ ਕੀਤੇ। ਬਾਦਲ ਸਾਹਿਬ ਨੇ ਵਾਅਦਾ ਕੀਤਾ ਸੀ ਕਿ 4 ਰੁਪਏ ਕਿਲੋ ਆਟਾ ਅਤੇ 20 ਰੁਪਏ ਕਿਲੋ ਦਾਲ ਗਰੀਬੀ ਰੇਖਾ ਤੋਂ ਥੱਲੇ ਵਾਲੇ ਲੋਕਾਂ ਨੂੰ ਦਿਆਂਗੇ। ਉਨ੍ਹਾਂ ਨੇ ਗਰੀਬੀ ਰੇਖਾ ਤੋਂ ਥੱਲੇ ਰਹਿੰਦੇ ਲੋਕਾਂ ਨੂੰ ਪਹਿਚਾਣ ਕੇ ਉਨ੍ਹਾਂ ਨੂੰ ਸਹੂਲਤਾਂ ਦੇਣੀਆਂ ਸ਼ੁਰੂ ਕੀਤੀਆਂ। ਮੈਨੂੰ ਯਾਦ ਹੈ ਕਿ ਕੀ ਇਸ ਏਜੰਡੇ ਤੇ ਸਾਡੇ ਆਪੋਜ਼ੀਸ਼ਨ ਦੇ ਲੀਡਰਾਂ ਨੂੰ ਬਹੁਤ ਬੇਯਕੀਨੀ ਸੀ ਜਿਨ੍ਹਾਂ ਨੇ ਇਸ ਵਿਧਾਨ ਸਭਾ ਵਿੱਚ ਆ ਕੇ ਨਾਅਰੇਬਾਜ਼ੀ ਕੀਤੀ ? ਇਨ੍ਹਾਂ ਨੇ ਪਲੇਟਾਂ ਲੈ ਕੇ, ਥਾਲੀਆਂ ਲੈ ਕੇ ਅਤੇ ਚਮਚੇ ਲੈ ਕੇ ਇੱਥੇ ਆ ਕੇ ਖੜਕਾਉਣ ਦੀ ਜੁਰਅੱਤ ਕੀਤੀ ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਖਿੜੇ ਮੱਥੇ ਉਸ ਨੂੰ ਪ੍ਰਵਾਨ ਕੀਤਾ ਅਤੇ ਇਕ ਦਮ ਇਸ ਸਕੀਮ ਨੂੰ ਚਾਲੂ ਕੀਤਾ। ਅੱਜ ਇਸ ਸਕੀਮ ਦਾ ਲਾਭ 16 ਲੱਖ ਨੀਲੇ ਕਾਰਡਾਂ ਵਾਲੇ ਲੋਕ ਲੈ ਰਹੇ ਹਨ ਕਿ ਜਿਹੜੇ ਮਜਬੂਰ ਹਨ, ਜਿਹੜੇ ਬਿਮਾਰੀ ਦੀ ਹਾਲਤ

Original with;
Punjab Vidhan Sabha
Digitized by;
Panjab Digital Library

ਵਿੱਚ ਹਨ, ਜਿਨ੍ਹਾਂ ਦੀ ਆਪਣੀ ਕੋਈ ਆਮਦਨ ਨਹੀਂ ਸੀ ਔਰ ਅੱਜ ਉਹ ਇਹ ਲਾਭ ਪ੍ਰਾਪਤ ਕਰ ਰਹੇ ਹਨ। ਕਿਉਂਕਿ ਮੈਨੂੰ ਬਹੁਤ ਵੱਡੀ ਖੁਸ਼ੀ ਹੈ ਕਿ ਇਨ੍ਹਾਂ ਗਰੀਬਾਂ ਦੀਆਂ ਅਸੀਸਾਂ ਕਾਰਨ ਅੱਜ ਪੰਜਾਬ ਉਨ੍ਹਾਂ ਬੁਲੰਦੀਆਂ ਤੇ ਪਹੁੰਚ ਗਿਆ ਹੈ ਜਿਨ੍ਹਾਂ ਬੁਲੰਦੀਆਂ ਉਤੇ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਇਸ ਨੂੰ ਪਹੁੰਚਾਉਣਾ ਚਾਹੁੰਦੇ ਸੀ। ਇਹ ਆਖਦੇ ਹੁੰਦੇ ਸੀ ਕਿ ਜੇ ਮੇਰਾ ਰਾਜ ਆਇਆ ਤਾਂ ਮੈਂ ਆਪਣੀਆਂ ਗਰੀਬ ਬੱਚੀਆਂ ਨੂੰ 15 ਹਜ਼ਾਰ ਰੁਪਏ ਸ਼ਗਨ ਸਕੀਮ ਦੇਵਾਂਗਾ ਪਰ ਲੇਕਿਨ ਇਹ ਵੀ ਗੱਲ ਕੋਈ ਮੰਨਣ ਨੂੰ ਤਿਆਰ ਨਹੀਂ ਸੀ। ਅੱਜ ਉਹ 15 ਹਜ਼ਾਰ ਰੁਪਏ ਦਾ ਸ਼ਗਨ ਇਨ੍ਹਾਂ ਗਰੀਬ ਬੱਚੀਆਂ ਨੂੰ ਦਿੱਤਾ ਜਾ ਰਿਹਾ ਹੈ ਅਤੇ ਨਾਲ-ਨਾਲ 16.50 ਲੱਖ ਪੈਨਸ਼ਨਾਂ ਦਿੱਤੀਆਂ ਜਾਂਦੀਆਂ ਹਨ। ਇਹ ਸਾਰੇ ਉਪਰਾਲੇ, ਇਹ ਸਾਰੇ ਯਤਨ, ਇਹ ਸਾਰਾ ਪੈਸਾ ਸਾਡੀ ਸਰਕਾਰ ਨੇ ਜਿਸ ਤਰੀਕੇ ਨਾਲ ਅਰੇਂਜ ਕੀਤਾ, ਮੈਂ ਇਸ ਦੀ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਜੋ ਆਖਿਆ ਸੀ, ਉਹ ਕਰਕੇ ਵਿਖਾਇਆ ਹੈ। ਅੱਜ ਮਾਨਯੋਗ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਬਿਲਕੁਲ ਦਰੁਸਤ ਫਰਮਾਇਆ ਹੈ ਕਿ ਬਾਦਲ ਸਰਕਾਰ ਨੇ ਆਉਂਦਿਆਂ ਸਾਰ ਹੀ ਸੜਕਾਂ ਤੇ ਪੁਲਾਂ ਦਾ ਵਿਸਥਾਰ ਕੀਤਾ ਅਤੇ ਨਾਲ ਦੇਖਿਆ ਕਿ ਅੱਜ ਗਰੀਬਾਂ ਦੇ ਕੋਲ ਬੱਸਾਂ ਦੀ ਪੂਰੀ ਸਹੂਲਤ ਨਹੀਂ ਹੈ ਔਰ ਗਰੀਬਾਂ ਨੂੰ ਬੱਸਾਂ ਦੀ ਜੋ ਸਹੂਲਤ ਦਿੱਤੀ, ਉਹ ਤੁਹਾਡੇ ਸਾਹਮਣੇ ਹੈ। ਆਮ ਜਨਤਾ ਨੂੰ ਏ.ਸੀ. ਬੱਸਾਂ ਬਣਾ ਕੇ ਦਿੱਤੀਆਂ। ਸਮੇਂ ਦੇ ਪਰਿਵਰਤਨ ਦੇ ਮੁਤਾਬਿਕ ਬੱਸਾਂ ਬਣਾ ਕੇ ਦਿੱਤੀਆਂ ਅਤੇ ਬੱਸਾਂ ਦਾ ਕਿਰਾਇਆ ਵੀ ਆਮ ਬੱਸਾਂ ਜਿੰਨਾ ਲਿਆ ਜਾਵੇਗਾ, ਮਾਮੂਲੀ ਵੱਧ ਹੋਵੇਗਾ। ਅੱਜ ਸ਼ਹਿਰਾਂ ਵਿੱਚ ਜਿਹੜੀ ਲੋਕਲ ਬੱਸ ਸੇਵਾ ਖਤਮ ਹੋ ਗਈ ਸੀ ਔਰ ਲੋਕ ਮਜਬੂਰ ਸੀ ਪ੍ਰਦੂਸ਼ਿਤ ਭਰੇ ਥ੍ਰੀ-ਵੀਲ੍ਹਰਾਂ ਵਿੱਚ ਅਤੇ ਰਿਕਸ਼ਿਆਂ ਵਿੱਚ ਸਫਰ ਕਰਦੇ ਸਨ, ਅੱਜ ਉਹ ਦੁਬਾਰਾ ਫਿਰ ਏ.ਸੀ. ਬੱਸਾਂ ਰਾਹੀਂ ਸਫਰ ਕਰਨਯੋਗ ਹੋ ਗਏ ਹਨ। ਇਹ ਵੀ ਸੇਵਾ ਸਰਦਾਹ ਪ੍ਰਕਾਸ਼ ਸਿੰਘ ਬਾਦਲ ਜੀ ਨੇ ਦੁਬਾਰਾ ਸ਼ੁਰੂ ਕੀਤੀ ਹੈ।

ਖੇਤੀਬਾੜੀ ਦੇ ਖੇਤਰ ਵਿੱਚ ਸੁਧਾਰ ਲਿਆਉਣ ਲਈ ਐਸੇ ਨਵੀਨੀਕਰਨ ਕੀਤੇ ਕਿ ਜੋ ਮੇਰੇ ਕਿਸਾਨ ਨੂੰ ਚਾਹੀਦਾ ਹੈ, ਮੈਂ ਉਸ ਨੂੰ ਪੂਰਾ ਕਰਕੇ ਦਿਆਂਗਾ। ਇਨ੍ਹਾਂ ਨੇ ਨਿਰਾ ਇਹੀ ਨਹੀਂ ਕੀਤਾ ਕਿ ਉਨ੍ਹਾਂ ਗਰੀਬ ਕਿਸਾਨਾਂ ਨੂੰ ਕਰਜ਼ੇ ਪ੍ਰਦਾਨ ਕਰਵਾਏ ਸਗੋਂ ਉਨ੍ਹਾਂ ਲਈ ਸੋਚਿਆ ਅਤੇ ਉਨ੍ਹਾਂ ਲਈ ਪ੍ਰਯੋਗਸ਼ਾਲਾਵਾਂ ਹਰ ਥਾਂ ਤੇ ਦਿੱਤੀਆਂ। ਉਸ ਤੋਂ ਬਾਅਦ ਉਨ੍ਹਾਂ ਵਾਸਤੇ ਜਿਹੜੇ ਕਿਸਾਨ ਛੋਟੀਆਂ-ਛੋਟੀਆਂ ਜ਼ਮੀਨਾਂ ਵਾਲੇ ਹਨ ਜਿਨ੍ਹਾਂ ਕੋਲ ਔਜ਼ਾਰਾਂ ਦੀ ਕਮੀ ਸੀ, ਉਹ ਸਾਂਝੇ ਸੁਸਾਇਟੀਆਂ ਤੋਂ ਪ੍ਰਦਾਨ ਕਰਵਾਏ ਹਨ। ਹਰ ਕਿਸਾਨ ਉਸ ਮਸ਼ੀਨਰੀ ਦੀ ਵਰਤੋਂ ਕਰਕੇ ਉਪਰ ਉਠ ਸਕਦਾ ਹੈ। ਇਸ ਦੇ ਨਾਲ-ਨਾਲ ਜਿਹੜਾ ਬੀਜ ਸੀ, ਉਹ ਚੰਗਾ ਨਹੀਂ ਸੀ। ਇਨ੍ਹਾਂ ਨੇ ਚੰਗੇ ਬੀਜਾਂ ਦੀ ਸਹੂਲਤ ਪ੍ਰਦਾਨ ਕੀਤੀ ਅਤੇ ਚੰਗੇ ਬੀਜ ਯੂਨੀਵਰਸਿਟੀਆਂ ਤੋਂ ਮੰਗਵਾ ਕੇ ਦਿੱਤੇ, ਇਨ੍ਹਾਂ ਨੇ ਠੀਕ ਰੇਟਾਂ ਤੇ ਚੰਗੀਆਂ ਦਵਾਈਆਂ ਦਿੱਤੀਆਂ । ਕੀਟਨਾਸ਼ਕ ਦਵਾਈਆਂ ਬਾਰੇ ਬਹੁਤ ਦੇਰ ਤੋਂ ਖੱਪ ਪੈਂਦੀ ਰਹੀ ਕਿ ਦਵਾਈਆਂ ਚੰਗੀਆਂ ਨਹੀਂ ਮਿਲ ਰਹੀਆਂ, ਉਹ ਸਾਰੀਆਂ ਪ੍ਰਦਾਨ ਕੀਤੀਆਂ। ਇਸ ਦੇ ਨਾਲ-ਨਾਲ ਇਹ ਵੀ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਜਿਹੜਾ ਕਿਸਾਨ ਹੈ, ਜੇਕਰ ਉਸ ਨੂੰ ਕਰਜ਼ੇ ਦੀ ਜ਼ਰੂਰਤ ਹੈ ਤਾਂ ਉਸ ਨੂੰ ਕਰਜ਼ਾ ਦਿੱਤਾ ਜਾਵੇ ਤਾਂ ਕਿ ਉਹ ਕਿਸੇ ਵੇਲੇ ਬੇਵੱਸ ਨਾ ਹੋ ਸਕੇ। ਬਿਜਲੀ ਪੈਦਾ ਕਰਨ ਵਾਸਤੇ ਪੰਜਾਬ ਵਿੱਚ ਵੱਖ-ਵੱਖ ਥਾਵਾਂ ਤੇ ਥਰਮਲ ਪਲਾਂਟਾਂ ਦਾ ਵਿਸਥਾਰ ਕੀਤਾ ਗਿਆ। ਮੁਹਾਲੀ ਨੇੜੇ ਨਾਲਿਜ ਸਿਟੀ ਸੈਂਟਰ ਦੀ ਸਥਾਪਨਾ ਕੀਤੀ ਗਈ। ਸਪੀਕਰ ਸਾਹਿਬ, ਮੈਂ ਡਿਟੇਲ ਵਿੱਚ ਚਾਨਣਾ ਪਾਉਣਾ ਚਾਹਾਂਗਾ ਕਿ ਉਦਯੋਗ, ਵਪਾਰ ਹਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਰਬਜੀਤ ਸਿੰਘ ਮੱਕੜ]

ਦੇਸ਼ ਲਈ, ਹਰ ਸਟੇਟ ਲਈ ਬੜਾ ਜ਼ਰੂਰੀ ਹੁੰਦਾ ਹੈ। ਮਾਨਯੋਗ ਰਾਜਪਾਲ ਜੀ ਨੇ ਵੀ ਇਸ ਚੀਜ਼ ਦੀ ਬਹੁਤ ਸ਼ਲਾਘਾ ਕੀਤੀ ਹੈ ਕਿਉਂਕਿ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਆਪਣੇ ਰਾਜ ਵਿੱਚ ਜੋ ਕਿਹਾ ਉਹ ਕਰ ਦਿਖਾਇਆ। ਇਸ ਤੋਂ ਇਲਾਵਾ ਬੜਾ ਵੱਡਾ ਸਨਮਾਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਨਾਂ ਤੇ, ਬਠਿੰਡਾ ਵਿਚ ਤੇਲ ਸੋਧਕ ਕਾਰਖਾਨਾ ਜਿਹੜਾ 1997 ਤੋਂ ਲੈ ਕੇ 2002 ਤੱਕ ਮੁੱਖ ਮੰਤਰੀ ਜੀ ਨੇ ਸ਼ੁਰੂ ਕਰਵਾਇਆ ਸੀ ਤਾਂ ਕਿ ਮੇਰੀ ਸਟੇਟ ਦੇ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ, ਮੇਰੀ ਸਟੇਟ ਵਿਚ ਵੱਡੀ ਇੰਡਸਟਰੀ ਆ ਸਕੇ, ਮੇਰੀ ਸਟੇਟ ਵਿਚ ਪ੍ਰਾਈਵੇਟ ਪੂੰਜੀ ਨਿਵੇਸ਼ ਆ ਸਕੇ। ਉਨ੍ਹਾਂ ਨੇ ਇਹ ਕਾਰਖਾਨਾ ਪੂਰਾ ਕਰਵਾਉਣ ਲਈ ਮਿੱਤਲ ਪਰਿਵਾਰ ਨੂੰ ਇਜਾਜ਼ਤ ਦਿੱਤੀ ਅਤੇ ਉਨ੍ਹਾਂ ਨੇ ਤੇਲ ਸੋਧਕ ਕਾਰਖਾਨਾ ਸ਼ੁਰੂ ਕਰਵਾਇਆ। ਇਸ ਉਤੇ 19,000 ਕਰੋੜ ਰੁਪਏ ਦੀ ਲਾਗਤ ਆਉਣੀ ਹੈ। ਇਸ ਨਾਲ ਪੰਜਾਬ ਸਰਕਾਰ ਨੂੰ ਬੜਾ ਵੱਡਾ ਸਹਿਯੋਗ ਮਿਲਣਾ ਹੈ। ਪਰ ਕੈਪਟਨ ਸਾਹਿਬ ਦੀ ਸਰਕਾਰ ਨੇ ਆਉਂਦੀਆਂ ਹੀ ਇੰਡਸਟਰੀ ਨੂੰ ਚਲਾਉਣ ਤੇ ਰੋਕਾਂ ਲਗਾ ਦਿੱਤੀਆਂ ਪਰ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਜਿਹੜਾ ਵੀ ਵਚਨ ਕਰਦੇ ਹਨ, ਉਸ ਨੂੰ ਪੂਰਾ ਕਰਦੇ ਹਨ। ਇਸੇ ਕਰਕੇ ਲੋਕ ਵਾਰ-ਵਾਰ ਉਨ੍ਹਾਂ ਦੇ ਸੋਹਲੇ ਗਾਉਂਦੇ ਹਨ ਕਿ ਮੁੱਖ ਮੰਤਰੀ ਜੀ ਜੋ ਕਹਿੰਦੇ ਹਨ, ਉਹ ਪੂਰਾ ਕਰਕੇ ਦਿਖਾਉਂਦੇ ਹਨ। ਉਨ੍ਹਾਂ ਨੇ ਦੁਬਾਰਾ ਇਸ ਇੰਡਸਟਰੀ ਨੂੰ ਸ਼ੁਰੂ ਕਰਵਾਇਆ ਅਤੇ ਦੂਜੇ ਇੰਡਸਟਰੀ ਵਾਲਿਆਂ ਨੂੰ ਇਥੇ ਆਉਣ ਦਾ ਸੱਦਾ ਦਿੱਤਾ ਤਾਂ ਜੋ ਸਾਡੇ ਲੋਕਾਂ ਨੂੰ ਸਰਵਿਸ ਮਿਲ ਸਕੇ ਅਤੇ ਵਧੇਰੇ ਨੌਕਰੀਆਂ ਮਿਲ ਸਕਣ। ਇਥੇ ਹੀ ਬਸ ਨਹੀਂ ਜਦੋਂ ਅਸੀਂ ਪੰਜਾਬ ਦੀ ਇੰਡਸਟਰੀ ਵੱਲ ਵੇਖਦੇ ਹਾਂ ਤਾਂ ਪੰਜਾਬ ਦੀ ਇਹ ਇੰਡਸਟਰੀ ਇਕ ਵੇਲੇ ਬਿਲਕੁਲ ਤਹਿਸ-ਨਹਿਸ ਹੋ ਕੇ ਰਹਿ ਗਈ ਸੀ ਅਤੇ ਇਸ ਦਾ ਕਾਰਨ ਸੈਂਟਰ ਸਰਕਾਰ ਸੀ ਜਿਸ ਨੇ ਨਾਲ ਦੀਆਂ ਸਟੇਟਾਂ ਵਿਚ ਸਬਸਿਡੀਆਂ ਦਿੱਤੀਆਂ, ਨਾਲ ਦੀਆਂ ਸਟੇਟਾਂ ਵਿਚ ਵੈਟ ਫਰੀ ਕੀਤਾ, ਨਾਲ ਦੀਆਂ ਸਟੇਟਾਂ ਵਿਚ ਸਾਰਾ ਇਨਕਮ ਟੈਕਸ ਫਰੀ ਕੀਤਾ ਪਰ ਪੰਜਾਬ ਦੀ ਇੰਡਸਟਰੀ ਨੂੰ ਇਸ ਤਰ੍ਹਾਂ ਦੀ ਕੋਈ ਵੀ ਸਹੂਲਤ ਨਹੀਂ ਦਿੱਤੀ। ਇਸ ਤਰ੍ਹਾਂ ਪੰਜਾਬ ਨੂੰ ਇੰਡਸਟਰੀ ਵਿਚ ਬਹੁਤ ਵੱਡਾ ਨੁਕਸਾਨ ਸਹਿਣਾ ਪਿਆ। ਅੱਜ ਪੰਜਾਬ ਇਸ ਕਿਨਾਰੇ ਤੇ ਪਹੁੰਚ ਗਿਆ ਹੈ ਕਿ ਫੈਕਟਰੀਆਂ ਦੀਆਂ ਕੰਧਾਂ ਤਾਂ ਉਸਰੀਆਂ ਹੋਈਆਂ ਹਨ, ਸ਼ੈੱਡ ਤਾਂ ਖੜ੍ਹੇ ਹਨ ਪਰ ਇੰਡਸਟਰੀ ਦੂਜੀ ਥਾਂ ਤੇ ਜਾਣ ਨੂੰ ਮਜਬੂਰ ਨਜ਼ਰ ਆਉਂਦੀ ਹੈ। ਹੁਣ ਇੰਡਸਟਰੀ ਵਾਲਿਆਂ ਨੂੰ ਰਾਹਤ ਦੇਣ ਲਈ 250 ਕਰੋੜ ਰੁਪਏ ਦੀਆਂ ਸਬਸਿਡੀਆਂ ਵੰਡੀਆਂ ਗਈਆਂ ਹਨ ਅਤੇ 31 ਮਾਰਚ, 2009 ਤੱਕ 100 ਕਰੋੜ ਰੁਪਏ ਦੀ ਹੋਰ ਰਕਮ ਵੰਡੀ ਜਾਣੀ ਹੈ। ਇਸ ਦੇ ਨਾਲ ਹੀ ਜਿਹੜੀ ਇੰਡਸਟਰੀ ਵਿਭਾਗ ਤੋਂ ਕਲੀਅਰੈਂਸ ਲੈਣ ਲਈ ਬੜੀ ਦੇਰ ਲੱਗਦੀ ਹੁੰਦੀ ਸੀ, ਉਨ੍ਹਾਂ ਦਾ ਟਾਈਮ ਫਿਕਸ ਕਰ ਦਿੱਤਾ ਹੈ ਜਿਸ ਨਾਲ ਉਦਯੋਗ ਨੂੰ ਵੱਧ ਤੋਂ ਵੱਧ ਕਲੀਅਰੈਂਸ ਟਾਈਮ ਸਿਰ ਮਿਲ ਸਕੇਗੀ। ਇਸ ਨਾਲ 28,900 ਲੋਕਾਂ ਨੂੰ ਰੁਜ਼ਗਾਰ ਮਿਲ ਸਕੇਗਾ। 765 ਕਰੋੜ ਰੁਪਏ ਦੇ ਨਿਵੇਸ਼ ਨਾਲ ਮੁਹਾਲੀ ਵਿਖੇ ਦੋ ਵਿਸ਼ੇਸ਼ ਆਰਥਿਕ ਜ਼ੋਨ ਨੋਟੀਫਾਈ ਕੀਤੇ ਹਨ। ਇਹ ਬੜਾ ਵੱਡਾ ਯੋਗਦਾਨ ਹੈ ਅਤੇ ਮੁਹਾਲੀ ਨੇੜੇ ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਮਿਲ ਸਕੇਗਾ। 6495 ਕਰੋੜ ਰੁਪਏ ਦੇ ਨਿਵੇਸ਼ ਨਾਲ 1,09,500 ਲੋਕਾਂ ਨੂੰ ਰੁਜ਼ਗਾਰ ਦੇਣ ਲਈ 8 ਵਿਸ਼ੇਸ਼ ਆਰਥਿਕ ਜ਼ੋਨਾਂ ਨੂੰ ਪ੍ਰਵਾਨਗੀ ਦਿੱਤੀ ਹੈ। ਨਾਲ ਹੀ 22,400 ਵਿਅਕਤੀਆਂ ਨੂੰ ਰੋਜ਼ਗਾਰ ਦੇਣ ਲਈ 2716 ਕਰੋੜ ਰੁਪਏ ਦੇ 7 ਵਿਸ਼ੇਸ਼ ਆਰਥਿਕ ਜ਼ੋਨ ਪ੍ਰਵਾਨ ਕੀਤੇ ਜਾ ਚੁੱਕੇ ਹਨ।

Original with;
Punjab Vidhan Sabha
Digitized by;
Panjab Digital Library

ਇਸ ਦੇ ਨਾਲ ਹੀ ਮੈਗਾ ਪ੍ਰਾਜੈਕਟਾਂ ਦੀ ਗਰਾਂਟ ਪ੍ਰਣਾਲੀ ਨੂੰ ਪਾਰਦਰਸ਼ੀ ਬਣਾਉਣ ਲਈ ਕਾਰਜਵਿਧੀ, ਸ਼ਰਤਾਂ ਅਤੇ ਰਿਆਇਤਾਂ ਦਾ ਮਿਆਰੀਕਰਣ ਕੀਤਾ ਹੈ। 49 ਮੈਗਾ ਪ੍ਰੋਜੈਕਟ ਮਨਜ਼ੂਰ ਕੀਤੇ ਜਾ ਚੁੱਕੇ ਹਨ। ਇਨ੍ਹਾਂ ਉਤੇ 36,574 ਕਰੋੜ ਰੁਪਏ ਦਾ ਪੂੰਜੀ ਨਿਵੇਸ਼ ਹੋਣਾ ਸ਼ੁਰੂ ਹੋ ਗਿਆ ਹੈ। ਇਸ ਦੇ ਨਾਲ ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ। ਇਸ ਦੇ ਨਾਲ ਹੀ 2104 ਕਰੋੜ ਰੁਪਏ ਦੀ ਲਾਗਤ ਨਾਲ 16 ਮੈਗਾ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਜਿਵੇਂ-ਜਿਵੇਂ ਕੋਈ ਮੈਗਾ ਪ੍ਰੋਜੈਕਟ ਆਵੇਗਾ ਤੇ ਪੂੰਜੀ ਨਿਵੇਸ਼ ਕਰੇਗਾ, ਉਸੇ ਤਰੀਕੇ ਨਾਲ ਉਸ ਨੂੰ ਸਮੇਂ-ਸਮੇਂ ਸਿਰ ਰਿਆਇਤਾਂ ਦਿੱਤੀਆਂ ਜਾਣਗੀਆਂ।

ਅੱਗੇ ਸਿੱਖਿਆ ਵਿਭਾਗ ਦੀ ਗੱਲ ਕਰੀਏ ਤਾਂ ਪਿਛਲੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਜਿੰਨਾ ਵੱਡਾ ਨੁਕਸਾਨ ਹੋਇਆ ਹੈ, ਉਨਾ ਕਦੇ ਵੀ ਨਹੀਂ ਹੋਇਆ। ਹੈਰਾਨੀ ਦੀ ਗੱਲ ਹੈ ਕਿ ਪਿਛਲੀ ਸਰਕਾਰ ਨੇ ਪੰਜ ਸਾਲਾਂ ਵਿਚ ਇਕ ਵੀ ਅਧਿਆਪਕ ਭਰਤੀ ਨਹੀਂ ਕੀਤਾ। ਜੇਕਰ ਪੜ੍ਹਾਉਣ ਵਾਲੇ ਅਧਿਆਪਕ ਹੀ ਨਹੀਂ ਤਾਂ ਉਥੇ ਬੱਚੇ ਕਿਸ ਤਰ੍ਹਾਂ ਪੜ੍ਹ ਸਕਦੇ ਹਨ। ਕਾਂਗਰਸ ਵੇਲੇ ਪੰਜਾਬ ਸਿੱਖਿਆ ਦੇ ਮਿਆਰ ਵਿਚ 17ਵੇਂ ਨੰਬਰ ਤੇ ਆ ਗਿਆ ਸੀ ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸੋਚ ਨੇ, ਸਰਦਾਰ ਸੁਖਬੀਰ ਸਿੰਘ ਬਾਦਲ ਦੀ ਸੋਚ ਨੇ ਅਤੇ ਸਿੱਖਿਆ ਮੰਤਰੀ ਸ਼੍ਰੀਮਤੀ ਉਪਿੰਦਰਜੀਤ ਕੌਰ ਜੀ ਦੀ ਸੋਚ ਨੇ ਆਪਣੇ ਚੰਗੇ ਉਪਰਾਲਿਆਂ ਸਦਕਾ 14,000 ਟੀਚਰ ਦੁਬਾਰਾ ਭਰਤੀ ਕੀਤੇ ਹਨ ਅਤੇ ਸਕੂਲਾਂ ਵਿਚ ਹਰ ਸਹੂਲਤ ਪ੍ਰਦਾਨ ਕਰਕੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਿਆ ਹੈ। ਸਪੀਕਰ ਸਾਹਿਬ, ਇਸ ਦੇ ਨਾਲ-ਨਾਲ ਡਾਕਟਰੀ ਸਿੱਖਿਆ ਵੱਲ ਧਿਆਨ ਕੀਤਾ ਗਿਆ ਹੈ। ਅੱਜ ਜਿੱਥੇ ਗਵਰਨਰ ਸਾਹਿਬ ਨੇ ਚਾਨਣਾ ਪਾਇਆ, ਬਾਦਲ ਸਰਕਾਰ ਨੇ ਬਹੁਤ ਉਪਰਾਲਾ ਕੀਤਾ ਅਤੇ ਅੰਮ੍ਰਿਤਸਰ ਵਿੱਚ 182 ਕਰੋੜ ਰੁਪਏ ਦੀ ਲਾਗਤ ਨਾਲ ਨਰਸਿੰਗ ਕਾਲਜ ਅਤੇ ਮੈਡੀਕਲ ਕਾਲਜ ਦਾ ਕੰਮ ਸ਼ੁਰੂ ਕੀਤਾ। ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਨੂੰ 23.8 ਕਰੋੜ ਰੁਪਏ ਦੇ ਕੇ ਬਹੁਤ ਵੱਡੀ ਮਦਦ ਕੀਤੀ ਹੈ ਅਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਲਈ 43.26 ਕਰੋੜ ਰੁਪਏ ਦੇ ਕੇ ਬਹੁਤ ਸ਼ਲਾਘਾਯੋਗ ਕੰਮ ਕੀਤਾ ਹੈ। ਇਥੇ ਹੀ ਬੱਸ ਨਹੀਂ ਆਯੁਰਵੈਦਿਕ ਨੂੰ ਵੀ ਉੱਚਾ ਚੁੱਕਣ ਲਈ ਵੱਖਰਾ ਅਦਾਰਾ ਸਥਾਪਤ ਕੀਤਾ ਹੈ। ਅੱਜ ਹੁਸ਼ਿਆਰਪੁਰ ਵਿਖੇ ਪਹਿਲੀ ਆਯੁਰਵੈਦਿਕ ਯੂਨੀਵਰਸਿਟੀ ਵਿਕਸਿਤ ਕਰਨਾ, ਇਹ ਵੀ ਬਹੁਤ ਹੀ ਦੂਰਅੰਦੇਸ਼ੀ ਦੀ ਗੱਲ ਹੈ, ਸੋਚ ਦੀ ਗੱਲ ਹੈ ਅਤੇ ਇਸ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਥੋੜ੍ਹੀ ਹੈ। ਅੱਜਕੱਲ੍ਹ ਦੇ ਯੁਗ ਵਿੱਚ ਐਲੋਪੈਥੀ ਨੂੰ ਛੱਡ ਕੇ ਆਯੁਰਵੈਦਿਕ ਵੱਲ ਲੋਕਾਂ ਦਾ ਰੁਝਾਨ ਵਧ ਰਿਹਾ ਹੈ। ਇਸ ਨਾਲ ਪੰਜਾਬ ਵਿੱਚ ਟੂਰਿਜ਼ਮ ਨੂੰ ਵੀ ਬੜ੍ਹਾਵਾ ਮਿਲੇਗਾ ਕਿਉਂਕਿ ਲੋਕ ਦੇਸ਼ਾਂ ਵਿਦੇਸ਼ਾਂ ਤੋਂ ਇਥੇ ਇਲਾਜ ਲਈ ਆਉਣਗੇ ਔਰ ਇਹ ਸਹੂਲਤ ਸ਼ਾਇਦ ਹੀ ਕਿਸੇ ਦੂਸਰੇ ਸੂਬੇ ਵਿੱਚ ਹੋਵੇ। ਇਹ ਯੂਨੀਵਰਸਿਟੀ ਬਣਾਉਣ ਲਈ ਪਹਿਲ ਕਦਮੀ ਕਰਕੇ ਬਾਦਲ ਸਾਹਿਬ ਦੀ ਸਰਕਾਰ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ ਜਿਸਦੇ ਨਾਲ ਜਿੱਥੇ ਪੰਜਾਬ ਦਾ ਨਾਮ ਉੱਚਾ ਹੋਵੇਗਾ ਉਥੇ ਖੁਸ਼ਹਾਲੀ ਵੀ ਵਧੇਗੀ। ਮੈਂ ਇਸ ਕਰਕੇ ਬਾਦਲ ਸਾਹਿਬ ਨੂੰ ਦਿਲੋਂ ਮੁਬਾਰਕਬਾਦ ਦਿੰਦਾ ਹਾਂ। ਅੱਜ ਲੋਕ ਐਲੋਪੈਥੀ ਦੀ ਥਾਂ ਆਯੁਰਵੈਦ ਵਿੱਚ ਜ਼ਿਆਦਾ ਵਿਸਵਾਸ਼ ਕਰਦੇ ਹਨ। ਇਸੇ ਤਰ੍ਹਾਂ ਸਪੀਕਰ ਸਾਹਿਬ, ਜਿਸ ਸੂਬੇ ਵਿੱਚ ਸ਼ਹਿਰੀ ਹਵਾਬਾਜ਼ੀ ਦੇ ਖੇਤਰ ਵਿੱਚ ਜੇ ਕਮੀ ਹੈ ਤਾਂ ਉਹ ਤਰੱਕੀ ਨਹੀਂ ਕਰ ਸਕਦਾ ਹੈ। ਖਾਸ ਕਰਕੇ ਪੰਜਾਬ ਦੇ ਬਹੁਤ ਜ਼ਿਆਦਾ ਲੋਕ, ਪੜ੍ਹੇ-ਲਿਖੇ ਬੱਚੇ ਵਿਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਰਬਜੀਤ ਸਿੰਘ ਮੱਕੜ]

ਸ਼ਾਂ ਵਿੱਚ ਰਹਿੰਦੇ ਹਨ ਅਤੇ ਉਨ੍ਹਾਂ ਦੀ ਹਰ-ਰੋਜ਼ ਵਿਦੇਸ਼ਾਂ ਵਿੱਚ ਆਵਾਜਾਈ ਰਹਿੰਦੀ ਹੈ। ਪਹਿਲਾਂ ਦਿੱਲੀ ਤੋਂ ਇਨ੍ਹਾਂ ਦੀ ਆਵਾਜ਼ਾਈ ਰਹਿੰਦੀ ਸੀ ਅਤੇ ਰਸਤੇ ਵਿੱਚ ਕਈ ਵੇਰ ਐਕਸੀਡੈਂਟ ਵੀ ਝੱਲਣੇ ਪੈਂਦੇ ਸਨ। ਉਹ ਦਿੱਲੀ ਜਾ ਕੇ ਫਲਾਇਟ ਫੜ੍ਹਦੇ ਸਨ। ਅੱਜ ਬਹੁਤ ਵੱਡਾ ਮਾਣ ਅਤੇ ਸਤਿਕਾਰ ਸ਼ਹੀਦੇ-ਆਜ਼ਮ ਭਗਤ ਸਿੰਘ ਨੂੰ ਦੇ ਕੇ ਉਨ੍ਹਾਂ ਦੇ ਨਾਂ ਤੇ ਮੁਹਾਲੀ ਵਿਖੇ ਜੋ ਅੰਤਰ-ਰਾਸ਼ਟਰੀ ਹਵਾਈ ਅੱਡਾ ਮਨਜ਼ੂਰ ਕਰਵਾਇਆ ਗਿਆ ਹੈ, ਇਸ ਨਾਲ ਸਾਡੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਪਰਿਵਾਰਾਂ ਦੇ ਮੈਂਬਰਾਂ ਨੂੰ ਬਹੁਤ ਫਾਇਦਾ ਹੋਵੇਗਾ। ਇਸ ਨਾਲ ਜਿੱਥੇ ਪੰਜਾਬ ਦੀ ਕਾਇਆ-ਕਲਪ ਹੋਵੇਗੀ, ਉਥੇ ਹੀ ਸਾਡੇ ਬਜ਼ੁਰਗਾਂ ਅਤੇ ਬੱਚਿਆਂ ਨੂੰ ਆਪਣੇ ਘਰ ਕੋਲ ਉਤਰਨ ਵਿੱਚ ਸੌਖ ਹੋਵੇਗੀ। ਇਸ ਨਾਲ ਜਿੱਥੇ ਮੁਹਾਲੀ ਦਾ, ਪੰਜਾਬ ਦਾ ਨਾਂ ਉਚਾ ਹੋਵੇਗਾ, ਉਥੇ ਇੱਥੇ ਰੋਜ਼ਗਾਰ ਦੇ ਸਾਧਨ ਵੀ ਉਤਪੰਨ ਹੋਣਗੇ ਅਤੇ ਪੰਜਾਬ ਦੇ ਲੋਕਾਂ ਨੂੰ ਇਕ ਬਹੁਤ ਵੱਡੀ ਸਹੂਲਤ ਮਿਲੇਗੀ, ਪੰਜਾਬ ਨੂੰ ਇਕ ਬਹੁਤ ਵੱਡਾ ਪਿਆਰ ਮਿਲ ਸਕੇਗਾ ਅਤੇ ਐਨ.ਆਰ.ਆਈ. ਵੀਰਾਂ ਨੂੰ ਆਪਣੇ ਘਰ ਵਿਚੋਂ ਚੜ੍ਹਨ ਅਤੇ ਉਤਰਨ ਦੀ ਸਹੂਲਤ ਮਿਲ ਸਕੇਗੀ। ਇਸ ਤੋਂ ਇਲਾਵਾ, ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਲੁਧਿਆਣਾ ਨੇੜੇ ਅੰਤਰ-ਰਾਸ਼ਟਰੀ ਹਵਾਈ ਅੱਡੇ ਲਈ ਐਨ.ਓ.ਸੀ. ਪ੍ਰਾਪਤ ਕਰਵਾਇਆ ਹੈ। ਮੈਂ ਉਸ ਬਾਰੇ ਵੀ ਜ਼ਿਕਰ ਕਰਦਾ ਹਾਂ ਕਿ ਉਸ ਦੀ ਬਹੁਤ ਵੱਡੀ ਲੋੜ ਸੀ। ਰਾਜਾ ਸਾਂਸੀ ਹਵਾਈ ਅੱਡੇ, ਅੰਮ੍ਰਿਤਸਰ, ਦੇ ਨਵੀਨੀਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਹ ਵੀ ਇਕ ਸ਼ਲਾਘਾਯੋਗ ਕਦਮ ਹੈ ਪਰ ਇਸਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਸੈਂਟਰ ਦੀ ਸਰਕਾਰ ਨੇ ਉਥੇ ਫੇਰ ਇਕ ਪ੍ਰਾਬਲਮ ਖੜ੍ਹੀ ਕਰ ਦਿਤੀ ਹੈ। ਉਥੋਂ ਦੇ ਟੈਰਿਫ ਚਾਰਜਿਜ਼ ਇੰਨੇ ਵਧਾ ਦਿੱਤੇ ਹਨ ਕਿ ਉਥੇ ਹੁਣ ਬਹੁਤ ਸਾਰੀਆਂ ਫਲਾਈਟਾਂ ਉਤਰਨੀਆਂ ਬੰਦ ਹੋ ਗਈਆਂ ਹਨ ਅਤੇ ਮੁੜ ਉਨ੍ਹਾਂ ਨੂੰ ਫਿਰ ਦਿੱਲੀ ਜਾਣਾ ਪੈਂਦਾ ਹੈ। ਸਾਡੇ ਮਾਨਯੋਗ ਮੁੱਖ ਮੰਤਰੀ ਜੀ ਇਸ ਦਾ ਨਵੀਨੀਕਰਨ ਚਾਹੁੰਦੇ ਹਨ ਕਿਉਂਕਿ ਵਿਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਨੂੰ ਇਕ ਤਾਂ ਆਉਂਦੇ ਹੀ ਦਰਬਾਰ ਸਾਹਿਬ ਦੇ ਦਰਸ਼ਨ ਹੋ ਜਾਂਦੇ ਹਨ ਅਤੇ ਇਸ ਦੇ ਨਾਲ ਪੰਜਾਬ ਦੇ ਇਕ ਕੋਨੇ ਤੋਂ ਸ਼ੁਰੂ ਹੋ ਕੇ ਆਪਣੇ ਸ਼ਹਿਰ ਵਿੱਚ ਜਾਣ ਵਾਸਤੇ ਸੌਖਾ ਹੋ ਜਾਂਦਾ ਹੈ। ਬਠਿੰਡਾ ਜਿੱਥੇ ਕਿ ਪਹਿਲਾਂ ਕੋਈ ਵੀ ਹਵਾਈ ਸੇਵਾ ਦਾ ਇੰਤਜ਼ਾਮ ਨਹੀਂ ਸੀ, ਉਥੇ ਵੀ ਇਹ ਸੇਵਾ ਸ਼ੁਰੂ ਕਰਨ ਦਾ ਉਪਰਾਲਾ ਸਾਡੇ ਮੁੱਖ ਮੰਤਰੀ ਜੀ ਅਤੇ ਉਪ ਮੁੱਖ ਮੰਤਰੀ ਜੀ ਨੇ ਕੀਤਾ ਹੈ। ਉਨ੍ਹਾਂ ਨੇ ਲੋਕਾਂ ਨੂੰ ਇਹ ਸਹੂਲਤ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਖਾਸ ਤੌਰ ਤੇ ਬਠਿੰਡਾ ਵਿਖੇ ਇੰਡੀਅਨ ਏਅਰ ਲਾਈਨਜ਼ ਦਾ ਸਟੇਸ਼ਨ ਬਣਾ ਕੇ ਇਹ ਸਹੂਲਤ ਮੁਹੱਈਆ ਕੀਤੀ ਹੈ। ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਅੱਗੇ ਵੀ ਇੱਕ ਵਾਰੀ ਆਦਮਪੁਰ ਦੀ ਗੱਲ ਕੀਤੀ ਸੀ। ਉਥੇ ਏਅਰ ਫੋਰਸ ਦਾ ਵੱਡਾ ਸਟੇਸ਼ਨ ਹੈ ਜਿੱਥੇ ਆਸਾਨੀ ਨਾਲ ਇਸ ਤਰੀਕੇ ਦਾ ਸਟੇਸ਼ਨ ਬਣਾਇਆ ਜਾ ਸਕਦਾ ਹੈ। ਇਸ ਦੇ ਆਸਪਾਸ ਅਨੇਕਾਂ ਐਨ.ਆਰ.ਆਈਜ਼ ਦੇ ਘਰ ਹਨ ਜਿਹੜੇ ਬਾਹਰ ਗਏ ਹੋਏ ਹਨ। ਚਾਹੇ ਹੁਸ਼ਿਆਰਪੁਰ ਹੈ, ਚਾਹੇ ਕਪੂਰਥਲਾ ਹੈ, ਚਾਹੇ ਜਲੰਧਰ ਹੈ। ਉਨ੍ਹਾਂ ਨੂੰ ਇਸ ਤਰ੍ਹਾਂ ਬਹੁਤ ਵੱਡੀ ਸਹੂਲਤ ਮਿਲ ਸਕਦੀ ਹੈ ਕਿਉਂਕਿ ਆਦਮਪੁਰ ਸਾਰੇ ਹਲਕਿਆਂ ਨਾਲ ਪੈਂਦਾ ਹੈ। ਆਦਮਪੁਰ ਜਲੰਧਰ ਦੇ ਬਾਰਡਰ ਤੇ ਹੈ। ਮੈਂ ਬੇਨਤੀ ਕਰਾਂਗਾ ਕਿ ਇੱਕ ਹੋਰ ਇਸ ਤਰ੍ਹਾਂ ਦਾ ਏਅਰ ਫੋਰਸ ਸਟੇਸ਼ਨ ਮਨਜ਼ੂਰ ਕਰਵਾਇਆ ਜਾਵੇ। ਅਜੇ ਬਾਦਲ ਸਾਹਿਬ ਨੇ ਬਹੁਤ ਸਾਰੇ ਸੁਪਨੇ ਲੋਕਾਂ ਦੇ ਸਾਕਾਰ ਕਰਨੇ ਹਨ। ਇਸ ਤਰ੍ਹਾਂ ਇਸ ਪ੍ਰਾਜੈਕਟ ਦੇ

Original with;
Punjab Vidhan Sabha
Digitized by;
Panjab Digital Library

ਮਨਜ਼ੂਰ ਹੋਣ ਨਾਲ ਲੋਕਾਂ ਨੂੰ ਬਹੁਤ ਵੱਡਾ ਇਨਸਾਫ ਮਿਲੇਗਾ ਔਰ ਏਅਰ ਫੋਰਸ ਸਟੇਸ਼ਨ ਨਾਲ ਲੋਕਾਂ ਨੂੰ ਬਹੁਤ ਵੱਡੀ ਸਹੂਲਤ ਮਿਲੇਗੀ। ਮੇਰੀ ਬੇਨਤੀ ਹੈ ਕਿ ਇਸ ਨੂੰ ਵੀ ਨਾਲ-ਨਾਲ ਮਨਜ਼ੂਰ ਕਰਵਾਇਆ ਜਾਵੇ। ਦਾਸ ਆਦਮਪੁਰ ਵਿਚ ਸੇਵਾ ਕਰਦਾ ਹੈ ਤੇ ਦਾਸ ਹਮੇਸ਼ਾ ਇਸਦਾ ਧੰਨਵਾਦੀ ਰਹੇਗਾ।

ਸਪੀਕਰ ਸਾਹਿਬ, ਮੈਂ ਗੱਲ ਕਰਦਾ ਹਾਂ, ਖੇਤੀਬਾੜੀ ਦੀ। ਖੇਤੀਬਾੜੀ ਦੇ ਸਿਰ ਤੇ ਪੰਜਾਬ ਸੋਨੇ ਦੀ ਚਿੜੀ ਕਹਾਉਂਦਾ ਰਿਹਾ ਹੈ। ਖੇਤੀਬਾੜੀ ਨੂੰ ਅੱਗੇ ਲਿਜਾਉਣ ਵਾਸਤੇ ਜਦੋਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਈ ਹੈ, ਇਸ ਨੇ ਹਮੇਸ਼ਾ ਹੀ ਆਪਣੇ ਕਿਸਾਨਾਂ ਦੀ ਸਹਾਇਤਾ ਕੀਤੀ ਹੈ ਪਰ ਇਸ ਦੇ ਉਲਟ ਹਮੇਸ਼ਾ ਹੀ ਜਦੋਂ ਸੈਂਟਰ ਵਿਚ ਕਦੀ ਵੀ ਕਾਂਗਰਸ ਸਰਕਾਰ ਆਈ ਹੈ, ਉਸ ਨੇ ਇਨ੍ਹਾਂ ਨੂੰ ਹਮੇਸ਼ਾ ਹੀ ਤਹਿਸ-ਨਹਿਸ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੰਜਾਬ ਦੇਸ਼ ਦਾ ਵੱਡਾ ਅੰਨ ਭੰਡਾਰ ਰਿਹਾ ਹੈ। ਅੱਜ ਜੇ ਭੰਡਾਰਾਂ ਦੀ ਗਿਣਤੀ ਵੇਖੀਏ ਤੇ ਜ਼ਮੀਨ ਦੀ ਗਿਣਤੀ ਵੇਖੀਏ ਕਿ ਕਿੰਨੀ ਜ਼ਮੀਨ ਹੈ। ਪੰਜਾਬ ਕੋਲ ਸਿਰਫ 1.5% ਜ਼ਮੀਨ ਹੈ। ਇਸ ਵਿਚ 40 ਤੋਂ 50% ਚਾਵਲ ਦਾ ਹਿੱਸਾ ਪੰਜਾਬ ਕੇਂਦਰੀ ਅਨਾਜ ਭੰਡਾਰ ਵਿਚ ਪਾਉਂਦਾ ਹੈ। 50 ਤੋਂ 75% ਕਣਕ ਦਾ ਯੋਗਦਾਨ ਪਾਉਂਦਾ ਹੈ। ਪਰ ਹਮੇਸ਼ਾ ਹੀ ਇਸ ਨੂੰ ਅਣਗੌਲਿਆ ਕਰਕੇ ਫਸਲ ਦਾ ਮੁੱਲ ਦਿੱਤਾ ਜਾਂਦਾ ਰਿਹਾ ਹੈ। ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਵੀ ਫੁਰਮਾਇਆ ਹੈ ਕਿ ਕੇਂਦਰੀ ਭੰਡਾਰ ਵਿਚ ਸਾਡੇ ਮੁੱਖ ਯੋਗਦਾਨ ਦੇ ਬਾਵਜੂਦ ਵੀ ਰਾਜ ਨੂੰ ਚਾਵਲਾਂ ਲਈ ਨੈਸ਼ਨਲ ਫੂਡ ਸਿਕਿਓਰਟੀ ਮਿਸ਼ਨ ਵਿਚ ਸ਼ਾਮਲ ਨਹੀਂ ਕੀਤਾ ਗਿਆ। ਇਹੋ ਜਿਹੀਆਂ ਦੁਰਭਾਗੀਆਂ ਗੱਲਾਂ ਨਾਲ ਪੰਜਾਬ ਦਾ ਨੁਕਸਾਨ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਕਿਸ ਤਰੀਕੇ ਨਾਲ ਪਾਣੀਆਂ ਦੇ ਮਾਮਲੇ ਵਿੱਚ, ਕੀਮਤਾਂ ਦੇ ਮਾਮਲੇ ਵਿਚ ਪੰਜਾਬ ਨਾਲ ਧੱਕਾ ਕੀਤਾ ਜਾ ਰਿਹਾ ਹੈ। ਪੰਜਾਬ ਵਿਚ ਪਾਣੀ ਪੂਰਾ ਨਹੀਂ ਹੋ ਰਿਹਾ। ਇਸ ਵਾਸਤੇ ਸੈਂਟਰ ਨੇ ਕਦੀ ਵੀ ਕੋਈ ਉਪਰਾਲਾ ਨਹੀਂ ਕੀਤਾ। ਮੈਂ ਬੜੇ ਮਾਣ ਨਾਲ ਕਹਿਣਾ ਚਾਹੁੰਦਾ ਹਾਂ ਕਿ ਦੋ ਸਾਲ ਵਿਚ ਬਾਦਲ ਸਾਹਿਬ ਦੀ ਸਰਕਾਰ ਨੇ ਬਹੁਤ ਕੁਝ ਕੀਤਾ ਹੈ, ਖੇਤੀਬਾੜੀ ਵਿਚ ਕਾਫੀ ਕੁਝ ਕੀਤਾ ਹੈ। ਪ੍ਰਯੋਗਸ਼ਲਾਵਾਂ ਬਣਾਈਆਂ ਹਨ। ਚੰਗੇ ਸੀਡ ਦਿੱਤੇ ਹਨ, ਔਜ਼ਾਰ ਦਿੱਤੇ ਹਨ। ਮੰਡੀਕਰਨ ਵਾਸਤੇ ਵੱਖਰੇ ਫੰਡਜ਼ ਰੱਖੇ ਗਏ ਹਨ ਤਾਂ ਕਿ ਕਿਸਾਨਾਂ ਨੂੰ ਮੌਕੇ ਤੇ ਹੀ ਪੇਮੈਂਟ ਕੀਤੀ ਜਾ ਸਕੇ। ਇਸ ਤਰ੍ਹਾਂ ਕਿਸਾਨਾਂ ਨੂੰ ਬਹੁਤ ਵੱਡਾ ਲਾਭ ਪ੍ਰਾਪਤ ਹੋਇਆ ਹੈ। ਤਕਰੀਬਨ 12% ਲਾਭ ਸਾਡੀ ਸਰਕਾਰ ਨੇ ਕਿਸਾਨਾਂ ਨੂੰ ਪਹੁੰਚਾਇਆ ਹੈ ਕਿਉਂਕਿ ਪਹਿਲਾਂ ਕਿਸਾਨਾਂ ਨੂੰ 60% ਘਾਟਾ ਸ਼ੁਰੂ ਹੋ ਗਿਆ ਸੀ ਤੇ ਕਣਕ ਵਿਚ 60% ਘਾਟਾ ਸੀ, ਜਦੋਂ ਸਾਡੀ ਸਰਕਾਰ ਆਈ ਉਦੋਂ 41% ਝੋਨੇ ਵਿਚ ਘਾਟਾ ਸੀ ਪਰ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਜੋ ਆਪ ਕਿਸਾਨ ਹਨ ਤੇ ਸਰਪੰਚੀ ਤੋਂ ਸ਼ੁਰੂ ਹੋਏ ਹਨ, ਉਨ੍ਹਾਂ ਨੇ ਆਪਣਾ ਐਕਸਪੀਰੀਐਂਸ ਦੇਖ ਕੇ ਛੋਟੇ ਤੋਂ ਛੋਟੇ ਕਿਸਾਨ ਨੂੰ ਪ੍ਰਾਫਿਟ ਵਿੱਚ ਪਹੁੰਚਾਇਆ ਹੈ ਔਰ ਇਹ ਘਾਟਾ ਪੂਰਾ ਕੀਤਾ ਗਿਆ ਹੈ। ਇਸ ਦੀ ਬੜੀ ਵੱਡੀ ਖੁਸ਼ੀ ਕਿਸਾਨ ਮਹਿਸੂਸ ਕਰ ਰਿਹਾ ਹੈ। ਸਪੀਕਰ ਸਾਹਿਬ, ਪੰਜਾਬ ਵਿਚ ਪਾਣੀ ਦਾ ਸੋਮਾ ਖਤਮ ਹੁੰਦਾ ਜਾ ਰਿਹਾ ਹੈ। ਅਸੀਂ ਆਪਣੀ ਧਰਤੀ ਦੀ ਤਾਕਤ ਆਪਣੇ ਦੇਸ਼ ਲਈ ਲਗਾ ਰਹੇ ਹਾਂ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਇੱਕ ਤੁਪਕਾ ਪਾਣੀ ਵੀ ਬਾਹਰ ਨਹੀਂ ਜਾਣ ਦਿੱਤਾ ਜਾਵੇਗਾ, ਚਾਹੇ ਕਿੰਨੀਆਂ ਲਿੰਕ ਨਹਿਰਾਂ ਬਣਾਉਣੀਆਂ ਪੈਣ, ਚਾਹੇ ਜੋ ਮਰਜ਼ੀ ਕਰਨਾ ਪਵੇ। ਇਹ ਦ੍ਰਿੜ੍ਹਤਾ ਸਾਡੇ ਮੁੱਖ ਮੰਤਰੀ ਸਾਹਿਬ ਨੇ ਰੱਖੀ ਹੈ। ਜੇ ਇਹ ਦ੍ਰਿੜ੍ਹਤਾ ਨਾ ਰੱਖੀ ਹੁੰਦੀ ਤੇ ਬਹੁਤ ਵੱਡਾ ਘਾਟਾ ਪਿਆ ਹੋਣਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਰਬਜੀਤ ਸਿੰਘ ਮੱਕੜ]

ਸੀ ਤੇ ਹੋਰ ਘਾਟਾ ਵੀ ਪੈ ਸਕਦਾ ਸੀ। ਮੈਂ ਗੱਲ ਕਰਦਾ ਹਾਂ, ਸਹਿਕਾਰਤਾ ਦੀ। ਜੇ ਸਹਿਕਾਰਤਾ ਦੇ ਖੇਤਰ ਤੇ ਗੱਲ ਕਰੀਏ ਤੇ ਗਵਰਨਰ ਸਾਹਿਬ ਨੇ ਫ਼ੁਰਮਾਇਆ ਹੈ ਕਿ ਦਿਹਾਤੀ ਖੇਤਰਾਂ ਵਿਚ ਵਿਕਾਸ ਲਈ ਸਾਲ 2008-09 ਦੌਰਾਨ ਸਹਿਕਾਰੀ ਬੈਂਕਾਂ ਨੇ 5125 ਕਰੋੜ ਰੁਪਏ ਦੇ ਸ਼ਾਰਟ ਟਰਮ ਕਰਜ਼ੇ ਦਿੱਤੇ ਹਨ ਤਾਂ ਕਿ ਕਿਸਾਨ ਨੂੰ ਕਿਸੇ ਦੇ ਮੂਹਰੇ ਹੱਥ ਨਾ ਅੱਡਣਾ ਪਵੇ। ਕਿਸਾਨ ਨੂੰ ਸੌਖੇ ਤੌਰ ਤੇ ਆਪਣੀ ਜ਼ਮੀਨ ਦੇ ਸਿਰ ਤੇ ਇਸ ਗੱਲ ਦਾ ਲਾਭ ਮਿਲ ਸਕੇ। 276 ਕਰੋੜ ਲੌਂਗ ਟਰਮ ਕਰਜ਼ੇ ਦਿੱਤੇ ਹਨ। 19,000 ਤੋਂ ਵੱਧ ਔਰਤਾਂ ਨੂੰ 390 ਡੇਅਰੀ ਸੁਸਾਇਟੀਆਂ ਵਿੱਚ ਸ਼ਾਮਲ ਕਰਕੇ ਇੱਜ਼ਤ ਅਤੇ ਮਾਣ ਬਖਸ਼ਿਆ ਹੈ। ਇਸੇ ਤਰ੍ਹਾਂ ਭਾਈ ਘਨ੍ਹੱਈਆ ਟਰੱਸਟ ਸਿਹਤ ਸੰਭਾਲ ਸਕੀਮ ਲਾਗੂ ਕਰਕੇ ਇੱਕ ਬਹੁਤ ਵੱਡੀ ਸਹੂਲਤ ਪ੍ਰਦਾਨ ਕੀਤੀ ਹੈ ਜਿਸ ਨਾਲ ਹਰ ਪ੍ਰਾਣੀ ਇਸ ਵਿੱਚੋਂ ਦੋ ਲੱਖ ਰੁਪਏ ਦਾ ਇਲਾਜ ਕਰਵਾ ਸਕੇਗਾ। ਇਹ ਛੋਟ 1 ਅਕਤੂਬਰ, 2008 ਤੋਂ ਚਾਲੂ ਹੋ ਚੁੱਕੀ ਹੈ। ਇਸ ਦੇ 1 ਲੱਖ 83 ਹਜ਼ਾਰ ਮੈਂਬਰ ਬਣ ਚੁੱਕੇ ਹਨ। ਮੈਂ ਬੜੀ ਵੱਡੀ ਖੁਸ਼ੀ ਮਹਿਸੂਸ ਕਰਦਾ ਹਾਂ ਸਹਿਕਾਰਤਾ ਮੰਤਰੀ ਜੀ ਨੇ ਜਿਥੇ ਇਹ ਬੜਾ ਵੱਡਾ ਕੰਮ ਕੀਤਾ ਹੈ, ਉਥੇ ਬੰਦ ਪਈਆਂ ਬਿਮਾਰ ਗੰਨਾ ਮਿੱਲਾਂ, ਖੰਡ ਮਿੱਲਾਂ ਨੂੰ ਇੱਕ ਸ਼ਕਤੀ ਪ੍ਰਦਾਨ ਕੀਤੀ ਹੈ, ਜਿਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਅਤੇ ਉਸ ਦੀ ਸਰਕਾਰ ਨੇ ਵੇਚਣ ਦਾ ਫੈਸਲਾ ਕੀਤਾ ਸੀ। ਉਨ੍ਹਾਂ ਨੇ ਅਨਾਊਂਸਮੈਂਟ ਕਰ ਦਿੱਤੀ ਸੀ ਕਿ ਅਸੀਂ ਇਨ੍ਹਾਂ ਨੂੰ ਵੇਚ ਦੇਣਾ ਹੈ। ਅਸੀਂ ਉਸ ਸਮੇਂ ਆਪੋਜ਼ੀਸ਼ਨ ਵਿੱਚ ਹੁੰਦੇ ਹੋਏ ਇਸ ਤੇ ਪੂਰਾ ਪਹਿਰਾ ਦਿੱਤਾ ਸੀ। ਸਾਡੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸਾਨੂੰ ਨਿਰਦੇਸ਼ ਦਿੱਤਾ ਸੀ ਕਿ ਇਹ ਜਿਹੜੀਆਂ ਮਿੱਲਾਂ ਹਨ, ਇਹ ਪੰਜਾਬ ਦੀ ਜਿੰਦ-ਜਾਨ ਹਨ, ਇਹ ਕਿਸਾਨ ਦੀ ਜਿੰਦ-ਜਾਨ ਹਨ। ਇਨ੍ਹਾਂ ਮਿੱਲਾਂ ਨੂੰ ਆਪਾਂ ਅਜਾਈਂ ਨਹੀਂ ਜਾਣ ਦੇਣਾ। ਇਹ ਮਿੱਲਾਂ ਬੜੀਆਂ ਮਿਹਨਤ ਨਾਲ ਬਣਾਈਆਂ ਹਨ। ਆਪਾਂ ਇਨ੍ਹਾਂ ਦਾ ਨਵੀਨੀਕਰਨ ਕਰਨਾ ਹੈ। ਇਨ੍ਹਾਂ ਮਿੱਲਾਂ ਦੀ ਮਾਰਕੀਟਿੰਗ ਵਾਸਤੇ ਹੋਰ ਕਈ ਉਪਰਾਲੇ ਕਰਨੇ ਹਨ। ਮੈਂ ਧੰਨਵਾਦੀ ਹਾਂ ਕਿ ਇਨ੍ਹਾਂ ਦੀ ਅਗਵਾਈ ਵਿੱਚ ਕੈਪਟਨ ਕੰਵਲਜੀਤ ਸਿੰਘ ਜੀ ਨੇ ਵੱਡਾ ਉਪਰਾਲਾ ਕਰਕੇ ਇੱਕ ਕਰੋੜ ਰੁਪਏ ਦੀ ਪਹਿਲੀ ਪੂੰਜੀ ਨਿਵੇਸ਼ ਕਰਵਾ ਕੇ ਇਨ੍ਹਾਂ ਮਿੱਲਾਂ ਨੂੰ ਵੱਡਾ ਕਰਨ ਦਾ ਸੱਦਾ ਦਿੱਤਾ ਹੈ ਔਰ ਇਸ ਸੰਬੰਧੀ ਨੀਂਹ ਪੱਥਰ ਰੱਖਿਆ ਹੈ। ਮੈਂ ਇਹ ਗੱਲ ਕਰਨੋਂ ਰਹਿ ਨਹੀਂ ਸਕਦਾ, 185 ਕਰੋੜ ਰੁਪਏ ਨਾਲ ਭੋਗਪੁਰ ਮਿੱਲ, ਜਿਹੜੀ ਇਸ ਵੇਲੇ ਆਦਮਪੁਰ ਹਲਕੇ ਵਿੱਚ ਪੈਂਦੀ ਹੈ, ਉਸ ਦਾ ਨਵੀਨੀਕਰਨ ਹੋਣਾ ਸ਼ੁਰੂ ਹੋ ਗਿਆ ਹੈ। ਇਸ ਦੇ ਨਾਲ-ਨਾਲ ਕਿਸਾਨ ਵਿੱਚ ਇੱਕ ਲਹਿਰ ਬਣ ਗਈ ਕਿ ਮੈਂ ਆਉਣ ਵਾਲੇ ਸਮੇਂ ਵਿੱਚ ਖੇਤੀ ਨੂੰ ਹੋਰ ਅੱਗੇ ਲੈ ਕੇ ਜਾਣਾ ਹੈ। ਜੇ ਹੁਣ 10 ਖੇਤ ਹਨ ਤਾਂ ਅੱਗੇ ਨੂੰ 15 ਖੇਤ ਬੀਜਾਂਗਾਂ। ਅੱਗੇ 3-3 ਦਿਨ ਦੂਜੀ ਮਿੱਲ ਵਿੱਚ 100 ਕਿਲੋਮੀਟਰ ਦੂਰ ਜਾਣਾ ਪੈਂਦਾ ਸੀ। ਉਨ੍ਹਾਂ ਨੂੰ ਉਥੇ ਇਨਸਾਫ ਨਹੀਂ ਸੀ ਮਿਲਦਾ, ਪ੍ਰਾਈਵੇਟ ਮਿੱਲ ਵਾਲੇ ਇਨਸਾਫ ਨਹੀਂ ਸੀ ਦਿੰਦੇ। ਉਨ੍ਹਾਂ ਨੂੰ ਘੱਟ ਤੋਲ ਮਿਲਦਾ ਸੀ। ਅੱਜ ਘਰ ਵਿੱਚ ਮਾਰਕੀਟ ਮਿਲ ਗਈ ਹੈ। ਆਉਣ ਵਾਲੇ ਸਮੇਂ ਵਿੱਚ ਜਿਥੇ ਮਿੱਲ ਵੱਡੀ ਕੀਤੀ ਗਈ ਹੈ, ਉਥੇ ਵੱਡੀ ਮਾਰਕੀਟਿੰਗ ਪੈਦਾ ਹੋਏਗੀ।

ਸਪੀਕਰ ਸਾਹਿਬ, ਕੱਲ੍ਹ ਅਸੀਂ ਜਿਹੜਾ ਛੱਪੜਾਂ ਦਾ ਮਤਾ ਪਾਸ ਕਰ ਰਹੇ ਸੀ, ਉਸ ਦੇ ਨਾਲ-ਨਾਲ ਪਰਾਲੀ ਦੀ ਗੱਲ ਕੀਤੀ ਗਈ, ਕਣਕ ਦੇ ਨਾੜ ਦੀ ਗੱਲ ਕੀਤੀ ਗਈ, ਘਾਹ-ਫੂਸ ਦੀ ਗੱਲ ਕੀਤੀ ਗਈ ਲੇਕਿਨ ਉਸੇ ਚਿੰਤਾ ਵਿੱਚ ਸ਼ਾਮਿਲ ਹੋਣ ਵਾਲੀ ਗੱਲ ਹੈ ਕਿ ਅੱਜ ਇਨ੍ਹਾਂ ਮਿੱਲਾਂ ਨੂੰ ਵੱਡਾ ਕੀਤਾ ਗਿਆ ਤਾਂ ਕਿ ਇਹ ਗੰਨਾ ਜ਼ਿਆਦਾ ਪੀੜ

Original with;
Punjab Vidhan Sabha
Digitized by;
Panjab Digital Library

ਸਕਣ, ਜ਼ਿਆਦਾ ਮਾਰਕੀਟਿੰਗ ਗੰਨੇ ਦੀ ਹੋ ਸਕੇ ਅਤੇ ਖੰਡ ਜ਼ਿਆਦਾ ਬਣ ਸਕੇ। ਵੇਸਟੇਜ, ਪਰਾਲੀ ਅਤੇ ਨਾੜ ਸਾੜ ਕੇ ਬਿਜਲੀ ਪੈਦਾ ਕੀਤੀ ਜਾਏਗੀ ਜਿਸ ਨਾਲ 150 ਮੈਗਾਵਾਟ ਬਿਜਲੀ ਉਤਪਾਦਨ ਹੋਏਗੀ। ਇਸ ਨਾਲ ਆਉਣ ਵਾਲੇ ਸਮੇਂ ਵਿੱਚ ਵਾਤਾਵਰਣ ਵੀ ਸ਼ੁੱਧ ਹੋਏਗਾ ਅਤੇ ਕਿਸਾਨਾਂ ਦੀ ਇਨਕਮ ਵੀ ਵਧੇਗੀ। ਇਸ ਦੇ ਨਾਲ ਹੀ ਜਿਹੜਾ ਕਾਨੂੰਨ ਪਾਸ ਕਰਨਾ ਚਾਹੁੰਦੇ ਹਾਂ, ਰੈਜ਼ੋਲਿਊਸ਼ਨ ਲਿਆਉਣਾ ਚਾਹੁੰਦੇ ਹਾਂ, ਉਨ੍ਹਾਂ ਦੇ ਵਾਸਤੇ ਇੰਤਜ਼ਾਮ ਸਰਕਾਰ ਕਰ ਸਕੇਗੀ। ਇਸ ਗੱਲ ਦੀ ਬਹੁਤ ਵੱਡੀ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਲੋਕ ਨਿਰਮਾਣ ਉਤੇ ਜੇ ਨਜ਼ਰ ਮਾਰੀਏ ਤਾਂ ਕਿਸੇ ਵੇਲੇ ਸਮਾਂ ਸੀ ਕਿ ਜਦੋਂ ਅਸੀਂ ਘਰਾਂ ਤੋਂ ਨਿਕਲਦੇ ਸੀ, ਤਾਂ ਸਾਨੂੰ ਅੱਧਾ ਘੰਟਾ ਪਹਿਲਾਂ ਨਿਕਲਣਾ ਪੈਂਦਾ ਸੀ। ਜੇ ਜਲੰਧਰ ਵਿੱਚ ਕਿਸੇ ਥਾਂ ਤੋਂ ਬਾਹਰ ਕਿਸੇ ਥਾਂ ਤੇ ਜਾਣਾ ਪੈਂਦਾ ਸੀ ਤਾਂ ਸਾਨੂੰ ਫਾਟਕ ਬੰਦ ਮਿਲਦੇ ਸੀ ਕਿਉਂਕਿ ਜਦੋਂ ਤੋਂ ਹਿੰਦੁਸਤਾਨ-ਪਾਕਿਸਤਾਨ ਬਣਿਆ, ਜਦੋਂ ਰੇਲ ਲਾਈਨਾਂ ਬਣਾਈਆਂ ਗਈਆਂ ਸਨ, ਇਹ ਫਾਟਕ ਉਦੋਂ ਤੋਂ ਕੰਮ ਕਰ ਰਹੇ ਸੀ। ਅੱਜ ਪੰਜਾਬ ਸਰਕਾਰ ਨੇ ਬਹੁਤ ਵੱਡਾ ਪਰਿਵਰਤਨ ਲਿਆਂਦਾ ਹੈ। ਪਹਿਲਾਂ ਜਦੋਂ ਜਲੰਧਰ ਸ਼ਹਿਰ ਵਿੱਚੋਂ ਬਾਹਰ ਨਿਕਲਣਾ ਪੈਂਦਾ ਸੀ ਤਾਂ ਸਾਨੂੰ ਫਾਟਕ ਬੰਦ ਮਿਲਦਾ ਸੀ। ਚਾਹੇ ਸਦਰ ਥਾਣਾ, ਚਾਹੇ ਅੰਮ੍ਰਿਤਸਰ ਰੋਡ ਤੇ ਚਾਹੇ ਡੀ.ਏ.ਵੀ. ਰੋਡ ਤੇ ਹੋਈਏ, ਸਾਨੂੰ 20 ਮਿੰਟ ਰੁਕਣ ਤੋਂ ਬਾਅਦ ਜਾਣਾ ਪੈਂਦਾ ਸੀ। ਜੇਕਰ ਕੋਟਕਪੂਰੇ ਜਾਂ ਮੁਰਿੰਡੇ ਜਾਣਾ ਪੈਂਦਾ ਸੀ ਤਾਂ ਫਾਟਕ ਬੰਦ ਮਿਲਦਾ ਸੀ। ਅੱਜ ਹਰ ਇਨਸਾਨ ਮਹਿਸੂਸ ਕਰਦਾ ਹੈ ਕਿ ਪੰਜਾਬ ਸਰਕਾਰ ਨੇ ਰੇਲਵੇ ਓਵਰ ਬ੍ਰਿਜ ਬਣਾ ਕੇ ਨਵਾਂ ਪਰਿਵਰਤਨ ਲਿਆਂਦਾ ਹੈ। ਅੱਜ ਸਾਨੂੰ ਟਾਈਮ ਦੀ ਬਚਤ ਹੋਈ ਹੈ, ਅੱਜ ਟਰੈਫਿਕ ਨੂੰ ਬੜਾ ਵੱਡਾ ਸਹਾਰਾ ਮਿਲਿਆ ਹੈ ਕਿਉਂਕਿ ਟਰੈਫਿਕ ਵਿੱਚ ਹਰ ਇਨਸਾਨ, ਚਾਹੇ ਗਰੀਬ ਨੂੰ, ਅਮੀਰ ਨੂੰ, ਵਪਾਰੀ ਨੂੰ, ਹਰ ਇੱਕ ਇਨਸਾਨ ਨੂੰ ਗੁਜ਼ਰਨਾ ਪੈਂਦਾ ਹੈ। ਇਹ ਵਿਵਸਥਾ ਕਰਕੇ ਬੜਾ ਵੱਡਾ ਉਪਰਾਲਾ ਕੀਤਾ ਹੈ। ਜਦ ਐਨ.ਆਰ.ਆਈ. ਵੀਰ ਪੰਜਾਬ ਵਿੱਚ ਪ੍ਰਵੇਸ਼ ਕਰਦੇ ਹਨ ਤਾਂ ਉਨ੍ਹਾਂ ਦੇ ਮਨਾਂ ਵਿੱਚ ਇੱਕ ਗੱਲ ਹੁੰਦੀ ਹੈ ਕਿ ਪੰਜਾਬ ਸਰਕਾਰ ਨੇ ਜਿਹੜਾ ਪਰਿਵਰਤਨ ਲਿਆਂਦਾ ਹੈ, ਜੋ ਬਾਦਲ ਸਾਹਿਬ ਨੇ ਪਰਿਵਰਤਨ ਲਿਆਂਦਾ ਹੈ, ਇਹ ਬੜਾ ਵੱਡਾ ਪਰਿਵਰਤਨ ਹੈ। ਜੇਕਰ ਮੈਂ ਇਸ ਨੂੰ ਡਿਟੇਲ ਦੇ ਵਿਚ ਦੱਸਾਂ ਤਾਂ ਇਹ ਕਾਫੀ ਵੱਡੀ ਡਿਟੇਲ ਹੈ। 16 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ 4 ਐਕਸਪ੍ਰੈਸ ਵੇਅਜ਼ ਨੂੰ ਮੁਕੰਮਲ ਕੀਤਾ ਜਾਵੇਗਾ। ਇਸ ਦੇ ਲਈ ਢਾਂਚਾ ਫਿਕਸ ਕਰ ਲਿਆ ਗਿਆ ਹੈ। ਇਹ ਇੰਨੀ ਵੱਡੀ ਸੋਚ ਸਰਦਾਰ ਸੁਖਬੀਰ ਸਿੰਘ ਬਾਦਲ ਜੋ ਕਿ ਬਾਹਰੋਂ ਤਾਲੀਮ ਹਾਸਲ ਕਰਕੇ ਆਏ ਹਨ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸੋਚ ਸਦਕਾ ਹੀ ਹੋਇਆ ਹੈ। ਇਨ੍ਹਾਂ 4 ਐਕਸਪ੍ਰੈਸ ਵੇਅਜ਼ ਨੂੰ ਜਲਦੀ ਮੁਕੰਮਲ ਕੀਤਾ ਜਾਵੇਗਾ। 778 ਕਰੋੜ ਰੁਪਏ ਦੀ ਲਾਗਤ ਨਾਲ ਕੁਝ ਸੜਕਾਂ ਫੋਰ ਲੇਨਜ਼ ਬਣਨਗੀਆਂ। ਇਸ ਤੋਂ ਇਲਾਵਾ 3475 ਕਰੋੜ ਰੁਪਏ ਦੀ ਲਾਗਤ ਨਾਲ ਦੋ ਰਾਜ ਮਾਰਗਾਂ ਨੂੰ 6 ਲਾਈਨ ਮਾਰਗ ਬਣਾਇਆ ਜਾਵੇਗਾ। ਅੱਜ ਜਿਹੜੇ ਦੇਸ਼ ਸਾਡੇ ਨਾਲੋਂ 100 ਸਾਲ ਐਡਵਾਂਸ ਹਨ, ਉਨ੍ਹਾਂ ਦੇ ਬਰਾਬਰ ਪਹੁੰਚਣਾ ਸਾਡੇ ਲਈ ਬਹੁਤ ਫਖਰ ਵਾਲੀ ਗੱਲ ਹੈ। ਇਨ੍ਹਾਂ ਸੜਕਾਂ ਦੇ ਉਤੋਂ ਦੀ ਜਦੋਂ ਕੋਈ ਵੀ ਪ੍ਰਾਣੀ ਨਿਕਲੇਗਾ ਤਾਂ ਸਾਡਾ ਬਾਹਰਲੇ ਦੇਸ਼ਾਂ ਵਿੱਚ ਵੀ ਸਿਰ ਉਚਾ ਹੋਵੇਗਾ। ਇਨ੍ਹਾਂ ਸੜਕਾਂ ਦੇ ਬਣ ਜਾਣ ਨਾਲ ਦੁਰਘਟਨਾਵਾਂ ਵੀ ਘਟਣਗੀਆਂ, ਟਰੈਫਿਕ ਦੇ ਅਸੂਲ ਬਣਨਗੇ। ਇਸ ਬਹੁਤ ਵੱਡੇ ਪਰਿਵਰਤਨ ਨਾਲ ਸਾਨੂੰ ਬਹੁਤ ਜ਼ਿਆਦਾ ਲਾਭ ਹੋ ਸਕੇਗਾ। ਸਾਲ 2009-10 ਦੌਰਾਨ 430 ਕਰੋੜ ਰੁਪਏ ਦੀ ਲਾਗਤ ਨਾਲ 848 ਕਿਲੋਮੀਟਰ ਸੜਕਾਂ ਦੀ ਮੁਰੰਮਤ ਦੀ ਯੋਜਨਾ ਹੈ, ਇਹ ਵੀ ਬੜੀ ਫਖਰ ਵਾਲੀ ਗੱਲ ਹੈ। ਮੈਂ ਇਹ ਵੇਖ ਰਿਹਾ ਸੀ ਕਿ ਜਦੋਂ ਸਾਡਾ ਪਹਿਲਾ ਸਦਨ ਸੀ ਤਾਂ ਉਦੋਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਰਬਜੀਤ ਸਿੰਘ ਮੱਕੜ]

ਪਿਛਲੀ ਸਰਕਾਰ ਦੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਸਿਰਫ ਦੋ ਜਾਂ ਤਿੰਨ ਵਾਰੀ ਇਸ ਸਦਨ ਵਿਚ ਆਏ ਸੀ ਅਤੇ ਜਦੋਂ ਵੀ ਉਹ ਆਏ ਤਾਂ ਉਨ੍ਹਾਂ ਵੱਲੋਂ ਇਹ ਗੱਲ ਕਹੀ ਗਈ ਸੀ ਕਿ ਸਾਰਾ ਕੁਝ ਸਰਕਾਰ ਕਿਵੇਂ ਕਰੇਗੀ। ਸਪੀਕਰ ਸਾਹਿਬ, ਮੈਂ ਹੈਰਾਨ ਹਾਂ ਕਿਉਂਕਿ ਹੁਣ ਅਸੀਂ ਆਪ ਹੀ ਮਹਿਸੂਸ ਕਰਦੇ ਹਾਂ ਜਦੋਂ ਅਸੀਂ ਆਪਣੇ ਹਲਕਿਆਂ ਨੂੰ ਵੇਖਦੇ ਹਾਂ। ਜਦੋਂ ਪਹਿਲਾਂ ਅਸੀਂ ਆਪਣੇ ਪੰਜਾਬ ਨੂੰ ਅਤੇ ਪੰਜਾਬ ਦੀਆਂ ਸੜਕਾਂ ਨੂੰ ਵੇਖਦੇ ਸੀ ਤਾਂ ਅਸੀਂ ਸੋਚਦੇ ਸੀ ਕਿ ਇਨ੍ਹਾਂ ਨੇ ਪੰਜਾਬ ਨੂੰ ਕਿਸ ਤਰ੍ਹਾਂ ਨਾਲ ਲੀਰੋ-ਲੀਰ ਕੀਤਾ ਹੈ ਤੇ ਇਸ ਨੂੰ ਕਿਸ ਤਰੀਕੇ ਨਾਲ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਜੀ, ਪੂਰਾ ਕਰਕੇ ਦੇਣਗੇ। ਉਨ੍ਹਾਂ ਦੀ ਸੋਚ ਸਮਝ ਨੇ ਵੱਡਾ ਪਹਿਰਾ ਦਿੱਤਾ, ਉਨ੍ਹਾਂ ਦੇ ਐਕਸਪੀਅਰੈਂਸ ਨੇ ਵੱਡਾ ਪਹਿਰਾ ਦਿੱਤਾ ਹੈ। ਸਾਲ 2008-09 ਦੌਰਾਨ 430 ਕਰੋੜ ਰੁਪਏ ਦੀ ਲਾਗਤ ਦੇ ਨਾਲ 848 ਕਿਲੋਮੀਟਰ ਪੰਜਾਬ ਦੀਆਂ ਸੜਕਾਂ ਦੀ ਰਿਪੇਅਰ ਕਰਵਾਈ ਹੈ ਅਤੇ ਇਨ੍ਹਾਂ ਨੇ ਪੰਜਾਬ ਦੇ ਲੋਕਾਂ ਦਾ ਮਨ ਜਿੱਤਿਆ ਹੈ। ਜਿਹੜੀਆਂ ਸੁਵਿਧਾਵਾਂ ਦੀ ਸਾਨੂੰ ਜ਼ਰੂਰਤ ਸੀ, ਉਹ ਪੰਜਾਬ ਸਰਕਾਰ ਨੇ ਆਉਂਦਿਆਂ ਹੀ ਸਾਨੂੰ ਦੇ ਦਿੱਤੀਆਂ ਹਨ। ਆਉਂਦੇ ਸਾਲ ਦੌਰਾਨ 700 ਕਰੋੜ ਰੁਪਏ ਦੀ ਲਾਗਤ ਨਾਲ 1425 ਕਿਲੋਮੀਟਰ ਪੇਂਡੂ ਸੜਕਾਂ ਦਾ ਜਦੋਂ ਸੁਧਾਰ ਹੋਵੇਗਾ ਤਾਂ ਇਸ ਦੇ ਨਾਲ ਬਹੁਤ ਵੱਡਾ ਪਰਿਵਰਤਨ ਆਵੇਗਾ। ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਂ ਲੋਕ ਨਿਰਮਾਣ ਦੇ ਬਾਰੇ ਜੇ ਹੋਰ ਗੱਲ ਕਰਾਂ ਤਾਂ 331 ਕਰੋੜ ਰੁਪਏ ਦੀ ਲਾਗਤ ਨਾਲ 24 ਰੇਲਵੇ ਬ੍ਰਿਜ ਸ਼ੁਰੂ ਹੋਏ ਹੋਏ ਹਨ, ਉਹ ਮੁਕੰਮਲ ਹੋਣ ਜਾ ਰਹੇ ਹਨ। ਇਸ ਬਾਰੇ ਕਈ ਜਗ੍ਹਾ ਉਤੇ ਇਹ ਸ਼ੰਕੇ ਜ਼ਾਹਰ ਕੀਤੇ ਜਾ ਰਹੇ ਹਨ ਕਿ ਇਨ੍ਹਾਂ ਗੱਲਾਂ ਦਾ ਬਾਦਲ ਸਰਕਾਰ ਕਰੈਡਿਟ ਨਾ ਲੈ ਜਾਵੇ। ਕਈ ਥਾਵਾਂ ਤੇ ਪੁਲਾਂ ਉਤੇ ਅੜਚਨਾਂ ਵੀ ਪਾਈਆਂ ਗਈਆਂ ਹਨ। ਕਈ ਥਾਵਾਂ ਵਿਚ ਡਿਜ਼ਾਇਨਾਂ ਦਾ ਬਹਾਨਾ ਵੀ ਬਣਾਇਆ ਗਿਆ ਹੈ। ਕਈ ਜਗ੍ਹਾ ਉਤੇ ਇਸ ਤਰ੍ਹਾਂ ਦੇ ਨਿਰਦੇਸ਼ ਦੇ ਦਿੱਤੇ ਗਏ ਹਨ ਕਿ ਇਸ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਲੇਟ ਕੀਤਾ ਜਾਵੇ। ਮੈਂ ਇਸ ਗੱਲ ਦੀ ਨਿੰਦਿਆ ਕਰਦਾ ਹਾਂ। ਜੋ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੇ ਸੁਪਨੇ ਹਨ, ਉਨ੍ਹਾਂ ਨੂੰ ਕੋਈ ਰੋਕ ਨਹੀਂ ਸਕਦਾ। ਇਹ ਆਉਣ ਵਾਲੇ ਸਮੇਂ ਵਿਚ ਸਾਰੇ ਕੰਪਲੀਟ ਹੋ ਜਾਣਗੇ। ਇਨ੍ਹਾਂ ਵਿਚੋਂ 8 ਕੰਪਲੀਟ ਹੋ ਵੀ ਗਏ ਹਨ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਇਨ੍ਹਾਂ ਨਾਲ ਲੋਕਾਂ ਨੂੰ ਸੁਖ ਮਿਲਣਾ ਸ਼ੁਰੂ ਹੋ ਵੀ ਗਿਆ ਹੈ। ਇਸੇ ਤਰ੍ਹਾਂ 1500 ਕਰੋੜ ਰੁਪਏ ਦੀ ਲਾਗਤ ਨਾਲ 1100 ਕਿਲੋਮੀਟਰ ਸੜਕਾਂ ਦਾ ਸੁਧਾਰ ਪੰਜਾਬ ਸਟੇਟ ਰੋਡ ਸੈਕਟਰ ਪ੍ਰਾਜੈਕਟ ਹੇਠ ਕੀਤਾ ਜਾ ਰਿਹਾ ਹੈ। ਇਸ ਗੱਲ ਦੀ ਵੀ ਮੈਂ ਸ਼ਲਾਘਾ ਕਰਦਾ ਹਾਂ।

ਇਸ ਤੋਂ ਅੱਗੇ ਜੇਕਰ ਮੈਂ ਜਲ ਸਪਲਾਈ ਦੇ ਬਾਰੇ ਗੱਲ ਕਰਾਂ ਤਾਂ ਅੱਜ ਇਸ ਦੇਸ਼ ਦੇ ਅੰਦਰ ਗੰਦੇ ਪਾਣੀ ਪੀਣ ਦੇ ਨਾਲ ਵੱਖ-ਵੱਖ ਤਰ੍ਹਾਂ ਦੇ ਵਾਇਰਲ ਜਾਂ ਕੈਂਸਰ ਹੋ ਰਹੇ ਹਨ। ਇਸ ਉਤੇ ਬਹੁਤ ਧਿਆਨ ਦੇਣ ਦੀ ਲੋੜ ਸੀ। ਸਾਡੀ ਸਰਕਾਰ ਨੇ ਆਉਂਦਿਆਂ ਹੀ ਇਸ ਗੱਲ ਵੱਲ ਧਿਆਨ ਦਿੱਤਾ ਸੀ ਤੇ ਇੱਕ ਨੇਕ ਇਨਸਾਨ ਸਰਦਾਰ ਬਿਕਰਮ ਸਿੰਘ ਮਜੀਠੀਆ ਜੀ ਨੂੰ ਇਹ ਮਹਿਕਮਾ ਦਿੱਤਾ ਗਿਆ ਸੀ ਤੇ ਹੁਣ ਇਹ ਮਹਿਕਮਾ ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ ਜੀ, ਦੀ ਅਗਵਾਈ ਵਿੱਚ ਦੇ ਕੇ ਬੜਾ ਵੱਡਾ ਮਾਣ ਦਿੱਤਾ ਹੈ। ਇਸ ਨਾਲ ਆਉਣ ਵਾਲੇ ਸਮੇਂ ਵਿੱਚ 471 ਪਿੰਡ ਇਸ ਦਾ ਫਾਇਦਾ ਉਠਾ ਸਕਣਗੇ। ਸਪੀਕਰ ਸਾਹਿਬ, ਜੇਕਰ ਸਾਡੇ ਦੇਸ਼ ਵਿੱਚ ਕੋਈ ਬਾਹਰ ਦਾ ਵਿਅਕਤੀ ਪ੍ਰਵੇਸ਼ ਕਰਦਾ ਹੈ ਤਾਂ

Original with;
Punjab Vidhan Sabha
Digitized by;
Panjab Digital Library

ਉਸ ਦੇ ਹੱਥ ਵਿੱਚ ਆਉਂਦਿਆਂ ਹੀ ਪਾਣੀ ਦੀ ਬੋਤਲ ਫੜੀ ਹੋਈ ਹੁੰਦੀ ਹੈ। ਅੱਜ ਕੋਈ ਵੀ ਵੀ.ਆਈ.ਪੀ. ਬੈਠਾ ਹੋਵੇ ਤਾਂ ਉਸ ਦੇ ਮੂਹਰੇ ਪਾਣੀ ਦੀ ਬੰਦ ਬੋਤਲ ਰੱਖੀ ਹੋਈ ਹੁੰਦੀ ਹੈ। ਉਸ ਨੂੰ ਇਹ ਵਿਸ਼ਵਾਸ ਨਹੀਂ ਹੈ ਕਿ ਇਹ ਪਾਣੀ ਪੀਣ ਵਾਲਾ ਹੈ ਜਾਂ ਨਹੀਂ ਹੈ। ਜੇਕਰ ਇਸ ਤਰ੍ਹਾਂ ਦੀ ਸੁਵਿਧਾ ਪਿੰਡਾਂ ਦੇ ਵਿਚ ਲਾਗੂ ਕਰ ਦਿੱਤੀ ਤਾਂ ਇਸ ਦੇ ਨਾਲ ਸਾਡੇ ਪਿੰਡਾਂ ਦੇ ਵਿੱਚ ਬਹੁਤ ਵੱਡੀ ਸੁਵਿਧਾ ਮਿਲੇਗੀ ਅਤੇ ਜਿਹੜੀਆਂ ਬਿਮਾਰੀਆਂ ਜਾਂ ਵਾਇਰਲ ਹਨ, ਉਨ੍ਹਾਂ ਤੋਂ ਸਾਨੂੰ ਛੁਟਕਾਰਾ ਮਿਲੇਗਾ। ਇਸ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਭਾਈ ਘਨ੍ਹੱਈਆ ਜੀ ਵਾਲੀ ਗੱਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਕਰ ਵਿਖਾਈ ਹੈ ਕਿ ਨਾ ਕੋ ਬੈਰੀ ਨਾਹੀ ਬਿਗਾਨਾ। ਹਰ ਜਗ੍ਹਾ ਤੇ ਇਹ ਇੰਤਜ਼ਾਮ ਕਰ ਦਿੱਤੇ ਹਨ। ਇਸ ਸਬੰਧੀ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਦਰਜ ਕੀਤਾ ਹੈ। ਕੰਢੀ ਖੇਤਰ ਸੇਮ ਪ੍ਰਭਾਵਿਤ ਇਲਾਕਿਆਂ ਵਿੱਚ ਰਿਹਾਇਸ਼ੀ ਥਾਂ ਵਾਸਤੇ ਪਹਿਲਾਂ 1500/- ਰੁਪਿਆ ਹਰ ਆਦਮੀ, ਹਰ ਪਰਿਵਾਰ ਤੋਂ ਲਿਆ ਜਾਂਦਾ ਸੀ ਪਰ ਹੁਣ ਇਹ ਕੀਮਤ ਘਟਾ ਕੇ 800/- ਰੁਪਏ ਤੋਂ 750/- ਰੁਪਏ ਅਤੇ 750/- ਰੁਪਏ ਤੋਂ 450/- ਰੁਪਿਆ ਕਰ ਦਿੱਤੀ ਗਈ ਹੈ। ਇਸ ਨਾਲ ਗਰੀਬ ਘਰਾਂ ਨੂੰ ਬਹੁਤ ਵੱਡਾ ਫਾਇਦਾ ਮਿਲੇਗਾ। ਇੱਕ ਹਜ਼ਾਰ ਪਿੰਡਾਂ ਵਿੱਚ ਪੇਂਡੂ ਟੋਭਿਆਂ ਦੀ ਸੰਭਾਲ, ਜਿਸ ਵਾਸਤੇ ਕੱਲ੍ਹ ਲਗਾਤਾਰ ਵਿਧਾਨ ਸਭਾ ਵਿੱਚ ਚਰਚਾ ਹੋਈ, ਉਸ ਵਿੱਚ ਵੱਡੇ ਉਪਰਾਲੇ ਕੀਤੇ ਗਏ ਹਨ। ਪੰਜਾਬ ਸਰਕਾਰ ਨੇ ਆਪਣਾ ਟਾਰਗੇਟ ਫਿਕਸ ਕੀਤਾ ਹੈ ਕਿ ਇੱਕ ਹਜ਼ਾਰ ਪਿੰਡਾਂ ਵਿੱਚ ਸੀਵਰੇਜ ਸਿਸਟਮ ਦੇ ਵਿਕਾਸ ਲਈ ਕਾਰਜ ਸ਼ੁਰੂ ਹੋਣਗੇ। ਇਸ ਦੇ ਨਾਲ-ਨਾਲ ਇਨ੍ਹਾਂ ਟੋਭਿਆਂ ਨੂੰ ਸੰਭਾਲਣ ਵਾਸਤੇ ਜਿਹੜਾ ਮਤਾ ਕੱਲ੍ਹ ਪਾਸ ਕੀਤਾ ਗਿਆ ਹੈ, ਉਸ ਦੀ ਵੀ ਮੈਂ ਸਰਾਹਣਾ ਕਰਦਾ ਹਾਂ ਕਿਉਂਕਿ ਸਾਰੇ ਮੈਂਬਰਾਂ ਨੇ ਉਸ ਵਿੱਚ ਬਹੁਤ ਇੰਟਰਸਟ ਦਿਖਾਇਆ ਹੈ। ਸਾਰਿਆਂ ਨੇ ਉਸ ਡਿਬੇਟ ਵਿੱਚ ਹਿੱਸਾ ਲਿਆ। ਇੱਕ ਬਹੁਤ ਵੱਡੀ ਗੱਲ ਇਹ ਹੈ ਕਿ ਅੱਜ ਚੁਣੇ ਹੋਏ ਲੋਕਾਂ ਨੂੰ ਤਾਂ ਮਾਣ ਦਿੱਤਾ ਜਾਂਦਾ ਹੈ ਪਰ ਜਿਹੜੇ ਲੋਕ ਸੋਸ਼ਲ ਸਰਕਲ ਵਿੱਚ ਹੁੰਦੇ ਹਨ, ਉਨ੍ਹਾਂ ਨੂੰ ਵੀ ਮਾਣ ਦਿੱਤਾ ਜਾਵੇ। ਮੈਂ ਗੱਲ ਕਰ ਰਿਹਾ ਹਾਂ ਕਿ ਐਡਵਾਈਜ਼ਰੀ ਕਮੇਟੀਜ਼ ਬਣਾਈਆਂ ਗਈਆਂ ਹਨ ਤਾਂ ਜੋ ਜਨਤਾ ਵਿਚੋਂ ਆ ਕੇ ਪੀੜਤ ਵਿਅਕਤੀ ਸ਼ਿਕਾਇਤ ਕਰੇ, ਹਰ ਮਹਿਕਮੇ ਉੱਤੇ ਐਡਵਾਈਜ਼ ਕਰ ਸਕੇ, ਹਰ ਮਹਿਕਮੇ ਨੂੰ ਇਹ ਦੱਸ ਸਕੇ ਕਿ ਅੱਜ ਸਾਨੂੰ ਪੰਜਾਬ ਸਰਕਾਰ ਨੇ ਐਸੀ ਸਹੂਲਤ ਦਿੱਤੀ ਹੈ ਜੋ ਉਨ੍ਹਾਂ ਨੇ ਆਖਿਆ ਸੀ। ਇਹ ਬਹੁਤ ਵੱਡੀ ਮਾਨਤਾ ਦਿੱਤੀ ਹੈ ਕਿ ਇਹ ਕਮੇਟੀਆਂ ਬਣਾਈਆਂ ਹਨ। ਆਉਣ ਵਾਲੇ ਸਮੇਂ ਵਿੱਚ ਇਹ ਬਹੁਤ ਵੱਡੀਆਂ ਸੁਜੈਸ਼ਨਾਂ ਦੇਣਗੀਆਂ ਅਤੇ ਵੱਡੇ ਸੁਧਾਰ ਲਿਆਉਣਗੀਆਂ। ਪਬਲਿਕ ਦੀ ਆਵਾਜ਼ ਜਿਵੇਂ ਅੱਗੇ ਸੰਗਤ ਦਰਸ਼ਨਾਂ ਵਿੱਚ ਸਿੱਧੇ ਤੌਰ ਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੱਕ ਪਹੁੰਚਦੀ ਹੈ, ਇਸ ਵਿੱਚ ਹਰ ਡਿਸਟ੍ਰਿਕਟ ਦੀ ਐਡਵਾਈਜ਼ਰੀ ਕਮੇਟੀ ਅਫਸਰਾਂ ਦੇ ਸਾਮ੍ਹਣੇ ਬੈਠ ਕੇ ਗੱਲ ਕਰੇਗੀ। ਇਸ ਨਾਲ ਔਕੜਾਂ ਦਾ ਬੁਖਾਰ ਪੰਜਾਬ ਵਿਚੋਂ ਖਤਮ ਹੋਵੇਗਾ ਅਤੇ ਲੋਕਾਂ ਨੂੰ ਲੋਕਰਾਜ ਦਾ ਅਨੰਦ ਆਵੇਗਾ। ਮੈਂ ਹੁਣ ਮਾਲ ਮਹਿਕਮੇ ਦੀ ਗੱਲ ਕਰਾਂਗਾ। ਪਹਿਲਾਂ ਬਹੁਤ ਵਾਰ ਸੁਣਦੇ ਸੀ ਕਿ ਜਦੋਂ ਅਸੀਂ ਪਟਵਾਰੀ ਕੋਲ ਫਰਦ ਲੈਣ ਜਾਂਦੇ ਹਾਂ ਜਾਂ ਇੰਤਕਾਲ ਵਾਸਤੇ ਜਾਂਦੇ ਹਾਂ ਜਾਂ ਫੇਰ ਜਦੋਂ ਰੈਵੇਨਿਊ ਰਿਕਾਰਡ ਵਿੱਚ ਸਾਨੂੰ ਪੇਪਰਾਂ ਦੀ ਜ਼ਰੂਰਤ ਹੁੰਦੀ ਹੈ ਤਾਂ ਸਾਨੂੰ ਉਸ ਵਿੱਚ ਕੁਰੱਪਸ਼ਨ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ ਅਤੇ ਦੇਰੀ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਇਸ ਕਰਕੇ ਭੂਮੀ ਰਿਕਾਰਡਾਂ ਦਾ ਕੰਪਿਊਟਰੀਕਰਨ ਬਾਦਲ ਸਾਹਿਬ ਦੀ ਸਰਕਾਰ ਨੇ ਕੀਤਾ ਹੈ। ਉਸ ਦਾ ਹਰੇਕ ਇਨਸਾਨ ਨੂੰ ਫਾਇਦਾ ਹੋਇਆ ਹੈ। ਇਸ ਨਾਲ ਹਰ ਕਿਸਾਨ, ਹਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਰਬਜੀਤ ਸਿੰਘ ਮੱਕੜ]

ਵਪਾਰੀ ਨੂੰ ਬੜੀ ਖੁਸ਼ੀ ਹੋਈ ਹੈ ਕਿ ਜਿਹੜੀ ਇਹ ਨਵੀਂ ਰੰਗਤ ਲਿਆਂਦੀ ਹੈ, ਇਹ ਪੰਜਾਬ ਵਿੱਚ ਨਵਾਂ ਰੰਗ ਲਿਆਵੇਗੀ। ਇਹ ਮਾਣ ਜਾਂਦਾ ਹੈ ਸਾਡੇ ਰੈਵੇਨਿਊ ਮੰਤਰੀ ਜੀ ਸਰਦਾਰ ਅਜੀਤ ਸਿੰਘ ਕੋਹਾੜ ਨੂੰ ਜਿਹੜੇ ਕਿ ਲਗਾਤਾਰ ਇਨ੍ਹਾਂ ਉਪਰਾਲਿਆਂ ਵਿੱਚ ਰੁਝੇ ਹੋਏ ਹਨ। ਉਨ੍ਹਾਂ ਨੇ ਬਹੁਤ ਇਮਾਨਦਾਰੀ ਨਾਲ ਇਹ ਕੰਮ ਕਰਕੇ ਦਿਖਾਇਆ ਹੈ। ਕੁਦਰਤੀ ਨੁਕਸਾਨ ਵਾਸਤੇ ਅੱਗੇ ਪਿਛਲੀ ਸਰਕਾਰ ਨੇ ਸਾਰੀਆਂ ਪ੍ਰੋਵੀਜ਼ਨਜ਼ ਖਤਮ ਕਰ ਦਿੱਤੀਆਂ ਸਨ ਪਰ ਸਾਡੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ 2000—5000 ਰੁਪਿਆ ਪ੍ਰਤੀ ਏਕੜ ਮੁਆਵਜ਼ਾ ਦੇਣ ਵਾਸਤੇ ਜਿਹੜੀ ਇਹ ਰਿਆਇਤ ਦਿੱਤੀ, ਇਸ ਨਾਲ ਹਰ ਇਨਸਾਨ ਧੰਨਵਾਦੀ ਹੈ। ਉਸ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਮੈਂ ਇਸ ਪੰਜਾਬ ਵਿੱਚ ਮਹਿਫੂਜ਼ ਹਾਂ। ਜੇ ਕਰ ਮੇਰਾ ਕੋਈ ਨੁਕਸਾਨ ਹੁੰਦਾ ਹੈ ਤਾਂ ਪੰਜਾਬ ਸਰਕਾਰ ਮੈਨੂੰ ਮੁਆਵਜ਼ਾ ਦੇਵੇਗੀ। ਸਾਲ 2000 ਤੋਂ ਕਾਸ਼ਤਕਾਰਾਂ ਦੇ ਕਬਜ਼ੇ ਵਾਲੀਆਂ ਜ਼ਮੀਨਾਂ ਦੀ ਜਿਹੜੀ ਬੜੀ ਦੇਰ ਤੋਂ ਮੰਗ ਚੱਲਦੀ ਸੀ ਕਿ ਅਸੀਂ ਬੜੀ ਦੇਰ ਤੋਂ ਜ਼ਮੀਨਾਂ ਵਾਹ ਰਹੇ ਹਾਂ, ਇਹ ਸਾਨੂੰ ਸਸਤੇ ਰੇਟਾਂ ਤੇ ਦਿੱਤੀਆਂ ਜਾਣ, ਇਸ ਦਾ ਸਾਨੂੰ ਫਾਇਦਾ ਮਿਲ ਸਕਦਾ ਹੈ। ਇਸ ਵਾਸਤੇ ਮੁੱਖ ਮੰਤਰੀ ਸਾਹਿਬ ਨੇ, ਪੰਜਾਬ ਸਰਕਾਰ ਨੇ ਬਹੁਤ ਥੋੜ੍ਹੀ ਕੀਮਤ ਰੱਖ ਕੇ 15,000 ਤੋਂ 12,000 ਰੁਪਏ ਪ੍ਰਤੀ ਏਕੜ ਦੇ ਕੇ ਉਨ੍ਹਾਂ ਗਰੀਬ ਕਿਸਾਨਾਂ ਨੂੰ ਮਾਣ ਦਿੱਤਾ ਹੈ ਕਿ ਤੁਸੀਂ ਜਿੱਥੇ ਖੇਤੀ ਕਰਦੇ ਸੀ, ਤੁਸੀਂ ਉਸ ਦੇ ਮਾਲਕ ਬਣ ਜਾਓ ਅਤੇ ਆਉਣ ਵਾਲੇ ਸਮੇਂ ਵਿੱਚ ਤੁਸੀਂ ਹੋਰ ਮਿਹਨਤ ਕਰੋ, ਇਹ ਤੁਹਾਨੂੰ ਮਾਣ ਦਿੱਤਾ ਹੈ। ਸਾਲ 1984 ਦੇ ਦੰਗਾ ਪੀੜ੍ਹਤ ਜਿਹੜੇ ਲਗਾਤਾਰ ਦਿੱਲੀ ਵਿੱਚ ਐਜ਼ੀਟੇਸ਼ਨਾਂ ਕਰਦੇ ਰਹੇ, ਉਨ੍ਹਾਂ ਨੇ ਪੰਜਾਬ ਵਿੱਚ ਆ ਕੇ ਸ਼ਰਨ ਲਈ। ਉਨ੍ਹਾਂ ਨੇ ਕਈ ਤਰ੍ਹਾਂ ਦੀਆਂ ਮੰਗਾਂ ਰੱਖੀਆਂ। ਮੁੱਖ ਮੰਤਰੀ ਸਾਹਿਬ ਨੇ ਉਨ੍ਹਾਂ ਵਾਸਤੇ ਪ੍ਰੋਵੀਜ਼ਨ ਬਣਾਈ ਹੈ ਅਤੇ 2481 ਐਲ.ਆਈ.ਜੀ. ਫਲੈਟ ਉਨ੍ਹਾਂ ਵਾਸਤੇ ਰੱਖੇ ਹਨ ਤਾਂ ਕਿ ਉਹ ਆਪਣਾ ਸਿਰ ਢੱਕ ਸਕਣ, ਰਹਿ ਸਕਣ। ਆਪਣੇ ਪਰਿਵਾਰ ਦੀ ਪਾਲਣਾ ਕਰ ਸਕਣ ਅਤੇ ਇਸ ਤੋਂ ਇਲਾਵਾ 724 ਬੂਥ ਅਲਾਟ ਕੀਤੇ ਹਨ ਤਾਂ ਕਿ ਉਹ ਵਪਾਰ ਕਰ ਸਕਣ, ਆਪਣਾ ਗੁਜ਼ਾਰਾ ਕਰ ਸਕਣ। ਇਹ ਸਹੂਲਤਾਂ ਦੇ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਮੁੱਖ ਮੰਤਰੀ ਸਾਹਿਬ ਦਾ ਹਰ ਕਿਨਾਰੇ ਤੇ, ਹਰ ਗਰੀਬ ਆਦਮੀ ਵਾਸਤੇ, ਹਰ ਇਫੈਕਟਿਡ ਵਾਸਤੇ ਬਹੁਤ ਵੱਡਾ ਧਿਆਨ ਹੈ। ਲੋਕ ਉਨ੍ਹਾਂ ਨੂੰ ਵਾਰ-ਵਾਰ ਇਸੇ ਕਰਕੇ ਚੁਣ ਕੇ ਲਿਆਉਂਦੇ ਹਨ ਕਿਉਂਕਿ ਲੋਕਾਂ ਨੂੰ ਉਨ੍ਹਾਂ ਦੀਆਂ ਪਾਲਿਸੀਆਂ ਪਸੰਦ ਹੁੰਦੀਆਂ ਹਨ, ਉਨ੍ਹਾਂ ਦੇ ਇਨਸਾਫ ਨੂੰ ਲੋਕ ਪਸੰਦ ਕਰਦੇ ਹਨ। ਉਨ੍ਹਾਂ ਨੂੰ ਪਰਾਪਰ ਮੰਨਦੇ ਹਨ। ਅੱਜ ਜੇਕਰ ਖੇਡਾਂ ਦੇ ਬਾਰੇ ਗੱਲ ਕਰੀਏ। ਅੱਜ ਬੜਾ ਮਾਣ ਜਾਂਦਾ ਹੈ ਪੰਜਾਬ ਸਰਕਾਰ ਨੂੰ, ਖੇਡਾਂ ਨੂੰ ਉਪਰ ਲਿਜਾਉਣ ਵਾਸਤੇ, ਬਹੁਤ ਉਚੇ ਮਿਆਰ ਤੇ ਲਿਜਾਉਣ ਵਾਸਤੇ ਜਿਹੜਾ ਕਿ ਅਸੀਂ ਦੂਜੀਆਂ ਕੰਟਰੀਜ਼ ਤੋਂ ਬਹੁਤ ਪਿੱਛੇ ਰਹਿ ਗਏ ਸੀ। ਅੱਜ ਪੰਜਾਬ ਸਰਕਾਰ ਨੇ ਵੱਡੇ ਉਪਰਾਲੇ ਕੀਤੇ ਹਨ ਕਿ ਜਿੱਥੇ ਇੱਕ-ਦੋ ਲੱਖ ਰੁਪਿਆ ਹੀ ਖਿਡਾਰੀਆਂ ਨੂੰ ਜਿੱਤਣ ਤੋਂ ਬਾਅਦ ਇਨਾਮ ਵਜੋਂ ਮਿਲਦਾ ਸੀ, ਉਥੇ ਇਸ ਦੀ ਜਗ੍ਹਾ ਇੱਕ-ਇੱਕ ਕਰੋੜ ਰੁਪਿਆ ਦੇ ਕੇ ਇਨ੍ਹਾਂ ਖੇਡਾਂ ਪ੍ਰਤੀ ਖਿਡਾਰੀਆਂ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਅੱਜ ਸ਼੍ਰੀ ਅਭਿਨਵ ਬਿੰਦਰਾ ਜੀ ਉਲੰਪਿਕ, 2008, ਵਿੱਚ ਮੈਡਲ ਜਿੱਤ ਕੇ ਆਏ ਤਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਇੱਕ ਕਰੋੜ ਰੁਪਿਆ ਇਨਾਮ ਵਜੋਂ ਦੇ ਕੇ ਉਨ੍ਹਾਂ ਨੂੰ ਸਤਿਕਾਰ ਦਿੱਤਾ। ਇਸ ਦੇ ਨਾਲ ਬਾਕੀ ਪਲੇਅਰਾਂ ਦੇ ਮਨ ਵਿਚ ਵੀ ਆਇਆ ਹੈ ਕਿ ਉਹ ਵੀ ਇਸ ਤਰੀਕੇ ਨਾਲ

Original with;
Punjab Vidhan Sabha
Digitized by;
Panjab Digital Library

ਜਿੱਤ ਕੇ ਆਉਣਗੇ ਤਾਂ ਉਨ੍ਹਾਂ ਦਾ ਵੀ ਮਾਣ ਸਤਿਕਾਰ ਇਸੇ ਤਰ੍ਹਾਂ ਕੀਤਾ ਜਾਵੇਗਾ। ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਬੜਾ ਮਾਣ ਸਤਿਕਾਰ ਦਿੱਤਾ ਹੈ। ਰਾਜ ਸਰਕਾਰ ਵੱਲੋਂ ਕੌਮੀ ਹਾਕੀ ਟੂਰਨਾਮੈਂਟ ਗੋਲਡ ਕੱਪ ਆਯੋਜਿਤ ਕੀਤਾ ਗਿਆ। ਜਿਸ ਤਰ੍ਹਾਂ ਜਰਮਨੀ, ਨਿਊਜ਼ੀਲੈਂਡ ਅਤੇ ਭਾਰਤ ਦੀਆਂ ਟੀਮਾਂ ਨੇ ਇਸ ਵਿੱਚ ਹਿੱਸਾ ਲਿਆ, ਇਹ ਬੜੀ ਵੱਡੀ ਗੱਲ ਹੈ। ਇਹ ਸ਼ਲਾਘਾਯੋਗ ਕਦਮ ਹੈ ਕਿਉਂਕਿ ਬੜੀ ਦੇਰ ਬਾਅਦ ਸਾਡੇ ਇੱਥੇ ਇਹ ਹੋਇਆ ਹੈ।

ਸਪੀਕਰ ਸਾਹਿਬ, ਜਦੋਂ ਸਾਡੇ ਪਿੰਡਾਂ ਵਿਚ ਇੱਕ-ਇੱਕ ਲੱਖ ਰੁਪਿਆ ਗਰਾਂਟ ਵਜੋਂ ਪਹੁੰਚ ਗਿਆ ਤਾਂ ਬੜੀ ਹੀ ਖੁਸ਼ੀ ਦੀ ਗੱਲ ਹੋਈ। ਇਹ ਪੈਸਾ ਇਸ ਮੰਤਵ ਲਈ ਪਹੁੰਚਾਇਆ ਗਿਆ ਹੈ ਤਾਂ ਕਿ ਨੌਜਵਾਨ ਖੇਡਾਂ ਵੱਲ ਪ੍ਰੇਰਿਤ ਹੋਣ ਅਤੇ ਨਸ਼ਿਆਂ ਤੋਂ ਮੁਕਤ ਹੋ ਸਕਣ। ਪਿੰਡਾਂ ਵਿਚ ਇੱਕ-ਇੱਕ ਲੱਖ ਰੁਪਿਆ ਦੇ ਕੇ ਸਾਨੂੰ ਬੜਾ ਮਾਣ ਬਖਸ਼ਿਆ ਗਿਆ ਹੈ। ਸਾਡੇ ਖੇਡ ਮੰਤਰੀ ਸਾਹਿਬ ਨੇ ਵੀ ਵੱਡਾ ਰੰਗ ਦਿਖਾਇਆ। ਜਦੋਂ ਇਹ ਪੈਸਾ ਪੇਂਡੂ ਖੇਤਰ ਵਿਚ ਪਹੁੰਚਿਆ ਤਾਂ ਨੌਜਵਾਨਾਂ ਨੂੰ ਇਸ ਗੱਲ ਦੀ ਬਹੁਤ ਵੱਡੀ ਖੁਸ਼ੀ ਹੋਈ ਕਿ ਪੰਜਾਬ ਸਰਕਾਰ ਨੇ ਸਾਨੂੰ ਇਹ ਪੈਸਾ ਭੇਜਿਆ ਹੈ। ਲੋਕ ਇੰਨੇ ਖੁਸ਼ ਹੋਏ ਕਿ ਉਨ੍ਹਾਂ ਨੇ ਉਤਸ਼ਾਹਿਤ ਹੋ ਕੇ ਮਨ ਬਣਾਇਆ ਕਿ ਇਸ ਇੱਕ ਲੱਖ ਰੁਪਏ ਵਿਚ ਇੱਕ ਲੱਖ ਹੋਰ ਪਾ ਕੇ ਇਸ ਨੂੰ ਦੋ ਲੱਖ ਬਣਾ ਕੇ ਵਧੀਆ ਤਰੀਕੇ ਨਾਲ ਖੇਡ ਕਲੱਬ ਬਣਾਉਣੇ ਸ਼ੁਰੂ ਕੀਤੇ ਅਤੇ ਇਸ ਤਰ੍ਹਾਂ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਕੇ ਨਸ਼ਿਆਂ ਤੋਂ ਮੁਕਤੀ ਦਿਵਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਅਸੀਂ ਆਪਣੇ ਬੱਚਿਆਂ ਨੂੰ ਵਾਪਸ ਮੇਨ-ਸਟਰੀਮ ਵਿਚ ਲਿਆਉਣ ਦੇ ਕਾਬਲ ਹੋ ਸਕੇ ਹਾਂ। ਇਸੇ ਤਰ੍ਹਾਂ ਹੋਰ ਮੈਟਰਜ਼ ਤੇ ਨਜ਼ਰ ਮਾਰੀਏ ਤਾਂ ਪਿਛਲੀ ਕਾਂਗਰਸ ਦੀ ਸਰਕਾਰ, ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਇਸ ਪਾਸੇ ਤੋਂ ਸੁੱਤੀ ਰਹੀ ਹੈ। ਪਿਛਲੀ ਸਰਕਾਰ ਨੇ ਇੱਕ ਮੈਗਾਵਾਟ ਬਿਜਲੀ ਵੀ ਆਪਣੇ ਰਾਜ ਦੌਰਾਨ ਪੰਜਾਬ ਲਈ ਪੈਦਾ ਨਹੀਂ ਕੀਤੀ। ਕਦੇ ਵੀ ਇਸ ਦਾ ਫਿਕਰ ਨਹੀਂ ਕੀਤਾ। ਉਨ੍ਹਾਂ ਨੇ ਕਦੇ ਨਹੀਂ ਸੋਚਿਆ ਕਿ ਜੇ ਬਾਹਰਲੀਆਂ ਸਟੇਟਾਂ ਤੋਂ ਬਿਜਲੀ ਨਾ ਮਿਲੀ ਤਾਂ ਆਪਾਂ ਕਿਵੇਂ ਗੁਜ਼ਾਰਾ ਕਰਾਂਗੇ। ਇਨ੍ਹਾਂ ਨੇ ਫਿਕਰ ਨਹੀਂ ਕੀਤਾ ਕਿ ਕਿਸਾਨਾਂ ਨੂੰ ਨਹਿਰੀ ਪਾਣੀ ਪੂਰੀ ਮਾਤਰਾ ਵਿਚ ਨਹੀਂ ਮਿਲਣਾ, ਕਿਉਂਕਿ ਪਾਣੀ ਦਾ ਲੈਵਲ ਵੀ ਥੱਲੇ ਚਲਾ ਗਿਆ ਹੈ। ਇਸ ਤੋਂ ਇਲਾਵਾ ਨਵੀਂ ਇੰਡਸਟਰੀ ਚਲਾਉਣ ਵਾਸਤੇ ਬਿਜਲੀ ਦੇ ਨਵੇਂ ਕੁਨੈਕਸ਼ਨਾਂ ਦੀ ਵੀ ਜ਼ਰੂਰਤ ਹੈ, ਅਤੇ ਵੱਡੀਆਂ-ਵੱਡੀਆਂ ਮਸ਼ੀਨਾਂ ਦਾ ਅਦਾਨ-ਪ੍ਰਦਾਨ ਹੋ ਰਿਹਾ ਹੈ ਪਰ ਉਨ੍ਹਾਂ ਨੇ ਬਿਜਲੀ ਦਾ ਇੱਕ ਵੀ ਮੈਗਾਵਾਟ ਪੰਜਾਬ ਲਈ ਪੈਦਾ ਨਹੀਂ ਕੀਤਾ ਪਰ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਆਉਂਦਿਆਂ ਹੀ ਅਨਾਊਂਸ ਕੀਤਾ ਸੀ ਕਿ ਅਸੀਂ ਵੱਖ-ਵੱਖ ਤਰੀਕੇ ਨਾਲ ਹਰ ਥਾਂ ਤੇ ਬਿਜਲੀ ਪੈਦਾ ਕਰਾਂਗੇ। ਅੱਜ ਵੱਖ-ਵੱਖ ਤਰੀਕਿਆਂ ਨਾਲ ਊਰਜਾ ਦੇ ਨਵੇਂ ਅਤੇ ਨਵਿਆਂ ਉਦਯੋਗ ਸਰੋਤਾਂ ਨਾਲ ਜਿਵੇਂ ਕਿ ਮਿੰਨੀ ਹਾਈਡਲ, ਬਾਇਓਮਾਸ, ਐਗਰੋ ਵੇਸਟ, ਮਿਊਂਸਿਪਲ ਵੇਸਟ, ਸੂਰਜੀ ਅਤੇ ਪੌਣ ਪ੍ਰਾਜੈਕਟਾਂ ਤੋਂ ਬਿਜਲੀ ਪੈਦਾ ਕਰਨ ਲਈ ਪੁਰਜ਼ੋਰ ਯਤਨ ਹੋ ਰਹੇ ਹਨ। ਵੱਖ-ਵੱਖ ਪ੍ਰਾਜੈਕਟਾਂ ਲਈ 135 ਮੈਗਾਵਾਟ ਬਿਜਲੀ ਹਾਸਲ ਕਰਨ ਲਈ ਕੋ-ਜੈਨਰੇਸ਼ਨ ਪ੍ਰਾਜੈਕਟ ਸ਼ੁਰੂ ਹੋ ਚੁੱਕਾ ਹੈ। ਨਹਿਰੀ ਝਰਨਿਆਂ ਤੋਂ ਬਿਜਲੀ ਪ੍ਰਾਪਤੀ ਲਈ ਅਤੇ ਵੱਖ-ਵੱਖ ਥਾਵਾਂ ਤੋਂ ਬਿਜਲੀ ਪ੍ਰਾਪਤ ਕਰਨ ਸਬੰਧੀ ਸਾਡੇ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਨੇ 324 ਮੈਗਾਵਾਟ ਸਮਰੱਥਾ ਵਾਲੇ ਬਾਇਓਮਾਸ ਆਧਾਰਿਤ 29 ਬਿਜਲੀ ਪ੍ਰਾਜੈਕਟ ਨਿੱਜੀ ਖੇਤਰ ਨੂੰ ਅਲਾਟ ਕੀਤੇ। ਨਹਿਰੀ ਝਰਨਿਆਂ ਤੇ ਵੱਖ-ਵੱਖ ਥਾਵਾਂ ਤੇ 34.43 ਮੈਗਾਵਾਟ ਵਾਲੇ 36 ਮਿੰਨੀ ਹਾਈਡਲ ਪ੍ਰੋਜੈਕਟਾਂ ਦਾ ਕੰਮ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਰਬਜੀਤ ਸਿੰਘ ਮੱਕੜ]

ਸ਼ੁਰੂ ਕਰਨਾ ਹੈ। ਇਨ੍ਹਾਂ ਬਾਰੇ ਮੁੱਖ ਮੰਤਰੀ ਜੀ ਨੇ ਪਹਿਲਾਂ ਚਰਚਾ ਕੀਤੀ ਸੀ। 34 ਮੈਗਾ ਹਾਈ ਥਰਮਲ ਪ੍ਰੋਜੈਕਟਾਂ ਦਾ ਕੰਮ ਸ਼ੁਰੂ ਹੋਇਆ ਹੈ। 2009-10 ਵਿਚ 65.4 ਮੈਗਾਵਾਟ ਸਮਰੱਥਾ ਦੇ ਬਾਇਓਮਾਸ ਆਧਾਰਿਤ ਕੋ-ਜੈਨਰੇਸ਼ਨ ਬਿਜਲੀ ਪ੍ਰਾਜੈਕਟ ਸ਼ੁਰੂ ਕੀਤੇ ਜਾਣਗੇ। ਪ੍ਰਵਾਸੀ ਭਾਰਤੀਆਂ ਦੀ ਮੈਂ ਗੱਲ ਕਰਨੀ ਚਾਹੁੰਦਾ ਹਾਂ। ਜਦੋਂ ਅਸੀਂ ਵਿਦੇਸ਼ਾਂ ਵਿਚ ਜਾਂਦੇ ਹਾਂ ਤਾਂ ਸਾਨੂੰ ਹਮੇਸ਼ਾਂ ਅੱਗੇ ਸੁਣਨ ਨੂੰ ਅਤੇ ਨਜ਼ਰ ਆਉਂਦਾ ਸੀ ਕਿ ਅਸੀਂ ਪੰਜਾਬ ਵਿਚ ਆਪਣੀ ਇਨਵੈਸਟਮੈਂਟ ਕਰਨੀ ਚਾਹੁੰਦੇ ਹਾਂ। ਅਸੀਂ ਪੰਜਾਬ ਵਿਚ ਭਾਈਵਾਲੀ ਚਾਹੁੰਦੇ ਹਾਂ। ਪੰਜਾਬ ਵਿੱਚ ਸ਼ਾਂਤੀ ਚਾਹੁੰਦੇ ਹਾਂ। ਸਾਡੀ ਪੰਜਾਬ ਸਰਕਾਰ ਨੇ ਸਖਤ ਆਦੇਸ਼ ਦਿੱਤੇ ਹਨ ਕਿ 50% ਪੈਸਾ ਉਹ ਲਗਾਉਣ ਅਤੇ 50% ਪੈਸਾ ਪੰਜਾਬ ਸਰਕਾਰ ਲਗਾਏਗੀ। ਇਸ ਸਕੀਮ ਵਿਚ ਸੋਧ ਕੀਤੀ ਗਈ ਹੈ। ਹੁਣ ਇਹ ਰੇਸ਼ੋ ਸੋਧ ਕੇ 75:25 ਦੀ ਕਰ ਦਿੱਤੀ ਗਈ ਹੈ। ਇਸ ਤਰ੍ਹਾਂ ਸਾਡੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਉਨ੍ਹਾਂ ਨੂੰ ਨਿਉਂਤਾ ਦਿੱਤਾ ਹੈ ਕਿ ਵਿਕਾਸ ਪ੍ਰੋਜੈਕਟਾਂ ਵਿਚ ਐਨ.ਆਰ.ਆਈਜ਼. ਦਾ ਯੋਗਦਾਨ ਵਧੇ। ਇਹ ਬੜੀ ਹੀ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ। ਆਖਿਆ ਜਾਂਦਾ ਸੀ ਕਿ ਜਿਨ੍ਹਾਂ ਪਿੰਡਾਂ ਵਿਚ ਅਸੀਂ ਵੱਸਦੇ ਸੀ, ਸਾਡੀਆਂ ਸ਼ਿਕਾਇਤਾਂ ਆਮ ਥਾਣਿਆਂ ਵਿਚ ਨਹੀਂ ਸੁਣੀਆਂ ਜਾਂਦੀਆਂ ਸਨ। ਸਾਨੂੰ ਆਪਣੇ ਕੇਸਾਂ ਦਾ ਫੈਸਲਾ ਸੁਣਨ ਲਈ ਲੰਬਾ ਸਮਾਂ ਲੱਗ ਜਾਂਦਾ ਹੈ। ਅਸੀਂ ਇੰਨੇ ਲੰਬੇ ਸਮੇਂ ਤੱਕ ਇਥੇ ਰਹਿ ਕੇ ਉਡੀਕ ਨਹੀਂ ਕਰ ਸਕਦੇ। ਉਨ੍ਹਾਂ ਦੀ ਮੰਗ ਸੀ ਕਿ ਉਨ੍ਹਾਂ ਲਈ ਵੱਖਰੇ ਐਨ.ਆਰ.ਆਈਜ਼. ਥਾਣੇ ਬਣਾ ਦਿੱਤੇ ਜਾਣ। ਬਾਦਲ ਸਾਹਿਬ ਦੀ ਸਰਕਾਰ ਨੇ ਹੁਸ਼ਿਆਰਪੁਰ, ਜਲੰਧਰ ਅਤੇ ਮੋਗਾ ਵਿਚ ਐਨ.ਆਰ.ਆਈ. ਥਾਣੇ ਉਨ੍ਹਾਂ ਪ੍ਰਵਾਸੀ ਭਾਰਤੀਆਂ/ਪੰਜਾਬੀਆਂ ਲਈ ਖੋਲ੍ਹੇ ਹਨ। ਇਸ ਤੋਂ ਇਲਾਵਾ ਜਿੱਥੇ ਨਵਾਂ ਸ਼ਹਿਰ ਅਤੇ ਕਪੂਰਥਲਾ ਵਿੱਚ ਐਨ.ਆਰ.ਆਈ. ਥਾਣੇ ਵੱਖਰੇ ਖੋਲ੍ਹ ਦਿੱਤੇ ਹਨ, ਉਥੇ ਨਾਲ ਹੀ ਉਨ੍ਹਾਂ ਨੂੰ ਇਹ ਵੀ ਛੋਟ ਦਿੱਤੀ ਕਿ ਉਹ ਆਨ-ਲਾਈਨ ਐਫ.ਆਈ.ਆਰ. ਵੀ ਰਜਿਸਟਰ ਕਰਵਾ ਸਕਦੇ ਹਨ। ਇਸ ਨਾਲ ਉਨ੍ਹਾਂ ਦਾ ਹੌਸਲਾ ਵਧੇਗਾ, ਉਨ੍ਹਾਂ ਦਾ ਪੂੰਜੀਕਰਨ ਵਧੇਗਾ, ਉਹ ਇੱਥੇ ਭਾਈਵਾਲ ਬਣਨਗੇ ਅਤੇ ਆਪਣੀਆਂ ਜਾਇਦਾਦਾਂ ਵਿੱਚ ਆਰਾਮ ਨਾਲ ਆਪਣਾ ਹੱਕ ਲੈ ਸਕਣਗੇ। ਇਹ ਵੀ ਪੰਜਾਬ ਸਰਕਾਰ ਨੇ ਬੜੀ ਵੱਡੀ ਸ਼ਲਾਘਾ ਵਾਲੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਮੈਂ ਗ੍ਰਹਿ ਮੰਤਰਾਲੇ ਦੀ ਗੱਲ ਕਰਨ ਲੱਗਾ ਹਾਂ। ਅੱਜ ਇਸ ਵਿੱਚ ਨਵੀਂ ਸੋਚ ਦੀ ਲੋੜ ਸੀ। ਨਵੀਂ ਸੋਚ ਦੀ ਲੋੜ ਵਾਸਤੇ ਅੱਜ ਮਹਿਕਮਾ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਕੋਲ ਹੈ ਜਿਨ੍ਹਾਂ ਨੇ ਨਵੇਂ ਕੰਮ ਸ਼ੁਰੂ ਕਰ ਦਿੱਤੇ ਹਨ, ਨਵੇਂ ਉਪਰਾਲੇ ਸ਼ੁਰੂ ਕਰ ਦਿੱਤੇ ਹਨ। ਇਹ ਵੀ ਬੜੀ ਮਾਣ ਦੀ ਗੱਲ ਹੈ ਕਿ ਪਿਛਲੇ ਸਮੇਂ ਦੇ ਮੁਕਾਬਲੇ ਪਿਛਲੇ ਦੋ ਸਾਲਾਂ ਤੋਂ ਕੋਈ ਵੀ ਦਹਿਸ਼ਤਵਾਦ ਦੀ ਘਟਨਾ ਸੂਬੇ ਵਿੱਚ ਨਹੀਂ ਵਾਪਰੀ। ਇਹ ਸਾਰਾ ਸਿਹਰਾ ਬਾਦਲ ਸਰਕਾਰ ਤੇ ਜਾਂਦਾ ਹੈ ਅਤੇ ਗ੍ਰਹਿ ਮੰਤਰਾਲੇ ਤੇ ਜਾਂਦਾ ਹੈ ਜਿਸ ਦੀ ਜਿੰਨੀ ਵੀ ਤਾਰੀਫ ਕੀਤੀ ਜਾਵੇ, ਘੱਟ ਹੈ। ਲੋਕਾਂ ਨੂੰ ਇਸ ਗੱਲ ਦੀ ਬੜੀ ਵੱਡੀ ਰਾਹਤ ਮਿਲੀ ਹੈ ਕਿ ਜਿਹੜਾ ਸਾਡਾ ਪੰਜਾਬ ਕਈ ਸਾਲ ਅੱਤਵਾਦ ਝੱਲਦਾ ਰਿਹਾ, ਅੱਜ ਉਸ ਨੂੰ ਵਧੀਆ ਤਰੀਕੇ ਨਾਲ ਇਨਸਾਫ ਮਿਲ ਰਿਹਾ ਹੈ। ਇਸ ਪਰਪਜ਼ ਲਈ 24 ਕਰੋੜ ਰੁਪਏ ਇਸ ਮਹਿਕਮੇ ਵਾਸਤੇ ਰੱਖੇ ਗਏ ਤਾਂ ਜੋ ਕਿਸੇ ਚੀਜ਼ ਦੀ ਘਾਟ ਨਾ ਆਵੇ ਅਤੇ ਜਿਹੜੀ ਚੀਜ਼ ਦੀ ਜ਼ਰੂਰਤ ਹੈ, ਉਹ ਨਾਲ-ਨਾਲ ਪੂਰੀ ਕੀਤੀ ਜਾ ਸਕੇ। ਸਪੀਕਰ ਸਾਹਿਬ, ਸਾਰੇ ਪੁਲਿਸ ਥਾਣਿਆਂ ਵਿੱਚ ਕਾਮਨ ਇੰਟੈਗਰੇਟਿਡ ਪੁਲਿਸ ਐਪਲੀਕੇਸ਼ਨ ਦਾ ਵਿਸਥਾਰ ਵੀ ਕੀਤਾ ਗਿਆ। ਆਨ-ਲਾਈਨ ਐਫ.ਆਈ.ਆਰ.

Original with;
Punjab Vidhan Sabha
Digitized by;
Panjab Digital Library

ਦਰਜ ਕਰਨ ਵਾਸਤੇ ਵੀ ਉਪਰਾਲੇ ਕੀਤੇ ਗਏ ਹਨ ਅਤੇ ਭਰਤੀ ਕਰਨ ਦੇ ਉਪਰਾਲੇ ਵੀ ਕੀਤੇ ਗਏ ਕਿਉਂਜੋ ਨਫਰੀ ਘੱਟ ਹੋਣ ਕਰਕੇ ਵੀ ਰਾਜ ਦਾ ਨੁਕਸਾਨ ਹੁੰਦਾ ਹੈ। ਇਹ ਸਾਰੇ ਉਪਰਾਲੇ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦੀ ਅਗਵਾਈ ਹੇਠ ਕੀਤੇ ਗਏ ਹਨ। ਇਸ ਤੋਂ ਇਲਾਵਾ ਨਸ਼ਾ ਰੋਕਣ ਵਾਸਤੇ ਸਪੈਸ਼ਲ ਪੁਲਿਸ ਸਟੇਸ਼ਨ ਚਾਲੂ ਕਰ ਦਿੱਤੇ ਗਏ ਹਨ ਜਿਸ ਨਾਲ ਨਸ਼ਾ ਰੋਕਿਆ ਜਾ ਸਕੇ। ਇਹ ਨਸ਼ੇ ਦੀ ਦੇਣ, ਸਮੈਕਾਂ ਪਾਊਡਰਾਂ ਦੀ ਦੇਣ ਇਹ ਸਭ ਕੈਪਟਨ ਸਰਕਾਰ ਵੇਲੇ ਪੰਜਾਬ ਵਿੱਚ ਆਈ। ਅਸੀਂ ਪਹਿਲਾਂ ਕਦੇ ਇਹ ਨਸ਼ਾ ਇੱਥੇ ਦੇਖਿਆ ਜਾਂ ਸੁਣਿਆ ਹੀ ਨਹੀਂ ਸੀ। ਜਿਹੜੇ ਨਸ਼ੇ ਦੀ ਇੱਥੇ ਪ੍ਰੋਡਕਸ਼ਨ ਨਹੀਂ ਹੁੰਦੀ ਸੀ, ਉਹ ਨਸ਼ਾ ਇੱਥੇ ਪ੍ਰਵੇਸ਼ ਕਰ ਗਿਆ। ਮੈਨੂੰ ਉਮੀਦ ਹੈ ਕਿ ਬਹੁਤ ਜਲਦੀ ਇਸ ਦਾ ਨਾਸ਼ ਕੀਤਾ ਜਾਵੇਗਾ ਅਤੇ ਆਪਣੇ ਨੌਜਵਾਨਾਂ ਨੂੰ ਬਚਾਇਆ ਜਾਵੇਗਾ। ਅੱਜ ਬਹੁਤ ਸਾਰੇ ਐਕਸੀਡੈਂਟ ਨਸ਼ਿਆਂ ਕਰਕੇ ਹੀ ਹੁੰਦੇ ਹਨ। ਇਹ ਗ੍ਰਹਿ ਮੰਤਰਾਲੇ ਦੀ ਡਿਊਟੀ ਬਣਦੀ ਸੀ ਜੋ ਕਿ ਉਨ੍ਹਾਂ ਨੇ ਆਉਂਦਿਆਂ ਸਾਰ ਹੀ ਸ਼ੁਰੂ ਕਰ ਦਿੱਤੀ ਅਤੇ ਪਹਿਲੇ ਦਿਨ ਹੀ ਉਨ੍ਹਾਂ ਦੀ ਇਹ ਨਿਊਜ਼ ਸੀ ਕਿ ਮੈਂ ਪੰਜਾਬ ਵਿਚੋਂ ਨਸ਼ੇ ਖਤਮ ਕਰਾਂਗਾ। ਜਿਨ੍ਹਾਂ ਮਾਵਾਂ ਦੇ ਬੱਚੇ ਚਲੇ ਗਏ, ਉਹ ਤਾਂ ਨਹੀਂ ਲਿਆ ਸਕਦੇ ਪਰ ਜਿਨ੍ਹਾਂ ਮਾਵਾਂ ਦੇ ਬੱਚੇ ਅਸੀਂ ਬਚਾ ਲਵਾਂਗੇ, ਉਹ ਪੰਜਾਬ ਸਰਕਾਰ ਨੂੰ ਅਸੀਸਾਂ ਦੇਣਗੀਆਂ। ਇਸ ਤਰ੍ਹਾਂ ਪੰਜਾਬ ਨੂੰ ਨਸ਼ਿਆਂ ਤੋਂ ਕਲੀਨ ਕਰਨ ਲਈ ਗ੍ਰਹਿ ਮੰਤਰਾਲੇ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ। ਜੇਕਰ ਮੈਂ ਸੂਚਨਾ ਦੇ ਮਹਿਕਮੇ ਦੀ ਗੱਲ ਕਰਾਂ ਤਾਂ ਉਸ ਵਿੱਚ ਵੀ ਬੜੇ ਵੱਡੇ ਉਪਰਾਲੇ ਕੀਤੇ ਗਏ ਹਨ। ਐਡਵਾਈਜ਼ਰੀ ਕਮੇਟੀਆਂ ਬਣਾਈਆਂ ਗਈਆਂ ਹਨ। ਮੀਡੀਆ ਦੀ ਐਡਵਾਈਜ਼ਰੀ ਕਮੇਟੀ ਵੀ ਬਣਾਈ ਗਈ ਹੈ ਜਿਸ ਵਿੱਚ ਬੜੇ ਉਚੇ ਰੈਂਕ ਵਾਲੇ ਵਿਅਕਤੀ ਲਏ ਗਏ ਹਨ। ਜਿਵੇਂ ਮੁੱਖ ਮੰਤਰੀ ਸਾਹਿਬ ਦੇ ਮੀਡੀਆ ਸਲਾਹਕਾਰ ਉਸ ਵਿੱਚ ਹੋਣਗੇ ਅਤੇ ਗ੍ਰਹਿ ਸਕੱਤਰ ਉਸ ਦੇ ਡਾਇਰੈਕਟਰ ਜਨਰਲ ਬਣਾਏ ਜਾਣਗੇ। ਇਸ ਨਾਲ ਮੌਕੇ ਤੇ ਸਾਰੀਆਂ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾ ਸਕੇਗਾ। ਇਹ ਸਹੂਲਤ ਦੇਣ ਦੀ ਇਸ ਮਹਿਕਮੇ ਵਿੱਚ ਬਹੁਤ ਵੱਡੀ ਲੋੜ ਸੀ। ਸਰਦਾਰ ਸੁਖਬੀਰ ਸਿੰਘ ਬਾਦਲ ਇਸ ਮਹਿਕਮੇ ਨੂੰ ਬਹੁਤ ਜ਼ਿਆਦਾ ਪਿਆਰ ਦਿੰਦੇ ਹਨ ਕਿਉਂਜੋ ਮੀਡੀਆ ਇੱਕ ਅਜਿਹੀ ਲਾਈਨ ਹੈ ਜਿਹੜੀ ਸਾਨੂੰ ਬਹੁਤ ਵੱਡੇ ਨਿਰਦੇਸ਼ ਦਿੰਦੀ ਹੈ। ਵਿਭਾਗ ਦੇ ਕੰਮਾਂ ਨੂੰ ਸੁਖਾਵਾਂ ਬਣਾਉਣ ਲਈ ਮੀਡੀਆ ਸੁਸਾਇਟੀਆਂ ਦਾ ਗਠਨ ਕੀਤਾ ਹੈ ਜਿਸ ਨਾਲ ਵਿਭਾਗ ਦਾ ਨਵੀਨੀਕਰਨ ਹੋਵੇਗਾ।

ਸਪੀਕਰ ਸਾਹਿਬ, ਹੁਣ ਅਸੀਂ ਨਹਿਰੀ ਮਹਿਕਮੇ ਦੀ ਗੱਲ ਕਰਦੇ ਹਾਂ। ਨਹਿਰੀ ਪ੍ਰਣਾਲੀ ਦਾ ਸਾਡੇ ਸੂਬੇ ਵਿੱਚ ਬਹੁਤ ਬੁਰਾ ਹਾਲ ਸੀ। ਇਨ੍ਹਾਂ ਦੀ ਪਿਛਲੇ 30-30 ਸਾਲਾਂ ਤੋਂ ਕਿਸੇ ਨੇ ਸਫਾਈ ਨਹੀਂ ਕਰਵਾਈ ਸੀ। ਟੇਲਾਂ ਅਤੇ ਬੁਰਜੀਆਂ ਖਰਾਬ ਹੋ ਗਈਆਂ ਸਨ। ਉਨ੍ਹਾਂ ਦਾ ਦੁਬਾਰਾ ਨਵੀਨੀਕਰਨ ਕੀਤਾ ਜਾ ਰਿਹਾ ਹੈ। ਸਾਡੇ ਲਾਇਕ ਮੰਤਰੀ ਨੇ ਇਸ ਲਈ ਨਵਾਂ ਪ੍ਰੋਗਰਾਮ ਉਲੀਕਿਆ ਹੈ ਅਤੇ ਲੋਕਾਂ ਨੂੰ ਇਨਸਾਫ ਦਿੱਤਾ ਹੈ। ਨਹਿਰਾਂ ਦੀ ਸਫਾਈ, ਨਵੀਆਂ ਨਹਿਰਾਂ ਦਾ ਪੂਰਨ ਨਿਰਮਾਣ ਅਤੇ ਨਵੇਂ ਜਲ ਮਾਰਗਾਂ ਦੀ ਉਸਾਰੀ ਲਈ 3650 ਕਰੋੜ ਰੁਪਏ ਦੇ ਫੰਡ ਦਿੱਤੇ ਗਏ। ਇਸ ਗੱਲ ਲਈ ਵੀ ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ। ਅੱਜ ਕਿਸਾਨ ਦੀ ਮੰਗ ਸੀ ਕਿ ਮੇਰੀ ਧਰਤੀ ਤੱਕ ਪਾਣੀ ਨਹੀਂ ਪਹੁੰਚਦਾ। ਮੇਰਾ ਪਾਣੀ ਰਸਤੇ ਵਿੱਚ ਹੀ ਖਰਾਬ ਹੋ ਰਿਹਾ ਹੈ। ਇਸ ਦੀ ਬਹੁਤ ਵੱਡੀ ਕਮੀ ਸੀ। ਉਸ ਵਾਸਤੇ ਇਹ ਬਹੁਤ ਵੱਡੀ ਲੋੜ ਸੀ ਕਿ ਬੁਨਿਆਦੀ ਢਾਂਚਾ ਵਿਕਾਸ ਪ੍ਰੋਗਰਾਮ ਸ਼ੁਰੂ ਕੀਤਾ ਜਾਵੇ। ਸਪੀਕਰ ਸਾਹਿਬ, 118 ਕਰੋੜ ਰੁਪਿਆ ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ ਵਿਖੇ ਹੜ੍ਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਰਬਜੀਤ ਸਿੰਘ ਮੱਕੜ]

ਸੁਰੱਖਿਆ ਲਈ, ਨਹਿਰੀਕਰਨ ਲਈ ਅਤੇ ਕੰਡੀ ਦੇ ਖੇਤਰ ਦੇ ਵਿਕਾਸ ਲਈ 346.62 ਕਰੋੜ ਰੁਪਏ ਰੱਖੇ ਗਏ ਹਨ। ਸ਼ਾਹਪੁਰ ਕੰਢੀ ਡੈਮ ਪ੍ਰਾਜੈਕਟ ਨੂੰ ਕੌਮੀ ਪ੍ਰਾਜੈਕਟ ਵਜੋਂ ਘੋਸ਼ਿਤ ਕੀਤਾ ਗਿਆ ਹੈ।

ਅੱਜ ਜੇ ਮੈਂ ਲੋਕਲ ਬਾਡੀਜ਼ ਡਿਪਾਰਟਮੈਂਟ ਵੱਲ ਦੇਖਦਾ ਹਾਂ ਤਾਂ ਅਚੰਭਾ ਹੁੰਦਾ ਹੈ। ਇੱਥੇ ਵੀ ਸਾਡੀ ਸਰਕਾਰ ਵੇਲੇ ਬੜੇ ਕੰਮ ਹੋਏ ਹਨ। ਕਦੀ ਕਿਸੀ ਨੇ ਸੁਣਿਆ ਨਹੀਂ ਸੀ ਕਿ ਕਿਸੇ ਮਿਊਂਸਿਪਲ ਕਮੇਟੀ ਨੂੰ ਮੁੱਖ ਮੰਤਰੀ ਪੈਸੇ ਦੇਣਗੇ ਕਿਉਂਕਿ ਮਿਊਂਸਿਪਲ ਕਮੇਟੀਆਂ ਆਪ ਇਨਕਮ ਕਰਕੇ ਸਰਕਾਰ ਨੂੰ ਦਿੰਦੀਆਂ ਸਨ ਪਰ ਜੇ ਅਸੀਂ ਇਨ੍ਹਾਂ ਨੂੰ ਕਿਹਾ ਤਾਂ ਇਨ੍ਹਾਂ ਨੇ ਮਿਊਂਸਿਪਲ ਕਮੇਟੀ ਨੂੰ ਵੀ 20 ਲੱਖ, 30 ਲੱਖ ਰੁਪਏ ਦਿੱਤੇ। ਇਹ ਵੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਹੀ ਦਿੱਤੇ ਹਨ। ਸਪੀਕਰ ਸਾਹਿਬ, ਬਹੁਤ ਵੱਡਾ ਅਚੰਭਾ ਉਸ ਵੇਲੇ ਲੱਗਾ ਜਿਸ ਦਿਨ ਅੰਮ੍ਰਿਤਸਰ ਸ਼ਹਿਰ ਵਿੱਚ ਡਿਵੈਲਪਮੈਂਟ ਵਾਸਤੇ ਵੱਡਾ ਪੈਸਾ ਦਿੱਤਾ ਗਿਆ। ਜਲੰਧਰ ਵਾਸਤੇ 101 ਕਰੋੜ ਰੁਪਿਆ ਦਿੱਤਾ ਗਿਆ ਅਤੇ ਲੋਕ ਹੈਰਾਨ ਸੀ। ਲੋਕ ਮੰਨਦੇ ਨਹੀਂ ਸੀ ਕਿ ਲੋਕਲ ਬਾਡੀ ਵਾਸਤੇ ਵੀ ਮੁੱਖ ਮੰਤਰੀ ਪੈਸੇ ਦੇਣਗੇ। ਇੱਥੇ ਹੀ ਬੱਸ ਨਹੀਂ ਸਾਰੇ ਵਿਧਾਇਕਾਂ ਨੇ ਬੇਨਤੀ ਕੀਤੀ। ਪਹਿਲਾਂ ਚੁੰਗੀ ਲੱਗੀ ਹੋਈ ਹੁੰਦੀ ਸੀ ਜਿਸ ਨਾਲ ਮਿਊਂਸਿਪਲ ਕਮੇਟੀਆਂ ਨੂੰ ਇਨਕਮ ਹੁੰਦੀ ਸੀ। ਕਿਸੇ ਥਾਂ ਤੇ ਇਨਕਮ ਆਉਂਦੀ ਸੀ ਤੇ ਕਿਸੇ ਥਾਂ ਤੇ ਨਹੀਂ ਵੀ ਆਉਂਦੀ ਸੀ। ਉਨ੍ਹਾਂ ਨੇ ਕਿਹਾ ਕਿ ਸਾਡੇ ਕੋਲ ਤਨਖਾਹਾਂ ਦੇਣ ਵਾਸਤੇ ਵੀ ਕੈਪਟਨ ਸਰਕਾਰ ਨੇ ਪੈਸੇ ਨਹੀਂ ਛੱਡੇ, ਸਾਡੇ ਖਜ਼ਾਨੇ ਖਾਲੀ ਹਨ ਅਤੇ ਮਿਊਂਸਿਪਲ ਕਮੇਟੀਆਂ ਦੀ ਹਾਲਤ ਬਹੁਤ ਮਾੜੀ ਹੈ। ਇਸ ਲਈ ਸਾਡੇ ਤੇ ਕ੍ਰਿਪਾ ਕਰੋ। ਇਨ੍ਹਾਂ ਨੇ ਤਿੰਨ ਤਰ੍ਹਾਂ ਦੇ ਪ੍ਰੋਗਰਾਮ ਬਣਾਏ। ਕਿਸੇ ਵੀ ਥਾਂ ਤੇ ਇਹ ਨਹੀਂ ਦੇਖਿਆ ਗਿਆ ਕਿ ਉਥੇ ਮੇਰੀ ਪਾਰਟੀ ਦਾ ਚੁਣਿਆ ਹੋਇਆ ਪ੍ਰਧਾਨ ਹੈ ਜਾਂ ਕਾਂਗਰਸ ਪਾਰਟੀ ਦਾ ਚੁਣਿਆ ਹੋਇਆ ਪ੍ਰਧਾਨ ਹੈ। ਇਨ੍ਹਾਂ ਨੇ 'ਏ' ਕਲਾਸ ਨੂੰ ਤਿੰਨ ਕਰੋੜ ਰੁਪਏ, 'ਬੀ' ਕਲਾਸ ਨੂੰ ਦੋ ਕਰੋੜ ਰੁਪਏ ਅਤੇ 'ਸੀ' ਕਲਾਸ ਕਮੇਟੀ ਨੂੰ ਇਕ ਕਰੋੜ ਰੁਪਿਆ ਦੇ ਕੇ ਉਨ੍ਹਾਂ ਦਾ ਬਹੁਤ ਵੱਡਾ ਮਾਣ ਅਤੇ ਸਤਿਕਾਰ ਕੀਤਾ। ਅੱਜ ਉਹ ਲੋਕ ਵੀ ਸੁਰੱਖਿਅਤ ਮਹਿਸੂਸ ਕਰਦੇ ਹਨ ਅਤੇ ਲੋਕ ਕਹਿੰਦੇ ਹਨ ਕਿ ਸਾਡੇ ਸ਼ਹਿਰ ਦੀ ਕਾਇਆ ਬਦਲ ਦਿੱਤੀ ਹੈ। ਨਾਲ ਹੀ ਇਹ ਵੀ ਕਿਹਾ ਕਿ ਜੇ ਆਉਣ ਵਾਲੇ ਸਮੇਂ ਵਿੱਚ ਹੋਰ ਪੈਸੇ ਦੀ ਲੋੜ ਹੈ ਤਾਂ ਉਹ ਵੀ ਦਿੱਤੇ ਜਾਣਗੇ।

ਸਪੀਕਰ ਸਾਹਿਬ, ਅੱਗੇ ਮੈਂ ਸੀਵਰੇਜ ਦੀ ਗੱਲ ਕਰਦਾ ਹਾਂ। ਇਹ ਬੜੀ ਮਾਣ ਅਤੇ ਸਤਿਕਾਰ ਵਾਲੀ ਗੱਲ ਹੈ। ਅੱਜ ਬਹੁਤੇ ਨਗਰ ਕੌਂਸਲਾਂ ਵਿੱਚ ਸੀਵਰੇਜ ਨਹੀਂ ਹੈ। ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕੀਤੀ ਕਿ ਸਾਡੇ ਜਿੰਨੀ ਦੇਰ ਸੀਵਰੇਜ ਨਹੀਂ ਪੈਂਦਾ, ਉਨੀ ਦੇਰ ਸੰਗਤ ਦੀ ਤਸੱਲੀ ਨਹੀਂ ਹੁੰਦੀ। ਇਹ ਮੇਰੇ ਲਈ ਬਹੁਤ ਵੱਡੀ ਖੁਸ਼ੀ ਦੀ ਗੱਲ ਹੈ ਕਿ ਮੇਰੇ ਵਰਗੇ ਨਿਮਾਣੇ ਜਿਹੇ ਆਦਮੀ ਨੂੰ ਜਿਹੜਾ ਕਿ ਪਹਿਲੀ ਵਾਰੀ ਐਮ.ਐਲ.ਏ. ਚੁਣ ਕੇ ਆਇਆ ਹੈ, ਇਨ੍ਹਾਂ ਨੇ ਕਿਰਪਾ ਕਰਕੇ ਅਲਾਵਲਪੁਰ, ਆਦਮਪੁਰ ਅਤੇ ਭੋਗਪੁਰ ਲਈ 6 ਕਰੋੜ ਰੁਪਏ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਨ੍ਹਾਂ ਨੇ ਮੈਨੂੰ ਹੌਂਸਲਾ ਬਖਸ਼ਿਆ ਹੈ ਤੇ ਅੱਜ ਸਾਡੇ ਆਦਮਪੁਰ ਦੀ ਕਾਇਆ ਬਦਲ ਸਕੇਗੀ, ਸੀਵਰੇਜ ਪੈ ਸਕੇਗਾ। ਸਪੀਕਰ ਸਾਹਿਬ, ਇਹ ਵੀ ਮੈਂ ਕਹਿ ਸਕਦਾ ਹਾਂ ਕਿ ਅੰਮ੍ਰਿਤਸਰ ਤੇ ਲੁਧਿਆਣਾ ਵਿੱਚ ਕ੍ਰਮਵਾਰ 212 ਅਤੇ 308 ਕਰੋੜ ਰੁਪਏ ਦੇ ਪ੍ਰਾਜੈਕਟ ਵੀ ਸ਼ੁਰੂ ਕੀਤੇ ਹਨ। ਇਹ ਵੀ ਬਹੁਤ ਵੱਡਾ ਉਪਰਾਲਾ

Original with;
Punjab Vidhan Sabha
Digitized by;
Panjab Digital Library

ਕੀਤਾ ਹੈ। ਇਨ੍ਹਾਂ ਦੀ ਜਿੰਨੀ ਵੀ ਤਾਰੀਫ ਕੀਤੀ ਜਾਵੇ, ਥੋੜ੍ਹੀ ਹੈ। 320 ਮਕਾਨ ਝੁੱਗੀ-ਝੌਂਪੜੀ ਵਾਲਿਆਂ ਲਈ ਤਿਆਰ ਕੀਤੇ ਹਨ। ਬਹੁਤ ਦੇਰ ਤੋਂ ਝੁੱਗੀ-ਝੌਂਪੜੀ ਵਾਲੇ ਇਕ ਜਗ੍ਹਾ ਤੇ ਬੈਠੇ ਸੀ। ਜੇ ਦੂਜੀ ਜਗ੍ਹਾ ਤੇ ਜਾ ਕੇ ਬੈਠਦੇ ਸੀ ਤਾਂ ਲੋਕੀਂ ਇਤਰਾਜ਼ ਕਰਦੇ ਸੀ। ਕਦੇ ਕਿਸੇ ਨੇ ਉਨ੍ਹਾਂ ਦੀ ਇਸ ਮੁਸ਼ਕਲ ਨੂੰ ਨਹੀਂ ਸਮਝਿਆ ਸੀ ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਮਹਾਰਾਜਾ ਰਣਜੀਤ ਸਿੰਘ ਵਾਲੀ ਗੱਲ ਕਰ ਦਿਖਾਈ ਹੈ। ਇਨ੍ਹਾਂ ਨੇ ਹੁਕਮ ਕੀਤਾ ਕਿ ਇਨ੍ਹਾਂ ਨੂੰ ਮਕਾਨ ਬਣਾ ਕੇ ਦਿੱਤੇ ਜਾਣ। ਇਸ ਵੇਲੇ 320 ਮਕਾਨ ਬਣ ਰਹੇ ਹਨ। ਲੁਧਿਆਣੇ ਵਿੱਚ ਵੀ 80 ਪਲਾਟ ਵੰਡੇ ਗਏ ਹਨ। ਪਹਿਲਾਂ ਕਦੇ ਕਿਸੇ ਦੇ ਮਨ ਵਿੱਚ ਨਹੀਂ ਆਇਆ ਸੀ। ਕੋਈ ਇੰਨੀ ਵੱਡੀ ਗੱਲ ਨਹੀਂ ਕਰ ਸਕਿਆ ਸੀ। ਇਨ੍ਹਾਂ ਨੇ ਥਾਂ-ਥਾਂ ਤੇ ਜਾ ਕੇ ਲੋਕਾਂ ਦੇ ਦਰਸ਼ਨ ਕੀਤੇ। ਇਹ ਪਹਿਲੇ ਦਿਨ ਤੋਂ ਹੀ ਸੰਗਤ ਦਰਸ਼ਨ ਕਰਦੇ ਸਨ ਅਤੇ ਅੱਜ ਵੀ ਇਹ ਸੰਗਤ ਦਰਸ਼ਨ ਜਾਰੀ ਹਨ। ਇਹ ਗਰੀਬ ਲੋਕਾਂ ਨੂੰ 4800 ਮਕਾਨ ਬਣਾ ਕੇ ਲੁਧਿਆਣੇ ਵਿੱਚ ਦੇ ਰਹੇ ਹਨ। ਸੰਗਤ ਦਰਸ਼ਨਾਂ ਵਿੱਚੋਂ ਹੀ ਇਹ ਗੱਲ ਸਾਮਹਣੇ ਆਈ ਸੀ ਅਤੇ ਉਸ ਨੂੰ ਪੂਰਾ ਕੀਤਾ ਜਾ ਰਿਹਾ ਹੈ। ਗਰੀਬ ਲੋਕਾਂ ਲਈ ਇਹ ਕਿੰਨੀ ਵੱਡੀ ਸਹੂਲਤ ਹੈ। ਜਿਹੜਾ ਵਚਨ ਮੁੱਖ ਮੰਤਰੀ ਸਾਹਿਬ ਇਕ ਵਾਰੀ ਕਹਿ ਦਿੰਦੇ ਹਨ, ਉਹ ਇਹ ਪੂਰੇ ਕਰਦੇ ਹਨ। ਅੱਜ ਇਹ ਗੱਲ ਪੱਕੀ ਹੈ, ਲੋਕਾਂ ਦੇ ਸਾਹਮਣੇ ਹੈ ਔਰ ਇਸ ਗੱਲ ਬਾਰੇ ਲੋਕਾਂ ਨੂੰ ਪਤਾ ਹੈ ਕਿ ਕਿੰਨੀਆਂ ਸ਼ਕਤੀਆਂ ਬਖਸ਼ੀਆਂ ਗਈਆਂ ਹਨ । ਅੱਜ ਜਿਹੜੇ ਲੋਕਾਂ ਨੇ ਸਾਨੂੰ ਚੁਣ ਕੇ ਇੱਥੇ ਭੇਜਿਆ ਹੈ, ਉਨ੍ਹਾਂ ਦਾ ਮਾਣ ਕੀਤਾ ਹੈ ਕਿ ਅੱਜ ਵਿਧਾਨ ਸਭਾ ਦੇ ਮੈਂਬਰ ਜੋ ਵੀ ਗੱਲ ਕਹਿੰਦੇ ਹਨ, ਉਨ੍ਹਾਂ ਦੀ ਗੱਲ ਸੁਣੀ ਜਾਂਦੀ ਹੈ ਭਾਵੇਂ ਉਹ ਮੈਂਬਰ ਕਾਂਗਰਸ ਦੇ ਹੋਣ, ਭਾਵੇਂ ਭਾਰਤੀ ਜਨਤਾ ਪਾਰਟੀ ਦੇ ਜਾਂ ਸ਼੍ਰੋਮਣੀ ਅਕਾਲੀ ਦਲ ਦੇ ਹੋਣ, ਸਾਰਿਆਂ ਨੂੰ ਹੀ ਬੜਾ ਮਾਣ ਬਖਸ਼ਿਆ ਹੈ। ਬਦਲਾਖੋਰੀ ਵਾਲੀ ਕੋਈ ਵੀ ਗੱਲ ਸਾਹਮਣੇ ਨਹੀਂ ਆਈ। ਇਸੇ ਤਰ੍ਹਾਂ ਸਾਰੇ ਗਰੀਬ ਆਦਮੀਆਂ ਨੂੰ ਰਿਆਇਤਾਂ ਦਿੱਤੀਆਂ ਗਈਆਂ ਹਨ ਭਾਵੇਂ ਉਹ ਗਰੀਬ ਕਾਂਗਰਸੀ ਹਨ ਜਾਂ ਅਕਾਲੀ ਜਾਂ ਬੀ.ਜੇ.ਪੀ. ਦੇ ਹਨ, ਸਾਰਿਆਂ ਦੀ ਹੀ ਮਦਦ ਕੀਤੀ ਗਈ ਹੈ। ਛੋਟੇ ਅਤੇ ਦਰਮਿਆਨੇ ਸ਼ਹਿਰਾਂ ਦੇ ਵਿਕਾਸ ਲਈ 283 ਕਰੋੜ ਰੁਪਏ ਦੇ ਪ੍ਰਾਜੈਕਟ ਪ੍ਰਵਾਨ ਕੀਤੇ ਗਏ ਹਨ। ਸਾਲ 2007-08 ਲਈ ਸ਼ਹਿਰੀ ਸਥਾਨਕ ਸੰਸਥਾਵਾਂ ਵਿਚ ਬਿਜਲੀ ਸਪਲਾਈ, ਸੀਵਰੇਜ ਟਰੀਟਮੈਂਟ ਪਲਾਂਟ, ਸੜਕਾਂ ਲਈ ਅਤੇ ਫਲਾਈ-ਓਵਰਾਂ ਲਈ 866 ਕਰੋੜ ਰੁਪਏ ਦੇ ਪ੍ਰਾਜੈਕਟ ਅਮਲ ਵਿਚ ਲਿਆਂਦੇ ਗਏ ਹਨ। ਇਹ ਇਕ ਬੜਾ ਵੱਡਾ ਉਪਰਾਲਾ ਹੈ ਅਤੇ ਇਸ ਦੀ ਜਿੰਨੀ ਵੀ ਤਾਰੀਫ ਕੀਤੀ ਜਾਵੇ, ਥੋੜ੍ਹੀ ਹੈ। ਅੱਜ ਸ਼ਹਿਰਾਂ ਵਿਚ ਮਾਹੌਲ ਬਣਿਆ ਹੈ ਅਤੇ ਲੋਕ ਇਹ ਪ੍ਰਵਾਨ ਕਰਦੇ ਹਨ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਵੇਲੇ ਹੀ ਉਹ ਖੁਸ਼ਹਾਲ ਹੋ ਸਕਦੇ ਹਨ।

ਸਪੀਕਰ ਸਾਹਿਬ, ਊਰਜਾ ਦੇ ਖੇਤਰ ਵਿਚ ਕਾਂਗਰਸ ਸਰਕਾਰ ਨੇ ਸਾਲ 2002—2007 ਤੱਕ ਕਦੀ ਵੀ ਕੋਈ ਉਪਰਾਲਾ ਨਹੀਂ ਕੀਤਾ। ਸਾਡੀ ਸਰਕਾਰ ਨੇ ਆਉਂਦਿਆਂ ਹੀ ਊਰਜਾ ਦੇ ਖੇਤਰ ਵਿਚ 36,000 ਕਰੋੜ ਰੁਪਏ ਦੇ ਨਿਵੇਸ਼ ਨਾਲ ਨਵੇਂ ਪ੍ਰਾਜੈਕਟ ਤਿਆਰ ਕਰਨੇ ਸ਼ੁਰੂ ਕੀਤੇ ਹਨ। ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ ਦਾ 500 ਮੈਗਾਵਾਟ ਦਾ ਦੂਜਾ ਪੜਾਅ ਸਥਾਪਤ ਕੀਤਾ ਹੈ ਜਿਸ ਦੇ ਉਤਪਾਦਨ ਨਾਲ ਬਿਜਲੀ ਦੀ ਕਮੀ ਦੂਰ ਹੋਵੇਗੀ। ਇਸ ਦੇ ਨਾਲ ਹੀ ਜ਼ਿਲ੍ਹਾ ਮਾਨਸਾ ਵਿਚ ਪਿੰਡ ਬਣਵਾਲੀ ਵਿਖੇ ਮਿਤੀ 2 ਸਤੰਬਰ, 2008, ਨੂੰ ਤਲਵੰਡੀ ਸਾਬੋ ਥਰਮਲ ਪਾਵਰ ਪ੍ਰਾਜੈਕਟ 1980 ਮੈਗਾਵਾਟ ਵਾਲੇ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਇਸ ਦੇ ਨਾਲ ਹੀ ਰਾਜਪੁਰਾ ਵਿਖੇ 1320 ਮੈਗਾਵਾਟ ਦਾ ਥਰਮਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਰਬਜੀਤ ਸਿੰਘ ਮੱਕੜ]

ਪਲਾਂਟ ਵੀ ਸ਼ੁਰੂ ਕੀਤਾ ਜਾ ਰਿਹਾ ਹੈ। ਗਿੱਦੜਬਾਹਾ ਨੂੰ ਵੀ ਮਾਣ ਬਖਸ਼ਿਆ ਗਿਆ ਹੈ ਅਤੇ ਉਥੇ 2640 ਮੈਗਾਵਾਟ ਦੇ ਥਰਮਲ ਪਾਵਰ ਪ੍ਰਾਜੈਕਟ ਲਈ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਗੋਇੰਦਵਾਲ ਸਾਹਿਬ ਵਿਖੇ 540 ਮੈਗਾਵਾਟ ਦੇ ਥਰਮਲ ਪਲਾਂਟ ਪ੍ਰਾਜੈਕਟ ਨੂੰ ਲਾਉਣ ਦਾ ਕੰਮ ਵੀ ਸ਼ੁਰੂ ਕੀਤਾ ਹੈ। ਇਕ ਚੰਗੀ ਸਰਕਾਰ ਦੀ ਇਹ ਸੋਚ ਹੁੰਦੀ ਹੈ ਅਤੇ ਉਹ ਐਡਵਾਂਸ ਸੋਚਦੀ ਹੈ ਕਿ ਅੱਜ ਮੇਰੇ ਰਾਜ ਵਿਚ ਕਿਸ ਚੀਜ਼ ਦੀ ਕਮੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਉਹ ਕਮੀ ਬਿਲਕੁਲ ਨਾ ਰਹੇ। ਕੈਪਟਨ ਅਮਰਿੰਦਰ ਸਿੰਘ ਨੂੰ ਇਸ ਗੱਲ ਦਾ ਪਤਾ ਸੀ ਕਿ ਉਨ੍ਹਾਂ ਨੇ ਚਲੇ ਜਾਣਾ ਹੈ। ਜੇ ਅਸੀਂ ਕੋਈ ਥਰਮਲ ਪਲਾਂਟ ਲਗਾਇਆ ਤਾਂ ਉਸਦਾ ਫਾਇਦਾ ਕਿਧਰੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨਾ ਮਾਣ ਲਵੇ ਪਰ ਬਾਦਲ ਸਾਹਿਬ ਨੇ ਆਉਂਦਿਆਂ ਹੀ ਪ੍ਰਾਜੈਕਟ ਸ਼ੁਰੂ ਕੀਤੇ। ਮੈਨੂੰ ਉਮੀਦ ਹੈ ਕਿ ਸਾਡੀ ਸਰਕਾਰ ਵੱਲੋਂ ਸਾਨੂੰ ਇਸੇ ਸਮੇਂ ਵਿਚ ਹੀ ਬਿਜਲੀ ਦੀ ਸ਼ਕਤੀ ਪੂਰੀ ਮਿਲੇਗੀ ਅਤੇ ਜਿਹੜੇ ਟਾਰਗੇਟ ਫਿਕਸ ਕੀਤੇ ਹਨ ਕਿ ਅਸੀਂ 25 ਸਾਲ ਰਾਜ ਦੀ ਸੇਵਾ ਕਰਨੀ ਹੈ, ਉਹ ਪੂਰੇ ਹੋਣਗੇ। ਜਦੋਂ ਆਉਣ ਵਾਲੇ ਸਮੇਂ ਵਿਚ ਲੋਕ ਇਨ੍ਹਾਂ ਪ੍ਰਾਜੈਕਟਾਂ ਨੂੰ ਵੇਖਣਗੇ, ਲਾਈਟ ਦੀ ਫੈਸਿਲਟੀ ਵੇਖਣਗੇ, ਊਰਜਾ ਦੇ ਖੇਤਰ ਵਿਚ ਨਜ਼ਰ ਮਾਰਨਗੇ, ਜਦੋਂ ਸਟੇਟ ਦੀ ਇੰਡਸਟਰੀ ਪ੍ਰਫੁੱਲਿਤ ਹੋਵੇਗੀ, ਕਿਸਾਨ ਆਪਣੇ ਆਪ ਨੂੰ ਸਮਝਣਗੇ ਕਿ ਉਨ੍ਹਾਂ ਨੂੰ ਹੁਣ ਡੀਜ਼ਲ ਦੇ ਖਰਚੇ ਦਾ ਬੋਝ ਨਹੀਂ ਸਹਿਣਾ ਪਵੇਗਾ ਤਾਂ ਉਸ ਵੇਲੇ ਪੰਜਾਬ ਜਿਸ ਨੂੰ ਕਦੇ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ, ਫਿਰ ਸੋਨੇ ਦੀ ਚਿੜੀ ਕਹਾਵੇਗਾ। ਇਸ ਨੂੰ ਕਿਸੇ ਤਰ੍ਹਾਂ ਦੀ ਨਜ਼ਰ ਨਾ ਲੱਗੇ। ਜਦੋਂ ਮੈਂ ਦੋ ਸਾਲਾਂ ਦਾ ਕੰਪੈਰੇਜ਼ਿਨ ਕਰਦਾ ਹਾਂ ਤਾਂ ਵੇਖਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਸਾਢੇ ਤਿੰਨ ਸਾਲ ਕੁਝ ਵੀ ਨਹੀਂ ਕੀਤਾ ਸੀ, ਕਿਧਰੇ ਸਾਡੇ ਵੀ ਇਸ ਤਰ੍ਹਾਂ ਨਾ ਹੋਵੇ ਪਰ ਮੈਂ ਵੇਖਦਾ ਹਾਂ ਕਿ ਦੋ ਸਾਲਾਂ ਵਿਚ ਅਸੀਂ ਹਰ ਖੇਤਰ ਵਿਚ ਜਵਾਬਦੇਹ ਹਾਂ ਅਤੇ ਹਰ ਚੀਜ਼ ਲੋਕਾਂ ਦੀ ਪੂਰੀ ਕੀਤੀ ਹੈ। ਮੈਂ ਇਕ ਛੋਟਾ ਜਿਹਾ ਐਮ.ਐਲ.ਏ. ਤੁਹਾਡੇ ਸਾਹਮਣੇ ਇਹ ਗੱਲ ਰੱਖਦਾ ਹਾਂ ਕਿ ਪਿਛਲੇ ਦੋ ਸਾਲਾਂ ਵਿਚ ਮੈਂ ਆਪਣੇ 25 ਸਵਾਲ ਲਾਏ ਹਨ ਤੇ ਮੇਰੀਆਂ ਇਹ 25 ਲੋੜਾਂ ਹਨ। ਵੇਖਦੇ ਹਾਂ ਕਿ ਮੁੱਖ ਮੰਤਰੀ ਜੀ ਪੂਰੀਆਂ ਕਰਦੇ ਹਨ ਕਿ ਨਹੀਂ। ਪਰ ਅੱਜ ਮੇਰੇ ਲੱਭਣ-ਲਭਾਣ ਤੇ ਕੇਵਲ ਤਿੰਨ ਸਵਾਲ ਹੀ ਰਹਿੰਦੇ ਹਨ, ਬਾਕੀ ਜਿੰਨੇ ਵੀ ਡਿਵੈਲਪਮੈਂਟ ਦੇ ਸਵਾਲ ਸਨ, ਮੁੱਖ ਮੰਤਰੀ ਜੀ ਨੇ ਪੂਰੇ ਕੀਤੇ ਹਨ, ਮੰਤਰੀਆਂ ਨੇ ਪੂਰੇ ਕੀਤੇ ਹਨ (ਥੰਪਿੰਗ)। ਇਹ ਕੋਈ ਹਾਸੇ ਦੀ ਗੱਲ ਨਹੀਂ ਹੈ। ਤੁਸੀਂ ਵਿਧਾਨ ਸਭਾ ਦਾ ਰਿਕਾਰਡ ਕਢਵਾ ਕੇ ਵੇਖ ਲਵੋ ਕਿ ਕਿਹੜੇ ਮੇਰੇ 25 ਸਵਾਲ ਸਨ ਅਤੇ ਕਿਹੜੇ 2-3 ਰਹਿ ਗਏ ਹਨ। ਇੰਨੀ ਵੱਡੀ ਸੰਤੁਸ਼ਟੀ ਇਕ ਮੇਰੇ ਵਰਗੇ ਐਮ.ਐਲ.ਏ. ਦੀ ਹੋਈ ਹੈ ਜਿਸ ਦਾ ਨਾ ਤਾਂ ਪਿਤਾ ਐਮ.ਐਲ.ਏ. ਸੀ, ਨਾ ਭਰਾ ਐਮ.ਐਲ.ਏ. ਸੀ ਅਤੇ ਨਾ ਹੀ ਕਦੀ ਪੁਲੀਟੀਕਲ ਖੇਤਰ ਵਿਚ ਝਾਤ ਹੀ ਮਾਰੀ ਸੀ। ਕੇਵਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਪਰਛਾਵਾਂ ਹੀ ਲਿਆ ਸੀ ਅਤੇ ਸਰਦਾਰ ਬਾਦਲ ਜੀ ਨੇ ਮੈਨੂੰ ਇੰਨਾ ਮਾਣ ਦਿੱਤਾ ਹੈ। ਅੱਜ ਪਾਰਟੀ ਵਾਸਤੇ ਝੋਲੀ ਅੱਡ ਕੇ ਵੋਟ ਮੰਗ ਸਕਦਾ ਹਾਂ ਕਿ ਜਿੱਥੇ ਮੇਰੀ ਪਾਰਟੀ ਨੇ ਸਭ ਕੁਝ ਦਿੱਤਾ ਹੈ, ਤੁਸੀਂ ਮੈਨੂੰ ਵੋਟ ਦਿਓ, 2007—11 ਤੱਕ ਬਿਜਲੀ ਦਾ ਜੋ ਵਾਧਾ ਹੋਵੇਗਾ, ਉਸ ਨਾਲ ਲੋਕ ਸੁਣ ਕੇ ਆਖਣਗੇ ਕਿ ਬਾਦਲ ਸਾਹਿਬ ਤੁਸੀਂ ਸਾਡੀਆਂ ਇਹ ਚੀਜ਼ਾਂ ਪੂਰੀਆਂ ਕੀਤੀਆਂ ਹਨ, ਅਸੀਂ ਤੁਹਾਡਾ ਸਾਥ ਦੇਣ ਲਈ ਤਿਆਰ ਹਾਂ। ਸਪੀਕਰ ਸਾਹਿਬ, ਕਿਸੇ ਨੂੰ ਕੋਈ ਜਿਤਾ ਕੇ ਇਥੇ ਚਾਰ ਵਾਰ ਮੁੱਖ ਮੰਤਰੀ ਬਣਨ ਦਾ ਮੌਕਾ ਇਵੇਂ ਹੀ ਨਹੀਂ ਦਿੰਦਾ, ਇਹ ਆਪਣੇ ਆਪ ਵਿੱਚ ਬਹੁਤ ਵੱਡੀ

Original with;
Punjab Vidhan Sabha
Digitized by;
Panjab Digital Library

ਗੱਲ ਹੈ। ਇਨ੍ਹਾਂ ਨੇ ਕਦੇ ਕੋਈ ਵੀ ਚੀਜ਼ ਆਪਣੇ ਨਾਂ ਤੇ ਨਹੀਂ ਬਣਾਈ, ਗੁਰੂ ਮਹਾਰਾਜ ਨੂੰ ਮਾਣ ਦਿੱਤਾ ਹੈ, ਸ਼ਹੀਦਾਂ ਨੂੰ ਮਾਣ ਦਿੱਤਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਕਾਂਗਰਸ ਵਾਲੇ ਲੀਡਰ ਅਜਿਹੇ ਹਨ ਜਿਹੜੇ ਆਪਣੇ ਆਪ ਹੀ ਆਪਣੇ ਨਾਂ ਦਾ ਨੀਂਹ ਪੱਥਰ ਰੱਖੀ ਜਾਂਦੇ ਹਨ ਪਰ ਸਾਡੇ ਮੁੱਖ ਮੰਤਰੀ ਜੀ ਨੂੰ ਇਸ ਗੱਲ ਦੀ ਸੰਤੁਸ਼ਟੀ ਹੈ ਕਿ ਹਮੇਸ਼ਾਂ ਹੀ ਇਨ੍ਹਾਂ ਨੇ ਗੁਰੂ ਮਹਾਰਾਜ ਅਤੇ ਸ਼ਹੀਦਾਂ ਨੂੰ ਮਾਣ ਦਿੱਤਾ ਹੈ (ਥੰਪਿੰਗ)। ਇਨ੍ਹਾਂ ਦੀ ਬੜੀ ਉੱਚੀ ਅਤੇ ਸੁੱਚੀ ਸੋਚ ਹੈ ਅਤੇ ਜਦੋਂ ਵੀ ਕਦੇ ਵੱਡੇ-ਵੱਡੇ ਕੰਮਾਂ ਲਈ ਇਨ੍ਹਾਂ ਦਾ ਧੰਨਵਾਦ ਕਰਨ ਲਈ ਗਏ ਹਾਂ ਤਾਂ ਇਨ੍ਹਾਂ ਨੇ ਹਮੇਸ਼ਾਂ ਹੀ ਗੁਰੂ ਸਾਹਿਬ ਦਾ ਮਾਣ ਸਤਿਕਾਰ ਕਰਦੇ ਹੋਏ ਕਿਹਾ ਹੈ ਕਿ ਇਹ ਸਭ ਕੁਝ ਕਰਨ ਵਾਲਾ ਰੱਬ ਹੈ, ਪਰਮਾਤਮਾ ਹੈ, ਵਾਹਿਗੁਰੂ ਹੈ ਅਤੇ ਮੈਂ ਤਾਂ ਕੁਝ ਵੀ ਨਹੀਂ ਕੀਤਾ। ਜਦੋਂ ਇਹ ਇਸ ਤਰ੍ਹਾਂ ਕਹਿੰਦੇ ਹਨ ਤਾਂ ਅਸੀਂ ਖ਼ੁਦ ਸੋਚਦੇ ਹਾਂ ਕਿ ਇਹ ਇਨਸਾਨ ਕਿਸ ਤਰ੍ਹਾਂ ਦੁਨੀਆਂ ਲਈ ਦਿਨ ਰਾਤ ਜਾਗਦਾ ਹੈ। ਮੈਂ ਇਹ ਵੀ ਕਹਿਣਾ ਚਾਹਾਂਗਾ, ਮੈਂ ਨਾਂ ਨਹੀਂ ਲੈਣਾ ਚਾਹੁੰਦਾ ਪਰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ 5.00 ਵਜੇ ਸਾਰਾ ਸੈਕਟਰੀਏਟ ਬੰਦ ਹੋ ਜਾਂਦਾ ਸੀ ਅਤੇ ਹੋਰ ਸਾਰੇ ਕੰਮ ਬੰਦ ਹੋ ਜਾਂਦੇ ਸਨ। ਸਿਰਫ ਦੂਸਰਾ ਕੰਮ ਪੈੱਗ ਲਾਉਣ ਵਾਲਾ ਸ਼ੁਰੂ ਹੋ ਜਾਂਦਾ ਸੀ ਪਰ ਇਹ ਸਾਡੇ ਮੁੱਖ ਮੰਤਰੀ ਬਾਦਲ ਸਾਹਿਬ ਐਸੇ ਹਨ ਜਿਹੜੇ ਸਵੇਰੇ 7.00 ਵਜੇ ਸ਼ੁਰੂ ਹੋ ਕੇ ਰਾਤ ਦੇ 11.00 ਵਜੇ ਤੱਕ ਕੰਮ ਕਰਦੇ ਰਹਿੰਦੇ ਹਨ। ਸਾਡੇ ਵਰਗੇ ਜਦੋਂ ਕਦੇ ਚਲੇ ਜਾਂਦੇ ਹਨ ਤਾਂ ਇਹ ਕਹਿ ਦਿੰਦੇ ਹਨ ਕਿ ਕੋਈ ਗੱਲ ਨਹੀਂ ਬੈਡ ਰੂਮ ਵਿੱਚ ਹੀ ਆ ਜਾਵੋ। ਇਹ 11-11 ਵਜੇ ਤੱਕ ਸੰਗਤ ਦਰਸ਼ਨ ਕਰਨ ਵਿੱਚ ਲੱਗੇ ਰਹਿੰਦੇ ਹਨ ਜਦ ਕਿ ਸਾਡੇ ਵਰਗੇ ਦੋ-ਦੋ ਵਾਰ ਘਰੋਂ ਵੀ ਹੋ ਕੇ ਆ ਜਾਂਦੇ ਹਨ ਪਰ ਸਾਡੇ ਮੁੱਖ ਮੰਤਰੀ ਜੀ 11-11 ਵਜੇ ਰਾਤ ਤੱਕ ਲੋਕਾਂ ਨੂੰ ਮਿਲਦੇ ਰਹਿੰਦੇ ਹਨ, ਬਿਨਾਂ ਜਾਣ ਪਛਾਣ ਤੋਂ ਭਾਵੇਂ ਕੋਈ ਰਿਕਸ਼ਾ ਚਾਲਕ ਆ ਜਾਵੇ, ਭਾਵੇਂ ਕੋਈ ਦੁਕਾਨਦਾਰ ਆ ਜਾਵੇ ਅਤੇ ਭਾਵੇਂ ਕੋਈ ਇੰਡਸਰੀਲਿਸਟ ਆ ਜਾਵੇ, ਇਹ ਹਰ ਇੱਕ ਨੂੰ ਬਿਨਾਂ ਕਿਸੇ ਵਿਤਕਰੇ ਤੋਂ ਮਿਲਦੇ ਹਨ ਅਤੇ ਉਨ੍ਹਾਂ ਦੇ ਕੰਮ ਕਰਦੇ ਹਨ। ਮੈਂ ਇਨ੍ਹਾਂ ਦਾ ਬਹੁਤ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਸਾਡੇ ਮੰਤਰੀਆਂ ਨੂੰ ਵੀ ਇੱਕ ਟਾਈਮ ਫਿਕਸ ਕਰਕੇ ਲਗਾ ਦਿੱਤਾ ਹੈ ਅਤੇ ਮੰਤਰੀ ਸਾਹਿਬਾਨ ਵੀ ਆਪਣੀ ਡਿਊਟੀ ਇਸੇ ਤਰ੍ਹਾਂ ਨਿਭਾ ਰਹੇ ਹਨ। ਮੈਨੂੰ ਉਮੀਦ ਹੈ ਕਿ ਇਸੇ ਤਰ੍ਹਾਂ ਅਫਸਰ ਸਾਹਿਬਾਨ ਦੇ ਮਨ ਵਿੱਚ ਵੀ ਇਹ ਗੱਲ ਆ ਗਈ ਹੈ ਕਿ ਉਹ ਵੀ ਜਨਤਾ ਦੀ ਸੇਵਾ ਕਰਨ ਲਈ ਮਜਬੂਰ ਹੋ ਰਹੇ ਹਨ ਕਿ ਜੇ ਮੁੱਖ ਮੰਤਰੀ ਜੀ ਇੰਨੀ ਵੱਡੀ ਸੇਵਾ ਕਰ ਰਹੇ ਹਨ ਤਾਂ ਅਸੀਂ ਕਿਉਂ ਨਾ ਕਰੀਏ। ਜੇ ਮੈਂ ਊਰਜਾ ਦੇ ਖੇਤਰ ਵੱਲ ਧਿਆਨ ਮਾਰਦਾ ਹਾਂ ਕਿ ਇਨ੍ਹਾਂ ਨੇ 24 ਘੰਟੇ ਬਿਜਲੀ ਦੇਣ ਦਾ ਉਪਰਾਲਾ ਕੀਤਾ ਹੈ ਜਦ ਕਿ ਕਾਂਗਰਸ ਸਰਕਾਰ ਵੇਲੇ ਇਸ ਤਰ੍ਹਾਂ ਦਾ ਕਿਸੇ ਨੇ ਕੋਈ ਉਪਰਾਲਾ ਨਹੀਂ ਕੀਤਾ ਪਰ ਇਨ੍ਹਾਂ ਨੇ ਇਹ ਨਹੀਂ ਸੋਚਿਆ ਕਿ ਮੇਰੇ ਤੋਂ ਪਹਿਲਾਂ ਕਿਸੇ ਨੇ ਬਿਜਲੀ ਪੈਦਾ ਕਰਨ ਲਈ ਫਿਕਰ ਨਹੀਂ ਕੀਤਾ ਅਤੇ ਮੈਂ ਕਿੱਥੋਂ ਲਿਆ ਕੇ ਦੇਣੀ ਹੈ ਪਰ ਫਿਰ ਵੀ ਸਾਰੀਆਂ ਚੀਜ਼ਾਂ ਇਨ੍ਹਾਂ ਨੇ ਲਿਆ ਕੇ ਦਿੱਤੀਆਂ। ਬਿਜਲੀ ਦੀ ਥੋੜ੍ਹੀ ਤੋੜ ਆਈ ਹੈ ਪਰ ਐਸੀ ਗੱਲ ਨਹੀਂ। ਮੈਂ ਧੰਨਵਾਦ ਕਰਦਾ ਹਾਂ ਗੁਰੂ ਸਾਹਿਬਾਨ ਦਾ, ਇਨ੍ਹਾਂ ਤੇ ਗੁਰੂ ਸਾਹਿਬਾਨ ਦੀ ਪੂਰੀ ਕਿਰਪਾ ਹੈ ਅਤੇ ਇਹ ਹਰ ਖੇਤਰ ਵਿੱਚ ਸਫਲ ਹੋਏ ਹਨ। ਪਹਿਲੇ ਵਾਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਤਾਂ ਗੁਰੂ ਦੀ ਕਿਰਪਾ ਹੀ ਨਹੀਂ ਸੀ ਅਤੇ ਉਹ ਹਰ ਖੇਤਰ ਵਿਚ ਫੇਲ੍ਹ ਹੀ ਹੋਏ ਹਨ। ਇਨ੍ਹਾਂ ਨੇ 695 ਢਾਣੀਆਂ ਅਤੇ 13123 ਪਿੰਡਾਂ ਵਿੱਚ 24 ਘੰਟੇ ਬਿਜਲੀ ਦਿੱਤੀ ਹੈ। ਇਹ ਰਿਕਾਰਡ ਦੀ ਗੱਲ ਹੈ। ਖੇਤੀ ਦੇ ਖੇਤਰ ਵਿੱਚ ਕਿਸਾਨਾਂ ਨੂੰ ਮੁਫਤ ਬਿਜਲੀ ਦਿੱਤੀ ਹੈ ਅਤੇ ਇਨ੍ਹਾਂ ਦੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਰਬਜੀਤ ਸਿੰਘ ਮੱਕੜ]

ਸੋਚ ਹੈ ਕਿ ਕਿਸਾਨ ਦੇਸ਼ ਦਾ ਪੇਟ ਭਰਦਾ ਹੈ, ਮੈਂ ਉਨ੍ਹਾਂ ਨੂੰ ਬਿਜਲੀ ਮੁਫਤ ਦੇਣੀ ਹੈ, ਇਨ੍ਹਾਂ ਨੇ ਬੇਫਿਕਰ ਹੋ ਕੇ ਕੰਮ ਕੀਤਾ। ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਨੂੰ 200 ਯੂਨਿਟ ਬਿਜਲੀ ਫਰੀ ਦਿੱਤੀ, ਇਹ ਵੀ ਬਹੁਤ ਵੱਡਾ ਉਪਰਾਲਾ ਕੀਤਾ ਹੈ। ਇਸੇ ਤਰ੍ਹਾਂ ਫੰਡਜ਼ ਵੀ ਉਪਲਭਧ ਕਰਨ ਦੇ ਬਹੁਤ ਉਪਰਾਲੇ ਕੀਤੇ ਹਨ। ਸਪੀਕਰ ਸਾਹਿਬ, ਸਰਕਾਰ ਵੱਲੋਂ ਬਿਜਲੀ ਬਚਾਉਣ ਦੇ ਉਦੇਸ਼ ਨਾਲ ਸਾਰੀਆਂ ਇਮਾਰਤਾਂ, ਦਫਤਰਾਂ ਵਿਚ ਸੀ.ਐਫ.ਐਲ. ਟਿਊਬਾਂ ਲਗਾਉਣ ਦੇ ਆਦੇਸ਼ ਦਿੱਤੇ ਗਏ। ਸਪੀਕਰ ਸਾਹਿਬ, ਜੇ ਮੈਂ ਇੰਡਸਟਰੀ ਦੀ ਗੱਲ ਕਰਾਂ, ਇੰਡਸਟਰੀ ਦੇ ਅੰਕੜਿਆਂ ਵੱਲ ਧਿਆਨ ਮਾਰਾਂ ਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਕੋਲ ਨਾ ਤਾਂ ਆਪਣਾ ਕੋਲਾ ਹੈ, ਨਾ ਪੰਜਾਬ ਕੋਲ ਲੋਹਾ ਹੈ, ਨਾ ਪੰਜਾਬ ਕੋਲ ਆਪਣੀ ਲੇਬਰ ਹੈ ਤੇ ਨਾ ਹੀ ਪੰਜਾਬ ਕੋਲ ਕੱਚਾ ਮਾਲ ਹੈ ਪਰ ਉਦਯੋਗਪਤੀ ਫਿਰ ਵੀ ਮਾਲ ਤਿਆਰ ਕਰਕੇ ਐਕਸਪੋਰਟ ਕਰ ਰਿਹਾ ਹੈ। ਇਹ ਕਿੰਨੀ ਵੱਡੀ ਤਾਕਤ ਹੈ। ਉਨ੍ਹਾਂ ਦੀ ਤਾਕਤ ਵਧਾਉਣ ਵਾਸਤੇ ਪੰਜਾਬ ਸਰਕਾਰ ਉਪਰਾਲੇ ਕਰਦੀ ਹੈ। ਅਸੀਂ ਸਾਰਿਆਂ ਨੇ ਇਨ੍ਹਾਂ ਉਪਰਾਲਿਆਂ ਵਿਚ ਯੋਗਦਾਨ ਪਾਉਣਾ ਹੈ। ਪਰ ਯੂ.ਪੀ.ਏ. ਦੀ ਸਰਕਾਰ ਨੇ ਹਮੇਸ਼ਾ ਪੰਜਾਬ ਨਾਲ ਧੱਕਾ ਕੀਤਾ ਹੈ। ਨਾਲ ਦੀਆਂ ਸਟੇਟਾਂ ਨੂੰ ਰਿਆਇਤਾਂ ਦੇ ਕੇ ਇਡਸਟਰੀ ਸਾਡੇ ਤੋਂ ਖੋਹ ਲਈ ਹੈ ਜਿਸ ਨਾਲ ਸਾਨੂੰ ਬਹੁਤ ਵੱਡਾ ਨੁਕਸਾਨ ਉਠਾਉਣਾ ਪਿਆ ਹੈ। ਅੱਜ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਅੱਜ ਇੰਡਸਰੀਲਿਸਟ ਸੋਚਦਾ ਹੈ ਕਿ ਜਦ ਤੱਕ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਮੇਰੇ ਤੇ ਪਹਿਰਾ ਦੇ ਰਹੇ ਹਨ, ਉਦੋਂ ਤੱਕ ਮੈਂ ਇੰਡਸਟਰੀ ਪੰਜਾਬ ਵਿਚ ਲਗਾਉਣੀ ਹੈ। ਲੋਕ ਪੰਜਾਬ ਵਿਚ ਇੰਡਸਟਰੀ ਲਗਾਉਣ ਲਈ ਉਪਰਾਲੇ ਕਰ ਰਹੇ ਹਨ। ਸਪੀਕਰ ਸਾਹਿਬ, ਇੱਕ ਗੱਲ ਮੇਰੇ ਮਨ ਵਿਚ ਅਫਸੋਸਜਨਕ ਹੈ। ਗੱਲ ਇਹ ਹੈ ਕਿ ਜਿਸ ਦਿਨ ਰਾਜਪਾਲ ਜੀ ਬੋਲੇ ਸਨ, ਜਿਸ ਦਿਨ ਉਨ੍ਹਾਂ ਨੇ ਆਪਣਾ ਭਾਸ਼ਣ ਦਿੱਤਾ ਸੀ, ਜਿਸ ਤਰ੍ਹਾਂ ਅਸੀਂ ਉਨ੍ਹਾਂ ਦਾ ਉਨ੍ਹਾਂ ਦੇ ਭਾਸ਼ਣ ਦੌਰਾਨ ਸਵਾਗਤ ਕੀਤਾ ਸੀ, ਉਸੀ ਤਰ੍ਹਾਂ ਆਪੋਜ਼ੀਸ਼ਨ ਨੂੰ ਵੀ ਉਨ੍ਹਾਂ ਦਾ ਸਵਾਗਤ ਕਰਨਾ ਚਾਹੀਦਾ ਸੀ। ਜੇ ਉਨ੍ਹਾਂ ਨੂੰ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਕੋਈ ਇਹੋ ਜਿਹੀ ਗੱਲ ਨਜ਼ਰ ਆਉਂਦੀ ਤਾਂ ਉਹ ਉਸ ਦੀ ਆਲੋਚਨਾ ਕਰਦੇ ਪਰ ਮੈਨੂੰ ਅਫਸੋਸ ਹੈ ਕਿ ਉਨ੍ਹਾਂ ਨੇ ਉਠ ਕੇ ਆਪਣਾ ਭਾਸ਼ਣ ਪੜ੍ਹਨਾ ਸ਼ੁਰੂ ਕਰ ਦਿੱਤਾ ਤੇ ਬੇਮੁੱਲ ਗੱਲਾਂ ਕੀਤੀਆਂ ਜਿਨ੍ਹਾਂ ਵਿਚ ਕੋਈ ਤਾਕਤ ਨਹੀਂ ਸੀ। ਉਹ ਗੱਲਾਂ ਕੀਤੀਆਂ ਗਈਆਂ ਜਿਨ੍ਹਾਂ ਦੀ ਕੋਈ ਤੁੱਕ ਨਹੀਂ ਸੀ। ਮੈਂ ਇਸ ਗੱਲ ਦਾ ਅਫਸੋਸ ਪ੍ਰਗਟ ਕਰਦਾ ਹਾਂ। ਮੈਂ ਇਸ ਗੱਲ ਤੇ ਚਾਨਣਾ ਪਾਉਣਾ ਚਾਹੁੰਦਾ ਹਾਂ ਔਰ ਅੱਜ ਆਪੋਜ਼ੀਸ਼ਨ ਸਾਡੇ ਸਾਹਮਣੇ ਬੈਠੀ ਨਹੀਂ ਹੈ। ਉਹ ਆਪਣੇ ਦਫਤਰ ਵਿਚ ਸਪੀਕਰ ਤੇ ਸਭ ਕੁਝ ਸੁਣਦੇ ਸੀ ਕਿ ਕਿਹੜਾ ਮੈਂਬਰ ਕੀ ਬੋਲਦਾ ਹੈ ਪਰ ਕਿਸੇ ਵੀ ਮੈਂਬਰ ਨੇ ਕੋਈ ਐਸੀ ਗੱਲ ਨਹੀਂ ਕੀਤੀ ਪਰ ਮੈਂ ਆਲੋਚਨਾ ਕਰਨੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਪਗੜੀ ਸਾਡੀ ਸ਼ਾਨ ਹੈ ਜਿਸ ਦਾ ਅਸੀਂ ਸਾਰੇ ਸਤਿਕਾਰ ਕਰਦੇ ਹਾਂ, ਦੁਨੀਆਂ ਦੇ ਹਰ ਦੇਸ਼ ਵੱਲੋਂ ਇਸ ਨੂੰ ਸਤਿਕਾਰ ਦਿੱਤਾ ਜਾ ਰਿਹਾ ਹੈ। ਅੱਜ ਕਨੇਡਾ ਵਿਚ ਪਗੜੀ ਵਾਲਾ ਕੋਈ ਖੜ੍ਹਾ ਹੋਇਆ ਹੈ ਤੇ ਉਸ ਨੂੰ ਵੋਟਾਂ ਪਾ ਕੇ ਜਿਤਾਇਆ ਗਿਆ ਹੈ ਕਿਉਂਕਿ ਸਾਡੇ ਗੁਰੂਆਂ ਦਾ ਕਿਰਦਾਰ ਹੈ, ਸਾਡੇ ਪੰਜਾਬ ਦੀ ਧਰਤੀ ਦਾ ਕਿਰਦਾਰ ਹੈ, ਉਸ ਦੀ ਪਾਰਟੀ ਦਾ ਕਿਰਦਾਰ ਹੈ। ਅੱਜ ਇੱਕ ਦੇਸ਼ ਉਠਿਆ ਹੈ—ਫਰਾਂਸ-ਜਿਸ ਨੇ ਪਗੜੀ ਤੇ ਪਾਬੰਦੀ ਲਗਾਈ ਹੈ। ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਡੇ ਸਾਹਮਣੇ ਵਾਲੇ ਵੀਰ ਚਲੇ ਗਏ ਹਨ। ਜਦੋਂ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ, ਮੁੱਖ ਮੰਤਰੀ ਜੀ ਨੇ ਇਹ ਮਤਾ ਲਿਆਂਦਾ ਤਾਂ ਬਹੁਤ ਸਾਰੇ ਚਿਹਰਿਆਂ ਤੇ

Original with;
Punjab Vidhan Sabha
Digitized by;
Panjab Digital Library

ਇਹ ਗੱਲ ਸੀ ਕਿ ਮੁੱਖ ਮੰਤਰੀ ਸਾਹਿਬ ਨੇ ਪਹਿਲਾਂ ਵੀ ਬਹੁਤ ਵੱਡੀਆਂ ਕੋਸ਼ਿਸ਼ਾਂ ਕੀਤੀਆਂ ਹਨ, ਬਹੁਤ ਵੱਡੇ ਉਪਰਾਲੇ ਕੀਤੇ ਹਨ ਤੇ ਹੁਣ ਵੀ ਕਰ ਰਹੇ ਹਨ। ਇਨ੍ਹਾਂ ਪ੍ਰਧਾਨ ਮੰਤਰੀ ਜੀ ਕੋਲ ਡੈਪੂਟੇਸ਼ਨ ਲਿਜਾ ਕੇ ਗੱਲਾਂ ਕੀਤੀਆਂ। ਸਪੀਕਰ ਸਾਹਿਬ, ਸਾਡੀ ਸਿਰਮੌਰ ਏਜੰਸੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ ਜਿਸ ਦੇ ਪ੍ਰਧਾਨ ਸਰਦਾਰ ਅਵਤਾਰ ਸਿੰਘ ਜੀ ਮੱਕੜ ਹਨ। ਉਨ੍ਹਾਂ ਨੇ ਅਤੇ ਨਾਲ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਨੇ ਅਨੇਕਾਂ ਵਾਰ ਇਨ੍ਹਾਂ ਮੀਟਿੰਗਾਂ ਵਿਚ ਹਿੱਸਾ ਲਿਆ, ਇਸ ਗੱਲ ਨੂੰ ਸਾਹਮਣੇ ਲਿਆਂਦਾ ਕਿ ਸਾਡੀ ਪਗੜੀ ਖਤਰੇ ਵਿਚ ਹੈ, ਇਸ ਨੂੰ ਕਿਸੇ ਤਰ੍ਹਾਂ ਨਾਲ ਰੋਕਿਆ ਜਾਵੇ ਪਰ ਜਦੋਂ ਕੋਈ ਹੱਲ ਨਹੀਂ ਨਿਕਲਿਆ ਤੇ ਇਨ੍ਹਾਂ ਨੇ ਬੜੇ ਵੱਡੇ ਉਪਰਾਲੇ ਕੀਤੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਫਰਾਂਸ ਵਿਚ ਲਗਾਈ ਪਗੜੀ ਤੇ ਪਾਬੰਦੀ ਦਾ ਮੁੱਦਾ ਰੱਖਿਆ ਗਿਆ। ਤਿੰਨ ਵਾਰ ਬਾਦਲ ਸਾਹਿਬ ਪ੍ਰਧਾਨ ਮੰਤਰੀ ਜੀ ਨੂੰ ਮਿਲੇ। ਢੀਂਡਸਾ ਸਾਹਿਬ ਵੀ ਨਾਲ ਸਨ। ਉਸ ਤੋਂ ਬਾਅਦ ਸਰਦਾਰ ਸੁਖਬੀਰ ਸਿੰਘ ਜੀ ਬਾਦਲ, ਸਾਡੇ ਉਪ ਮੁੱਖ ਮੰਤਰੀ, ਢੀਂਡਸਾ ਸਾਹਿਬ ਤੇ ਮੱਕੜ ਸਾਹਿਬ ਰਾਸ਼ਟਰਪਤੀ ਜੀ ਨੂੰ ਮਿਲੇ। ਸਪੀਕਰ ਸਾਹਿਬ, ਪ੍ਰਧਾਨ ਮੰਤਰੀ ਸਾਹਿਬ ਅੰਮ੍ਰਿਤਸਰ ਦੌਰੇ ਤੇ ਆਏ। ਸਪੀਕਰ ਸਾਹਿਬ, ਉਦੋਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ। ਜਦੋਂ ਪ੍ਰਧਾਨ ਮੰਤਰੀ ਅੰਮ੍ਰਿਤਸਰ ਦੌਰੇ ਤੇ ਆਏ ਤੇ ਸਾਡੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੇ ਆਦੇਸ਼ਾਂ ਨਾਲ ਅਸੀਂ ਸਾਰਿਆਂ ਨੇ ਉਨ੍ਹਾਂ ਸਾਹਮਣੇ ਇਸ ਸਾਰੀ ਗੱਲ ਤੇ ਚਾਨਣਾ ਪਾਇਆ ਕਿ ਸਾਡੀ ਸਿੱਖ ਕੌਮ ਦੀ ਫਰਾਂਸ ਵਿਚ ਨਿਰਾਦਰੀ ਕੀਤੀ ਜਾ ਰਹੀ ਹੈ। ਇਸ ਦੀ ਆਵਾਜ਼ ਉਠਾਉਣੀ ਚਾਹੀਦੀ ਹੈ। ਉਸ ਵੇਲੇ ਕੈਪਟਨ ਅਮਰਿੰਦਰ ਸਿੰਘ ਜੀ ਪ੍ਰਧਾਨ ਮੰਤਰੀ ਜੀ ਨਾਲ ਮੌਜੂਦ ਸਨ, ਬਤੌਰ ਮੁੱਖ ਮੰਤਰੀ ਪਰ ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੇ ਕੋਈ ਆਵਾਜ਼ ਨਹੀਂ ਉਠਾਈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਚਲੋ ਮੇਰਾ ਇਹ ਸਾਥੀ ਵਿਧਾਨ ਸਭਾ ਵਿੱਚ ਪਹਿਲੀ ਵਾਰ ਨਵਾਂ ਆਇਆ ਹੈ। ਇਸ ਨੇ ਵਿਧਾਨ ਸਭਾ ਦਾ ਨਿਰਾਦਰ ਕੀਤਾ ਹੈ। ਇਸ ਨੇ ਇਸ ਗੱਲ ਦੀ ਘੋਖ ਨਹੀਂ ਕੀਤੀ ਕਿ ਮੈਂ ਬਹੁਤ ਵੱਡੀ ਗਲਤੀ ਕਰ ਰਿਹਾ ਹਾਂ। ਜਦੋਂ ਮੁੱਖ ਮੰਤਰੀ ਸਾਹਿਬ ਨੇ ਮਤਾ ਲਿਆਂਦਾ ਸੀ ਤਾਂ ਥਪਥਪਾ ਕੇ ਪਹਿਲਾਂ ਇਸ ਮਤੇ ਨੂੰ ਪਾਸ ਕਰਦੇ, ਫਿਰ ਦੂਜੀਆਂ ਗੱਲਾਂ ਕਰਦੇ। ਜੇਕਰ ਇਨ੍ਹਾਂ ਕੋਲ ਰਿਕਾਰਡ ਨਹੀਂ ਸੀ ਤਾਂ ਇਹ ਲੈ ਲੈਂਦੇ ਕਿ ਮੁੱਖ ਮੰਤਰੀ ਸਾਹਿਬ ਨੇ ਕਿੰਨੀਆਂ ਕੋਸ਼ਿਸ਼ਾਂ ਕੀਤੀਆਂ। ਸਰਦਾਰ ਅਵਤਾਰ ਸਿੰਘ ਮੱਕੜ ਨੇ ਕਿੰਨੀਆਂ ਕੋਸ਼ਿਸ਼ਾਂ ਕੀਤੀਆਂ। ਸਰਦਾਰ ਸੁਖਬੀਰ ਸਿੰਘ ਬਾਦਲ ਨੇ ਕਿੰਨੀਆਂ ਕੋਸ਼ਿਸ਼ਾ ਕੀਤੀਆਂ। ਜਦੋਂ ਵੇਖਿਆ ਕਿ ਸਾਡੇ ਪ੍ਰਧਾਨ ਮੰਤਰੀ, ਸਾਡੀ ਸੈਂਟਰ ਦੀ ਸਰਕਾਰ ਸਿੱਖਾਂ ਪ੍ਰਤੀ ਚੰਗਾ ਵਤੀਰਾ ਨਹੀਂ ਰੱਖਦੀ ਤਾਂ ਫਿਰ ਉਦੋਂ ਇਥੇ ਮਤਾ ਲਿਆਂਦਾ ਗਿਆ ਤਾਂ ਕਿ ਮਤਾ ਲਿਆ ਕੇ ਅਸੂਲਨ ਇਸ ਦੀ ਰੱਖਿਆ ਕੀਤੀ ਜਾ ਸਕੇ ਪਰ ਇਹ ਆਪਣੀ ਸ਼ੋਹਰਤ ਲਈ ਕਹਿੰਦਾ ਸੀ ਕਿ ਮੈਂ ਲੈਟਰ ਲਿਖਿਆ ਹੈ, ਮੈਂ ਚਿੱਠੀ ਲਿਖੀ ਹੈ। ਅੱਜ ਕੋਈ ਵਿਧਾਨ ਸਭਾ ਵਿੱਚ ਮਤਾ ਆਉਂਦਾ ਹੈ ਤੇ ਮੈਂ ਇਸ ਦੀ ਤਿਆਰੀ ਚੋਰੀ ਕਰਕੇ ਲੈ ਆਉਂਦਾ ਹਾਂ ਤੇ ਕਈ ਤਰ੍ਹਾਂ ਦੇ ਉਪਰਾਲੇ ਕਰਦਾ ਹਾਂ ਪਰ ਮੈਂ ਝੂਠੀ ਸ਼ੋਹਰਤ ਵਾਸਤੇ ਕਰਦਾ ਹਾਂ ਤੇ ਆਪਣਾ ਕੱਦ ਨਹੀਂ ਵੇਖਦਾ, ਇਹ ਮੇਰੇ ਵਾਸਤੇ ਬੜੀ ਮਾੜੀ ਗੱਲ ਹੈ। ਅੱਜ ਜੇ ਮੇਰੀ ਸਰਕਾਰ ਵਿੱਚ ਮੈਨੂੰ ਇਨਸਾਫ ਨਹੀਂ ਮਿਲਦਾ ਤਾਂ ਮੈਂ ਉਸ ਦੀ ਅਲੋਚਨਾ ਕਰ ਸਕਦਾ ਹਾਂ ਪਰ ਮੈਨੂੰ ਕਿਸੇ ਨੂੰ ਮਾੜਾ ਕਹਿਣ ਦਾ ਅਧਿਕਾਰ ਨਹੀਂ। ਰਾਸ਼ਟਰਪਤੀ ਤੱਕ, ਪ੍ਰਧਾਨ ਮੰਤਰੀ ਤੱਕ ਰੋਸ ਜ਼ਾਹਰ ਕੀਤਾ ਗਿਆ। ਸਾਡੇ ਪ੍ਰਧਾਨ ਮੰਤਰੀ ਜਿਥੇ ਫਰਾਂਸ ਵੀ ਗਏ, ਉਥੇ ਅਮਰੀਕਾ ਵੀ ਸਪੈਸ਼ਲੀ ਗਏ। ਉਥੇ ਜਾ ਕੇ ਉਨ੍ਹਾਂ ਨੇ ਆਪਣੇ ਵੱਲੋਂ 6 ਪੇਜ ਦਾ ਮੈਮੋਰੰਡਮ ਦਿੱਤਾ ਹੈ ਕਿ ਸਿੱਖਾਂ ਦੀ ਪਗੜੀ ਦਾ ਮਾਮਲਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਰਬਜੀਤ ਸਿੰਘ ਮੱਕੜ]

ਸੰਭਾਲਿਆ ਜਾਵੇ। ਰਾਸ਼ਟਰਪਤੀ ਸਰਕੋਜ਼ੀ ਜਦੋਂ ਭਾਰਤ ਆਏ ਸੀ, ਉਦੋਂ ਵੀ ਸਾਡੇ ਪ੍ਰਧਾਨ ਮੰਤਰੀ ਜੀ ਨੂੰ ਬੇਨਤੀ ਕੀਤੀ ਗਈ, ਉਸ ਵੇਲੇ ਫਾਰੇਨ ਮਨਿਸਟਰ ਨੂੰ ਡੈਪੂਟੇਸ਼ਨ ਵੀ ਮਿਲਿਆ ਸੀ। ਅੱਜ ਮੇਰੇ ਮਨ ਵਿੱਚ ਬੜੀ ਵੱਡੀ ਖੁਸ਼ੀ ਹੈ ਕਿ ਜਦੋਂ ਦਾ ਇਹ ਮਤਾ ਰੱਖਿਆ ਹੈ, ਬਾਹਰਲੇ ਸਿੱਖਾਂ ਦੇ ਮਨ ਵਿੱਚ ਜੋ ਇਹ ਉਪਰਾਲਾ ਸਾਹਮਣੇ ਨਜ਼ਰ ਆਇਆ ਹੈ ਤਾਂ ਉਹ ਸਰਦਾਰ ਬਾਦਲ ਵਾਸਤੇ ਅਸੀਸਾਂ ਦਿੰਦੇ ਹਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਸਤੇ ਅਸੀਸਾਂ ਦਿੰਦੇ ਹਨ। ਸਾਡੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਥੇ ਪਗੜੀ ਦੀ ਲੜਾਈ ਲੜ ਰਹੀ ਸੁਸਾਇਟੀ ਨੂੰ ਪੰਜ ਲੱਖ ਰੁਪਏ ਦੀ ਮਦਦ ਕੀਤੀ ਹੈ ਕਿ ਤੁਹਾਨੂੰ ਕੇਸ ਲੜਨਾ ਪੈਂਦਾ ਹੈ। ਮੈਂ ਧੰਨਵਾਦੀ ਹਾਂ ਕਿ ਸਾਡੀ ਵਿਧਾਨ ਸਭਾ ਨੇ ਇਹ ਮਤਾ ਪਾਸ ਕੀਤਾ ਹੈ ਅਤੇ ਨਾਲ ਹੀ ਮੈਂ ਇਸ ਗੱਲ ਦਾ ਜ਼ਿਕਰ ਵੀ ਕਰਨਾ ਚਾਹੁੰਦਾ ਹਾਂ ਕਿ ਅੱਜ ਇਸ ਗੱਲ ਨੂੰ ਬੜਾ ਉਛਾਲਿਆ ਗਿਆ। ਜੇ ਮੈਂ ਚੰਗੀ ਤਰ੍ਹਾਂ ਆਪਣੇ ਕੰਨਾਂ ਨਾਲ ਬੋਲ ਸੁਣੇ ਹਨ ਤਾਂ ਮੇਰਾ ਖਿਆਲ ਹੈ ਕਿ ਸਾਡੇ ਉਸ ਮੈਂਬਰ ਦਾ ਇੱਕ ਵਾਰੀ ਵੀ ਮੁੱਖ ਮੰਤਰੀ ਸਾਹਿਬ ਨੇ ਨਾਂ ਨਹੀਂ ਲਿਆ ਅਤੇ, ਦੂਜੀ ਚੀਜ਼ ਕਿਸੇ ਨੇ ਬੈਂਚਾਂ ਤੇ ਬੈਠ ਕੇ ਇਸ਼ਾਰਾ ਨਹੀਂ ਕੀਤਾ। ਜੇ ਸਾਡੇ ਵਿਰੋਧੀ ਮੈਂਬਰਾਂ ਦੇ ਮਨ ਵਿੱਚ ਘ੍ਰਿਣਾ ਜਾਗੀ ਤਾਂ ਉਹ ਇਸ ਗੱਲ ਕਰਕੇ ਜਾਗੀ ਕਿ ਸਾਡੇ ਮੁੱਖ ਮੰਤਰੀ ਦਿਨ-ਰਾਤ ਲੋਕਾਂ ਦੀ ਸੇਵਾ ਕਰਦੇ ਹਨ। ਸਾਡੇ ਮੁੱਖ ਮੰਤਰੀ, ਜਿਨ੍ਹਾਂ ਨੇ ਅੱਜ ਤੱਕ ਬਦਲਾਖੋਰੀ ਦੀ ਕਦੇ ਗੱਲ ਨਹੀਂ ਕੀਤੀ, ਉਨ੍ਹਾਂ ਨੇ ਸਾਨੂੰ ਅੰਦਰ ਬਿਠਾ ਕੇ ਇਹ ਕਿਹਾ ਕਿ ਬਦਲਾਖੋਰੀ ਮੇਰੇ ਰਾਜ ਵਿੱਚ ਨਹੀਂ ਹੋਣੀ। ਅਸੀਂ ਕੋਈ ਪੁਲਿਸ ਪਰਚਾ ਨਹੀਂ ਕਰਵਾਉਣਾ। ਮੈਨੂੰ ਯਾਦ ਹੈ ਕਿ ਪਿਛਲੇ ਸੈਸ਼ਨ ਵਿੱਚ ਇਥੇ ਖਹਿਰਾ ਸਾਹਿਬ ਦੇ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਸਾਹਿਬ ਨੇ ਇਨਕੁਆਇਰੀ ਮਾਰਕ ਕਰ ਦਿੱਤੀ ਸੀ। ਇਹ ਹੁੰਦੀਆਂ ਹਨ ਲੋਕਤੰਤਰ ਦੀਆਂ ਗੱਲਾਂ। ਜੇ ਇਨ੍ਹਾਂ ਦੇ ਲੋਕਤੰਤਰ ਵੱਲ ਦੇਖੀਏ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਇਸ ਤਰੀਕੇ ਨਾਲ ਦਬਾਅ ਕੇ ਰੱਖਿਆ ਸੀ, ਕਿਸ ਤਰ੍ਹਾਂ ਲੁੱਟਿਆ, ਕਿਸ ਤਰ੍ਹਾਂ ਕੁੱਟਿਆ, ਕਿਵੇਂ ਅਤਿਆਚਾਰ ਕੀਤਾ ਸੀ, ਕਿਵੇਂ ਤੁਹਮਤਾਂ ਲਾਈਆਂ ਸੀ। ਇਹ ਕਿਸੇ ਵੀ ਮੈਂਬਰ ਦੇ ਖਿਲਾਫ ਸਾਬਤ ਨਹੀਂ ਕਰ ਸਕੇ ਕਿ ਕਿਸੇ ਨੇ ਕੁਰੱਪਸ਼ਨ ਕੀਤੀ ਸੀ। ਇਨ੍ਹਾਂ ਨੇ 3,500 ਕਰੋੜ ਰੁਪਏ ਦੇ ਦੋਸ਼ ਲਗਾਏ ਸੀ। ਜਦੋਂ ਅਸੀਂ ਵਰਕਰ ਆਪਣੇ ਲੀਡਰ ਦੇ ਮਗਰ ਜਾਂਦੇ ਸੀ ਤਾਂ ਮੈਨੂੰ ਯਾਦ ਹੈ ਕਿ ਕੋਹਾੜ ਸਾਹਿਬ ਬੈਠੇ ਹਨ, ਅਸੀਂ ਉਥੇ ਰੋਪੜ ਚਲੇ ਗਏ। ਰੋਪੜ ਸਾਨੂੰ ਡਟ ਕੇ ਡਾਂਗਾਂ ਮਾਰੀਆਂ ਗਈਆਂ। ਸਾਡੀਆਂ ਪੱਗਾਂ ਲਾਹ ਦਿੱਤੀਆਂ। ਇਨ੍ਹਾਂ ਦੀ ਬਾਂਹ ਟੁੱਟ ਗਈ। ਸਾਡੇ ਸੱਟਾਂ ਲੱਗੀਆਂ। ਉਸ ਤੋਂ ਪਹਿਲਾਂ ਜਿਸ ਤਰੀਕੇ ਨਾਲ ਪਰਚੇ ਕਰਕੇ ਜੇਲ੍ਹਾਂ ਵਿੱਚ ਰੱਖਿਆ, ਉਹ ਵੀ ਯਾਦ ਕਰ ਲੈਣ। ਸਾਡੇ ਮੁੱਖ ਮੰਤਰੀ ਨੇ ਕਦੇ ਇਹੋ ਜਿਹੀ ਗੱਲ ਨਹੀਂ ਕੀਤੀ। ਇਨ੍ਹਾਂ ਨੂੰ ਜ਼ਿੰਦਗੀ ਵਿੱਚ ਇਸ ਗੱਲ ਨੂੰ ਸੋਚਣਾ ਚਾਹੀਦਾ ਹੈ ਕਿ ਜੇ ਪਵਿੱਤਰ ਸਦਨ ਵਿੱਚ ਆਏ ਹਾਂ ਤਾਂ ਕੁਝ ਕੰਮ ਕਰੀਏ। ਜਿਨ੍ਹਾਂ ਲੋਕਾਂ ਦੀ ਖਾਤਰ ਇਥੇ ਆਏ ਹਾਂ, ਉਨ੍ਹਾਂ ਦੀ ਗੱਲ ਕਰੀਏ। ਇੱਕ ਬਹਾਨੇ ਨਾਲ ਵਾਕਆਊਟ ਕਰਕੇ ਚਲੇ ਜਾਣਾ, ਆਪਣੇ ਸਵਾਲਾਂ ਦੀ ਕਦਰ-ਕੀਮਤ ਦਾ ਨਾ ਜਾਨਣਾ, ਇਹ ਲੋਕਾਂ ਨੂੰ ਕੀ ਜਵਾਬ ਦੇਣਗੇ। ਲੋਕ ਤੁਹਾਨੂੰ ਇਸ ਗੱਲ ਵਾਸਤੇ ਪੁੱਛਣਗੇ ਕਿ ਕੀ ਤੁਹਾਨੂੰ ਮਾੜੇ ਸ਼ਬਦ ਬੋਲਣ ਵਾਸਤੇ ਮੈਂਬਰ ਬਣਾਇਆ ਸੀ ? ਜੇ ਇਹ ਲੋਕਾਂ ਨੂੰ ਇਨਸਾਫ ਨਹੀਂ ਲੈ ਕੇ ਦਿੰਦੇ ਤਾਂ ਇਹ ਲੋਕਾਂ ਵਾਸਤੇ ਜਵਾਬਦੇਹ ਨਹੀਂ ਹੋ ਸਕਦੇ। ਸਪੀਕਰ ਸਾਹਿਬ, ਅੱਜ ਕਿੰਨੀ ਵੱਡੀ ਵਿਚਾਰ ਮਜੀਠੀਆ ਸਾਹਿਬ ਅਤੇ ਹੋਰ ਮੈਂਬਰ ਸਾਹਿਬਾਨ ਵੱਲੋਂ ਕੀਤੀ ਗਈ ਕਿ ਉਨ੍ਹਾਂ ਨੂੰ ਦੁਬਾਰਾ

Original with;
Punjab Vidhan Sabha
Digitized by;
Panjab Digital Library

ਫਿਰ ਇਸ ਸਦਨ ਦੇ ਵਿੱਚ ਸੱਦਿਆ ਜਾਵੇ। ਅਸੀਂ ਆਪ ਚਾਹੁੰਦੇ ਹਾਂ ਕਿ ਸਾਡੇ ਸਾਹਮਣੇ ਆਪੋਜ਼ੀਸ਼ਨ ਬੈਠੇ। ਅੱਜ ਸਾਨੂੰ ਕਿਸੇ ਗੱਲ ਦਾ ਕੋਈ ਡਰ ਨਹੀਂ ਹੈ, ਅਸੀਂ ਕੋਈ ਭੇਦ-ਭਾਵ ਨਹੀਂ ਰਖ ਰਹੇ। ਅੱਜ ਸਾਡੇ ਗਵਰਨਰ ਸਾਹਿਬ ਦਾ ਭਾਸ਼ਣ ਕੋਈ ਗਲਤ ਗੱਲ ਨਹੀਂ ਕਹਿ ਰਿਹਾ। ਇਸ ਕਰਕੇ ਇਹ ਉਸ ਗੱਲ ਦੀ ਆਲੋਚਨਾ ਨਹੀਂ ਕਰ ਸਕਦੇ। ਇਨ੍ਹਾਂ ਨੇ ਤਾਂ ਸਿਰਫ਼ ਬਾਹਰ ਜਾਣ ਦਾ ਬਹਾਨਾ ਹੀ ਬਣਾਇਆ ਹੈ। ਜਿਹੜੇ ਟਿਕਟਾਂ ਲੈਣ ਵਾਲੇ ਸਨ ਉਹ ਤਾਂ ਪਹਿਲਾਂ ਹੀ ਗੈਰ-ਹਾਜ਼ਰ ਸਨ। ਮੇਰੇ ਕਹਿਣ ਦਾ ਮਤਲਬ ਹੈ ਕਿ ਆਉਣ ਵਾਲੇ ਸਮੇਂ ਵਿੱਚ ਲੋਕ ਇਹ ਸਾਬਤ ਕਰ ਸਕਣਗੇ ਕਿ ਬਾਦਲ ਸਾਹਿਬ ਨੇ ਕਿੰਨੀ ਜ਼ਿਆਦਾ ਲੋਕਾਂ ਦੀ ਸੇਵਾ ਕੀਤੀ ਹੈ, ਉਹ ਇਸ ਗੱਲ ਨੂੰ ਕਦੇ ਵੀ ਨਹੀਂ ਭੁਲਾਉਣਗੇ। ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿਉਂ ਜੋ ਮੈਨੂੰ ਤਾਂ ਇਹ ਅੰਦਾਜ਼ਾ ਸੀ ਕਿ ਸਿਰਫ਼ 10-15 ਮਿੰਟ ਹੀ ਬੋਲਣ ਲਈ ਮਿਲਣਗੇ ਲੇਕਿਨ ਮੈਂ ਅੱਜ ਬੋਲਣ ਦੇ ਨਾਲ ਆਪਣੇ ਮਨ ਦੇ ਵਿਚਾਰਾਂ ਦਾ ਬੋਝ ਸਦਨ ਦੇ ਸਾਹਮਣੇ ਰੱਖ ਪਾਇਆ ਹਾਂ। ਇਸ ਦੇ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਔਰ ਤੁਹਾਡੀ ਅਗਵਾਈ ਵਿੱਚ ਇਹ ਪੂਰਨ ਤੌਰ ਤੇ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਤੁਸੀਂ ਬਹੁਤ ਵਧੀਆ ਤਰੀਕੇ ਨਾਲ ਇਸ ਵਿਧਾਨ ਸਭਾ ਦੀ ਸੇਵਾ ਕਰ ਰਹੇ ਹੋ। ਇਸ ਦੇ ਨਾਲ ਹੀ ਮੈਂ ਗਵਰਨਰ ਸਾਹਿਬ ਦਾ, ਜੋ ਉਨ੍ਹਾਂ ਨੇ ਮਿਤੀ 27 ਫਰਵਰੀ, 2009 ਨੂੰ ਇਸ ਸਦਨ ਵਿੱਚ ਭਾਸ਼ਣ ਦਿੱਤਾ ਹੈ, ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਅਤੇ ਮੇਰੇ ਕਾਬਲ ਸਾਥੀ ਸਰਦਾਰ ਵਿਰਸਾ ਸਿੰਘ ਵਲਟੋਹਾ ਵੱਲੋਂ ਇਸ ਭਾਸ਼ਣ ਦੇਣ ਬਾਰੇ ਉਨ੍ਹਾਂ ਦਾ ਧੰਨਵਾਦ ਕੀਤਾ, ਅਤੇ ਧੰਨਵਾਦ ਦਾ ਮਤਾ ਪਾਸ ਕਰਨ ਦੀ ਅਪੀਲ ਕੀਤੀ ਹੈ ਉਸ ਨੂੰ ਪਾਸ ਕੀਤਾ ਜਾਵੇ। ਮੈਂ ਇਹ ਅਪੀਲ ਵੀ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਮੈਂ ਇਸ ਵਿਧਾਨ ਸਭਾ ਦਾ ਹਿਤੈਸ਼ੀ ਹੁੰਦਾ ਹੋਇਆ, ਲੋਕਾਂ ਦਾ ਹਿਤੈਸ਼ੀ ਹੁੰਦਾ ਹੋਇਆ ਹਮੇਸ਼ਾ ਤਤਪਰ ਰਹਾਂਗਾ ਤੇ ਤੁਹਾਡੀ ਸੇਵਾ ਵਿਚ ਹਾਜ਼ਰ ਰਹਾਂਗਾ। ਸਪੀਕਰ ਸਾਹਿਬ, ਜਿਹੜੀ ਰਾਜਪਾਲ ਜੀ ਨੇ ਸਾਨੂੰ ਬਹੁਤ ਵੱਡੀ ਤਾਕਤ ਬਖਸ਼ੀ ਹੈ, ਉਸ ਲਈ ਮੈਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਮੈਂ ਮਹਿਸੂਸ ਕਰਦਾ ਹਾਂ ਕਿ ਆਉਣ ਵਾਲੇ ਤਿੰਨ ਸਾਲ ਹੋਰ ਸੇਵਾ ਕਰਕੇ ਆਦਰ-ਮਾਣ ਅਤੇ ਸਤਿਕਾਰ ਲੈ ਸਕਾਂਗੇ ਤੇ ਅੱਜ ਆਉਣ ਵਾਲੇ ਸਮੇਂ ਵਿੱਚ ਵੀ ਸੇਵਾ ਕਰਨ ਲਈ ਫਿਰ ਤਿਆਰ ਰਹਾਂਗੇ। ਇਸ ਲਈ ਆਪ ਜੀ ਦਾ ਬਹੁਤ- ਬਹੁਤ ਧੰਨਵਾਦ ਕਰਦਾ ਹਾਂ।

(ਕੁਝ ਆਵਾਜ਼ਾਂ : 25 ਸਾਲ ਵਾਸਤੇ ਕਹੋ।)

ਮੈਂ 25 ਸਾਲ ਕਿਹਾ ਹੈ, ਮੈਂ ਆਉਣ ਵਾਲੇ 25 ਸਾਲ ਬਾਰੇ ਕਿਹਾ ਹੈ। (ਥੰਪਿੰਗ)

ਮਾਨਯੋਗ ਸਪੀਕਰ : ਸ਼੍ਰੀ ਜਗਦੀਸ਼ ਸਾਹਨੀ ਜੀ।

ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ) : ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਦੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਸਭ ਤੋਂ ਜ਼ਿਆਦਾ ਧੰਨਵਾਦੀ ਗਵਰਨਰ ਸਾਹਿਬ ਦਾ ਹਾਂ ਜਿਨ੍ਹਾਂ ਨੇ ਇੱਥੇ ਆ ਕੇ ਆਪਣੇ ਅਭਿਭਾਸ਼ਣ ਵਿੱਚ ਸਾਰਿਆਂ ਨੂੰ ਸੰਬੋਧਨ ਕੀਤਾ ਹੈ

| *1.14 ਵਜੇ ਬਾਅਦ ਦੁਪਹਿਰ | (*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।) |
|---|---|

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ]

ਔਰ ਸਰਕਾਰ ਦੀਆਂ ਨੀਤੀਆਂ ਦਾ, ਸਰਕਾਰ ਦੀ ਸੋਚ ਦਾ ਇੱਕ ਖੁੱਲ੍ਹਾ ਖਾਕਾ ਪੇਸ਼ ਕੀਤਾ ਹੈ। ਇਹ ਅਫ਼ਸੋਸ ਦੀ ਗੱਲ ਹੈ ਕਿ ਸਾਨੂੰ ਉਸ ਖਾਕੇ ਬਾਰੇ ਕੁਝ ਅਤਾ-ਪਤਾ ਵੀ ਨਹੀਂ ਸੀ ਪਰ ਆਪੋਜ਼ੀਸ਼ਨ ਨੇ ਆਪਣੀ ਪ੍ਰਥਾ ਦੇ ਅਨੁਸਾਰ ਸਮਾਨੰਤਰ ਹੀ ਉਸ ਭਾਸ਼ਣ ਦੇ ਖਿਲਾਫ਼ ਬੋਲਣਾ ਸ਼ੁਰੂ ਕਰ ਦਿੱਤਾ। ਮੇਰੇ ਤੋਂ ਪਹਿਲਾਂ ਸਰਦਾਰ ਸਰਬਜੀਤ ਸਿੰਘ ਮੱਕੜ ਜੀ ਨੇ ਬੋਲਦਿਆਂ ਕਿਹਾ ਹੈ ਕਿ ਇੱਕ ਚੀਜ਼ ਨੂੰ ਆਪਾਂ ਜਾਣਦੇ ਪਹਿਚਾਣਦੇ ਨਹੀਂ ਹਾਂ ਕਿ ਕਿਹੜਾ ਪੇਪਰ ਸਾਡੇ ਅੱਗੇ ਕਿਸ ਤਰ੍ਹਾਂ ਦਾ ਆ ਰਿਹਾ ਹੈ, ਕਿਸ ਤਰ੍ਹਾਂ ਜਾ ਰਿਹਾ ਹੈ। ਆਪਾਂ ਸਿਰਫ ਇਕੋ ਸੋਚ ਰੱਖ ਕੇ ਤੁਰੇ ਹਾਂ ਕਿ ਇਸ ਦੇ ਖਿਲਾਫ਼ ਹੀ ਬੋਲਣਾ ਹੈ। ਇਹ ਉਸ ਦੇ ਖਿਲਾਫ਼ ਬੋਲਦੇ ਤੁਰੀ ਗਏ। ਇਹ ਬਹੁਤ ਹੀ ਅਫ਼ਸੋਸਜਨਕ ਗੱਲ ਹੁੰਦੀ ਹੈ ਕਿ ਬਿਨਾਂ ਸੋਚੇ ਸਮਝੇ, ਬਿਨਾਂ ਕੋਈ ਗੱਲਬਾਤ ਤੋਂ ਇਕੋ ਸੋਚ ਰੱਖ ਕੇ ਚੱਲਣਾ ਹੈ ਕਿ ਜੋ ਰੂਲਿੰਗ ਪਾਰਟੀ ਨੇ ਕਰਨਾ ਹੈ ਅਸੀਂ ਉਸ ਦੇ ਖਿਲਾਫ਼ ਚੱਲਣਾ ਹੈ। ਮੈਂ ਸਮਝਦਾ ਹਾਂ ਕਿ ਇਹ ਇਨ੍ਹਾਂ ਦੀ ਚੰਗੀ ਸੋਚ ਨਹੀਂ ਸੀ। ਇਨ੍ਹਾਂ ਨੇ ਇਸ ਤਰ੍ਹਾਂ ਦੀ ਸੋਚ ਦਾ ਮੁਜ਼ਾਹਰਾ ਹਰ ਜਗ੍ਹਾ ਤੇ ਕੀਤਾ ਹੈ ਅਤੇ ਜਿਹੜੀ ਗੱਲ ਤੋਂ ਬਾਈਕਾਟ ਹੋਇਆ ਹੈ, ਮੈਂ ਨਹੀਂ ਸਮਝਦਾ ਕਿ ਕੋਈ ਐਸਾ ਕਾਰਨ ਰਹਿ ਗਿਆ ਹੋਵੇ ਜਿਸ ਵਾਸਤੇ ਇਨ੍ਹਾਂ ਨੂੰ ਮੌਕਾ ਨਾ ਮਿਲਿਆ ਹੋਵੇ। ਪੰਜਾਬ ਦੀ ਵਿਧਾਨ ਸਭਾ ਦੀ ਫਲੋਰ ਤੇ ਲੀਡਰ ਆਫ਼ ਦਿ ਹਾਊਸ ਦੇ ਰਿਮਾਰਕਸ ਅੱਜ ਤੱਕ ਐਕਸਪੰਜ ਨਹੀਂ ਹੋਏ ਪਰ ਸਪੀਕਰ ਸਾਹਿਬ ਨੇ ਉਹ ਵੀ ਐਕਸਪੰਜ ਕਰਾ ਦਿੱਤੇ, ਹਰ ਚੀਜ਼ ਕਰ ਦਿੱਤੀ ਪਰ ਇਸ ਦੇ ਬਾਵਜੂਦ ਵੀ ਇਨ੍ਹਾਂ ਨੇ ਬਾਈਕਾਟ ਕੀਤਾ। ਇਹ ਮਨ ਬਣਾ ਕੇ ਆਏ ਸਨ ਕਿ ਅਸੀਂ ਬੈਠਣਾ ਹੀ ਨਹੀਂ ਕਿਉਂਕਿ ਇਨ੍ਹਾਂ ਕੋਲ ਕੋਈ ਮੁੱਦਾ ਨਹੀਂ ਸੀ ਅਖ਼ਬਾਰਾਂ ਵਿੱਚ ਜਾਣ ਦਾ। ਇਹ ਚਾਹੁੰਦੇ ਸਨ ਕਿ ਅਖ਼ਬਾਰਾਂ ਵਿੱਚ ਜਾਣ ਲਈ ਕੋਈ ਖ਼ਬਰ ਬਣਾਈ ਜਾਵੇ। ਖ਼ਬਰ ਬਣਾਉਣ ਲਈ ਇਨ੍ਹਾਂ ਨੇ ਭਰਪੂਰ ਕੋਸ਼ਿਸ਼ ਕੀਤੀ। ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਇਨ੍ਹਾਂ ਨੇ ਗੱਲ ਮੁਕਾ ਦਿੱਤੀ ਕਿ ਸੈਸ਼ਨ ਬੜਾ ਛੋਟਾ ਹੈ, ਬਜਟ ਪੇਸ਼ ਨਹੀਂ ਹੋ ਰਿਹਾ, ਫਲਾਣੀ ਗੱਲ ਨਹੀਂ ਹੋ ਰਹੀ। ਮੁੱਦੇ ਪਹਿਲਾਂ ਉਠਾ ਦਿੱਤੇ ਪਰ ਜਦੋਂ ਮੈਦਾਨੇ-ਜੰਗ ਵਿੱਚ ਜਾਣਾ ਸੀ, ਜੰਗ ਸ਼ੁਰੂ ਹੋਈ ਤੇ ਇਹ ਭਾਈ ਸਾਹਿਬ ਬਾਹਰ ਬੈਠੇ ਸੁਣ ਰਹੇ ਹਨ। ਸਦਨ ਵਿਚੋਂ ਦੌੜ ਗਏ ਹਨ ਪਰ ਬਾਹਰ ਬੈਠੇ ਕਾਰਵਾਈ ਸੁਣ ਰਹੇ ਹਨ ਕਿ ਇੱਥੇ ਕੀ ਕਾਰਵਾਈ ਹੋ ਰਹੀ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਦੀ ਜਨਤਾ ਨੂੰ ਭਲੀ-ਭਾਂਤ ਪਤਾ ਹੋਣਾ ਚਾਹੀਦਾ ਹੈ ਕਿ ਇਹ ਲੋਕ ਤੁਹਾਡੇ ਹਿਤੈਸ਼ੀ ਨਹੀਂ ਹਨ। ਪਿਛਲੇ ਪੰਜ ਸਾਲ ਇਨ੍ਹਾਂ ਦੀ ਸਰਕਾਰ ਵੇਲੇ ਮੇਰਾ ਖਿਆਲ ਹੈ ਕਿ ਅਸੀਂ ਬੋਲ-ਬੋਲ ਕੇ ਥੱਕ ਗਏ ਹਾਂ ਪਰ ਇਨ੍ਹਾਂ ਦੀ ਸਿਹਤ ਤੇ ਕੋਈ ਅਸਰ ਨਹੀਂ ਹੋਇਆ। ਜੋ ਸਰਕਾਰ ਨੇ ਕੀਤਾ ਹਰ ਚੀਜ਼ ਤੁਹਾਡੇ ਸਾਹਮਣੇ ਹੈ। ਅੱਜ ਜਿਹੜਾ ਇਹ ਗਵਰਨਰ ਸਾਹਿਬ ਦਾ ਭਾਸ਼ਣ ਹੈ, ਇਹ ਸਾਨੂੰ ਐਸੀ ਚੀਜ਼ ਵੱਲ ਲਿਜਾਂਦਾ ਹੈ ਜਿਸ ਦਾ ਪ੍ਰਤੀਕ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹਨ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੀ ਅਗਵਾਈ ਕਰਨ ਦਾ ਬੜਾ ਸਿੱਧਾ ਅਤੇ ਸੱਚਾ ਮਤਲਬ ਹੈ ਕਿ ਪੰਜਾਬ ਵਿੱਚ ਭਾਈਚਾਰੇ ਦਾ ਮਾਹੌਲ ਰੱਖ ਕੇ ਪੰਜਾਬ ਨੂੰ ਤਰੱਕੀ ਦੀਆਂ ਲਹਿਰਾਂ ਤੇ ਅੱਗੇ ਲਿਜਾ ਕੇ ਵਿਕਾਸ ਦੀ ਦਰ ਨੂੰ ਅੱਗੇ ਵਧਾਇਆ ਜਾਵੇ। ਮੈਂ ਸਮਝਦਾ ਹਾਂ ਕਿ ਜਿੰਨਾ ਯੋਗਦਾਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਇਸ ਵਿੱਚ ਹੈ, ਹੋਰ ਕਿਸੇ ਦਾ ਨਹੀਂ। ਸੈਂਟਰ ਦੀ ਸਰਕਾਰ ਹੈ, ਸੂਬੇ ਦੀਆਂ ਸਰਕਾਰਾਂ ਹਨ, ਇਹ ਅਭਿਭਾਸ਼ਣ ਦੱਸਦਾ ਹੈ, ਇਹ ਪੜ੍ਹਨ ਤੋਂ ਪਤਾ ਲੱਗਦਾ ਹੈ, ਹੁਣ ਜੇ ਮੇਰੀਆਂ ਲੱਤਾਂ ਹੀ ਨਹੀਂ ਹਨ ਤਾਂ ਮੈਂ ਖੜ੍ਹਾ ਕਿਵੇਂ ਹੋਵਾਂਗਾ, ਸਾਰੇ ਅੰਗਾਂ ਨਾਲ ਮਿਲ ਕੇ ਭਾਰਤ ਬਣਦਾ ਹੈ। ਸਾਰੇ ਜਿੰਨੇ ਵੀ ਛੋਟੇ ਜਾਂ ਵੱਡੇ ਰਾਜ ਹਨ, ਉਨ੍ਹਾਂ ਨਾਲ ਮਿਲ ਕੇ ਭਾਰਤ ਦੀ ਸਰਕਾਰ ਬਣੀ ਹੈ। ਜੇਕਰ ਇੱਕ ਅੰਗ

Original with;
Punjab Vidhan Sabha
Digitized by;
Panjab Digital Library

ਕਮਜ਼ੋਰ ਹੋ ਗਿਆ ਤਾਂ ਮੈਂ ਨਹੀਂ ਸਮਝਦਾ ਕਿ ਇਨਸਾਨ ਆਪਣੇ ਤੌਰ ਤੇ ਖੜ੍ਹਾ ਰਹਿ ਸਕਦਾ ਹੈ। ਜਿਹੜਾ ਪੰਜਾਬ ਨਾਲ ਵਿਤਕਰਾ ਹੋ ਰਿਹਾ ਹੈ, ਮੈਂ ਸਮਝਦਾ ਹਾਂ ਕਿ ਮੁਤਵਾਤਰ ਪਿਛਲੀ ਸਰਕਾਰ ਦੇ ਪੰਜ ਸਾਲ ਅਤੇ ਹੁਣ ਵੀ ਅਸੀਂ ਕਹਿੰਦੇ ਰਹੇ ਪਰ ਉਨ੍ਹਾਂ ਦੀ ਸਿਹਤ ਤੇ ਕੋਈ ਅਸਰ ਨਹੀਂ ਹੈ। ਅੱਜ ਪੰਜਾਬ ਨੂੰ ਪ੍ਰਗਤੀ ਦੀ ਲਹਿਰ ਤੋਂ ਅੱਗੇ ਲਿਜਾਣ ਲਈ ਦੋ ਸਾਲਾਂ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਡਿਪਟੀ ਸਪੀਕਰ ਸਾਹਿਬ, ਮੈਨੂੰ ਕੱਲ੍ਹ ਕੁਦਰਤੀ ਈ.ਟੀ.ਸੀ. ਚੈਨਲ ਤੇ ਜਾਣ ਦਾ ਮੌਕਾ ਮਿਲਿਆ। ਇਹ ਇਲੈਕਸ਼ਨਾਂ ਬਾਰੇ ਸੀ। ਮੇਰੇ ਬਰਾਬਰ ਕਾਂਗਰਸੀ ਕੈਂਡੀਡੇਟ ਨਾਭਾ ਜੀ ਸਨ। ਤੁਸੀਂ ਹੈਰਾਨ ਹੋਣਾ ਹੈ ਕਿ ਸਭ ਤੋਂ ਵੱਡੀ ਗੱਲ, ਕੋਈ ਆਦਮੀ ਆਪਣੀ ਕਮਜ਼ੋਰੀ ਛੁਪਾਉਂਦਾ ਹੈ ਪਰ ਅਸੀਂ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਵੀ ਕੈਂਡੀਡੇਟ ਆਪਣੀ ਕਮਜ਼ੋਰੀ ਛੁਪਾਉਣ ਦੀ ਕੋਸ਼ਿਸ਼ ਨਹੀਂ ਕਰਦਾ। ਅਸੀਂ ਉਸ ਕਮਜ਼ੋਰੀ ਨੂੰ ਅੱਗੇ ਰੱਖਦੇ ਹਾਂ ਤਾਂ ਕਿ ਉਸ ਨੂੰ ਦੂਰ ਕਰਕੇ ਲੋਕਾਂ ਨੂੰ ਸਹੂਲਤ ਪਹੁੰਚਾ ਸਕੀਏ। ਤੁਸੀਂ ਹੈਰਾਨ ਹੋਵੋਗੇ ਕਿ ਬਹਿਸ ਸ਼ੁਰੂ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਕਿਹਾ ਕਿ ਤੁਹਾਡੇ ਕੋਲ ਮੁੱਦਾ ਕੀ ਹੈ ? ਮੈਂ ਕਿਹਾ ਕਿ ਸਭ ਤੋਂ ਵੱਡਾ ਸਾਡੇ ਕੋਲ ਮੁੱਦਾ ਬਿਜਲੀ ਦਾ ਹੈ। ਅਸੀਂ ਸਭ ਤੋਂ ਪਹਿਲਾਂ ਇੱਕ ਟੀਚਾ ਰੱਖਿਆ ਸੀ, ਲਕਸ਼ ਰੱਖਿਆ ਸੀ। ਸਰਕਾਰ ਨੇ ਸੋਚਿਆ ਸੀ ਕਿ ਇਹ ਲਕਸ਼ ਚਾਹੀਦਾ ਹੈ, ਇਸ ਨੂੰ ਕੈਪਚਰ ਕਰਨਾ ਹੈ। ਸਾਡੇ ਕੋਲ ਸਭ ਤੋਂ ਵੱਡਾ ਲਕਸ਼ ਸੀ, ਬਿਜਲੀ ਦੀ ਘਾਟ। ਬਾਦਲ ਸਾਹਿਬ ਨੇ ਆਪਣੀ ਸੋਚ ਮੁਤਾਬਿਕ ਘਾਟ ਨੂੰ ਵੀ ਪੂਰਾ ਕਰਨਾ ਹੈ, ਲੋਕਾਂ ਨੂੰ ਸਹੂਲਤਾਂ ਵੀ ਦੇਣੀਆਂ ਹਨ ਕਿਉਂਕਿ ਲੋਕਾਂ ਨੂੰ ਵਾਅਦਾ ਕਰਕੇ ਆਏ ਹਨ। ਬੜੀ ਵੱਡੀ ਗੱਲ ਹੈ ਕਿ ਉਹ ਚੀਜ਼ ਜਿਹੜੀ ਕਿ ਸਾਡੇ ਕੋਲ ਹੈ ਨਹੀਂ ਪਰ ਦੇਣੀ ਜ਼ਰੂਰ ਹੈ। ਜਿਸ ਤਰ੍ਹਾਂ ਮਰਜ਼ੀ ਪੈਦਾ ਕਰਕੇ ਦੇਈਏ ਪਰ ਦੇਣੀ ਜ਼ਰੂਰ ਹੈ। ਅਸੀਂ ਬਾਦਲ ਸਾਹਿਬ ਦੀਆਂ ਇਨ੍ਹਾਂ ਗੱਲਾਂ ਦੇ ਬੜੇ ਵੱਡੇ ਪ੍ਰਸ਼ੰਸਕ ਹਾਂ। ਇਕਦਮ ਸਰਕਾਰ ਵਿੱਚ ਬਹਿੰਦਿਆਂ ਸਰਕਾਰ ਦੀ ਇਹ ਸੋਚ ਹੋਵੇ ਕਿ ਬਿਜਲੀ ਦੀ ਕਮੀ ਨੂੰ ਪੂਰਾ ਕਰਨਾ ਹੈ। ਬਿਜਲੀ ਦੀ ਕਮੀ ਨੂੰ ਪੂਰਾ ਕਰਨ ਲਈ ਇੰਨੇ ਪ੍ਰਾਜੈਕਟ ਉਲੀਕੇ ਗਏ ਹਨ। ਇਹ ਅਭਿਭਾਸ਼ਣ ਦੱਸਦਾ ਹੈ ਕਿ ਥਰਮਲ ਪਲਾਂਟਾਂ ਤੋਂ ਇਲਾਵਾ ਸਰਕਾਰ ਨੇ ਹਰ ਮਹਿਕਮੇ ਤੋਂ, ਹਰ ਤਰ੍ਹਾਂ ਦੇ ਲੋਕਾਂ ਤੋਂ ਪਾਰਟੀਸੀਪੇਸ਼ਨ ਲਈ ਹੈ। ਇਹ ਹੱਸਦੇ ਸੀ ਅਤੇ ਗੱਲਾਂ ਕਰਦੇ ਸੀ ਕਿ ਤੁਸੀਂ ਕਹਿੰਦੇ ਹੋ ਕਿ 5000 ਕਰੋੜ ਰੁਪਏ ਨਾਲ ਤੁਸੀਂ ਪ੍ਰੋਜੈਕਟ ਸ਼ੁਰੂ ਕਰੋਗੇ ਅਤੇ ਇਹ 5000 ਕਰੋੜ ਰੁਪਿਆ ਕਿਥੋਂ ਆਵੇਗਾ ਪਰ ਇਹ ਕਾਂਗਰਸੀ ਲੋਕ ਇਹ ਭੁੱਲ ਗਏ ਕਿ ਜੇ ਸਰਕਾਰ ਨੇ ਸੋਚ ਹੀ ਲਿਆ ਹੈ ਤਾਂ ਆਪਣੇ ਲਕਸ਼ ਨੂੰ ਪੂਰਾ ਕਰਨ ਲਈ ਅਸੀਂ ਕੋਈ ਵੀ ਰਸਤਾ ਅਖਤਿਆਰ ਕਰ ਸਕਦੇ ਹਾਂ। ਪ੍ਰਾਈਵੇਟ ਪਾਰਟੀਸੀਪੇਸ਼ਨ ਵਿੱਚ ਬੀ.ਓ.ਟੀ. ਦਾ ਫਾਰਮੂਲਾ ਇਸਤੇਮਾਲ ਕਰਨ ਸੰਬੰਧੀ ਮੈਂ ਕਹਿੰਦਾ ਹਾਂ ਕਿ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਜਿੰਨੀ ਵੀ ਤਾਰੀਫ ਕੀਤੀ ਜਾਵੇ, ਉਨੀ ਥੋੜ੍ਹੀ ਹੈ। ਇਹ ਇਨ੍ਹਾਂ ਦੀ ਸੋਚ ਦਾ ਫਾਰਮੂਲਾ ਹੈ। (ਥੰਪਿੰਗ) ਇਨ੍ਹਾਂ ਦੀ ਸੋਚ ਸਦਕਾ ਇਹ ਕੰਮ ਨੇਪਰੇ ਚੜ੍ਹਨਗੇ। ਸਰਦਾਰ ਸੁਖਬੀਰ ਸਿੰਘ ਬਾਦਲ ਨੇ ਆਪਣੀ ਸਪੀਡ ਦੌੜਾਈ ਹੈ। ਇਨ੍ਹਾਂ ਨੇ ਆਪਣੀ ਉਮਰ ਮੁਤਾਬਕ ਸਪੀਡ ਪਕੜੀ ਹੈ। ਇਕਦਮ ਹੀ ਇਹ ਸਾਰੇ ਪ੍ਰੋਜੈਕਟ ਸ਼ੁਰੂ ਕੀਤੇ ਹਨ। ਇਹ ਕਿਸ ਲਈ ਕੀਤਾ ਹੈ? ਜੇ ਦੇਖਿਆ ਜਾਵੇ ਤਾਂ ਪੰਜਾਬ ਦੇ ਲੋਕਾਂ ਨੂੰ ਇਹ ਸਹੂਲਤਾਂ ਦਿਵਾਈਆਂ ਹਨ। ਪੰਜਾਬ ਦੀ ਜਨਤਾ ਲਈ ਇਹ ਸਭ ਕੁਝ ਕੀਤਾ ਹੈ। ਪੰਜਾਬ ਦੀ ਜਨਤਾ ਸਾਨੂੰ ਇਥੇ ਆਪਣੇ ਮਸਲੇ ਹੱਲ ਕਰਨ ਲਈ ਚੁਣ ਕੇ ਭੇਜਦੀ ਹੈ ਤਾਂ ਕਿ ਉਨ੍ਹਾਂ ਦੇ ਮਸਲੇ ਜਲਦੀ ਹੱਲ ਹੋਣ। ਤੁਹਾਡੇ ਸਾਹਮਣੇ ਕੀ ਮਸਲੇ ਹਨ ? ਕੀ ਸੋਚ ਹੈ ? ਪਿਛਲੀ ਵਿਧਾਨ ਸਭਾ ਦਾ ਜੇ ਰਿਕਾਰਡ ਕੱਢ ਕੇ ਦੇਖੀਏ, ਉਸ ਸਮੇਂ ਇਕ ਵੀ ਰੈਜ਼ੋਲਿਊਸ਼ਨ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ]

ਪਾਸ ਨਹੀਂ ਹੋਇਆ। ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਨੇ ਬਹੁਤ ਰੈਜ਼ੋਲਿਊਸ਼ਨ ਕੀਤੇ ਹਨ ਪਰ ਕਾਂਗਰਸ ਪਾਰਟੀ ਵੱਲੋਂ ਇਨ੍ਹਾਂ ਰੈਜ਼ੋਲਿਊਸ਼ਨਾਂ ਨੂੰ ਬਹੁਤੀ ਤਵੱਜੋ ਨਹੀਂ ਦਿੱਤੀ ਗਈ। ਇਥੇ ਸਾਡੀ ਸਰਕਾਰ ਦੁਆਰਾ ਉਹ ਰੈਜ਼ੋਲਿਊਸ਼ਨ ਪਾਸ ਕੀਤੇ ਗਏ ਹਨ ਜਿਨ੍ਹਾਂ ਦੀ ਜ਼ਰੂਰਤ ਪੰਜਾਬ ਦੇ ਹਰ ਬੱਚੇ-ਬੱਚੇ ਨੂੰ ਹੈ। ਹਰ ਇਨਸਾਨ ਨੂੰ ਇਨ੍ਹਾਂ ਦੀ ਜ਼ਰੂਰਤ ਹੈ। ਇਥੇ ਸਾਡੀ ਸਰਕਾਰ ਦੁਆਰਾ ਪੰਜਾਬ ਦੇ ਹਰ ਇਨਸਾਨ ਨਾਲ ਜੁੜੀਆਂ ਹੋਈਆਂ ਗੱਲਾਂ ਦੇ ਹੱਲ ਕੀਤੇ ਗਏ ਹਨ। ਜੇਕਰ ਛੱਪੜਾਂ ਦੀ ਗੱਲ ਕਰੀਏ, ਇਹ ਛੱਪੜ ਪੰਜਾਬ ਦੇ ਹਰ ਇਨਸਾਨ ਦੀ ਜ਼ਿੰਦਗੀ ਨਾਲ ਜੁੜੇ ਹੋਏ ਹਨ। ਸੱਚੀ ਗੱਲ ਹੈ ਕਿ ਅੱਜ ਸਾਨੂੰ ਸਾਰਿਆਂ ਨੂੰ ਜ਼ਮੀਨ ਦੇ ਨਾਲ ਹੀ ਨਹੀਂ ਬਲਕਿ ਲੋਕਾਂ ਦੇ ਨਾਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਜੋੜਿਆ ਹੈ। ਲੋਕਾਂ ਦੇ ਮਸਲੇ ਉਠਾਏ ਗਏ ਹਨ। ਆਮ ਲੋਕਾਂ ਦੀਆਂ ਹਰ ਤਰ੍ਹਾਂ ਦੀਆਂ ਮੁਸ਼ਕਲਾਂ ਨਾਲ ਜੁੜੇ ਮਸਲਿਆਂ ਨੂੰ ਇਥੇ ਉਠਾਇਆ ਗਿਆ ਹੈ, ਇਹ ਸੋਚ ਉਹੀ ਬੰਦਾ ਸੋਚ ਸਕਦਾ ਹੈ ਜਿਹੜਾ ਕਿ ਆਮ ਲੋਕਾਂ ਨਾਲ ਤੇ ਜ਼ਮੀਨ ਨਾਲ ਜੁੜਿਆ ਹੋਇਆ ਹੋਵੇ। ਅੱਜ ਮੈਨੂੰ ਬੜੀ ਖੁਸ਼ੀ ਹੈ ਕਿ ਮੈਨੂੰ ਅੱਜ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਮਿਲਿਆ ਹੈ। ਰਾਜਪਾਲ ਜੀ ਦੇ ਉਨ੍ਹਾਂ ਲਫਜ਼ਾਂ ਨੂੰ ਦੁਹਰਾਉਣ ਲਈ ਜੋ ਉਨ੍ਹਾਂ ਨੇ ਪੰਜਾਬ ਵਾਸੀਆਂ ਨੂੰ ਦਿੱਤੇ ਹਨ, ਮੈਨੂੰ ਮੌਕਾ ਮਿਲਿਆ ਹੈ। ਅੱਜ ਪੰਜਾਬ ਵਿਚ ਸਭ ਤੋਂ ਵੱਧ ਪਾਣੀ ਦੀ ਕਮੀ ਆ ਰਹੀ ਹੈ। ਨਦੀਆਂ ਦੀ ਜੋ ਅੱਜ ਹਾਲਤ ਹੈ, ਉਹ ਤੁਹਾਡੇ ਸਾਹਮਣੇ ਹੀ ਹੈ। ਜ਼ਮੀਨੀ ਸੋਧ ਅਤੇ ਖੇਤੀਬਾੜੀ ਵਿਚ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਉਨ੍ਹਾਂ ਨੇ ਆਪਣੇ ਅਭਿਭਾਸ਼ਣ ਵਿਚ ਗੱਲਾਂ ਕੀਤੀਆਂ ਹਨ। ਸਾਡੀ ਅਨੁਮਾਨਿਤ ਮੰਗ 50 ਐਮ.ਏ.ਐਫ. ਪਾਣੀ ਦੀ ਹੈ। ਸਾਡੇ ਕੋਲ ਮੌਜੂਦਾ ਸਥਿਤੀ ਅਨੁਸਾਰ ਦਰਿਆਈ ਪਾਣੀ 14.54 ਐਮ.ਏ.ਐਫ. ਹੈ ਅਤੇ ਇਸ ਤਰ੍ਹਾਂ ਬਾਕੀ ਜ਼ਮੀਨਦੋਜ਼ ਪਾਣੀ ਦੀ ਉਪਲਬਧਤਾ 19.8 ਐਮ.ਏ.ਐਫ. ਹੈ। ਸੈਂਟਰ ਗੌਰਮਿੰਟ ਨੇ ਸਾਨੂੰ ਕੋਈ ਚੀਜ਼ ਨਹੀਂ ਦਿੱਤੀ। ਸਾਨੂੰ ਕੋਈ ਸੋਚ ਨਹੀਂ ਦਿੱਤੀ। ਸਾਨੂੰ ਕੋਈ ਰਾਹਤ ਨਹੀਂ ਦਿੱਤੀ ਤਾਂ ਕਿ ਪਾਣੀ ਦੀ ਘਾਟ ਨੂੰ ਪੂਰਾ ਕੀਤਾ ਜਾ ਸਕੇ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਕਿਸਾਨ ਨੂੰ ਦਿਨ ਜਾਂ ਰਾਤ ਦੀ ਪਰਵਾਹ ਨਹੀਂ ਹੈ। ਹਰ ਖੇਤ ਵਿਚ ਉਹ ਕਿੰਨੇ ਗੋਡੀਂ ਤੁਰਿਆ। ਪੰਜਾਬ ਦੇ ਕਿਸਾਨ ਲਈ ਮਸ਼ਹੂਰ ਕਹਾਵਤ ਹੈ ਕਿ ਸੱਪਾਂ ਦੀਆਂ ਸਿਰੀਆਂ ਮਿੱਧਣ ਵਾਲੇ ਸਾਡੇ ਪੰਜਾਬ ਦੇ ਕਿਸਾਨ ਹੀ ਹਨ। ਉਹ ਰਾਤਾਂ ਨੂੰ ਪਾਣੀ ਮੋੜਦੇ ਹਨ, ਕੋਈ ਇੰਡਸਟਰੀਅਲਿਸਟ ਜਾਂ ਸ਼ਹਿਰੀ ਆਦਮੀ ਇਸ ਤਰ੍ਹਾਂ ਨਹੀਂ ਕਰ ਸਕਦਾ। ਉਹ ਇਹ ਕਾਹਦੇ ਲਈ ਕਰਦਾ ਹੈ? ਹਿੰਦੁਸਤਾਨ ਨੂੰ ਫੂਡ ਗਰੇਨਜ਼ ਵਿਚ ਸਰਪ੍ਰਸਤੀ ਪੰਜਾਬ ਦੇ ਕਿਸਾਨ ਕਰਕੇ ਹੀ ਮਿਲੀ ਹੈ। ਸਾਡੇ ਮੁਲਕ ਵਿਚ ਅੰਨ ਦੀ ਪਹਿਲਾਂ ਕਮੀ ਸੀ। ਉਸ ਕਮੀ ਨੂੰ ਪੰਜਾਬ ਦੇ ਕਿਸਾਨ ਨੇ ਹੀ ਪੂਰਾ ਕੀਤਾ ਹੈ। ਹਿੰਦੁਸਤਾਨ ਦੇ ਬਾਕੀ ਸੂਬਿਆਂ ਦੇ ਕਿਸਾਨਾਂ ਨੂੰ ਪੰਜਾਬ ਦੇ ਕਿਸਾਨ ਨੇ ਖੇਤੀ ਬਾਰੇ ਆਪਣਾ ਵੱਡਾ ਹਿੱਸਾ ਪਾ ਕੇ ਪੜ੍ਹਨਾ ਸਿਖਾਇਆ ਹੈ। ਖੇਤੀਬਾੜੀ ਦੀ ਤਰੱਕੀ ਦਾ ਸਿਹਰਾ ਪੰਜਾਬ ਦੇ ਕਿਸਾਨ ਨੂੰ ਜਾਂਦਾ ਹੈ ਪਰ ਜਦੋਂ ਕੁਝ ਵੰਡਣ ਦੀ ਗੱਲ ਆਉਂਦੀ ਹੈ ਤਾਂ ਸੈਂਟਰ ਸਰਕਾਰ ਵੱਲੋਂ ਪੰਜਾਬ ਦੇ ਕਿਸਾਨ ਨੂੰ ਬਾਕੀ ਸੂਬਿਆਂ ਦੇ ਬਰਾਬਰ ਹਿੱਸਾ ਦਿੱਤਾ ਜਾਂਦਾ ਹੈ। ਸਾਡੇ ਕੋਲ ਅਬਾਦੀ ਵੀ ਘੱਟ ਹੈ ਅਤੇ ਸਾਡੇ ਕੋਲ ਬਾਕੀ ਸੂਬਿਆਂ ਤੋਂ ਖੇਤੀਬਾੜੀ ਲਈ ਰਕਬਾ ਵੀ ਘੱਟ ਹੈ। ਜ਼ਮੀਨ ਦੀ ਸਾਡੇ ਕੋਲ ਕਮੀ ਹੈ। ਹਿਸਾਬ ਨਾਲ ਸਾਡੇ ਸੂਬੇ ਨੂੰ ਬਾਕੀ ਸੂਬਿਆਂ ਨਾਲੋਂ ਘੱਟ ਤਰਜੀਹ ਦਿੱਤੀ ਜਾਂਦੀ ਹੈ। ਮੱਧ ਪ੍ਰਦੇਸ਼ ਅਤੇ ਯੂ.ਪੀ. ਕੋਲ ਜ਼ਿਆਦਾ ਜ਼ਮੀਨ ਹੈ। ਪੰਜਾਬ ਨੂੰ ਕਦੇ ਵੀ ਕੁਰਬਾਨੀਆਂ ਦੇ ਮੁਤਾਬਕ ਕੁਝ ਨਹੀਂ

Original with;
Punjab Vidhan Sabha
Digitized by;
Panjab Digital Library

ਮਿਲਿਆ। ਪੰਜਾਬ ਨਾਲ ਇਸ ਤਰ੍ਹਾਂ ਕਿਉਂ ਕੀਤਾ ਜਾਂਦਾ ਹੈ? ਪੰਜਾਬ ਨਾਲ ਇਹ ਵਿਤਕਰਾ ਨਹੀਂ ਹੋਣਾ ਚਾਹੀਦਾ। ਅਧਿਕਾਰ ਸਾਰੇ ਸੂਬਿਆਂ ਦੇ ਬਰਾਬਰ ਹਨ। ਪੰਜਾਬ ਨੂੰ ਨਜ਼ਰਅੰਦਾਜ਼ ਕਰਨਾ ਸਹੀ ਨਹੀਂ। ਇਸ ਦੀਆਂ ਕੁਰਬਾਨੀਆਂ ਦੇਖੀਆਂ ਜਾਣ। ਪੰਜਾਬ ਨੂੰ ਕਿਉਂ ਕਦੇ ਵੀ ਕੁਝ ਨਹੀਂ ਮਿਲਿਆ? ਪੰਜਾਬ ਨੇ ਇਸ ਧਰਤੀ ਲਈ ਜਿੰਨੀ ਕੁਰਬਾਨੀ ਦਿੱਤੀ ਹੈ, ਖਾਸ ਕਰਕੇ ਹਿੰਦੁਸਤਾਨ ਲਈ, ਉਸ ਦਾ ਸਾਨੂੰ ਸਿਲਾ ਨਹੀਂ ਮਿਲਿਆ। ਇਸ ਦਾ ਅਫ਼ਸੋਸ ਪੰਜਾਬੀਆਂ ਨੂੰ ਹੈ। ਪੰਜਾਬੀਆਂ ਨੇ ਆਪਣੀ ਜ਼ਮੀਨ ਦੀ ਉਪਜਾਊਸ਼ੀਲਤਾ ਖਤਮ ਕਰ ਲਈ ਹੈ। ਸਾਡੀ ਧਰਤੀ ਦਾ ਪਾਣੀ ਮੁੱਕ ਗਿਆ ਹੈ। ਅੱਜ ਪੰਜਾਬ ਦੇ ਕਿਸਾਨ ਦੀ ਹਾਲਤ ਇਹ ਹੈ ਕਿ ਉਹ ਭੁੱਖਾ ਮਰਦਾ ਹੈ। ਅਸੀਂ ਅਖਬਾਰਾਂ ਵਿਚ ਪੜ੍ਹਦੇ ਹਾਂ ਕਿ ਜੋ ਅੰਨਦਾਤਾ ਹੈ, ਉਹ ਅੱਜ ਖੁਦਕਸ਼ੀਆਂ ਕਰ ਰਿਹਾ ਹੈ। ਅੰਨਦਾਤਾ ਨੂੰ ਅੱਜ ਆਤਮ-ਹੱਤਿਆ ਲਈ ਮਜਬੂਰ ਹੋਣਾ ਪਿਆ ਹੈ। ਇਹ ਕਾਹਦੇ ਲਈ ? ਅੰਨਦਾਤਾ ਭੁੱਖਮਰੀ ਦਾ ਸ਼ਿਕਾਰ ਕਿਉਂ ਹੋਇਆ ? ਰਾਜਸਥਾਨ ਵਿਚ ਇਥੋਂ ਦਾ ਕਿਸਾਨ ਚਲਾ ਗਿਆ ਹੈ। ਉਸ ਨੇ ਉਥੇ ਜਾ ਕੇ ਵੀ ਅੰਨ ਪੈਦਾ ਕਰ ਦਿੱਤਾ ਹੈ। ਪਰ ਸਾਨੂੰ ਮਿਲਦਾ ਕੀ ਹੈ? ਮੇਰੀ ਬੇਨਤੀ ਹੈ ਸੈਂਟਰਲ ਸਰਕਾਰ ਨੂੰ, ਉਨ੍ਹਾਂ ਦੇ ਜੋ ਮੰਤਰੀ ਹਨ ਜੋ ਉਹ ਉੱਥੇ ਏਅਰ-ਕੰਡੀਸ਼ਨਡ ਕਮਰਿਆਂ ਵਿੱਚ ਸਕੀਮਾਂ ਬਣਾਉਂਦੇ ਹਨ, ਉਹ ਪੰਜਾਬ ਦੀ ਧਰਤੀ ਤੇ ਆ ਕੇ ਦੇਖਣ ਕਿ ਪੰਜਾਬ ਦਾ ਕਿਸਾਨ ਕਿਸ ਹਾਲਤ ਵਿੱਚ ਗੁਜ਼ਾਰਾ ਕਰ ਰਿਹਾ ਹੈ। ਅੱਜ ਕਿਸਾਨ ਇੱਕ-ਇੱਕ ਰਾਤ ਭੁੱਖਾ ਮਰਦਾ ਹੈ ਪਰ ਅਸੀਂ ਰਿਣੀ ਹਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੇ ਜਿਨ੍ਹਾਂ ਨੇ ਹਰ ਪੱਖ ਤੇ ਕੋਸ਼ਿਸ਼ ਕੀਤੀ। ਮੈਂ ਨਹੀਂ ਸਮਝਦਾ ਬਾਦਲ ਸਾਹਿਬ ਨੇ ਅੱਜ ਤੱਕ ਕਿਸੇ ਨੂੰ ਨਾਂਹ ਕੀਤੀ ਹੋਵੇਗੀ। ਕਦੇ ਕਿਸੇ ਨੂੰ ਚੂੰਢੀ ਨਹੀਂ ਮਾਰੀ। ਸਾਰਾ ਸੈਸ਼ਨ ਨਿਕਲ ਗਿਆ ਔਰ ਇਹ ਕਹਿੰਦੇ ਹਨ ਕਿ ਸਾਨੂੰ ਤੰਗ ਕੀਤਾ ਜਾ ਰਿਹਾ ਹੈ ਪਰ ਦੱਸੋ ਤਾਂ ਸਹੀ ਕਿ ਕੀ ਤੰਗ ਕੀਤਾ ਜਾ ਰਿਹਾ ਹੈ? ਟੀ.ਵੀ. ਚੈਨਲ ਤੇ ਵੀ ਇਹੋ ਗੱਲ ਸੀ ਕਿ ਵੈਂਡੈਟਾ ਕੀਤਾ। ਮੈਂ ਪੁੱਛਦਾ ਹਾਂ ਕਿ ਕਿਸ ਨਾਲ ਕੀਤਾ ? ਨਾਭਾ ਸਾਹਿਬ ਕਹਿਣ ਲੱਗੇ ਕਿ ਪੁਰਾਣੇ ਕੇਸ ਛੱਡ ਦਿਓ, ਨਵੇਂ ਕੇਸ ਦੇਖ ਲਓ। ਮੈਂ ਕਿਹਾ ਕਿ ਨਾਭਾ ਸਾਹਿਬ ਤੁਸੀਂ ਅਖਬਾਰਾਂ ਪੜ੍ਹੋ। ਕੈਪਟਨ ਸਾਹਿਬ ਸ਼ੋਅ ਕਰ ਰਹੇ ਹਨ ਕਿ ਮੈਂ ਇੱਕ ਬੰਦੇ ਤੋਂ ਇੰਨਾ ਰੁਪਿਆ ਲੋਨ ਲਿਆ। ਜਿਸ ਦੀ ਆਪਣੀ ਪੈਂਟ ਪਾਟੀ ਹੋਈ ਸੀ, ਉਹ ਕਰੋੜਾਂ ਰੁਪਏ ਲੋਨ ਕੀ ਦੇਵੇਗਾ। ਕਲਕੱਤਾ ਚਲੇ ਜਾਓ। ਜਿਹੜਾ ਤੁਹਾਡਾ ਉਥੇ ਇੰਨਾ ਵੱਡਾ ਸਟੂਡੀਓ ਹੈ, ਉਥੇ ਇੱਕ-ਇੱਕ ਕਮਰੇ ਵਿੱਚ ਚਾਰ ਫਰਮਾਂ ਚੱਲ ਰਹੀਆਂ ਹਨ। ਪੂਰਾ ਝੂਠ ਦਾ ਝੂਠ। ਉਂਝ ਕਹਿੰਦੇ ਹਨ ਕਿ ਅਸੀਂ ਬੜੇ ਸੱਚੇ ਹਾਂ, ਬੜੇ ਇਮਾਨਦਾਰ ਹਾਂ। ਮੈਂ ਆਪਣੇ ਐਕਸਾਈਜ਼ ਐਂਡ ਟੈਕਸੇਸ਼ਨ ਡਿਪਾਰਟਮੈਂਟ ਦੀ ਗੱਲ ਕਰਦਾ ਹਾਂ। ਕਰੋੜਾਂ ਰੁਪਏ ਹਰ ਮਹੀਨੇ ਲਏ ਜਾਂਦੇ ਸਨ। ਅੱਜ ਅਸੀਂ ਬੜੀ ਸ਼ਾਨ ਨਾਲ ਕਹਿ ਸਕਦੇ ਹਾਂ ਕਿ ਅਸੀਂ ਟਾਰਗੈਟ ਅਚੀਵ ਹੀ ਨਹੀਂ ਕੀਤੇ ਸਗੋਂ ਐਕਸੀਡ ਕੀਤੇ ਹਨ। ਉਹ ਇਸ ਕਰਕੇ ਕਿਉਂਕਿ ਬਾਦਲ ਸਾਹਿਬ ਨੇ ਪਹਿਲੇ ਦਿਨ ਕਿਹਾ ਸੀ ਕਿ ਇਮਾਨਦਾਰੀ ਨਾਲ ਸਾਰਿਆਂ ਨੇ ਚੱਲਣਾ ਹੈ। ਸਾਡਾ ਇਲੀਗਲ ਖਰਚਾ ਹੀ ਕੋਈ ਨਹੀਂ। ਅੱਜ ਵਿਧਾਨ ਸਭਾ ਵਿੱਚ ਮੈਂ ਛਾਤੀ ਠੋਕ ਕੇ ਕਹਿ ਸਕਦਾ ਹਾਂ ਕਿ ਕੋਈ ਖੜ੍ਹਾ ਹੋ ਕੇ ਕਹਿ ਦੇਵੇ ਕਿ ਕਿਸੇ ਨੂੰ 2 ਰੁਪਏ ਦਾ ਨਜਾਇਜ਼ ਖਰਚਾ ਪਾਇਆ ਹੋਵੇ। ਨਾ ਕਦੀ ਬਾਦਲ ਸਾਹਿਬ ਵੱਲੋਂ ਅਤੇ ਨਾ ਕਿਸੇ ਹੋਰ ਪਾਸਿਓਂ ਪਾਇਆ ਗਿਆ। ਸਾਰੇ ਠੇਕੇ ਸਾਡੇ ਨਿਲਾਮ ਹੋਏ ਅਤੇ 21% ਤੋਂ ਵੱਧ ਅਸੀਂ ਐਕਸੀਡ ਕੀਤਾ। ਬਜਟ ਐਸਟੀਮੇਟ ਤੋਂ ਵੀ ਉੱਤੇ ਗਏ ਹਾਂ। ਕਾਂਗਰਸ ਵਾਲੇ ਪੁੱਛਦੇ ਸੀ ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਪਰ ਹਰ ਚੀਜ਼ ਹੋ ਸਕਦੀ ਹੈ ਜੇਕਰ ਇਨਸਾਨ ਇਮਾਨਦਾਰੀ ਨਾਲ ਚੱਲੇ। ਡਿਪਟੀ ਸਪੀਕਰ ਸਾਹਿਬ, 160 ਇੰਸਪੈਕਟਰਾਂ ਦੀ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ]

ਭਰਤੀ ਹੋਈ ਹੈ। ਆਮ ਲੋਕ ਕਹਿੰਦੇ ਸਨ ਕਿ ਅਸੀਂ 50 ਲੱਖ ਜਾਂ ਕਰੋੜ ਰੁਪਿਆ ਦਿੰਦੇ ਹਾਂ, ਸਾਡਾ ਮੁੰਡਾ ਭਰਤੀ ਕਰ ਲਓ। ਰੁਪਿਆ ਦੇਣ ਵਾਲੇ ਬਹੁਤ ਸਨ ਪਰ ਲੈਣ ਵਾਲਾ ਪੰਜਾਬ ਵਿੱਚ ਕੋਈ ਨਹੀਂ ਸੀ। ਕਿਸੇ ਨੇ ਵੈਸੇ ਬਾਹਰ ਠੱਗੀ ਮਰਵਾ ਲਈ ਹੋਵੇ ਵੱਖਰੀ ਗੱਲ ਹੈ ਪਰ ਮੈਨੂੰ ਸਾਰੇ ਪੰਜਾਬ ਵਿੱਚ ਕੋਈ ਅਜਿਹਾ ਇਨਸਾਨ ਨਜ਼ਰ ਨਹੀਂ ਆਇਆ ਜਿਹੜਾ ਛਾਤੀ ਠੋਕ ਕੇ ਕਹੇ ਕਿ ਲਿਆ ਪੈਸੇ, ਮੈਂ ਤੇਰਾ ਮੁੰਡਾ ਭਰਤੀ ਕਰਵਾ ਦਿੰਦਾ ਹਾਂ। ਜਿਹੜੇ ਬੱਚੇ ਭਰਤੀ ਹੋਏ ਹਨ, ਪੂਰੀ ਮੈਰਿਟ ਤੇ ਹੋਏ ਹਨ। ਅੱਜ ਵੀ ਅਖਬਾਰ ਦੇਖ ਲਓ, ਉਨ੍ਹਾਂ ਵਿਚੋਂ 55 ਇੰਸਪੈਕਟਰ ਉਹ ਹਨ ਜਿਹੜੇ ਪਿਛਲੀ ਸਰਕਾਰ ਵੇਲੇ ਸੀ ਅਤੇ ਸੁਪਰੀਮ ਕੋਰਟ ਦੇ ਆਰਡਰ ਨਾਲ ਭਰਤੀ ਹੋਏ ਹਨ। ਕੋਈ ਹੈਂਕੀ ਪੈਂਕੀ ਨਹੀਂ ਪਰ ਕਾਂਗਰਸ ਦੇ ਰਾਜ ਵਿੱਚ ਤਾਂ ਡਾਕਟਰ ਵੀ ਵਿਕ ਗਏ, ਟੀਚਰ ਵੀ ਵਿਕ ਗਏ। ਹਰ ਐਮ.ਐਲ.ਏ. ਨੇ ਟੀਚਰਾਂ ਤੋਂ ਪੈਸੇ ਲਏ। ਮੈਂ ਤਾਂ ਆਪਣੇ ਐਮ.ਐਲ.ਏ. ਨੂੰ ਜਾਣਦਾ ਹਾਂ, ਜਿਹੜਾ ਕਹਿੰਦਾ ਸੀ ਦੱਸੋ ਕਿ ਕਿਸ ਦੀ ਚਿੱਠੀ ਲਿਆ ਕੇ ਦੇਵਾਂ ਇੰਨੇ ਪੈਸੇ ਦਿਓ ਅਤੇ ਮੈਂ ਚਿੱਠੀਆਂ ਲਿਆ ਦਿਆਂਗਾ ਪਰ ਇਸ ਸਰਕਾਰ ਨੇ ਪੰਜਾਬ ਦੇ ਲੋਕਾਂ ਨੂੰ ਸਭ ਤੋਂ ਵੱਡੀ ਚੀਜ਼ ਇਮਾਨਦਾਰੀ ਦਿੱਤੀ ਹੈ, ਮੈਰਿਟ ਦੇ ਅਧਾਰ ਤੇ ਭਰਤੀ ਕੀਤੀ ਹੈ ਅਤੇ ਅਸਲ ਹੱਕਦਾਰ ਬੱਚਿਆਂ ਨੂੰ ਚਾਂਸ ਦਿੱਤਾ ਹੈ। ਅੱਜ ਪੰਜਾਬ ਦੀ ਜਨਤਾ ਇਸ ਕਰਕੇ ਸਰਕਾਰ ਦੀ ਧੰਨਵਾਦੀ ਹੈ ਕਿ ਅਮੀਰੀ-ਗਰੀਬੀ ਤੋਂ ਉਪਰ ਉਠ ਕੇ ਸਰਕਾਰ ਨੇ ਮੈਰਿਟ ਦੇ ਅਧਾਰ ਤੇ ਭਰਤੀ ਕੀਤੀ ਹੈ। ਗਵਰਨਰ ਸਾਹਿਬ ਨੇ ਆਪਣੇ ਅਭਿਭਾਸ਼ਣ ਵਿੱਚ ਕੋਈ ਚੀਜ਼ ਛੱਡੀ ਨਹੀਂ। ਉਨ੍ਹਾਂ ਨੇ ਸੰਕੇਤ ਦਿੱਤਾ ਹੈ ਸੈਂਟਰ ਗੌਰਮਿੰਟ ਨੂੰ ਵੀ ਅਤੇ ਦੂਸਰੇ ਸੂਬਿਆਂ ਨੂੰ ਵੀ ਕਿ ਜੇਕਰ ਤੁਸੀਂ ਨਹਿਰਾਂ ਕੱਢ ਕੇ ਪੰਜਾਬ ਵਿਚੋਂ ਪਾਣੀ ਲਿਜਾਣ ਦੀ ਕੋਸ਼ਿਸ਼ ਕਰੋਗੇ ਤਾਂ ਪੰਜਾਬ ਤੁਹਾਨੂੰ ਇਸ ਦੀ ਇਜਾਜ਼ਤ ਨਹੀਂ ਦੇਵੇਗਾ। ਇਸ ਦੇ ਨਾਲ-ਨਾਲ ਅੱਜ ਸਾਡੇ ਕੋਲ 1,25,000 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ। ਇਸ 1,25,000 ਕਰੋੜ ਰੁਪਏ ਨਾਲ ਸਾਨੂੰ ਪਿਛਲੀ ਸਰਕਾਰ ਦੀ ਵੀ ਯਾਦ ਆ ਜਾਂਦੀ ਹੈ ਜਿਸ ਨੇ ਲੱਖਾਂ-ਕਰੋੜਾਂ ਰੁਪਏ ਦੇ ਨਿਵੇਸ਼ ਦੀਆਂ ਗੱਲਾਂ ਕੀਤੀਆਂ ਸਨ ਪਰ ਅਸਲ ਵਿੱਚ ਉਹ ਹਜ਼ਾਰਾਂ ਕਰੋੜ ਵੀ ਨਹੀਂ ਸੀ। ਨਿਵੇਸ਼ ਹੀ ਨਹੀਂ ਸੀ ਦਿਸ ਰਿਹਾ ਕਿ ਕਿੱਥੇ ਹੋਇਆ ਹੈ। ਨਿਵੇਸ਼ ਸਿਰਫ ਠੱਗੀਆਂ ਦਾ ਸੀ। ਮਗਰ ਅੱਜ ਤੁਹਾਡੇ ਸਾਹਮਣੇ ਨਿਵੇਸ਼ ਦਿਸਦਾ ਹੈ। ਜੇ ਅਸੀਂ ਚੱਲੀਏ ਤਲਵੰਡੀ ਸਾਬੋ, ਗੋਇੰਦਵਾਲ, ਰਾਜਪੁਰਾ, ਗਿੱਦੜਬਾਹਾ, ਅੱਜ ਇਨ੍ਹਾਂ ਸ਼ਹਿਰਾਂ ਵਿੱਚ ਬਿਜਲੀ ਪੈਦਾ ਕਰਨ ਦੇ ਪਲਾਂਟ ਲਗਾਏ ਜਾ ਰਹੇ ਹਨ। ਇਹ ਨਿਵੇਸ਼ ਹੈ। ਇਸ ਦੇ ਨਾਲ ਸਾਨੂੰ ਫਾਇਦਾ ਵੀ ਹੈ। ਬੜੀ ਪੁਰਾਣੀ ਗੱਲ ਹੈ। ਗੱਲ ਹੋਈ ਸੀ ਕਿ ਭਾਰਤੀ ਜਨਤਾ ਪਾਰਟੀ ਨੇ ਦਿੱਲੀ ਵਿਖੇ ਇਕ ਰੈਲੀ ਕੀਤੀ ਸੀ ਜੋ ਕਿ ਵੈਟ ਬਾਰੇ ਕੀਤੀ ਸੀ, ਉਸ ਵੇਲੇ ਵੈਟ ਦਾ ਵਿਰੋਧ ਕੀਤਾ ਸੀ, ਉਸ ਵੇਲੇ ਨਿਵੇਸ਼ ਕਿੰਨਾ ਸੀ, ਨਿਵੇਸ਼ ਕਿੰਨਾ-ਕਿੰਨਾ ਕੀਤਾ, ਹਰ ਬੰਦੇ ਨੂੰ ਦਿਸੇਗਾ, ਹਰ ਪੰਜਾਬੀ ਨੂੰ ਦਿਸੇਗਾ ਕਿ ਅੱਜ ਇਥੇ ਨਿਵੇਸ਼ ਹੋ ਰਿਹਾ ਹੈ। ਕੋਈ ਸੋਚਿਆ ਨਹੀਂ, ਕੋਈ ਨਾਂਹ ਨਹੀਂ। ਮੇਰੇ ਕੋਲ ਬਟਾਲੇ ਦੇ ਬੰਦੇ ਆਏ, ਅੰਮ੍ਰਿਤਸਰ ਦੇ ਬੰਦੇ ਆਏ। ਮੈਂ ਸੀ.ਐਮ. ਸਾਹਿਬ ਕੋਲ ਚਲਿਆ ਗਿਆ ਅਤੇ ਇਨ੍ਹਾਂ ਨੂੰ ਜਾ ਕੇ ਦੱਸਿਆ ਕਿ ਇਹ ਬੰਦੇ ਇੱਥੇ ਪ੍ਰੋਜੈਕਟ ਲਾਉਣਾ ਚਾਹੁੰਦੇ ਹਨ। ਸਪੀਕਰ ਸਾਹਿਬ, ਤੁਹਾਨੂੰ ਇਹ ਸੁਣ ਕੇ ਹੈਰਾਨਗੀ ਹੋਏਗੀ ਕਿ 2005 ਦੀ ਪ੍ਰਾਜੈਕਟ ਰਿਪੋਰਟ ਇਥੇ ਆਈ ਹੋਈ ਹੈ ਮਗਰ ਉਸ ਰਿਪੋਰਟ ਦੇ ਨਾਲ ਪੈਸਿਆਂ ਦਾ ਪਾਸਕੂ ਉਨ੍ਹਾਂ ਨੇ ਨਹੀਂ ਲਾਇਆ ਜਿਸ ਕਰਕੇ ਉਨ੍ਹਾਂ ਦਾ ਕੰਮ ਨਹੀਂ ਹੋਇਆ। ਉਨ੍ਹਾਂ ਨੇ ਆਪਣੀਆਂ ਲੇਟੈਸਟ ਰਿਪੋਰਟਾਂ ਦਿੱਤੀਆਂ ਤਾਂ ਦੂਜੇ ਮਹੀਨੇ ਹੀ ਸਾਡੇ ਚੀਫ ਸੈਕਟਰੀ ਨੇ ਉਨ੍ਹਾਂ ਨੂੰ ਫ਼ਰਮਾਨ

Original with;
Punjab Vidhan Sabha
Digitized by;
Panjab Digital Library

ਫੜਾ ਦਿੱਤਾ ਕਿ ਤੁਹਾਡੇ ਪ੍ਰਾਜੈਕਟ ਮਨਜ਼ੂਰ ਹੋ ਗਏ ਹਨ। ਸਾਡੀ ਸਰਕਾਰ ਇਸ ਤਰ੍ਹਾਂ ਕੰਮ ਕਰਦੀ ਹੈ। ਜੇ ਸਰਕਾਰਾਂ ਇਸ ਤਰ੍ਹਾਂ ਅੱਛੇ ਕੰਮ ਕਰਨ ਤਾਂ ਇਸ ਨਾਲ ਲੋਕਾਂ ਦੇ ਮਨ ਵਿੱਚ ਸਰਕਾਰ ਪ੍ਰਤੀ ਸਤਿਕਾਰ ਪੈਦਾ ਹੁੰਦਾ ਹੈ ਅਤੇ ਅਜਿਹੀ ਸੋਚ ਪੈਦਾ ਹੁੰਦੀ ਹੈ ਜਿਸ ਨਾਲ ਲੋਕਾਂ ਦੇ ਦਿਲਾਂ ਵਿੱਚ ਅੱਛਾ ਸਿਗਨਲ ਜਾਂਦਾ ਹੈ ਕਿ ਸਰਕਾਰ ਠੀਕ ਕੰਮ ਕਰਦੀ ਹੈ। ਸਰਕਾਰ ਵਿੱਚ ਐਮ.ਐਲ.ਏ. ਜਿਹੜੇ ਹਨ, ਉਹ ਇਕ ਪੁਲ ਦੀ ਤਰ੍ਹਾਂ ਕੰਮ ਕਰਦੇ ਹਨ। ਉਹ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਰਕਾਰ ਤੱਕ ਪਹੁੰਚਾਉਂਦੇ ਹਨ ਅਤੇ ਲੋਕਾਂ ਨੂੰ ਸਰਕਾਰ ਤੋਂ ਸਮੇਂ-ਸਮੇਂ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਵਾਉਂਦੇ ਹਨ, ਬੱਸ ਇੰਨਾ ਹੀ ਸਾਡਾ ਕੰਮ ਹੁੰਦਾ ਹੈ ਕਿ ਪੰਜਾਬ ਨੂੰ ਵਿਕਾਸ ਦੀਆਂ ਲੀਹਾਂ ਤੇ ਲੈ ਕੇ ਜਾਇਆ ਜਾਵੇ ਅਤੇ ਇਹੀ ਸਾਡੀ ਸੋਚ ਹੁੰਦੀ ਹੈ। ਜਿਸ ਸੂਬੇ ਤੋਂ ਸਾਨੂੰ ਇੰਨਾ ਮਾਣ ਅਤੇ ਇੱਜ਼ਤ ਮਿਲੀ ਹੈ, ਅਸੀਂ ਆਪਣੇ ਸੂਬੇ ਦੇ ਲੋਕਾਂ ਨੂੰ ਉਪਰ ਲੈ ਕੇ ਜਾਈਏ ਇਸੇ ਸੋਚ ਨੂੰ ਲੈ ਕੇ ਅਸੀਂ ਚੱਲਦੇ ਹਾਂ। ਉਸੇ ਸੋਚ ਨੂੰ ਲੈ ਕੇ ਅਸੀਂ ਸਾਰੇ ਇਹ ਕੰਮ ਕਰ ਰਹੇ ਹਾਂ। ਗਵਰਨਰ ਸਾਹਿਬ ਨੇ ਇਸ ਬਾਰੇ ਆਪਣੇ ਐਡਰੈੱਸ ਵਿੱਚ ਸਹੀ ਫ਼ਰਮਾਇਆ ਹੈ। ਅੱਜ ਲੁਧਿਆਣੇ ਵਿਖੇ ਹਵਾਈ ਅੱਡਾ, ਮੁਹਾਲੀ ਦੇ ਨੇੜੇ ਹਵਾਈ ਅੱਡਾ, ਬਠਿੰਡਾ ਵਿਖੇ ਆਈ.ਆਈ.ਟੀ., ਕੇਂਦਰੀ ਵਿਸ਼ਵ ਵਿਦਿਆਲਾ, ਅੰਮ੍ਰਿਤਸਰ ਵਿਖੇ ਇੰਟਰਨੈਸ਼ਨਲ ਹਵਾਈ ਅੱਡਾ, ਮੈਗਾ ਅਤੇ ਸੁਪਰ ਮੈਗਾ ਪ੍ਰਾਜੈਕਟ, ਇਨ੍ਹਾਂ ਤੋਂ ਇਲਾਵਾ ਐਕਸਪ੍ਰੈਸ ਹਾਈਵੇਅਜ਼ ਬਣਨ ਜਾ ਰਹੇ ਹਨ। ਜਿੰਨੇ ਸਾਡੇ ਐਕਸਪ੍ਰੈਸ ਹਾਈਵੇਅਜ਼ ਬਣਨੇ ਹਨ, ਉਨ੍ਹਾਂ ਦੀ ਮਨਜ਼ੂਰੀ ਲਈ ਹਜ਼ਾਰਾ ਕਰੋੜ ਰੁਪਏ ਲੱਗਣੇ ਹਨ। ਇਹ ਇਕ ਕ੍ਰਾਂਤੀ ਹੈ। ਡਿਪਟੀ ਸਪੀਕਰ ਸਾਹਿਬ, ਅੱਜ ਮੈਨੂੰ ਇਹ ਦੱਸਣ ਵਿੱਚ ਖੁਸ਼ੀ ਮਿਲ ਰਹੀ ਹੈ ਕਿ ਸਾਡੇ ਪੰਜਾਬ ਦੇ ਟਰੱਕਾਂ ਨੇ ਜਲੰਧਰ ਤੋਂ ਕਾਂਡਲਾ ਤੱਕ ਦੋ-ਦੋ ਦਿਨਾਂ ਵਿੱਚ ਜਾ ਕੇ ਮਾਲ ਪਹੁੰਚਾ ਦਿੱਤਾ, ਇਹ ਕਿਸ ਤਰ੍ਹਾਂ ਪਹੁੰਚਾ ਦਿੱਤਾ ਕਿਉਂਕਿ ਰਸਤਾ ਸੀ। ਜਿੱਥੇ ਤੁਹਾਡੇ ਕੋਲ ਸੰਪਰਕ ਰਸਤੇ ਹਨ, ਉਨ੍ਹਾਂ ਰਾਹੀਂ ਜਾ ਕੇ ਤੁਸੀਂ ਡਲਿਵਰੀ ਸਮੇਂ-ਸਮੇਂ ਦੇ ਸਕਦੇ ਹੋ। ਜੇ ਸੜਕਾਂ ਨਾ ਹੋਣ, ਕੋਈ ਸਾਧਨ ਨਾ ਹੋਣ ਤਾਂ ਸੂਬਾ ਤਰੱਕੀ ਕਿਵੇਂ ਕਰੇਗਾ, ਵਪਾਰ ਕਿਵੇਂ ਵਿਕਸਤ ਹੋ ਸਕੇਗਾ। ਮਗਰ ਪਿਛਲੀ ਸਰਕਾਰ ਨੇ ਅਜਿਹਾ ਕੋਈ ਕੰਮ ਨਹੀਂ ਕੀਤਾ। ਉਨ੍ਹਾਂ ਨੇ ਕਿਹਾ ਕਿ ਅਸੀਂ ਤਾਂ ਸਿਰਫ ਪੈਸਾ ਇਕੱਠਾ ਕਰਨਾ ਹੈ ਅਤੇ ਪੈਸਾ ਲੁੱਟਣਾ ਹੈ। ਇਨ੍ਹਾਂ ਨੇ ਆਪਣੇ ਸਮੇਂ ਵਿੱਚ ਪਿਛਲੇ ਪੰਜਾਂ ਸਾਲਾਂ ਵਿੱਚ ਕੋਈ ਨੌਕਰੀ ਨਹੀਂ ਦਿੱਤੀ। ਸਾਡੀ ਸਰਕਾਰ ਨੇ 14,000 ਟੀਚਰ ਭਰਤੀ ਕਰ ਲਏ ਹਨ, ਇਨ੍ਹਾਂ ਨੂੰ ਤਨਖਾਹ ਦੇਣੀ ਹੈ। 11,000 ਟੀਚਰ ਹੋਰ ਭਰਤੀ ਕੀਤੇ ਹਨ ਲੇਕਿਨ ਉਸ ਸਰਕਾਰ ਨੇ ਕੋਈ ਟੀਚਰ ਵੀ ਭਰਤੀ ਨਹੀਂ ਕੀਤਾ ਸੀ, ਕੋਈ ਡਾਕਟਰ ਭਰਤੀ ਨਹੀਂ ਕੀਤਾ, ਕੋਈ ਇੰਸਪੈਕਟਰ ਭਰਤੀ ਨਹੀਂ ਕੀਤਾ। ਹੋਰ ਤਾਂ ਹੋਰ ਐਕਸਾਈਜ਼ ਐਂਡ ਟੈਕਸੇਸ਼ਨ ਡਿਪਾਰਟਮੈਂਟ ਵਿੱਚ ਭਰਤੀ ਦੀ ਬਹੁਤ ਜ਼ਰੂਰਤ ਸੀ, ਜਿੱਥੋਂ ਕਮਾਈ ਆਉਣੀ ਸੀ ਕਿਉਂਕਿ ਉਨ੍ਹਾਂ ਦੀ ਅਜਿਹੀ ਸੋਚ ਹੀ ਨਹੀਂ ਸੀ। ਮੇਰੇ ਤੋਂ ਪਹਿਲਾਂ ਬੋਲਦਿਆਂ ਸਰਦਾਰ ਸਰਬਜੀਤ ਸਿੰਘ ਮੱਕੜ ਨੇ ਕਿਹਾ ਸੀ ਕਿ ਕੈਪਟਨ ਸਾਹਿਬ ਤੇ ਬਾਦਲ ਸਾਹਿਬ ਵਿੱਚ ਕੀ ਫਰਕ ਹੈ, ਇਕ ਪ੍ਰੈਸ ਰਿਪੋਰਟਰ ਨੇ ਪੁੱਛਿਆ। ਕਹਿੰਦੇ ਕਿ ਫਰਕ ਹੈ, ਉਹ ਕਹਿੰਦਾ ਕਿ ਕੋਈ ਫਰਕ ਨਹੀਂ। ਕਹਿੰਦੇ ਕਿ ਮੈਂ ਦੱਸਦਾ ਹਾਂ ਕਿ ਕੀ ਫਰਕ ਹੈ। ਫਰਕ ਇਹ ਹੈ ਕਿ ਬਾਦਲ ਸਾਹਿਬ ਸਵੇਰੇ 5.00 ਵਜੇ ਤੋਂ ਲੈ ਕੇ ਰਾਤ ਦੇ 11.00 ਵਜੇ ਤੱਕ ਕੰਮ ਕਰਦੇ ਹਨ ਅਤੇ ਕੈਪਟਨ ਸਾਹਿਬ ਸਵੇਰੇ 11.00 ਵਜੇ ਤੋਂ ਲੈ ਕੇ ਸ਼ਾਮ 5.00 ਵਜੇ ਤੱਕ ਕੰਮ ਕਰਦੇ ਸਨ। ਇਹੀ ਵੱਡਾ ਫਰਕ ਹੈ। ਹੋਰ ਕੋਈ ਫਰਕ ਨਹੀਂ ਹੈ। ਹੈਰਾਨਗੀ ਦੀ ਗੱਲ ਹੈ ਕਿ ਇਕ ਇਨਸਾਨ, ਜਿਸ ਦੀ ਉਮਰ 82 ਸਾਲ ਹੈ, ਉਹ ਸਵੇਰੇ ਪੰਜ ਵਜੇ ਉਠ ਕੇ ਕੰਮ ਕਰਨਾ ਸ਼ੁਰੂ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ]

ਕਰਦਾ ਹੈ ਅਤੇ ਦੂਜੇ ਪਾਸੇ ਇਕ ਨੌਜਵਾਨ, ਨਹਾ-ਧੋ ਕੇ ਆਪਣੀ ਦਾੜ੍ਹੀ ਬੰਨ੍ਹਦਾ ਹੈ ਤੇ ਜਿਸ ਨੂੰ ਦਾੜ੍ਹੀ ਬੰਨ੍ਹਣ ਦਾ ਵੀ ਟਾਈਮ ਨਹੀਂ ਲੱਗਦਾ, ਉਹ ਸਵੇਰੇ 11 ਵਜੇ ਦਫ਼ਤਰ ਆਉਂਦਾ ਹੈ ਤੇ 5 ਵਜੇ ਵਾਪਸ ਚਲਾ ਜਾਂਦਾ ਹੈ। ਫਿਰ ਤੁਸੀਂ ਕੰਮ ਦਾ ਆਪਣੇ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ। ਕਹਾਵਤ ਹੈ ਜਿਹਾ ਰਾਜਾ ਤਿਹੀ ਪਰਜਾ। ਜਿਹੋ ਜਿਹਾ ਰਾਜਾ ਹੁੰਦਾ ਹੈ, ਉਹੋ ਜਿਹੀ ਹੀ ਪਰਜਾ ਬਣ ਜਾਂਦੀ ਹੈ। ਉਹ ਆਪਣੇ ਆਪ ਨੂੰ ਰਾਜਾ ਸਮਝਦਾ ਹੈ। ਉਸ ਨੂੰ ਬੜੇ ਲੋਕ ਪੈੱਗ ਪਿਆਉਣ ਵਾਲੇ ਹਨ। ਪਰ ਇਧਰ ਪਾਣੀ ਪਿਆਉਣ ਵਾਲਾ ਵੀ ਨਹੀਂ ਹੈ। ਬਾਦਲ ਸਾਹਿਬ ਕਹਿੰਦੇ ਹਨ ਕਿ ਮੈਨੂੰ ਪਾਣੀ ਫੜਾਉਣ ਦੀ ਵੀ ਲੋੜ ਨਹੀਂ, ਮੈਂ ਆਪ ਹੀ ਪੀ ਲਵਾਂਗਾ। ਇਕ ਇਨਸਾਨ 8-10 ਘੰਟੇ ਲਗਾਤਾਰ ਸੰਗਤ ਦਰਸ਼ਨ ਕਰਦਾ ਹੈ, ਕਾਹਦੇ ਲਈ ਕਰਦਾ ਹੈ ? ਕਿਉਂਕਿ ਉਸ ਦਾ ਲੋਕਾਂ ਦੀ ਸੇਵਾ ਕਰਨ ਪ੍ਰਤੀ ਪ੍ਰੇਮ ਹੈ। ਦੂਜੇ ਪਾਸੇ ਰਜਵਾੜਾ ਹੈ ਤੇ ਲੋਕਾਂ ਦੀ ਸੇਵਾ ਕਿਸ ਤਰ੍ਹਾਂ ਹੋਵੇਗੀ ? ਇਹੀ ਫਰਕ ਹੈ ਸਾਡੀ ਸਰਕਾਰ ਅਤੇ ਉਨ੍ਹਾਂ ਦੀ ਸਰਕਾਰ ਦਾ। ਇਸ ਫਰਕ ਨੂੰ ਹਰ ਕੋਈ ਨਹੀਂ ਸਮਝ ਸਕਦਾ। ਹਰ ਬੰਦੇ ਦੀ ਸੋਚ ਨਹੀਂ ਹੈ ਕਿ ਉਹ ਇਸ ਫਰਕ ਨੂੰ ਸਮਝ ਸਕੇ। ਕਿਹੜੀ ਚੀਜ਼ ਹੈ ਜਿਹੜੀ ਇਸ ਸਰਕਾਰ ਨੇ ਨਹੀਂ ਦਿੱਤੀ। ਇਹੀ ਸਾਡੇ ਗਵਰਨਰ ਸਾਹਿਬ ਨੇ ਕਿਹਾ ਹੈ।

ਸ਼ੂਗਰ ਮਿੱਲਾਂ ਦੀ ਗੱਲ ਲੈ ਲਵੋ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਸ਼ਾਇਦ ਯਾਦ ਹੋਵੇਗਾ ਕਿ 1992-93 ਵਿਚ ਜਦੋਂ ਇਹ ਸਾਡੇ ਪਾਸੇ ਬੈਠਦੇ ਸੀ ਅਤੇ ਅਸੀਂ ਉਧਰ (ਆਪੋਜ਼ੀਸ਼ਨ ਸਾਈਡ) ਬੈਠਦੇ ਹੁੰਦੇ ਸੀ। ਉਦੋਂ ਵੀ ਇਨ੍ਹਾਂ ਨੇ ਸ਼ੂਗਰ ਮਿੱਲਾਂ ਨੂੰ ਵੇਚਣ ਦੇ ਉਪਰਾਲੇ ਕੀਤੇ ਸਨ। ਪਾਤੜਾਂ ਦੀ ਸ਼ੂਗਰ ਮਿੱਲ ਕੇਵਲ 20 ਲੱਖ ਰੁਪਏ ਵਿੱਚ ਵਿਕ ਗਈ ਸੀ। ਜਦੋਂ ਮੈਂ ਕਿਹਾ ਕਿ ਮੈਂ 2 ਕਰੋੜ ਰੁਪਏ ਦੇਣ ਨੂੰ ਤਿਆਰ ਹਾਂ ਅਤੇ ਰੌਲਾ ਪਿਆ ਤਾਂ ਉਹ ਰੁਕ ਗਈ ਸੀ। ਇਹ ਸੋਚ ਕਾਂਗਰਸ ਸਰਕਾਰ ਦੀ ਸੀ। ਇਹ ਸ਼ੂਗਰ ਮਿੱਲਾਂ ਕਿਸੇ ਇਕ ਦੀ ਮਲਕੀਅਤ ਨਹੀਂ ਹਨ। ਇਹ ਤਾਂ ਕਿਸਾਨਾਂ ਦੀ ਮਲਕੀਅਤ ਹਨ। ਸਾਡੇ ਕਿਸਾਨਾਂ ਨੇ ਪੈਸਾ ਲਗਾ ਕੇ ਬਣਾਈਆਂ ਹਨ ਅਤੇ ਫਿਰ ਸਹਿਕਾਰਤਾ ਵਿਭਾਗ ਨੇ ਉਨ੍ਹਾਂ ਨੂੰ ਅੱਗੇ ਵਧਾਇਆ ਹੈ। ਜਦੋਂ ਇਹ ਮਿੱਲਾਂ ਵੇਚਣ ਲੱਗੇ ਸਨ ਤਾਂ ਰੌਲੇ ਕਾਰਨ ਹੀ ਇਹ ਰੁਕੀਆਂ ਸਨ। ਅੱਜ ਕੈਪਟਨ ਕੰਵਲਜੀਤ ਜੀ ਨੇ ਇਕ ਨਵੀਂ ਸੋਚ ਰੱਖੀ ਹੈ ਕਿ ਜਿੰਨੀ ਦੇਰ ਤੱਕ ਇਨ੍ਹਾਂ ਮਿੱਲਾਂ ਵਿਚ ਜੈਨਰੇਸ਼ਨ ਨਹੀਂ ਕੀਤੀ ਜਾਂਦੀ, ਇਹ ਅੱਗੇ ਨਹੀਂ ਵਧ ਸਕਦੀਆਂ। ਮੇਰਾ ਖਿਆਲ ਹੈ ਕਿ ਪਹਿਲੀ ਸ਼ੂਗਰ ਮਿੱਲ ਆਦਮਪੁਰ ਵਿਚ ਲੱਗੀ ਸੀ ਤੇ ਦੂਜੀ ਬਟਾਲੇ ਵਿਚ। ਉਨ੍ਹਾਂ ਮਿੱਲਾਂ ਨੂੰ 45 ਅਤੇ 60 ਸਾਲ ਹੋ ਗਏ ਹਨ, ਮਸ਼ੀਨਰੀ ਪੁਰਾਣੀ ਹੈ। ਉਨ੍ਹਾਂ ਨੂੰ ਹੁਣ ਅੱਪ-ਡੇਟ ਕੀਤਾ ਗਿਆ ਹੈ, ਮਸ਼ੀਨਰੀ ਬਦਲੀ ਗਈ ਹੈ ਅਤੇ ਪਾਵਰ ਜੈਨਰੇਸ਼ਨ ਪੈਦਾ ਕਰਨ ਦੀ ਇਕ ਨਵੀਂ ਸਕੀਮ ਲਿਆਂਦੀ ਗਈ ਹੈ। ਕਿਸਾਨਾਂ ਨੂੰ ਰਾਹਤ ਦੇਣ ਲਈ ਇਕ ਬੜਾ ਸੁੰਦਰ ਤਰੀਕਾ ਅਪਣਾਇਆ ਗਿਆ ਹੈ ਕਿ ਜਿਹੜਾ ਮਿੱਲਾਂ ਵਿਚ ਵੇਸਟ ਜਾਂ ਘਾਹ-ਫੂਸ ਹੁੰਦਾ ਹੈ, ਉਸ ਦੇ ਪਾਲਿਊਸ਼ਨ ਤੋਂ ਬਚਣ ਲਈ ਜੈਨਰੇਸ਼ਨ ਪ੍ਰੋਜੈਕਟ ਲਾਉਣੇ ਸ਼ੁਰੂ ਕੀਤੇ ਹਨ ਅਤੇ ਇਕ ਹਜ਼ਾਰ ਕਰੋੜ ਰੁਪਏ ਦੀ ਇਨਵੈਸਟਮੈਂਟ ਹੋ ਗਈ ਹੈ, ਕੰਮ ਸ਼ੁਰੂ ਹੋ ਚੁੱਕਾ ਹੈ। ਪੰਜਾਬ ਸਰਕਾਰ ਨੂੰ ਮਿੱਲਾਂ ਬਾਰੇ ਫਿਕਰ ਕਰਨ ਦੀ ਲੋੜ ਹੀ ਨਹੀਂ ਕਿਉਂਜੋ 15 ਸਾਲ ਬਾਅਦ ਇਹ ਪ੍ਰੋਜੈਕਟ ਫਿਰ ਵਾਪਸ ਪੰਜਾਬ ਸਰਕਾਰ ਕੋਲ ਆ ਜਾਣੇ ਹਨ। ਇਕ ਕੰਮ ਕਰਨ ਦਾ ਤਰੀਕਾ ਹੁੰਦਾ ਹੈ। ਮਗਰ ਇਨ੍ਹਾਂ ਕਾਂਗਰਸੀਆਂ ਦੀ ਇਸ ਤਰ੍ਹਾਂ ਦੀ ਸੋਚ ਹੀ ਨਹੀਂ ਸੀ ਅਤੇ ਕਰਨਾ-ਕਰਾਉਣਾ ਕੱਖ ਨਹੀਂ ਅਤੇ ਨਾ ਹੀ ਕੋਈ ਟਾਰਗੈਟ ਫਿਕਸ ਕਰਨਾ, ਐਵੇਂ ਹੀ ਰੌਲਾ ਪਾਈ ਜਾਣਾ ਹੀ ਇਨ੍ਹਾਂ

Original with;
Punjab Vidhan Sabha
Digitized by;
Punjab Digital Library

ਦਾ ਕੰਮ ਹੈ। ਜਦੋਂ ਕੋਈ ਆਦਮੀ ਦੌੜਦਾ ਹੈ ਤਾਂ ਉਸ ਨੇ ਟਾਰਗੇਟ ਫਿਕਸ ਕੀਤਾ ਹੁੰਦਾ ਹੈ ਕਿ ਇਤਨੇ ਮਿੰਟਾਂ ਜਾਂ ਸਮੇਂ ਵਿਚ ਮੈਂ ਫਲਾਣੀ ਥਾਂ ਉਤੇ ਪਹੁੰਚਣਾ ਹੈ, ਤਾਂ ਹੀ ਉਹ ਉਥੇ ਪਹੁੰਚ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਆਪਣਾ ਟਾਰਗੇਟ ਮਿਥ ਕੇ ਚਲਦੀ ਹੈ। ਇਸ ਨੇ ਸਭ ਤੋਂ ਵੱਡਾ ਕੰਮ ਕਰਨਾ ਹੈ, ਲੋਕਾਂ ਨੂੰ ਬਿਜਲੀ ਤੇ ਨਿਰਭਰ ਕਰਨਾ। ਮੈਂ ਸਮਝਦਾ ਹਾਂ ਕਿ ਬਿਜਲੀ ਦੀ ਡਿਮਾਂਡ ਤਾਂ ਵਧਣੀ ਹੈ ਅਸੀਂ ਅੱਗੇ ਮੁੜ ਸੋਚਾਂਗੇ। ਆਉਣ ਵਾਲੇ ਸਮੇਂ ਵਿਚ ਬਿਜਲੀ ਦਾ ਉਤਪਾਦਨ ਪੰਜਾਬ ਵਿਚ ਇਤਨਾ ਹੋ ਜਾਣਾ ਹੈ ਕਿ ਪੰਜਾਬ ਵਿਚ ਹਰ ਖੇਤਰ ਵਿਚ ਤਰੱਕੀ ਹੋਵੇਗੀ। ਅਸੀਂ ਸੋਲਿਡ ਵੇਸਟ ਤੋਂ ਵੀ ਬਿਜਲੀ ਉਤਪਾਦਨ ਦਾ ਉਪਰਾਲਾ ਕਰਾਂਗੇ। ਹੋਰ ਵੀ ਜਿਥੋਂ ਸਾਨੂੰ ਬਿਜਲੀ ਉਤਪਾਦਨ ਹੋ ਸਕਦਾ ਹੋਵੇਗਾ, ਉਥੋਂ ਹੀ ਬਿਜਲੀ ਦਾ ਉਤਪਾਦਨ ਕਰਾਂਗੇ। ਇਹ ਸੋਚ ਕਰਕੇ ਸਾਡੀ ਸਰਕਾਰ ਚਲਦੀ ਹੈ। ਜਿਸ ਤਰ੍ਹਾਂ ਪੁਰਾਣੇ ਜ਼ਮਾਨੇ ਵਿੱਚ ਮਹਾਂਭਾਰਤ ਵਿੱਚ ਕਿਹਾ ਹੈ ਕਿ ਕਿਸੇ ਨੇ ਅਰਜਨ ਨੂੰ ਪੁੱਛਿਆ ਸੀ ਕਿ ਤੇਰਾ ਕੀ ਲਕਸ਼ ਹੈ ਤਾਂ ਉਸਨੇ ਕਿਹਾ ਸੀ ਕਿ ਮੈਨੂੰ ਤਾਂ ਸਿਰਫ ਮੱਛੀ ਦੀ ਅੱਖ ਨਜ਼ਰ ਆਉਂਦੀ ਹੈ, ਸਾਡਾ ਲਕਸ਼ ਕੇਵਲ ਇਹੀ ਸੀ ਲੋਕਾਂ ਨੂੰ ਬਿਜਲੀ ਦੀ ਸਪਲਾਈ ਕਰਨਾ। ਅੱਜ ਅਸੀਂ ਬਾਦਲ ਸਾਹਿਬ ਦੇ ਬਹੁਤ ਰਿਣੀ ਹਾਂ। ਮੈਂ ਹੀ ਨਹੀਂ ਸਾਰਾ ਪੰਜਾਬ ਰਿਣੀ ਹੈ ਕਿ ਇਨ੍ਹਾਂ ਨੇ ਕਿਹਾ ਸੀ ਕਿ ਪਹਿਲੀ ਮਾਰਚ ਤੋਂ ਬਿਜਲੀ ਦਾ ਕੱਟ ਨਹੀਂ ਹੋਵੇਗਾ। ਸੋ, ਇਨ੍ਹਾਂ ਨੇ ਉਸ ਵਾਅਦੇ ਨੂੰ ਪੂਰਾ ਕਰ ਦਿਤਾ ਹੈ। ਕੋਈ ਵੀ ਬੰਦਾ ਦੱਸੇ ਕਿ ਇਕ ਮਾਰਚ ਤੋਂ ਕਦੇ ਵੀ ਬਿਜਲੀ ਗਈ ਹੋਵੇ, ਕੋਈ ਕੱਟ ਲੱਗਿਆ ਹੋਵੇ। (ਥੰਪਿੰਗ) ਜੋ ਇਨ੍ਹਾਂ ਨੇ ਕਿਹਾ, ਸੋ ਕੀਤਾ। ਇਹ ਨਹੀਂ ਕਿ ਅਖਬਾਰਾਂ ਵਿੱਚ ਬਿਆਨ ਦੇ ਦਿੱਤਾ ਪਰ ਕੀਤਾ ਕੁਝ ਨਹੀਂ। ਇਹ ਜੋ ਬਿਆਨ ਦਿੰਦੇ ਹਨ, ਉਸ ਨੂੰ ਪੂਰਾ ਕਰਦੇ ਹਨ ਕਿਉਂਕਿ ਬੀ.ਜੇ.ਪੀ. ਅਤੇ ਸ਼੍ਰੋਮਣੀ ਅਕਾਲੀ ਦਲ ਨੇ ਅਖਬਾਰੀ ਬਿਆਨਾਂ ਦੇ ਨਾਲ ਨਹੀਂ, ਕੰਮ ਦੇ ਨਾਲ ਆਪਣੀ ਪਹਿਚਾਣ ਬਣਾਈ ਹੈ। ਹਰ ਮਨੁੱਖ ਦੀ ਸੇਵਾ ਕਰਨਾ ਸਾਡਾ ਫਰਜ਼ ਹੈ। ਅਸੀਂ ਇਸ ਨੂੰ ਸਾਹਮਣੇ ਰੱਖ ਕੇ ਆਏ ਹਾਂ। ਅਸੀਂ ਕੋਈ ਪੈਸਾ ਬਣਾਉਣ ਨਹੀਂ ਆਏ। ਪਿਛਲੀ ਸਰਕਾਰ ਵੇਲੇ ਦੇਖ ਲਓ, ਕੋਈ ਮਨਿਸਟਰ ਨਹੀਂ ਬਚਿਆ। ਲੋਕਲ ਬਾਡੀਜ਼ ਮਨਿਸਟਰ ਨੇ ਬੇਅੰਤ ਰੁਪਿਆ ਇਕੱਠਾ ਕੀਤਾ ਸੀ। ਸ਼ਹਿਰਾਂ ਨੂੰ ਨਰਕ ਬਣਾ ਕੇ ਰੱਖ ਦਿੱਤਾ ਹੈ। ਮੈਨੂੰ ਕੱਲ੍ਹ ਕਾਲੀਆ ਸਾਹਿਬ ਦੱਸ ਰਹੇ ਸਨ ਕਿ ਪਤਾ ਨਹੀਂ ਕਿੰਨੇ ਬੰਦਿਆਂ ਨੂੰ ਅਲਾਓ ਕਰ ਦਿੱਤਾ। ਰੈਜ਼ੀਡੈਂਸ਼ੀਅਲ ਨੂੰ ਕਮਰਸ਼ੀਅਲ ਬਣਾ ਦਿੱਤਾ। ਜਿੱਥੇ ਕਾਰਾਂ ਖੜ੍ਹਣ ਤੱਕ ਦੀ ਥਾਂ ਨਹੀਂ ਉਥੇ ਮਲਟੀਪਲੈਕਸ ਬਣਾ ਦਿੱਤੇ। ਉਹ ਇਹ ਹਾਲਾਤ ਕਰਕੇ ਗਏ। ਅੱਜ ਲੋਕ ਸਾਡੇ ਤੋਂ ਤਵੱਕੋ ਕਰਦੇ ਹਨ ਕਿ ਉਨ੍ਹਾਂ ਦੇ ਵੇਲੇ ਕੀਤੀਆਂ ਐਨਕਰੋਚਮੈਂਟਸ ਨੂੰ ਤੁੜਵਾ ਦਿੱਤਾ ਜਾਵੇ, ਅਸੀਂ ਭਲਾ ਕਿਵੇਂ ਤੁੜਵਾ ਸਕਦੇ ਹਾਂ, ਪੈਸੇ ਉਹ ਲੈ ਗਏ। ਉਹ ਕਹਿੰਦੇ ਸਨ ਕਿ ਪੈਸਾ ਲਿਆਓ ਅਤੇ ਜੋ ਮਰਜ਼ੀ ਅਪਰੂਵ ਕਰਵਾ ਲਵੋ। ਪਿਛਲੀ ਸਰਕਾਰ ਨੇ ਕਿਹਾ ਕਿ ਸਾਹਨੀ ਬੋਲਦਾ ਬਹੁਤ ਹੈ, ਮੇਰੇ ਤੇ ਕੇਸ ਬਣਾ ਦਿੱਤੇ ਪਰ ਮੈਂ ਕਦੇ ਪੈਸਾ ਨਹੀਂ ਲਿਆ ਪਰ ਪਿਛਲੀ ਸਰਕਾਰ ਦਾ ਟੀਚਾ ਕੇਵਲ ਪੈਸਾ ਕਮਾਉਣਾ ਸੀ। ਸਾਡਾ ਤਾਂ ਕੇਵਲ ਇੱਕੋ ਹੀ ਟੀਚਾ ਹੈ ਕਿ ਅਸੀਂ ਸੇਵਾ ਕਰਨੀ ਹੈ। ਜਿਹੜੀ ਵੀ ਸਾਨੂੰ ਸੇਵਾ ਲੱਗੇ, ਅਸੀਂ ਸੇਵਾ ਕਰਨ ਲਈ ਤਿਆਰ ਹਾਂ। ਮਨੁੱਖਤਾ ਦੀ ਸੇਵਾ ਕਰਨਾ ਹੀ ਸਾਡਾ ਧਰਮ ਹੈ ਅਤੇ ਮਹਾਰਾਜ ਸੱਚੇ ਪਾਤਸ਼ਾਹ ਨੇ ਜਿੰਨੀ ਵੀ ਜ਼ਿੰਦਗੀ ਬਖਸ਼ੀ ਹੈ, ਸਾਡਾ ਇਕੋ ਲਕਸ਼ ਹੈ ਕਿ ਮਨੁਖੱਤਾ ਦੀ ਸੇਵਾ ਕਰ ਸਕੀਏ। ਅੱਜ ਬਾਦਲ ਸਾਹਿਬ ਦਾ ਜਿੰਨਾ ਵੀ ਧੰਨਵਾਦ ਕਰੀਏ, ਥੋੜ੍ਹਾ ਹੈ। ਇਨ੍ਹਾਂ ਦੇ ਯਤਨਾਂ ਸਦਕਾ ਅੱਜ ਅੰਤਰਰਾਸ਼ਟਰੀ ਏਅਰ ਪੋਰਟ ਮੁਹਾਲੀ ਵਿੱਚ ਲਿਆਂਦਾ ਗਿਆ ਹੈ। ਕੇਵਲ ਏਅਰਪੋਰਟ ਹੀ ਨਹੀਂ ਲਿਆਂਦਾ, ਉਥੋਂ ਦੇ ਕਿਸਾਨਾਂ ਦੀ ਨੁਹਾਰ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ]

ਵੀ ਬਾਦਲ ਸਾਹਿਬ ਨੇ ਬਦਲ ਦਿੱਤੀ ਹੈ ਅਤੇ ਜ਼ਮੀਨ ਦਾ ਰੇਟ ਇਕ-ਇਕ, ਦੋ-ਦੋ ਕਰੋੜ ਰੁਪਿਆ ਉਸ ਜ਼ਮੀਨ ਦੇ ਮਾਲਕਾਂ ਨੂੰ ਮਿਲਿਆ ਹੈ। ਮੈਂ ਇਸ ਦੀ ਮਿਸਾਲ ਦੇਣੀ ਚਾਹੁੰਦਾ ਹਾਂ ਕਿ ਇਕ ਬੰਦਾ ਮੇਰੇ ਕੋਲ ਆਇਆ ਅਤੇ ਕਹਿਣ ਲੱਗਾ ਕਿ ਮੇਰੇ ਬੱਚੇ ਨੂੰ ਨੌਕਰੀ ਤੇ ਲਗਵਾ ਦਿਓ, ਇੰਸਪੈਕਟਰ ਭਰਤੀ ਕਰਵਾ ਦਿਓ, ਮੈਂ 50-60 ਲੱਖ ਤੱਕ ਦੇਣ ਲਈ ਤਿਆਰ ਹਾਂ। ਮੈਂ ਕਿਹਾ ਕਿ ਇੰਨੇ ਪੈਸੇ ਨਾਲ ਤਾਂ ਹੋਰ ਕੋਈ ਕੰਮ ਵੀ ਕੀਤਾ ਜਾ ਸਕਦਾ ਹੈ ਤਾਂ ਉਹ ਕਹਿਣ ਲੱਗਾ ਕਿ ਤੁਸੀਂ ਪੈਟਰੋਲ ਪੰਪ ਲੈਂਦੇ ਹੋ, ਉਸ ਦੇ ਵਿੱਚ ਕੀ ਬਚਦਾ ਹੈ। ਮੇਰੇ ਬੱਚੇ ਦੀ ਭਰਤੀ ਕਰਨ ਲਈ ਜੇ 50-60 ਲੱਖ ਰੁਪਏ ਲੱਗਦੇ ਹਨ ਤਾਂ ਅੱਧਾ ਕਿੱਲਾ ਜ਼ਮੀਨ ਵੀ ਮੇਰੀ ਨਹੀਂ ਜਾਂਦੀ। ਅੱਜ ਡਿਪਟੀ ਸਪੀਕਰ ਸਾਹਿਬ, ਲੋਕਾਂ ਦੀ ਸੋਚ ਇੱਥੋਂ ਤੱਕ ਪਹੁੰਚ ਗਈ ਹੈ। ਇਹੀ ਨਹੀਂ ਕਿ ਏਅਰਪੋਰਟ ਮੁਹਾਲੀ ਵਿਖੇ ਬਣ ਰਿਹਾ ਹੈ। ਅੱਜ ਉਨ੍ਹਾਂ ਲੋਕਾਂ ਦੀ ਸੋਚ ਉੱਚੀ ਉਠ ਚੁੱਕੀ ਹੈ। ਇਹ ਬਹੁਤ ਵੱਡੀ ਗੱਲ ਹੈ। ਲੁਧਿਆਣਾ ਵਿਖੇ ਡੋਮੈਸਟਿਕ ਏਅਰਪੋਰਟ ਦਿੱਤਾ ਗਿਆ ਹੈ। ਇਹ ਉਥੋਂ ਦੇ ਲੋਕਾਂ ਦੀ ਡੀਮਾਂਡ ਸੀ। ਅੰਮ੍ਰਿਤਸਰ ਵਿਖੇ ਅੰਤਰਰਾਸ਼ਟਰੀ ਏਅਰ ਪੋਰਟ ਬਣਵਾਉਣ ਲਈ 100 ਕਰੋੜ ਰੁਪਏ ਤੋਂ ਵੱਧ ਦਾ ਜ਼ਮੀਨ ਦਾ ਮੁਆਵਜ਼ਾ ਬਾਦਲ ਸਾਹਿਬ ਨੇ ਲੈ ਕੇ ਦਿੱਤਾ। ਪਰ ਸੈਂਟਰ ਸਰਕਾਰ ਦੀ ਕਿਸੇ ਸਕੀਮ ਥੱਲੇ ਅੰਮ੍ਰਿਤਸਰ ਏਅਰਪੋਰਟ ਉਤੇ ਫਲਾਈਟਾਂ ਨਹੀਂ ਲੱਥ ਰਹੀਆਂ। ਅਸੀਂ ਮੁਹਾਲੀ ਵਿਖੇ ਅੰਤਰਰਾਸ਼ਟਰੀ ਏਅਰਪੋਰਟ ਬਣਾ ਰਹੇ ਹਾਂ। ਉਥੋਂ ਪੰਜਾਬ ਦੀ ਜਨਤਾ ਨੂੰ ਸਹੂਲਤਾਂ ਦੇਣ ਦਾ ਉਪਰਾਲਾ ਅਸੀਂ ਕੀਤਾ ਹੈ। ਅਸੀਂ ਸੋਚਦੇ ਹਾਂ ਕਿ ਪੰਜਾਬ ਦੇ ਲੋਕਾਂ ਨੂੰ ਕਿੱਥੋਂ ਸਹੂਲਤਾਂ ਮਿਲ ਸਕਦੀਆਂ ਹਨ।

ਸਾਡੇ ਢੀਂਡਸਾ ਜੀ ਮੰਤਰੀ ਸਾਹਿਬ ਨਹੀਂ ਬੈਠੇ। ਜਦੋਂ ਅਸੀਂ ਇੱਥੇ ਆਏ ਸੀ ਤਾਂ ਉਸ ਸਮੇਂ ਸੜਕਾਂ ਦੀ ਹਾਲਤ ਬਹੁਤ ਖਸਤਾ ਸੀ। ਅੱਜ ਕਰੋੜਾਂ ਰੁਪਿਆ ਸੜਕਾਂ ਦੀ ਹਾਲਤ ਠੀਕ ਕਰਨ ਵਾਸਤੇ ਖਰਚ ਕੀਤਾ ਗਿਆ ਹੈ। ਕੋਈ ਸੜਕ ਚਾਰ ਮਾਰਗੀ ਬਣਾਈ ਜਾ ਰਹੀ ਹੈ, ਕੋਈ ਛੇ ਮਾਰਗੀ, ਕੋਈ ਅੱਠ ਮਾਰਗੀ ਬਣਾਈ ਜਾ ਰਹੀ ਹੈ। ਇਹ ਉਪਰਾਲਾ ਕੀਤਾ ਜਾ ਰਿਹਾ ਹੈ। ਸਾਡੇ ਕੋਲ ਪੈਸੇ ਨਹੀਂ ਸੀ ਜਦੋਂ ਅਸੀਂ ਆਏ ਪਰ ਅਸੀਂ ਸਭ ਕੁਝ ਕੀਤਾ। ਪਿਛਲੀ ਵਾਰ ਕਾਂਗਰਸੀਆਂ ਨੇ ਇਹ ਗੱਲ ਕਹੀ ਸੀ ਕਿ ਬਾਦਲ ਸਾਹਿਬ ਪਿੰਡਾਂ ਦੇ ਹਨ ਤੇ ਸ਼ਹਿਰਾਂ ਨੂੰ ਤਾਂ ਇਨ੍ਹਾਂ ਨੇ ਮਾਰ ਦਿੱਤਾ ਹੈ। ਇਹ ਪਿੰਡਾਂ ਤੇ ਸ਼ਹਿਰਾਂ ਵਿਚ ਫਰਕ ਪਾਉਣਾ ਚਾਹੁੰਦੇ ਸਨ। ਇਨ੍ਹਾਂ ਦੀ ਆਦਤ ਹੈ। ਹੁਣ ਤਾਂ ਸਾਨੂੰ ਸਾਹਮਣੇ ਹੱਥ ਕਰਦਿਆਂ ਵੀ ਸ਼ਰਮ ਆਉਂਦੀ ਹੈ ਕਿਉਂਕਿ ਇਹ ਤਾਂ ਮੈਦਾਨ ਹੀ ਛੱਡ ਕੇ ਚਲੇ ਗਏ ਹਨ। ਇਨ੍ਹਾਂ ਦੀ ਆਦਤ ਪਾੜੋ ਤੇ ਰਾਜ ਕਰੋ ਦੀ ਰਹੀ ਹੈ। ਇਨ੍ਹਾਂ ਨੇ ਲੋਕਾਂ ਵਿਚ ਪਾੜ ਪਾ ਦਿੱਤੇ ਕਿ ਬਾਦਲ ਸਾਹਿਬ ਪਿੰਡਾਂ ਵਿਚ ਜਾਂਦੇ ਹਨ ਤੇ ਸ਼ਹਿਰਾਂ ਵੱਲ ਸੋਚਦੇ ਨਹੀਂ ਹਨ, ਪਰ ਬਾਦਲ ਸਾਹਿਬ ਦੀ ਸੋਚ ਸਮੁੱਚੇ ਪੰਜਾਬ ਦੀ ਹੈ। ਅੱਜ ਪਿੰਡਾਂ ਵੱਲ ਦੇਖੋ, ਸਰਹੱਦੀ ਇਲਾਕਿਆਂ ਵੱਲ ਦੇਖੋ। ਤੁਹਾਡੇ ਸਾਮਹਣੇ ਹੈ। ਪਿਛਲੀ ਸਰਕਾਰ ਨੇ ਦੋ ਰੁਪਿਆ ਨਹੀਂ ਲਗਾਇਆ ਪਰ ਅੱਜ ਜੋ ਵਿਕਾਸ ਹੋ ਰਿਹਾ ਹੈ ਉਹ ਤੁਹਾਡੇ ਸਾਹਮਣੇ ਹੈ। ਸਾਡੇ ਐਮ.ਐਲ.ਏ. ਸਾਹਿਬ ਕਹਿ ਰਹੇ ਸਨ ਕਿ ਇਸ ਵੇਲੇ ਸਾਡੇ ਕੋਲ ਸਰਪਲੱਸ ਪੈਸਾ ਬਾਰਡਰ ਏਰੀਏ ਵਾਸਤੇ ਹੈ। ਇੰਨਾ ਪੈਸਾ ਆਇਆ ਹੈ ਕਿ ਧੰਨ-ਧੰਨ ਹੋ ਗਈ ਹੈ। ਹੁਣ ਮੈਂ ਲੋਕਾਂ ਦਾ ਵਿਕਾਸ ਬਹੁਤ ਅੱਛੇ ਤਰੀਕੇ ਨਾਲ ਕਰ ਸਕਦਾ ਹਾਂ। ਅਸੀਂ ਖੇਮਕਰਨ ਵਿਚ ਇਲੈਕਸ਼ਨਾਂ ਵਾਸਤੇ ਗਏ ਸੀ ਤੇ ਬੁਰਾ ਹਾਲ ਸੀ ਪਰ ਹੁਣ ਤਾਂ ਖੇਮਕਰਨ ਦੀ ਨੁਹਾਰ ਹੀ ਬਦਲ ਗਈ ਹੈ। ਦੀਨਾਨਗਰ ਦੇ ਐਮ.ਐਲ.ਏ. ਸਾਹਿਬ ਬੈਠੇ ਹਨ। 13-14 ਕਰੋੜ ਰੁਪਿਆ ਇਨ੍ਹਾਂ ਨੂੰ ਮਿਲਿਆ ਹੈ। 14 ਕਰੋੜ ਨਾਲ ਡਿਵੈਲਪਮੈਂਟ ਹੋਵੇਗੀ। ਸਪੀਕਰ

Original with;
Punjab Vidhan Sabha
Digitized by;
Panjab Digital Library

ਸਾਹਿਬ ਦੇ ਏਰੀਏ ਵਿਚ ਪੈਸੇ ਮਿਲੇ ਗਏ ਹਨ, ਲੰਗਾਹ ਸਾਹਿਬ ਦੇ ਏਰੀਏ ਵਿਚ ਪੈਸੇ ਹਨ, ਹੋਰ ਏਰੀਆਜ਼ ਵਿਚ ਪੈਸੇ ਦਿੱਤੇ ਗਏ ਹਨ। ਪੈਸੇ ਦੀ ਬੁਛਾੜ ਹੀ ਕਰ ਦਿੱਤੀ ਹੈ। ਜਿੱਥੇ ਸੜਕਾਂ ਨਹੀਂ ਉਥੇ ਸੜਕਾਂ ਬਣਾਈਆਂ ਗਈਆਂ ਹਨ। ਪੁਲ ਬਣਾਏ ਜਾ ਰਹੇ ਹਨ, ਇਨਫਾਰਸਟਰਕਚਰ ਪੈਦਾ ਕੀਤਾ ਜਾ ਰਿਹਾ ਹੈ ਤਾਂ ਕਿ ਆਉਣ ਵਾਲੇ ਸਮੇਂ ਵਿਚ ਕੋਈ ਆਪਣੇ ਆਪ ਨੂੰ ਪਛੜਿਆ ਨਾ ਸਮਝ ਸਕੇ। ਇਹ ਸਾਰਾ ਵਿਕਾਸ ਬਾਦਲ ਸਾਹਿਬ ਦੀ ਦ੍ਰਿੜ ਸੋਚ ਸਦਕਾ ਹੋਇਆ ਹੈ। ਡਿਪਟੀ ਸਪੀਕਰ ਸਾਹਿਬ, ਇਹ ਪਹਿਲੀ ਵਾਰੀ ਦੇਖਿਆ ਹੈ ਔਰ ਤੁਹਾਨੂੰ ਹੈਰਾਨੀ ਹੋਣੀ ਹੈ ਕਿ ਬਾਦਲ ਸਾਹਿਬ ਨੂੰ ਚਾਹ ਦਾ ਕੱਪ ਪਿਲਾਇਆ ਤੇ ਤਿੰਨ ਕਰੋੜ ਰੁਪਿਆ ਜੇਬ ਵਿਚ ਪਾ ਲਿਆ। ਪਿਛਲੀ ਸਰਕਾਰ ਆਪਣੇ ਆਪ ਨੂੰ ਲੋਕਾਂ ਦੀ ਹਿਤੈਸ਼ੀ ਕਹਾਉਂਦੀ ਸੀ। ਪਿਛਲੇ ਮੁੱਖ ਮੰਤਰੀ ਨੇ ਤਾਂ ਚਾਰ ਕਰੋੜ ਰੁਪਏ ਵਿਚ ਸਾਰਾ ਪਟਿਆਲਾ ਸ਼ਹਿਰ ਹੀ ਵੇਚ ਦਿੱਤਾ ਸੀ, ਗਹਿਣੇ ਪਾ ਦਿੱਤਾ ਸੀ ਹੁਡਕੋ ਕੋਲ, ਬਿਨਾਂ ਕਿਸੇ ਪਰਮਿਸ਼ਨ ਤੋਂ, ਬਿਨਾਂ ਕਿਸੇ ਗਾਰੰਟੀ ਤੋਂ। ਇਹ ਕੇਸ ਚੱਲ ਰਿਹਾ ਹੈ। ਫਿਰ ਇਹ ਕਹਿੰਦੇ ਹਨ ਕਿ ਸਾਡੇ ਤੇ ਕੇਸ ਪਾ ਦਿੱਤਾ। ਇਹ ਅੰਦਰ ਜਾਂਦੇ ਹਨ। ਇਹ ਚਾਰ ਕਰੋੜ ਰੁਪਿਆ, ਡਿਪਟੀ ਸਪੀਕਰ ਸਾਹਿਬ, ਪਤਾ ਹੀ ਨਹੀਂ ਲੱਗਦਾ ਕਿੱਥੇ ਗਿਆ। ਇਨ੍ਹਾਂ ਦੀ ਨੀਅਤ ਠੀਕ ਨਹੀਂ। ਤੁਸੀਂ ਸੁਣਿਆ ਹੋਵੇਗਾ ਕਿ 50 ਕਰੋੜ ਰੁਪਏ ਦਾ ਇੰਡਸਟਰੀਅਲ ਕਲਸਟਰ ਆਇਆ। ਇਨ੍ਹਾਂ ਦੇ ਮੰਤਰੀ ਅਸ਼ਵਨੀ ਸੇਖੜੀ ਨੇ ਕਿਹਾ ਕਿ ਮੈਂ ਲੈ ਲੈਂਦਾ ਹਾਂ। ਪਿਛਲੀ ਸਰਕਾਰ ਵੇਲੇ ਆਇਆ ਸੀ ਤੇ ਐਮ.ਐਲ.ਏ. ਸਾਹਿਬ ਦੇ ਮੰਤਰੀ ਸਾਹਿਬ ਰਿਸ਼ਤੇਦਾਰ ਸਨ। ਮੈਨੂੰ ਪਤਾ ਲੱਗਾ। ਮੈਂ ਚਲਾ ਗਿਆ। We are here to serve the people, not to rule the people. ਅਸੀਂ ਕਿਹਾ ਕਿ ਅਸੀਂ ਸੇਵਾ ਲਈ ਆਏ ਹਾਂ। ਮੈਨੂੰ ਪਤਾ ਸੀ ਕਿ ਇੰਡਸਟਰੀ ਦੀ ਸਹਾਇਤਾ ਕਰਨ ਦਾ ਮੌਕਾ ਹੈ। ਮੈਂ ਗੁਰਦਾਸਪੁਰ ਘਰ ਚਲਾ ਗਿਆ। ਉਹ ਕਹਿੰਦੇ ਕਿ ਦਿੱਲੀ ਆ ਜਾਓ। ਨਾਲ ਪ੍ਰਾਜੈਕਟ ਸਮਝ ਲਓ। ਮੈਂ ਦਿੱਲੀ ਚਲਾ ਗਿਆ। ਸਾਰਾ ਪ੍ਰਾਜੈਕਟ ਸਮਝਿਆ। ਸਭ ਕੁਝ ਠੀਕ-ਠਾਕ ਬਣ ਗਿਆ ਪਰ ਇਨ੍ਹਾਂ ਦੀ ਨੀਅਤ ਸੁਣ ਲਓ। ਉਸ ਦਾ ਨਾਂ, ਅਸ਼ਵਨੀ ਸੇਖੜੀ ਦਾ ਨਾਂ ਵੀ ਵਿੱਚ ਪਾ ਦਿੱਤਾ। ਅਸੀਂ ਕਿਹਾ ਕਿ ਉਹ ਇਨਵੈਸਟਮੈਂਟ ਕਰੇ ਤੇ ਆਪਣਾ ਨਾਂ ਪਾ ਲਏ ਪਰ ਉਹ ਕਹਿਣ ਲੱਗੇ ਕਿ ਵਿਦਾਊਟ ਇਨਵੈਸਟਮੈਂਟ ਪਾਓ। ਇਹ ਆਪਣੇ ਲਈ ਹੀ ਸੋਚਦੇ ਹਨ। ਇਹ ਸਿਰਫ ਇਨ੍ਹਾਂ ਚੀਜ਼ਾਂ ਨੂੰ ਦੇਖਦੇ ਹਨ। ਇਹ ਆਪਣਾ ਹੀ ਸੋਚਦੇ ਹਨ ਪਰ ਅਸੀਂ ਲੋਕਾਂ ਦੀ ਸੇਵਾ ਲਈ ਸੋਚਦੇ ਹਾਂ। ਡਿਪਟੀ ਸਪੀਕਰ ਸਾਹਿਬ, 3200 ਕਰੋੜ ਦਾ ਪ੍ਰਾਜੈਕਟ ਨਹਿਰਾਂ ਵਾਸਤੇ ਆਇਆ ਹੈ। ਤੁਸੀਂ ਆਪਣੇ ਆਪ ਅੰਦਾਜ਼ਾ ਲਗਾ ਲਓ। ਪੰਜਾਬ ਦਾ ਇਤਿਹਾਸ ਦੇਖ ਲਓ। ਇਹ ਦੋ ਸਾਲ ਤੇ ਕਾਂਗਰਸ ਦੇ 30 ਸਾਲ ਦੇਖ ਲਓ। ਕਿਸ ਨੇ ਸੋਚਿਆ ਸੀ ਕਿ ਇੰਨੇ ਵੱਡੇ ਪ੍ਰਾਜੈਕਟ ਨਹਿਰਾਂ ਦੇ ਲੱਗਣੇ ਹਨ। ਕੋਈ ਨਹੀਂ ਸੋਚ ਸਕਦਾ ਸੀ। ਇਹ ਕਹਿੰਦੇ ਹਨ ਕਿ 3200 ਕਰੋੜ ਕਿੱਥੋਂ ਆਏਗਾ ? ਲੈਣਾ ਸਾਡਾ ਕੰਮ ਹੈ। ਜਿਨ੍ਹਾਂ ਨੇ ਰੱਖਿਆ ਹੈ, ਉਨ੍ਹਾਂ ਨੇ ਕਰਨਾ ਹੈ। ਸ਼ੁਰੂ ਕਰ ਦਿੱਤਾ ਹੈ। ਰੋਜ਼ ਕੁਐਸਚਨ ਆਵਰ ਵਿਚ ਸਾਰਾ ਕੁਝ ਸਾਹਮਣੇ ਆਉਂਦਾ ਹੈ ਕਿ ਫਲਾਣੀ ਨਹਿਰ ਦੀ 27 ਸਾਲ ਤੋਂ ਸਫਾਈ ਨਹੀਂ ਹੋਈ। ਸੇਖੋਂ ਸਾਹਿਬ ਸਾਡੇ ਮੰਤਰੀ ਸਾਹਿਬ ਬੈਠੇ ਹਨ, ਸਾਡੇ ਸੂਏ ਹੀ ਸਾਫ ਨਹੀਂ ਹੋਏ। ਮੈਂ 1994-95 ਵਿੱਚ ਕਰਵਾਏ ਸੀ, ਫਿਰ 1998 ਵਿੱਚ ਕਰਵਾਏ। 1998 ਤੋਂ ਬਾਅਦ ਅੱਜ ਤੱਕ ਸੂਏ ਸਾਫ ਹੀ ਨਹੀਂ ਹੋਏ। ਲੋਕਾਂ ਨੇ ਐਨਕਰੋਚਮੈਂਟ ਕਰਕੇ ਆਪਣੇ ਵਿੱਚ ਪਾ ਲਏ ਹਨ। ਪਿਛਲੇ ਪੰਜ ਸਾਲ ਸਰਕਾਰ ਨੇ ਕਦੇ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ। ਅੱਜ ਸੂਏ ਹੁੰਦੇ ਤਾਂ ਛੱਪੜਾਂ ਦਾ ਮਸਲਾ ਵੀ ਹੱਲ ਹੁੰਦਾ। ਸੋ, ਇਹ ਸੋਚ ਰੱਖ ਕੇ ਆਪਾਂ ਚੱਲੀਏ। ਅਸੀਂ ਪੰਜਾਬ ਨੂੰ ਅੱਗੇ ਵਧਾਉਣਾ ਹੈ। ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਇਸ ਸੋਚ ਨੂੰ ਬੜਾ ਵਧੀਆ ਰੂਪ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ]

ਗਵਰਨਰ ਸਾਹਿਬ ਨੇ ਕੋਆਪ੍ਰੇਟਿਵ ਮਿੱਲਾਂ ਵਿੱਚ ਕੋ-ਜਨਰੇਸ਼ਨ ਲਈ 1000 ਕਰੋੜ ਰੁਪਏ ਦੀ ਇਨਵੈਸਟਮੈਂਟ ਕਰਕੇ ਲੋਕਾਂ ਨੂੰ ਦਿਖਾ ਦਿੱਤੀ ਕਿ ਇਹ ਸੁੱਟਣ ਵਾਲੀਆਂ ਨਹੀਂ ਹਨ। ਇਨ੍ਹਾਂ ਮਿੱਲਾਂ ਤੋਂ ਕੰਮ ਲਿਆ ਜਾ ਸਕਦਾ ਹੈ। ਇਹ ਜੱਟ ਦਾ ਖਜ਼ਾਨਾ ਹੈ, ਜੱਟ ਦੀ ਸੋਚ ਹੈ। ਇਹ ਜ਼ਿਮੀਂਦਾਰਾਂ ਦੀ ਆਪਣੀ ਚੀਜ਼ ਹੈ। ਮੈਂ ਇਸ ਲਈ ਕੈਪਟਨ ਸਾਹਿਬ ਦਾ, ਉਸ ਕੈਪਟਨ ਦਾ ਨਹੀਂ, ਕੈਪਟਨ ਕੰਵਲਜੀਤ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਬੜਾ ਅੱਛਾ ਰੂਪ ਦਿੱਤਾ ਹੈ।

ਅੱਜ ਸਿੱਖਿਆ ਦਾ ਸਤਰ ਉਠਾਉਣ ਲਈ ਕਿਸ ਨੇ ਸੋਚ ਰੱਖੀ। ਡਿਪਟੀ ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਜੋ ਆਦਰਸ਼ ਸਕੂਲਾਂ ਦੀ ਸਕੀਮ ਲਿਆਂਦੀ, ਇਹ ਹਿੰਦੁਸਤਾਨ ਵਿੱਚ ਕਿਤੇ ਨਹੀਂ ਦਿਸਦੀ। ਪਹਿਲਾਂ ਪੇਂਡੂ ਸਕੂਲਾਂ ਦੇ ਬੱਚੇ ਪਿੰਡਾਂ ਦੇ ਸਕੂਲਾਂ ਵਿੱਚ ਜਾਂਦੇ ਹੀ ਨਹੀਂ ਸੀ। ਉਦੋਂ ਮੈਨੂੰ ਕਹਿਣਾ ਕਿ ਸਕੂਲ ਤਾਂ ਬਣੇ ਨਹੀਂ। ਮੈਂ ਕਿਹਾ ਤਿੰਨਾਂ ਵਿੱਚੋਂ ਦੋ ਬਣ ਗਏ ਅਤੇ ਤੀਜਾ ਬਣਨ ਨੂੰ ਤਿਆਰ ਹੈ। ਇਹ ਹਰ ਥਾਂ ਬਣੇ ਹਨ। ਹੁਣ ਤਾਂ ਅਸੀਂ ਕੰਪਿਊਟਰ ਵਾਲੇ ਪਾਸੇ ਸ਼ਿਫਟ ਹੋਣ ਜਾ ਰਹੇ ਹਾਂ। ਅੱਜ ਪਿੰਡਾਂ ਦੇ ਬੱਚੇ ਪੇਂਡੂ ਸਕੂਲਾਂ ਵਿੱਚ ਕੰਪਿਊਟਰ ਦੀ ਸਿੱਖਿਆ ਲੈਂਦੇ ਹਨ। ਤੁਹਾਨੂੰ, ਡਿਪਟੀ ਸਪੀਕਰ ਸਾਹਿਬ, ਹੈਰਾਨੀ ਹੋਣੀ ਹੈ, ਇਸ ਵੇਲੇ ਪੰਜਾਬ ਵਿੱਚ ਬੈਸਟ ਟੀਚਿੰਗ ਕਾਡਰ ਹੈ। 14,000 ਟੀਚਰ ਜਿਸ ਤਰ੍ਹਾਂ ਮੈਰਿਟ ਤੇ ਲਏ ਗਏ ਹਨ, ਉਸ ਨਾਲ ਸਾਡੇ ਕੋਲ ਬੈਸਟ ਟੀਚਰ ਆਏ ਹਨ। ਇਨ੍ਹਾਂ ਬੈਸਟ ਟੀਚਰਾਂ ਕੋਲੋਂ ਬੈਸਟ ਕੰਮ ਲੈਣਾ ਸਾਡਾ ਕੰਮ ਹੈ। ਜੇ ਚੰਗੀ ਮਸ਼ੀਨ ਲਈ ਹੈ ਤਾਂ ਉਸ ਤੋਂ ਚੰਗਾ ਪ੍ਰੋਡਕਟ ਕੱਢਣਾ ਉਸ ਮਸ਼ੀਨ ਲਾਉਣ ਵਾਲੇ ਦਾ ਕੰਮ ਹੈ। ਹੁਣ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਨ੍ਹਾਂ ਕੋਲੋਂ ਅੱਛਾ ਪ੍ਰੋਡਕਟ ਲਈਏ। ਉਥੋਂ ਬੱਚੇ ਅੱਛਾ ਪੜ੍ਹ ਕੇ ਨਿਕਲਣ, ਇਹ ਸਾਡੀ ਕਾਮਨਾ ਹੈ। ਅਸੀਂ ਪੁਲੀਟੀਕਲ ਲੋਕ ਇਥੇ ਬੈਠ ਕੇ ਕਾਮਨਾ ਕਰ ਸਕਦੇ ਹਾਂ, ਸੋਚ ਸਕਦੇ ਹਾਂ, ਉਨ੍ਹਾਂ ਨੂੰ ਬੇਨਤੀ ਕਰ ਸਕਦੇ ਹਾਂ ਕਿ ਜਿਨ੍ਹਾਂ ਨੇ ਸਰਕਾਰੀ ਜਾਬਜ਼ ਲਈਆਂ ਹਨ, ਉਹ ਆਪਣੇ ਮੁਲਕ ਨੂੰ, ਆਪਣੇ ਬੱਚਿਆਂ ਨੂੰ ਅੱਗੇ ਵਧਾਉਣ। ਮੈਂ ਬਾਦਲ ਸਾਹਿਬ ਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ। ਮੈਨੂੰ ਯਾਦ ਆ ਗਿਆ ਕਿ ਜਿਹੜੇ ਗੌਰਮਿੰਟ ਸਕੂਲ ਵਿੱਚ ਟੀਚਰ ਪੜ੍ਹਾਉਣ, ਉਨ੍ਹਾਂ ਲਈ ਕੰਪਲਸਰੀ ਕਰ ਦਿੱਤਾ ਜਾਵੇ ਕਿ ਉਹ ਆਪਣੇ ਬੱਚੇ ਨੂੰ ਉਸੇ ਸਕੂਲ ਵਿੱਚ ਪੜ੍ਹਾਉਣ, ਕਿਸੇ ਪਬਲਿਕ ਸਕੂਲ ਵਿੱਚ ਨਾ ਪੜ੍ਹਾਉਣ। ਉਸ ਦੇ ਨਾਲ ਇਹ ਹੋਏਗਾ ਕਿ ਉਸ ਸਕੂਲ ਦਾ ਸਤਰ ਆਪਣੇ ਆਪ ਉੱਚਾ ਉਠੇਗਾ। ਕੁਝ ਕੰਮ ਕਾਨੂੰਨੀ ਤਰੀਕੇ ਨਾਲ ਹੁੰਦੇ ਹਨ ਅਤੇ ਕੁਝ ਕੰਮ ਵਲੰਟੈਰਲੀ ਹੁੰਦੇ ਹਨ। ਜੇ ਉਸ ਟੀਚਰ ਦੇ ਬੱਚੇ ਉਸ ਸਕੂਲ ਵਿੱਚ ਪੜ੍ਹਨਗੇ ਤਾਂ ਮੈਂ ਸਮਝਦਾ ਹਾਂ ਕਿ ਉਸ ਸਕੂਲ ਦਾ ਆਪਣੇ ਆਪ ਮਾਹੌਲ ਬਦਲੇਗਾ। ਉਸ ਸਕੂਲ ਵਿੱਚ ਪੜ੍ਹਾਈ ਦਾ ਸਤਰ ਉੱਚਾ ਉਠੇਗਾ। ਇਹ ਕੰਪਲਸਰੀ ਕਰ ਦਿੱਤਾ ਜਾਵੇ। ਜਿਥੇ-ਜਿਥੇ ਜਿਨ੍ਹਾਂ-ਜਿਨ੍ਹਾਂ ਨੂੰ ਜਾਬਜ਼ ਮਿਲੀਆਂ ਹਨ, ਉਨ੍ਹਾਂ ਦੇ ਬੱਚੇ ਉਥੇ ਉਸ ਸਕੂਲ ਵਿੱਚ ਹੀ ਪੜ੍ਹਨ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਉਹ ਸਕੂਲ ਅੱਛੀ ਸਿੱਖਿਆ ਦੇ ਸਕਣ। ਅੱਜ ਸਕੂਲਾਂ ਵਿੱਚ ਕੰਪਿਊਟਰ ਹੈ, ਅੱਜ ਉਹ ਪੁਰਾਣਾ ਜ਼ਮਾਨਾ ਨਹੀਂ ਰਿਹਾ। ਅੱਜ ਬੱਚੇ ਸਕੂਲਾਂ ਵਿੱਚ ਬੈਂਚਾਂ ਤੇ ਬੈਠਦੇ ਹਨ, ਡੈਸਕਾਂ ਤੇ ਬੈਠਦੇ ਹਨ। ਅੱਜ ਟਾਟਾਂ ਵਾਲਾ ਸਮਾਂ ਖਤਮ ਹੋ ਗਿਆ ਹੈ। ਅੱਜ ਨਵਾਂ ਯੁਗ ਹੈ। ਅੱਜ ਕੰਪਿਊਟਰ ਸੋਚ ਵਾਲੇ ਬੱਚੇ ਹਨ। ਉਨ੍ਹਾਂ ਦੀ ਸੋਚ ਦੇ ਮੱਦੇ-ਨਜ਼ਰ ਸਾਡੀ ਸਰਕਾਰ ਨੇ ਇਹ ਉਪਰਾਲੇ ਕੀਤੇ ਹਨ।

Original with;
Punjab Vidhan Sabha
Digitized by;
Panjab Digital Library

ਹੁਣ ਮੈਂ ਲੋਕਲ ਬਾਡੀਜ਼ ਬਾਰੇ ਕਹਿਣਾ ਚਾਹਾਂਗਾ। ਚੌਧਰੀ ਜਗਜੀਤ ਸਿੰਘ ਦੀ ਗੱਲ ਕਰਦੇ ਕਰਦੇ ਗੱਲ ਦੂਜੇ ਪਾਸੇ ਚਲੀ ਗਈ। ਡਿਪਟੀ ਸਪੀਕਰ ਸਾਹਿਬ, ਪਿਛਲੀ ਵਾਰ ਇਹ ਲੋਕ ਜਿੰਨਾ ਵੀ ਹਾਊਸ ਟੈਕਸ ਸੀ, ਜਿੰਨਾ ਸੀਵਰੇਜ ਟੈਕਸ ਸੀ, ਉਹ ਸਾਰਾ ਡੈਫਰ ਕਰ ਗਏ। ਇਨ੍ਹਾਂ ਨੂੰ ਪਤਾ ਸੀ ਅਸੀਂ ਦੁਬਾਰਾ ਆਉਣਾ ਨਹੀਂ। ਦੂਜਾ ਜਿਹੜਾ ਆਏਗਾ, ਉਹ ਜੋ ਮਰਜ਼ੀ ਕਰੇਗਾ। ਮਗਰ ਸਾਡੇ ਮੰਤਰੀ ਦੌੜੇ ਨਹੀਂ, ਬਾਦਲ ਸਾਹਿਬ ਦੌੜੇ ਨਹੀਂ। ਕੈਬਨਿਟ ਵਿੱਚ ਪਾਸ ਹੋਇਆ ਕਿ ਜੋ ਵੀ ਪੁਰਾਣਾ ਟੈਕਸ ਹੈ, ਉਹ ਸਾਰਾ ਮੁਆਫ ਕਰ ਦਿੱਤਾ ਜਾਵੇ। ਇਹ ਮੁੱਢੋਂ ਮੁਆਫ ਕੀਤਾ ਗਿਆ। ਇਨ੍ਹਾਂ ਨੂੰ ਉਸ ਨੂੰ ਡੈਫਰ ਕਰਨ ਦੀ ਕੀ ਲੋੜ ਸੀ, ਕੈਪਟਨ ਅਮਰਿੰਦਰ ਸਿੰਘ ਮੁਆਫ ਕਰਕੇ ਜਾ ਸਕਦਾ ਸੀ ਪਰ ਹੋਇਆ ਕੀ ? ਡੈਫਰ ਕਰਕੇ ਲੋਕਾਂ ਦੇ ਉਤੇ ਇੰਟਰਸਟ ਤੁਰਿਆ ਰਿਹਾ। ਕੀ ਸਰਕਾਰਾਂ ਕੰਮ ਨਹੀਂ ਕਰ ਸਕਦੀਆਂ ਸਨ ? ਬਾਦਲ ਸਾਹਿਬ ਨੇ ਇਨ੍ਹਾਂ ਚੀਜ਼ਾਂ ਨੂੰ ਪੁਖਤਾ ਕਰਨ ਲਈ ਹਰ 'ਏ' ਕਲਾਸ ਮਿਊਂਸਿਪਲ ਕਮੇਟੀ ਲਈ 3 ਕਰੋੜ ਰੁਪਏ, 'ਬੀ' ਕਲਾਸ ਕਮੇਟੀ ਲਈ 2 ਕਰੋੜ ਅਤੇ 'ਸੀ' ਕਲਾਸ ਕਮੇਟ ਲਈ 1 ਕਰੋੜ ਰੁਪਿਆ ਦਿੱਤਾ ਹੈ। ਮੈਂ ਇਹ ਕਹਿ ਸਕਦਾ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਜਿਹੇ ਸੁੰਦਰ ਐਡਮਨਿਸਟ੍ਰੇਟਰ ਹਨ, ਅਜਿਹੇ ਨੇਕ ਦਿਲ ਇਨਸਾਨ ਹਨ ਜਿਸ ਦੇ ਬਾਰੇ ਕਦੇ ਸੋਚਿਆ ਹੀ ਨਹੀਂ ਹੈ। ਅਸੀਂ ਕਈ ਵਾਰ ਇਨ੍ਹਾਂ ਦੇ ਕੋਲ ਗਏ ਕਿ ਆਹ ਪ੍ਰਾਜੈਕਟ ਹੈ ਅਤੇ ਇਸ ਉਤੇ 20 ਲੱਖ ਰੁਪਿਆ ਲੱਗਣਾ ਹੈ। ਇਸ ਲਈ ਤੁਸੀਂ ਕੋਈ ਮਿਹਰਬਾਨੀ ਕਰੋ ਤਾਂ ਇਨ੍ਹਾਂ ਵੱਲੋਂ ਦੋ ਮਿੰਟ ਵੀ ਨਹੀਂ ਲਗਾਏ ਗਏ। ਮੈਨੂੰ ਹੈਰਾਨਗੀ ਹੁੰਦੀ ਹੈ ਕਿ ਪਿਛਲੀ ਵਾਰ ਦੇ ਮੁੱਖ ਮੰਤਰੀ ਕੋਲ ਐਮ.ਐਲ.ਏ. ਵੀ ਜਾਣ ਲਈ ਤਿਆਰ ਨਹੀਂ ਹੁੰਦੇ ਸਨ। ਮੈਂ ਟਰਾਂਸਪੋਰਟ ਦੇ ਬਾਰੇ ਗੱਲ ਕਰਨੀ ਚਾਹੁੰਦਾ ਹਾਂ ਕਿ ਟਰਾਂਸਪੋਰਟ ਫੀਸ 1,000/- ਰੁਪਿਆ ਲੱਗਣੀ ਸੀ ਪਰ ਉਹ ਗਲਤੀ ਨਾਲ 10,000/- ਰੁਪਏ ਲਿਖ ਦਿੱਤੀ ਤਾਂ ਬਾਦਲ ਸਾਹਿਬ ਨੇ ਦੋ ਮਿੰਟ ਨਹੀਂ ਲਗਾਏ, ਉਹ ਇਨ੍ਹਾਂ ਨੇ ਠੀਕ ਕਰ ਦਿੱਤਾ। ਕੱਲ੍ਹ ਮੈਨੂੰ ਇਸ ਗੱਲ ਦੀ ਹੈਰਾਨਗੀ ਹੋਈ ਹੈ। ਉਸ ਦੇ ਬਾਰੇ ਮੈਂ ਬਾਦਲ ਸਾਹਿਬ ਦੇ ਚਰਨਾਂ ਵਿਚ ਬੇਨਤੀ ਕਰਾਂਗਾ ਕਿ ਫੀਸ ਤਾਂ 10,000/- ਰੁਪਏ ਹੀ ਹੈ ਪਰ ਇਨ੍ਹਾਂ ਨੇ 10,000/- ਰੁਪਏ ਦੀ ਜਗ੍ਹਾ 1000/- ਰੁਪਏ ਕਰ ਦਿੱਤੀ ਹੈ ਪਰ ਇਸ ਵਿਚ ਹੈਰਾਨਗੀ ਵਾਲੀ ਗੱਲ ਹੈ ਕਿ ਉਸ ਨੋਟੀਫਿਕੇਸ਼ਨ ਵਿੱਚ ਇਹ ਕਲੀਅਰ ਨਹੀਂ ਕੀਤਾ ਗਿਆ। ਬਣਾਈ ਇਹ ਗਈ ਸੀ ਕਿ ਨਵੇਂ ਪਰਮਿੱਟ ਲਈ ਐਪਲੀਕੇਸ਼ਨ ਫੀਸ 10,000/- ਰੁਪਏ ਸੀ, ਜਿਸ ਨੂੰ ਟਰਾਂਸਪੋਰਟ ਦਾ ਨਵਾਂ ਪਰਮਿਟ ਮਿਲੇਗਾ। ਜਿਹੜੇ ਪੁਰਾਣੇ ਪਰਮਿਟ ਰਿਨਿਊ ਹੁੰਦੇ ਹਨ, ਉਸ ਦੀ ਫੀਸ ਵੀ 10,000/- ਰੁਪਏ ਹੈ। ਡਿਪਟੀ ਸਪੀਕਰ ਸਾਹਿਬ, ਨਵੇਂ ਵਾਸਤੇ ਐਪਲੀਕੇਸ਼ਨ ਫੀਸ 10,000/- ਰੁਪਏ ਹੈ? ਮੈਂ ਬਾਦਲ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਇੱਕ ਹਜ਼ਾਰ ਹੀ ਕੀਤੀ ਜਾਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਅੱਜ ਟਰਾਂਸਪੋਰਟ ਦਾ ਬਹੁਤ ਬੁਰਾ ਹਾਲ ਹੈ, ਅਸੀਂ ਤਾਂ ਸਾਫ਼ ਕਹਿੰਦੇ ਹਾਂ ਕਿ ਜੇਕਰ ਥੋੜ੍ਹੀ ਬਹੁਤ ਟਰਾਂਸਪੋਰਟ ਸੜਕਾਂ ਉਤੇ ਦਿੱਸ ਰਹੀ ਹੈ, ਉਹ ਚਾਹੇ ਸਰਕਾਰੀ ਹੈ ਜਾਂ ਫਿਰ ਪ੍ਰਾਈਵੇਟ ਹੈ, ਉਸ ਦਾ ਇਕੋ ਹੀ ਕਾਰਨ ਹੈ ਕਿ ਤੇਲ ਦੀਆਂ ਕੁਝ ਕੀਮਤਾਂ ਘਟੀਆਂ ਹਨ। ਇਸ ਨਾਲ ਥੋੜ੍ਹਾ-ਬਹੁਤ ਆਸਰਾ ਹੋਇਆ ਹੈ, ਨਹੀਂ ਤਾਂ ਪੰਜਾਬ ਦੀ ਟਰਾਂਸਪੋਰਟ ਬੰਦ ਸੀ। ਇਹ ਸਿਰਫ਼ ਤੇ ਸਿਰਫ਼ ਬਾਦਲ ਸਾਹਿਬ ਦੇ ਭਰੋਸੇ ਤੇ ਚਲਦੀ ਸੀ ਤੇ ਇਹ ਕਹਿੰਦੇ ਸੀ ਕਿ ਤੁਹਾਡੇ ਬਾਰੇ ਕੁਝ ਸੋਚਾਂਗੇ। ਡਿਪਟੀ ਸਪੀਕਰ ਸਾਹਿਬ, ਅੱਜ ਇੱਕ ਏ.ਸੀ.ਬੱਸ ਤਕਰੀਬਨ 57 ਲੱਖ ਰੁਪਏ ਦੀ ਨਿਕਲਦੀ ਹੈ ਅਤੇ ਜਦੋਂ ਰੋਡ ਤੇ ਆਉਂਦੀ ਹੈ ਤਾਂ ਉਹ 60-65 ਲੱਖ ਰੁਪਏ ਵਿੱਚ ਪੈ ਜਾਂਦੀ ਹੈ। ਇਹ 60-65 ਲੱਖ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ]

ਰੁਪਿਆ ਲਾਉਣਾ ਇੱਕ ਬਹੁਤ ਵੱਡੀ ਇਨਵੈਸਟਮੈਂਟ ਹੈ, ਬਹੁਤ ਵੱਡੀ ਇੰਡਸਟਰੀ ਹੈ ਜਿਸ ਬਾਰੇ ਸੋਚਿਆ ਹੀ ਨਹੀਂ ਗਿਆ। ਮਾਸਟਰ ਮੋਹਨ ਲਾਲ ਜੀ ਚਲੇ ਗਏ ਹਨ, ਉਨ੍ਹਾਂ ਨੂੰ ਟਰਾਂਸਪੋਰਟ ਬਾਰੇ ਪਤਾ ਹੀ ਨਹੀਂ ਕਿ ਕੀ ਹੁੰਦੀ ਹੈ। ਜੇਕਰ ਡਾਕਟਰ ਨੂੰ ਮਿਸਤਰੀ ਬਣਾ ਦਿਓ ਤੇ ਮਿਸਤਰੀ ਨੂੰ ਡਾਕਟਰ ਬਣਾ ਦਿੱਤਾ ਜਾਵੇ ਤੇ ਇਥੇ ਕੰਮ ਉਹ ਹੋਇਆ ਹੈ। ਕਿਉਂ ਜੋ ਮੈਂ ਟਰਾਂਸਪੋਰਟਰ ਸੀ ਅਤੇ ਮੈਨੂੰ ਐਕਸਾਈਜ਼ ਐਂਡ ਟੈਕਸੇਸ਼ਨ ਦਾ ਮਹਿਕਮਾ ਦੇ ਦਿੱਤਾ ਜਿਸ ਦੀ ਮੈਨੂੰ ਏ, ਬੀ, ਸੀ ਬਾਰੇ ਵੀ ਪਤਾ ਨਹੀਂ ਸੀ ਅਤੇ ਮਾਸਟਰ ਜੀ ਜਿਹੜੇ ਕਿ ਪੜ੍ਹਾਉਣ ਵਾਲੇ ਸਨ, ਉਨ੍ਹਾਂ ਨੂੰ ਟਰਾਂਸਪੋਰਟ ਮੰਤਰੀ ਬਣਾ ਦਿੱਤਾ। ਇਸੇ ਸੋਚ ਕਰਕੇ ਮੈਂ ਬਾਦਲ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿਉਂਕਿ ਉਨ੍ਹਾਂ ਨੂੰ ਸਾਡੇ ਜੰਮਣ ਤੋਂ ਪਹਿਲਾਂ ਦੀ ਟਰਾਂਸਪੋਰਟ ਬਾਰੇ ਨਾਲੇਜ ਹੈ, ਮੈਂ ਬੇਨਤੀ ਕਰਾਂਗਾ ਕਿ ਇਸ ਦੇ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ ਔਰ ਅੱਜ ਦੇ ਸਮੇਂ ਵਿੱਚ ਜਿਸ ਤਰ੍ਹਾਂ ਅਸੀਂ ਪੰਜਾਬ ਨੂੰ ਅਗਲੀਆਂ ਲੀਹਾਂ ਤੇ ਲਿਜਾਣ ਦੀ ਕੋਸ਼ਿਸ਼ ਕਰ ਰਹੇ ਹਾਂ, ਉਸ ਵਿੱਚ ਸਹਿਯੋਗ ਚਾਹੀਦਾ ਹੈ। ਅੱਜ ਅਸੀਂ ਪੰਜਾਬ ਦੀ ਜਨਤਾ ਨੂੰ ਇਸ ਸਦਨ ਦੀ ਫਲੋਰ ਤੋਂ ਇਹ ਹੀ ਬੇਨਤੀ ਕਰਾਂਗੇ ਕਿ ਤੁਹਾਡੇ ਸਾਹਮਣੇ ਕੋਈ ਝੂਠ ਨਹੀਂ, ਕੋਈ ਫਰੇਬ ਨਹੀਂ ਕੀਤਾ, ਕੋਈ ਝੂਠਾ ਨਾਅਰਾ ਨਹੀਂ ਦਿੱਤਾ। ਜੋ ਵਾਅਦੇ ਬਾਦਲ ਸਾਹਿਬ ਨੇ ਕੀਤੇ ਹਨ, ਉਨ੍ਹਾਂ ਨੂੰ ਪੂਰਿਆਂ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਜੇ ਇਸ ਸਰਕਾਰ ਨੂੰ ਆਇਆਂ ਨੂੰ ਦੋ ਸਾਲ ਹੀ ਹੋਏ ਹਨ ਅਤੇ ਤਿੰਨ ਸਾਲ ਹੋਰ ਪਏ ਹਨ। ਅਗਲੇ ਤਿੰਨ ਸਾਲਾਂ ਦੇ ਵਿੱਚ ਬਿਜਲੀ ਦੇ ਸਾਰੇ ਪ੍ਰਾਜੈਕਟ ਪੂਰੇ ਕਰਕੇ ਪੰਜਾਬ ਨੂੰ ਬਿਜਲੀ ਬਾਰੇ ਆਤਮ ਨਿਰਭਰ ਕਰਨ ਦਾ ਬਾਦਲ ਸਾਹਿਬ ਦਾ ਵਾਅਦਾ ਹੈ। ਮੈਂ ਸਮਝਦਾ ਹਾਂ ਕਿ ਜਿੰਨੇ ਪੱਕੇ ਇਰਾਦੇ ਦੇ ਇਹ ਇਨਸਾਨ ਹਨ, ਇਹ ਵਾਅਦਾ ਪੂਰਾ ਹੋਣਾ ਹੈ। ਇਹ ਕਮੀ ਨਹੀਂ ਰਹੇਗੀ।

ਡਿਪਟੀ ਸਪੀਕਰ ਸਾਹਿਬ, ਅੱਗੇ ਮੈਂ ਐਕਸਾਈਜ਼ ਐਂਡ ਟੈਕਸੇਸ਼ਨ ਦੇ ਬਾਰੇ ਮੋਟੇ-ਮੋਟੇ ਲਫ਼ਜ਼ਾਂ ਵਿੱਚ ਦੱਸਦਾ ਹਾਂ ਕਿ ਸਾਨੂੰ 5136.09 ਕਰੋੜ ਰੁਪਏ ਦਾ ਟੀਚਾ ਦਿੱਤਾ ਗਿਆ ਸੀ ਜਿਸ ਨੂੰ ਵਧਾ ਕੇ 5871.29 ਕਰੋੜ ਰੁਪਏ ਦਾ ਪੂਰਾ ਕੀਤਾ ਜਿਸ ਵਿੱਚ ਸਾਨੂੰ 26.08 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਹਾਲੇ 31 ਮਾਰਚ ਆਉਣੀ ਹੈ, ਦਿਨ ਪਏ ਹਨ, ਇਹ ਵੀ ਪੂਰੇ ਕਰ ਲੈਣੇ ਹਨ। ਦੂਸਰੇ ਪਾਸੇ ਐਕਸਾਈਜ਼ ਵਿੱਚ ਵੀ ਘੱਟ ਨਹੀਂ ਰਹੇ। ਜੇ ਵੈਟ ਵਿੱਚ ਅੱਗੇ ਗਏ ਹਾਂ ਤਾਂ ਐਕਸਾਈਜ਼ ਵਿੱਚ ਵੀ ਘੱਟ ਨਹੀਂ ਰਹੇ। 1807.99 ਕਰੋੜ ਰੁਪਏ ਦੀ ਉਗਰਾਹੀ ਅਸੀਂ ਉਸ ਰਾਹੀਂ ਕੀਤੀ ਜਿਸ ਵਿਚੋਂ 1299.25 ਕਰੋੜ ਰੁਪਏ ਅਸੀਂ ਲਾਇਸੰਸ ਫੀਸ ਲਈ। ਆਉਣ ਵਾਲੇ ਸਮੇਂ ਵਿੱਚ ਇਹ ਹੋਰ ਵਧ ਜਾਣੀ ਹੈ। ਇੰਨੇ ਸੁੰਦਰ ਤਰੀਕੇ ਨਾਲ ਬਾਦਲ ਸਾਹਿਬ ਨੇ ਪਾਲਿਸੀ ਦਿੱਤੀ ਹੈ। ਅਸੀਂ ਇਸ ਲਈ ਆਪਣੇ ਡਿਪਾਰਟਮੈਂਟ ਦੇ ਵੀ ਧੰਨਵਾਦੀ ਹਾਂ। ਐਤਕੀਂ ਸਾਡੇ ਕੋਲ ਇੰਨੇ ਪੈਸੇ ਆ ਜਾਣੇ ਹਨ ਕਿ ਸਾਡੇ ਤੋਂ ਸੰਭਲਣੇ ਨਹੀਂ ਕਿਉਂਕਿ ਜਿਹੜੀ ਡਰਾਫਟ ਦੀ ਕੀਮਤ ਹੈ, ਇਹ ਘਟਾ ਦਿੱਤੀ ਹੈ। ਡਿਪਟੀ ਸਪੀਕਰ ਸਾਹਿਬ, ਸਭ ਕੁਝ ਤਰੀਕੇ ਨਾਲ ਕੀਤਾ ਹੈ। 9,000/- ਰੁਪਿਆ ਫ਼ੀਸ ਕਰ ਦਿੱਤੀ ਹੈ ਐਪਲੀਕੇਸ਼ਨ, ਜਿਹੜਾ ਡੇਢ ਲੱਖ ਰੁਪਿਆ ਡਰਾਫਟ ਤੇ ਮਿਨੀਮਮ ਲੈਂਦੇ ਸੀ, ਉਹ ਅਸੀਂ 50,000/- ਦਾ ਕਰ ਦਿੱਤਾ ਹੈ। ਇਹ ਲੋਕਾਂ ਨੇ ਵੱਧ ਤੋਂ ਵੱਧ ਲੈਣਾ ਹੈ। ਮੇਰੇ ਡਿਸਟ੍ਰਿਕਟ ਗੁਰਦਾਸਪੁਰ ਵਿੱਚ ਜਿੱਥੋਂ ਮੈਂ ਸਮਝਦਾ ਹਾਂ ਕਿ 2600 ਐਪਲੀਕੇਸ਼ਨਜ਼ ਸੀ, ਉਹ ਐਤਕੀਂ 5200 ਹੋਵੇਗੀ। ਤੁਸੀਂ ਦੇਖ ਲਓ ਕਿ ਬਿਨਾ ਕਿਸੇ ਨੂੰ ਪਿੰਚ ਕੀਤਿਆ ਅਸੀਂ ਪੈਸੇ ਦੀ ਉਗਰਾਹੀ ਕੀਤੀ। ਜਨਤਾ ਨੇ ਖੁਸ਼ੀ ਨਾਲ ਸਾਨੂੰ ਪੈਸਾ ਦਿੱਤਾ। ਅੱਜ ਤੱਕ ਜਿੰਨੀਆਂ

Original with;
Punjab Vidhan Sabha
Digitized by;
Panjab Digital Library

ਸਹੂਲਤਾਂ ਬਾਦਲ ਸਾਹਿਬ ਨੇ ਵੈਟ ਵਿੱਚ ਦਿੱਤੀਆਂ ਹਨ, ਕੋਈ ਵੀ ਐਸਾ ਖਿੱਤਾ, ਕੋਈ ਵੀ ਐਸਾ ਵਪਾਰੀ ਨਹੀਂ ਜਿਹੜਾ ਬਾਦਲ ਸਾਹਿਬ ਤੱਕ ਗਿਆ ਹੋਵੇ ਤੇ ਮੈਂ ਨਹੀਂ ਸਮਝਦਾ ਕਿ ਉਸ ਨੂੰ ਰਿਲੀਫ਼ ਨਾ ਮਿਲਿਆ ਹੋਵੇ। ਕੈਪਟਨ ਸਾਹਿਬ ਤਾਂ ਮਿਲਦੇ ਹੀ ਨਹੀਂ ਸਨ। ਜਿਹੜਾ ਬੰਦਾ ਇਨ੍ਹਾਂ ਤੱਕ ਪਹੁੰਚਦਾ ਹੈ, ਉਹ ਰਿਲੀਫ਼ ਲੈ ਕੇ ਹੀ ਸ਼ਾਮ ਨੂੰ ਵਾਪਸ ਆਉਂਦਾ ਹੈ। ਕਦੀ ਬਾਦਲ ਸਾਹਿਬ ਨੇ ਕਿਸੇ ਨੂੰ ਨਾਂਹ ਕੀਤੀ ਹੋਵੇ। ਅੱਜ ਵਪਾਰੀ ਨਾਲ ਇਹ ਨਹੀਂ ਹੈ ਕਿ ਜੁੱਤੀ ਨਾਲ ਪੈਸੇ ਲਏ ਹੋਣ ਸਗੋਂ ਹੱਥ ਜੋੜ ਕੇ ਪ੍ਰੇਮ ਨਾਲ ਉਸ ਤੋਂ ਪੈਸੇ ਲੈਣੇ ਹਨ ਕਿ ਜੋ ਤੁਹਾਡਾ ਟੈਕਸ ਬਣਦਾ ਹੈ, ਉਹ ਲੈਣਾ ਹੈ। ਅੱਜ ਜੋ ਰਿਸ਼ਤਾ ਡਿਪਾਰਟਮੈਂਟ ਅਤੇ ਵਪਾਰੀਆਂ ਦਾ ਆਪਸ ਵਿੱਚ ਬਣਿਆ ਹੈ, ਉਸ ਨੂੰ ਮਜ਼ਬੂਤੀ ਦੇਣ ਲਈ ਬਾਦਲ ਸਾਹਿਬ ਨੇ ਪਹਿਲਾਂ ਅਨਾਊਂਸ ਕੀਤਾ ਸੀ ਅਤੇ ਅੱਜ ਵਪਾਰੀਆਂ ਵਿਚੋਂ ਹੀ ਸਾਡੇ ਮੰਤਰੀ ਸਾਹਿਬ ਬੈਠੇ ਹਨ। ਜੋ ਬੋਰਡ ਬਣਾਏ ਗਏ ਹਨ, ਉਨ੍ਹਾਂ ਨੂੰ ਮੰਤਰੀ ਦਾ ਦਰਜਾ ਦਿੱਤਾ ਕਿ ਤੁਸੀਂ ਆਪਣੀਆਂ ਪ੍ਰਾਬਲਮਜ਼ ਆਪ ਹੱਲ ਕਰੋ, ਸਾਨੂੰ ਇਸ ਮੁਸ਼ਕਿਲ ਵਿੱਚ ਨਾ ਪੈਣਾ ਪਵੇ। ਜਿਹੜਾ ਵੀ ਕੋਈ ਆਪਣੀਆਂ ਮੁਸ਼ਕਿਲਾਂ ਲੈ ਕੇ ਬਾਦਲ ਸਾਹਿਬ ਕੋਲ ਆਉਂਦਾ ਹੈ, ਮੈਂ ਨਹੀਂ ਸਮਝਦਾ ਕਿ ਉਹ ਖਾਲੀ ਗਿਆ ਹੋਵੇ। ਮੈਨੂੰ ਯਾਦ ਹੈ ਕਿ ਇੱਕ ਵਾਰੀ ਟੈਕਸ ਘਟਾਉਣਾ ਸੀ, ਕਹਿੰਦੇ ਘਾਟਾ ਪੈ ਗਿਆ ਚਲੋ, ਕੋਈ ਗੱਲ ਨਹੀਂ ਪਰ ਜਿੱਥੇ ਰੁਪਈਆ ਘਟਾਉਣਾ ਸੀ, ਸਮਝ ਲਵਾਂਗੇ ਜ਼ਿਆਦਾ ਘਟਾ ਦਿੱਤਾ ਕਿਉਂਕਿ ਲੋਕਾਂ ਨਾਲ ਵਾਅਦਾ ਕਰਕੇ ਆਏ ਸੀ। ਉਸੇ ਵਕਤ ਆਮ ਆਦਮੀ ਦੇ ਵੈਟ ਵਿਚੋਂ 2% ਤੋਂ ਕਮੀ ਕਰਕੇ 1% ਕਰ ਦਿੱਤਾ। ਇਹ ਸਭ ਕੁਝ ਬਿਨਾ ਕਿਸੇ ਡੈਪੂਟੇਸ਼ਨ ਤੇ ਕੀਤਾ ਕਿਉਂਕਿ ਇਸ ਗੱਲ ਦਾ ਵਾਅਦਾ ਕਰਕੇ ਆਏ ਸੀ। ਐਸੀ ਸਰਕਾਰ, ਐਸੀ ਸੋਚ ਰੱਖਣ ਵਾਲੇ ਬਾਦਲ ਸਾਹਿਬ ਜੋ ਕੁਝ ਲੋਕਾਂ ਲਈ ਕਰ ਰਹੇ ਹਨ ਇਹ ਥੋੜ੍ਹਾ ਹੈ ? ਸਭ ਤੋਂ ਵੱਡੀ ਗੱਲ, ਡਿਪਟੀ ਸਪੀਕਰ ਸਾਹਿਬ, ਜਿਹੜੀ ਕਿ ਰਹਿ ਗਈ, ਘਰੋਂ ਬਾਹਰ ਮਾਲ ਲੁੱਟਦਾ ਰਿਹਾ ਪਰ ਅਸੀਂ ਲੋਕਾਂ ਨੂੰ ਦੱਸ ਹੀ ਨਹੀਂ ਸਕੇ ਕਿ ਇੰਨਾ ਵੰਡਿਆ ਹੈ। ਸਭ ਤੋਂ ਵੱਡਾ ਮਾਲ ਵੰਡਿਆ ਹੈ ਆਟੇ- ਦਾਲ ਦਾ। ਬਾਦਲ ਸਾਹਿਬ ਜਿਸ ਵੇਲੇ ਪਹਿਲੀ ਵਾਰ 1997 ਵਿੱਚ ਆਏ ਸੀ ਤਾਂ ਉਸ ਵੇਲੇ ਇਹ ਸੋਚ ਰੱਖ ਕੇ ਆਏ ਸੀ ਕਿ ਮੈਂ ਗਰੀਬਾਂ ਨੂੰ ਪੈਨਸ਼ਨ ਦੇਣੀ ਹੈ, ਬਜ਼ੁਰਗਾਂ ਨੂੰ ਪੈਨਸ਼ਨ ਦੇਣੀ ਹੈ। ਤਦ ਵੀ ਕਾਂਗਰਸ ਵਾਲਿਆਂ ਨੇ ਕਿਹਾ ਸੀ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ ? ਕੋਈ ਦੇ ਸਕਦਾ ਹੈ ? ਸ਼ਗਨ ਸਕੀਮ ਆਈ ਕਿ ਸ਼ਗਨ ਇੰਨਾ ਦੇਣਾ ਹੈ। ਨਾਨਕੀ ਛੱਕ ਦੇਣੀ ਹੈ। ਲੋਕ ਸਮਝਣ ਲੱਗ ਪਏ ਕਿ ਨਾਨਕੀ ਛੱਕ ਬਾਦਲ ਸਾਹਿਬ ਨੇ ਦੇਣੀ ਹੈ। ਉਸ ਵਕਤ 5,100/- ਰੁਪਏ ਸੀ। ਅੱਗ ਤਾਂ ਲਾ ਕੇ ਤੁਰ ਗਏ ਪਰ ਸੇਕਣੀ ਸਾਨੂੰ ਪੈ ਗਈ। ਉਨ੍ਹਾਂ ਨੇ 5,000/- ਰੁਪਏ ਤੋਂ ਫਟਾਫਟ 11,000/- ਰੁਪਏ ਕੀਤੀ ਪਰ ਅਸੀਂ 15,000/- ਰੁਪਏ ਦੇ ਰਹੇ ਹਾਂ ਅਤੇ ਹੁਣ ਤੱਕ ਬਿਲਕੁਲ ਬਰਾਬਰ ਦੇ ਰਹੇ ਹਾਂ (ਥੰਪਿੰਗ) ਆਟਾ-ਦਾਲ ਸਕੀਮ, ਕੋਈ ਆਟਾ 4 ਰੁਪਏ ਅਤੇ ਦਾਲ 20 ਰੁਪਏ ਕਿਸ ਤਰ੍ਹਾਂ ਦੇ ਸਕਦਾ ਹੈ ? ਇਸ ਵਾਸਤੇ ਅਸੀਂ ਧੰਨਵਾਦੀ ਹਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ, ਬਾਦਲ ਸਾਹਿਬ ਦੀ ਸੋਚ, ਉਨ੍ਹਾਂ ਦੀ ਅਨਾਊਂਸਮੈਂਟ ਅਤੇ ਸਭ ਤੋਂ ਵੱਡੀ ਗੱਲ ਮੈਂ ਡਿਸਕਸ ਕੀਤੀ ਸੀ ਅਦੇਸ਼ ਪ੍ਰਤਾਪ ਜੀ ਨਾਲ, ਜਿਸ ਸ਼ਖਸ ਨੇ ਦੌੜ-ਭੱਜ ਕਰਕੇ ਦਿੱਲੀ ਤੋਂ ਆਪਣਾ ਹਿੱਸਾ ਲਿਆਂਦਾ, ਕੋਈ ਖੈਰਾਤ ਨਹੀਂ ਲਿਆਂਦੀ। ਦਿੱਲੀ ਤੋਂ ਆਪਣਾ ਹਿੱਸਾ ਲਿਆ ਕੇ ਪੰਜਾਬ ਦੀ ਜਨਤਾ ਵਿੱਚ ਵੰਡਿਆ ਔਰ ਅੱਜ ਦਿਨ ਤੱਕ ਇਹ ਬਰਕਰਾਰ ਹੈ। ਅੱਜ ਲੋਕ ਸੋਚਦੇ ਹਨ ਕਿ ਡਿਪੂ ਵੱਖਰੇ ਹੋ ਜਾਣ। ਕੀ ਲੋਕਾਂ ਦੀ ਇਹ ਸੋਚ ਹੋ ਗਈ ਹੈ ਕਿ ਦੂਜੇ ਡਿਪੂ ਵਾਲੇ ਨਹੀਂ ਦੇ ਸਕਦੇ ? ਲੋਕ ਸੋਚਦੇ ਹਨ ਕਿ ਨੀਲੇ ਕਾਰਡਾਂ ਵਾਲਿਆਂ ਲਈ ਡਿਪੂ ਵੱਖਰੇ ਹੋ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ]

ਜਾਣ। ਇਸ ਤਰ੍ਹਾਂ ਮਿੱਟੀ ਦੇ ਤੇਲ ਤੇ ਰੁਕਾਵਟ ਲਗਾ ਦਿੱਤੀ ਕਿਉਂਕਿ ਜ਼ਿਆਦਾਤਰ ਡਿਪੂ ਹੋਲਡਰ ਕਾਂਗਰਸੀ ਹਨ ਅਤੇ 80% ਕਾਂਗਰਸੀ ਲੋਕਾਂ ਕੋਲ ਰਾਸ਼ਨ ਡਿਪੂ ਹਨ, ਉਨ੍ਹਾਂ ਨੂੰ ਕੋਈ ਪਰਵਾਹ ਨਹੀਂ ਹੈ। ਮਗਰ ਇਹ ਵੀ ਡਿਸਟ੍ਰੀਬਿਊਸ਼ਨ ਜਨ-ਜਨ ਤੱਕ ਪਹੁੰਚਾਈ ਹੈ। ਜਿਹੜੀ ਸੋਚ ਰੱਖ ਕੇ ਬਾਦਲ ਸਾਹਿਬ ਨੇ ਅਨਾਊਂਸਮੈਂਟ ਕੀਤੀ ਸੀ, ਉਹ ਇਹ ਹੈ ਕਿ ਲੋਕਾਂ ਤੱਕ ਇਹ ਚੀਜ਼ ਪਹੁੰਚੇ। ਉਸ ਸੋਚ ਨੂੰ ਮਜ਼ਬੂਤੀ ਸਰਦਾਰ ਅਦੇਸ਼ ਪ੍ਰਤਾਪ ਸਿੰਘ ਜੀ ਨੇ ਦਿੱਤੀ ਹੈ ਔਰ ਨਿਰੰਤਰ ਅੱਜ ਦਿਨ ਤੱਕ ਇਹ ਦਿੱਤੀ ਗਈ ਹੈ। ਅੱਜ ਕਲ੍ਹ ਲੋਕਾਂ ਨੂੰ ਛੇ ਜਾਂ ਸੱਤ ਤਾਰੀਕ ਤੱਕ ਇਨ੍ਹਾਂ ਰਾਸ਼ਨ ਡਿਪੂਆਂ ਤੋਂ ਚੀਜ਼ਾਂ ਦੀ ਸਪਲਾਈ ਮਿਲ ਜਾਂਦੀ ਹੈ। ਜਿਹੜੇ ਥੋੜ੍ਹੇ ਬਹੁਤ ਲੋਕ ਰਹਿ ਗਏ, ਉਨ੍ਹਾਂ ਨੂੰ ਤਕਲੀਫ਼ ਹੋ ਗਈ ਕਿ ਕਾਰਡ ਗਲਤ ਬਣ ਗਏ। ਸਾਢੇ ਤੇਰਾਂ ਲੱਖ ਕਾਰਡਾਂ ਤੋਂ ਬਾਅਦ ਸਾਡੇ ਮੁੱਖ ਮੰਤਰੀ ਸਾਹਿਬ ਇੰਨੇ ਕੁ ਦਰਿਆਦਿਲ ਹਨ, ਇਨ੍ਹਾਂ ਨੇ ਸੋਚਿਆ ਨਹੀਂ, ਇਨ੍ਹਾਂ ਨੇ ਹੋਰ ਕਾਰਡ ਬਣਾਉਣ ਦੇ ਆਰਡਰ ਕਰ ਦਿੱਤੇ ਅਤੇ ਲੋਕਾਂ ਨੂੰ ਬਣਾ ਕੇ ਦਿੱਤੇ ਹਨ। ਜਿਹੜੇ ਜੈਨੂਅਨ ਲੋਕ ਇਹ ਸਹੂਲਤ ਨਹੀਂ ਲੈ ਸਕੇ, ਉਨ੍ਹਾਂ ਨੂੰ ਦੁਬਾਰਾ ਕਾਰਡ ਬਣਾ ਕੇ ਦੇਣ ਨਾਲ ਇਹ ਸਹੂਲਤ ਦਿੱਤੀ ਗਈ। ਇਹ ਕਾਰਡ ਲੋਕਾਂ ਨੂੰ ਮਿਲ ਗਏ ਹਨ। ਨਵੀਂ ਫੀਡਿੰਗ ਵਿਚ ਉਨ੍ਹਾਂ ਨੂੰ ਵੀ ਰਾਸ਼ਨ ਮਿਲਣਾ ਹੈ। ਕੌਣ ਸੋਚਦਾ ਹੈ ? ਮੇਰੇ ਮਨ ਵਿਚ ਇਕ ਗੱਲ ਵਾਰ-ਵਾਰ ਆਉਂਦੀ ਹੈ ਅਤੇ ਆਪ ਹੀ ਫੀਲ ਹੋਣ ਲੱਗ ਪਿਆ ਹੈ ਕਿ ਇਹ ਗੱਲਾਂ ਉਹੀ ਸੋਚ ਸਕਦਾ ਹੈ ਜਿਸ ਦੀ ਸੋਚ ਲੋਕਾਂ ਦੇ ਪ੍ਰੇਮ ਨਾਲ ਜੁੜੀ ਹੋਈ ਹੁੰਦੀ ਹੈ। ਆਮ ਜਨਤਾ ਦੇ ਨਾਲ ਜੁੜੀ ਹੋਈ ਹੈ। ਜੇ ਅੱਜ ਕੋਈ ਪੰਜਾਬ ਵਿਚ ਆਮ ਜਨਤਾ ਦਾ ਨੇਤਾ ਹੈ, ਮੈਨ ਆਫ ਦਿ ਫਲੋਰ ਹੈ ਤਾਂ ਉਹ ਅਸੀਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਕਹਿ ਸਕਦੇ ਹਾਂ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ। ਡਿਪਟੀ ਸਪੀਕਰ ਸਾਹਿਬ, ਵੱਡੀ ਗੱਲ ਇਹ ਹੈ ਕਿ ਅੱਜ ਤੱਕ ਮੈਂ ਕਿਸੇ ਦੀ ਚਮਚਾਗਿਰੀ ਨਹੀਂ ਕੀਤੀ। ਇਸ ਲਈ ਮੇਰੀ ਇਹ ਛਵੀ ਹੈ ਪਰ ਮੇਰਾ ਦਿਲ, ਮੇਰਾ ਮਨ ਵਾਰ-ਵਾਰ ਕਰਦਾ ਹੈ ਕਿ ਮੈਂ ਐਸੇ ਇਨਸਾਨ ਦੇ ਪੈਰੀਂ ਹੱਥ ਲਾਵਾਂ ਜਿਸ ਨੇ ਆਪਣੀ ਸਾਰੀ ਜ਼ਿੰਦਗੀ ਲੋਕਾਂ ਲਈ ਗੁਜ਼ਾਰੀ ਹੈ। ਸਵੇਰੇ 5 ਵਜੇ ਤੋਂ ਲੈ ਕੇ ਰਾਤ 11 ਵਜੇ ਤੱਕ ਲੋਕਾਂ ਦੀ ਸੇਵਾ ਇਨ੍ਹਾਂ ਨੇ ਕੀਤੀ ਹੈ। ਸੋ, ਅਜਿਹੇ ਇਨਸਾਨ ਲਈ ਮਸਤਕ ਝੁਕਾਉਣਾ ਸਾਡੇ ਲਈ ਵੀ ਬਹੁਤ ਫ਼ਖ਼ਰ ਦੀ ਗੱਲ ਹੈ। ਮੈਨੂੰ ਤਾਂ ਉਸ ਬੰਦੇ ਤੇ ਹੈਰਾਨਗੀ ਆਉਂਦੀ ਹੈ, ਉਸ ਅਣਜਾਣ ਤੇ ਕਿ ਜੇ ਪਿਉ ਨੇ ਕੋਈ ਗੱਲ ਕਹੀ ਹੈ ਤੇ ਤੇਰੀ ਕਿਹੜੀ ਸੋਚ ਹੈ ? ਇਨ੍ਹਾਂ ਨੇ ਤਾਂ ਇਕ ਮਿਸਾਲ ਦਿੱਤੀ ਸੀ। ਬਾਪ ਤਾਂ ਕਈ ਵਾਰ ਚਪੇੜ ਵੀ ਮਾਰ ਦਿੰਦੇ ਹਨ। ਜਦੋਂ ਇਕ ਵਾਰ ਮੇਰੀ ਲਾਟਰੀ ਨਿਕਲ ਆਈ ਤੇ ਕਿਸੇ ਨੇ ਮੈਨੂੰ ਕਿਹਾ ਸੀ ਕਿ ਸਾਹਨੀ ਸਾਹਿਬ, ਤੁਹਾਨੂੰ ਲਾਟਰੀ ਨਾਲ ਕੀ ਫਰਕ ਪੈਂਦਾ ਹੈ? ਮੈਂ ਕਿਹਾ ਕਿ ਪ੍ਰੇਮ ਦੀ ਚਪੇੜ ਵੀ ਬੜੀ ਵੱਡੀ ਹੁੰਦੀ ਹੈ, ਇਨਾਮ ਦੀ ਚਪੇੜ ਵੀ ਵੱਡੀ ਹੁੰਦੀ ਹੈ, ਇਹ ਤਾਂ ਫਿਰ ਵੀ ਲਾਟਰੀ ਦੀ ਗੱਲ ਹੈ। ਸੋ, ਇਕ ਅਜਿਹਾ ਇਨਸਾਨ ਜੋ ਕਿ ਪ੍ਰੇਮ ਵਿਚ ਕੋਈ ਗੱਲ ਕਹਿ ਰਿਹਾ ਹੈ ਤਾਂ ਉਸ ਦੀ ਕੋਈ ਅਹਿਮੀਅਤ ਹੈ। ਜਿਸ ਇਨਸਾਨ ਕੋਲ 70-80 ਐਮ.ਐਲ.ਏ. ਹੋਣ, ਜਿਹੜੇ ਕਿ ਉਸ ਦੇ ਇਸ਼ਾਰੇ ਤੇ ਮਰਨ-ਮਾਰਨ ਨੂੰ ਤਿਆਰ ਹੋ ਜਾਣ, ਉਹ ਇਨਸਾਨ ਤੁਹਾਨੂੰ ਅਹਿਮੀਅਤ ਦੇ ਰਿਹਾ ਹੈ, ਪਰ ਤੂੰ ਉਸ ਦੇ ਅੱਗੇ ਚੌੜਾ ਹੋ ਗਿਆ ਹੈਂ। ਜਿਸ ਤਰ੍ਹਾਂ ਗਿੱਦੜ ਕਹਿੰਦਾ ਹੈ ਕਿ ਹਮ ਤੋ ਪਹਾੜੋਂ ਪੇ ਜਾਤੇ ਹੈਂ, ਮਲ ਮੂਤਰ ਤਿਆਗਨੇ। ਉਸੇ ਤਰ੍ਹਾਂ ਗਿੱਦੜ ਪਹਾੜੋਂ ਪੇ ਚਲ ਪੜਾ। ਸੋ, ਐਸੇ ਲੋਕਾਂ ਦੀਆਂ ਗੱਲਾਂ ਬਾਤਾਂ ਬਾਰੇ ਸੋਚ ਕੇ ਹੈਰਾਨੀ ਹੁੰਦੀ ਹੈ। ਡਿਪਟੀ ਸਪੀਕਰ ਸਾਹਿਬ, ਉਹ ਸ਼ਬਦ ਐਕਸਪੰਜ ਹੋ ਗਏ ਹਨ। ਡਿਪਟੀ ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

ਸਾਡੀ ਵਿਧਾਨ ਸਭਾ ਦੇ ਫਲੋਰ ਤੇ ਇਕੋ ਗੱਲ ਸਭ ਤੋਂ ਮਸ਼ਹੂਰ ਹੈ ਔਰ ਉਹ ਸਭ ਤੋਂ ਵੱਡੀ ਕਾਨੂੰਨੀ ਵੀ ਹੈ। ਜਿਸ ਵਕਤ ਲਫ਼ਜ਼ ਐਕਸਪੰਜ ਹੋ ਗਏ ਔਰ ਉਨ੍ਹਾਂ ਦਾ ਕੋਈ ਮਤਲਬ ਵੀ ਨਹੀਂ ਰਹਿ ਗਿਆ ਤਾਂ ਫਿਰ ਵੀ ਉਸ ਉਤੇ ਵਾਕ-ਆਊਟ ਕੀਤਾ ਗਿਆ। ਵਾਕ-ਆਊਟ ਸਿਰਫ ਲਫਜ਼ਾਂ ਦਾ ਨਹੀਂ, ਸੋਚ ਦਾ ਨਹੀਂ, ਟਟੀਹਰੀ ਦੇ ਨਾਂ ਉਤੇ ਵਾਕ-ਆਊਟ ਨਹੀਂ ਹੋਇਆ ਬਲਕਿ ਅਸਲ ਵਿਚ ਉਨ੍ਹਾਂ ਕੋਲ ਲਫਜ਼ਾਂ ਦੀ ਕੋਈ ਗੱਲ ਹੀ ਨਹੀਂ ਸੀ, ਅਸਲ ਵਿਚ ਉਨ੍ਹਾਂ ਕੋਲ ਕੋਈ ਮਸਲਾ ਹੀ ਨਹੀਂ ਸੀ। ਉਨ੍ਹਾਂ ਕੋਲ ਪੰਜਾਬ ਵਾਸਤੇ ਕੁਝ ਕਹਿਣ ਲਈ ਕੋਈ ਗੱਲ ਹੀ ਨਹੀਂ ਸੀ, ਪੰਜਾਬ ਪ੍ਰਤੀ ਤਾਂ ਇਨ੍ਹਾਂ ਨੂੰ ਪ੍ਰੇਮ ਹੀ ਨਹੀਂ ਹੈ। ਜਿਸ ਇਨਸਾਨ ਨੇ ਆਪਣੇ ਆਪ ਬਾਰੇ ਹੀ ਸੋਚਿਆ ਹੋਵੇ, ਉਹ ਆਮ ਲੋਕਾਂ ਬਾਰੇ ਨਹੀਂ ਸੋਚ ਸਕਦਾ। ਉਸ ਦਾ ਜਿਉਣਾ ਅਤੇ ਮਰਨਾ ਕਾਹਦੇ ਲਈ ਹੈ। ਅੱਜ ਉਹ ਤੁਰ ਪਏ ਐਮ.ਪੀ. ਦੀਆਂ ਟਿਕਟਾਂ ਲੈਣ ਲਈ। ਉਨ੍ਹਾਂ ਨੇ ਟਿਕਟਾਂ ਦਾ ਬਹਾਨਾ ਬਣਾ ਲਿਆ। ਜੇਕਰ ਬਰਾੜ ਸਾਹਿਬ ਨੇ ਕਾਰਜ ਸਲਾਹਕਾਰ ਕਮੇਟੀ ਦੀ ਰਿਪੋਰਟ ਬਾਰੇ ਆਪਣੀ ਸਹਿਮਤੀ ਦੇ ਦਿੱਤੀ ਸੀ ਤਾਂ ਉਸ ਨੇ ਇਸ ਤੇ ਓਬਜੈਕਸ਼ਨ ਕਰ ਦਿੱਤਾ। ਉਸ ਨੇ ਕਹਿ ਦਿੱਤਾ ਕਿ ਤੁਸੀਂ ਆਪ ਹੀ ਇਸ ਬਾਰੇ ਕਿਸ ਤਰ੍ਹਾਂ ਫੈਸਲਾ ਕਰਕੇ ਆਏ ਹੋ। ਅਸੀਂ ਤਾਂ ਇਸ ਨੂੰ ਮੰਨਦੇ ਨਹੀਂ। ਇਹ ਗੱਲ ਕਰ ਦਿੱਤੀ ਕਿ ਮੈਂ ਨਾ ਮਾਨੂੰ, ਮੈਂ ਨਾ ਮਾਨੂੰ। ਉਹ ਗੱਲ ਹੋਈ ਕਿ ਆਟਾ ਗੁੰਨ੍ਹਦੀ ਹਿੱਲਦੀ ਕਿਉਂ ਹੈਂ। ਮੈਂ ਇਹੋ ਜਿਹੀ ਸੋਚ ਸਬੰਧੀ ਪੰਜਾਬ ਦੇ ਲੋਕਾਂ ਦੇ ਚਰਨਾਂ ਵਿਚ ਬੇਨਤੀ ਕਰਾਂਗਾ ਕਿ ਉਹ ਇਹੋ ਜਿਹੀ ਸੋਚ ਰੱਖਣ ਵਾਲੇ ਬੰਦਿਆਂ ਤੇ ਇਤਬਾਰ ਨਾ ਕਰਨ। ਕੈਪਟਨ ਸਾਹਿਬ ਅੱਗ ਲਗਾ ਕੇ ਜਿਥੇ ਮਰਜ਼ੀ ਚਲੇ ਜਾਣਗੇ। ਮੈਨੂੰ ਇਹ ਦੱਸੋ ਕਿ ਅੱਗ ਲਗਾਉਣੀ ਤਾਂ ਬੜੀ ਸੌਖੀ ਹੈ। ਤੀਲੀ ਸੁੱਟਣ ਨਾਲ ਹੀ ਅੱਗ ਲੱਗ ਜਾਂਦੀ ਹੈ। ਇਹ ਦੱਸਿਆ ਜਾਵੇ ਕਿ ਅੱਗ ਬੁਝਾਉਣ ਵਾਲਾ ਕੌਣ ਹੈ? ਅੱਗ ਬੁਝਾਉਣ ਵਾਲਾ ਇਕੋ ਇਕ ਹੀ ਬੰਦਾ ਹੈ। ਉਹ ਹਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ। (ਥੰਪਿੰਗ) ਇਨ੍ਹਾਂ ਨੇ ਪੰਜਾਬ ਦੀ ਅੱਗ ਬੁਝਾਈ ਹੈ। ਅੱਜ ਪੰਜਾਬ ਵਿਚ ਹਿੰਦੂ-ਸਿੱਖ ਏਕਤਾ ਦੇ ਪ੍ਰਤੀਕ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਹਨ। (ਥੰਪਿੰਗ) ਇਹ ਮੁੱਦਤਾਂ ਤੋਂ ਚਲਿਆ ਆ ਰਿਹਾ ਸੀ ਕਿ ਕੋਈ ਬੀੜੀਆਂ ਸੁੱਟ ਗਿਆ ਗੁਰਦੁਆਰੇ ਵਿੱਚ, ਕੋਈ ਹੱਡੀਆਂ ਸੁੱਟ ਗਿਆ ਮੰਦਰਾਂ ਵਿੱਚ, ਇਹ ਸਾਰੇ ਕਾਂਗਰਸ ਦੇ ਕਾਰਨਾਮੇ ਸਨ। ਹੁਣ ਪਿਛਲੇ 20 ਸਾਲ ਤੋਂ ਕੋਈ ਅਜਿਹੀ ਗੱਲ ਨਹੀਂ ਸੁਣੀ। ਜਦੋਂ ਤੋਂ ਸਰਦਾਰ ਪ੍ਰਕਾਸ਼ ਸਿੰਘ ਜੀ ਪਿਛਲੇ 10-15 ਸਾਲਾਂ ਤੋਂ ਆਏ ਹਨ, ਕਦੇ ਅਜਿਹਾ ਸੁਣਿਆ ਹੀ ਨਹੀਂ। ਗੁਰਦੁਆਰੇ ਵੀ ਉਸੀ ਤਰ੍ਹਾਂ ਹਨ ਅਤੇ ਮੰਦਰ ਵੀ ਉਸੇ ਤਰ੍ਹਾਂ ਹਨ। ਹੁਣ ਕੋਈ ਮੰਦਰ ਜਾਂ ਗੁਰਦੁਆਰੇ ਵਾਲਾ ਸ਼ਿਕਾਇਤ ਨਹੀਂ ਕਰਦਾ। ਕੋਈ ਮੰਦਰ ਗੁਰਦੁਆਰੇ ਦਾ ਝਗੜਾ ਨਹੀਂ। ਇਹ ਗੱਲਾਂ ਕਿਸ ਨੇ ਮੁਕਾਈਆਂ। ਸਭ ਤੋਂ ਉੱਪਰ ਇਹ ਗੱਲ ਹੈ ਕਿ ਅਸੀਂ ਇੱਕ ਸ਼ਹਿਰ ਵਿੱਚ ਆਪਸ ਵਿੱਚ ਪ੍ਰੇਮ-ਪਿਆਰ ਨਾਲ ਰਹੀਏ। ਉਹ ਦੇਣ ਜਿਸ ਇਨਸਾਨ ਨੇ ਦਿੱਤੀ ਹੈ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਦਿੱਤੀ ਹੈ, ਉਸ ਦੇ ਪ੍ਰਤੀ ਮੈਂ ਨਤਮਸਤਕ ਹਾਂ। ਇਨ੍ਹਾਂ ਗੱਲਾਂ ਨਾਲ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ। ਬਹੁਤ-ਬਹੁਤ ਧੰਨਵਾਦੀ ਹਾਂ। ਜੈ ਹਿੰਦ।

**ਮੁੱਖ ਸੰਸਦੀ ਸਕੱਤਰ, ਲੋਕ ਨਿਰਮਾਣ (ਭ. ਤੇ ਮ.) (ਸ਼੍ਰੀ ਦੇਸ ਰਾਜ ਧੁੱਗਾ)** : ਪਰਮ ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। 27 ਤਰੀਕ ਨੂੰ ਮਾਨਯੋਗ ਗਵਰਨਰ ਸਾਹਿਬ ਨੇ ਇਸ ਵਿਧਾਨ ਸਭਾ ਨੂੰ ਐਡਰੈੱਸ ਕੀਤਾ। ਉਨ੍ਹਾਂ ਦੇ ਭਾਸ਼ਣ ਦੇ ਸਬੰਧ ਵਿੱਚ ਧੰਨਵਾਦ ਦਾ ਮਤਾ ਸਰਦਾਰ ਵਿਰਸਾ ਸਿੰਘ ਵਲਟੋਹਾ ਜੀ ਨੇ ਲਿਆਂਦਾ, ਉਸ ਤੇ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਇਸ ਮਤੇ ਦੀ ਪ੍ਰੋੜ੍ਹਤਾ ਵਿੱਚ ਖੜ੍ਹਾ ਹੋਇਆ ਹਾਂ। ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਸਮਾਗਮ ਹੈ,

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਲੋਕ ਨਿਰਮਾਣ (ਭ. ਤੇ ਮ.)]

ਬਹੁਤ ਅਹਿਮ ਅਤੇ ਨਿਵੇਕਲਾ ਸਮਾਗਮ ਹੈ ਕਿਉਂਕਿ ਪਹਿਲਾ ਨਿਵੇਕਲਾਪਨ ਤਾਂ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਪੰਜਾਬ ਅਤੇ ਪੰਜਾਬੀਅਤ, ਦਲਿਤਾਂ ਅਤੇ ਸ਼ੋਸ਼ਿਤਾਂ ਦੇ ਮਸੀਹਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਨੂੰ ਉਪ ਮੁੱਖ ਮੰਤਰੀ ਬਣਾ ਕੇ ਵਿਧਾਨ ਸਭਾ ਵਿੱਚ ਸੁਸ਼ੋਭਿਤ ਕੀਤਾ ਹੈ। ਮੈਂ ਬਾਦਲ ਸਾਹਿਬ ਦਾ ਅਤੇ ਭਾਰਤੀ ਜਨਤਾ ਪਾਰਟੀ ਦਾ ਇਸ ਗੱਲ ਤੇ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਬਹੁਤ ਹੀ ਪਾਰਖੂ ਅੱਖ ਨਾਲ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਉਪ ਮੁੱਖ ਮੰਤਰੀ ਬਣਾਇਆ ਹੈ। ਦੂਸਰਾ ਅਹਿਮ ਪਹਿਲੂ ਇਹ ਹੈ ਕਿ ਗਵਰਨਰ ਸਾਹਿਬ ਨੇ ਜੋ ਵਿਧਾਨ ਸਭਾ ਅੰਦਰ ਭਾਸ਼ਣ ਦਿੱਤਾ ਹੈ, ਉਹ ਬਿਲਕੁਲ ਹਕੀਕਤ ਹੈ, ਸੱਚਾਈ ਦੇ ਆਧਾਰ ਤੇ ਹੈ ਅਤੇ ਉਸ ਵਿੱਚ ਇਕ ਇੰਚ ਵੀ ਝੂਠ ਦੀ ਗੁੰਜਾਇਸ਼ ਨਹੀਂ ਹੈ ਔਰ ਤੱਥਾਂ ਦੇ ਅਧਾਰ ਤੇ ਬੋਲਿਆ ਹੋਇਆ ਭਾਸ਼ਣ ਹੈ। ਡਿਪਟੀ ਸਪੀਕਰ ਸਾਹਿਬ,ਜੋ ਪਹਿਲਾਂ ਪੰਜ ਸਾਲ ਅਮਰਿੰਦਰ ਸਿੰਘ ਦੀ ਸਰਕਾਰ ਰਹੀ, ਉਨ੍ਹਾਂ ਪੰਜ ਸਾਲਾਂ ਦੇ ਅੰਦਰ ਜੋ ਇਤਿਹਾਸ ਵਿਧਾਨ ਸਭਾ ਅੰਦਰ ਰਚਿਆ ਗਿਆ, ਉਹ ਉਸ ਤੋਂ ਪਹਿਲਾਂ ਕਦੇ ਨਹੀਂ ਹੋਇਆ। ਮੇਰੇ ਕਹਿਣ ਦਾ ਭਾਵ ਹੈ ਕਿ ਅਮਰਿੰਦਰ ਸਿੰਘ ਨੇ ਇੰਨੀ ਕੱਟੜਤਾ ਲਿਆਂਦੀ ਕਿ ਪੰਜ ਸਾਲ ਵਿਧਾਨ ਸਭਾ ਦੇ ਪੂਰੇ ਸਮੇਂ ਵਿੱਚ ਮੈਂਬਰਾਂ ਨੇ ਇੱਕ ਕੱਪ ਚਾਹ ਦਾ ਵੀ ਇਕੱਠੇ ਬੈਠ ਕੇ ਨਹੀਂ ਪੀਤਾ। ਜਦੋਂ ਵੀ ਨਵੀਂ ਵਿਧਾਨ ਸਭਾ ਬਣਦੀ ਹੈ, ਉਦੋਂ ਸਾਰੇ ਮੈਂਬਰ ਇਕੱਠੇ ਹੋ ਕੇ ਸਭਾ ਦੇ ਮੁਖੀ ਨਾਲ, ਗਵਰਨਰ ਸਾਹਿਬ ਨਾਲ ਫੋਟੋ ਖਿਚਵਾਉਂਦੇ ਹਨ ਪਰ ਪਿਛਲੇ ਪੰਜ ਸਾਲਾਂ ਵਿੱਚ ਅਜਿਹਾ ਨਹੀਂ ਹੋਇਆ। ਮੈਂ ਗੱਲ ਕਰ ਰਿਹਾ ਹਾਂ ਕਿ ਇਕ ਪਾਸੇ ਮਾਨਯੋਗ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹਨ ਅਤੇ ਦੂਸਰੇ ਪਾਸੇ ਪਿਛਲੇ ਪੰਜ ਸਾਲ ਪੰਜਾਬ ਦਾ ਬਹੁਤ ਵੱਡਾ ਨੁਕਸਾਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਕੀਤਾ। ਬਾਦਲ ਸਾਹਿਬ ਨੇ ਪੰਜਾਬ ਦਾ ਵਿਕਾਸ ਕਰਨ ਦੀ ਕਸਮ ਖਾਈ ਅਤੇ ਅਮਰਿੰਦਰ ਸਿੰਘ ਨੇ ਆਪਣੇ ਮੈਨੀਫੈਸਟੋ ਵਿੱਚ ਵਿਕਾਸ ਦੀ ਗੱਲ ਹੀ ਨਹੀਂ ਕੀਤੀ ਬਲਕਿ ਇਹ ਕਿਹਾ ਕਿ ਅਕਾਲੀਆਂ ਨੂੰ ਲੰਮੇ ਪਾ ਦਿਆਂਗਾ, ਉਨ੍ਹਾਂ ਨੂੰ ਸਿੱਧਾ ਕਰਾਂਗਾ, ਇਨ੍ਹਾਂ ਨੂੰ ਜੇਲ੍ਹਾਂ ਵਿੱਚ ਭੇਜਾਂਗਾ, ਇਨ੍ਹਾਂ ਨੂੰ ਠੋਕ ਦਿਆਂਗਾ ਪਰ ਪਰਮਾਤਮਾ ਹਰੇਕ ਤੇ ਮਿਹਰਬਾਨ ਹੈ। ਜਿਹੜਾ ਉਹ ਅਮਰਿੰਦਰ ਸਿੰਘ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਸਿੱਧਾ ਕਰਦਾ ਸੀ, ਅਕਾਲੀ ਦਲ ਅਤੇ ਬੀ.ਜੇ.ਪੀ. ਨੂੰ ਸਿੱਧਾ ਕਰਦਾ ਸੀ, ਅੱਜ ਉਹ ਵਿੰਗਾ ਹੋ ਕੇ ਕਚਹਿਰੀਆਂ ਦੇ ਚੱਕਰ ਖਾਂਦਾ ਫਿਰਦਾ ਹੈ। ਇੱਥੇ ਹੀ ਬੱਸ ਨਹੀਂ ਉਸ ਨੇ ਪਿਛਲੇ ਪੰਜ ਸਾਲ ਐਸ਼ੋ-ਇਸ਼ਰਤ ਤੋਂ ਸਿਵਾ ਕੁਝ ਨਹੀਂ ਕੀਤਾ। ਅੱਜ ਵਿਧਾਨ ਸਭਾ ਅੰਦਰ ਇੱਕ ਛੋਟੀ ਜਿਹੀ ਘਟਨਾ ਵਾਪਰੀ ਹੈ ਔਰ ਇਕ ਮਜ਼ਾਕੀਆ ਹਿਸਾਬ ਨਾਲ ਬਾਦਲ ਸਾਹਿਬ ਨੇ ਗੱਲ ਕੀਤੀ ਹੈ ਤਾਂ ਇਧਰਲੇ ਪਾਸਿਓਂ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਇਹ ਗੱਲ ਕਹੀ ਗਈ ਕਿ ਮੁੱਖ ਮੰਤਰੀ ਸਾਹਿਬ ਆਪਣੇ ਲਫਜ਼ ਵਾਪਸ ਲੈਣ ਪਰ ਮੈਂ ਇਨ੍ਹਾਂ ਨੂੰ ਇੱਕ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਪੰਜ ਸਾਲ, ਡਿਪਟੀ ਸਪੀਕਰ ਸਾਹਿਬ, ਜਦੋਂ ਜ਼ੀਰੋ ਆਵਰ ਦੌਰਾਨ ਅਸੀਂ ਕੋਈ ਵੀ ਮਸਲਾ ਉਠਾਉਂਦੇ ਸੀ ਤਾਂ ਇਸ ਵਿਧਾਨ ਸਭਾ ਦੇ ਰਹਿ ਚੁੱਕੇ ਸਾਬਕਾ ਸਪੀਕਰ, ਸਵਰਗਵਾਸੀ ਸਪੀਕਰ, ਉਹ ਥਾਣਿਆਂ ਦੇ ਮਾਹੌਲ ਵਾਂਗ ਦਬਕਾ ਮਾਰਦੇ ਸੀ ਔਰ ਇੱਕ ਵੀ ਸਵਾਲ ਲੋਕਾਂ ਦੇ ਹਿਤ ਵਿੱਚ ਕਰਨ ਨਹੀਂ ਸੀ ਦਿੰਦੇ। ਇਸ ਤੋਂ ਪਰ੍ਹੇ ਹੈਰਾਨੀ ਦੀ ਬਹੁਤ ਵੱਡੀ ਗੱਲ ਇੱਕ ਹੋਰ ਇਹ ਸੀ ਕਿ ਜਦੋਂ ਸਿਟੀ ਸੈਂਟਰ ਘੁਟਾਲਾ ਹੋਇਆ ਤਾਂ ਇਸੇ ਹਾਊਸ ਦੇ ਇੱਕ ਮੈਂਬਰ ਨੇ ਉਸ ਘੁਟਾਲੇ ਨੂੰ ਉਠਾਇਆ

Original with;
Punjab Vidhan Sabha
Digitized by;
Panjab Digital Library

ਸੀ ਤਾਂ ਮਾਨਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਜੋ ਕਿ ਉਸ ਵੇਲੇ ਆਪੋਜ਼ੀਸ਼ਨ ਦੇ ਲੀਡਰ ਸਨ, ਇਹ ਮੰਗ ਕੀਤੀ ਸੀ ਕਿ ਇਹ ਮੁੱਦਾ ਸੀ.ਬੀ.ਆਈ. ਕੋਲ ਜਾਂਚ ਲਈ ਭੇਜਿਆ ਜਾਵੇ। ਦੋ ਦਿਨ ਦੀ ਖੱਪ ਤੋਂ ਬਾਅਦ ਇਸ ਕਾਂਗਰਸ ਨੇ ਨਾਦਰਸ਼ਾਹੀ ਹੁਕਮ, ਐਲਾਨ ਕਰਕੇ ਸਾਨੂੰ ਤਿੰਨ ਦਿਨਾਂ ਲਈ ਇਸ ਵਿਧਾਨ ਸਭਾ ਵਿੱਚੋਂ ਧੱਕੇ ਨਾਲ ਬਾਹਰ ਕੱਢਿਆ ਔਰ ਆਪਣੀ ਮਨ-ਮਰਜ਼ੀ ਨਾਲ ਕਾਨੂੰਨ ਬਣਾਉਂਦੇ ਰਹੇ। ਇੱਥੇ ਹੀ ਬੱਸ ਨਹੀਂ, ਜੇ ਆਪਾਂ ਕੀਤੇ ਕੰਮਾਂ ਦਾ ਵਿਸ਼ਲੇਸ਼ਣ ਕਰੀਏ, ਦੋ ਸਾਲ ਦੇ ਅੰਦਰ ਅਤੇ ਪਿਛਲੀ ਸਰਕਾਰ ਦੇ ਪੰਜਾਂ ਸਾਲਾਂ ਦੇ ਅੰਦਰ ਕੀਤੇ ਕੰਮਾਂ ਦਾ ਵਿਸ਼ਲੇਸ਼ਣ ਕਰੀਏ

2.17 ਵਜੇ
ਬਾਅਦ ਦੁਪਹਿਰ

(*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)।

ਤਾਂ, ਸਪੀਕਰ ਸਾਹਿਬ, ਜਿੰਨਾ ਵਿਕਾਸ ਪੰਜਾਬ ਦਾ, ਸਾਡੇ ਸੂਬੇ ਦਾ ਇਨ੍ਹਾਂ ਦੋ ਸਾਲਾਂ ਵਿੱਚ ਹੋਇਆ, ਉਹ ਪਿਛਲੀ ਸਰਕਾਰ ਆਪਣੇ ਪੰਜ ਸਾਲਾਂ ਵਿੱਚ ਹੀ ਨਹੀਂ ਕਰ ਸਕੀ। ਨਾਲ ਇਹ ਵੀ ਗੱਲ ਕਹੀ ਕਿ ਅੱਜ ਇਸ ਦੇਸ਼ ਦੇ ਅੰਦਰ ਕਾਂਗਰਸ ਪਾਰਟੀ ਜਿਸ ਨੇ 62 ਸਾਲਾਂ ਵਿੱਚੋਂ 52 ਸਾਲ ਰਾਜ ਕੀਤਾ ਹੈ ਅਤੇ 10 ਸਾਲ ਕੇਵਲ ਆਪੋਜ਼ੀਸ਼ਨ ਪਾਰਟੀ ਨੇ ਰਾਜ ਕੀਤਾ ਹੈ, ਪੰਜਾਬ ਦੇ ਅੰਦਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਇਸ ਗਠਜੋੜ ਨੂੰ ਸਿਰਫ ਸੀਮਤ ਸਮੇਂ ਵਿੱਚ ਹੀ ਰਾਜ-ਭਾਗ ਕਰਨ ਦਾ ਮੌਕਾ ਮਿਲਿਆ ਹੈ ਤਾਂ ਮੈਂ ਤੱਥਾਂ ਦੇ ਅਧਾਰ ਤੇ ਅਤੇ ਦਲੀਲਾਂ ਦੇ ਅਧਾਰ ਤੇ ਕਹਿ ਸਕਦਾ ਹਾਂ ਕਿ ਕਾਂਗਰਸ ਨੇ ਦੇਸ਼ ਦੀ ਆਜ਼ਾਦੀ ਤੋਂ ਬਾਅਦ 90% ਰਾਜ ਕੀਤਾ ਅਤੇ ਉਸ ਨੇ 10% ਵਿਕਾਸ ਕੀਤਾ ਲੇਕਿਨ ਦੂਜੇ ਪਾਸੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸਰਕਾਰ ਨੇ ਕੇਵਲ 10% ਸਮੇਂ ਦਾ ਰਾਜ ਕੀਤਾ ਅਤੇ ਵਿਕਾਸ 90% ਕੀਤਾ। ਇਸ ਦੀ ਉਦਾਹਰਣ ਮੈਂ ਦੱਸ ਸਕਦਾ ਹਾਂ। ਸਾਡੇ ਪੰਜਾਬ ਅੰਦਰ ਖਾਸ ਤੌਰ ਤੇ ਸਾਰੇ ਦੇਸ਼ ਨਾਲੋਂ ਮੁਕਾਬਲ ਤਕ ਵੱਧ ਆਬਾਦੀ ਸਾਡੀ ਦਲਿਤਾਂ ਦੀ ਹੈ ਔਰ ਜਦੋਂ ਵੀ ਜੋ ਧਰਮਸ਼ਾਲਾਵਾਂ ਦੀ ਸਕੀਮ ਪੰਜਾਬ ਵਿੱਚ ਆਈ ਤਾਂ ਉਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲ ਕੀਤੀ, ਸ਼ਗਨ ਸਕੀਮ ਦੀ ਗੱਲ ਕੀਤੀ ਗਈ, ਤਾਂ ਵੀ ਬਾਦਲ ਸਾਹਿਬ ਦੀ ਰਹਿਨੁਮਾਈ ਹੇਠ ਹੋਈ। ਇਸ ਤੋਂ ਬਾਅਦ ਜੇਕਰ ਆਟਾ-ਦਾਲ ਦੀ ਸਕੀਮ ਦੀ ਗੱਲ ਚੱਲੀ ਤਾਂ ਉਹ ਵੀ ਇਨ੍ਹਾਂ ਨੇ ਹੀ ਪਹਿਲਕਦਮੀ ਕੀਤੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਲਿਤ ਵੀਰਾਂ ਨੂੰ ਇਸ ਕਾਂਗਰਸ ਨੇ ਦਿੱਤਾ ਕੀ? ਇਥੇ ਮੈਨੂੰ ਇੱਕ ਗੱਲ ਚੇਤੇ ਆਈ ਹੈ ਕਿ ਕੋਈ ਪੁਰਾਣੀ ਬੁੜ੍ਹੀ ਕਿਸੇ ਆਦਮੀ ਨੂੰ ਕਹਿਣ ਲੱਗੀ ਕਿ ਮੈਨੂੰ ਤੇਰੇ ਤੇ ਤਰਸ ਆਉਂਦਾ ਹੈ ਕਿਉਂਕਿ ਜਿਹੜੀ ਤੇਰੇ ਕਮੀਜ਼ ਪਾਈ ਹੋਈ ਹੈ, ਉਹ ਬਿਲਕੁਲ ਪਾਟੀ ਹੋਈ ਹੈ। ਇਸ ਲਈ ਮੈਂ ਤੈਨੂੰ ਇਕ ਕਮੀਜ਼ ਦੇਣੀ ਹੈ। ਮੈਂ ਸੋਚਦੀ ਹਾਂ ਕਿ ਮੈਂ ਤੈਨੂੰ ਕਮੀਜ਼ ਦੇਵਾਂ। ਉਹ ਆਦਮੀ ਕਹਿੰਦਾ ਕਿ ਠੀਕ ਹੈ, ਇਹ ਤਾਂ ਬੜੀ ਖੁਸ਼ੀ ਦੀ ਗੱਲ ਹੈ, ਮੇਰਾ ਤਨ ਨੰਗਾ ਹੈ, ਮੇਰਾ ਸਰੀਰ ਢੱਕਿਆ ਜਾਵੇਗਾ। ਉਹ ਕਹਿਣ ਲੱਗਾ ਕਿ ਮਾਤਾ ਜੀ, ਦੇ ਦਿਓ। ਉਹ ਬੁੜ੍ਹੀ ਕਹਿੰਦੀ ਆਹ ਲੈ ਫੜ ਕਮੀਜ਼। ਇਸ ਕੁੜਤੇ ਦੀਆਂ ਬਾਹਾਂ ਅਤੇ ਅੱਗਾ-ਪਿੱਛਾ ਹੈ ਨਹੀਂ, ਇਹ ਤੂੰ ਆਪ ਲਵਾਂ ਲਈਂ। ਆਹ ਫੜ ਕਮੀਜ਼। ਫਿਰ ਉਹ ਆਦਮੀ ਕਹਿੰਦਾ ਕਿ ਮਾਤਾ ਜੀ, ਤੂੰ ਮੈਨੂੰ ਦਿੱਤਾ ਕੀ, ਇਕੱਲਾ ਕਾਲਰ, ਜੇ ਅੱਗਾ-ਪਿੱਛਾ ਵੀ ਮੈਂ ਲਵਾਉਣਾ ਹੈ ਤਾਂ ਤੂੰ ਮੈਨੂੰ ਕੀ ਦਿੱਤਾ। ਸੋ, ਮੇਰਾ ਕਹਿਣ ਦਾ ਮਤਲਬ ਹੈ ਕਿ ਕਾਂਗਰਸ ਦੀਆਂ ਸਰਕਾਰਾਂ ਨੇ ਦਲਿਤਾਂ ਨੂੰ ਅੱਜ ਤੱਕ ਕੁਝ ਵੀ ਨਹੀਂ ਦਿੱਤਾ। ਕਾਂਗਰਸ ਪਾਰਟੀ ਦੀਆਂ ਸਰਕਾਰਾਂ ਨੇ 62 ਸਾਲਾਂ ਦੀ ਆਜ਼ਾਦੀ ਵਿੱਚ ਖਾਸ ਤੌਰ ਤੇ ਇਸ ਦੇਸ਼ ਅੰਦਰ ਉਸ

*Original with;*
Punjab Vidhan Sabha
*Digitized by;*
Panjab Digital Library

[ਮੁੱਖ ਸੰਸਦੀ ਸਕੱਤਰ, ਲੋਕ ਨਿਰਮਾਣ (ਭ. ਤੇ ਮ.)]

ਕਮੀਜ਼ ਵਾਂਗ ਕੁਝ ਵੀ ਨਹੀਂ ਦਿੱਤਾ। ਇਹ ਵੀ ਕਾਲਰ ਦੇ ਕੇ ਹੀ ਸਾਰਦੀ ਰਹੀ ਹੈ। ਹੁਣ ਅਸੀਂ ਦੇਖਦੇ ਹਾਂ ਕਿ ਅੱਜ ਪੰਜਾਬ ਅੰਦਰ ਇੰਨਾ ਜ਼ਿਆਦਾ ਵਿਕਾਸ ਹੋ ਰਿਹਾ ਹੈ। ਉਦੋਂ ਇਹ ਕਾਂਗਰਸੀ ਪਹਿਲੀ ਵਾਰੀ ਕਹਿੰਦੇ ਸੀ ਕਿ ਇਸ ਸਰਕਾਰ ਵੱਲੋਂ ਵੰਡੇ ਗਏ ਚੈਕ ਕੈਸ਼ ਨਹੀਂ ਹੋਣੇ। ਫਿਰ ਬਾਦਲ ਸਾਹਿਬ ਨੇ ਜਦੋਂ ਨਗਰ ਕੌਂਸਲਾਂ ਏ, ਬੀ, ਸੀ, ਸ਼੍ਰੇਣੀਆਂ ਕਰਕੇ ਬਣਾਈਆਂ ਤਾਂ ਉਨ੍ਹਾਂ ਵਿੱਚ ਪੈਸਿਆਂ ਦੀ ਬੁਛਾੜ ਕਰ ਦਿੱਤੀ। ਇਹ ਵੀ ਹੈਰਾਨ ਹੋ ਗਏ ਕਿ ਇਹ ਪੈਸਾ ਕਿੱਥੋਂ ਆ ਰਿਹਾ ਹੈ। ਹੁਣ ਇਨ੍ਹਾਂ ਨੂੰ ਇਕੋ ਤਕਲੀਫ਼ ਹੈ ਕਿ ਜਿਹੜੇ ਹਲਕਾ ਇੰਚਾਰਜ ਲਾਏ ਹਨ, ਉਹ ਹਾਰੇ ਹੋਏ ਬੰਦੇ ਹਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਨਾ-ਮੁਰਾਦ ਬਿਮਾਰੀ ਕਿਸ ਨੇ ਲਾਈ ਹੈ ? ਮੈਂ ਪਿਛਲੀ ਵਾਰੀ ਐਮ.ਐਲ.ਏ. ਸੀ। ਮੇਰੇ ਸਾਹਮਣੇ ਉਹ ਹਲਕਾ ਇੰਚਾਰਜ ਬਣਿਆ ਸੀ ਜਿਸ ਦੀ ਘਰ ਵਾਲੀ ਨੂੰ ਲੋਕਾਂ ਨੇ ਐਮ.ਸੀ. ਵੀ ਨਹੀਂ ਸੀ ਚੁਣਿਆ। ਹੁਣ ਚਾਹੇ ਕਿਸੇ ਧਰਮ ਦੀ ਗੱਲ ਹੈ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸਾਰਿਆਂ ਨੂੰ ਸਨਮਾਨ ਦਿੱਤਾ ਹੈ। ਜੇ ਮੈਂ ਗੱਲ ਕਰਾਂ, ਜਦੋਂ ਪਿਛਲੇ ਪੰਜ ਸਾਲਾਂ ਵਿਚ ਇਥੇ ਵਿਧਾਨ ਸਭਾ ਦੀ ਕਾਰਵਾਈ ਚੱਲਦੀ ਹੁੰਦੀ ਸੀ ਤਾਂ ਉਸ ਵੇਲੇ ਦੇ ਮੁੱਖ ਮੰਤਰੀ ਦੇ ਮੀਡੀਆ ਐਡਵਾਈਜ਼ਰ ਵਿਧਾਨ ਸਭਾ ਵਿਚ ਅਤੇ ਹਾਊਸ ਦੀਆਂ ਗੈਲਰੀਆਂ ਵਿਚ ** ਵਾਂਗ ਘੁੰਮਦੇ ਹੁੰਦੇ ਸਨ। (ਹਾਸਾ) ਉਨ੍ਹਾਂ ਨੇ ਮੈਨੂੰ ਇਕ ਵਾਰ ਕਿਹਾ ਕਿ ਧੁੱਗਾ ਜੀ, ਤੈਨੂੰ ਪਤਾ ਨਹੀਂ ਕਿਨ੍ਹਾਂ ਦੀ ਸਰਕਾਰ ਹੈ, ਤੁਸੀਂ ਐਵੇਂ ਈ ਬਾਦਲ ਸਾਹਿਬ ਦੇ ਨਾਲ-ਨਾਲ ਤੁਰੇ ਫਿਰਦੇ ਹੋ....

(ਕੁਝ ਆਵਾਜ਼ਾਂ : ਨਹੀਂ ਤਾਂ ਉਨ੍ਹਾਂ ਨੇ ਅਗਲੇ ਸੈਸ਼ਨ ਵਿਚ ਵੀ ਨਹੀਂ ਆਉਣਾ।)

**ਮਾਨਯੋਗ ਸਪੀਕਰ** : ਇਹ ** ਵਾਲੇ ਸ਼ਬਦ ਐਕਸਪੰਜ ਕਰ ਦਿੱਤੇ ਜਾਣ।

**ਮੁੱਖ ਸੰਸਦੀ ਸਕੱਤਰ, ਲੋਕ ਨਿਰਮਾਣ (ਭ ਤੇ ਮ)** : ਮੈਂ ਅੱਗੋਂ ਕਿਹਾ ਕਿ ਤੇਰੇ ਵਰਗੇ ਕਈ ਆਏ ਹਨ ਅਤੇ ਕਈਆਂ ਨੇ ਤੁਰ ਜਾਣਾ ਹੈ। ਉਨ੍ਹਾਂ ਨੇ ਆਪਣੇ ਵੇਲੇ ਅਕਾਲੀ ਦਲ ਅਤੇ ਭਾਜਪਾ ਵਰਕਰਾਂ ਤੇ ਤਸ਼ੱਦਦ ਕੀਤਾ। ਹੁਣ ਇਹ ਗੱਲ ਕਰਦੇ ਹਨ ਕਿ ਨਿਰਪੱਖ ਚੋਣਾਂ ਕਰਾਉਣੀਆਂ ਹਨ। ਮੈਂ ਇਨ੍ਹਾਂ ਨੂੰ ਇਕ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਜਦੋਂ ਪਿਛਲੀ ਸਰਕਾਰ ਵੇਲੇ ਮਲੋਟ ਦੀ ਜ਼ਿਮਨੀ ਚੋਣ ਹੋਈ ਸੀ ਤਾਂ ਕਦੀ ਇਹ ਵੀ ਸੁਣਿਆ ਸੀ ਕਿ ਥਾਣੇ ਪੋਲਿੰਗ ਬੂਥ ਬਣਿਆ ਹੋਵੇ ? ਇਨ੍ਹਾਂ ਨੇ ਪੁਲਿਸ ਥਾਣੇ ਅੰਦਰ ਪੋਲਿੰਗ ਬੂਥ ਬਣਾਇਆ ਸੀ ਅਤੇ ਸਾਡੇ ਲੋਕਾਂ ਨੂੰ ਧੱਕੇ ਨਾਲ ਬਾਹਰ ਕੱਢ ਦਿੱਤਾ ਸੀ। ਜਿਹੜੇ ਅੱਜ ਇਹ ਗੱਲ ਕਰਦੇ ਹਨ, ਇਨ੍ਹਾਂ ਨੂੰ ਯਾਦ ਨਹੀਂ ਕਿ ਜਦੋਂ ਪਿਛਲੀ ਵਾਰ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਗਵਰਨਰ ਸਾਹਿਬ ਦੀ ਰਿਹਾਇਸ਼ ਤੱਕ ਸ਼ਾਂਤਮਈ ਪ੍ਰਦਰਸ਼ਨ ਕਰਨਾ ਸੀ, ਉਦੋਂ ਸਾਡਾ ਇਨ੍ਹਾਂ ਨੇ ਕੀ ਹਾਲ ਕੀਤਾ ਸੀ। ਰਸਤੇ ਵਿਚ ਸਾਡੇ ਉਤੇ ਪਾਣੀ ਦੀਆਂ ਬੁਛਾੜਾਂ ਸੁੱਟੀਆਂ ਗਈਆਂ, ਸਾਡੇ ਕੱਪੜੇ ਭਿਉਂ ਦਿੱਤੇ ਗਏ। ਫਿਰ ਸਾਨੂੰ ਥਾਣੇ ਲੈ ਗਏ।

ਅੱਜ ਫਰਾਂਸ ਦੇਸ਼ ਵਿਚ ਜਦੋਂ ਸਾਡੇ ਇੰਡੀਅਨ ਅਤੇ ਖਾਸ ਕਰਕੇ ਸਿੱਖਾਂ ਨੂੰ ਪੱਗ ਬੰਨਣ ਤੋਂ ਰੋਕਿਆ ਜਾ ਰਿਹਾ ਹੈ ਅਤੇ ਇਸ ਮਸਲੇ ਨੂੰ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼੍ਰੀ ਮੱਕੜ ਜੀ ਨੇ ਬਹੁਤ ਵਾਰੀ ਉਠਾਇਆ। ਜਦੋਂ ਇਹ ਵਿਧਾਨ ਸਭਾ ਵਿਚ ਲਿਖਤੀ ਰੂਪ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਵਿਚ ਆਉਣਾ ਸੀ ਤਾਂ ਇਹ ਵਾਕ-ਆਊਟ ਕਰ ਗਏ ਕਿ ਅਸੀਂ ਤਾਂ ਪੱਗ ਨੂੰ ਸਮਝਦੇ ਹੀ ਕੁਝ ਨਹੀਂ। ਸਾਡਾ ਤਾਂ ਪੱਗ ਨਾਲ ਕੋਈ ਵਾਸਤਾ ਹੀ ਨਹੀਂ। ਜਦੋਂ ਬੀ.ਏ.ਸੀ. ਵਿਚ ਇਨ੍ਹਾਂ ਦੇ ਚੁਣੇ ਹੋਏ ਮੈਂਬਰ ਜਿਹੜੇ ਹਾਜ਼ਰ ਹੋਏ, ਉਨ੍ਹਾਂ ਦੀ ਗੱਲ ਨੂੰ ਵੀ ਕਾਂਗਰਸੀਆਂ ਨੇ ਉਲੱਦ (ਪਲਟ) ਦਿੱਤਾ। ਜਿਹੜੇ ਵਿਕਾਸ ਦੀਆਂ ਅਸੀਂ ਗੱਲਾਂ ਕਰ ਰਹੇ ਹਾਂ, ਇਨ੍ਹਾਂ ਨੇ ਵੀ ਇਨ੍ਹਾਂ ਵਾਸਤੇ ਪੰਗਾ ਖੜ੍ਹਾ ਕਰ ਦਿੱਤਾ ਹੈ। ਇਹ ਕਹਿੰਦੇ ਕਿ ਅਸੀਂ ਤਾਂ ਪੰਜ ਸਾਲ ਤੋਂ ਬਾਅਦ ਹੀ ਲੋਕਾਂ ਵਿਚ ਜਾਂਦੇ ਹੁੰਦੇ ਸਾਂ ਪਰ ਤੁਸੀਂ ਤਾਂ ਹੁਣ ਹਰੇਕ ਮੌਕੇ ਤੇ ਹੀ ਲੋਕਾਂ ਵਿਚ ਜਾਣ ਲੱਗ ਪਏ ਹੋ। ਜੇਕਰ ਕਿਸੇ ਦੀ ਮੱਝ ਵੀ ਮਰ ਜਾਏ ਜਾਂ ਕੁਝ ਵੀ ਹੋ ਜਾਏ, ਤੁਸੀਂ ਲੋਕਾਂ ਵਿਚ ਝੱਟ ਪਹੁੰਚ ਜਾਂਦੇ ਹੋ। ਇਨ੍ਹਾਂ ਦਾ ਕੰਮ ਤਾਂ ਕੇਵਲ ਲਾਰਿਆਂ ਅਤੇ ਨਾਅਰਿਆਂ ਤੱਕ ਹੀ ਸੀਮਤ ਸੀ। ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਇਸ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਦਾ ਹਾਂ। ਧੰਨਵਾਦ।

**ਸ਼੍ਰੀ ਬਿਸ਼ੰਬਰ ਦਾਸ (ਨਰੋਟ ਮਹਿਰਾ-ਐਸ.ਸੀ.)** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਸਤਿਕਾਰਯੋਗ ਗਵਰਨਰ ਸਾਹਿਬ ਦੁਆਰਾ ਇਸ ਸਦਨ ਵਿਚ ਦਿੱਤੇ ਹੋਏ ਭਾਸ਼ਣ ਤੇ ਕੁਝ ਕਹਿਣ ਦਾ ਮੌਕਾ ਦਿੱਤਾ ਹੈ। ਮੈਂ ਬੜੇ ਅਦਬ ਨਾਲ ਇਹ ਬੇਨਤੀ ਕਰਦਾ ਹਾਂ ਕਿ ਮਾਨਯੋਗ ਗਵਰਨਰ ਸਾਹਿਬ ਨੇ ਜੋ ਵੀ ਆਪਣੇ ਭਾਸ਼ਣ ਵਿੱਚ ਕਿਹਾ ਹੈ, ਉਹ ਤੱਥਾਂ ਦੇ ਅਧਾਰ ਤੇ ਕਿਹਾ ਹੈ ਅਤੇ ਪੰਜਾਬ ਨੂੰ ਇਕ ਨਵੀਂ ਸੇਧ ਦਿੱਤੀ ਗਈ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਵੱਲੋਂ ਚੁੱਕੇ ਗਏ ਕਦਮਾਂ ਨਾਲ ਜੋ ਵੀ ਵਿਕਾਸ ਹੋਇਆ ਹੈ, ਉਹ ਇਸ ਦਾ ਪ੍ਰਤੱਖ ਸਬੂਤ ਹੈ। ਇਥੇ ਸਮਾਂ ਘੱਟ ਹੋਣ ਕਰਕੇ ਮੈਂ ਸ਼ਾਰਟ ਵਿਚ ਹੀ ਗੱਲ ਕਰਾਂਗਾ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਇਕ ਪਿੰਡ ਦੇ ਰਹਿਣ ਵਾਲੇ ਵਿਅਕਤੀ ਸਨ ਅਤੇ ਉਨ੍ਹਾਂ ਨੇ ਛੋਟੀ ਜਗ੍ਹਾ ਤੋਂ ਅਰਥਾਤ ਸਰਪੰਚੀ ਤੋਂ ਉਠ ਕੇ ਇਥੋਂ ਤੱਕ ਗਏ ਕਿ ਉਹ ਚਾਰ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ। ਉਨ੍ਹਾਂ ਦੀ ਸੋਚ ਬੜੀ ਉੱਚੀ ਤੇ ਸੁੱਚੀ ਹੈ। ਉਨ੍ਹਾਂ ਨੇ ਆਪਣੇ ਹਰ ਪੜਾਅ ਵਿਚ ਜਿੱਥੇ ਮੱਲਾਂ ਮਾਰੀਆਂ ਹਨ, ਉਥੇ ਪੰਜਾਬ ਨੂੰ ਨਵੀਂ ਸੇਧ ਦਿੱਤੀ ਹੈ ਅਤੇ ਸਾਡੇ ਨੌਜਵਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਉਪ ਮੁੱਖ ਮੰਤਰੀ ਬਣਾ ਕੇ ਪੰਜਾਬ ਦੇ ਨੌਜਵਾਨਾਂ ਦੀ ਇਕ ਬੜੀ ਵੱਡੀ ਮੰਗ ਨੂੰ ਪੂਰਾ ਕੀਤਾ ਹੈ। ਮੈਂ ਸਮਝਦਾ ਹਾਂ ਕਿ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦੀ ਰਹਿਨੁਮਾਈ ਥੱਲੇ ਪੰਜਾਬ ਹੋਰ ਵੀ ਤਰੱਕੀ ਕਰੇਗਾ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਦੋ ਸਾਲਾਂ ਵਿੱਚ ਹੀ ਪੰਜਾਬ ਵਿੱਚ ਸੜਕਾਂ ਦਾ ਜਾਲ ਵਿਛਾਇਆ ਗਿਆ ਹੈ। ਇਸ ਲਈ ਮੈਂ ਢੀਂਡਸਾ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ। ਪਿਛਲੀ ਸਰਕਾਰ ਬਾਰੇ ਜਿਵੇਂ ਪਹਿਲਾਂ ਵੀ ਇਥੇ ਰੌਸ਼ਨੀ ਪਾਈ ਗਈ ਹੈ ਕਿ ਸੜਕਾਂ ਬਣੀਆਂ ਹੀ ਨਹੀਂ ਸੀ ਪਰ ਇਸ ਖੇਤਰ ਵਿੱਚ ਵੀ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਸਰਕਾਰ ਨੇ ਨਵੀਆਂ ਮੱਲਾਂ ਮਾਰੀਆਂ ਹਨ। ਹੁਣ ਮੈਂ ਖੇਤੀਬਾੜੀ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਇਕ ਖੇਤੀਬਾੜੀ ਕਰਨ ਵਾਲੇ ਘਰਾਣੇ ਵਿਚ ਜਨਮੇ ਹਨ ਅਤੇ ਪੂਰੀ ਤਰ੍ਹਾਂ ਖੇਤੀ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਨੂੰ ਜਾਣਦੇ ਹਨ। ਪਹਿਲਾਂ ਆਮ ਕਿਹਾ ਜਾਂਦਾ ਸੀ ਕਿ :

ਉੱਤਮ ਖੇਤੀ, ਮੱਧਮ ਵਿਉਪਾਰ, ਨਖਿੱਧ ਚਾਕਰੀ, ਭੀਖ ਨਦਾਰ।

ਪਿਛਲੇ ਸਮੇਂ ਵਿੱਚ ਜਦੋਂ ਕਾਂਗਰਸ ਦੀ ਸਰਕਾਰ ਸੀ, ਉਸ ਨੇ ਖੇਤੀ ਨੂੰ ਨਸ਼ਟ ਕਰਕੇ ਰੱਖ ਦਿੱਤਾ ਸੀ, ਜ਼ਿਮੀਂਦਾਰ ਆਤਮ-ਹੱਤਿਆ ਕਰਨ ਲੱਗ ਗਏ ਸਨ ਪਰ ਮੈਂ ਸਮਝਦਾ ਹਾਂ ਕਿ ਬਾਦਲ ਸਾਹਿਬ ਨੇ ਨਵੀਂ ਕਿਸਮ ਦੇ ਬੀਜ ਅਤੇ ਫਸਲਾਂ ਦੇ ਵਧੀਆ ਰੇਟ ਦੇ ਕੇ ਉਨ੍ਹਾਂ ਨੂੰ ਇਸ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਬਿਸ਼ੰਬਰ ਦਾਸ]

ਤੋਂ ਬਚਾਇਆ ਹੈ। ਕੇਂਦਰ ਵੱਲੋਂ ਬਹੁਤ ਮਾੜੇ ਰੇਟ ਆਉਂਦੇ ਰਹੇ ਹਨ ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਨਵੇਂ ਰੇਟ ਦੇ ਕੇ ਨਵੀਆਂ ਮੱਲਾਂ ਮਾਰੀਆਂ ਹਨ। ਮੈਂ ਸਮਝਦਾ ਹਾਂ ਕਿ ਜਿਵੇਂ ਪਹਿਲਾਂ ਖੇਤੀ ਹੁੰਦੀ ਸੀ ਹੁਣ ਫਿਰ ਉਸੇ ਤਰ੍ਹਾਂ ਹੋਣੀ ਸ਼ੁਰੂ ਹੋਵੇਗੀ ਅਤੇ ਪੰਜਾਬ ਦਾ ਕਿਸਾਨ ਖੁਸ਼ਹਾਲ ਹੋ ਰਿਹਾ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਖੇਤੀ ਨੂੰ ਅੱਗੇ ਲਿਆਉਣ ਲਈ ਪਾਣੀ ਦਾ ਵੀ ਬਹੁਤ ਵੱਡਾ ਰੋਲ ਹੈ ਅਤੇ ਸੂਇਆਂ ਅਤੇ ਨਹਿਰਾਂ ਨੂੰ ਵੀ ਬਾਦਲ ਸਾਹਿਬ ਦੀ ਸਰਕਾਰ ਨੇ ਨਵਾਂ ਰੂਪ ਦਿੱਤਾ ਹੈ। ਜਿਵੇਂ ਸਾਹਨੀ ਸਾਹਿਬ ਨੇ ਵੀ ਗੱਲ ਕਹੀ ਹੈ ਕਿ ਪਿਛਲੇ ਸਰਕਾਰ ਨੇ ਸਾਰੇ ਸੂਏ ਪੂਰ ਕਰ ਦਿੱਤੇ ਸਨ ਅਤੇ ਹੁਣ ਨਵੇਂ ਸਿਰੇ ਤੋਂ ਚਾਲੂ ਕਰਵਾਏ ਗਏ ਹਨ। ਮੇਰੇ ਹਲਕੇ ਵਿੱਚ ਨਹਿਰਾਂ ਅਤੇ ਸੂਇਆਂ ਦਾ ਬਹੁਤ ਵਿਕਾਸ ਹੋਇਆ ਹੈ ਅਤੇ ਮੈਂ ਸਮਝਦਾ ਹਾਂ ਕਿ ਸਾਰੇ ਪੰਜਾਬ ਵਿੱਚ ਪ੍ਰਫੁੱਲਤਾ ਆਈ ਹੈ। ਮੈਂ ਇਸ ਗੱਲ ਲਈ ਵੀ ਬਾਦਲ ਸਾਹਿਬ ਦਾ ਬਹੁਤ-ਬਹੁਤ ਧੰਨਵਾਦੀ ਹਾਂ ਕਿ ਬਾਦਲ ਸਾਹਿਬ ਨੇ ਗਰੀਬਾਂ ਦੀਆਂ ਬੱਚੀਆਂ ਨੂੰ ਸ਼ਗਨ ਸਕੀਮ ਅਧੀਨ 5,100 ਰੁਪਏ ਤੋਂ ਵਧਾ ਕੇ 15,000 ਰੁਪਏ ਦਾ ਜੋ ਐਲਾਨ ਕੀਤਾ ਸੀ, ਉਹ ਬਾਖੂਬੀ ਨਿਭਾ ਰਹੇ ਹਨ। ਇਨ੍ਹਾਂ ਕਾਂਗਰਸ ਵਾਲਿਆਂ ਨੇ ਆਪਣੇ ਵੇਲੇ 5,100 ਰੁਪਏ ਤੋਂ ਵਧਾ ਕੇ 11,000 ਰੁਪਏ ਦੇਣ ਦਾ ਐਲਾਨ ਕੀਤਾ ਸੀ ਪਰ ਲੋਕ ਇਨ੍ਹਾਂ ਨੂੰ ਪਿੱਟਿਆ ਕਰਦੇ ਸਨ ਕਿਉਂਕਿ ਉਨ੍ਹਾਂ ਨੂੰ ਪੈਸਾ ਨਹੀਂ ਮਿਲਦਾ ਸੀ ਅਤੇ ਉਹ ਸਾਡੇ ਕੋਲ ਆਉਂਦੇ ਸਨ। ਹੁਣ ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦਾ ਬਹੁਤ ਸ਼ੁਕਰਗੁਜ਼ਾਰ ਹਾਂ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਪੰਜਾਬ ਦੀਆਂ ਧੀਆਂ ਦੇ ਪਿਤਾ ਹਨ ਅਤੇ ਉਨ੍ਹਾਂ ਦਾ ਹਮੇਸ਼ਾ ਹੀ ਖਿਆਲ ਰੱਖਦੇ ਹਨ। ਮੈਂ ਇਕ ਹੋਰ ਗੱਲ ਕਰਨੀ ਚਾਹੁੰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਕੋਈ ਵੀ ਐਮ.ਐਲ.ਏ. ਉਨ੍ਹਾਂ ਨੂੰ ਨਹੀਂ ਮਿਲ ਸਕਦਾ ਸੀ ਅਤੇ ਉਹ ਉਨ੍ਹਾਂ ਨੂੰ ਮਿਲਣ ਦਾ ਸਮਾਂ ਨਹੀਂ ਦਿਆ ਕਰਦੇ ਸਨ। ਲੋਕ ਦਰਵਾਜ਼ੇ ਵਿੱਚ ਖੜ੍ਹੇ ਰਹਿੰਦੇ ਸਨ ਅਤੇ ਉਹ ਆਪਣੀਆਂ ਮੁਸ਼ਕਲਾਂ ਉਨ੍ਹਾਂ ਤੱਕ ਪਹੁੰਚਾ ਨਹੀਂ ਸਕਦੇ ਸਨ ਪਰ ਮੈਨੂੰ ਕਹਿਣ ਵਿੱਚ ਕੋਈ ਝਿਜਕ ਨਹੀਂ ਹੈ ਕਿ ਜਦੋਂ ਵੀ ਅਸੀਂ ਬਾਦਲ ਸਾਹਿਬ ਨੂੰ ਬੇਨਤੀ ਕਰਦੇ ਹਾਂ ਤਾਂ ਉਹ ਸਾਡੇ ਕੋਲ ਆ ਜਾਂਦੇ ਹਨ ਅਤੇ ਜਦੋਂ ਕਦੇ ਸਾਨੂੰ ਲੋੜ ਪੈਂਦੀ ਹੈ ਤਾਂ ਅਸੀਂ ਉਨ੍ਹਾਂ ਨੂੰ ਮਿਲ ਲੈਂਦੇ ਹਾਂ। ਕਈ ਵਾਰ ਤਾਂ ਰਸਤੇ ਵਿੱਚ ਹੀ ਉਹ ਖੜ੍ਹੇ ਹੋ ਕੇ ਮਿਲ ਲੈਂਦੇ ਹਨ। ਸਾਡੀ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਸਰਕਾਰ ਦੀਆਂ ਉਪਲਬਧੀਆਂ ਸਾਡੇ ਸਭ ਦੇ ਸਾਹਮਣੇ ਪ੍ਰਤੱਖ ਹਨ। ਮੈਂ ਅੱਗੇ ਜਾ ਕੇ ਇਹ ਗੱਲ ਕਹਿਣੀ ਚਾਹਾਂਗਾ ਕਿ ਗਵਰਨਰ ਸਾਹਿਬ ਨੇ ਜੋ ਆਪਣਾ ਭਾਸ਼ਣ ਇਸ ਸਦਨ ਵਿੱਚ 27 ਫਰਵਰੀ, 2009 ਨੂੰ ਦਿੱਤਾ ਹੈ ਅਤੇ ਜਿਸ ਨੂੰ ਵਲਟੋਹਾ ਸਾਹਿਬ ਨੇ ਸੈਕਿੰਡ ਕੀਤਾ ਹੈ, ਮੈਂ ਉਸਦੀ ਪੁਰਜ਼ੋਰ ਪ੍ਰੋੜ੍ਹਤਾ ਕਰਦਾ ਹਾਂ। ਧੰਨਵਾਦ।

**ਮਾਨਯੋਗ ਸਪੀਕਰ** : ਸਦਨ ਸੋਮਵਾਰ, 9 ਮਾਰਚ, 2009 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ।

| *2.30 ਵਜੇ ਬਾਅਦ ਦੁਪਹਿਰ | (*ਇਸ ਉਪਰੰਤ ਸਦਨ ਸੋਮਵਾਰ, 9 ਮਾਰਚ, 2009 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।) |
|---|---|

*11740 PVS—Govt. Press, U.T., Chd.*

*Original with;*
Punjab Vidhan Sabha
*Digitized by;*
Panjab Digital Library

# APPENDIX

# TO

# PUNJAB VIDHAN SABHA DEBATES

*Friday, the 6th March, 2009*

**Vol. VI—No. 4**

---

UNSTARRED QUESTION AND ANSWER

## ਪਾਣੀ ਦੇ ਖਾਲਿਆਂ ਨੂੰ ਪੱਕਾ ਕਰਨ ਲਈ ਬਜਟ ਵੰਡ

**191. ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 2007-08 ਅਤੇ 2008-09 ਦੇ ਸਮੇਂ ਦੌਰਾਨ ਰਾਜ ਵਿੱਚ ਵੱਖ-ਵੱਖ ਨਹਿਰਾਂ, ਖਾਲਿਆਂ ਨੂੰ ਪੱਕਾ ਕਰਨ ਅਤੇ ਡਰੇਨਾਂ ਦੀ ਸਫ਼ਾਈ ਲਈ ਸਾਲ-ਵਾਰ ਕਿੰਨਾ ਬਜਟ ਰੱਖਿਆ ਗਿਆ ਅਤੇ ਇਸ ਵਿਚੋਂ ਅਸਲ ਵਿੱਚ ਕਿੰਨੀ ਰਾਸ਼ੀ ਖਰਚ ਕੀਤੀ ਗਈ ;

(ਅ) ਉਨ੍ਹਾਂ ਏਜੰਸੀਆਂ/ਠੇਕੇਦਾਰਾਂ ਦੇ ਨਾਂ ਕੀ ਹਨ ਜਿਨ੍ਹਾਂ ਨੂੰ ਉਪਰੋਕਤ ਪ੍ਰਾਜੈਕਟਾਂ ਦਾ ਕੰਮ ਅਲਾਟ ਕੀਤਾ ਗਿਆ ਸੀ ਅਤੇ ਹਰੇਕ ਕੇਸ ਵਿੱਚ ਕੰਮ ਦੀ ਅਲਾਟਮੈਂਟ ਲਈ ਸਰਕਾਰ ਦੁਆਰਾ ਕੀ ਕਸੌਟੀ ਅਪਣਾਈ ਗਈ ਹੈ ?

**ਸਰਦਾਰ ਜਨਮੇਜਾ ਸਿੰਘ ਸੇਖੋਂ** : ਲੋੜੀਂਦੀ ਸੂਚਨਾ ਨਾਲ ਨੱਥੀ ਅਨਲੱਗ-1*, 2* ਅਤੇ 3* ਵਿੱਚ ਦਿੱਤੀ ਗਈ ਹੈ।

---

***Placed in the Revisor's Branch.**

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 2009

Published under the authority of the Punjab Vidhan Sabha Secretariat and printed by the Controller, Printing and Stationery Department, U.T., Chandigarh.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*Monday, the 9th March, 2009*

**Vol. VI - No. 5**

**OFFICIAL REPORT**

CONTENTS


| | *Page* |
|---|---|
| Postponed Starred Question and Answer | .. (5) 1 |
| Starred Questions and Answers | .. (5) 2 |
| Unstarred Questions and Answers | .. (5) 26 |
| Matters raised during Zero Hour and Statements made by Chief Minister and Ministers thereon | .. (5) 34 |
| Call Attention Notices under Rule 66 | .. (5) 40 |
| Papers Laid on the Table of the House | .. (5) 41 |
| Motion Under Rule 16 | .. (5) 42 |
| Presentation of the Reports of the Committees | .. (5) 42 |
| Resumption of Discussion on Governor's Address and Vote on the Motion of Thanks | .. (5) 45 |
| Motion regarding Constitution of Elected Committees for the year 2009-10 | .. (5) 70 |
| **Legislative Business** | |
| 1. The Industrial Disputes (Punjab Amendment) Bill, 2009 | .. (5)72 |
| 2. The Punjab Package Deal Properties (Disposal) Amendment Bill, 2009 | .. (5)73 |
| 3. The Punjab Tax on Luxuries Bill, 2009 (Replacing Ordinance) | .. (5)75 |
| 4. The Punjab Entertainments Tax (Cinematograph Shows) Amendment Bill, 2009 (Replacing Ordinance) | .. (5)77 |
| 5. The Punjab Preservation of Sub-Soil Water Bill, 2009 | .. (5)79 |
| 6. The Punjab Rural Development (Amendment) Bill, 2009 | .. (5)81 |
| 7. The Punjab Agricultural Produce Markets (Amendment) Bill, 2009 | .. (5)83 |
| Announcement by the Speaker | .. (5)84 |
| **Financial Business** | |
| (i) Presentation of Supplementary Demands for Grants for Expenditure of the Government of Punjab for the year 2008-09 | .. (5)85 |
| (ii) Presentation of the Report of the Committee on Estimates on the Supplementary Demands for Grants for Expenditure of the Government of Punjab for the year 2008-09 | .. (5)85 |
| (iii) Supplementary Demands for Grants for Expenditure of the Government of Punjab for the year 2008-09 | .. (5)85 |
| (1) Discussion on the Estimates of the Expenditure Charged on revenue of the State | .. (5)85 |
| (2) Voting on the Demands for Supplementary Grants | .. (5)86 |
| (iv) The Punjab Appropriation Bill, 2009 | .. (5)93 |
| (v) Presentation of Vote-on-Account for Expenditure of the Government of Punjab, 2009-2010 | .. (5)94 |
| (vi) Motion regarding Vote-on-Account for four months | .. (5)128 |
| (vii) The Punjab Appropriation (Vote-on-Account) Bill, 2009 | .. (5)128 |
| Appendix | .. (i) |


**Punjab Vidhan Sabha Secretariat, Chandigarh**

**Price : Rs.** [illegible]

*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

## PUNJAB VIDHAN SABHA

*Monday, the 9th March, 2009*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P.M. Mr. Speaker (Sardar Nirmal Singh Kahlon) in the Chair.*

---

## POSTPONED STARRED QUESTION AND ANSWER

**ਮਾਨਯੋਗ ਸਪੀਕਰ :** ਸਭ ਤੋਂ ਪਹਿਲਾਂ ਮੁਲਤਵੀ ਕੀਤਾ ਗਿਆ ਪ੍ਰਸ਼ਨ ਲਿਆ ਜਾਵੇਗਾ। ਹਾਂ ਜੀ, ਸ਼੍ਰੀ ਅਨਿਲ ਜੋਸ਼ੀ।

### ਗੁਰੂ ਰਾਮ ਦਾਸ ਹਸਪਤਾਲ ਦੇ ਪਿੱਛੇ ਵਗਣ ਵਾਲੀ ਡਰੇਨ ਨੂੰ ਢਕਣਾ

*711. **ਸ਼੍ਰੀ ਅਨਿਲ ਜੋਸ਼ੀ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਗੁਰੂ ਰਾਮ ਦਾਸ ਕਾਲਜ–ਜੀ.ਜੀ.ਐਸ. ਹਸਪਤਾਲ, ਅੰਮ੍ਰਿਤਸਰ ਦੇ ਪਿਛਲੇ ਪਾਸੇ ਵਗ ਰਹੇ ਡਰੇਨ ਨੂੰ ਢੱਕਣ ਲਈ ਕੋਈ ਪ੍ਰਵਾਨਗੀ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਗੰਦੇ ਨਾਲੇ ਨੂੰ ਇਸ ਦੇ ਆਖਰੀ ਸਿਰੇ ਤੱਕ ਢਕਣ ਲਈ ਪ੍ਰਵਾਨ ਕੀਤੀ ਗਈ ਅਨੁਮਾਨਿਤ ਲਾਗਤ ਅਤੇ ਡਿਜ਼ਾਈਨ ਦੇ ਵੇਰਵੇ ਕੀ ਹਨ ਅਤੇ ਇਸ ਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਉਸ ਏਜੰਸੀ/ਸੰਗਠਨ ਦਾ ਨਾਮ ਕੀ ਹੈ, ਜਿਸ ਨੂੰ ਉਕਤ ਪ੍ਰਾਜੈਕਟ ਨੂੰ ਮੁਕੰਮਲ ਕਰਨ ਦਾ ਕੰਮ ਅਲਾਟ ਕੀਤਾ ਗਿਆ ਹੈ ?

**ਸ਼੍ਰੀ ਤਿਕਸ਼ਨ ਸੂਦ (ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ) :** ਸਰਕਾਰੀ ਸ੍ਰੀ ਗੁਰੂ ਰਾਮ ਦਾਸ ਸੈਂਟਰ–ਸ੍ਰੀ ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ ਦੇ ਪਿਛਲੇ ਪਾਸੇ ਵਗ ਰਹੀ ਡਰੇਨ ਨੂੰ ਢੱਕਣ ਦਾ ਪ੍ਰੋਜੈਕਟ ਸਰਕਾਰ ਵੱਲੋਂ ਮਨਜ਼ੂਰ ਕਰ ਦਿੱਤਾ ਗਿਆ ਹੈ। ਇਸ ਪ੍ਰੋਜੈਕਟ ਲਈ ਮੈਨੇਜਿੰਗ ਡਾਇਰੈਕਟਰ, ਪੰਜਾਬ ਇਨਫਰਾਸਟਰਕਚਰ ਡਿਵੈਲਪਮੈਂਟ ਬੋਰਡ ਫੰਡਜ਼ ਮੁਹੱਈਆ ਕਰਵਾਏਗਾ। ਚੀਫ ਇੰਜੀਨੀਅਰ ਬਿਲਡਿੰਗ, ਪੰਜਾਬ ਲੋਕ ਨਿਰਮਾਣ ਵਿਭਾਗ (ਬੀ.ਐਂਡ ਆਰ.) ਵੱਲੋਂ 15.49 ਕਰੋੜ ਰੁਪਏ ਦਾ ਤਖਮੀਨਾ ਬਣਾਇਆ ਗਿਆ ਹੈ ਅਤੇ ਇਹ ਤਖਮੀਨਾ ਪੰਜਾਬ ਇਨਫਰਾਸਟਰਕਚਰ ਡਿਵੈਲਪਮੈਂਟ ਬੋਰਡ ਨੂੰ ਅਗਲੇਰੀ ਕਾਰਵਾਈ ਕਰਨ ਵਾਸਤੇ ਭੇਜ ਦਿੱਤਾ ਗਿਆ ਹੈ। ਇਸ ਪ੍ਰੋਜੈਕਟ ਦਾ ਕੰਮ ਜਲਦੀ ਹੀ ਸ਼ੁਰੂ ਹੋਣ ਦੀ ਸੰਭਾਵਨਾ ਹੈ।

**ਸ਼੍ਰੀ ਅਨਿਲ ਜੋਸ਼ੀ :** ਸਪੀਕਰ ਸਾਹਿਬ, ਪੀ.ਆਈ.ਡੀ.ਬੀ. ਮਹਿਕਮਾ ਮਾਨਯੋਗ ਮੁੱਖ ਮੰਤਰੀ ਜੀ ਦੇ ਅਧੀਨ ਆਉਂਦਾ ਹੈ। ਪਹਿਲਾਂ ਵੀ ਇਨ੍ਹਾਂ ਦੀ ਕਿਰਪਾ ਨਾਲ ਇਹ ਅਪਰੂਵਲ ਮਿਲੀ ਸੀ। ਉਥੇ ਹਸਪਤਾਲ ਵਿਚ ਇੱਕ ਪ੍ਰੋਗਰਾਮ ਹੋਇਆ ਸੀ, ਉਦੋਂ ਮੁੱਖ ਮੰਤਰੀ ਸਾਹਿਬ ਗਏ ਸਨ। ਹਸਪਤਾਲ ਦੇ ਪਿਛਲੇ ਪਾਸੇ ਸੰਘਣੀ ਆਬਾਦੀ ਹੈ ਅਤੇ ਆਬਾਦੀ ਤੇ ਹਸਪਤਾਲ ਵਿਚ ਇਹ ਡਰੇਨ ਨਿਕਲਦੀ ਹੈ। ਇਸ ਕਰਕੇ ਕਾਫੀ ਬਿਮਾਰੀ ਫੈਲਣ ਦਾ ਡਰ ਹੈ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਤੁਸੀਂ ਕਿਹੜੇ ਹਸਪਤਾਲ ਦੀ ਗੱਲ ਕਰਦੇ ਹੋ ?

**ਸ਼੍ਰੀ ਅਨਿਲ ਜੋਸ਼ੀ :** ਗੁਰੂ ਨਾਨਕ ਮੈਡੀਕਲ ਕਾਲਜ ਦੀ। ਮਾਨਯੋਗ ਮੁੱਖ ਮੰਤਰੀ ਜੀ ਨੇ ਉਥੇ ਐਸ਼ਿਓਰੈਂਸ ਦਿੱਤੀ ਸੀ। ਬਾਅਦ ਵਿਚ ਮੀਟਿੰਗ ਕਰਕੇ ਇਸ ਦੀ ਅਪਰੂਵਲ ਵੀ ਦਿੱਤੀ ਗਈ। ਪਿਛਲੇ ਸੈਸ਼ਨ ਵਿਚ ਮੈਂ ਸਵਾਲ ਵੀ ਲਗਾਇਆ ਸੀ ਔਰ ਮੁੱਖ ਮੰਤਰੀ ਸਾਹਿਬ ਨੇ ਅਪਰੂਵਲ ਦਿੱਤੀ ਸੀ ਪਰ ਬਾਅਦ ਵਿਚ ਇਹ ਪ੍ਰਾਜੈਕਟ ਹਸਪਤਾਲ ਦੇ ਕੰਮਾਂ ਵਿਚੋਂ ਨਿਕਲ ਗਿਆ। ਇਸ ਲਈ ਹੁਣ ਮਾਨਯੋਗ ਮੁੱਖ ਮੰਤਰੀ ਜੀ ਕਿਰਪਾ ਕਰਨ ਤੇ ਇਹ ਵਿਸ਼ਵਾਸ ਦਿਵਾਉਣ ਕਿ ਇਹ ਕੰਮ ਕਦੋਂ ਤੱਕ ਸ਼ੁਰੂ ਕਰ ਦਿੱਤਾ ਜਾਵੇਗਾ ? ਉਥੇ ਬਿਮਾਰੀ ਫੈਲਣ ਦਾ ਡਰ ਹੈ। ਇਹ ਗੁਰੂ ਨਾਨਕ ਹਸਪਤਾਲ ਦੇ ਬੈਕ ਸਾਈਡ ਤੇ ਹੈ ਤੇ ਆਬਾਦੀ ਵਿਚੋਂ ਡਰੇਨ ਨਿਕਲਦੀ ਹੈ। ਇਸ ਲਈ ਇਹ ਕੰਮ ਬਹੁਤ ਜ਼ਰੂਰੀ ਹੈ। ਮਾਨਯੋਗ ਮੁੱਖ ਮੰਤਰੀ ਜੀ ਇਸ ਪਾਸੇ ਦੱਸਣ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਪ੍ਰਾਜੈਕਟ ਬਹੁਤ ਜ਼ਰੂਰੀ ਹੈ। ਇਸ ਤੇ ਗੌਰ ਕੀਤਾ ਜਾਵੇਗਾ। ਇਹ ਹਾਲੇ ਸੈਂਕਸ਼ਨ ਤਾਂ ਨਹੀਂ ਹੋਇਆ ਪਰ ਕਿਉਂਕਿ ਇਹ ਸਾਰੇ ਸ਼ਹਿਰ ਵਾਸਤੇ ਬਹੁਤ ਅਹਿਮ ਹੈ, ਇਸ ਲਈ ਮੈਂ ਕੋਸ਼ਿਸ਼ ਕਰਾਂਗਾ ਕਿ ਇਸ ਵਾਸਤੇ ਕੁਝ ਕੀਤਾ ਜਾਵੇ।

---

## STARRED QUESTIONS AND ANSWERS

### ਰਾਜ ਵਿਚ ਫੋਕਲ ਪੁਆਇੰਟਾਂ ਦੀ ਗਿਣਤੀ

*914. **ਕੈਪਟਨ ਬਲਬੀਰ ਸਿੰਘ ਬਾਠ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਫੋਕਲ ਪੁਆਇੰਟਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ;

(ਅ) ਕੀ ਇਸ ਸਮੇਂ ਉਪਰੋਕਤ ਭਾਗ (ੳ) ਵਿਚ ਵਰਣਿਤ ਸਾਰੇ ਫੋਕਲ ਪੁਆਇੰਟਸ ਚਾਲੂ ਹਾਲਤ ਵਿਚ ਹਨ ਅਤੇ ਇਕ ਫੋਕਲ ਪੁਆਇੰਟ ਨੂੰ ਸਥਾਪਤ ਕਰਨ ਲਈ ਜ਼ਮੀਨ ਦਾ ਘੱਟੋ-ਘੱਟ ਕਿੰਨਾ ਰਕਬਾ ਲੋੜੀਂਦਾ ਹੈ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ :** ਸ਼੍ਰੀਮਾਨ ਜੀ,

(ੳ) ਰਾਜ ਵਿੱਚ ਫੋਕਲ ਪੁਆਇੰਟਾਂ ਦੀ ਜ਼ਿਲ੍ਹਾ-ਵਾਰ ਗਿਣਤੀ ਅਨੁਲੱਗ 'ੳ' ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ।

(ਅ) ਜੀ ਨਹੀਂ।

ਇਕ ਫ਼ੋਕਲ ਪੁਆਇੰਟ ਸਥਾਪਤ ਕਰਨ ਲਈ 20 ਤੋਂ 30 ਏਕੜ ਤੱਕ ਜ਼ਮੀਨ ਉਪਲਬਧ ਹੋਣੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

## ਅਨੁਲੱਗ ੳ

## ਜ਼ਿਲ੍ਹਾ-ਵਾਰ ਫ਼ੋਕਲ ਪੁਆਇੰਟਾਂ ਦੀ ਗਿਣਤੀ

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਗਿਣਤੀ |
|---|---|---|
| 1 | ਅੰਮ੍ਰਿਤਸਰ | 37 |
| 2 | ਬਠਿੰਡਾ | 33 |
| 3 | ਬਰਨਾਲਾ | 5 |
| 4 | ਫਰੀਦਕੋਟ | 10 |
| 5 | ਫਤਹਿਗੜ੍ਹ ਸਾਹਿਬ | 19 |
| 6 | ਫਿਰੋਜ਼ਪੁਰ | 51 |
| 7 | ਗੁਰਦਾਸਪੁਰ | 62 |
| 8 | ਹੁਸ਼ਿਆਰਪੁਰ | 43 |
| 9 | ਜਲੰਧਰ | 38 |
| 10 | ਕਪੂਰਥਲਾ | 22 |
| 11 | ਲੁਧਿਆਣਾ | 39 |
| 12 | ਮਾਨਸਾ | 19 |
| 13 | ਮੋਗਾ | 20 |
| 14 | ਮੁਕਤਸਰ | 21 |
| 15 | ਮੋਹਾਲੀ | 6 |
| 16 | ਸ਼ਹੀਦ ਭਗਤ ਸਿੰਘ ਨਗਰ | 21 |
| 17 | ਪਟਿਆਲਾ | 38 |
| 18 | ਰੋਪੜ | 24 |
| 19 | ਸੰਗਰੂਰ | 54 |
| 20 | ਤਰਨ ਤਾਰਨ | 34 |
| | ਕੁੱਲ ਜੋੜ : | 596 |

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਪੰਜਾਬ ਵਿਚ 596 ਫੋਕਲ ਪੁਆਇੰਟ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਵਿਚੋਂ ਕਿੰਨੇ ਨਹੀਂ ਚੱਲਦੇ ? ਦੂਸਰਾ, ਪ੍ਰਸ਼ਨ ਇਹ ਹੈ ਕਿ ਜਿਨ੍ਹਾਂ ਫੋਕਲ ਪੁਆਇੰਟਾਂ ਦੀ 20 ਤੋਂ 30 ਏਕੜ ਜ਼ਮੀਨ ਹੈ ਤੇ ਉਹ ਬੇਕਾਰ ਪਏ ਹਨ, ਕੀ ਉਨ੍ਹਾਂ ਤੋਂ ਆਮਦਨੀ ਹੋ ਰਹੀ ਹੈ? ਕੀ ਆਰਥਿਕ ਫਾਇਦਾ ਹੋ ਰਿਹਾ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਸਮੇਂ ਟੋਟਲ 596 ਫੋਕਲ ਪੁਆਇੰਟ ਪੰਜਾਬ ਵਿਚ ਹਨ, ਜਿਨ੍ਹਾਂ ਵਿਚੋਂ 23 ਬੰਦ ਪਏ ਹਨ ਔਰ ਜਿਹੜੇ ਇਹ ਬੰਦ ਪਏ ਹਨ, ਇਨ੍ਹਾਂ ਦੇ ਬੰਦ ਹੋਣ ਦੇ ਕਈ ਕਾਰਨ ਹਨ। ਕਈ ਫੋਕਲ ਪੁਆਇੰਟ ਜਾਂ ਤਾਂ ਸ਼ਹਿਰਾਂ ਦੇ ਨਾਲ ਹਨ ਜਾਂ ਫਿਰ ਯੋਗ ਪ੍ਰਬੰਧ ਉਥੇ ਨਹੀਂ ਹੋ ਸਕਿਆ, ਇਸ ਕਰਕੇ ਇਹ ਬੰਦ ਪਏ ਹਨ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਇਸ ਦੇ ਨਾਲ ਦੀ ਹੀ ਇਕ ਹੋਰ ਸਪਲੀਮੈਂਟਰੀ ਹੈ। ਜਿਨ੍ਹਾਂ ਫੋਕਲ ਪੁਆਇੰਟਾਂ ਦੀ ਜ਼ਮੀਨ ਪੰਚਾਇਤ ਨੇ 20 ਤੋਂ 30 ਏਕੜ ਦਿੱਤੀ ਹੈ ਔਰ ਇਹ ਫੋਕਲ ਪੁਆਇੰਟ ਚੱਲਦੇ ਪਏ ਹਨ, ਇਨ੍ਹਾਂ ਦੀ ਹਾਲਤ ਵੀ ਉਹੀ ਹੈ। ਜਿਹੜੇ ਨਹੀਂ ਚੱਲਦੇ, ਉਨ੍ਹਾਂ ਦਾ ਵੀ ਪੰਚਾਇਤਾਂ ਨੂੰ ਕੋਈ ਆਰਥਿਕ ਫਾਇਦਾ ਨਹੀਂ ਮਿਲਿਆ। ਆਪਣੇ ਵੇਲੇ 1977 ਵਿੱਚ ਇਹ ਬਣਾਏ ਗਏ ਸਨ। ਉਸ ਵੇਲੇ ਪੰਚਾਇਤਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਆਰਥਿਕ ਪੱਖ ਤੋਂ ਪਿੰਡ ਹੋਰ ਮਜ਼ਬੂਤ ਹੋਣਗੇ, ਉਥੇ ਇੰਡਸਟਰੀ ਲੱਗੇਗੀ ਜਾਂ ਮਾਰਕੀਟ ਫੀਸ ਮਿਲੇਗੀ। ਕੀ ਉਹ ਹਿੱਸਾ ਮਿਲਦਾ ਹੈ ਅਤੇ ਆਰਥਿਕ ਪੱਖ ਤੋਂ ਪੰਚਾਇਤਾਂ ਦੀ ਮਦਦ ਕੀਤੀ ਜਾ ਰਹੀ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਫੋਕਲ ਪੁਆਇੰਟ ਮਾਨਯੋਗ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਦੀ ਅਗਵਾਈ ਅਧੀਨ ਪਿੰਡਾਂ ਵਿੱਚ ਵਿਕਾਸ ਲਈ ਉਸ ਵੇਲੇ 1977-78 ਵਿੱਚ ਸ਼ੁਰੂ ਕੀਤੇ ਗਏ ਸਨ। ਇਹ ਸਕੀਮ ਸਫਲਤਾਪੂਰਵਕ ਤਿੰਨ ਸਾਲ ਚੱਲਦੀ ਰਹੀ। 1980 ਵਿੱਚ ਸਰਕਾਰ ਵਿੱਚ ਤਬਦੀਲੀ ਹੋਣ ਤੇ ਆਉਣ ਵਾਲੀ ਕਾਂਗਰਸ ਸਰਕਾਰ ਵੱਲੋਂ ਧਿਆਨ ਨਾ ਦੇਣ ਕਰਕੇ ਅਤੇ ਸਾਰਾ ਢਾਂਚਾ ਨਾ ਵਰਤੇ ਜਾਣ ਕਾਰਨ ਅਤੇ ਇਸ ਦੀ ਲਗਾਤਾਰ ਸਾਂਭ-ਸੰਭਾਲ ਨਾ ਹੋਣ ਕਾਰਨ ਇਹ ਟੁੱਟ ਗਿਆ। ਸਰਕਾਰ ਵੱਲੋਂ 1997-98 ਵਿੱਚ ਸਕੀਮ ਨੂੰ ਮੁੜ ਸੁਰਜੀਤ ਕੀਤਾ ਗਿਆ ਅਤੇ ਇਹ ਸਾਲ 2001 ਤੱਕ ਸਫਲਤਾਪੂਰਵਕ ਚੱਲੇ। ਮੁੜ ਪਿਛਲੇ ਪੰਜ ਸਾਲ ਦੂਜੀ ਸਰਕਾਰ ਵੱਲੋਂ ਇਨ੍ਹਾਂ ਨੂੰ ਅਣਗੌਲਿਆਂ ਕਰ ਦਿੱਤਾ ਗਿਆ ਅਤੇ ਉਸ ਵੇਲੇ ਇਹ ਸਕੀਮ ਰੁਕ-ਰੁਕ ਕੇ ਚੱਲਣ ਕਾਰਨ ਆਪਣੇ ਮਿਥੇ ਟੀਚੇ ਪੂਰੇ ਨਹੀਂ ਕਰ ਸਕੀ। ਫੋਕਲ ਪੁਆਇੰਟ ਸਕੀਮ ਨਾਲ ਸਰਕਾਰ ਦੇ ਖੇਤੀਬਾੜੀ ਵਿਭਾਗ, ਇੰਡਸਟਰੀ ਵਿਭਾਗ, ਸਹਿਕਾਰਤਾ, ਖੁਰਾਕ ਅਤੇ ਸਪਲਾਈ ਵਿਭਾਗ, ਸਿਹਤ ਵਿਭਾਗ, ਪਸ਼ੂ ਪਾਲਣ ਵਿਭਾਗ, ਮਾਲ ਵਿਭਾਗ, ਆਂਗਣਵਾੜੀ ਬਾਲ ਵਿਕਾਸ ਅਤੇ ਇਸਤਰੀ ਵਿਕਾਸ ਵਿਭਾਗ ਦਾ ਸਬੰਧ ਸੀ। ਇਨ੍ਹਾਂ ਵਿਭਾਗਾਂ ਵੱਲੋਂ ਆਪਣੀਆਂ-ਆਪਣੀਆਂ ਗਤੀਵਿਧੀਆਂ ਇਨ੍ਹਾਂ ਫੋਕਲ ਪੁਆਇੰਟਾਂ ਵਿੱਚ ਨਾ ਲਿਜਾਣ ਕਰਕੇ ਇਸ ਸਕੀਮ ਨੂੰ ਢਾਹ ਲੱਗਦੀ ਰਹੀ ਹੈ। ਸਰਕਾਰ ਹੁਣ ਦੁਬਾਰਾ ਇਸ ਸਕੀਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹਰ ਮੁਮਕਿਨ ਕੋਸ਼ਿਸ਼ ਕਰ ਰਹੀ ਹੈ।

**ਕੈਪਟਨ ਬਲਬੀਰ ਸਿੰਘ ਬਾਠ** : ਸਰ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੈਂ ਇਨ੍ਹਾਂ ਦੀ ਵਰਕਿੰਗ ਬਾਰੇ ਨਹੀਂ ਪੁੱਛਿਆ ਸੀ। ਮੈਂ ਤਾਂ ਪੁੱਛਿਆ ਸੀ ਕਿ ਜਿਨ੍ਹਾਂ ਪੰਚਾਇਤਾਂ ਕੋਲ ਜ਼ਮੀਨ ਹੈ ਨਹੀਂ, ਉਨ੍ਹਾਂ ਸਾਰੇ ਪਿੰਡਾਂ ਦੀ ਆਮਦਨ ਦਾ ਸਾਧਨ, ਆਮਦਨ ਦਾ ਸਰੋਤ ਖਤਮ ਹੋ ਗਿਆ ਹੈ, ਉਨ੍ਹਾਂ ਬਾਰੇ ਇਹ ਕੁਝ ਸੋਚਣ, ਬਿਆਨ ਦੇਣ। ਮੈਂ ਇਹ ਪੁੱਛਣਾ ਚਾਹੁੰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਇਹ ਸਕੀਮ ਚਾਲੂ ਹੋਈ ਸੀ, ਉਸ ਵੇਲੇ ਪੰਚਾਇਤਾਂ ਨੇ ਖ਼ੁਸ਼ੀ ਨਾਲ ਇਹ ਜ਼ਮੀਨ ਆਪਣੇ ਆਪ ਦਿੱਤੀ ਸੀ। ਹੁਣ ਜੇਕਰ ਫੋਕਲ ਪੁਆਇੰਟ ਨਹੀਂ ਚੱਲੇ ਅਤੇ ਉਹ ਆਪਣੀ ਜ਼ਮੀਨ ਵਾਪਸ ਮੰਗਦੇ ਹਨ, ਜੇਕਰ ਇਹੋ ਜਿਹਾ ਕੇਸ ਹੋਵੇ ਤਾਂ ਇਹ ਸਾਡੇ ਧਿਆਨ ਵਿੱਚ ਲਿਆਉਣ, ਉਸ ਦੇ ਵਾਸਤੇ ਅਸੀਂ ਵਿਚਾਰ ਕਰ ਸਕਦੇ ਹਾਂ।

**ਸਰਦਾਰ ਸੋਹਣ ਸਿੰਘ ਠੰਡਲ :** ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਕੋਲੋਂ ਜਾਣਨਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ 1977 ਦੀ ਗੌਰਮਿੰਟ ਵੱਲੋਂ. . . .

**ਮਾਨਯੋਗ ਸਪੀਕਰ :** ਠੰਡਲ ਜੀ, ਗੱਲ ਜਿਹੜੀ ਹੈ, ਉਹ ਸਪੱਸ਼ਟ ਹੋ ਗਈ ਹੈ। ਮੰਤਰੀ ਜੀ ਨੇ ਦੱਸਿਆ ਹੈ ਕਿ ਜਿਨ੍ਹਾਂ ਪੰਚਾਇਤਾਂ ਨੇ 20-30 ਏਕੜ ਜ਼ਮੀਨ ਦਿੱਤੀ ਪਰ ਫੋਕਲ ਪੁਆਇੰਟ ਕਾਮਯਾਬ ਨਹੀਂ ਹੋਏ, ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਜੇਕਰ ਉਹ ਲੈਣਾ ਚਾਹੁਣ. . . . . .

**ਸਰਦਾਰ ਸੋਹਣ ਸਿੰਘ ਠੰਡਲ :** ਸਪੀਕਰ ਸਾਹਿਬ, ਮੇਰਾ ਸਵਾਲ ਇਹ ਨਹੀਂ। ਮੇਰੀ ਬੇਨਤੀ ਹੋਰ ਹੈ। ਮੇਰੀ ਬੇਨਤੀ ਇਹ ਹੈ ਕਿ ਫੋਕਲ ਪੁਆਇੰਟਾਂ ਨੂੰ ਅਗਲੀ ਸਰਕਾਰ ਨੇ 'ਫੋਕੇ ਪੁਆਇੰਟ' ਕਹਿ ਕੇ ਕਾਰਵਾਈ ਨਹੀਂ ਕੀਤੀ। ਬਹੁਤ ਸਾਰੇ ਫੋਕਲ ਪੁਆਇੰਟਾਂ ਵਿੱਚ 70-80 ਪ੍ਰਤੀਸ਼ਤ ਕੰਮ ਹੋ ਚੁੱਕਾ ਹੈ। ਬਿਲਡਿੰਗਾਂ ਦਾ ਲੈਂਟਰ ਪਿਆ ਹੈ, ਉਹ ਕੰਪਲੀਟ ਹੋ ਗਈਆਂ ਪਰ ਹੁਣ ਉਹ ਖੰਡਰ ਬਣ ਗਈਆਂ ਹਨ। ਇਹ ਆਪਣੀ ਸਰਕਾਰ ਦਾ ਪ੍ਰੋਜੈਕਟ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੀ ਸਰਕਾਰ ਮੁੜ ਉਨ੍ਹਾਂ ਨੂੰ ਡਿਵੈਲਪ ਕਰਨ ਲਈ ਕੋਈ ਪ੍ਰਬੰਧ ਕਰੇਗੀ ਤਾਂ ਕਿ ਇਹ ਜਿਹੜੀ ਵਧੀਆ ਸਕੀਮ ਲੋਕਾਂ ਨਾਲ ਜੁੜੀ ਹੋਈ ਹੈ, ਮੁੜ ਕੇ ਫੋਕਲ ਪੁਆਇੰਟ ਪੂਰਾ ਕੰਮ ਕਰਨ।

**ਮਾਨਯੋਗ ਸਪੀਕਰ :** ਮੇਨਟੇਨ ਕਰਨ ਵਾਸਤੇ ਕੋਈ ਪ੍ਰੋਗਰਾਮ ਹੈ ?

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੇ ਫੋਕਲ ਪੁਆਇੰਟ ਹਨ, ਉਹ ਲੰਬੇ ਸਮੇਂ ਤੋਂ ਬਣੇ ਹਨ। ਜਿਹੜੀਆਂ ਬਿਲਡਿੰਗਾਂ ਬਣੀਆਂ ਹਨ, ਉਹ ਵੀ ਢਹਿ ਗਈਆਂ ਹਨ। ਕੁਝ ਰਿਪੇਅਰ ਨਹੀਂ ਹੋਈਆਂ। 1998-99 ਤੋਂ ਬਾਅਦ ਯੋਜਨਾਬੰਦੀ ਵਿਭਾਗ ਅਤੇ ਵਿੱਤ ਵਿਭਾਗ ਵੱਲੋਂ ਪੈਸੇ ਨਹੀਂ ਦਿੱਤੇ ਗਏ, ਜਿਸ ਕਰਕੇ ਇਨ੍ਹਾਂ ਦੀ ਰਿਪੇਅਰ ਨਹੀਂ ਹੋ ਸਕੀ। ਇਸ ਵਾਸਤੇ ਮੈਂ ਸਰਕਾਰ ਪਾਸ ਬੇਨਤੀ ਕਰਦਾ ਹਾਂ ਕਿ ਜੇਕਰ ਅਸੀਂ ਆਪਣੀ ਸਕੀਮ ਨੂੰ ਚਾਲੂ ਰੱਖਣਾ ਹੈ ਤਾਂ ਇਸ ਦੇ ਵਾਸਤੇ ਪੈਸੇ ਦਾ ਪ੍ਰਬੰਧ ਜ਼ਰੂਰ ਕਰਨਾ ਚਾਹੀਦਾ ਹੈ।

**ਮਾਨਯੋਗ ਸਪੀਕਰ :** ਬਾਠ ਜੀ, ਕੋਈ ਗੱਲ ਰਹਿ ਗਈ ?

**ਕੈਪਟਨ ਬਲਬੀਰ ਸਿੰਘ ਬਾਠ :** ਸਰ, ਤਸੱਲੀ ਤਾਂ ਹੋਈ ਨਹੀਂ। ਪਾਰਟੀਕੁਲਰਲੀ ਮੈਂ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਪੰਚਾਇਤਾਂ ਦੀ ਆਮਦਨ ਦੇ ਸਾਧਨ ਦੇ ਮੱਦੇ-ਨਜ਼ਰ ਆਰਥਿਕ ਪੱਖ ਦੇ ਬਾਰੇ ਇਹ ਬਿਆਨ ਦੇਣ। ਉਨ੍ਹਾਂ ਨੂੰ ਮਾਰਕੀਟ ਫੀਸ ਵਿੱਚੋਂ ਹਿੱਸਾ ਮਿਲੇ ਜਾਂ ਫਿਰ ਸਪੈਸ਼ਲ ਗਰਾਂਟ ਬਾਰੇ ਜ਼ਰੂਰ ਵਿਚਾਰ ਕਰਨ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਫੋਕਲ ਪੁਆਇੰਟਾਂ ਲਈ ਪੰਚਾਇਤਾਂ ਨੇ ਜ਼ਮੀਨਾਂ ਦਿੱਤੀਆਂ ਸਨ, ਇਹ ਆਪਣੀ ਇੱਛਾ ਮੁਤਾਬਿਕ ਦਿੱਤੀਆਂ ਸਨ। ਉਨ੍ਹਾਂ ਨੇ ਫੋਕਲ ਪੁਆਇੰਟਾਂ ਦੀ ਡਿਵੈਲਪਮੈਂਟ ਵਾਸਤੇ ਆਪ ਇਹ ਜ਼ਮੀਨਾਂ ਦਿੱਤੀਆਂ ਹਨ। ਜੇਕਰ ਇਨ੍ਹਾਂ ਦੇ ਧਿਆਨ ਵਿੱਚ ਐਸਾ ਕੋਈ ਕੇਸ ਹੈ ਕਿ ਪੰਚਾਇਤ ਚਾਹੁੰਦੀ ਹੈ ਕਿ ਸਾਡਾ ਫੋਕਲ ਪੁਆਇੰਟ ਬੰਦ ਹੋ ਗਿਆ ਹੈ ਤੇ ਸਾਡੇ ਕੋਲ ਜ਼ਮੀਨ ਵਾਧੂ ਪਈ ਹੈ ਤਾਂ ਉਹ ਸਾਡੇ ਨਾਲ ਗੱਲਬਾਤ ਕਰਨ, ਵਿਚਾਰ ਕਰਨ। ਉਸ ਦੇ ਨਾਲ ਆਪਾਂ ਵਿਚਾਰ ਕਰ ਸਕਦੇ ਹਾਂ ਕਿ ਕਿਵੇਂ ਕਰਨਾ ਹੈ . . .

**ਮਾਨਯੋਗ ਸਪੀਕਰ** : ਬ੍ਰਹਮਪੁਰਾ ਜੀ, ਤੁਸੀਂ ਬੈਠੋ। ਮੈਂਬਰ ਸਾਹਿਬ ਨੇ ਮਾਰਕੀਟ ਫੀਸ ਵਿਚੋਂ ਪੰਚਾਇਤਾਂ ਦੀ ਆਮਦਨ ਲਈ ਕੁਝ ਹਿੱਸਾ ਰੱਖਣ ਦੀ ਗੱਲ ਕੀਤੀ ਹੈ। ਜਿਸ ਪੰਚਾਇਤ ਵੱਲੋਂ ਸਾਰੀ ਜ਼ਮੀਨ ਵੀ ਦੇ ਦਿੱਤੀ ਗਈ ਤਾਂ ਕੀ ਤੁਹਾਡੇ ਕੋਲ ਇਸ ਤਰ੍ਹਾਂ ਦੀ ਗੱਲ ਵਿਚਾਰ ਅਧੀਨ ਹੈ ਕਿ ਇਨ੍ਹਾਂ ਪੰਚਾਇਤਾਂ ਦੀ ਮਦਦ ਕੀਤੀ ਜਾ ਸਕੇ ?

**ਮੰਤਰੀ** : ਇਸ ਵੇਲੇ ਤਾਂ ਕੋਈ ਨਹੀਂ ਹੈ। ਹਾਂ, ਜੇਕਰ ਇਹ ਦੱਸਣ ਤਾਂ ਅੱਗੇ ਲਈ ਵਿਚਾਰ ਵੀ ਕਰ ਸਕਦੇ ਹਾਂ।

**ਮਾਨਯੋਗ ਸਪੀਕਰ** : ਠੀਕ ਹੈ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ)** : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਨ੍ਹਾਂ ਦੋਹਾਂ ਤੋਂ ਅਲੱਗ ਹੈ। ਸਾਡੇ ਮਸੀਆਈਣਾ ਪਿੰਡ ਹੈ, ਉਥੇ ਫੋਕਲ ਪੁਆਇੰਟ ਬਣਾਇਆ ਗਿਆ ਸੀ। ਉਥੇ ਪਹਿਲਾਂ ਤਾਂ ਪੈਲੀ ਦਾ ਵਟਾਂਦਰਾ ਕੀਤਾ ਗਿਆ ਤੇ ਫਿਰ ਅੱਧ-ਪਚੱਧੀਆਂ ਬਿਲਡਿੰਗਾਂ ਬਣ ਗਈਆਂ। ਉਹ ਜ਼ਮੀਨ ਨਾ ਤਾਂ ਇਹ ਛੱਡ ਸਕਦੇ ਹਨ ਤੇ ਨਾ ਹੀ ਦੇ ਸਕਦੇ ਹਨ। ਇਸ ਦੇ ਬਾਰੇ ਇਨ੍ਹਾਂ ਦਾ ਕੀ ਵਿਚਾਰ ਹੈ ? ਇਹ 20 ਕਿੱਲੇ ਤੋਂ ਵੱਧ ਪੈਲੀ ਹੈ ਅਤੇ ਪਿੰਡ ਦੇ ਵਿਚਕਾਰ ਦਿੱਤੀ ਹੋਈ ਹੈ।

**ਮਾਨਯੋਗ ਸਪੀਕਰ** : ਸਾਹਨੀ ਸਾਹਿਬ, ਤੁਸੀਂ ਬੈਠੋ। ਇਸ ਬਾਰੇ ਉਹ ਪਹਿਲਾਂ ਜਵਾਬ ਦੇ ਚੁੱਕੇ ਹਨ। ਹਾਂ ਜੀ, ਅਗਲਾ ਸਵਾਲ।

---

## ਪੰਜਾਬੀ ਮਜ਼ਦੂਰ ਲਈ ਕੋਟਾ ਨਿਸ਼ਚਿਤ ਕਰਨਾ

*934. **ਸਰਦਾਰ ਇੰਦਰਬੀਰ ਸਿੰਘ** : ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਉਸਾਰੀ ਦੇ ਕੰਮ ਜਿਵੇਂ ਕਿ ਪੁਲ, ਸੜਕਾਂ, ਇਮਾਰਤਾਂ ਆਦਿ ਲਈ ਅਤੇ ਰਾਜ ਵਿਚ ਪ੍ਰਾਈਵੇਟ ਸੈਕਟਰ ਵਿਚ ਸਥਾਪਿਤ ਵੱਡੇ ਉਦਯੋਗਿਕ ਯੂਨਿਟਸ ਲਈ ਵੀ ਪੰਜਾਬ ਦੇ ਮਜ਼ਦੂਰਾਂ ਦਾ ਕੋਟਾ ਨਿਸ਼ਚਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸ਼੍ਰੀ ਤਿਕਸ਼ਨ ਸੂਦ** : ਸ਼੍ਰੀਮਾਨ ਜੀ, ਨਹੀਂ । ਉਸਾਰੀ ਦੇ ਕੰਮ ਜਿਵੇਂ ਕਿ ਪੁਲ, ਸੜਕਾਂ, ਇਮਾਰਤਾਂ ਆਦਿ ਲਈ ਅਤੇ ਰਾਜ ਵਿੱਚ ਪ੍ਰਾਈਵੇਟ ਸੈਕਟਰ ਵਿੱਚ ਸਥਾਪਤ ਵੱਡੇ ਉਦਯੋਗਿਕ ਯੂਨਿਟਾਂ ਲਈ ਪੰਜਾਬ ਦੇ ਆਪਣੇ ਮਜ਼ਦੂਰਾਂ ਦਾ ਕੋਈ ਕੋਟਾ ਨਿਸ਼ਚਿਤ ਨਹੀਂ ਹੈ ਅਤੇ ਨਾ ਹੀ ਕੋਈ ਅਜਿਹੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਵਿਭਾਗ

Original with;
Punjab Vidhan Sabha
Digitized by;
Panjab Digital Library

ਵੱਲੋਂ ਮੁੱਖ ਤੌਰ ਤੇ ਕੇਂਦਰੀ ਸਰਕਾਰ ਵੱਲੋਂ ਬਣਾਏ ਕਿਰਤ ਕਾਨੂੰਨ ਲਾਗੂ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਕਾਨੂੰਨਾਂ ਵਿੱਚ ਪੰਜਾਬ ਦੇ ਕਿਰਤੀਆਂ ਲਈ ਕੋਟਾ ਨਿਸ਼ਚਿਤ ਕਰਨ ਦਾ ਕੋਈ ਪ੍ਰਾਵਧਾਨ ਨਹੀਂ ਹੈ।

**ਸਰਦਾਰ ਇੰਦਰਬੀਰ ਸਿੰਘ** : ਸਪੀਕਰ ਸਾਹਿਬ, ਮੇਰੀ ਮੰਤਰੀ ਜੀ ਨੂੰ ਗੁਜ਼ਾਰਿਸ਼ ਹੈ ਕਿ ਇਸ ਮਸਲੇ ਦੇ ਉਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਕੋਈ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ, ਜਿਸ ਵਿਚ ਪੰਜਾਬੀ ਮਜ਼ਦੂਰਾਂ ਲਈ ਘੱਟੋ ਘੱਟ 75 ਫ਼ੀਸਦੀ ਕੋਟਾ ਰਾਖਵਾਂ ਰੱਖਿਆ ਜਾਣਾ ਚਾਹੀਦਾ ਹੈ ਜਿਸ ਨਾਲ ਪੰਜਾਬੀ ਬੇਰੁਜ਼ਗਾਰਾਂ ਨੂੰ ਕੰਮ ਕਰਨ ਦਾ ਮੌਕਾ ਮਿਲ ਸਕੇ ਔਰ ਉਹ ਆਪਣਾ ਜੀਵਨ ਬਤੀਤ ਕਰ ਸਕਣ। ਮੈਂ ਕਿਸੇ ਪਰਵਾਸੀ ਮਜ਼ਦੂਰਾਂ ਦੇ ਖਿਲਾਫ਼ ਗੱਲ ਨਹੀਂ ਕਰ ਰਿਹਾ ਕਿਉਂਕਿ ਉਹ ਵੀ ਹਿੰਦੁਸਤਾਨ ਦੇ ਸੰਵਿਧਾਨ ਅਨੁਸਾਰ ਕਿਤੇ ਵੀ ਜਾ ਕੇ ਕੰਮ ਕਰ ਸਕਦੇ ਹਨ। ਸਾਨੂੰ ਆਪਣੇ ਪੰਜਾਬੀ ਪਰਿਵਾਰਾਂ ਦੇ ਧਿਆਨ ਨੂੰ ਮੁੱਖ ਰੱਖ ਕੇ ਕਦਮ ਚੁੱਕਣੇ ਚਾਹੀਦੇ ਹਨ ਔਰ ਅਜਿਹਾ ਕਾਨੂੰਨ ਲਿਆਉਣਾ ਚਾਹੀਦਾ ਹੈ ਜਿਸ ਨਾਲ ਪੰਜਾਬੀ ਪਰਿਵਾਰਾਂ ਨੂੰ........

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕੀ ਪੁੱਛਣਾ ਚਾਹੁੰਦੇ ਹੋ ?

**ਸਰਦਾਰ ਇੰਦਰਬੀਰ ਸਿੰਘ** : ਕੀ ਇਹ ਕਾਨੂੰਨ ਲਿਆਉਣਗੇ ਕਿ ਸਾਡੇ ਪੰਜਾਬੀ ਭਰਾਵਾਂ ਦੀ ਬਿਹਤਰੀ ਹੋ ਸਕੇ ?

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਆਪ ਹੀ ਕਹਿ ਦਿੱਤਾ ਹੈ ਕਿ ਸਾਡਾ ਸਾਰਿਆਂ ਦਾ ਫੰਡਾਮੈਂਟਲ ਰਾਈਟ ਹੈ ਕਿ ਕੋਈ ਵੀ ਵਿਅਕਤੀ ਕਿਤੇ ਵੀ ਜਾ ਕੇ ਕੰਮ ਕਰ ਸਕਦਾ ਹੈ, ਆਪਣੀ ਪ੍ਰਾਪਰਟੀ ਬਣਾ ਸਕਦਾ ਹੈ, ਕਿੱਤਾ ਕਰ ਸਕਦਾ ਹੈ। ਜੇਕਰ ਇਸ ਤਰ੍ਹਾਂ ਦਾ ਕਾਨੂੰਨ ਬਣਦਾ ਹੈ ਤਾਂ ਸੰਵਿਧਾਨ ਦੀ ਉਲੰਘਣਾ ਵੀ ਹੋਵੇਗੀ ਤੇ ਨੈਸ਼ਨਲ ਇੰਟੈਗਰੇਸ਼ਨ ਨੂੰ ਵੀ ਨੁਕਸਾਨ ਹੋ ਸਕਦਾ ਹੈ। ਬਾਕੀ ਮਹਾਂਰਾਸ਼ਟਰ ਸਰਕਾਰ ਦੇ ਵਿਚ ਜੋ ਹੋਇਆ, ਉਹ ਕੋਈ ਚੰਗੇ ਟੇਸਟ ਦੇ ਵਿਚ ਨਹੀਂ ਹੋਇਆ। ਇਹ ਜਿਹੜਾ ਕੋਈ Construction of Buildings and other Construction Workers Rules of Employment and Condition of Service Act ਹੈ, ਉਸ ਦੇ ਵਿਚ ਵੀ ਕੋਈ ਇਸ ਤਰ੍ਹਾਂ ਦਾ ਪ੍ਰਾਵਧਾਨ ਨਹੀਂ ਹੈ ਕਿ ਅਸੀਂ ਦੋ ਤਰ੍ਹਾਂ ਦੇ ਮਜ਼ਦੂਰਾਂ ਨੂੰ ਕੋਈ ਵੱਖਰੀਆਂ ਸਹੂਲਤਾਂ ਦੇਣੀਆਂ ਹਨ। ਸਪੀਕਰ ਸਾਹਿਬ, ਇਕ ਗੱਲ ਮੈਂ ਇਥੇ ਕਹਿਣਾ ਚਾਹੁੰਦਾ ਹਾਂ ਕਿ ਨਰੇਗਾ ਸਕੀਮ ਸ਼ੁਰੂ ਹੋਣ ਤੋਂ ਬਾਅਦ ਬਾਹਰੋਂ ਮਜ਼ਦੂਰਾਂ ਦੇ ਆਉਣ ਦੀ ਗਿਣਤੀ ਕਾਫ਼ੀ ਘਟ ਰਹੀ ਹੈ। ਕੋਈ ਤਿੰਨ-ਚਾਰ ਲੱਖ ਬਾਹਰੋਂ ਲੇਬਰ ਆਉਂਦੀ ਸੀ ਪਰ ਹੁਣ ਏਨੀ ਜ਼ਿਆਦਾ ਆਉਣੋਂ ਘਟ ਗਈ ਹੈ ਕਿ ਇਸ ਦੇ ਬਾਰੇ ਸਾਨੂੰ ਚਿੰਤਾ ਲੱਗੀ ਹੋਈ ਹੈ ਕਿ ਕਿਤੇ ਖੇਤੀਬਾੜੀ ਦੇ ਧੰਦੇ ਲਈ ਜਾਂ ਕੰਸਟ੍ਰਕਸ਼ਨ ਦੇ ਲਈ ਏਨੀ ਜ਼ਿਆਦਾ ਘਾਟ ਪੈਦਾ ਹੀ ਨਾ ਹੋ ਜਾਵੇ ਕਿ ਸਾਨੂੰ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਜਾਵੇ। ਸਾਡੇ ਮੁੱਖ ਮੰਤਰੀ ਜੀ ਪੰਜਾਬੀ ਨੌਜਵਾਨਾਂ ਦੀ ਇੰਪਲਾਇਮੈਂਟ ਲਈ ਹਮੇਸ਼ਾਂ ਫਿਕਰ ਰੱਖਦੇ ਹਨ। ਸਪੀਕਰ ਸਾਹਿਬ, ਜਦੋਂ ਵੀ ਕੋਈ ਪੰਜਾਬ ਵਿਚ ਮੈਗਾ ਪ੍ਰਾਜੈਕਟ ਪਾਸ ਹੁੰਦਾ ਹੈ ਤਾਂ ਉਨ੍ਹਾਂ ਯੂਨਿਟਾਂ ਵਾਲਿਆਂ ਨੂੰ ਕਿਹਾ ਜਾਂਦਾ ਹੈ, ਪ੍ਰੇਰਿਤ ਕੀਤਾ ਹੈ, ਪਰਸਿਊ ਕੀਤਾ ਜਾਂਦਾ ਹੈ ਕਿ ਤੁਸੀਂ ਜ਼ਿਆਦਾਤਰ ਪੰਜਾਬੀਆਂ ਨੂੰ ਇੰਪਲਾਇਮੈਂਟ ਦੇਣੀ ਹੈ ਅਤੇ ਜੇਕਰ ਪੰਜਾਬੀ ਨਾ ਮਿਲਣ ਤਾਂ ਦੂਜਿਆਂ ਨੂੰ ਰੋਜ਼ਗਾਰ ਦੇਣਾ ਹੈ। ਸਰਕਾਰ ਪ੍ਰੇਰਨਾ ਦੇ ਤੌਰ ਤੇ ਇਨ੍ਹਾਂ ਯੂਨਿਟਾਂ ਵਾਲਿਆਂ ਨੂੰ ਕਹਿੰਦੀ ਹੈ ਪਰ ਕੋਈ ਕਾਨੂੰਨ ਬਣਾਉਣਾ ਸੰਭਵ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਇੰਦਰਬੀਰ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੰਜਾਬੀ ਮਜ਼ਦੂਰਾਂ ਲਈ ਪਹਿਲ ਦੇ ਆਧਾਰ ਤੇ ਰਾਖਵਾਂਕਰਨ ਰੱਖਣਗੇ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਜਵਾਬ ਦੇ ਚੁੱਕਾ ਹਾਂ। ਕਾਨੂੰਨ ਨਾਲ ਅਜਿਹਾ ਨਹੀਂ ਕਰ ਸਕਦੇ ਅਤੇ ਨਾ ਹੀ ਹੋਣਾ ਹੈ। ਅਜਿਹੀ ਕੋਈ ਗੱਲ ਸਾਡੇ ਵਿਚਾਰ ਅਧੀਨ ਵੀ ਨਹੀਂ ਹੈ। ਇਹ ਤਜਰਬਾ ਕਈ ਥਾਵਾਂ ਤੇ ਠੀਕ ਸਾਬਤ ਵੀ ਨਹੀਂ ਹੋਇਆ ਪਰ ਅਸੀਂ ਨਵੇਂ ਯੂਨਿਟਾਂ ਨੂੰ ਅਤੇ ਮੈਗਾ ਪ੍ਰਾਜੈਕਟ ਜਿਨ੍ਹਾਂ ਨੂੰ ਅਸੀਂ ਮਨਜ਼ੂਰੀ ਦਿੰਦੇ ਹਾਂ ਪਰਸੁਏਡ ਜ਼ਰੂਰ ਕਰਦੇ ਹਾਂ ਕਿ ਪੰਜਾਬੀਆਂ ਨੂੰ ਤੁਸੀਂ ਪਹਿਲ ਦੇ ਅਧਾਰ ਤੇ ਕੰਮ ਦਿਓ। ਜੇਕਰ ਪੰਜਾਬੀ ਨਹੀਂ ਹਨ ਤਾਂ ਬਾਹਰਲਿਆਂ ਨੂੰ ਕੰਮ ਦਿਓ ਅਤੇ ਉਹ ਸਾਡੀ ਗੱਲ ਮੰਨਦੇ ਹਨ।

**ਸਰਦਾਰ ਇਕਬਾਲ ਸਿੰਘ ਝੂੰਦਾਂ** : ਸਪੀਕਰ ਸਾਹਿਬ, ਹਿਮਾਚਲ ਸਰਕਾਰ ਨੇ ਇਸ ਸਬੰਧ ਵਿੱਚ ਆਪਣੇ ਵੱਲੋਂ ਇੱਕ ਕਾਨੂੰਨ ਬਣਾਇਆ ਹੈ ਜਿਸ ਤਹਿਤ ਉਨ੍ਹਾਂ ਨੇ ਹਿਮਾਚਲ ਦੇ ਰਹਿਣ ਵਾਲੇ ਮਜ਼ਦੂਰਾਂ ਦੇ ਹੱਕ ਸੁਰੱਖਿਅਤ ਰੱਖੇ ਹਨ। ਉਨ੍ਹਾਂ ਦੀ ਰਿਜ਼ਰਵੇਸ਼ਨ ਵੀ ਇੰਡਸਟਰੀ ਵਿੱਚ ਨਿਸ਼ਚਿਤ ਕੀਤੀ ਹੈ। ਕੀ ਹਿਮਾਚਲ ਦੀ ਤਰਜ਼ ਤੇ ਪੰਜਾਬ ਸਰਕਾਰ ਕੋਈ ਅਜਿਹਾ ਵਿਚਾਰ ਰੱਖਦੀ ਹੈ ? ਪੰਜਾਬ ਵਿੱਚ ਅਜਿਹੀ ਕੋਈ ਸਕੀਮ ਕਿਉਂ ਨਹੀਂ ਲਾਗੂ ਹੋ ਸਕਦੀ ਜਦਕਿ ਪੰਜਾਬ ਦੇ ਮਜ਼ਦੂਰ ਬੇਰੁਜ਼ਗਾਰ ਫਿਰਦੇ ਹਨ। ਪੰਜਾਬ ਵਿੱਚ ਵੀ ਹਿਮਾਚਲ ਦੀ ਤਰਜ਼ ਤੇ ਕਾਨੂੰਨ ਬਣਨਾ ਚਾਹੀਦਾ ਹੈ, ਕੀ ਮੰਤਰੀ ਜੀ ਇਸ ਸਬੰਧੀ ਕੋਈ ਵਿਚਾਰ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਅਜਿਹਾ ਕੁਝ ਧਿਆਨ ਵਿੱਚ ਤਾਂ ਨਹੀਂ ਆਇਆ। ਅਸੀਂ ਦੇਖ ਲਵਾਂਗੇ ਜੇਕਰ ਐਸਾ ਕੁਝ ਹੈ। ਪਰ ਜੇਕਰ ਅਸੀਂ ਪੰਜਾਬ ਵਿੱਚ ਐਸੀਆਂ ਕੋਈ ਰਿਸਟ੍ਰਿਕਸ਼ਨਜ਼ ਲਾਵਾਂਗੇ ਤਾਂ ਉਸ ਦਾ ਚੰਗਾ ਅਸਰ ਨਹੀਂ ਪਵੇਗਾ। ਸੋ, ਅਸੀਂ ਇਹ ਵੀ ਦੇਖ ਲਵਾਂਗੇ ਕਿ ਉਨ੍ਹਾਂ ਨੇ ਕੀ ਕੀਤਾ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ** : ਸਪੀਕਰ ਸਾਹਿਬ, ਮੇਰੀ ਵੀ ਇਸੇ ਸਬੰਧ ਵਿੱਚ ਬੇਨਤੀ ਹੈ ਕਿ ਪਿਛਲੇ ਸਾਲਾਂ ਦੇ ਰਿਕਾਰਡ ਜੇਕਰ ਤੁਸੀਂ ਦੇਖੋ ਤਾਂ ਜਦੋਂ ਫ਼ਸਲਾਂ ਦੀ ਕਟਾਈ ਬੰਦ ਹੁੰਦੀ ਹੈ, ਪ੍ਰਵਾਸੀ ਮਜ਼ਦੂਰ ਜਦੋਂ ਆਪਣੇ ਘਰ ਮੁੜਦਾ ਹੈ ਤਾਂ ਜਿਹੜਾ ਸਾਡਾ ਏਰੀਆ ਜਾਂ ਕੋਈ ਬਾਰਡਰ ਦਾ ਏਰੀਆ ਹੈ ਜਾਂ ਚੰਡੀਗੜ੍ਹ ਸਾਈਡ ਹੋਵੇ, ਉਸ ਏਰੀਏ ਵਿੱਚ ਉਹ ਮਜ਼ਦੂਰ ਜਾਣ ਲੱਗਿਆਂ ਬਹੁਤ ਸਾਰੀਆਂ ਵਾਰਦਾਤਾਂ ਕਰ ਜਾਂਦੇ ਹਨ। ਅਸਲ ਵਿੱਚ ਗੱਲ ਇਹ ਹੈ ਕਿ ਮਜ਼ਦੂਰਾਂ ਨਾਲ ਏਰੀਏ ਦੇ ਕੁਝ ਕ੍ਰਿਮੀਨਲ ਵੀ ਪੰਜਾਬ ਵਿੱਚ ਆ ਜਾਂਦੇ ਹਨ ਅਤੇ ਵਾਰਦਾਤਾਂ ਕਰਕੇ ਲੁੱਟ-ਖਸੁੱਟ ਕਰਕੇ ਚਲੇ ਜਾਂਦੇ ਹਨ। ਜਿਹੜੇ ਮਜ਼ਦੂਰ ਇੱਥੇ ਆਉਂਦੇ ਹਨ, ਉਹ ਸਭ ਤੋਂ ਪਹਿਲਾਂ ਆ ਕੇ ਥਾਣੇ ਵਿੱਚ ਆਪਣੀ ਹਾਜ਼ਰੀ ਲਗਾਉਣ ਕਿ ਮੈਂ ਪੰਜਾਬ ਵਿੱਚ ਆਇਆ ਹਾਂ, ਉਸ ਦਾ ਕੋਈ ਆਈਡੈਂਟਿਟੀ ਕਾਰਡ ਬਣਾਇਆ ਜਾਵੇ, ਜਿਹੜਾ ਬੰਦਾ ਸ਼ੱਕੀ ਪਾਇਆ ਜਾਂਦਾ ਹੈ, ਉਸ ਨੂੰ ਪੁਲਿਸ ਪੁੱਛ ਸਕਦੀ ਹੈ। ਕੀ ਇਸ ਤਰ੍ਹਾਂ ਦੀ ਕੋਈ ਸੋਚ ਸਰਕਾਰ ਲਿਆ ਰਹੀ ਹੈ ਕਿ ਜਿਹੜਾ ਮਜ਼ਦੂਰ ਪੰਜਾਬ ਵਿੱਚ ਆਵੇ, ਉਸ ਦਾ ਆਈਡੈਂਟਿਟੀ ਕਾਰਡ ਬਣਾਇਆ ਜਾਵੇ, ਉਸ ਦੀ ਫੋਟੋ ਉਤਾਰੀ ਜਾਵੇ ਕਿਉਂਕਿ ਜਿਹੜੇ ਘਰਾਂ ਵਿੱਚ ਨੌਕਰ ਹੁੰਦੇ ਹਨ, ਚਾਹੇ ਉਹ ਨੇਪਾਲੀ ਮਜ਼ਦੂਰ ਹਨ, ਉਹ ਕਈ ਵਾਰ ਬੜੀ ਭਾਰੀ ਵਾਰਦਾਤ ਕਰਕੇ ਚਲੇ ਜਾਂਦੇ ਹਨ। ਇਸ ਲਈ ਮੈਂ ਮੰਤਰੀ ਜੀ

Original with;
Punjab Vidhan Sabha
Digitized by;
Panjab Digital Library

ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਤਰ੍ਹਾਂ ਦੇ ਕੋਈ ਆਈਡੈਂਟਿਟੀ ਕਾਰਡ ਉਨ੍ਹਾਂ ਦੀ ਸ਼ਨਾਖਤ ਵਾਸਤੇ ਬਣਾਉਣ ਲਈ ਵਿਚਾਰ ਕਰੇਗੀ ?

**ਮੰਤਰੀ** : ਸਪੀਕਰ ਸਾਹਿਬ, ਆਲਰੇਡੀ ਇੰਟਰ ਸਟੇਟ ਮਾਈਗਰੈਂਟ ਲੇਬਰ ਐਕਟ ਬਣਿਆ ਹੋਇਆ ਹੈ ਅਤੇ ਉਸ ਦੇ ਹੇਠ ਪੰਜਾਬ ਸਰਕਾਰ ਨੇ ਰਜਿਸਟ੍ਰੇਸ਼ਨ ਆਫੀਸਰ ਵੀ ਨਿਯੁਕਤ ਕੀਤੇ ਹੋਏ ਹਨ। ਜਿੱਥੋਂ ਮਾਈਗ੍ਰੈਂਟ ਲੇਬਰ ਨੇ ਆਉਣਾ ਹੁੰਦਾ ਹੈ, ਉਹ ਉਥੋਂ ਦੇ ਠੇਕੇਦਾਰ ਰਾਹੀਂ ਰਜਿਸਟ੍ਰੇਸ਼ਨ ਕਰਵਾ ਕੇ ਆਪਣਾ ਆਈਡੈਂਟਿਟੀ ਕਾਰਡ ਦਿਖਾ ਕੇ ਆਉਣ ਜਾਂ ਫੇਰ ਪੰਜਾਬ ਵਿੱਚ ਆਪਣਾ ਰਜਿਸਟ੍ਰੇਸ਼ਨ ਕਰਵਾਉਣ । ਸੋ, ਇਸ ਤਰ੍ਹਾਂ ਦਾ ਪ੍ਰਾਵਧਾਨ ਹੈ। ਕਈ ਵਾਰ ਕਈ ਲੋਕ ਆਪਣੇ ਆਪ ਨੂੰ ਲੇਬਰ ਸ਼ੋਅ ਨਹੀਂ ਕਰਦੇ ਅਤੇ ਇੱਥੇ ਆ ਕੇ ਲੋਕੇਸ਼ਨ ਤੇ ਕੰਮ ਸ਼ੁਰੂ ਕਰ ਦਿੰਦੇ ਹਨ ਜਾਂ ਫੇਰ ਉਹ ਸਮਝਦੇ ਹਨ ਕਿ ਇਸ ਤਰ੍ਹਾਂ ਦਾ ਕੋਈ ਕਾਨੂੰਨ ਨਹੀਂ ਹੈ ਪਰ ਅਸੀਂ ਆਈਡੈਂਟਿਟੀ ਕਾਰਡ ਬਾਰੇ ਵਿਚਾਰ ਕਰ ਲਵਾਂਗੇ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਬੜਾ ਸਿੱਧਾ-ਸੁੱਚਾ ਕੰਮ ਹੋ ਸਕਦਾ ਹੈ ਜੇਕਰ ਸਰਕਾਰ ਕਰਨਾ ਚਾਹੇ। ਵਰਕ ਪਰਮਿਟ ਦੇ ਦਿੱਤਾ ਜਾਵੇ। ਜਿਹੜੀ ਲੇਬਰ ਬਾਹਰੋਂ ਆਉਣੀ ਹੈ, ਉਸ ਦਾ ਵਰਕ ਪਰਮਿਟ ਕੱਟਿਆ ਜਾਵੇ ਤਾਂ ਕਿ ਉਸ ਨੇ ਜੋ ਕੰਮ ਕਰਨਾ ਹੈ, ਉਹ ਉਸ ਵਰਕ ਪਰਮਿਟ ਤੇ ਹੋਵੇ। ਇਸ ਨਾਲ ਉਸ ਦੀ ਸਾਰੀ ਆਈਡੈਂਟਿਟੀ ਆ ਜਾਵੇਗੀ ਕਿ ਇਹ ਕਿੱਥੋਂ ਚੱਲਿਆ ਹੈ, ਕੀ ਕੰਮ ਕਰਦਾ ਹੈ। ਜਦੋਂ ਜਾਣ ਲੱਗਦਾ ਹੈ ਤਾਂ ਪਤਾ ਲੱਗ ਜਾਂਦਾ ਹੈ ਕਿ ਛੱਡ ਗਿਆ ਹੈ। ਕੋਈ ਐਸਾ ਵਿਚਾਰ ਸਰਕਾਰ ਦੇ ਧਿਆਨ ਵਿੱਚ ਹੋਣਾ ਚਾਹੀਦਾ ਹੈ। ਪੰਜਾਬ ਵਿੱਚ ਵਰਕ ਪਰਮਿਟ ਹੋਣਾ ਚਾਹੀਦਾ ਹੈ, ਫੇਰ ਚਾਹੇ ਜਿਹੜਾ ਮਰਜ਼ੀ ਆ ਜਾਵੇ। ਇਸ ਨਾਲ ਕੋਈ ਕਾਨੂੰਨ ਦੀ ਉਲੰਘਣਾ ਵੀ ਨਹੀਂ ਹੈ। ਮੇਰੀ ਬੇਨਤੀ ਹੈ ਕਿ ਵਰਕ ਪਰਮਿਟ ਸਿਸਟਮ ਲਾਗੂ ਕਰ ਦਿੱਤਾ ਜਾਵੇ।

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਜਿੰਨੇ ਵੀ ਲੇਬਰ ਲਾਅ ਹਨ, ਇਹ ਸੈਂਟਰ ਸਰਕਾਰ ਨੇ ਬਣਾਏ ਹਨ ਅਤੇ ਇਸ ਵਿੱਚ ਜਿੰਨੇ ਨਿਯਮ ਲਾਗੂ ਹੁੰਦੇ ਹਨ, ਜੋ ਇਸ ਦਾ ਪ੍ਰੋਫਾਰਮਾ ਹੈ, ਉਹ ਸੈਂਟਰ ਸਰਕਾਰ ਬਣਾਉਂਦੀ ਹੈ। ਉਸ ਵਿੱਚ ਵਰਕ ਪਰਮਿਟ ਦੀ ਕੋਈ ਐਸੀ ਪ੍ਰੋਵੀਜ਼ਨ ਨਹੀਂ ਹੈ। ਸਟੇਟ ਗੌਰਮਿੰਟ ਉਸ ਵਿੱਚ ਕੋਈ ਐਸੀਆਂ ਚੀਜ਼ਾਂ ਪਾ ਨਹੀਂ ਸਕਦੀ ਜਿਹੜੀਆਂ ਕਿ ਸੈਂਟਰ ਦੇ ਐਕਟ ਵਿੱਚ ਨਾ ਹੋਣ। ਜਿਹੜੇ ਇਨ੍ਹਾਂ ਦੇ ਸੁਝਾਅ ਹਨ, ਇਸ ਬਾਰੇ ਮਹਿਕਮਾ ਜ਼ਰੂਰ ਵਿਚਾਰ ਕਰ ਲਵੇਗਾ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 813*

**ਮਾਨਯੋਗ ਸਪੀਕਰ** : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---

## ਨਿਸ਼ਾਨ ਵਾਲੇ ਪ੍ਰਸ਼ਨ ਨੰ: 731 ਅਤੇ 715

(ਸਬੰਧਤ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

---

*Reply not received till 27-1-2010 i.e. the date on which the Debate was sent to the press for its final print.

Original with;
Punjab Vidhan Sabha
Digitized by;
Panjab Digital Library

## ਸਫ਼ਾਈ ਸੇਵਕਾਂ ਦੀਆਂ ਖਾਲੀ ਪਈਆਂ ਆਸਾਮੀਆਂ

*733. **ਸਰਦਾਰ ਅਮਰਜੀਤ ਸਿੰਘ ਸਾਹੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਿਵਲ ਹਸਪਤਾਲ, ਦਸੂਹਾ ਅਤੇ ਸਬ-ਡਿਵੀਜ਼ਨ, ਦਸੂਹਾ ਅਤੇ ਮੁਕੇਰੀਆਂ ਵਿਚ ਪੈਂਦੀਆਂ ਡਿਸਪੈਂਸਰੀਆਂ ਵਿਚ ਦਰਜਾ-IV ਸਫ਼ਾਈ ਸੇਵਕਾਂ (ਕਰਮਚਾਰੀਆਂ) ਦੀਆਂ ਮੰਜ਼ੂਰਸ਼ੁਦਾ ਆਸਾਮੀਆਂ ਕਿੰਨੀਆਂ ਹਨ ਅਤੇ ਇਨ੍ਹਾਂ ਵਿਚ ਅਸਲ ਵਿਚ ਕਿੰਨੇ ਕਰਮਚਾਰੀ ਤਾਇਨਾਤ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਵਿਚੋਂ ਖਾਲੀ ਪਈਆਂ ਆਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਲੋੜੀਂਦੀ ਸੂਚਨਾ ਅਨੁਲੱਗ "ੳ" ਅਨੁਸਾਰ ਉਪਲਬਧ ਹੈ।

### ਅਨੁਲੱਗ "ੳ"

(ੳ) ਦਰਜਾ-4 (ਸਫ਼ਾਈ ਕਰਮਚਾਰੀ) ਦੀਆਂ ਮਨਜ਼ੂਰਸ਼ੁਦਾ ਤੇ ਭਰੀਆਂ ਅਸਾਮੀਆਂ

| ਲੜੀ ਨੰ: | ਸੰਸਥਾ | ਮਨਜ਼ੂਰਸ਼ੁਦਾ | ਭਰੀਆਂ | ਖਾਲੀ |
|---|---|---|---|---|
| 1 | ਸਿਵਲ ਹਸਪਤਾਲ, ਦਸੂਹਾ | 7 | 7 | — |

ਅਤੇ ਸਿਹਤ ਵਿਭਾਗ ਦੀ ਕੋਈ ਵੀ ਡਿਸਪੈਂਸਰੀ (ਸਬ ਸਿਡਰੀ ਹੈਲਥ ਸੈਂਟਰ) ਸਬ-ਡਵੀਜ਼ਨ ਦਸੂਹਾ ਅਤੇ ਮੁਕੇਰੀਆਂ ਦੇ ਅਧੀਨ ਕੰਮ ਨਹੀਂ ਕਰ ਰਹੀ ਹੈ।

(ਅ) ਦਰਜਾ-4 (ਸਫ਼ਾਈ ਕਰਮਚਾਰੀ) ਕਰਮਚਾਰੀਆਂ ਦੀਆਂ ਅਸਾਮੀਆਂ ਮਨਜ਼ੂਰਸ਼ੁਦਾ ਗਿਣਤੀ ਅਨੁਸਾਰ ਭਰੀਆਂ ਗਈਆਂ ਹਨ ਅਤੇ ਕੋਈ ਅਸਾਮੀ ਖਾਲੀ ਨਹੀਂ ਹੈ।

**स्पीकर साहिब, सिवल अस्पताल दसूहा में सफाई कर्मचारियों की 7 पोस्टें सैंकशनड हैं लेकिन वहां सात की बजाये आठ पोस्टें भरी हुई हैं । वहां सैंक्शनड पोस्टों की बजाये एक कर्मचारी ज्यादा है । आठ कर्मचारी वहां काम कर रहे हैं । दसूहा इलाके में जो डिस्पैंसरीज़ हैं, वो सेहत विभाग के अंतरगत कोई नहीं है। ये सारी ज़िला परिषद पंचायती राज के अंतरगत हैं ।**

**ਸਰਦਾਰ ਅਮਰਜੀਤ ਸਿੰਘ ਸਾਹੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ

Original with;
Punjab Vidhan Sabha
Digitized by;
Panjab Digital Library

ਹੈ ਕਿ ਸੱਤ ਕਰਮਚਾਰੀਆਂ ਦੀ ਜਗ੍ਹਾ ਉਥੇ 8 ਸਫ਼ਾਈ ਕਰਮਚਾਰੀ ਕੰਮ ਕਰ ਰਹੇ ਹਨ। ਸਪੀਕਰ ਸਾਹਿਬ, ਇਹ ਸੌ ਬੈਡਿਡ ਹਸਪਤਾਲ ਹੈ। ਜਿਹੜੇ ਉਥੇ ਕਲਾਸ-4 ਕਰਮਚਾਰੀ ਕੰਮ ਕਰ ਰਹੇ ਹਨ, ਉਨ੍ਹਾਂ ਵਿਚੋਂ ਇੱਕ ਕਰਮਚਾਰੀ ਲੇਬਰ ਰੂਮ ਵਿਚ, ਇੱਕ ਉਪਰੇਸ਼ਨ ਥੀਏਟਰ ਵਿਚ ਅਤੇ ਤਿੰਨਾਂ ਦੀ ਪੱਕੀ ਡਿਊਟੀ ਐਮਰਜੰਸੀ ਵਾਰਡ ਵਿਚ ਲਗਾਈ ਗਈ ਹੈ। ਜਿਹੜੇ ਦਿਨ ਰਾਤ ਦੀ ਡਿਊਟੀ ਕਰਦੇ ਹਨ। ਇੱਕ ਸਫ਼ਾਈ ਕਰਮਚਾਰੀ ਦੀ ਡਿਊਟੀ ਆਊਟ ਡੋਰ ਵਿਚ ਲਗਾਈ ਗਈ ਹੈ। ਸੱਤ ਵਾਰਡਾਂ ਨੂੰ ਛੱਡ ਕੇ ਬਾਕੀ ਵਾਰਡ ਭਾਵੇਂ ਕਿ ਉਹ ਲੇਬਰ ਰੂਮ ਹੈ, ਭਾਵੇਂ ਮੈਡੀਕਲ ਵਾਰਡ ਹੈ ਜਾਂ ਸਰਜੀਕਲ ਵਾਰਡ ਹੈ, ਸਫ਼ਾਈ ਲਈ ਬਾਕੀ ਕਿਸੇ ਵੀ ਹੋਰ ਵਾਰਡ ਵਿੱਚ ਕੋਈ ਸਫ਼ਾਈ ਕਰਮਚਾਰੀ ਤੈਨਾਤ ਨਹੀਂ ਹੈ। 31 ਦਸੰਬਰ, 2008 ਤੱਕ ਕੰਟਰੈਕਟ ਬੇਸਿਸ ਤੇ ਇਸ ਹਸਪਤਾਲ ਵਿਚ ਸਫਾਈ ਕਰਵਾਈ ਜਾਂਦੀ ਸੀ। ਉਥੇ ਜੋ ਵੀ ਠੇਕੇਦਾਰ ਕੰਮ ਕਰਦਾ ਸੀ, ਉਸ ਨੇ ਤਕਰੀਬਨ 14-15 ਸਫਾਈ ਕਰਮਚਾਰੀ, ਇਨ੍ਹਾਂ ਕਰਮਚਾਰੀਆਂ ਤੋਂ ਇਲਾਵਾ ਰੱਖੇ ਹੋਏ ਸਨ। ਇਨ੍ਹਾਂ ਦੇ 4 ਕਰਮਚਾਰੀ ਸਰਕਾਰੀ ਸਨ, ਹੋਰ 14 ਕਰਮਚਾਰੀ ਵੀ ਸਨ ਜੋ ਕਿ ਸਫ਼ਾਈ ਦਾ ਹੀ ਕੰਮ ਕਰਦੇ ਸਨ। ਸੱਤ ਕਰਮਚਾਰੀ ਸਫਾਈ ਦੇ ਕੰਮ ਲਈ ਥੋੜ੍ਹੇ ਹਨ। ਇਹ ਥੋੜ੍ਹੇ ਹੋਣ ਕਾਰਨ ਪੂਰੀ ਤਰ੍ਹਾਂ ਕੰਮ ਨਹੀਂ ਚਲ ਰਿਹਾ। ਹੁਸ਼ਿਆਰਪੁਰ ਵਿਚ 200 ਬੈਡਿਡ ਹਸਪਤਾਲ ਹੈ, ਉਥੇ 33 ਪੋਸਟਾਂ ਹਨ। ਦਸੂਹਾ ਵਿਚ ਸੌ ਬੈਡਿਡ ਦਾ ਹਸਪਤਾਲ ਹੈ, ਉਥੇ ਟੈਲੀ ਮੈਡੀਸਨ ਵਿਭਾਗ ਹੈ, ਡਾਇਲਿਸਸ ਦਾ ਪ੍ਰਬੰਧ ਹੈ, ਏਡਜ਼ ਸਬੰਧੀ ਵੀ ਵਿਭਾਗ ਹੈ। ਮੈਂ ਡਿਟੇਲ ਵਿਚ ਇਸ ਲਈ ਦੱਸ ਰਿਹਾ ਹਾਂ ਕਿਉਂਕਿ ਮੰਤਰੀ ਜੀ ਨੇ ਕਿਹਾ ਹੈ ਕਿ ਸੱਤ ਕਰਮਚਾਰੀ ਪੂਰੇ ਹਨ ਬਲਕਿ ਉਨ੍ਹਾਂ ਦੀ ਜਗ੍ਹਾ 8 ਕੰਮ ਕਰ ਰਹੇ ਹਨ। ਮੈਂ ਇਨ੍ਹਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਉਥੇ ਜ਼ਿਆਦਾ ਕਰਮਚਾਰੀ ਚਾਹੀਦੇ ਹਨ, ਇੰਨੀਆਂ ਥੋੜ੍ਹੀਆਂ ਪੋਸਟਾਂ ਨਾਲ ਕੰਮ ਨਹੀਂ ਚਲ ਰਿਹਾ। ਠੀਕ ਤਰ੍ਹਾਂ ਗੁਜ਼ਾਰਾ ਨਹੀਂ ਹੋ ਰਿਹਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਗਿਣਤੀ ਵਧਾ ਕੇ 14 ਜਾਂ 15 ਕਰ ਦਿੱਤੀ ਜਾਵੇ, ਕੀ ਇਹ ਇਨ੍ਹਾਂ ਸਫ਼ਾਈ ਕਰਮਚਾਰੀਆਂ ਦੀ ਗਿਣਤੀ ਵਧਾਉਣਗੇ ਜਾਂ ਨਹੀਂ ?

**मंत्री** : स्पीकर साहिब, इनका सवाल सिर्फ इतना था कि कितने कर्मचारियों की पोस्टें सैंकशनड हैं और कितने वहां काम कर रहे हैं ? उसका जवाब दे दिया था। मुझे भी मालूम है कि इतने बड़े अस्पताल में दो-तीन कर्मचारी और चाहिये। मैं कैबिनट से और मुख्य मंत्री से सैंक्शन लेकर वहां पर कुछ और कर्मचारी बढ़ाने का प्रयास करूगी, सिर्फ प्रयास ही नहीं होगा, पक्का भरना भी है।

**ਸਰਦਾਰ ਅਮਰਜੀਤ ਸਿੰਘ ਸਾਹੀ** : ਦੋ-ਤਿੰਨ ਹੋਰ ਨਾਲ ਗੱਲ ਨਹੀਂ ਬਣਨੀ, ਬਲਕਿ ਗਿਣਤੀ ਪਹਿਲਾਂ ਕੰਮ ਕਰ ਰਹੇ ਕਰਮਚਾਰੀਆਂ ਤੋਂ ਡਬਲ ਹੋਣੀ ਚਾਹੀਦੀ ਹੈ। ਸੱਤ ਦੀ ਜਗ੍ਹਾ ਘੱਟੋ-ਘੱਟ ਇਨ੍ਹਾਂ ਨੂੰ 14 ਕਰੋ ਕਿਉਂਕਿ ਉਥੇ ਵਾਰਡਾਂ ਦੀ ਗਿਣਤੀ ਕਾਫ਼ੀ ਹੈ। ਹਰ ਵਾਰਡ ਦੀ ਸਫ਼ਾਈ ਲਈ ਅਲੱਗ-ਅਲੱਗ ਸਫ਼ਾਈ ਕਰਮਚਾਰੀ ਹੋਣਾ ਚਾਹੀਦਾ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦੀ ਹਾਂ ....................

**ਮਾਨਯੋਗ ਸਪੀਕਰ** : ਪਹਿਲਾਂ ਉਨ੍ਹਾਂ ਨੂੰ ਸਵਾਲ ਪੂਰਾ ਕਰ ਲੈਣ ਦਿਓ। ਜਵਾਬ ਬਾਅਦ ਵਿਚ ਦੇ ਦੇਣਾ।

Original with;
Punjab Vidhan Sabha
Digitized by;
Panjab Digital Library

ਮੰਤਰੀ : ਠੀਕ ਹੈ ਜੀ। ਉਨ੍ਹਾਂ ਦਾ ਸਵਾਲ ਹੀ ਲੰਬਾ ਸੀ।

**ਸਰਦਾਰ ਅਮਰਜੀਤ ਸਿੰਘ ਸਾਹੀ** : ਸਪੀਕਰ ਸਾਹਿਬ, ਦੋ-ਤਿੰਨ ਵਿਭਾਗ ਤਾਂ ਬਹੁਤ ਹੀ ਅਹਿਮ ਹਨ ਜਿਨ੍ਹਾਂ ਵਿਚ ਪੱਕੇ ਤੌਰ ਤੇ ਅਲੱਗ ਸਫ਼ਾਈ ਕਰਮਚਾਰੀ ਚਾਹੀਦੇ ਹਨ। ਜਿਵੇਂ ਕਿ ਲੇਬਰ ਰੂਮ ਹੈ, ਜਿਥੇ ਕਿ ਲੇਡੀਜ਼ ਨੇ ਜਾਣਾ ਹੁੰਦਾ ਹੈ, ਭੈਣ ਜੀ ਤਾਂ ਇਸ ਦੇ ਹਾਲਾਤ ਬਾਰੇ ਬਿਹਤਰ ਜਾਣਦੇ ਹੋਣਗੇ।

**ਮਾਨਯੋਗ ਸਪੀਕਰ** : ਸਵਾਲ ਕਰੋ ਜੀ।

**ਸਰਦਾਰ ਅਮਰਜੀਤ ਸਿੰਘ ਸਾਹੀ** : 14-15 ਪੋਸਟਾਂ ਘੱਟੋ-ਘੱਟ ਉਥੇ ਚਾਹੀਦੀਆਂ ਹਨ।

**मंत्री** : अभी दो से ज्यादा नहीं हो सकते, बाकी के बारे में विचार किया जायेगा ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 874

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## ਆਦਮਪੁਰ ਅਤੇ ਭੋਗਪੁਰ ਬਲਾਕਾਂ ਵਿਚ ਬਸ ਸਰਵਿਸ ਮੁੜ ਆਰੰਭ ਕਰਨਾ

*912. **ਸਰਦਾਰ ਸਰਬਜੀਤ ਸਿੰਘ ਮੱਕੜ** : ਕੀ ਟ੍ਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਆਦਮਪੁਰ ਅਤੇ ਭੋਗਪੁਰ ਬਲਾਕਾਂ ਦੇ ਪਿੰਡਾਂ ਨੂੰ ਬਸ ਸਰਵਿਸ ਕਿਸ ਸਮੇਂ ਤੋਂ ਬੰਦ ਕਰ ਦਿੱਤੀ ਗਈ ਹੈ ਅਤੇ ਉਕਤ ਬਸ ਸਰਵਿਸ ਨੂੰ ਜਲਦੀ ਮੁੜ ਆਰੰਭ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਬਲਾਕਾਂ ਦੇ ਪਿੰਡਾਂ ਵਿਚ ਬਸ ਸਰਵਿਸ ਲਈ ਕੁਝ ਨਵੇਂ ਰੂਟ ਮਨਜ਼ੂਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਮਾਸਟਰ ਮੋਹਨ ਲਾਲ** : (ੳ) ਪੰਜਾਬ ਰੋਡਵੇਜ਼ ਦੀ ਆਦਮਪੁਰ ਅਤੇ ਭੋਗਪੁਰ ਬਲਾਕਾਂ ਦੇ ਪਿੰਡਾਂ ਵਿੱਚ ਸਾਲ 2000 ਤੱਕ ਬੱਸ ਸੇਵਾ ਚਲਾਈ ਜਾਂਦੀ ਸੀ। ਇਹ ਰੂਟ ਘਾਟੇਵੰਦ ਹੋਣ ਕਰਕੇ ਸਾਲ 2000 ਅਤੇ ਉਸ ਤੋਂ ਬਾਅਦ ਵਿੱਚ ਰੂਟ ਪਰਮਿਟ ਸਰੰਡਰ ਕਰਨ ਉਪਰੰਤ ਬੱਸ ਸੇਵਾ ਬੰਦ ਕਰ ਦਿੱਤੀ ਗਈ ਹੈ। ਇਨ੍ਹਾਂ ਰੂਟਾਂ ਤੇ ਪੰਜਾਬ ਰੋਡਵੇਜ਼/ਪਨਬੱਸ

Original with;
Punjab Vidhan Sabha
Digitized by;
Panjab Digital Library

ਦੁਬਾਰਾ ਬੱਸ ਸੇਵਾ ਆਰੰਭ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। ਬੰਦ ਕੀਤੇ ਰੂਟਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਰੂਟ ਦਾ ਨਾਂ | ਪਰਮਿਟ ਜਮ੍ਹਾਂ ਕਰਨ ਦਾ ਸਮਾਂ | ਡਿਪੂ ਦਾ ਨਾਂ ਪੰਜਾਬ ਰੋਡਵੇਜ਼ |
|---|---|---|---|
| 1 | ਹੁਸ਼ਿਆਰਪੁਰ ਤੋਂ ਸੁਸਾਂ-ਬੁਲੋਵਾਲ | ਸਾਲ 2001 | ਹੁਸ਼ਿਆਰਪੁਰ |
| 2 | ਹੁਸ਼ਿਆਰਪੁਰ-ਭੋਗਪੁਰ ਵਾ: ਮਾਣਕ ਢੇਰੀ, ਨੰਗਲ ਖੁਰੇ | ਸਾਲ 2001 | ਹੁਸ਼ਿਆਰਪੁਰ |
| 3 | ਹੁਸ਼ਿਆਰਪੁਰ-ਡਰੋਲੀ ਕਲਾਂ ਵਾ : ਆਦਮਪੁਰ | ਸਾਲ 2001 | ਹੁਸ਼ਿਆਰਪੁਰ |
| 4 | ਜਲੰਧਰ-ਆਦਮਪੁਰ, ਭੋਗਪੁਰ | ਸਾਲ 2001 | ਜਲੰਧਰ-1 |
| 5 | ਆਦਮਪੁਰ-ਭੋਗਪੁਰ | ਸਾਲ 2003 | ਜਲੰਧਰ-1 |
| 6 | ਜਲੰਧਰ-ਭਦਿਆਣਾ | ਸਾਲ 2000 | ਜਲੰਧਰ-1 |
| 7 | ਜਲੰਧਰ-ਕਠਾਰ, ਬੁਲੋਵਾਲ | ਸਾਲ 2000 | ਜਲੰਧਰ-1 |
| 8 | ਜਲੰਧਰ-ਡਰੋਲੀ | ਸਾਲ 2000 | ਜਲੰਧਰ-1 |
| 9 | ਜਲੰਧਰ-ਆਦਮਪੁਰ, ਨਡਾਲੋਂ | ਸਾਲ 2000 | ਜਲੰਧਰ-1 |
| 10 | ਜਲੰਧਰ-ਸੁਦਾਣਾ | ਸਾਲ 2007 | ਜਲੰਧਰ-1 |

(ਅ) ਇਸ ਸਮੇਂ ਇਨ੍ਹਾਂ ਬਲਾਕਾਂ ਵਿਚ ਨਵੇਂ ਰੂਟ ਪਰਮਿਟ ਦੇਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਇਨ੍ਹਾਂ ਬਲਾਕਾਂ ਵਿਚ ਪੜਾਅ-ਵਾਰ ਲੋੜੀਂਦੀਆਂ ਮਿਨੀ ਬੱਸਾਂ ਚਲਾਈਆਂ ਜਾ ਰਹੀਆਂ ਹਨ। ਸਕੀਮ ਅਨੁਸਾਰ ਜ਼ਿਲ੍ਹਾ ਟਰਾਂਸਪੋਰਟ ਅਫਸਰ, ਜਲੰਧਰ, ਪਾਸੋਂ ਸਰਵੇ ਕਰਵਾਇਆ ਜਾ ਰਿਹਾ ਹੈ। ਜੇਕਰ ਇਥੇ ਹੋਰ ਬੱਸ ਸੇਵਾ ਚਲਾਉਣ ਦੀ ਜ਼ਰੂਰਤ ਹੋਵੇਗੀ ਤਾਂ ਨਵੀਂ ਬੱਸ ਸੇਵਾ ਸ਼ੁਰੂ ਕਰਨ ਲਈ ਨਵੇਂ ਪਰਮਿਟ ਜਾਰੀ ਕਰਨ ਵਾਸਤੇ ਉਚਿਤ ਸਮੇਂ ਦੇ ਅੰਦਰ-ਅੰਦਰ ਕਾਰਵਾਈ ਕਰ ਦਿੱਤੀ ਜਾਵੇਗੀ।

**ਸਰਦਾਰ ਸਰਬਜੀਤ ਸਿੰਘ ਮੱਕੜ** : ਸਪੀਕਰ ਸਾਹਿਬ, ਮੇਰੀ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਸਾਰੇ ਦੇ ਸਾਰੇ ਪਿੰਡਾਂ ਦੀ ਡਿਮਾਂਡ ਹੈ, ਉਥੇ ਬੱਸ ਸਰਵਿਸ ਜ਼ਰੂਰ ਚਾਹੀਦੀ ਹੈ ਕਿਉਂਕਿ ਭਾਵੇਂ ਪੜ੍ਹਨ ਵਾਲੀਆਂ ਬੱਚੀਆਂ ਹੋਣ ਜਾਂ ਬਜ਼ੁਰਗ ਹੋਣ, ਬੱਸਾਂ ਸਾਰਿਆਂ ਵਾਸਤੇ ਜ਼ਰੂਰੀ ਹਨ। 2001 ਤੋਂ ਇਹ ਰੂਟ ਬੰਦ ਪਏ ਹਨ। ਲੋਕਾਂ ਵਿੱਚ ਬੜੀ ਹਾਹਾਕਾਰ ਹੈ। ਮੈਂ ਮੰਤਰੀ ਸਾਹਿਬ ਨਾਲ ਗੱਲ ਵੀ ਕੀਤੀ ਸੀ ਅਤੇ ਇਹ ਸਵਾਲ ਵੀ ਲਾਇਆ ਹੈ। ਇਹ ਮੇਰੀ ਬੇਨਤੀ ਹੈ ਕਿ ਕਿਉਂਜੋ ਇਨ੍ਹਾਂ ਸਾਰੇ ਪਿੰਡਾਂ ਵਿੱਚ ਹੀ ਬੁਰਾ ਹਾਲ ਹੈ, ਇਸ ਕਰਕੇ ਰੂਟ ਚਲਾਉਣ ਦੀ ਕੋਈ ਪ੍ਰੋਵੀਜ਼ਨ ਬਣਾਈ ਜਾਵੇ। ਇਹ ਰੂਟ ਜਲਦੀ ਚਾਲੂ ਕੀਤੇ ਜਾਣੇ ਚਾਹੀਦੇ ਹਨ। ਕਿਰਪਾ ਕਰਕੇ ਮੰਤਰੀ ਜੀ ਇਸ ਬਾਰੇ ਦੱਸ ਦੇਣ।

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਐਮ.ਐਲ.ਏ. ਸਾਹਿਬ ਨੇ ਬਹੁਤ ਵਧੀਆ ਸਵਾਲ ਕੀਤਾ ਹੈ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਸਾਰੀਆਂ ਬੱਸਾਂ ਇਨ੍ਹਾਂ ਥਾਵਾਂ ਤੇ ਹਾਲੇ ਵੀ ਬੰਦ ਨਹੀਂ ਕੀਤੀਆਂ। 14 ਟਰਿਪ ਹਾਲੇ ਵੀ ਇਨ੍ਹਾਂ ਪਿੰਡਾਂ ਵਿੱਚ ਪੰਜਾਬ ਰੋਡਵੇਜ਼ ਦੇ ਚੱਲਦੇ ਹਨ ਔਰ ਇਸ ਦੇ ਨਾਲ ਨਾਲ ਹੀ 78 ਮਿਨੀ ਬੱਸਾਂ ਨੂੰ ਵੀ ਇਨ੍ਹਾਂ ਰੂਟਾਂ ਲਈ ਪਰਮਿਟ ਦਿੱਤੇ ਹਨ ਅਤੇ ਉਹ ਇਨ੍ਹਾਂ ਰੂਟਾਂ ਤੇ ਚਲਾਈਆਂ ਜਾ ਰਹੀਆਂ ਹਨ। ਪਹਿਲਾਂ ਇਨ੍ਹਾਂ ਰੂਟਾਂ ਤੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਚਲਾਈਆਂ ਜਾ ਰਹੀਆਂ ਸਨ ਪਰ ਇਸ ਵਿੱਚ ਕਾਫੀ ਘਾਟਾ ਪੈ ਰਿਹਾ ਸੀ ਜਿਸ ਕਰਕੇ ਇਹ ਰੂਟ ਬੰਦ ਕਰ ਦਿੱਤੇ ਗਏ। ਮੈਂ ਐਮ.ਐਲ.ਏ. ਸਾਹਿਬ ਦੇ ਧਿਆਨ ਵਿੱਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਰੋਡਵੇਜ਼ ਵਿੱਚ 162 ਕਰੋੜ ਰੁਪਏ ਦਾ ਘਾਟਾ ਸੀ, ਉਸ ਨੂੰ ਅਸੀਂ ਹੌਲੀ-ਹੌਲੀ ਪੂਰਾ ਕਰ ਰਹੇ ਹਾਂ ਅਤੇ ਨਾਲ-ਨਾਲ ਹੀ ਅਸੀਂ ਲੋਕਾਂ ਦੀਆਂ ਲੋੜਾਂ ਵੀ ਪੂਰੀਆਂ ਕਰ ਰਹੇ ਹਾਂ। ਮੈਂ ਮੱਕੜ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਆਪਣੇ ਇਲਾਕੇ ਦੇ ਨੌਜੁਆਨ ਮੁੰਡਿਆਂ ਤੋਂ ਅਪਲਾਈ ਕਰਵਾਉਣ ਅਤੇ ਅਸੀਂ ਸਰਵੇ ਕਰਵਾ ਕੇ ਮਿਨੀ ਬੱਸਾਂ ਦੇ ਹੋਰ ਰੂਟ ਪਰਮਿਟ ਇਨ੍ਹਾਂ ਇਲਾਕਿਆਂ ਵਿਚ ਦੇ ਦਿਆਂਗੇ।

**ਸਰਦਾਰ ਜਗਬੀਰ ਸਿੰਘ ਬਰਾੜ :** ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਰੂਟ ਤਾਂ ਇਸ ਕਰਕੇ ਬੰਦ ਕੀਤੇ ਹਨ ਕਿਉਂਕਿ ਉਹ ਘਾਟੇ ਵਿੱਚ ਚੱਲ ਰਹੇ ਹਨ। ਪ੍ਰਾਫਿਟ ਮੈਕਿੰਗ ਰੂਟ ਤਾਂ ਭੋਗਪੁਰ-ਚੰਡੀਗੜ੍ਹ ਅਤੇ ਜਲੰਧਰ-ਚੰਡੀਗੜ੍ਹ ਵਰਗੇ ਹੀ ਹਨ। ਪਰ ਕੀ ਇਨ੍ਹਾਂ ਦੇ ਵਿਚਾਰ ਅਧੀਨ ਇਹ ਵੀ ਹੈ ਕਿ ਲੋਕਾਂ ਦੀ ਵੈਲਫੇਅਰ ਲਈ ਵੀ ਕੋਈ ਰੂਟ ਚਲਾਉਣੇ ਹਨ ਜਾਂ ਸਿਰਫ ਪ੍ਰਾਫਿਟ ਵਾਸਤੇ ਬੱਸਾਂ ਚਲਾਉਣੀਆਂ ਹਨ ? ਲੋਕਾਂ ਦੀ ਵੈਲਫੇਅਰ ਵਾਸਤੇ ਵੀ ਰੂਟ ਚਲਾਉਣੇ ਚਾਹੀਦੇ ਹਨ। ਅਜਿਹੇ ਬਹੁਤ ਰੂਟਜ਼ ਹਨ ਜਿਹੜੇ ਪ੍ਰਾਫਿਟ ਮੈਕਿੰਗ ਨਹੀਂ ਹਨ, ਇਸ ਪ੍ਰਕਾਰ ਤਾਂ ਹੌਲੀ-ਹੌਲੀ ਪਬਲਿਕ ਟ੍ਰਾਂਸਪੋਰਟ ਸਿਸਟਮ ਖਤਮ ਹੋ ਜਾਵੇਗਾ ਅਤੇ ਸਾਰੇ ਰੂਟ ਬੰਦ ਹੋ ਜਾਣਗੇ। ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਲੋਕਾਂ ਦੀ ਭਲਾਈ ਵਾਸਤੇ, ਵੈਲਫੇਅਰ ਵਾਸਤੇ, ਬੱਚਿਆਂ ਦੀ ਪੜ੍ਹਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਕੀ ਉਹ ਇਨ੍ਹਾਂ ਰੂਟਾਂ ਨੂੰ ਚਲਾਉਣ ਦੀ ਕ੍ਰਿਪਾਲਤਾ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਇਹ ਠੀਕ ਹੈ ਕਿ ਪੰਜਾਬ ਵੈਲਫੇਅਰ ਸਟੇਟ ਹੈ। ਸਪੀਕਰ ਸਾਹਿਬ, ਇਕ ਸਮਾਂ ਆ ਗਿਆ ਸੀ ਕਿ ਕਾਂਗਰਸ ਸਰਕਾਰ ਨੇ ਪੰਜਾਬ ਰੋਡਵੇਜ਼ ਨੂੰ ਬੰਦ ਕਰਨ ਦਾ ਫੈਸਲਾ ਕਰ ਲਿਆ ਸੀ। ਇਹ ਬਾਦਲ ਸਾਹਿਬ ਦੀ ਮੇਹਰਬਾਨੀ ਹੈ ਕਿ ਟ੍ਰਾਂਸਪੋਰਟ ਵਿਭਾਗ ਨੂੰ ਜ਼ਿੰਦਾ ਰੱਖਣ ਵਾਸਤੇ ਅਸੀਂ 'essential services' ਘਟਾ ਕੇ ਬੱਸਾਂ ਚਲਾ ਰਹੇ ਹਾਂ। ਅਜਿਹਾ ਨਹੀਂ ਕਿ ਬੱਸਾਂ ਬੰਦ ਕਰ ਰਹੇ ਹਾਂ। ਜਿਥੇ ਬੱਚਿਆਂ ਨੂੰ ਦਿੱਕਤ ਆ ਰਹੀ ਹੈ, ਉਥੇ ਅਸੀਂ ਰੋਡਵੇਜ਼ ਦੀਆਂ ਬੱਸਾਂ ਦੀ ਜਗ੍ਹਾ ਤੇ ਮਿਨੀ ਬੱਸਾਂ ਚਲਾ ਰਹੇ ਹਾਂ। ਲੋਕਾਂ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਮਿਨੀ ਬੱਸਾਂ ਕਾਫੀ ਹਨ।

**ਸਰਦਾਰ ਸਰਬਜੀਤ ਸਿੰਘ ਮੱਕੜ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਸ ਤਰੀਕੇ ਨਾਲ ਇਨ੍ਹਾਂ ਨੇ ਘਾਟੇ ਕਰਕੇ ਬੱਸਾਂ ਬੰਦ ਕਰ ਦਿੱਤੀਆਂ ਹਨ, ਉਸੇ ਤਰੀਕੇ ਨਾਲ ਮਿਨੀ ਬੱਸਾਂ

Original with;
Punjab Vidhan Sabha
Digitized by;
Panjab Digital Library

ਵੀ ਬੰਦ ਹਨ। ਉਥੇ ਕੋਈ ਇਹ ਬੱਸਾਂ ਨਹੀਂ ਚੱਲ ਰਹੀਆਂ। ਬਰਾੜ ਸਾਹਿਬ ਨੇ ਬੱਚਿਆਂ ਦੇ ਸਬੰਧ ਵਿੱਚ ਚੰਗਾ ਸਵਾਲ ਕੀਤਾ ਹੈ। ਇਸ ਦੇ ਨਾਲ ਹੀ ਸੀਨੀਅਰ ਸਿਟੀਜ਼ਨ, ਬਜ਼ੁਰਗ ਹਨ, ਇਕ ਪਾਸੇ ਤਾਂ ਉਨ੍ਹਾਂ ਨੂੰ ਫਰੀ ਟਿਕਟ ਦੀ ਸਹੂਲਤ ਦਿੰਦੇ ਹਾਂ ਪ੍ਰੰਤੂ ਦੂਜੇ ਪਾਸੇ ਬੱਸਾਂ ਦੀ ਸਰਵਿਸ ਨਹੀਂ ਦਿੱਤੀ ਜਾਂਦੀ। ਉਨ੍ਹਾਂ ਵਾਸਤੇ ਕਿੰਨਾ ਮੁਸ਼ਕਲ ਕੰਮ ਹੈ। ਨਾ ਉਥੇ ਕੋਈ ਰਿਕਸ਼ਾ ਹੈ, ਨਾ ਥਰੀ-ਵੀਲ੍ਹਰਜ਼ ਹਨ। ਇਸ ਲਈ ਬੱਸਾਂ ਦਾ ਪ੍ਰਾਵਧਾਨ ਬਹੁਤ ਜ਼ਰੂਰੀ ਹੈ। ਇਸ ਲਈ ਬੇਨਤੀ ਹੈ ਕਿ ਕੀ ਇਸ ਵਿਸ਼ੇ ਨੂੰ ਆਪਣੀ ਕੈਬਨਿਟ ਵਿੱਚ ਲਿਆ ਕੇ ਉਥੇ ਬੱਸਾਂ ਦਾ ਕੋਈ ਉਚਿਤ ਪ੍ਰਬੰਧ ਕਰੋਗੇ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੂੰ ਕਿਹਾ ਸੀ ਕਿ ਜਿਹੜੇ ਇਨ੍ਹਾਂ ਦੇ ਇਲਾਕੇ ਵਿੱਚ ਗਰੈਜੂਏਟ ਮੁੰਡੇ ਹੋਣ ਔਰ ਜੇਕਰ ਉਹ ਮਿਨੀ ਬੱਸ ਚਲਾਉਣਾ ਚਾਹੁੰਦੇ ਹੋਣ ਤਾਂ ਉਨ੍ਹਾਂ ਦੀ ਗੱਲ ਕਨਸਿਡਰ ਕੀਤੀ ਜਾ ਸਕਦੀ ਹੈ।

**ਸਰਦਾਰ ਸਰਬਜੀਤ ਸਿੰਘ ਮੱਕੜ :** ਸਪੀਕਰ ਸਾਹਿਬ, ਇਹ ਰੂਟ ਜੇਕਰ ਸਰਕਾਰ ਲਈ ਵਾਇਬਲ ਨਹੀਂ ਹੈ, ਪਰਮਿਟ ਵਾਇਬਲ ਨਹੀਂ ਹੈ ਤਾਂ ਜਿਹੜੀਆਂ ਮਿਨੀ ਬੱਸਾਂ ਹਨ, ਵਾਕਿਆ ਹੀ ਇਹ ਰੂਟ ਉਨ੍ਹਾਂ ਲਈ ਵੀ ਵਾਇਬਲ ਨਹੀਂ ਹਨ, ਇਸ ਲਈ ਉਹ ਬਿਲਕੁਲ ਬੰਦ ਹੋ ਗਈਆਂ ਹਨ। ਫਿਰ ਨਵੇਂ ਮੁੰਡੇ ਕਿਵੇਂ ਲੈ ਸਕਦੇ ਹਨ। ਇਹ ਸਰਕਾਰ ਦੇ ਵੱਲੋਂ ਹੀ ਕੋਈ ਪ੍ਰਬੰਧ ਕਰਨ ਦੀ ਜ਼ਰੂਰਤ ਹੈ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ :** ਸਪੀਕਰ ਸਾਹਿਬ...........

**ਮਾਨਯੋਗ ਸਪੀਕਰ :** ਸਾਹਨੀ ਸਾਹਿਬ, ਹਾਲੇ ਠਹਿਰ ਜਾਓ। ਹਾਲੇ ਉਨ੍ਹਾਂ ਦੀ ਗੱਲ ਦਾ ਜਵਾਬ ਨਹੀਂ ਆਇਆ। ਹਾਂ ਜੀ, ਮਾਸਟਰ ਜੀ, ਦੱਸੋ।

**ਮੰਤਰੀ :** ਸਪੀਕਰ ਸਾਹਿਬ, ਮੈਂ ਮੱਕੜ ਸਾਹਿਬ ਦੇ ਸਵਾਲ ਦੇ ਜਵਾਬ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਮਿਨੀ ਬੱਸਾਂ ਉਥੇ ਨਹੀਂ ਚਲਾਈਆਂ ਜਾ ਰਹੀਆਂ, ਅਜਿਹੀ ਕੋਈ ਗੱਲ ਨਹੀਂ ਹੈ। ਬੜੀ ਹੈਰਾਨੀਕੁੰਨ ਗੱਲ ਹੈ। ਆਦਮਪੁਰ ਤੋਂ ਭੋਗਪੁਰ ਰੂਟ ਤੇ 42 ਟ੍ਰਿਪ ਮਿਨੀ ਬੱਸਾਂ ਦੇ ਚੱਲ ਰਹੇ ਹਨ ਔਰ ਹੁਸ਼ਿਆਰਪੁਰ ਡਰੋਲੀ ਕਲਾਂ 8 ਰੀਟਰਨਿੰਗ ਟ੍ਰਿਪ ਚੱਲ ਰਹੇ ਹਨ। ਆਦਮਪੁਰ ਡਰੋਲੀ ਕਲਾਂ 25 ਮਿੰਟ ਬਾਅਦ ਮਿਨੀ ਬੱਸ ਚੱਲ ਰਹੀ ਹੈ। ਹੁਸ਼ਿਆਰਪੁਰ ਤੋਂ ਮਾਨਕਪੁਰ 8 ਟ੍ਰਿਪ ਚੱਲ ਰਹੇ ਹਨ। ਬੁਲੇਵਾਲ ਤੋਂ ਮਾਣਕਪੁਰ 4 ਟ੍ਰਿਪ ਚੱਲ ਰਹੇ ਹਨ। ਹੁਸ਼ਿਆਰਪੁਰ ਤੇ ਜਲੰਧਰ ਵਿਚਕਾਰ, ਜਿਸ ਬਾਰੇ ਇਹ ਸੀਰੀਅਸ ਕੁਐਸਚਨ ਕੀਤਾ ਗਿਆ ਹੈ, ਹੁਸ਼ਿਆਰਪੁਰ ਜਲੰਧਰ ਵਿਚਕਾਰ 10-10 ਮਿੰਟ ਬਾਅਦ ਬੱਸ ਚੱਲ ਰਹੀ ਹੈ। ਕੋਈ ਅਜਿਹੀ ਦਿੱਕਤ ਨਹੀਂ ਹੈ।

**ਮੁੱਖ ਸੰਸਦੀ ਸਕੱਤਰ, ਸਿੱਖਿਆ :** ਸਪੀਕਰ ਸਾਹਿਬ.............

**ਮਾਨਯੋਗ ਸਪੀਕਰ :** ਬੀਬੀ ਜੀ, ਤੁਸੀਂ ਜ਼ਰਾ ਠਹਿਰੋ, ਪਹਿਲਾਂ ਠੰਡਲ ਸਾਹਿਬ ਖੜ੍ਹੇ ਸਨ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੋਹਣ ਸਿੰਘ ਠੰਡਲ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ, ਇਨ੍ਹਾਂ ਨੇ ਬੱਸਾਂ ਦੀ ਗਿਣਤੀ ਦੱਸੀ ਹੈ ਅਤੇ ਇਹ ਵੀ ਦੱਸਿਆ ਕਿ ਰੋਡਵੇਜ਼ ਘਾਟੇ ਵਿੱਚ ਸੀ, ਜਿਸ ਕਰਕੇ ਅਸੀਂ ਪਰਮਿਟ ਬੰਦ ਕਰ ਦਿੱਤੇ ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਕਈ ਅਜਿਹੀਆਂ ਸੇਵਾਵਾਂ ਹਨ, ਚਾਹੇ ਉਹ ਘਾਟੇ ਵਿੱਚ ਹੋਣ ਚਾਹੇ ਉਹ ਵਾਧੇ ਵਿੱਚ ਹੋਣ, ਸਰਕਾਰ ਨੇ ਕਰਨੀਆਂ ਹੀ ਕਰਨੀਆਂ ਹਨ। ਸਵਾਲ ਇਹ ਹੈ ਕਿ ਮਿਨੀ ਬੱਸਾਂ ਦੇ ਪਰਮਿੱਟ ਜਿਹੜੇ ਦਿੱਤੇ ਹਨ, ਕੀ ਉਨ੍ਹਾਂ ਵਿੱਚ ਵਿਦਿਆਰਥੀਆਂ ਨੂੰ ਕੋਈ ਰਾਹਤ ਦਿੱਤੀ ਗਈ ਹੈ। ਕੀ ਉਨ੍ਹਾਂ ਵਿਦਿਆਰਥੀਆਂ ਨੂੰ, ਜਿਨ੍ਹਾਂ ਦੇ ਬੱਸ ਪਾਸ ਬਣੇ ਹੋਏ ਹਨ, ਉਨ੍ਹਾਂ ਨੂੰ ਮਿਨੀ ਬੱਸਾਂ ਵਾਲੇ ਚੜ੍ਹਾਉਂਦੇ ਹਨ ਜਾਂ ਨਹੀਂ ? ਪ੍ਰਾਈਵੇਟ ਬੱਸਾਂ ਵਾਲੇ ਪਾਸਾਂ ਵਾਲੇ ਵਿਦਿਆਰਥੀਆਂ ਨੂੰ ਬੱਸਾਂ ਵਿੱਚ ਨਹੀਂ ਚੜ੍ਹਾਉਂਦੇ, ਜਿਸ ਕਰਕੇ ਇਨ੍ਹਾਂ ਬੱਚਿਆਂ ਵਾਸਤੇ ਬਹੁਤ ਮੁਸ਼ਕਲ ਹੈ। ਮਿਨੀ ਬੱਸਾਂ ਵਾਲਿਆਂ ਨੂੰ ਕਹਿ ਕੇ ਅਜਿਹਾ ਕੋਈ ਇੰਤਜ਼ਾਮ ਕਰਵਾਉ ਕਿ ਇਨ੍ਹਾਂ ਪਾਸਾਂ ਵਾਲੇ ਵਿਦਿਆਰਥੀਆਂ ਨੂੰ ਬੱਸਾਂ ਵਿੱਚ ਚੜ੍ਹਾਉਣ।

**ਮਾਨਯੋਗ ਸਪੀਕਰ** : ਹਾਂ ਜੀ, ਮਾਸਟਰ ਜੀ, ਇਨ੍ਹਾਂ ਨੇ ਵਿਦਿਆਰਥੀਆਂ ਦੀ ਗੱਲ ਕੀਤੀ ਹੈ ਕਿ ਪ੍ਰਾਈਵੇਟ ਬੱਸਾਂ ਵਿੱਚ ਉਨ੍ਹਾਂ ਪਾਸਾਂ ਵਾਲਿਆਂ ਨੂੰ ਨਹੀਂ ਚੜ੍ਹਾਉਂਦੇ, ਕੀ ਕੋਈ ਉਨ੍ਹਾਂ ਦੇ ਸਬੰਧ ਵਿੱਚ ਸਿਸਟਮ ਲਾਗੂ ਕਰਨ ਵਾਸਤੇ ਕੁਝ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਸਾਡੇ ਪੁਰਾਣੇ ਸਾਥੀ ਹਨ। ਮੈਨੂੰ ਇਹ ਉਨ੍ਹਾਂ ਬੱਸਾਂ ਦੇ ਨੰਬਰ ਦੇ ਦੇਣ ਜਿਹੜੇ ਬੱਸਾਂ ਵਾਲੇ ਪਾਸਾਂ ਵਾਲੇ ਵਿਦਿਆਰਥੀਆਂ ਨੂੰ ਨਹੀਂ ਚੜ੍ਹਾਉਂਦੇ, ਅਸੀਂ ਪਰਾਪਰ ਐਕਸ਼ਨ ਲਵਾਂਗੇ।

**ਮਾਨਯੋਗ ਸਪੀਕਰ** : ਏਥੇ ਉਹ ਰੂਟ ਦੀ ਗੱਲ ਨਹੀਂ ਕਰਦੇ, ਉਹ ਜਨਰਲ ਪਾਲਿਸੀ ਦੇ ਮੁਤਾਬਿਕ ਗੱਲ ਕਰ ਰਹੇ ਹਨ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ (ਸ਼੍ਰੀ ਜਗਦੀਸ਼ ਸਾਹਨੀ)** : ਸਪੀਕਰ ਸਾਹਿਬ, ਇਨ੍ਹਾਂ ਨੂੰ ਪਤਾ ਨਹੀਂ ਹੈ, ਕੋਈ ਵੀ ਪ੍ਰਾਈਵੇਟ ਬੱਸਾਂ ਵਾਲੇ ਪਾਸਾਂ ਵਾਲਿਆਂ ਨੂੰ ਨਹੀਂ ਬਿਠਾਉਂਦੇ ਕਿਉਂਕਿ ਪੰਜਾਬ ਸਰਕਾਰ ਨੇ ਪ੍ਰਾਈਵੇਟ ਬੱਸਾਂ ਦਾ ਜਿਹੜਾ ਹਿੱਸਾ ਸੀ, ਉਹ ਅਜੇ ਤੱਕ ਪ੍ਰਾਈਵੇਟ ਬੱਸਾਂ ਵਾਲਿਆਂ ਨੂੰ ਦਿੱਤਾ ਨਹੀਂ। That goes in crores. ਇਹ ਮਾਸਟਰ ਜੀ ਨੂੰ ਪਤਾ ਨਹੀਂ ਹੈ। ਕੋਈ ਮਿਨੀ ਬੱਸਾਂ ਵਾਲੇ ਵੀ ਬਿਲਕੁਲ ਨਹੀਂ ਬਿਠਾਉਂਦੇ, ਵੱਡੀਆਂ ਬੱਸਾਂ ਵਾਲੇ ਵੀ ਨਹੀਂ ਬਿਠਾਉਂਦੇ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕੁੱਝ ਰੂਟ ਸਰੰਡਰ ਕੀਤੇ ਹਨ ਉਨ੍ਹਾਂ ਵਿਚ ਪੰਜਾਬ ਰੋਡਵੇਜ਼ ਨੇ ਔਰ ਪੀ.ਆਰ.ਟੀ.ਸੀ. ਨੇ ਕਿੰਨੇ ਸਰੰਡਰ ਕੀਤੇ ਹਨ ?

**ਮਾਨਯੋਗ ਸਪੀਕਰ** : ਬਿਲਕੁਲ ਠੀਕ ਹੈ। ਮਗਰਲਾ ਤਾਂ ਵੱਖਰਾ ਸਵਾਲ ਕਰਨਾ ਪਵੇਗਾ ਕਿਉਂਕਿ ਇਹਦੇ ਵਾਸਤੇ ਇਨ੍ਹਾਂ ਨੂੰ ਵਰਕੇ ਫਰੋਲਣੇ ਪੈਣਗੇ, ਫਿਰ ਹੀ ਦੱਸ ਸਕਦੇ ਹਨ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਕੋਈ ਗੱਲ ਨਹੀਂ ਜੀ। ਇਹ ਪਹਿਲੇ ਸਵਾਲ ਦਾ ਜਵਾਬ ਹੀ ਦੇ ਦੇਣ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਸਾਹਨੀ ਸਾਹਿਬ ਦੱਸ ਦੇਣ, ਇਹ ਆਪ ਟਰਾਂਸਪੋਰਟਰ ਹਨ। ਮੇਰਾ ਇਨ੍ਹਾਂ ਨੂੰ ਪ੍ਰਸ਼ਨ ਹੈ ਕਿ ਇਹ ਆਪਣੀਆ ਬੱਸਾਂ ਵਿੱਚ ਬੱਚਿਆਂ ਨੂੰ ਬਿਠਾਉਂਦੇ ਹਨ ਜਾਂ ਨਹੀਂ, ਦੱਸ ਦੇਣ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਸਪੀਕਰ ਸਾਹਿਬ, ਮੈਂ ਆਪਣੀਆਂ ਬੱਸਾਂ ਵਿਚ ਵੀ ਨਹੀਂ ਬਿਠਾਉਂਦਾ। ਇਹ ਕੋਈ ਛੋਟੀ ਗੱਲ ਨਹੀਂ ਹੈ। ਪੂਰਾ ਪੰਜਾਬ ਇਸ ਨਾਲ ਤਾਅਲੁੱਕ ਰੱਖਦਾ ਹੈ। ਪ੍ਰਾਈਵੇਟ ਬੱਸਾਂ ਵਾਲਿਆਂ ਦੇ ਪੈਸੇ ਦਾ ਬਣਦਾ ਸ਼ੇਅਰ ਸਰਕਾਰ ਨੇ ਉਨ੍ਹਾਂ ਨੂੰ ਦਿੱਤਾ ਨਹੀਂ। ਅੱਜ ਵੀ ਪੰਜਾਬ ਰੋਡਵੇਜ਼ ਕੋਲ ਪ੍ਰਾਈਵੇਟ ਬੱਸ ਓਪਰੇਟਰਾਂ ਦਾ ਕਰੋੜਾਂ ਰੁਪਿਆ ਪਿਆ ਹੈ। ਸਾਲ 1975 ਤੋਂ ਲੈ ਕੇ ਅੱਜ ਤੱਕ ਸਰਕਾਰ ਨੇ ਪ੍ਰਾਈਵੇਟ ਬੱਸਾਂ ਵਾਲਿਆਂ ਨੂੰ ਬਣਦਾ ਸ਼ੇਅਰ ਨਹੀਂ ਦਿੱਤਾ ਜਿਸ ਕਰਕੇ ਪ੍ਰਾਈਵੇਟ ਬੱਸਾਂ ਵਾਲਿਆਂ ਨੇ ਬੱਚਿਆਂ ਨੂੰ ਬਿਠਾਉਣਾ ਬੰਦ ਕਰ ਦਿੱਤਾ ਹੈ। ਸਾਲ 1997 ਵਿਚ ਟਰਾਂਸਪੋਰਟ ਮੰਤਰੀ ਜੀ ਦਾ ਧਿਆਨ ਇਸ ਪਾਸੇ ਦੁਆਇਆ ਸੀ ਪਰ ਤਾਂ ਵੀ ਕੁਝ ਨਹੀਂ ਹੋਇਆ। ਅੱਜ ਵੀ ਸਹੂਲਤ ਦੇਣ ਵਾਲੇ ਪੈਸੇ ਦਾ ਬਣਦਾ ਸ਼ੇਅਰ ਸਰਕਾਰੀ ਖਜ਼ਾਨੇ ਵਿਚ ਪਿਆ ਹੈ। ਮੰਤਰੀ ਜੀ ਫਲੋਰ ਆਫ ਦਿ ਹਾਊਸ ਵਿਚ ਇਹ ਗਰੰਟੀ ਕਰ ਦੇਣ ਤਾਂ ਅਸੀਂ ਬੱਚਿਆਂ ਨੂੰ ਬਿਠਾਉਣਾ ਸ਼ੁਰੂ ਕਰ ਦੇਵਾਂਗੇ।

**ਮੰਤਰੀ** : ਮੈਂ ਬੇਨਤੀ ਕਰ ਰਿਹਾ ਹਾਂ ਕਿ ਪ੍ਰੈਜ਼ੈਂਟ ਪਾਲਿਸੀ ਅਨੁਸਾਰ ਪੰਜਾਬ ਟਰਾਂਸਪੋਰਟ ਮਹਿਕਮੇ ਨੇ ਬੱਸਾਂ ਵਿਚ ਇਨਸੇਨ ਅਤੇ ਸਕੂਲਾਂ ਵਿਚ ਪੜ੍ਹਣ ਵਾਲੇ ਬੱਚਿਆਂ ਲਈ ਰਿਆਇਤੀ ਪਾਸ ਸਿਸਟਮ ਸ਼ੁਰੂ ਕੀਤਾ ਹੋਇਆ ਹੈ ਜਦ ਕਿ ਪ੍ਰਾਈਵੇਟ ਬੱਸਾਂ ਦਾ ਮਹਿਕਮੇ ਵਿਚ ਕੋਈ ਸ਼ੇਅਰ ਜਮ੍ਹਾਂ ਨਹੀਂ ਹੈ। ਸਾਹਨੀ ਸਾਹਿਬ ਮੈਨੂੰ ਲਿਸਟ ਦੇ ਦੇਣ, ਅਸੀਂ ਇਸ ਤੇ ਵਿਚਾਰ ਕਰ ਲਵਾਂਗੇ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਸਪੀਕਰ ਸਾਹਿਬ, ਇਹ ਕੋਈ..............

**ਮਾਨਯੋਗ ਸਪੀਕਰ** : ਸਾਹਨੀ ਸਾਹਿਬ, ਹੁਣ ਬੱਸ ਕਰੋ। ਗੱਲ ਤਾਂ ਤੁਹਾਡੀ ਆ ਗਈ ਹੈ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਇਹ ਕੋਈ ਛੋਟਾ ਸਵਾਲ ਨਹੀਂ ਹੈ। ਇਸ ਸਵਾਲ ਵਿਚ ਪੂਰਾ ਪੰਜਾਬ ਇਨਵਾਲਵ ਹੈ। ਲਿਸਟ ਆਲਰੈਡੀ ਟਰਾਂਸਪੋਰਟ ਮਹਿਕਮੇ ਕੋਲ ਹੈ। ਜੇਕਰ ਇਸ ਦੀ ਕਾਪੀ ਕਹਿੰਦੇ ਹਨ ਤਾਂ ਦੇ ਦਿਆਂਗੇ। ਇਹ ਗਰੰਟੀ ਕਰਨ ਕਿ ਕਿੰਨੇ ਸਮੇਂ ਵਿੱਚ ਇਹ ਪੈਸਾ ਦਿਵਾ ਦੇਣਗੇ।

**ਮਾਨਯੋਗ ਸਪੀਕਰ** : ਠੀਕ ਹੈ, ਗੱਲ ਹੋ ਗਈ ਹੈ।

**ਮੁੱਖ ਸੰਸਦੀ ਸਕੱਤਰ, ਸਿੱਖਿਆ (ਸ਼੍ਰੀਮਤੀ ਮਹਿੰਦਰ ਕੌਰ ਜੋਸ਼)** : ਸਪੀਕਰ ਸਾਹਿਬ, ਮੈਨੂੰ ਬੜੀ ਹੈਰਾਨੀ ਹੁੰਦੀ ਹੈ ਕਿ ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਹੁਸ਼ਿਆਰਪੁਰ-ਮਾਣਕਢੇਰੀ ਦੇ 8 ਰੂਟ ਪਰਮਿਟ ਹਨ। ਇਹ ਦੋਨੋਂ ਮੇਰੇ ਹਲਕੇ ਵਿਚ ਪੈਂਦੇ ਹਨ। ਇਹ ਅੱਠ ਦੀ ਗੱਲ ਕਰਦੇ ਹਨ, ਉਥੇ ਇਕ ਵੀ ਰੂਟ ਨਹੀਂ ਚੱਲ ਰਿਹਾ ਹੈ। ਪਤਾ ਨਹੀਂ ਇਹ ਰੂਟ ਕਿਤੇ ਇਧਰ-ਉਧਰ ਚੱਲ ਰਹੇ ਹੋਣਗੇ। ਮੰਤਰੀ ਜੀ ਸਾਨੂੰ 8 ਰੂਟਾਂ ਬਾਰੇ ਕਲੀਅਰ ਦੱਸ ਦੇਣ ਕਿ ਇਹ ਕਿਹੜੇ-ਕਿਹੜੇ ਹਨ।

**ਮਾਨਯੋਗ ਸਪੀਕਰ** : ਇਹ ਜਵਾਬ ਲਿਸਟ ਵਿਚ ਆ ਗਿਆ ਹੈ। ਹੋਰ ਕੋਈ ਸਪਲੀਮੈਂਟਰੀ ਨਹੀਂ। ਹੁਣ ਅਗਲਾ ਪ੍ਰਸ਼ਨ।

---

Original with;
Punjab Vidhan Sabha
Digitized by;
Panjab Digital Library

## ਬਹਾਦੁਰਗੜ੍ਹ ਵਿਖੇ ਖਰੀਦ ਕੇਂਦਰ ਨੂੰ ਅਪਗ੍ਰੇਡ ਕਰਨਾ

*823. **ਸ਼੍ਰੀ ਮਦਨ ਲਾਲ ਠੇਕੇਦਾਰ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਹਾਦੁਰਗੜ੍ਹ, ਬਲਾਕ ਪਟਿਆਲਾ ਵਿਖੇ ਮੌਜੂਦਾ ਖਰੀਦ ਕੇਂਦਰ ਨੂੰ ਸਬ-ਯਾਰਡ ਵਿਚ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਸੁੱਚਾ ਸਿੰਘ ਲੰਗਾਹ** : ਜੀ ਨਹੀਂ, ਖਰੀਦ ਕੇਂਦਰ ਬਹਾਦੁਰਗੜ੍ਹ, ਬਲਾਕ ਪਟਿਆਲਾ, ਨੂੰ ਸਬ-ਯਾਰਡ ਵਿੱਚ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸ਼੍ਰੀ ਮਦਨ ਲਾਲ ਠੇਕੇਦਾਰ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਅਜਿਹਾ ਨਹੀਂ ਹੋ ਸਕਦਾ। ਪਰ, ਸਪੀਕਰ ਸਾਹਿਬ, ਇਹ ਖਰੀਦ ਕੇਂਦਰ ਪਟਿਆਲਾ ਦੀ ਘਣੀ ਅਬਾਦੀ ਵਿਚ ਆ ਗਿਆ ਹੈ ਜਿਸ ਕਾਰਨ ਇਥੇ ਸਬ-ਯਾਰਡ ਬਣਾਉਣ ਦੀ ਅਤਿ ਲੋੜ ਹੈ। ਇਸ ਲਈ ਮੰਤਰੀ ਜੀ ਆਸ਼ਵਾਸਨ ਦੇਣ ਕਿ ਇਹ ਸਬ-ਯਾਰਡ ਬਣਾ ਦਿੱਤਾ ਜਾਵੇਗਾ।

**ਮੰਤਰੀ** : ਸਪੀਕਰ ਸਾਹਿਬ, ਇਹ ਸ਼ਰਤਾਂ ਪੂਰੀਆਂ ਨਹੀਂ ਕਰਦੇ, ਇਸ ਲਈ ਨਹੀਂ ਬਣਾਇਆ ਜਾ ਸਕਦਾ।

**ਸ਼੍ਰੀ ਮਦਨ ਲਾਲ ਠੇਕੇਦਾਰ** : ਸਪੀਕਰ ਸਾਹਿਬ, ਇਹ ਪਟਿਆਲਾ ਦਾ ਬੜਾ ਇੰਪਾਰਟੈਂਟ ਖਰੀਦ ਕੇਂਦਰ ਹੈ...........

ਮਾਨਯੋਗ ਸਪੀਕਰ : ਇਹ ਗੱਲ ਤਾਂ ਤੁਹਾਡੀ ਆ ਗਈ ਹੈ।

**ਸ਼੍ਰੀ ਮਦਨ ਲਾਲ ਠੇਕੇਦਾਰ** : ਉਥੇ ਸ਼ਹਿਰ ਦੇ ਆਲੇ-ਦੁਆਲੇ ਸਹੂਲਤਾਂ ਨਹੀਂ ਮਿਲ ਰਹੀਆਂ। ਕਲੋਨੀਆਂ ਬਣ ਗਈਆਂ ਹਨ ਅਤੇ ਲੋਕਾਂ ਨੂੰ ਬੜੀਆਂ ਦਿੱਕਤਾਂ ਆ ਰਹੀਆਂ ਹਨ। ਮੈਂ ਇਹ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਨੂੰ ਜ਼ਰੂਰ ਸਬ-ਯਾਰਡ ਬਣਾਉਣਗੇ ਤਾਂ ਜੋ ਕਿਸਾਨਾਂ ਨੂੰ ਸਹੂਲਤਾਂ ਮਿਲ ਸਕਣ।

---

### ਨਿਸ਼ਾਨ ਵਾਲਾ ਪ੍ਰਸ਼ਨ ਨੰ: 917*

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---

### ਨਿਸ਼ਾਨ ਵਾਲਾ ਪ੍ਰਸ਼ਨ ਨੰ: 853

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

*For Starred Question No. 917 and reply thereto, please see Appendix to this Debates.

Original with;
Punjab Vidhan Sabha
Digitized by;
Panjab Digital Library

### ਆਂਗਨਵਾੜੀ ਦੇ ਵਰਕਰਾਂ ਦੇ ਭੱਤਿਆ ਵਿਚ ਵਾਧਾ

*933. **ਸਰਦਾਰ ਇੰਦਰਬੀਰ ਸਿੰਘ** : ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਆਂਗਨਵਾੜੀ ਵਰਕਰਾਂ/ਹੈਲਪਰਾਂ ਨੂੰ ਅਦਾ ਕੀਤੀ ਜਾ ਰਹੀ ਤਨਖਾਹ ਅਤੇ ਭੱਤਿਆ ਵਿਚ ਵਾਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸ਼੍ਰੀ ਸਵਰਨਾ ਰਾਮ** : ਰਾਜ ਸਰਕਾਰ ਵੱਲੋਂ ਮਿਤੀ 6 ਅਕਤੂਬਰ, 2008 ਤੋਂ ਆਂਗਨਵਾੜੀ ਵਰਕਰਾਂ ਅਤੇ ਆਂਗਨਵਾੜੀ ਹੈਲਪਰਾਂ ਦੇ ਮਾਣਭੱਤੇ ਵਿੱਚ ਕ੍ਰਮਵਾਰ 200 ਰੁਪਏ ਅਤੇ 100/- ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਵਾਧਾ ਕੀਤਾ ਗਿਆ ਹੈ। ਭਾਰਤ ਸਰਕਾਰ ਵੱਲੋਂ ਵੀ ਇਨ੍ਹਾਂ ਦੇ ਮਾਣਭੱਤੇ ਵਿੱਚ ਮਿਤੀ 1 ਅਪ੍ਰੈਲ, 2008 ਤੋਂ ਕ੍ਰਮਵਾਰ 500/- ਰੁਪਏ ਅਤੇ 250/- ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਵਾਧਾ ਕੀਤਾ ਗਿਆ ਹੈ। ਇਸ ਕੀਤੇ ਗਏ ਵਾਧੇ ਉਪਰੰਤ ਆਂਗਨਵਾੜੀ ਵਰਕਰਾਂ/ਹੈਲਪਰਾਂ ਦੇ ਮਾਣਭੱਤੇ ਵਿੱਚ ਹੋਰ ਵਾਧਾ ਕੀਤੇ ਜਾਣ ਦੀ ਅਜੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਇੰਦਰਬੀਰ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਸਾਰਾ ਵਾਧਾ ਕਰਨ ਉਪਰੰਤ ਵੀ ਆਂਗਨਵਾੜੀ ਵਰਕਰਾਂ ਦਾ ਮਾਣਭੱਤਾ ਕੇਵਲ 2100 ਰੁਪਏ ਹੈ ਅਤੇ ਹੈਲਪਰਾਂ ਦਾ ਕੇਵਲ 1050 ਰੁਪਏ ਪ੍ਰਤੀ ਮਹੀਨਾ ਹੀ ਹੈ ਜਿਹੜਾ ਕਿ ਬਹੁਤ ਘੱਟ ਹੈ। ਜਿਹੜਾ 2100 ਰੁਪਏ ਹੈ, ਇਸਦੇ ਵਿੱਚੋਂ 1500 ਰੁਪਏ ਕੇਂਦਰ ਸਰਕਾਰ ਦੇ ਰਹੀ ਹੈ ਅਤੇ ਕੇਵਲ 600 ਰੁਪਏ ਸਾਡੀ ਸਟੇਟ ਵੱਲੋਂ ਪਾਇਆ ਜਾਂਦਾ ਹੈ ਅਤੇ ਹੈਲਪਰਾਂ ਦੇ 1050 ਰੁਪਏ ਵਿਚੋਂ ਸੈਂਟਰ ਸਰਕਾਰ ਵਲੋਂ 750 ਰੁਪਏ ਦਿੱਤਾ ਜਾਂਦਾ ਹੈ ਅਤੇ ਸਾਡੀ ਸਰਕਾਰ ਵਲੋਂ ਕੇਵਲ 300 ਰੁਪਏ ਹੀ ਪਾਇਆ ਜਾਂਦਾ ਹੈ। ਸਪੀਕਰ ਸਾਹਿਬ, ਸਾਡੇ ਹੋਰ ਗੁਆਂਢੀ ਸੂਬੇ ਹਰਿਆਣਾ, ਉਤਰਾਂਚਲ ਅਤੇ ਗੋਆ ਆਦਿ ਸਟੇਟਾਂ ਵੱਲੋਂ ਜਿਹੜਾ ਪੂਲ ਵਿੱਚ ਪੈਸਾ ਪਾਇਆ ਜਾਂਦਾ ਹੈ, ਉਹ ਸਾਡੀ ਸਟੇਟ ਨਾਲੋਂ ਕਿਤੇ ਵੱਧ ਹੈ। ਮੇਰੀ ਬੇਨਤੀ ਹੈ ਕਿ ਸਾਡੇ ਵੱਲੋਂ ਵੀ ਇਸਦੇ ਵਿੱਚ ਵਾਧਾ ਕੀਤਾ ਜਾਣਾ ਚਾਹੀਦਾ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੀ ਸਾਡੀ ਸਰਕਾਰ ਵੱਲੋਂ ਵੀ ਇਸਦੇ ਵਿੱਚ ਵਾਧਾ ਕੀਤਾ ਜਾ ਸਕਦਾ ਹੈ ਜਾਂ ਨਹੀਂ ?

ਸਪੀਕਰ ਸਾਹਿਬ, ਮੇਰਾ ਦੂਜਾ ਸਵਾਲ ਹੈ ਕਿ ਸਾਡਾ ਜਿਹੜਾ ਗੁਆਂਢੀ ਰਾਜ ਹਰਿਆਣਾ ਹੈ, ਉਸਦੇ ਵਿੱਚ ਆਂਗਨਵਾੜੀ ਵਰਕਰਾਂ ਲਈ ਇਕ ਇੰਸ਼ੋਰੈਂਸ ਸਕੀਮ ਬਣਾਈ ਗਈ ਹੈ, ਜਿਸਦੇ ਵਿੱਚ 50,000 ਰੁਪਏ ਦਾ ਇੰਸ਼ੋਰੈਂਸ ਕਵਰ ਆਂਗਨਵਾੜੀ ਵਰਕਰਾਂ ਨੂੰ ਦਿੱਤਾ ਜਾਂਦਾ ਹੈ ਅਤੇ ਜਿਸਦੇ ਲਈ 100 ਰੁਪਿਆ ਸਰਕਾਰ ਵੱਲੋਂ ਆਪਣੇ ਕੋਲੋਂ ਜਮ੍ਹਾਂ ਕਰਵਾਇਆ ਜਾਂਦਾ ਹੈ। ਕੀ ਅਜਿਹੀ ਕੋਈ ਤਜ਼ਵੀਜ਼ ਪੰਜਾਬ ਸਰਕਾਰ ਦੇ ਵੀ ਵਿਚਾਰ ਅਧੀਨ ਹੈ ? ਮੰਤਰੀ ਜੀ ਦੱਸਣ ਦੀ ਖੇਚਲ ਕਰਨ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਦਾ ਸਵਾਲ ਤਾਂ ਬਹੁਤ ਖ਼ੂਬਸੂਰਤ ਸੀ। ਸਪੀਕਰ ਸਾਹਿਬ, ਇਹ ਜਿਹੜੀਆਂ ਇਨ੍ਹਾਂ ਨੇ ਲਾਈਨਾਂ ਲਿਖੀਆਂ ਹਨ ਇਹ ਸਾਰੀਆਂ ਹੀ ਕਿਉਂਕਿ ਯੂਨੀਅਨ ਦੇ ਏਜੰਡੇ ਵਿੱਚ ਹਨ ਔਰ ਮੈਂ ਬਾਦਲ ਸਾਹਿਬ ਦੇ ਨਾਲ ਬੈਠ ਕੇ ਜਿੰਨੀਆਂ ਵੀ ਯੂਨੀਅਨਾਂ ਪੰਜਾਬ ਵਿੱਚ ਕੰਮ ਕਰ ਰਹੀਆਂ ਹਨ, ਸਾਰੀਆਂ ਦੀ ਰਾਇ ਲੈ ਕੇ, ਉਨ੍ਹਾਂ ਸਾਰੀਆਂ ਦੇ ਵਿਚਾਰਾਂ ਨੂੰ ਇੱਕਠੇ ਕਰਕੇ

Original with;
Punjab Vidhan Sabha
Digitized by;
Panjab Digital Library

[ਸਮਾਜਿਕ ਸੁਰੱਖਿਆ ਮੰਤਰੀ]

ਅਸੀਂ ਇਸ ਫੈਸਲੇ ਤੇ ਪੁੱਜੇ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਜੀ ਨੇ ਕਿਹਾ ਕਿ ਅਸੀਂ ਇਨ੍ਹਾਂ ਨੂੰ ਵਧਾ ਦੇਣਾ ਹੀ ਦੇਣਾ ਹੈ ਪਰ ਕੋਈ ਵੀ ਯੂਨੀਅਨ ਇਕ ਮੱਤ ਨਹੀਂ ਹੈ। ਅਸੀਂ ਇਨ੍ਹਾਂ ਦੀਆਂ ਮੰਗਾਂ ਮੰਨੀਆਂ ਸੀ। ਬਾਦਲ ਸਾਹਿਬ ਨੇ ਕਿਹਾ ਕਿ ਇਹ ਸਾਡੇ ਪੰਜਾਬ ਦੇ ਬੱਚੇ ਹਨ ਅਤੇ ਅਸੀਂ ਇਨ੍ਹਾਂ ਦੇ ਮਾਣਭੱਤੇ ਵਿੱਚ ਜ਼ਰੂਰ ਵਾਧਾ ਕਰਨਾ ਹੈ। ਇਸੇ ਲਈ 200/- ਰੁਪਏ ਆਂਗਨਵਾੜੀ ਵਰਕਰਾਂ ਦਾ ਮਾਣਭੱਤਾ ਵਧਾਇਆ ਅਤੇ 100/- ਰੁਪਏ ਹੈਲਪਰਾਂ ਦਾ ਮਾਣਭੱਤਾ ਵਧਾਇਆ ਹੈ (ਥੰਪਿੰਗ)। ਪਹਿਲਾਂ ਕਿਸੇ ਸਰਕਾਰ ਨੇ ਏਡੀ ਵੱਡੀ ਛਾਲ ਮਾਰੀ ਹੋਵੇ ਤਾਂ ਇਹ ਦੱਸ ਦੇਣ। (ਥੰਪਿੰਗ)। ਮੈਂ ਫਿਰ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਜੇ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦਾ ਹੋਰ ਮਾਣਭੱਤਾ ਵਧਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ : 740

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## ਪੱਕੇ ਫੜ੍ਹਾਂ ਦੀ ਉਸਾਰੀ

*736. **ਸਰਦਾਰ ਅਮਰਜੀਤ ਸਿੰਘ ਸਾਹੀ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਬ-ਡਵੀਜ਼ਨ, ਮੁਕੇਰੀਆਂ, ਵਿੱਚ ਦਾਣਾ ਮੰਡੀ, ਦਤਾਰਪੁਰ ਅਤੇ ਸਬ-ਡਵੀਜ਼ਨ ਦਸੂਹਾ ਵਿਚ ਬਾਜਾ ਚੱਕ, ਪਾਸੀ ਕੰਡੀ, ਅਲਾਮਪੁਰ ਸਫਰਪੁਰ ਅਤੇ ਘੋਗਰਾ ਵਿਖੇ ਦਾਣਾ ਮੰਡੀਆਂ ਦੇ ਫੜ੍ਹ ਪੱਕੇ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਸੁੱਚਾ ਸਿੰਘ ਲੰਗਾਹ** : ਇਨ੍ਹਾਂ ਖਰੀਦ ਕੇਂਦਰਾਂ ਵਿੱਚ ਇੱਟਾਂ ਦੇ ਫੜ੍ਹ ਪਹਿਲਾਂ ਹੀ ਲੱਗੇ ਹੋਏ ਹਨ। ਇਸ ਵੇਲੇ ਇਨ੍ਹਾਂ ਖਰੀਦ ਕੇਂਦਰਾਂ ਵਿੱਚ ਸੀਮਿੰਟ/ਕੰਕਰੀਟ ਦੇ ਫੜ੍ਹ ਬਣਾਉਣ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ਜੀ।

**ਸਰਦਾਰ ਅਮਰਜੀਤ ਸਿੰਘ ਸਾਹੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀ ਇੱਟਾਂ ਦੀ ਗੱਲ ਫੜ੍ਹ ਬਣਾਉਣ ਵਾਸਤੇ ਕੀਤੀ ਗਈ ਹੈ, ਮੇਰਾ ਖਿਆਲ ਹੈ ਕਿ ਇਹ ਇੱਟਾਂ ਦੇ ਫੜ੍ਹ 20-25 ਸਾਲ ਪੁਰਾਣੇ ਲੱਗੇ ਹੋਏ ਹਨ। ਇਨ੍ਹਾਂ ਦੀ ਹਾਲਤ ਖਸਤਾ ਹੋ ਚੁੱਕੀ ਹੈ। ਜਦੋਂ ਵੀ ਕਿਸਾਨ ਫਸਲ ਨੂੰ ਖਰੀਦ ਕੇਂਦਰ ਵਿਚ ਲੈ ਕੇ ਆਉਂਦਾ ਹੈ, ਉਸ ਦੀ ਬਹੁਤ ਸਾਰੀ ਫਸਲ ਉਥੇ ਹੀ ਰਹਿ ਜਾਂਦੀ ਹੈ ਕਿਉਂਕਿ ਫੜ੍ਹਾਂ ਦੀ ਹਾਲਤ ਮਾੜੀ ਹੋ ਗਈ ਹੈ। ਫਸਲ ਵਧਣ ਕਾਰਨ ਜਿਹੜਾ ਏਰੀਆ ਪੱਕਾ ਕੀਤਾ ਗਿਆ ਸੀ, ਉਹ ਥੋੜ੍ਹਾ ਹੈ। ਇਸ ਲਈ ਹੋਰ ਕੱਚੇ ਫੜ੍ਹ ਬਣਾ ਕੇ ਫਸਲ ਢੇਰੀ ਕੀਤੀ ਜਾਂਦੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜੇ ਪੁਰਾਣੇ ਫੜ੍ਹ ਹਨ, ਉਨ੍ਹਾਂ ਨੂੰ ਪੱਕਾ ਕੀਤਾ ਜਾਵੇ ਔਰ ਜਿਹੜੇ ਹੁਣ ਹੋਰ ਕੱਚੇ ਫੜ੍ਹ ਬਣੇ ਹਨ, ਉਨ੍ਹਾਂ ਨੂੰ ਵੀ ਪੱਕਾ ਕੀਤਾ ਜਾਵੇ।

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਇਹ ਫੜ੍ਹ ਹਨ, ਇਹ ਸਰਕਾਰ ਦੀ ਮਲਕੀਅਤ ਨਹੀਂ ਹੈ ਪਰ ਅਸੀਂ ਫਿਰ ਵੀ ਪੱਕਾ ਕੀਤਾ ਹੈ। ਇਨ੍ਹਾਂ ਦੀ ਫਸਲ ਖਰਾਬ ਨਹੀਂ ਹੋਣ ਦੇਵਾਂਗੇ। ਜੇ ਇੱਟਾਂ ਲਗਾਉਣੀਆਂ ਪਈਆਂ ਤਾਂ ਜ਼ਰੂਰ ਲਗਾ ਦੇਵਾਂਗੇ।

**ਸਰਦਾਰ ਅਮਰਜੀਤ ਸਿੰਘ ਸਾਹੀ** : ਧੰਨਵਾਦ ਜੀ।

---

Original with;
Punjab Vidhan Sabha
Digitized by;
Punjab Digital Library

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ : 855

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## ਆਦਮਪੁਰ, ਭੋਗਪੁਰ ਅਤੇ ਅਲਾਵਲਪੁਰ ਨਗਰ ਕੌਂਸਲਾਂ ਵਿਚ ਸੀਵਰੇਜ ਸਿਸਟਮ ਵਿਛਾਉਣਾ

*909. **ਸਰਦਾਰ ਸਰਬਜੀਤ ਸਿੰਘ ਮੱਕੜ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਜਲੰਧਰ ਵਿਚ ਨਗਰ ਕੌਂਸਲਾਂ ਆਦਮਪੁਰ, ਭੋਗਪੁਰ ਅਤੇ ਅਲਾਵਲਪੁਰ ਦੇ ਖੇਤਰਾਂ ਵਿਚ ਸੀਵਰੇਜ ਸਿਸਟਮ ਵਿਛਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਕੰਮ ਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਮਨੋਰੰਜਨ ਕਾਲੀਆ** : ਆਦਮਪੁਰ

ਜੀ ਹਾਂ। ਕੇਂਦਰੀ ਸਰਕਾਰ ਵੱਲੋਂ 18.84 ਕਰੋੜ ਰੁਪਏ ਦੀ ਯੂ.ਆਈ.ਡੀ.ਐਸ.ਐਸ.ਐਮ.ਟੀ. ਸਕੀਮ ਅਧੀਨ ਡਿਟੇਲਡ ਪ੍ਰੋਜੈਕਟ ਰਿਪੋਰਟ ਪ੍ਰਵਾਨ ਕੀਤੀ ਗਈ ਹੈ। ਇਸ ਸਕੀਮ ਤਹਿਤ 80% ਫੰਡਜ਼ ਕੇਂਦਰੀ ਸਰਕਾਰ, 10% ਪੰਜਾਬ ਸਰਕਾਰ ਅਤੇ 10% ਨਗਰ ਕੌਂਸਲ ਆਦਮਪੁਰ ਵੱਲੋਂ ਦਿੱਤੇ ਜਾਣੇ ਹਨ। ਫੰਡਜ ਪ੍ਰਾਪਤ ਹੋਣ ਤੇ ਕੰਮ 2 ਸਾਲਾਂ ਵਿੱਚ ਮੁਕੰਮਲ ਕਰ ਦਿੱਤਾ ਜਾਵੇਗਾ।

ਭੋਗਪੁਰ ਅਤੇ ਅਲਾਵਲਪੁਰ

ਇਨ੍ਹਾਂ ਸ਼ਹਿਰਾਂ ਵਿੱਚ ਸੀਵਰੇਜ ਸਿਸਟਮ ਲਗਾਉਣ ਦੀ ਹਾਲ ਦੀ ਘੜੀ ਕੋਈ ਪ੍ਰਪੋਜ਼ਲ ਨਹੀਂ ਹੈ।

**ਸਰਦਾਰ ਸਰਬਜੀਤ ਸਿੰਘ ਮੱਕੜ** : ਸਪੀਕਰ ਸਾਹਿਬ, ਅਲਾਵਲਪੁਰ 100 ਸਾਲ ਪੁਰਾਣਾ ਸ਼ਹਿਰ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਸ ਆਧਾਰ ਤੇ ਸ਼ਹਿਰ ਸਿਲੈਕਟ ਕੀਤੇ ਜਾਂਦੇ ਹਨ ਤੇ ਕਿਸ ਆਧਾਰ ਤੇ ਪ੍ਰੋਵੀਜ਼ਨ ਕੀਤੀ ਜਾਂਦੀ ਹੈ? ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਅਜੇ ਤੱਕ ਇਹ ਸ਼ਹਿਰ ਕਿਉਂ ਨਹੀਂ ਲਿਆ ਗਿਆ ? ਇਸ ਬਾਰੇ ਚਾਨਣਾ ਪਾਇਆ ਜਾਵੇ ਕਿ ਇਹ ਕਿਉਂ ਲਾਈਨ ਵਿਚ ਪਿਆ ਹੈ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਬਿਲਕੁਲ ਬਜਾ ਫਰਮਾਇਆ ਹੈ ਕਿ ਇਹ 100 ਸਾਲ ਪੁਰਾਣਾ ਸ਼ਹਿਰ ਹੈ। ਪਹਿਲਾਂ ਸਰਕਾਰਾਂ ਜ਼ਿਆਦਾਤਰ ਕਾਂਗਰਸ ਦੀਆਂ ਰਹੀਆਂ ਹਨ। ਇਸ ਲਈ ਉਨ੍ਹਾਂ ਨੂੰ ਮੁਢਲੀਆਂ ਜ਼ਰੂਰਤਾਂ ਵੱਲ ਧਿਆਨ ਦੇਣਾ ਚਾਹੀਦਾ ਸੀ ਪਰ ਉਨ੍ਹਾਂ ਨੇ ਧਿਆਨ ਨਹੀਂ ਦਿੱਤਾ ਹੈ। ਜਦੋਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਈ ਹੈ, ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ, ਮੁੱਖ ਮੰਤਰੀ ਦੇ ਤੌਰ ਤੇ ਸੱਤਾ ਵਿਚ ਆਏ ਹਨ, ਇਨ੍ਹਾਂ ਨੇ 43 ਟਾਊਨ ਪੰਜਾਬ ਇਨਫਰਾਸਟਰਕਚਰ ਡਿਵੈਲਪਮੈਂਟ ਸਕੀਮ ਫਾਰ ਸਮਾਲ ਐਂਡ ਮੀਡੀਅਮ ਟਾਊਨਜ਼ ਤਹਿਤ ਲਏ ਹਨ। ਪਿਛਲੇ ਸਮੇਂ ਵਿਚ ਕਾਂਗਰਸ ਦੀ ਸਰਕਾਰ ਰਹੀ ਸੀ ਪਰ ਉਨ੍ਹਾਂ ਨੇ ਕੋਈ ਧਿਆਨ ਨਹੀਂ ਦਿੱਤਾ ਔਰ ਕੋਈ ਵੀ ਸ਼ਹਿਰ ਪੰਜਾਬ ਇਨਫਰਾਸਟਰਕਚਰ ਡਿਵੈਲਪਮੈਂਟ ਸਕੀਮ ਫਾਰ ਸਮਾਲ ਐਂਡ ਮੀਡੀਅਮ ਟਾਊਨਜ਼ ਵਿਚ ਨਹੀਂ ਲਿਆ। ਜਦੋਂ ਤੋਂ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਅਗਵਾਈ ਵਿਚ ਅਕਾਲੀ-ਭਾਜਪਾ ਸਰਕਾਰ ਸੱਤਾ ਵਿਚ ਆਈ ਹੈ, ਅਸੀਂ ਪਹਿਲੇ ਫੇਜ਼ ਵਿਚ 43 ਸ਼ਹਿਰ ਲਏ ਹਨ ਤੇ ਅੱਗੋਂ ਹੋਰ ਲੈ ਰਹੇ ਹਾਂ। ਅਗਲੀ ਵਾਰ ਮੈਂਬਰ ਸਾਹਿਬ ਦਾ ਸ਼ਹਿਰ ਵੀ ਲੈ ਲਿਆ ਜਾਵੇਗਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸਰਬਜੀਤ ਸਿੰਘ ਮੱਕੜ** : ਸਪੀਕਰ ਸਾਹਿਬ, ਪਹਿਲਾਂ ਮੈਂ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਮੇਰੇ ਹਲਕੇ ਆਦਮਪੁਰ ਲਈ ਪ੍ਰੋਵੀਜ਼ਨ ਕੀਤੀ ਹੈ। ਪਰ ਇਹ ਦੋਵਾਂ ਸ਼ਹਿਰਾਂ ਨੂੰ ਜਲਦੀ ਲੈ ਕੇ ਧੰਨਵਾਦ ਲੈਣ ਵਾਸਤੇ ਵਿਸ਼ਵਾਸ ਦੇਣ।

**ਮੰਤਰੀ** : ਠੀਕ ਹੈ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਕੁਝ ਸ਼ਹਿਰ ਜਿਵੇਂ ਫਤਹਿਗੜ੍ਹ ਸਾਹਿਬ, ਚਮਕੌਰ ਸਾਹਿਬ, ਅਨੰਦਪੁਰ ਸਾਹਿਬ ਅਜਿਹੇ ਹਨ ਜਿੱਥੇ ਸ਼ਰਧਾਲੂ ਬਹੁਤ ਜ਼ਿਆਦਾ ਗਿਣਤੀ ਵਿਚ ਆਉਂਦੇ ਹਨ ਕਿਉਂਕਿ ਇਨ੍ਹਾਂ ਦੀ ਧਾਰਮਿਕ ਮਹੱਤਤਾ ਹੈ। ਬੜੇ ਵੱਡੇ ਮੇਲੇ ਵੀ ਲੱਗਦੇ ਹਨ ਪਰ ਜਦੋਂ ਉਥੇ ਸਰਕਾਰ ਪ੍ਰਬੰਧ ਕਰਦੀ ਹੈ ਤਾਂ ਉਥੇ ਸੀਵਰੇਜ ਸਿਸਟਮ ਨਾ ਹੋਣ ਕਾਰਨ ਬਹੁਤ ਜ਼ਿਆਦਾ ਦਿੱਕਤ ਆਉਂਦੀ ਹੈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਜਿਹੇ ਚੋਣਵੇਂ ਸ਼ਹਿਰ, ਜਿਨ੍ਹਾਂ ਦੀ ਧਾਰਮਿਕ ਮਹੱਤਤਾ ਹੈ, ਕੀ ਇਹ ਇਸ ਸਕੀਮ ਨੂੰ ਉਥੇ ਪਹਿਲ ਦੇ ਆਧਾਰ ਤੇ ਲਾਗੂ ਕਰਨਗੇ ਤਾਂ ਕਿ ਉਥੇ ਸੀਵਰੇਜ ਦੀ ਸਮੱਸਿਆ ਨੂੰ ਖਤਮ ਕੀਤਾ ਜਾ ਸਕੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਵੈਸੇ ਤਾਂ ਇਹ ਸਪਲੀਮੈਂਟਰੀ ਇਸ ਨਾਲ ਰਿਲੇਟਿਡ ਨਹੀਂ ਹੈ। ਇਹ ਸੈਪਰੇਟ ਸਵਾਲ ਦੇ ਦੇਣ ਤਾਂ ਵਧੀਆ ਤਰੀਕੇ ਨਾਲ ਜਵਾਬ ਦੇ ਸਕਾਂਗੇ। ਬਾਕੀ ਸਾਰੇ ਸ਼ਹਿਰਾਂ ਨੂੰ ਇਸ ਵਿਚ ਇਨਕਲੂਡ ਕਰਾਂਗੇ।

---

## ਪੰਚਾਇਤੀ ਜ਼ਮੀਨ ਦੀ ਤਬਦੀਲੀ

*881. **ਡਾਕਟਰ ਦਲਬੀਰ ਸਿੰਘ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡਾਂ ਤੋਂ ਦੂਰ ਸਥਿਤ ਪੰਚਾਇਤੀ ਜ਼ਮੀਨ ਨੂੰ, ਇਸ ਦੀ ਸਹੀ ਵਰਤੋਂ ਕਰਨ ਲਈ, ਤਬਦੀਲ ਕਰਨ ਦਾ ਹੱਕ ਪੰਚਾਇਤਾਂ ਨੂੰ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਸ਼੍ਰੀਮਾਨ ਜੀ, ਹਾਂ ਜੀ। ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਰੂਲਜ਼, 1964 ਦੇ ਰੂਲ 5 ਅਨੁਸਾਰ ਗਰਾਮ ਪੰਚਾਇਤ ਪਿੰਡ ਦੇ ਵਸਨੀਕਾਂ ਦੀ ਬਿਹਤਰੀ ਲਈ ਸਰਕਾਰ ਦੀ ਅਗੇਤੀ ਪ੍ਰਵਾਨਗੀ ਨਾਲ ਆਪਣੀ ਜ਼ਮੀਨ ਦਾ ਤਬਾਦਲਾ ਬਰਾਬਰ ਦੀ ਕੀਮਤ ਵਾਲੀ ਜ਼ਮੀਨ ਨਾਲ ਕਰ ਸਕਦੀ ਹੈ।

**ਡਾਕਟਰ ਦਲਬੀਰ ਸਿੰਘ** : ਸਰ, ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਹ ਜਾਣਕਾਰੀ ਦਿੱਤੀ ਹੈ ਕਿ ਪੰਚਾਇਤ ਆਪਣੀ ਜ਼ਮੀਨ ਦਾ ਤਬਾਦਲਾ ਬਰਾਬਰ ਦੀ ਕੀਮਤ ਵਾਲੀ ਜ਼ਮੀਨ ਨਾਲ ਕਰ ਸਕਦੀ ਹੈ ਲੇਕਿਨ ਮੇਰਾ ਕੁਐਸਚਨ ਇਹ ਹੈ ਕਿ ਜਿਹੜੀਆਂ ਪੰਚਾਇਤ ਦੀਆਂ ਜ਼ਮੀਨਾਂ ਪਿੰਡਾਂ ਦੀ ਵਸੋਂ ਤੋਂ ਦੂਰ ਹੁੰਦੀਆਂ ਹਨ, ਉਨ੍ਹਾਂ ਦੀ ਵੈਲਯੂ ਘੱਟ ਹੁੰਦੀ ਹੈ ਅਤੇ ਪਿੰਡ ਦੇ ਲਾਗੇ ਯੂਟੇਲਾਈਜ਼ ਹੋਣ ਵਾਲੀ ਜ਼ਮੀਨ ਦੀ ਵੈਲਯੂ ਜ਼ਿਆਦਾ ਹੁੰਦੀ ਹੈ। ਉਸ ਦੀ ਵੈਲਯੂ ਬਰਾਬਰ ਕਰਕੇ, ਜ਼ਮੀਨ ਘੱਟ-ਵੱਧ ਕਰਕੇ ਉਸ ਨੂੰ ਐਕਸਚੇਂਜ਼ ਕਰਨ ਦਾ ਕੋਈ ਕਾਨੂੰਨ ਹੈ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਐਕਟ ਦੇ ਵਿੱਚ ਬਰਾਬਰ ਦੀ ਕੀਮਤ ਲਿਖਿਆ ਹੈ। ਮੰਨ ਲਵੋ ਕਿ ਜੇ ਦੂਰ ਦੀ ਜ਼ਮੀਨ ਮਾੜੀ ਹੈ, ਬੇਸ਼ੱਕ ਉਹ 15 ਏਕੜ ਹੋਵੇ ਅਤੇ ਜਿਹੜੀ ਨੇੜੇ ਦੀ ਕੀਮਤੀ ਜ਼ਮੀਨ ਹੈ, ਉਹ ਭਾਵੇਂ ਇਸ ਤੋਂ ਘੱਟ ਹੀ ਹੋਵੇ, ਜਗ੍ਹਾ ਘੱਟ-ਵੱਧ ਹੋਣ ਨਾਲ ਫ਼ਰਕ ਨਹੀਂ ਪੈਂਦਾ, ਕਿਉਂਕਿ ਜਗ੍ਹਾ ਦੀ ਕੀਮਤ ਵੇਖੀ ਜਾਂਦੀ ਹੈ, ਜੇ ਪੰਚਾਇਤ ਚਾਹਵੇ ਤਾਂ ਮਤਾ ਪਾ ਦੇਵੇ, ਸਰਕਾਰ ਪ੍ਰਵਾਨਗੀ ਦੇਵੇ ਤਾਂ ਉਹ ਗਿਣਤੀ ਵਿੱਚ ਘੱਟ-ਵੱਧ ਵੀ ਹੋ ਸਕਦੀ ਹੈ ਪਰ ਕੀਮਤ ਇੱਕੋ ਜਿਹੀ ਹੋਣੀ ਚਾਹੀਦੀ ਹੈ।

ਡਾਕਟਰ ਦਲਬੀਰ ਸਿੰਘ : ਧੰਨਵਾਦ ਜੀ।

ਸਰਦਾਰ ਸੋਹਣ ਸਿੰਘ ਠੰਡਲ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਕੋਲੋਂ ਜਾਨਣਾ ਚਾਹੁੰਦਾ ਹਾਂ ਕਿ ਜਦੋਂ ਪੰਚਾਇਤ ਜ਼ਮੀਨ ਦੀ ਤਬਦੀਲੀ ਕਰਨਾ ਚਾਹੁੰਦੀ ਹੈ, ਉਸ ਤੋਂ ਬਾਅਦ ਜਦੋਂ ਕੇਸ ਅਧਿਕਾਰੀਆਂ ਕੋਲ ਜਾਂਦਾ ਹੈ ਤਾਂ ਕੀ ਇਹ ਟਾਈਮ ਬਾਊਂਡ ਹੈ ਕਿ ਕਿੰਨੇ ਸਮੇਂ ਵਿੱਚ ਕੇਸ ਨੂੰ ਮਨਜ਼ੂਰੀ ਦੇ ਦਿੰਦੇ ਹਨ ? ਪੰਚਾਇਤਾਂ ਸਾਲਾਂ ਬੱਧੀ ਉਡੀਕ ਕਰਦੀਆਂ ਰਹਿੰਦੀਆਂ ਹਨ ਪਰ ਉਨ੍ਹਾਂ ਦੀ ਫਾਈਲ ਉੱਪਰੋਂ ਨਹੀਂ ਆਉਂਦੀ। ਇਸੇ ਤਰ੍ਹਾਂ ਪੰਚਾਇਤਾਂ ਦੀ ਸ਼ਾਮਲਾਤ ਜ਼ਮੀਨ ਵਿਚੋਂ ਦਰਖਤ ਕੱਟਣ ਲਈ ਫਾਰੈਸਟ ਮਹਿਕਮੇ ਕੋਲ ਕੇਸ ਜਾਂਦਾ ਹੈ ਅਤੇ ਉਹ 2-2 ਸਾਲ ਦਾ ਟਾਈਮ ਲਗਾ ਦਿੰਦੇ ਹਨ। ਕੀ ਮੰਤਰੀ ਜੀ ਆਪਣੇ ਅਧਿਕਾਰੀਆਂ ਨੂੰ ਟਾਈਮ ਬਾਊਂਡ ਕਰਨਗੇ ਕਿ ਇਹੋ ਜਿਹੇ ਪੰਚਾਇਤੀ ਕੇਸ ਸਮੇਂ ਸਿਰ ਨਿਪਟਾਏ ਜਾ ਸਕਣ ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਤਾਂ ਬਹੁਤ ਛੋਟਾ ਕੰਮ ਹੈ। ਇਸ ਦਾ ਪ੍ਰਾਸੈੱਸ ਬਹੁਤਾ ਲੰਬਾ ਨਹੀਂ। ਪੰਚਾਇਤ ਵੱਲੋਂ ਮਤਾ ਪਾ ਕੇ ਬੀ.ਡੀ.ਪੀ.ਓ. ਕੋਲ ਜਾਂਦਾ ਹੈ, ਫਿਰ ਡੀ.ਡੀ.ਪੀ.ਓ. ਅਤੇ ਫਿਰ ਡਾਇਰੈਕਟਰ ਕੋਲ ਤਬਦੀਲੀ ਵਾਸਤੇ ਪ੍ਰਵਾਨਗੀ ਲਈ ਕੇਸ ਜਾਂਦਾ ਹੈ। ਮੈਨੂੰ ਨਹੀਂ ਲਗਦਾ ਕਿ ਤਿੰਨ-ਚਾਰ ਮਹੀਨਿਆਂ ਤੋਂ ਵੱਧ ਸਮਾਂ ਲੱਗਦਾ ਹੋਵੇਗਾ। ਜੇਕਰ ਕਿਸੇ ਕੇਸ ਵਿੱਚ ਵੱਧ ਸਮਾਂ ਲੱਗਿਆ ਹੈ ਜਾਂ ਕੋਈ ਸ਼ਿਕਾਇਤ ਹੋਵੇ ਤਾਂ ਇਹ ਦੱਸ ਦੇਣ, ਉਹ ਅਸੀਂ ਕਰਵਾ ਦੇਵਾਂਗੇ। ਇਹ ਕੋਈ ਮੁਸ਼ਕਲ ਵਾਲੀ ਗੱਲ ਨਹੀਂ ਹੈ।

ਸਰਦਾਰ ਸੋਹਣ ਸਿੰਘ ਠੰਡਲ : ਸਪੀਕਰ ਸਾਹਿਬ, ਤਿੰਨ ਮਹੀਨਿਆਂ ਵਿੱਚ ਹੋ ਜਾਵੇ, 6 ਮਹੀਨਿਆਂ ਵਿੱਚ ਹੋ ਜਾਵੇ ਕੋਈ ਗੱਲ ਨਹੀਂ ਪਰ ਇਥੇ ਤਾਂ ਸਾਲਾਂ ਬੱਧੀ ਸਮਾਂ ਲੱਗ ਜਾਂਦਾ ਹੈ।

ਮੰਤਰੀ : ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੇਸ ਜਦੋਂ ਬਣ ਕੇ ਡਾਇਰੈਕਟਰ ਸਾਹਿਬ ਕੋਲ ਆਉਂਦਾ ਹੈ ਔਰ ਉਸ ਤੇ ਅਬਜੈਕਸ਼ਨ ਲੱਗ ਜਾਂਦਾ ਹੈ ਤਾਂ ਕੇਸ ਫਿਰ ਥੱਲੇ ਤੱਕ ਜਾਂਦਾ ਹੈ। ਉਸ ਨੂੰ ਥੋੜ੍ਹਾ ਜਿਹਾ ਟਾਈਮ ਲੱਗ ਜਾਂਦਾ ਹੈ। ਵੈਸੇ ਤਿੰਨ ਮਹੀਨਿਆਂ ਵਿੱਚ ਇਹੋ ਜਿਹੇ ਕੇਸ ਨਿਪਟਾ ਦਿੰਦੇ ਹਨ।

ਕੈਪਟਨ ਬਲਬੀਰ ਸਿੰਘ ਬਾਠ : ਸਪੀਕਰ ਸਾਹਿਬ, 15-20 ਕੇਸ ਤੁਹਾਡੇ ਵੇਲੇ ਦੇ ਅਧੂਰੇ ਪਏ ਹਨ, ਜਿਹੜੇ ਅਜੇ ਤੱਕ ਮਸਲੇ ਹੱਲ ਨਹੀਂ ਹੋਏ। ਇਸ ਨੂੰ ਡੀ.ਸੀ. ਲੈਵਲ ਤੇ ਕਰ ਦੇਣਾ ਚਾਹੀਦਾ ਹੈ।

ਮਾਨਯੋਗ ਸਪੀਕਰ : ਉਹ ਤਾਂ ਸਾਰੇ ਮਨਿਸਟਰ ਲੈਵਲ ਤੇ ਆਉਂਦੇ ਹਨ।

ਮੰਤਰੀ : ਸਪੀਕਰ ਸਾਹਿਬ, ਇਹੋ ਜਿਹਾ ਕੇਸ ਕੋਈ ਇੱਕ ਅੱਧਾ ਹੋਵੇਗਾ। ਕੋਈ ਤੁਰਦਾ-ਫਿਰਦਾ ਕੋਰਟ ਵਿੱਚ ਚਲਿਆ ਗਿਆ ਹੋਵੇ, ਹਾਈ ਕੋਰਟ ਵਿੱਚ ਚਲਿਆ ਗਿਆ ਹੋਵੇ, ਉਸ ਨੂੰ ਤਾਂ ਟਾਈਮ ਲੱਗ ਸਕਦਾ ਹੈ। ਜਦੋਂ ਕੇਸ ਸਾਡੇ ਕੋਲ ਆਉਂਦਾ ਹੈ ਤਾਂ ਉਦੋਂ ਬਹੁਤਾ ਟਾਈਮ ਨਹੀਂ ਲੱਗਦਾ। ਜੇਕਰ ਇਨ੍ਹਾਂ ਕੋਲ ਕੋਈ ਕੇਸ ਹੈ, ਜੋ ਤੁਹਾਡੇ ਵੇਲੇ ਦੇ ਵੀ ਦੱਸੇ ਹਨ, ਕੋਈ ਇਹੋ ਜਿਹਾ ਕੇਸ ਹੈ, ਉਹ ਕੇਸ ਅਸੀਂ ਕਰ ਸਕਦੇ ਹਾਂ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਇੰਨਾ ਟਾਈਮ ਨਹੀਂ ਲੱਗਦਾ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੇਰੇ ਪਿੰਡ ਦੇ ਤਿੰਨ-ਚਾਰ ਕੇਸ ਹਨ।

**ਮਾਨਯੋਗ ਸਪੀਕਰ** : ਤੁਸੀਂ ਵੇਖ ਲਵੋ, ਵੈਸੇ ਇੰਨਾ ਟਾਈਮ ਨਹੀਂ ਲੱਗਣਾ ਚਾਹੀਦਾ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ : 745**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## ਮੁੱਢਲੇ ਸਿਹਤ ਕੇਂਦਰ ਵੇਰਕਾ ਦੀ ਚਾਰ-ਦਿਵਾਰੀ ਦੀ ਉਸਾਰੀ

***890. ਡਾਕਟਰ ਦਲਬੀਰ ਸਿੰਘ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੁੱਢਲੇ ਸਿਹਤ ਕੇਂਦਰ ਵੇਰਕਾ ਦੀ ਚਾਰ-ਦਿਵਾਰੀ ਢਹਿ ਗਈ ਹੈ, ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਮੁੜ ਉਸਾਰੀ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਹਾਂ ਸ਼੍ਰੀਮਾਨ ਜੀ। ਮੁੱਢਲਾ ਸਿਹਤ ਕੇਂਦਰ ਵੇਰਕਾ ਦੀ ਚਾਰ-ਦਿਵਾਰੀ ਪੰਚਾਇਤੀ ਰਾਜ ਵਿਭਾਗ ਵੱਲੋਂ ਗਲਤੀ ਨਾਲ ਸਿਹਤ ਕੇਂਦਰ ਦੀ ਜਗ੍ਹਾ ਤੇ ਸਮੂਹਿਕ ਕੇਂਦਰ ਬਣਾਉਣ ਲਈ ਢਾਹ ਦਿੱਤੀ ਗਈ ਸੀ। ਚਾਰ-ਦਿਵਾਰੀ ਦੀ ਮੁੜ ਉਸਾਰੀ ਲਈ ਐਕਸੀਅਨ ਪੰਚਾਇਤੀ ਰਾਜ, ਅੰਮ੍ਰਿਤਸਰ ਨੂੰ ਬੇਨਤੀ ਕੀਤੀ ਗਈ ਹੈ।

माननीय स्पीकर साहिब, यह जो मिनी हैल्थ सैंटर वेरका है, उसकी दीवार गिरी नहीं है बल्कि गिराई गई है । 11 अगस्त, 2008 को पंचायती राज विभाग के कर्मचारियों ने इसकी दीवार गिराई । उनको यह लगा कि यह ज़मीन उनकी है । वह वहाँ पर हैल्थ सैंटर बनाना चाहते थे । फिर हमारे विभाग के कर्मचारियों ने उनको रोका तो वह रूक तो गये पर उन्होंने इसको दोबारा नहीं बनाया। हम पंचायती राज विभाग को लिखती तौर पर कह चुके हैं कि यह 12 लाख रूपये का नुकसान हो गया है । इसके बारे में हमने पहला पत्र मिती 22 सितंम्बर, 2008 को डी.सी., अमृतसर और दूसरा पत्र मिती 21 नवम्बर 2008 को एक्सीयन, पंचायती राज विभाग को लिखा है । अब तो, स्पीकर साहिब, आप के माध्यम से पंचायत मंत्री जी ने भी सुन लिया है । यह उस दीवार को बनवा दें ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸਪੀਕਰ ਸਾਹਿਬ, ਮੈਂ ਬੀਬੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਇਨ੍ਹਾਂ ਨੇ ਕਈ ਵਿਗੜੇ ਕੰਮ ਵੀ ਠੀਕ ਕਰ ਦਿੱਤੇ ਹਨ। ਇਹ ਮੇਰੇ ਹਲਕੇ ਤਰਸਿੱਕਾ ਬਲਾਕ ਨਾਲ ਸਬੰਧ ਰੱਖਦਾ ਹੈ। ਜੇਕਰ ਇਹ ਕੰਧ ਡਿੱਗ

Original with;
Punjab Vidhan Sabha
Digitized by;
Panjab Digital Library

ਗਈ ਹੈ ਇਹ ਭਾਵੇਂ ਕਿਸੇ ਵੀ ਮਹਿਕਮੇ ਦੀ ਗਲਤੀ ਕਾਰਨ ਡਿੱਗੀ ਹੈ, ਪਰ ਹੁਣ ਮੰਤਰੀ ਜੀ ਹਾਊਸ ਦੇ ਵਿੱਚ ਇਹ ਵਿਸ਼ਵਾਸ ਦਿਵਾ ਦੇਣ ਕਿ ਇਸ ਨੂੰ ਕਦੋਂ ਤੱਕ ਬਣਵਾ ਦਿੱਤਾ ਜਾਵੇਗਾ ? ਸਪੀਕਰ ਸਾਹਿਬ, ਉਥੇ ਕੰਧ ਤਾਂ ਡਿੱਗੀ ਹੀ ਹੈ ਪਰ ਹੋਰ ਕੋਈ ਚੀਜ਼ ਨਾ ਡਿੱਗ ਪਵੇ ਜੀ।

**मंत्री** : स्पीकर साहिब, मैं आदरणीय मैंबर साहिब को विश्वास दिलाती हूँ कि यह जो 12 लाख रूपये का नुक्सान पंचायती राज विभाग ने किया है, यह पैसे दिलवा दें तो उसके बाद एक महीने के अंदर-अंदर बनवा दी जायेगी ।

**ਡਾਕਟਰ ਦਲਬੀਰ ਸਿੰਘ** : ਸਰ, ਬੜੇ ਅਫਸੋਸ ਦੀ ਗੱਲ ਹੈ ਕਿ ਕਿਸੇ ਦੂਜੇ ਮਹਿਕਮੇ ਵੱਲੋਂ ਇਨ੍ਹਾਂ ਦੇ ਮਹਿਕਮੇ ਦੀ ਕੰਧ ਢਾਹ ਦਿੱਤੀ ਹੈ ਤੇ ਇਹ ਐਕਸੀਅਨ ਨੂੰ ਬੇਨਤੀ ਕਰ ਰਹੇ ਹਨ ਕਿ ਉਸ ਨੂੰ ਬਣਾ ਦਿੱਤਾ ਜਾਵੇ। ਸਪੀਕਰ ਸਾਹਿਬ, ਕਿਸੇ ਐਕਸੀਅਨ ਕੋਲ ਕਿੰਨੇ ਕੁ ਫੰਡ ਹਨ, ਜਿਸ ਨਾਲ ਉਹ ਕੰਧ ਬਣਾ ਸਕਦਾ ਹੋਵੇ। ਇਨ੍ਹਾਂ ਦੇ ਕੋਲ ਏਨਾ ਵੱਡਾ ਮਹਿਕਮਾ ਹੈ। ਉਸ ਦੇ ਆਲੇ-ਦੁਆਲੇ ਬਹੁਤ ਗੰਦ ਪਿਆ ਹੈ ਜਿਸ ਦੇ ਬਾਰੇ ਰੋਜ਼ ਡਾਕਟਰ ਫੋਨ ਕਰਦੇ ਰਹਿੰਦੇ ਹਨ ਕਿ ਸਾਡੇ ਬਾਰੇ ਕੁਝ ਸੋਚੋ। ਜੇਕਰ ਕੰਧ ਗਿਰ ਗਈ ਹੈ ਤਾਂ ਉਨ੍ਹਾਂ ਦੇ ਖਿਲਾਫ਼ ਐਕਸ਼ਨ ਲਿਆ ਜਾਵੇ ਤੇ ਦੂਜਾ ਮੰਤਰੀ ਸਾਹਿਬ ਇਹ ਦੱਸਣ ਕਿ ਇਹ ਆਪ ਕੰਧ ਬਣਾ ਸਕਦੇ ਹਨ ਜਾਂ ਨਹੀਂ ?

**मंत्री** : स्पीकर साहिब, जो तथ्य हैं, मैं उनके अनुसार ही कह रही हूँ । यह दो पत्र हैं जो मेरे डिपार्टमैंट की और से डी.सी., अमृतसर और एक्सीयन, पंचायती राज को लिखे हैं, आप इजाज़त दें, मैं यह दो पत्र आपको दे देती हूँ, आप इनको दे देना जी ।

**ਮਾਨਯੋਗ ਸਪੀਕਰ** : ਠੀਕ ਹੈ ਜੀ। ਮੈਂ ਦੇ ਦਿਆਂਗਾ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸਪੀਕਰ ਸਾਹਿਬ, ਕੰਧ ਦੀ ਗੱਲ ਤਾਂ ਉਥੇ ਹੀ ਰਹਿ ਗਈ। ਬੀਬੀ ਜੀ ਨੇ ਕਈ ਸੋਧ ਦਿੱਤੇ ਹਨ, ਠੀਕ ਕਰ ਦਿੱਤੇ ਹਨ। ਕੰਧ ਬਣਾਉਣ ਦੀ ਕੀ ਗੱਲ ਹੈ। ਇਹ ਦੋ ਮਿੰਟਾਂ ਦੇ ਵਿਚ ਬਣਵਾ ਸਕਦੇ ਹਾਂ। (ਹਾਸਾ)

**ਡਾਕਟਰ ਦਲਬੀਰ ਸਿੰਘ** : ਮੈਂ ਹੈਲਥ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਕਿਸੇ ਨੇ ਕੰਧ ਢਾਹ ਦਿੱਤੀ ਹੈ ਤਾਂ ਤੁਸੀਂ ਉਸ ਦੇ ਖਿਲਾਫ਼ ਐਕਸ਼ਨ ਲਵੋ, ਐਫ.ਆਈ.ਆਰ. ਕਰਵਾਓ ਜਾਂ ਜੋ ਮਰਜ਼ੀ ਕਰੋ, ਲੇਕਿਨ ਇਸ ਕੰਧ ਦੇ ਲਈ ਹੈਲਥ ਮਹਿਕਮਾ ਖੁਦ ਜ਼ਿੰਮੇਵਾਰ ਹੈ ਤੇ ਇਸ ਤਰ੍ਹਾਂ ਇਹ ਆਪਣੀ ਜ਼ਿੰਮੇਵਾਰੀ ਦੂਜਿਆਂ ਤੇ ਪਾ ਰਹੇ ਹਨ। ਕੀ ਇਹ ਕੰਧ ਬਣਾਉਣ ਦਾ ਉਪਰਾਲਾ ਕਰੋਗੇ ਜਾਂ ਨਹੀਂ ?

**ਮਾਨਯੋਗ ਸਪੀਕਰ** : ਤੁਸੀਂ ਬਾਦਲ ਸਾਹਿਬ ਨੂੰ ਬੇਨਤੀ ਕਰ ਲਵੋ ਕਿ ਥੋੜ੍ਹੇ ਜਿਹੇ ਪੈਸੇ ਦੇ ਦਿਉ ਤਾਂ ਕੰਧ ਬਣ ਜਾਵੇਗੀ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਅੱਜ ਦੇ ਝਗੜੇ ਵਿੱਚ ਪੈਣਾ ਨਹੀਂ ਸੀ ਚਾਹੁੰਦਾ। (ਹਾਸਾ) ਪਰ ਕਿਉਂਕਿ ਝਗੜਾ ਬਹੁਤ ਵਧ ਗਿਆ ਹੈ, ਇਹ ਦੋ ਮਨਿਸਟਰਾਂ ਦੇ ਦਰਮਿਆਨ ਹੋ ਗਿਆ ਹੈ। ਇਸ ਕਰਕੇ ਮੈਂ ਜ਼ਿੰਮੇਂਵਾਰੀ ਲੈਂਦਾ ਹਾਂ ਕਿ ਮੈਂ ਆਪਣੇ ਫੰਡ ਵਿਚੋਂ 15 ਲੱਖ ਰੁਪਿਆ ਦੇ ਦੇਵਾਂਗਾ ਤੇ ਕੰਧ ਬਣਾ ਦਿਆਂਗੇ।

Original with;
Punjab Vidhan Sabha
Digitized by;
Panjab Digital Library

मंत्री : स्पीकर साहिब, मैं बादल साहिब का धन्यवाद करती हूँ और जो तीन लाख रूपया बच जायेगा, उससे कोई और चीज़ बना ली जायेगी ।

---

## ਲੁਧਿਆਣਾ ਵਿਖੇ "ਏਕ ਪ੍ਰਯਾਸ" ਲਈ ਜ਼ਮੀਨ ਦੀ ਅਲਾਟਮੈਂਟ

*915. **ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ "ਸ਼ੋਸ਼ਲ ਐਕਸ਼ਨ ਗਰੁੱਪ" ਦੀ ਸਰਪਰਸਤੀ ਅਧੀਨ ਕੰਮ ਕਰ ਰਹੇ "ਏਕ ਪ੍ਰਯਾਸ" ਗੈਰ ਸਰਕਾਰੀ ਸੰਸਥਾ ਨੂੰ ਪੱਟੇ ਦੇ ਅਧਾਰ ਤੇ ਜ਼ਮੀਨ ਦੀ ਅਲਾਟਮੈਂਟ ਕਰਨ ਲਈ ਮਿਉਂਸਿਪਲ ਕਾਰਪੋਰੇਸ਼ਨ, ਲੁਧਿਆਣਾ ਨੇ ਮਿਤੀ 11 ਮਈ, 2000, 7 ਜੁਲਾਈ, 2003 ਅਤੇ 28 ਜੁਲਾਈ, 2003 ਨੂੰ ਮਤੇ ਪਾਸ ਕੀਤੇ ਹਨ; ਜੇਕਰ ਅਜਿਹਾ ਹੋਵੇ, ਤਾਂ ਸਰਕਾਰ ਦੁਆਰਾ ਉਕਤ ਮਤਿਆਂ ਨੂੰ ਕਦੋਂ ਤੱਕ ਪ੍ਰਵਾਨ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਮਨੋਰੰਜਨ ਕਾਲੀਆ** : ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

**ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਸ਼੍ਰੀ ਮਨੋਰੰਜਨ ਕਾਲੀਆ, ਕੈਬਿਨਟ ਮੰਤਰੀ, ਲੋਕਲ ਬਾਡੀਜ਼, ਪੰਜਾਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਲੁਧਿਆਣੇ ਵਿੱਚ ਇੱਕ ਸਮਾਜ ਸੇਵੀ ਸੰਸਥਾ ਹੈ, ਇਸ ਨੂੰ ਜ਼ਮੀਨ ਕਿੰਨੇ ਚਿਰ ਵਿਚ ਦੇ ਦਿੱਤੀ ਜਾਵੇਗੀ ? ਇਹ ਤਾਂ ਪੁੰਨ ਵਾਲਾ ਕੰਮ ਹੈ ਜੀ।

**Mr. Speaker** : Questions are over.

---

## UNSTARRED QUESTIONS AND ANSWERS

### ਬਰੂਹੀ ਸੜਕ ਦੀ ਮੁਰੰਮਤ

167. **ਸਰਦਾਰ ਅਮਰਜੀਤ ਸਿੰਘ ਸਾਹੀ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਦਸੂਹਾ-ਹਾਜੀਪੁਰ ਸੜਕ ਤੋਂ ਬਰੂਹੀ ਬਰਾਸਤਾ ਜੀਓਚੱਕ-ਬਡਾਲਾ-ਸੰਸਾਰਪੁਰ ਸੜਕ ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਦਸੂਹਾ ਹਾਜੀਪੁਰ ਰੋਡ ਤੋਂ ਬਰੂਹੀ ਵਾਇਆ ਜੀਓਚੱਕ, ਬਡਾਲਾ, ਸੰਸਾਰਪੁਰ, ਮੱਕੋਵਾਲ ਸੜਕ ਦੀ ਕੁੱਲ ਲੰਬਾਈ 21.60 ਕਿਲੋਮੀਟਰ ਹੈ, ਜਿਸ ਵਿਚੋਂ 10.60 ਕਿਲੋਮੀਟਰ ਲੰਬਾਈ, ਲਿੰਕ ਸੜਕਾਂ ਦੀ ਖਾਸ ਮੁਰੰਮਤ ਸਕੀਮ ਫੇਜ਼-9 (2000-01) ਅਧੀਨ ਰਿਪੇਅਰ ਕੀਤੀ ਜਾ ਚੁੱਕੀ ਹੈ, 8.00 ਕਿਲੋਮੀਟਰ ਦੀ ਲੰਬਾਈ ਉੱਤੇ, ਲਿੰਕ ਸੜਕਾਂ ਦੀ ਖਾਸ ਮੁਰੰਮਤ ਸਕੀਮ ਫੇਜ਼-10 (2000-01) ਅਧੀਨ ਰਿਪੇਅਰ ਚੱਲ ਰਹੀ ਹੈ ਅਤੇ 30 ਜੂਨ, 2009 ਤੱਕ ਮੁਕੰਮਲ ਕਰ ਦਿੱਤੀ ਜਾਵੇਗੀ। ਇਸ ਸੜਕ ਦਾ ਮੱਕੋਵਾਲ ਤੋਂ ਬਰੂਹੀ ਤੱਕ ਤਿੰਨ ਕਿਲੋਮੀਟਰ ਹਿੱਸਾ, ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਫੇਜ਼-8 ਦੇ ਕੋਰ ਨੈਟਵਰਕ ਦੇ ਥਰੂ ਰੂਟ ਨੰਬਰ ਟੀ-02 ਹੈ, ਜਿਸ ਦੇ ਸੁਧਾਰ ਦੀ ਵਿਸਤ੍ਰਿਤ ਪ੍ਰਾਜੈਕਟ ਰਿਪੋਰਟ ਭਾਰਤ ਸਰਕਾਰ

Original with;
Punjab Vidhan Sabha
Digitized by;
Panjab Digital Library

ਨੂੰ ਮਨਜ਼ੂਰੀ ਹਿੱਤ ਭੇਜੀ ਹੋਈ ਹੈ ਅਤੇ ਇਸ ਦੀ ਮਨਜ਼ੂਰੀ ਮਿਲਣ ਉਪਰੰਤ ਸੜਕ ਦੇ ਇਸ ਹਿੱਸੇ ਦਾ ਕੰਮ ਹੱਥ ਵਿੱਚ ਲਿਆ ਜਾਵੇਗਾ। ਇਸ ਸੜਕ ਦੇ ਦਸੂਹਾ ਹਾਜੀਪੁਰ ਤੋਂ ਬਡਾਲਾ ਤੱਕ ਦੇ ਹਿੱਸੇ (ਲੰਬਾਈ 6.84 ਕਿਲੋਮੀਟਰ) ਦੇ ਸੁਧਾਰ ਦੀ ਵਿਸਤ੍ਰਿਤ ਪ੍ਰਾਜੈਕਟ ਰਿਪੋਰਟ ਤਿਆਰੀ ਅਧੀਨ ਹੈ ਅਤੇ ਭਾਰਤ ਸਰਕਾਰ ਦੀ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਫੇਜ਼-8 ਅਧੀਨ ਮਨਜ਼ੂਰੀ ਉਪਰੰਤ ਇਸ ਦਾ ਕੰਮ ਆਰੰਭ ਕੀਤਾ ਜਾਵੇਗਾ।

---

## ਆਦਰਸ਼ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ

196. **ਸਰਦਾਰ ਜਸਬੀਰ ਸਿੰਘ ਖੰਗੂੜਾ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਆਦਰਸ਼ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਹੈ ਅਤੇ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਨਾਲ ਸਬੰਧਤ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਹੈ ?

**ਡਾਕਟਰ ਉਪਿੰਦਰਜੀਤ ਕੌਰ** : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਚਲਾਏ ਜਾ ਰਹੇ 9 ਆਦਰਸ਼ ਸਕੂਲਾਂ ਵਿਚ ਪੜ੍ਹਦੇ ਕੁੱਲ ਵਿਦਿਆਰਥੀਆਂ ਦੀ ਗਿਣਤੀ 4336 ਹੈ, ਜਿਨ੍ਹਾਂ ਵਿਚੋਂ 1059 ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦੇ ਹਨ।

---

## ਇਸ਼ਤਿਹਾਰੀ ਅਪਰਾਧੀ ਘੋਸ਼ਿਤ ਕੀਤੇ ਗਏ ਪ੍ਰਵਾਸੀ ਭਾਰਤੀ

197. **ਸਰਦਾਰ ਜਸਬੀਰ ਸਿੰਘ ਖੰਗੂੜਾ** : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਨ੍ਹਾਂ ਪ੍ਰਵਾਸੀ ਭਾਰਤੀਆਂ ਦੀ ਗਿਣਤੀ ਕਿੰਨੀ ਹੈ, ਜਿਹੜੇ ਪੰਜਾਬ ਵਿਚ ਦਰਜ ਕੀਤੀਆਂ ਗਈਆਂ ਐਫ.ਆਈ.ਆਰਜ਼ ਅਨੁਸਾਰ ਇਸ਼ਤਿਹਾਰੀ ਅਪਰਾਧੀਆਂ ਵਜੋਂ ਘੋਸ਼ਿਤ ਕੀਤੇ ਗਏ ਹਨ ਅਤੇ ਇਨ੍ਹਾਂ ਇਸ਼ਤਿਹਾਰੀ ਅਪਰਾਧੀਆਂ ਦੀ ਕੁੱਲ ਗਿਣਤੀ ਦੀ ਪ੍ਰਤੀਸ਼ਤਤਾ ਕਿੰਨੀ ਹੈ ?

**ਸਰਦਾਰ ਸੁਖਬੀਰ ਸਿੰਘ ਬਾਦਲ** : ਪੰਜਾਬ ਵਿੱਚ ਦਰਜ ਕੀਤੀਆਂ ਗਈਆਂ ਐਫ.ਆਈ.ਆਰਜ਼ ਅਨੁਸਾਰ ਘੋਸ਼ਿਤ ਕੀਤੇ ਗਏ ਇਸ਼ਤਿਹਾਰੀ ਅਪਰਾਧੀਆਂ ਦੀ ਕੁੱਲ ਗਿਣਤੀ 5369 ਹੈ। ਇਨ੍ਹਾਂ ਵਿਚੋਂ ਪ੍ਰਵਾਸੀ ਭਾਰਤੀ ਇਸ਼ਤਿਹਾਰੀ ਅਪਰਾਧੀਆਂ ਦੀ ਗਿਣਤੀ 722 ਹੈ। ਇਸ ਦੀ ਪ੍ਰਤੀਸ਼ਤਤਾ 13.45 ਬਣਦੀ ਹੈ।

---

## ਐਨ.ਆਰ.ਆਈ. ਸੰਮੇਲਨਾਂ ਤੇ ਖਰਚ

198. **ਸਰਦਾਰ ਜਸਬੀਰ ਸਿੰਘ ਖੰਗੂੜਾ** : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਨਵਰੀ, 2008 ਵਿਚ ਚੰਡੀਗੜ੍ਹ ਅਤੇ ਜਲੰਧਰ ਵਿਚ ਹੋਏ ਐਨ.ਆਰ.ਆਈ. ਸੰਮੇਲਨ ਲਈ ਕਿੰਨਾ ਬਜਟ ਮਨਜ਼ੂਰ ਕੀਤਾ ਗਿਆ ਅਤੇ ਇਸ ਤੇ ਮੱਦ-ਵਾਰ ਕਿੰਨਾ-ਕਿੰਨਾ ਖਰਚ ਕੀਤਾ ਗਿਆ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਬੀਰ ਸਿੰਘ ਬਾਦਲ** : ਜਨਵਰੀ, 2008 ਵਿਚ ਚੰਡੀਗੜ੍ਹ ਅਤੇ ਜਲੰਧਰ ਵਿਖੇ ਹੋਏ ਐਨ.ਆਰ.ਆਈ. ਸੰਮੇਲਨ ਲਈ 1.50 ਕਰੋੜ ਰੁਪਏ ਦਾ ਬਜਟ ਮਨਜ਼ੂਰ ਕੀਤਾ ਗਿਆ ਸੀ ਜਿਸ ਦੇ ਵਿਰੁੱਧ 1.36 ਕਰੋੜ ਰੁਪਏ ਦਾ ਖਰਚਾ ਕੀਤਾ ਗਿਆ ਸੀ। ਇਸ ਤੇ ਮੱਦ-ਵਾਰ ਖਰਚੇ ਦੇ ਵੇਰਵੇ ਅਨੁਲੱਗ-1 ਤੇ ਹਨ।

**ਅਨੁਲੱਗ 1**

| ਲੜੀ ਨੰ: | ਮੱਦ-ਵਾਰ ਖਰਚਾ | (ਰੁਪਏ ਹਜ਼ਾਰਾਂ ਵਿੱਚ) |
|---|---|---|
| 1 | ਰਿਹਾਇਸ਼ | 18,87 |
| 2 | ਦੁਪਹਿਰ/ਰਾਤ ਦਾ ਖਾਣਾ | 32,78 |
| 3 | ਪੀ.ਐਚ.ਡੀ. ਚੈਂਬਰ ਆਫ ਕਮਰਸ ਨੂੰ ਪ੍ਰਬੰਧ ਕਰਨ ਦੀ ਅਦਾਇਗੀ | 23,74 |
| 4 | ਜਲੰਧਰ ਡਵੀਜ਼ਨ, ਜਲੰਧਰ ਨੂੰ ਪ੍ਰਬੰਧ ਕਰਨ ਦੀ ਅਦਾਇਗੀ | 10,81 |
| 5 | ਕਲਚਰਲ ਪ੍ਰੋਗਰਾਮ | 21,66 |
| 6 | ਪਬਲੀਸਿਟੀ ਅਤੇ ਵਿਗਿਆਪਨ | 10,65 |
| 7 | ਕੋਰੀਅਰ ਸੇਵਾਵਾਂ | 4,39 |
| 8 | ਟਰਾਂਸਪੋਰਟ | 8,65 |
| 9 | ਫੁੱਟਕਲ | 2,68 |
| 10 | ਟੀ.ਡੀ.ਐਸ. | 2,38 |
| | **ਜੋੜ :** | **1,36,61** |

---

## ਪਾਤੜਾਂ-ਜਿਊਣਪੁਰ ਸੜਕ ਤੇ ਬਣੇ ਪੁਲ ਦੀ ਮੁਰੰਮਤ

199. **ਸਰਦਾਰ ਨਿਰਮਲ ਸਿੰਘ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਾਤੜਾਂ-ਜਿਊਣਪੁਰ ਸੜਕ ਤੇ ਬਣਿਆ ਪੁਲ ਬਹੁਤ ਹੀ ਖਸਤਾ ਹਾਲਤ ਵਿਚ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਅਗੇਤੀ ਮੁਰੰਮਤ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਨਹੀਂ ਜੀ। ਪਾਤੜਾਂ-ਜਿਊਣਪੁਰ ਸੜਕ ਉੱਤੇ ਕਲਵਰਟ ਦੀਆਂ ਕੇਵਲ ਟੋਅ ਵਾਲਜ਼ ਟੁੱਟੀਆਂ ਹੋਈਆਂ ਹਨ। ਇਸ ਕਲਵਰਟ ਦੀ ਮੁਰੰਮਤ ਲਈ 7.51 ਲੱਖ ਰੁਪਏ ਦਾ ਅਨੁਮਾਨ ਪੰਜਾਬ ਮੰਡੀ ਬੋਰਡ ਨੂੰ ਭੇਜਿਆ

Original with;
Punjab Vidhan Sabha
Digitized by;
Panjab Digital Library

ਹੋਇਆ ਹੈ। ਇਸ ਕਲਵਰਟ ਦੀ ਮੁਰੰਮਤ ਪੰਜਾਬ ਮੰਡੀ ਬੋਰਡ ਤੋਂ ਫੰਡਜ਼ ਪ੍ਰਾਪਤ ਹੋਣ ਉਪਰੰਤ ਕਰ ਦਿੱਤੀ ਜਾਵੇਗੀ।

---

## ਬੰਗਾ ਕਸਬੇ ਤੋਂ ਲੰਘਦੀਆਂ ਬੱਸਾਂ ਦੀ ਗਿਣਤੀ

200. **ਸਰਦਾਰ ਮੋਹਨ ਲਾਲ ਸਿੰਘ** : ਕੀ ਟ੍ਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬੰਗਾ ਤੋਂ ਲੰਘਦੀਆ ਬੱਸਾਂ, ਬੱਸ ਸਟੈਂਡ ਤੇ ਰੁਕਦੀਆਂ ਹਨ ਅਤੇ ਉਥੋਂ ਸਵਾਰੀਆਂ ਚੁੱਕਦੀਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਇਕ ਦਿਨ ਵਿਚ ਉਕਤ ਬੱਸ ਸਟੈਂਡ ਤੇ ਰੁੱਕਣ ਵਾਲੀਆਂ ਬੱਸਾਂ ਦੀ ਲੱਗਭੱਗ ਗਿਣਤੀ ਕਿੰਨੀ ਹੈ ?

**ਮਾਸਟਰ ਮੋਹਨ ਲਾਲ** : ਬੰਗਾ ਕਸਬੇ ਤੋਂ ਲੰਘਦੀਆ ਬੱਸਾਂ ਬੱਸ ਸਟੈਂਡ ਤੇ ਰੁੱਕਦੀਆਂ ਹਨ, ਉਥੋਂ ਸਵਾਰੀਆਂ ਚੁੱਕਦੀਆਂ ਹਨ ਅਤੇ ਇੱਕ ਦਿਨ ਵਿੱਚ ਬੰਗਾ ਬੱਸ ਸਟੈਂਡ ਤੇ ਰੁੱਕਣ ਵਾਲੀਆਂ ਸਰਕਾਰੀ ਅਤੇ ਪ੍ਰਾਈਵੇਟ ਬੱਸਾਂ ਦੀ ਗਿਣਤੀ ਲੱਗਭੱਗ 714 ਹੈ ਜਿਨ੍ਹਾਂ ਵਿੱਚ ਸਰਕਾਰੀ ਬੱਸਾਂ 436 ਅਤੇ ਪ੍ਰਾਈਵੇਟ ਬੱਸਾਂ 278 ਹਨ।

---

## ਸਾਲ 2007-08 ਵਿਚ ਵਿਦਿਆਰਥੀਆਂ ਦੀ ਪਾਸ ਪ੍ਰਤੀਸ਼ਤਤਾ

201. **ਸਰਦਾਰ ਚਰਨਜੀਤ ਸਿੰਘ ਚੰਨੀ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 2007-08 ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਜਮਾਤਾਂ 8ਵੀਂ, 10ਵੀਂ ਅਤੇ 12ਵੀਂ ਦੀ ਪਾਸ ਪ੍ਰਤੀਸ਼ਤਤਾ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਵਿਚੋਂ ਪਹਿਲੀ ਡਵੀਜ਼ਨ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਕਿੰਨੀ ਹੈ;

(ਅ) ਦਿਹਾਤੀ ਅਤੇ ਸ਼ਹਿਰੀ ਖੇਤਰਾਂ ਵਿਚ ਪੈਂਦੇ ਸਕੂਲਾਂ ਦੇ ਵਿਦਿਆਰਥੀਆਂ ਦੀ ਕ੍ਰਮਵਾਰ ਪਾਸ ਪ੍ਰਤੀਸ਼ਤਤਾ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਵਿਚੋਂ ਪਹਿਲੀ ਡਵੀਜ਼ਨ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਕਿੰਨੀ ਹੈ ?

Original with;
Punjab Vidhan Sabha
Digitized by;
Panjab Digital Library

ਡਾਕਟਰ ਉਪਿੰਦਰਜੀਤ ਕੌਰ : ਭਾਗ (ੳ)

ਅੱਠਵੀਂ ਜਮਾਤ

| ਵਿਦਿਆਰਥੀਆਂ ਦਾ ਦਰਜਾ | ਵਿਦਿਆਰਥੀਆਂ ਦੀ ਗਿਣਤੀ | | | | |
|---|---|---|---|---|---|
| | ਹਾਜ਼ਰ | ਪਾਸ | | ਫੇਲ੍ਹ | |
| | ਗਿਣਤੀ | ਗਿਣਤੀ | % | ਗਿਣਤੀ | % |
| ਰੈਗੂਲਰ | 444316 | 294049 | 66.18 | 150267 | 33.82 |
| ਪ੍ਰਾਈਵੇਟ | 106631 | 64210 | 60.22 | 42421 | 39.78 |
| ਜੋੜ : | 550947 | 358259 | 65.03 | 192688 | 34.97 |

ਦਸਵੀਂ ਜਮਾਤ

| ਵਿਦਿਆਰਥੀਆਂ ਦਾ ਦਰਜਾ | ਵਿਦਿਆਰਥੀਆਂ ਦੀ ਗਿਣਤੀ | | | | |
|---|---|---|---|---|---|
| | ਹਾਜ਼ਰ | ਪਾਸ | | ਫੇਲ੍ਹ | |
| | ਗਿਣਤੀ | ਗਿਣਤੀ | % | ਗਿਣਤੀ | % |
| ਰੈਗੂਲਰ | 271018 | 203646 | 75.14 | 67372 | 24.86 |
| ਪ੍ਰਾਈਵੇਟ | 88196 | 53500 | 60.66 | 34696 | 39.34 |
| ਜੋੜ : | 359214 | 257146 | 71.59 | 102068 | 28.41 |

ਬਾਰਵੀਂ ਜਮਾਤ

| ਵਿਦਿਆਰਥੀਆਂ ਦਾ ਦਰਜਾ | ਵਿਦਿਆਰਥੀਆਂ ਦੀ ਗਿਣਤੀ | | | | |
|---|---|---|---|---|---|
| | ਹਾਜ਼ਰ | ਪਾਸ | | ਫੇਲ੍ਹ | |
| | ਗਿਣਤੀ | ਗਿਣਤੀ | % | ਗਿਣਤੀ | % |
| ਰੈਗੂਲਰ | 175005 | 131854 | 75.34 | 43151 | 24.66 |
| ਪ੍ਰਾਈਵੇਟ | 101440 | 53926 | 53.16 | 47514 | 46.84 |
| ਜੋੜ : | 276445 | 185780 | 67.20 | 90665 | 32.80 |

Original with;
Punjab Vidhan Sabha
Digitized by;
Panjab Digital Library

## ਦਸਵੀਂ ਜਮਾਤ (ਓਪਨ ਸਕੂਲ)

| ਵਿਦਿਆਰਥੀਆਂ ਦਾ ਦਰਜਾ | ਵਿਦਿਆਰਥੀਆਂ ਦੀ ਗਿਣਤੀ | | | | |
|---|---|---|---|---|---|
| | ਹਾਜ਼ਰ | ਪਾਸ | | ਫੇਲ੍ਹ | |
| | ਗਿਣਤੀ | ਗਿਣਤੀ | % | ਗਿਣਤੀ | % |
| ਰੈਗੂਲਰ | 55403 | 31542 | 56.93 | 23861 | 43.07 |
| ਪ੍ਰਾਈਵੇਟ | 4503 | 1822 | 40.46 | 2681 | 59.54 |
| ਜੋੜ | 59906 | 33364 | 55.69 | 26542 | 44.31 |

## ਬਾਰ੍ਹਵੀਂ ਜਮਾਤ (ਓਪਨ ਸਕੂਲ)

| ਵਿਦਿਆਰਥੀਆਂ ਦਾ ਦਰਜਾ | ਵਿਦਿਆਰਥੀਆਂ ਦੀ ਗਿਣਤੀ | | | | |
|---|---|---|---|---|---|
| | ਹਾਜ਼ਰ | ਪਾਸ | | ਫੇਲ੍ਹ | |
| | ਗਿਣਤੀ | ਗਿਣਤੀ | % | ਗਿਣਤੀ | % |
| ਰੈਗੂਲਰ | 17482 | 7804 | 44.64 | 9678 | 55.36 |
| ਪ੍ਰਾਈਵੇਟ | 2180 | 829 | 38.03 | 1351 | 61.97 |
| ਜੋੜ | 19662 | 8633 | 43.91 | 11029 | 56.09 |

## ਅੱਠਵੀਂ ਜਮਾਤ

| ਵਿਦਿਆਰਥੀਆਂ ਦਾ ਦਰਜਾ | ਵਿਦਿਆਰਥੀਆਂ ਦੀ ਗਿਣਤੀ | | | | |
|---|---|---|---|---|---|
| | ਹਾਜ਼ਰ | ਪਾਸ | ਪ੍ਰਤੀਸ਼ਤਤਾ | ਫੇਲ੍ਹ | ਪ੍ਰਤੀਸ਼ਤਤਾ |
| | ਗਿਣਤੀ | ਗਿਣਤੀ | % | ਗਿਣਤੀ | % |
| ਦਿਹਾਤੀ | 380155 | 241354 | 63.49 | 138801 | 36.51 |
| ਸ਼ਹਿਰੀ | 170792 | 116905 | 68.45 | 53887 | 31.55 |
| ਜੋੜ | 550947 | 358259 | 65.03 | 192688 | 34.97 |

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

ਦਸਵੀਂ ਜਮਾਤ

| ਵਿਦਿਆਰਥੀਆਂ ਦਾ ਦਰਜਾ | ਵਿਦਿਆਰਥੀਆਂ ਦੀ ਗਿਣਤੀ | | | | |
|---|---|---|---|---|---|
| | ਹਾਜ਼ਰ | ਪਾਸ | ਪ੍ਰਤੀਸ਼ਤਤਾ | ਫੇਲ੍ਹ (ਕੰਪਾਰਟਮੈਂਟ ਵਾਲੇ ਕੇਸਾਂ ਤੋਂ ਬਿਨਾਂ) | ਪ੍ਰਤੀਸ਼ਤਤਾ |
| | ਗਿਣਤੀ | ਗਿਣਤੀ | % | ਗਿਣਤੀ | % |
| ਦਿਹਾਤੀ | 230824 | 162791 | 70.53 | 68033 | 29.47 |
| ਸ਼ਹਿਰੀ | 128390 | 94355 | 73.49 | 34035 | 26.51 |
| ਜੋੜ | 359214 | 257146 | 71.59 | 102068 | 28.41 |

ਬਾਰ੍ਹਵੀਂ ਜਮਾਤ

| ਵਿਦਿਆਰਥੀਆਂ ਦਾ ਦਰਜਾ | ਵਿਦਿਆਰਥੀਆਂ ਦੀ ਗਿਣਤੀ | | | | |
|---|---|---|---|---|---|
| | ਹਾਜ਼ਰ | ਪਾਸ | ਪ੍ਰਤੀਸ਼ਤਤਾ | ਫੇਲ੍ਹ | ਪ੍ਰਤੀਸ਼ਤਤਾ |
| | ਗਿਣਤੀ | ਗਿਣਤੀ | % | ਗਿਣਤੀ | % |
| ਦਿਹਾਤੀ | 176068 | 113942 | 64.71 | 62126 | 35.29 |
| ਸ਼ਹਿਰੀ | 100377 | 71838 | 71.57 | 28539 | 28.43 |
| ਜੋੜ | 276445 | 185780 | 67.20 | 90665 | 32.80 |

ਨੋਟ :— ਰਿਜ਼ਲਟ ਗਜ਼ਟ ਅਤੇ ਡੀਟੇਲਡ ਮਾਰਕਸ-ਕਮ-ਸਰਟੀਫਿਕੇਟ ਵਿੱਚ ਸਾਲ 2004 ਤੋਂ ਸੀ.ਬੀ.ਐਸ.ਈ. ਅਤੇ ਆਈ.ਸੀ.ਐਸ.ਈ. ਵਾਂਗ ਕੇਵਲ ਹਰੇਕ ਵਿਸ਼ੇ ਵਿੱਚ ਪਾਸ ਕੀਤੇ ਨੰਬਰ ਹੀ ਵਿਖਾਏ ਜਾਂਦੇ ਹਨ ਅਤੇ ਵਿਦਿਆਰਥੀ ਵੱਲੋਂ ਪ੍ਰਾਪਤ ਡਿਵੀਜ਼ਨ ਵਿਖਾਉਣ ਦਾ ਕੋਈ ਉਪਬੰਧ ਨਹੀਂ ਹੈ।

---

**ਅਧਿਆਪਕਾਂ ਦੀਆਂ ਖਾਲੀ ਆਸਾਮੀਆਂ**

202. **ਸਰਦਾਰ ਇੰਦਰਬੀਰ ਸਿੰਘ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਧਿਆਪਕਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਗਿਣਤੀ ਦੇ ਜ਼ਿਲ੍ਹਾ-ਵਾਰ ਵੇਰਵੇ ਕੀ ਹਨ ਅਤੇ ਇਹ ਆਸਾਮੀਆਂ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ਅਤੇ ਇਸ ਲਈ ਕੀ ਕਸੌਟੀ ਅਪਣਾਈ ਜਾਵੇਗੀ।

**ਡਾਕਟਰ ਉਪਿੰਦਰਜੀਤ ਕੌਰ** : ਅਧਿਆਪਕਾਂ ਦੀਆਂ ਜ਼ਿਲ੍ਹਾ-ਵਾਰ ਖਾਲੀ ਆਸਾਮੀਆਂ ਦੀ ਗਿਣਤੀ/ਵੇਰਵਾ ਅਨੁਲੱਗ "ੳ" ਤੇ ਹੈ।

ਇਨ੍ਹਾਂ ਖਾਲੀ ਆਸਾਮੀਆਂ ਨੂੰ ਜਲਦੀ ਤੋਂ ਜਲਦੀ ਭਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਜਿਥੋਂ ਤੱਕ ਇਹ ਆਸਾਮੀਆਂ ਭਰਨ ਲਈ ਕਸੌਟੀ ਅਪਨਾਉਣ ਦਾ ਸਬੰਧ ਹੈ, ਤਰੱਕੀ ਦੇ ਕੋਟੇ ਦੀਆਂ ਆਸਾਮੀਆਂ ਪਾਲਿਸੀ ਗਾਈਡਲਾਈਨਜ਼ ਅਤੇ ਸਬੰਧਤ ਸੇਵਾ ਨਿਯਮਾਂ ਦੇ ਉਪਬੰਧਾਂ ਅਨੁਸਾਰ ਸੀਨੀਆਰਤਾ-ਕਮ-ਮੈਰਿਟ ਦੇ ਆਧਾਰ ਤੇ ਭਰੀਆਂ ਜਾਣਗੀਆਂ। ਸਿੱਧੀ ਭਰਤੀ ਦੇ ਕੋਟੇ ਦੀਆਂ ਆਸਾਮੀਆਂ ਨਿਰੋਲ ਮੈਰਿਟ ਦੇ ਆਧਾਰ ਤੇ ਪਾਰਦਰਸ਼ੀ ਢੰਗ ਨਾਲ ਭਰੀਆਂ ਜਾਣਗੀਆਂ।

Original with;
Punjab Vidhan Sabha
Digitized by;
Panjab Digital Library

## ਅਨੁਲੱਗ ੳ

### ਜ਼ਿਲ੍ਹਾ ਵਾਰ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ ਦੀ ਗਿਣਤੀ

| ਜ਼ਿਲ੍ਹਾ | ਪ੍ਰਿਸੀਪਲ | ਮੁੱਖ ਅਧਿਆਪਕ | ਲੈਕਚਰਾਰ | ਮਾਸਟਰ/ ਮਿਸਟ੍ਰੈਸ | ਸੀ.ਐਡ ਵੀ. | ਸੈਂਟਰ ਹੈਡ ਟੀਚਰ | ਹੈਡ ਟੀਚਰ | ਜੇ.ਬੀ.ਟੀ./ ਈ.ਟੀ.ਟੀ. |
|---|---|---|---|---|---|---|---|---|
| ਅੰਮ੍ਰਿਤਸਰ | 75 | 66 | 109 | 324 | 14 | 21 | 105 | 702 |
| ਬਠਿੰਡਾ | 66 | 51 | 118 | 172 | 46 | 12 | 97 | 226 |
| ਬਰਨਾਲਾ | 22 | 44 | 44 | 80 | 21 | 5 | 23 | 80 |
| ਫਿਰੋਜ਼ਪੁਰ | 80 | 36 | 295 | 209 | 144 | 39 | 114 | 279 |
| ਫਰੀਦਕੋਟ | 22 | 28 | 40 | 62 | 70 | 6 | 23 | 89 |
| ਫਤਹਿਗੜ੍ਹ ਸਾਹਿਬ | 31 | 25 | 50 | 96 | 63 | 9 | 77 | 75 |
| ਗੁਰਦਾਸਪੁਰ | 111 | 54 | 216 | 165 | 57 | 19 | 72 | 241 |
| ਹੁਸ਼ਿਆਰਪੁਰ | 37 | 44 | 201 | 347 | 82 | 37 | 176 | 381 |
| ਜਲੰਧਰ | 104 | 80 | 376 | 348 | 150 | 19 | 168 | 440 |
| ਕਪੂਰਥਲਾ | 48 | 41 | 108 | 379 | 66 | 13 | 62 | 205 |
| ਲੁਧਿਆਣਾ | 131 | 91 | 137 | 140 | 142 | 21 | 181 | 582 |
| ਮੋਗਾ | 64 | 52 | 140 | 192 | 61 | 11 | 64 | 308 |
| ਮੁਕਤਸਰ | 57 | 42 | 203 | 82 | 54 | 8 | 23 | 207 |
| ਮਾਨਸਾ | 40 | 34 | 149 | 384 | 23 | 13 | 39 | 99 |
| ਸ਼ਹੀਦ ਭਗਤ ਸਿੰਘ ਨਗਰ | 43 | 36 | 269 | 351 | 93 | 14 | 38 | 137 |
| ਪਟਿਆਲਾ | 67 | 46 | 70 | 33 | 60 | 40 | 148 | 248 |
| ਰੋਪੜ | 39 | 26 | 46 | 139 | 36 | 8 | 60 | 96 |
| ਸੰਗਰੂਰ | 73 | 74 | 116 | 266 | 54 | 20 | 85 | 224 |
| ਐਸ.ਏ.ਐਸ. ਨਗਰ | 19 | 9 | 8 | 33 | 24 | 14 | 45 | 161 |
| ਤਰਨ ਤਾਰਨ | 51 | 69 | 190 | 716 | 51 | 28 | 87 | 286 |
| ਕੁਲ ਜੋੜ | 1180 | 948 | 2885 | 4518 | 1311 | 357 | 1687 | 5066 |

Original with;
Punjab Vidhan Sabha
Digitized by;
Panjab Digital Library

## MATTERS RAISED DURING ZERO HOUR AND STATEMENTS BY THE CHIEF MINISTER AND MINISTERS THEREON

**ਸਰਦਾਰ ਸੋਹਣ ਸਿੰਘ ਠੰਡਲ :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ। ਸਵਾਲਾਂ ਦੇ ਜਵਾਬ ਵਿੱਚ ਵੀ ਕੁਝ ਅਹਿਮ ਗੱਲਾਂ ਪੰਚਾਇਤ ਮੰਤਰੀ ਜੀ ਦੇ ਵਿਭਾਗ ਨਾਲ ਰਿਲੇਟਿਡ ਆਈਆਂ ਹਨ। ਇਸ ਸਬੰਧ ਵਿੱਚ ਮੈਂ 1-2 ਬੇਨਤੀਆਂ ਕਰਨੀਆਂ ਚਾਹੁੰਦਾ ਹਾਂ। ਉਹ ਇਹ ਹਨ ਕਿ ਪੰਚਾਇਤਾਂ ਦੀਆਂ ਜ਼ਮੀਨਾਂ ਦੇ ਤਬਾਦਲੇ ਸਬੰਧੀ ਮੁਸ਼ਕਿਲਾਂ ਆਉਂਦੀਆਂ ਹਨ, ਇਸੇ ਤਰ੍ਹਾਂ ਹੀ ਪੰਚਾਇਤਾਂ ਨੂੰ ਦਰਖ਼ੱਤ ਵੇਚਣ ਸਬੰਧੀ ਵੀ ਮੁਸ਼ਕਿਲਾਂ ਆਉਂਦੀਆਂ ਹਨ। ਸਭ ਤੋਂ ਵੱਡੀ ਮੁਸ਼ਕਿਲ ਜਿਹੜੀ ਪੰਚਾਇਤ ਜਥੇਬੰਦੀਆਂ ਨੂੰ ਆਉਂਦੀ ਹੈ, ਉਹ ਇਹ ਹੈ ਕਿ ਜਦੋਂ ਉਹ ਪੁਰਾਣੀਆਂ ਗਲੀਆਂ ਨੂੰ ਪੁੱਟ ਕੇ ਨਵੀਆਂ ਬਣਾਉਣੀਆਂ ਚਾਹੁੰਦੀਆਂ ਹੈ ਤਾਂ ਉਸ ਦੀ ਮਨਜ਼ੂਰੀ ਉਨ੍ਹਾਂ ਨੂੰ ਸਾਲਾਂ ਬੱਧੀ ਨਹੀਂ ਮਿਲਦੀ। ਇਨ੍ਹਾਂ ਨੂੰ ਬਣਾਉਣ ਲਈ ਇੱਕ ਤਾਂ ਬੀ.ਡੀ.ਪੀ.ਓ. ਨੂੰ ਹਦਾਇਤ ਕਰਨੀ ਜ਼ਰੂਰੀ ਬਣਦੀ ਹੈ। ਇਸੇ ਤਰ੍ਹਾਂ ਹੀ ਮੇਰੀ ਬੇਨਤੀ ਹੈ ਕਿ ਜਿਹੜੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਅੰਡਰ ਸਕੂਲ ਹਨ ਜਾਂ ਡਿਸਪੈਂਸਰੀਆਂ ਹਨ, ਉਹ ਉਨ੍ਹਾਂ ਨੂੰ ਦੇ ਤਾਂ ਦਿੱਤੀਆਂ ਗਈਆਂ ਹਨ ਪਰ ਉਨ੍ਹਾਂ ਦੀ ਹਾਲਤ ਇਹ ਹੈ ਕਿ ਜਿਹੜੇ ਸਕੂਲ ਹਨ, ਉਨ੍ਹਾਂ ਵਿੱਚ ਟੀਚਰਾਂ ਦੀ ਕਮੀ ਹੈ ਅਤੇ ਜਿਹੜੀਆਂ ਡਿਸਪੈਂਸਰੀਆਂ ਹਨ, ਉਨ੍ਹਾਂ ਵਿੱਚ ਡਾਕਟਰਾਂ ਦੀ ਕਮੀ ਹੈ। ਜ਼ਿਲ੍ਹਾ ਪ੍ਰੀਸ਼ਦਾਂ ਕੋਲ ਇਹ ਪਾਵਰ ਨਹੀਂ ਹੈ ਕਿ ਉਹ ਡਾਕਟਰ ਰੱਖ ਸਕਣ ਜਾਂ ਉਨ੍ਹਾਂ ਦੀ ਬਦਲੀ ਕਰ ਸਕਣ। ਸੋ, ਮੈਂ ਆਪ ਜੀ ਰਾਹੀਂ, ਮੁੱਖ ਮੰਤਰੀ ਜੀ ਬੈਠੇ ਹਨ, ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਕੂਲ ਜਿਹੜੇ ਅਧਿਆਪਕਾਂ ਤੋਂ ਸੱਖਣੇ ਹਨ ਜਾਂ ਡਿਸਪੈਂਸਰੀਆਂ ਜਿਹੜੀਆਂ ਕਿ ਡਾਕਟਰਾਂ ਤੋਂ ਸੱਖਣੀਆਂ ਹਨ ਜਾਂ ਜਿਹੜੇ ਪੰਚਾਇਤਾਂ ਦੇ ਕੰਮਾਂ ਵਿੱਚ ਅੜਿੱਕੇ ਵੱਡੇ ਸਮੇਂ ਤੋਂ ਪਏ ਰਹਿੰਦੇ ਹਨ, ਉਨ੍ਹਾਂ ਸਬੰਧੀ ਵਿਸ਼ੇਸ਼ ਧਿਆਨ ਦਿੱਤਾ ਜਾਵੇ ਤਾਂ ਕਿ ਆਪਾਂ ਜੋ ਪੰਚਾਇਤਾਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਕੀਤੀ ਹੈ, ਜੇਕਰ ਬਾਦਲ ਸਾਹਿਬ ਨੇ ਪਿੰਡਾਂ ਨੂੰ ਕਰੋੜਾਂ ਰੁਪਏ ਦਿੱਤੇ ਹਨ, ਉਹ ਇਸ ਕਰਕੇ ਨਹੀਂ ਲੱਗ ਰਹੇ ਕਿਉਂਕਿ ਪੰਚਾਇਤਾਂ ਨੂੰ ਦਿੱਕਤਾਂ ਬਹੁਤ ਆ ਰਹੀਆਂ ਹਨ। ਇਸ ਵੱਲ ਧਿਆਨ ਦਿੱਤਾ ਜਾਵੇ ਤਾਂ ਕਿ ਕੰਮ ਕਾਰ ਠੀਕ ਤਰੀਕੇ ਨਾਲ ਹੋ ਸਕਣ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿੱਚੋਂ ਇੱਕ ਬਹੁਤ ਵੱਡੀ ਜਰਨੈਲੀ ਸੜਕ ਐਕਸਪ੍ਰੈਸ ਹਾਈਵੇ ਨਿਕਲ ਰਹੀ ਹੈ ਜਿਸ ਵਾਸਤੇ ਬਹੁਤ ਜ਼ਿਆਦਾ ਜ਼ਮੀਨ ਐਕੁਆਇਰ ਕਰਨੀ ਪੈ ਰਹੀ ਹੈ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਵਿੱਚ 2500 ਏਕੜ ਜ਼ਮੀਨ ਐਕੁਆਇਰ ਹੋਣੀ ਹੈ। ਕਾਫ਼ੀ ਦਿਨਾਂ ਤੋਂ ਅਖ਼ਬਾਰਾਂ ਵਿੱਚ ਵੀ ਆ ਰਿਹਾ ਹੈ, ਖਰੜ ਇਲਾਕੇ ਦੇ ਅਤੇ ਚਮਕੌਰ ਸਾਹਿਬ ਇਲਾਕੇ ਦੇ ਜਿਹੜੇ ਕਿਸਾਨ ਹਨ, ਉਹ ਸਹਿਮੇ ਹੋਏ ਹਨ, ਭੈਅ ਵਿੱਚ ਹਨ, ਐਜੀਟੇਸ਼ਨਾਂ ਕਰ ਰਹੇ ਹਨ ਕਿ ਉਨ੍ਹਾਂ ਦੀ ਜ਼ਮੀਨ ਐਕੁਆਇਰ ਹੋਣੀ ਹੈ ਜਾਂ ਮਕਾਨ ਜਿਹੜੇ ਹਨ, ਉਹ ਇਸ ਸੜਕ ਵਿੱਚ ਆ ਰਹੇ ਹਨ, ਉਨ੍ਹਾਂ ਨੂੰ ਉਸ ਦਾ ਵਾਜਿਬ ਮੁਆਵਜ਼ਾ ਮਿਲਣਾ ਚਾਹੀਦਾ ਹੈ। ਕਿਉਂਕਿ ਲੋਕਾਂ ਵਿੱਚ ਪੈਨਿਕ ਹੈ, ਇਸ ਲਈ ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਵਿਸ਼ਵਾਸ ਦਿਵਾਉਣ ਕਿ ਜਿਹੜੀ ਕਿਸਾਨਾਂ ਦੀ ਜ਼ਮੀਨ ਇਸ ਵਿੱਚ ਆਉਣੀ ਹੈ, ਉਨ੍ਹਾਂ ਨੂੰ ਪੂਰੀ ਕੀਮਤ ਮਿਲੇਗੀ ਤਾਂ ਕਿ ਜਿਹੜੇ ਸਾਡੇ ਕਿਸਾਨ ਹਨ, ਉਹ ਸਹਿਮ ਵਿੱਚ ਨਾ ਰਹਿਣ ਅਤੇ ਜਿਹੜੀ ਇਹ ਜਰਨੈਲੀ ਸੜਕ ਹੈ, ਇਹ ਕੱਢੀ ਜਾ ਸਕੇ।

(ਇਸ ਵਕਤ ਮਾਨਯੋਗ ਮੁੱਖ ਮੰਤਰੀ ਜੀ ਬੋਲਣ ਵਾਸਤੇ ਖੜ੍ਹੇ ਸਨ।)

Original with;
Punjab Vidhan Sabha
Digitized by;
Panjab Digital Library

**ਸਰਦਾਰ ਮੋਹਨ ਲਾਲ ਸਿੰਘ** : ਮੁਆਫ ਕਰਨਾ ਸੀ.ਐਮ. ਸਾਹਿਬ, ਜੇ ਤੁਸੀਂ ਜ਼ਰਾ ਬਹਿ ਜਾਓ ਤਾਂ ਮੈਂ ਵੀ ਆਪਣੀ ਸਪਲੀਮੈਂਟਰੀ ਨਾਲ ਹੀ ਕਰ ਲਵਾਂ।

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ)** : ਸਪੀਕਰ ਸਾਹਿਬ, ਐਮ.ਐਲ.ਏ. ਸਾਹਿਬ ਨੇ ਜੋ ਚਿੰਤਾ ਪ੍ਰਗਟ ਕੀਤੀ ਹੈ ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਹੈ ਕਿ ਜੋ ਮੌਜੂਦਾ ਸਰਕਾਰ ਹੈ, ਇਸ ਨੇ ਜੋ ਪਾਲਿਸੀ ਬਣਾਈ ਹੈ, ਇਸ ਤੋਂ ਬਾਅਦ ਕੋਈ ਕਿਸਾਨ ਇਹੋ ਜਿਹਾ ਨਹੀਂ ਹੈ ਜਿਸ ਦੀ ਸੰਤੁਸ਼ਟੀ ਨਾ ਹੋਈ ਹੋਵੇ। ਪਹਿਲਾਂ ਜਿਹੜੀ ਜ਼ਮੀਨ ਐਕੁਆਇਰ ਕੀਤੀ ਜਾਂਦੀ ਸੀ, ਉਹ ਡੀ.ਸੀ. ਰੇਟ ਤੇ ਕੀਤੀ ਜਾਂਦੀ ਸੀ। ਜਿਹੜੀ ਪਾਲਿਸੀ ਹੁਣ ਸ਼ੁਰੂ ਕੀਤੀ ਹੈ, ਇਸ ਅਨੁਸਾਰ ਜਿਹੜੀ ਜ਼ਮੀਨ ਐਕੁਆਇਰ ਹੋਵੇਗੀ, ਉਸ ਵਿੱਚ ਪਹਿਲਾਂ ਕਿਸਾਨਾਂ ਦੀ ਕਨਸੈਂਟ ਜ਼ਰੂਰੀ ਹੈ। ਫੇਰ ਡੀ.ਸੀ., ਉਸ ਪਿੰਡ ਦਾ ਸਰਪੰਚ, ਉਸ ਹਲਕੇ ਦਾ ਐਮ.ਐਲ.ਏ., ਐਮ.ਪੀ. ਇਹ ਚਾਰੋਂ ਬੈਠ ਕੇ ਇਸ ਥਾਂ ਦੀ ਜੋ ਅਸਲ ਪ੍ਰਾਈਸ ਹੈ, ਉਹ ਵੇਖ ਕੇ ਅਤੇ ਫੇਰ ਨਾਲ 30% ਜਿਹੜਾ ਉਜਾੜਾ ਅਲਾਊਂਸ ਹੈ, ਉਹ ਦਿੱਤਾ ਜਾਵੇਗਾ। ਇਸ ਸਰਕਾਰ ਨੇ ਬਹੁਤ ਸਾਰੀਆਂ ਜ਼ਮੀਨਾਂ ਐਕੁਆਇਰ ਕੀਤੀਆਂ ਹਨ। ਮੇਰਾ ਖਿਆਲ ਹੈ ਕਿ ਇਹ ਪਹਿਲੀ ਮਿਸਾਲ ਹੋਵੇਗੀ, ਲੋਕ ਇਸ ਵਾਸਤੇ ਤਾਂ ਬਹੁਤ ਆਏ ਹਨ ਕਿ ਸਾਡੀ ਜ਼ਮੀਨ ਐਕੁਆਇਰ ਕਰ ਲਓ ਪਰ ਇਸ ਵਾਸਤੇ ਅਜੇ ਤੱਕ ਨਹੀਂ ਆਏ ਕਿ ਸਾਡੀ ਜ਼ਮੀਨ ਐਕੁਆਇਰ ਨਾ ਕਰੋ, ਇਸ ਨਾਲ ਸਾਡਾ ਨੁਕਸਾਨ ਹੋਇਆ ਹੈ। (ਥੰਪਿੰਗ) ਤੁਸੀਂ ਇਸ ਦੀ ਫਿਕਰ ਨਾ ਕਰੋ। ਉਨ੍ਹਾਂ ਨੂੰ ਮਕਾਨਾਂ ਦਾ ਮੁਆਵਜ਼ਾ ਦੇਵਾਂਗੇ, ਜ਼ਮੀਨ ਦਾ ਦੇਵਾਂਗੇ, ਉਨ੍ਹਾਂ ਨੂੰ ਖੁਸ਼ ਕਰਕੇ ਫੇਰ ਸੜਕ ਬਣਾਵਾਂਗੇ।

**ਸਰਦਾਰ ਚਰਨਜੀਤ ਸਿੰਘ ਚੰਨੀ** : ਮੁੱਖ ਮੰਤਰੀ ਜੀ, ਤੁਹਾਡਾ ਬਹੁਤ-ਬਹੁਤ ਧੰਨਵਾਦ। ਮੈਨੂੰ ਪੂਰਾ ਯਕੀਨ ਹੈ ਕਿ ਇਹ ਕਿਸਾਨਾਂ ਨੂੰ ਮੁਆਵਜ਼ੇ ਦੀ ਪੂਰੀ ਕੀਮਤ ਦੇਣਗੇ।

**ਸਰਦਾਰ ਮੋਹਨ ਲਾਲ ਸਿੰਘ** : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ.....

**ਮਾਨਯੋਗ ਸਪੀਕਰ** : ਇਹ ਜੋ ਤੁਹਾਡੇ ਵੱਲੋਂ ਇੱਥੇ ਕਿਹਾ ਗਿਆ ਹੈ ਕਿ 'ਤੁਸੀਂ ਬਹਿ ਜਾਵੋ', ਇਸ ਤਰ੍ਹਾਂ ਨਹੀਂ ਕਹਿਣਾ ਚਾਹੀਦਾ। ਇਸ ਗੱਲ ਦਾ ਅੱਗੋਂ ਵਾਸਤੇ ਨੋਟ ਰੱਖਿਓ।

**ਸਰਦਾਰ ਮੋਹਨ ਲਾਲ ਸਿੰਘ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ, ਜਿਵੇਂ ਕਿ ਚੰਨੀ ਸਾਹਿਬ ਨੇ ਵੀ ਧਿਆਨ ਵਿਚ ਲਿਆਂਦਾ ਹੈ, ਮੁਹਾਲੀ ਤੋਂ ਫਗਵਾੜਾ ਨੈਸ਼ਨਲ ਹਾਈਵੇਅ ਬਣ ਰਿਹਾ ਹੈ, ਇਸ ਵਿਚ ਬਲੌਂਣੀ, ਬਹੂਆ ਅਤੇ ਮੇਹਲੀ ਤਿੰਨ ਪਿੰਡਾਂ ਦੀ ਜ਼ਮੀਨ ਵੀ ਆਉਂਦੀ ਹੈ। ਉਸ ਵਿਚ ਬਹੁਤ ਸਾਰੇ ਲੋਕਾਂ ਦੇ ਘਰ ਬਣੇ ਹੋਏ ਹਨ। ਇਨ੍ਹਾਂ ਘਰਾਂ ਤੇ ਲੱਖਾਂ ਰੁਪਿਆ ਖਰਚ ਹੋਇਆ ਹੈ। ਇਹ ਘਰ ਵੀ ਇਸ ਹਾਈਵੇਅ ਵਿਚ ਆਉਂਦੇ ਹਨ। ਮੈਂ ਮੁੱਖ ਮੰਤਰੀ ਸਾਹਿਬ ਨੂੰ ਆਪ ਜੀ ਦੇ ਰਾਹੀਂ ਬੇਨਤੀ ਕਰਾਂਗਾ ਕਿ ਇਨ੍ਹਾਂ ਘਰਾਂ ਦਾ ਉਜਾੜਾ ਹੋਣ ਤੋਂ ਬਚਾਇਆ ਜਾਵੇ, ਇਨ੍ਹਾਂ ਦੀ ਬਜਾਏ ਭਾਵੇਂ ਕਿਸਾਨਾਂ ਦੀ, ਲੋਕਾਂ ਦੀ ਜ਼ਮੀਨ ਲੈ ਲਈ ਜਾਵੇ, ਪਰ ਗਰੀਬ ਲੋਕਾਂ ਦੇ ਘਰਾਂ ਦਾ ਉਜਾੜਾ ਹੋਣ ਤੋਂ ਬਚਾਇਆ ਜਾਵੇ ਜੀ।

Original with;
Punjab Vidhan Sabha
Digitized by;
Panjab Digital Library

**ਲੋਕ ਨਿਰਮਾਣ (ਭ ਤੇ ਮ) ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਜੋ ਗੱਲ ਕੀਤੀ ਹੈ, ਮੋਹਲੀ ਅਤੇ ਬਹੂਆ ਦੀ ਅਲਾਈਨਮੈਂਟ ਕੁਝ ਚੇਂਜ ਕਰ ਦਿੱਤੀ ਗਈ ਹੈ ਅਤੇ ਰੀਵਾਈਜ਼ਡ ਨੋਟੀਫਿਕੇਸ਼ਨ ਵੀ ਇਸ਼ੂ ਕਰ ਦਿੱਤੀ ਗਈ ਹੈ। ਬਲੌਣੀ ਪਿੰਡ ਦੀ ਜੋ ਸਮੱਸਿਆ ਹੈ, ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਕ ਪਾਸੇ ਇਸ ਦੇ ਪਿੰਡ ਹੈ ਅਤੇ ਦੂਸਰੇ ਪਾਸੇ ਹਸਪਤਾਲ ਅਤੇ ਸ਼ਮਸ਼ਾਨ ਘਾਟ ਹੈ। ਇਸ ਕਰਕੇ ਬਲੌਣੀ ਪਿੰਡ ਦੇ ਲਈ ਥੋੜ੍ਹੀ ਜਿਹੀ ਸਮੱਸਿਆ ਆ ਰਹੀ ਹੈ। ਅਸੀਂ ਮੈਂਬਰ ਸਾਹਿਬਾਨ ਨਾਲ ਮਿਲ ਕੇ ਇਸ ਨੂੰ ਦੇਖ ਲਵਾਂਗੇ। ਵੈਸੇ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਘੱਟੋ-ਘੱਟ ਘਰਾਂ ਦਾ ਉਜਾੜਾ ਹੋਵੇ, ਖਾਸ ਤੌਰ ਤੇ ਇਸ ਗੱਲ ਦਾ ਸਾਡੀ ਸਰਕਾਰ ਪੂਰਾ ਧਿਆਨ ਰੱਖਦੀ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ** ** ** ** ** ਸਰ, ਪਿਛਲੇ ਕੁਝ ਦਿਨਾਂ ਤੋਂ ਤੁਸੀਂ ਵੀ ਬਹੁਤ ਕੋਸ਼ਿਸ਼ ਕੀਤੀ, ਮਾਸਟਰ ਮੋਹਨ ਲਾਲ ਜੀ ਨੇ ਵੀ ਇਸ ਗੱਲ ਦਾ ਜ਼ਿਕਰ ਕੀਤਾ ਅਤੇ ਮਾਨਯੋਗ ਮੁੱਖ ਮੰਤਰੀ ਜੀ ਨੇ ਵੀ ਆਪ ਜੀ ਦੇ ਰਾਹੀਂ ਆਪੋਜ਼ੀਸ਼ਨ ਮੈਂਬਰਾਂ ਨੂੰ ਇਸ ਗੱਲ ਦੀ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਸਦਨ ਵਿਚ ਆਉਣਾ ਚਾਹੀਦਾ ਸੀ। ਸਰ, ਬਾਈਕਾਟ ਕਰਕੇ ਇਸ ਤਰ੍ਹਾਂ ਸਦਨ ਤੋਂ ਭੱਜ ਜਾਣਾ, ਬਾਈਕਾਟ ਕਰ ਦੇਣਾ, ਠੀਕ ਨਹੀਂ ਹੈ। ਕੋਈ ਗੱਲ ਹੋਵੇ ਤਾਂ ਮੈਂ ਸਹਿਮਤੀ ਪ੍ਰਗਟ ਕਰ ਸਕਦਾ ਹਾਂ। ਸਪੀਕਰ ਸਾਹਿਬ, ਆਪੋਜ਼ੀਸ਼ਨ ਪਾਰਟੀ ਦਾ ਇਹ ਬੜਾ ਇਰਰਿਸਪਾਂਸੀਬਲ ਐਕਸ਼ਨ ਹੈ। ਤੁਹਾਡੇ ਕਹਿਣ ਦੇ ਬਾਵਜੂਦ ਵੀ ਉਹ ਅੱਜ ਵਾਪਸ ਨਹੀਂ ਆਏ। ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦੇ ਲੋਕਾਂ ਨਾਲ ਅਤੇ ਇਸ ਸਦਨ ਵਿਚ ਜਿੰਨੇ ਵੀ ਆਪਾਂ ਬੈਠੇ ਹਾਂ, ਸਾਡੇ ਸਾਰਿਆਂ ਨਾਲ ਇਹ ਇੱਕ ਧੋਖਾ ਹੈ। ਇਹ ਪੰਜਾਬ ਦੇ ਨਾਲ ਧੋਖਾ ਹੈ। ਸਦਨ ਦੀ ਮਰਿਆਦਾ ਨੂੰ ਵੀ ਧਿਆਨ ਵਿਚ ਨਹੀਂ ਰੱਖਿਆ ਗਿਆ। ਸ਼ੁਰੂਆਤ ਕਿਥੋਂ ਹੋਈ ? ਇਸ ਰਿਸਰਚ ਵਿਚ ਮੈਂ ਪਿਛਲੇ ਦੋ ਦਿਨ ਤੋਂ ਲੱਗਿਆ ਰਿਹਾ ਹਾਂ। ਮੈਂ ਮਹਾਨ ** ** ** ** ** **

**ਮਾਨਯੋਗ ਸਪੀਕਰ :** ਜਿਹੜੀ ਚੀਜ਼ ਇੱਕ ਵਾਰੀ ਐਕਸਪੰਜ ਹੋ ਗਈ ਹੈ, ਉਸ ਦਾ ਜ਼ਿਕਰ ਦੋਹਰੀ ਵਾਰ ਕਰਨ ਦਾ ਕੋਈ ਫਾਇਦਾ ਨਹੀਂ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ** ** **

**ਮਾਨਯੋਗ ਸਪੀਕਰ :** ਨਹੀਂ ਜੀ। ਉਹ ਵਾਕ ਆਉਟ ਕਰਕੇ ਗਏ, ਇਹ ਉਨ੍ਹਾਂ ਦੀ ਮਰਜ਼ੀ ਹੈ। ਇਸ ਬਾਰੇ ਬਾਈਕਾਟ ਕਰਨ ਵਾਲੇ ਜਾਨਣ, ਅਸੀਂ ਉਨ੍ਹਾਂ ਨੂੰ ਨਹੀਂ ਕਹਿ ਸਕਦੇ................

**ਸਰਦਾਰ ਬਿਕਰਮ ਸਿੰਘ ਮਜੀਠੀਆ :** ** ** ** **

**ਮਾਨਯੋਗ ਸਪੀਕਰ :** ਇਹ ਰਿਕਾਰਡ ਵਿਚ ਲਿਆਉਣ ਦੀ ਕੋਈ ਲੋੜ ਨਹੀਂ ਹੈ।

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਟਰਾਂਸਪੋਰਟ ਮੰਤਰੀ (ਮਾਸਟਰ ਮੋਹਨ ਲਾਲ)** : ਸਪੀਕਰ ਸਾਹਿਬ, ਮੈਂ ਟਰੈਜ਼ਰੀ ਬੈਂਚਿਜ਼ ਵੱਲੋਂ ਇੱਕ ਬਹੁਤ ਚਿੰਤਾ ਦਾ ਵਿਸ਼ਾ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਅੱਜ ਮੈਂ ਅਖਬਾਰਾਂ ਵਿੱਚ ਪੜ੍ਹਿਆ ਹੈ ਕਿ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਹਿੰਦੁਸਤਾਨ ਦੀ ਧਰਤੀ ਤੇ ਆਏ ਅਤੇ ਇੱਥੇ ਆ ਕੇ ਉਨ੍ਹਾਂ ਨੇ ਇੱਕ ਬੜੀ ਗੈਰ-ਜ਼ਿੰਮੇਂਦਾਰਾਨਾ ਸਟੇਟਮੈਂਟ ਦਿੱਤੀ ਕਿ ਜੇਕਰ ਹਿੰਦੁਸਤਾਨ ਕਸ਼ਮੀਰ ਦਾ ਮਸਲਾ ਹੱਲ ਨਹੀਂ ਕਰੇਗਾ ਤਾਂ ਕਾਰਗਿਲ ਦੀ ਜੰਗ ਫਿਰ ਹੋਵੇਗੀ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਨੂੰ ਬੜਾ ਸੀਰੀਅਸਲੀ ਲੈਣਾ ਚਾਹੀਦਾ ਹੈ। ਉਹ ਸਾਬਕਾ ਰਾਸ਼ਟਰਪਤੀ ਜਿਹੜਾ ਹੈ, ਉਹ ਸਾਡੀ ਇੰਡੀਪੈਂਡੈਂਟ ਅਤੇ ਸੌਵਰਨ ਸਟੇਟ ਨੂੰ ਇੱਥੇ ਸਾਡੀ ਧਰਤੀ ਤੇ ਹੀ ਆ ਕੇ ਚੈਲੈਂਜ ਦੇ ਰਿਹਾ ਹੈ ਕਿ ਜੇਕਰ ਕਸ਼ਮੀਰ ਦਾ ਮਸਲਾ ਹੱਲ ਨਾ ਕੀਤਾ ਤਾਂ ਫਿਰ ਕਾਰਗਿਲ ਦੀ ਜੰਗ ਫਿਰ ਹੋਵੇਗੀ It is a very serious matter. The matter should be taken with the Central Government as to how it has allowed the former President of Pakistan to attribute such a statement. ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਤੇ ਜ਼ਰੂਰ ਹਾਊਸ ਚਿੰਤਾ ਜ਼ਾਹਿਰ ਕਰੇ ਅਤੇ ਕੇਂਦਰ ਸਰਕਾਰ ਨੂੰ ਲਿਖੇ ਕਿ ਪਾਕਿਸਤਾਨ ਦਾ ਸਾਬਕਾ ਰਾਸ਼ਟਰਪਤੀ ਇੱਥੇ ਹਿੰਦੁਸਤਾਨ ਦੀ ਧਰਤੀ ਤੇ ਆ ਕੇ ਗੈਰ-ਜ਼ਿੰਮੇਦਾਰਾਨਾ ਸਟੇਟਮੈਂਟ ਦੇ ਰਿਹਾ ਹੈ ਅਤੇ ਚੈਲੇਂਜ ਕਰ ਰਿਹਾ ਹੈ। ਇਹ ਸਾਡੇ ਇੰਟਰਨਲ ਮਸਲੇ ਹਨ, ਇਨ੍ਹਾਂ ਨੂੰ ਅਸੀਂ ਨਿਪਟਾਈਏ ਜਾਂ ਨਾ ਨਿਪਟਾਈਏ ਪਰ ਪਾਕਿਸਤਾਨ ਦਾ ਸਾਬਕਾ ਰਾਸ਼ਟਰਪਤੀ ਇਸ ਤਰ੍ਹਾਂ ਕਹਿ ਰਿਹਾ ਹੈ, ਇਹ ਬੜੀ ਚਿੰਤਾ ਦਾ ਮਸਲਾ ਹੈ ਔਰ ਇਹ ਨਿਊਜ਼ ਸਾਰੀਆਂ ਅਖਬਾਰਾਂ ਨੇ ਹੈੱਡਲਾਈਨਜ਼ ਬਣਾ ਕੇ ਛਾਪੀਆਂ ਹਨ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਸਬੰਧੀ ਕੇਂਦਰ ਸਰਕਾਰ ਨਾਲ ਮਸਲਾ ਟੇਕ-ਅੱਪ ਕੀਤਾ ਜਾਵੇ।

**ਮਾਨਯੋਗ ਸਪੀਕਰ** : ਅਗਲੀ ਆਈਟਮ ਧਿਆਨ ਦਿਵਾਊ ਨੋਟਿਸ। ਪਹਿਲੀਆਂ ਦੋਨੋਂ ਕਾਲ ਅਟੈਨਸ਼ਨਜ਼ ਅਜੀਤ ਇੰਦਰ ਸਿੰਘ ਮੋਫਰ ਜੀ ਦੀਆਂ ਹਨ ਅਤੇ ਉਹ ਗੈਰ-ਹਾਜ਼ਰ ਹਨ। ਅਮਰਜੀਤ ਸਿੰਘ ਸਾਹੀ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ** : ਸਪੀਕਰ ਸਾਹਿਬ, ਕੀ ਤੁਸੀਂ ਮੈਨੂੰ ਇਜ਼ਾਜ਼ਤ ਦਿਓਗੇ ਕਿ ਮੋਫਰ ਸਾਹਿਬ ਦੀ 22 ਨੰਬਰ ਕਾਲ ਅਟੈਨਸ਼ਨ ਮੈਂ ਪੜ੍ਹ ਸਕਾਂ ?

**ਮਾਨਯੋਗ ਸਪੀਕਰ** : ਕਾਲ ਅਟੈਨਸ਼ਨ ਉਹੀ ਮੈਂਬਰ ਰੇਜ਼ ਕਰ ਸਕਦਾ ਹੈ ਜਿਸ ਦੇ ਨਾਂ ਤੇ ਕਾਲ ਅਟੈਨਸ਼ਨ ਹੁੰਦੀ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ** : ਸਪੀਕਰ ਸਾਹਿਬ, ਇਹ ਕਾਲ ਅਟੈਨਸ਼ਨ ਇੱਕ ਬਹੁਤ ਜ਼ਰੂਰੀ ਮੁੱਦੇ ਤੇ ਹੈ। ਕ੍ਰਿਪਾ ਕਰਕੇ ਇਸ ਮੁੱਦੇ ਨੂੰ ਜ਼ੀਰੋ ਆਵਰ ਵਿੱਚ ਟੇਕ-ਅਪ ਕਰਨ ਲਈ ਅਲਾਓ ਕੀਤਾ ਜਾਵੇ।

**ਮਾਨਯੋਗ ਸਪੀਕਰ** : ਇਸ ਨੂੰ ਤੁਸੀਂ ਜ਼ੀਰੋ ਆਵਰ ਵਿੱਚ ਟੇਕ-ਅਪ ਕਰ ਸਕਦੇ ਹੋ।

Original with;
Punjab Vidhan Sabha
Digitized by;
Punjab Digital Library

**ਸਰਦਾਰ ਚਰਨਜੀਤ ਸਿੰਘ ਚੰਨੀ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਪੰਜਾਬ ਵਿੱਚ ਐਕਸੀਡੈਂਟਸ ਬਹੁਤ ਜ਼ਿਆਦਾ ਹੋ ਰਹੇ ਹਨ। ਪਹਿਲੇ ਸੈਸ਼ਨ ਦੇ ਦੌਰਾਨ ਹੀ ਮੇਰੇ ਹਲਕੇ ਦੇ ਇੱਕੋ ਪਿੰਡ ਦੇ 7 ਬੱਚਿਆਂ ਦੀ ਐਕਸੀਡੈਂਟ ਵਿੱਚ ਡੈੱਥ ਹੋ ਗਈ। ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕੀਤੀ ਅਤੇ ਇਨ੍ਹਾਂ ਨੇ ਹਰ ਮ੍ਰਿਤਕ ਵਿਅਕਤੀ ਲਈ 1 ਲੱਖ ਰੁਪਏ ਦੀ ਗ੍ਰਾਂਟ ਦਿੱਤੀ, ਜਿਸ ਲਈ ਮੈਂ ਇਨ੍ਹਾਂ ਦਾ ਬੜਾ ਧੰਨਵਾਦੀ ਹਾਂ। ਫਿਰ ਦੂਸਰੇ ਦਿਨ ਮੇਰੇ ਹਲਕੇ ਦੇ ਇੱਕ ਹੋਰ ਬੰਦੇ ਦੀ ਐਕਸੀਡੈਂਟ ਵਿੱਚ ਡੈੱਥ ਹੋ ਗਈ। ਅੱਜ ਰਾਤ ਵੀ ਮੇਰੇ ਹਲਕੇ ਦੇ ਇੱਕੋ ਪਿੰਡ ਦੇ 3 ਬੰਦੇ ਐਕਸੀਡੈਂਟ ਵਿਚ ਮਰ ਗਏ। ਅੱਜ ਮੈਨੂੰ ਇਹ ਸ਼ਰਮ ਵੀ ਮਹਿਸੂਸ ਹੋ ਰਹੀ ਹੈ ਕਿ ਜ਼ੀਰੋ ਆਵਰ ਵਿੱਚ ਫਿਰ ਮੈਂ ਮੁੱਖ ਮੰਤਰੀ ਸਾਹਿਬ ਤੋਂ ਐਕਸੀਡੈਂਟ ਵਿੱਚ ਡੈੱਥ ਹੋਏ ਬੰਦਿਆਂ ਦੇ ਪਰਿਵਾਰਾਂ ਲਈ ਲੱਖ ਰੁਪਏ ਦੀ ਮੰਗ ਕਰਾਂ ਪਰ ਇਹ ਜ਼ਰੂਰੀ ਹੈ ਕਿਉਂਜੋ ਮੈਂ ਹਲਕੇ ਦੀ ਨੁਮਾਇੰਦਗੀ ਕਰਦਾ ਹਾਂ ਅਤੇ ਮੈਂ ਬੇਨਤੀ ਕਰਦਾ ਹਾਂ ਕਿ ਇਸ ਅਣਸੁਖਾਵੀਂ ਘਟਨਾ ਵਿੱਚ, ਜਿਸ ਵਿੱਚ ਸੰਧੂਆਂ ਪਿੰਡ ਦੇ 3 ਵਿਅਕਤੀਆਂ ਦੀ ਐਕਸੀਡੈਂਟ ਵਿੱਚ ਡੈਥ ਹੋਈ ਹੈ, ਉਨ੍ਹਾਂ ਨੂੰ ਵੀ ਜਿਸ ਤਰ੍ਹਾਂ ਪਹਿਲਾਂ ਫਰਾਖਦਿਲੀ ਨਾਲ ਸੀ.ਐਮ. ਸਾਹਿਬ ਨੇ 1-1 ਲੱਖ ਰੁਪਿਆ ਦਿੱਤਾ ਹੈ, ਜਿਵੇਂ ਉਨ੍ਹਾਂ ਪਰਿਵਾਰਾਂ ਤੇ ਕ੍ਰਿਪਾ ਕੀਤੀ ਹੈ, ਉਵੇਂ ਇਨ੍ਹਾਂ ਵਿਅਕਤੀਆਂ ਨੂੰ ਵੀ ਦਿੱਤਾ ਜਾਵੇ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਜਿਹੜੇ ਡਰਾਇਵਿੰਗ ਲਾਇਸੈਂਸ ਇਸ਼ੂ ਹੁੰਦੇ ਹਨ, ਉਹਦੇ ਵਿੱਚ ਕੋਈ ਦੇਖਦਾ ਨਹੀਂ ਕਿ ਉਸ ਨੂੰ ਕੋਈ ਟ੍ਰੇਨਿੰਗ ਦਿੱਤੀ ਹੈ ਜਾਂ ਨਹੀਂ ਦਿੱਤੀ। ਡਰਾਈਵਿੰਗ ਲਾਇਸੰਸ ਲੈਣ ਗਏ ਤਾਂ ਕਿਸੇ ਚੰਨੀ ਦਾ ਟੈਲੀਫੂਨ ਚਲਿਆ ਗਿਆ ਜਾਂ ਕਿਸੇ ਦੂਸਰੇ ਦਾ ਚਲਿਆ ਗਿਆ, ਉਸੇ ਟਾਈਮ ਲਾਇਸੰਸ ਜਾਰੀ ਕਰ ਦਿੱਤਾ ਜਾਂਦਾ ਹੈ। ਕਲਰਕ ਆਪਣੇ ਪੱਧਰ ਤੇ ਹੀ ਲਾਇਸੰਸ ਜਾਰੀ ਕਰ ਦਿੰਦਾ ਹੈ। ਉਸ ਡਰਾਈਵਿੰਗ ਲਾਇਸੰਸ ਨੂੰ ਜਾਰੀ ਕਰਨ ਤੋਂ ਪਹਿਲਾਂ ਕੋਈ ਟ੍ਰੈਫਿਕ ਸੈਂਸ ਨਹੀਂ ਸਿਖਾਈ ਜਾਂਦੀ, ਨਾ ਹੀ ਸਬੰਧਤ ਲੋਕਾਂ ਨੂੰ ਕੋਈ ਟ੍ਰੇਨਿੰਗ ਦਿੱਤੀ ਜਾਂਦੀ ਹੈ ਅਤੇ ਨਾ ਹੀ ਸਕੂਲਾਂ ਦੇ ਵਿੱਚ ਪੜ੍ਹਾਇਆ ਜਾਂਦਾ ਹੈ ਕਿ ਤੁਸੀਂ ਸੜਕ ਕਿਸ ਤਰ੍ਹਾਂ ਪਾਰ ਕਰਨੀ ਹੈ, ਕਿਸ ਤਰ੍ਹਾਂ ਸੜਕ ਤੇ ਚੱਲਣਾ ਹੈ। ਜਿਹੜੇ ਲੋਕ ਸ਼ਰਾਬ ਪੀ ਕੇ ਗੱਡੀ ਚਲਾਉਂਦੇ ਹਨ, ਉਨ੍ਹਾਂ ਤੇ ਵੀ ਕੋਈ ਚੈੱਕ ਨਹੀਂ ਹੈ। ਮੈਂ ਜਿੱਥੇ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ, ਉਥੇ ਮੈਂ ਟ੍ਰਾਂਸਪੋਰਟ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ ਇਸ ਸਬੰਧੀ ਬਿਆਨ ਦੇਣ ਕਿ ਜਿਹੜੇ ਲਾਇਸੰਸ ਹਨ, ਉਹ ਟ੍ਰੇਨਿੰਗ ਤੋਂ ਬਾਅਦ ਹੀ ਲੋਕਾਂ ਨੂੰ ਦਿੱਤੇ ਜਾਣਗੇ। ਇਹ ਨਹੀਂ ਕਿ ਜਿਸ ਨੇ ਮਾਰੂਤੀ ਖਰੀਦ ਲਈ ਤਾਂ ਉਸੇ ਟਾਈਮ ਹੀ ਲਾਇਸੰਸ ਲੈ ਲਿਆ। ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਸੜਕ ਦੁਰਘਟਨਾ ਵਿੱਚ ਮਰ ਜਾਂਦੇ ਹਨ, ਉਨ੍ਹਾਂ ਨੂੰ ਵੀ ਇੱਕ-ਇੱਕ ਲੱਖ ਰੁਪਿਆ ਪ੍ਰਤੀ ਵਿਅਕਤੀ ਮੁਆਵਜ਼ੇ ਵਜੋਂ ਦੇ ਦਿੱਤੇ ਜਾਣ।

**ਮਾਨਯੋਗ ਸਪੀਕਰ** : ਹਾਂ ਜੀ, ਸਰਦਾਰ ਅਮਰਜੀਤ ਸਿੰਘ ਸਾਹੀ, ਤੁਹਾਡੀ ਕਾਲ ਅਟੈਨਸ਼ਨ ਹੈ, ਪੜ੍ਹੋ।

**ਸਰਦਾਰ ਚਰਨਜੀਤ ਸਿੰਘ ਚੰਨੀ** : ਸਪੀਕਰ ਸਾਹਿਬ, ਮੇਰੀ ਗੱਲ ਦਾ ਜਵਾਬ ਦਿਵਾ ਦਿਓ ਜੀ।

**ਮਾਨਯੋਗ ਸਪੀਕਰ** : ਜ਼ੀਰੋ ਆਵਰ ਵਿੱਚ ਜਵਾਬ ਦੇਣਾ ਜ਼ਰੂਰੀ ਨਹੀਂ ਹੁੰਦਾ।

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਟਰਾਂਸਪੋਰਟ ਮੰਤਰੀ (ਮਾਸਟਰ ਮੋਹਨ ਲਾਲ, ਜਵਾਬ ਦੇਣ ਲਈ ਖੜ੍ਹੇ ਸਨ।)

**ਮਾਨਯੋਗ ਸਪੀਕਰ** : ਤੁਸੀਂ ਜਵਾਬ ਦੇਣਾ ਚਾਹੁੰਦੇ ਹੋ, ਤਾਂ ਠੀਕ ਹੈ। ਬੋਲੋ।

**ਟਰਾਂਸਪੋਰਟ ਮੰਤਰੀ (ਮਾਸਟਰ ਮੋਹਨ ਲਾਲ)** : ਸਪੀਕਰ ਸਾਹਿਬ, ਚੰਨੀ ਸਾਹਿਬ ਨੇ ਇਕ ਬੜਾ ਗੰਭੀਰ ਮਸਲਾ ਐਕਸੀਡੈਂਟ ਦੇ ਮੁਤੱਲਿਕ ਏਥੇ ਸਦਨ ਵਿੱਚ ਉਠਾਇਆ ਹੈ। ਸਪੀਕਰ ਸਾਹਿਬ, ਪੰਜਾਬ ਸਰਕਾਰ ਇਨ੍ਹਾਂ ਐਕਸੀਡੈਂਟਸ ਨੂੰ ਰੋਕਣ ਵਾਸਤੇ ਬੜੀ ਗੰਭੀਰ ਹੈ ਔਰ ਜਿਹੜੇ ਐਕਸੀਡੈਂਟਾਂ ਦੇ ਵਿਕਟਿਮ ਹਨ, ਉਨ੍ਹਾਂ ਦੀ ਮਦਦ ਕਰਨ ਵਾਸਤੇ ਵੀ ਪੰਜਾਬ ਸਰਕਾਰ ਬੜੀ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ। ਮੈਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਕ ਰੋਡ ਸੇਫਟੀ ਕੌਂਸਿਲ ਬਣਾ ਰਹੇ ਹਾਂ। ਮੇਰਾ ਖਿਆਲ ਹੈ ਕਿ ਸੈਂਟਰ ਨੂੰ ਇਸ ਸਬੰਧੀ ਤਜਵੀਜ਼ ਭੇਜੀ ਹੋਈ ਹੈ। ਸੈਂਟਰ ਤੋਂ ਇਸ ਸਬੰਧੀ ਮਨਜ਼ੂਰੀ ਆਉਣ ਤੋਂ ਬਾਅਦ ਰੋਡ ਸੇਫਟੀ ਕੌਂਸਿਲ ਐਕਟ ਬਣ ਕੇ ਲਾਗੂ ਹੋ ਜਾਵੇਗਾ ਤਾਂ ਉਸ ਸਮੇਂ ਤੋਂ ਇਕ ਲੱਖ ਰੁਪਿਆ ਰੋਡ ਐਕਸੀਡੈਂਟ ਵਿੱਚ ਡੈੱਥ ਹੋਣ ਤੇ ਅਤੇ 50,000 ਰੁਪਿਆ ਜ਼ਖਮੀ ਲਈ ਅਸੀਂ ਪੇਅ ਕਰਾਂਗੇ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਜਿਹੜਾ ਦੂਸਰਾ ਪੁਆਇੰਟ ਡਰਾਈਵਿੰਗ ਲਾਇਸੰਸ ਦੇ ਮੁੱਤਲਿਕ ਹੈ, ਜਿਹੜੀ ਇਹ ਗੱਲ ਕਰ ਰਹੇ ਹਨ, ਉਸ ਸਬੰਧ ਵਿੱਚ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਡਰਾਈਵਿੰਗ ਲਾਇਸੰਸ ਪੂਰੀ ਜਾਂਚ-ਪੜਤਾਲ ਤੋਂ ਬਾਅਦ ਹੀ ਇਸ਼ੂ ਕੀਤੇ ਜਾਂਦੇ ਹਨ। ਹੋ ਸਕਦਾ ਹੈ ਕਿ ਸਟਾਫ ਦੀ ਘਾਟ ਹੋਵੇ, ਇਹ ਵੱਖਰੀ ਗੱਲ ਹੈ। ਪਹਿਲਾਂ ਟੈਂਪ੍ਰੇਰੀ ਲਾਇਸੰਸ ਜਾਰੀ ਕੀਤੇ ਜਾਂਦੇ ਹਨ, ਫਿਰ ਉਸ ਤੋਂ ਬਾਅਦ ਮੈਡੀਕਲ ਸਰਟੀਫਿਕੇਟ ਲੈ ਕੇ ਪ੍ਰਮਾਨੈਂਟ ਡਰਾਈਵਿੰਗ ਲਾਇਸੰਸ ਇਸ਼ੂ ਕੀਤੇ ਜਾਂਦੇ ਹਨ। ਭਾਵੇਂ ਸਾਡੇ ਕੋਲ ਸਟਾਫ ਦੀ ਘਾਟ ਹੈ ਪਰ ਇਹਤਿਆਤ ਪੂਰੀ ਰੱਖੀ ਜਾਂਦੀ ਹੈ ਕਿ ਡਰਾਈਵਰ ਟ੍ਰੇਂਡ ਹੋਵੇ, ਉਸਦੀ ਆਈ ਸਾਈਟ ਠੀਕ ਹੋਵੇ ਅਤੇ ਉਹ ਮੈਡੀਕਲੀ ਵੀ ਫਿਟ ਹੋਵੇ। ਇਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਰੱਖਿਆ ਜਾਂਦਾ ਹੈ।

**ਮੁੱਖ ਸੰਸਦੀ ਸਕੱਤਰ, ਕਰ ਅਤੇ ਆਬਕਾਰੀ** : ਸਪੀਕਰ ਸਾਹਿਬ, ਮੇਰਾ ਇਕ ਪੁਆਇੰਟ ਹੈ।

**ਮਾਨਯੋਗ ਸਪੀਕਰ** : ਤੁਸੀਂ ਬੈਠੋ ਜੀ। ਸਾਹੀ ਜੀ, ਤੁਸੀਂ ਬੋਲੋ।

**ਸਰਦਾਰ ਅਮਰਜੀਤ ਸਿੰਘ ਸਾਹੀ** : ਸਪੀਕਰ ਸਾਹਿਬ, ਆਹ ਜਿਹੜੇ ਟਰੱਕਾਂ ਵਾਲੇ ਸੱਜੇ ਹੱਥ ਚਲਦੇ ਹਨ, ਇਨ੍ਹਾਂ ਦੇ ਚਲਾਨ ਜ਼ਰੂਰ ਕਰਨੇ ਚਾਹੀਦੇ ਹਨ..........।

**ਮਾਨਯੋਗ ਸਪੀਕਰ** : ਤੁਸੀਂ ਆਪਣੇ ਕਾਲ ਅਟੈਨਸ਼ਨ ਵਾਲੇ ਇਸ਼ੂ ਤੇ ਆਓ।

---

Original with;
Punjab Vidhan Sabha
Digitized by;
Panjab Digital Library

## CALL ATTENTION NOTICE UNDER RULE 66

(ਕ੍ਰਮ ਨੰ: 21 ਅਤੇ 22)

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਧਿਆਨ ਦਿਵਾਊ ਨੋਟਿਸ ਪੇਸ਼ ਨਹੀਂ ਹੋਏ।)

(ਕ੍ਰਮ ਨੰ: 27)

**ਸਰਦਾਰ ਅਮਰਜੀਤ ਸਿੰਘ ਸਾਹੀ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ ਇਹ ਕਿ ਹੁਸ਼ਿਆਰਪੁਰ ਵਿਖੇ ਜਗਤ ਰਾਮ ਸਰਕਾਰੀ ਪੋਲੀਟੈਕਨਿਕ ਕਾਲਜ ਵਿੱਚ ਬੀ. ਫਾਰਮੇਸੀ ਦੀ ਡਿਗਰੀ ਦਾ ਕੋਰਸ ਚੱਲ ਰਿਹਾ ਹੈ ਪ੍ਰੰਤੂ ਟੀਚਿੰਗ ਅਮਲੇ ਦੀ ਘਾਟ ਹੋਣ ਕਾਰਨ ਫਾਰਮੇਸੀ ਕੌਂਸਲ ਆਫ ਇੰਡੀਆ ਪਾਸੋਂ ਮਾਨਤਾ ਪ੍ਰਾਪਤ ਨਹੀਂ ਹੋ ਰਹੀ। ਇਸ ਕਾਲਜ ਵਿੱਚ ਪਹਿਲੇ ਤੋਂ ਚੌਥੇ ਸਾਲ ਤੱਕ ਦੇ ਵਿਦਿਆਰਥੀ ਬੀ.ਫਾਰਮੇਸੀ ਕਰ ਰਹੇ ਹਨ। ਵਿਦਿਆਰਥੀਆਂ ਦੀ ਗਿਣਤੀ ਵੱਧ ਹੋਣ ਕਾਰਨ ਸਰਕਾਰ ਵੱਲੋਂ 12 ਲੈਕਚਰਾਰਾਂ ਦੀਆਂ ਆਸਾਮੀਆਂ ਮਨਜ਼ੂਰਸ਼ੁਦਾ ਹਨ। ਇੱਥੇ ਇਹ ਵਰਣਨਯੋਗ ਹੈ ਕਿ ਸਰਕਾਰੀ ਪੋਲੀਟੈਕਨਿਕ ਕਾਲਜ (ਇਸਤ੍ਰੀਆਂ), ਪਟਿਆਲਾ ਵਿਖੇ ਵਿਦਿਆਰਥੀਆਂ ਦੀ ਗਿਣਤੀ ਘੱਟ ਹੋਣ ਕਾਰਣ ਲੈਕਚਰਾਰਾਂ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ ਦੀ ਗਿਣਤੀ 7 ਹੀ ਹੈ, ਪਰ ਇੱਥੇ 15 ਤੋਂ ਵੀ ਵੱਧ ਬੀ.ਫਾਰਮੇਸੀ ਲੈਕਚਰਾਰ ਤਾਇਨਾਤ ਹਨ। ਇਸ ਤਰ੍ਹਾਂ ਜੇਕਰ ਪਟਿਆਲਾ ਤੋਂ 7-8 ਵਾਧੂ ਲੈਕਚਰਾਰਾਂ ਨੂੰ ਹੁਸ਼ਿਆਰਪੁਰ ਵਿਖੇ ਤਬਦੀਲ ਕਰ ਦਿੱਤਾ ਜਾਵੇ ਤਾਂ ਜਗਤ ਰਾਮ ਸਰਕਾਰੀ ਪੋਲੀਟੈਕਨਿਕ ਕਾਲਜ, ਹੁਸ਼ਿਆਰਪੁਰ ਵਿਖੇ ਬੀ.ਫਾਰਮੇਸੀ ਕਰ ਰਹੇ ਵਿਦਿਆਰਥੀਆਂ ਦੀ ਡਿਗਰੀ ਨੂੰ ਫਾਰਮੇਸੀ ਕੌਂਸਲ ਆਫ ਇੰਡੀਆ ਤੋਂ ਮਾਨਤਾ ਮਿਲ ਸਕਦੀ ਹੈ ਅਤੇ ਉਨ੍ਹਾਂ ਦਾ ਭਵਿੱਖ ਧੁੰਦਲਾ ਹੋਣ ਤੋਂ ਬਚਾਇਆ ਜਾ ਸਕਦਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ ਮੰਤਰੀ (ਸ਼੍ਰੀ ਸਵਰਨਾ ਰਾਮ)** : ਸਪੀਕਰ ਸਾਹਿਬ, ਇਹ ਠੀਕ ਹੈ ਕਿ ਪੰਡਤ ਜਗਤ ਰਾਮ ਸਰਕਾਰੀ ਬਹੁ-ਤਕਨੀਕੀ ਕਾਲਜ, ਹੁਸ਼ਿਆਰਪੁਰ ਵਿਖੇ ਇਕ ਬੀ. ਫਾਰਮੇਸੀ ਡਿਗਰੀ ਕੋਰਸ ਚਲ ਰਿਹਾ ਹੈ ਅਤੇ ਉਥੇ ਸਟਾਫ ਦੀ ਘਾਟ ਹੋਣ ਕਾਰਨ ਫਾਰਮੇਸੀ ਕੌਂਸਲ ਆਫ ਇੰਡੀਆ ਵੱਲੋਂ ਮਾਨਤਾ ਵੀ ਨਹੀਂ ਦਿੱਤੀ ਗਈ। ਬੀ. ਫਾਰਮੇਸੀ ਦੇ ਕੋਰਸ ਦੇ ਸਮੁੱਚੇ 4 ਸਾਲਾਂ ਵਿਚ ਵਿਦਿਆਰਥੀ ਦਾਖਲ ਕੀਤੇ ਹੋਏ ਹਨ। ਇਸ ਬਹੁ-ਤਕਨੀਕੀ ਵਿਚ ਲੈਕਚਰਾਰਾਂ ਦੀ ਪ੍ਰਵਾਨਿਤ ਗਿਣਤੀ 6 ਹੈ, ਜਦੋਂ ਕਿ 5 ਲੈਕਚਰਾਰ ਕੰਮ ਕਰ ਰਹੇ ਹਨ। ਸਰਕਾਰੀ ਬਹੁ-ਤਕਨੀਕੀ ਕਾਲਜ (ਲੜਕੀਆਂ),

Original with;
Punjab Vidhan Sabha
Digitized by;
Panjab Digital Library

ਪਟਿਆਲਾ ਵਿਖੇ 6 ਪ੍ਰਵਾਨਿਤ ਅਸਾਮੀਆਂ ਵਿਰੁੱਧ 6 ਲੈਕਚਰਾਰ ਕੰਮ ਕਰ ਰਹੇ ਹਨ। ਸਰਕਾਰੀ ਬਹੁ-ਤਕਨੀਕੀ ਕਾਲਜ (ਲੜਕੀਆਂ), ਪਟਿਆਲਾ ਵਿਖੇ ਫਾਰਮੇਸੀ ਦਾ ਡਿਪਲੋਮਾ ਕੋਰਸ ਵੀ ਚਲ ਰਿਹਾ ਹੈ। ਪਟਿਆਲਾ ਬਹੁ-ਤਕਨੀਕੀ ਵਿਖੇ ਡਿਪਲੋਮਾ ਕੋਰਸ ਦੀਆਂ ਕਲਾਸਾਂ ਪੜ੍ਹਾਉਣ ਲਈ 1 ਸੀਨੀਅਰ ਲੈਕਚਰਾਰ ਅਤੇ 2 ਲੈਕਚਰਾਰ ਹਨ। ਇਸ ਤਰ੍ਹਾਂ ਪਟਿਆਲਾ ਬਹੁ-ਤਕਨੀਕੀ ਵਿਖੇ ਕੋਈ ਵੀ ਵਾਧੂ ਸਟਾਫ ਨਹੀਂ ਹੈ, ਜਿਸ ਨੂੰ ਹੁਸ਼ਿਆਰਪੁਰ ਵਿਖੇ ਤਬਦੀਲ ਕੀਤਾ ਜਾ ਸਕੇ। ਫਿਰ ਵੀ ਆਮ ਚੋਣਾਂ ਸਮਾਪਤ ਹੋਣ ਉਪਰੰਤ ਉੱਘੇ ਅਖਬਾਰਾਂ ਵਿਚ ਵਿਗਿਆਪਨ ਦੇ ਕੇ ਹੁਸ਼ਿਆਰਪੁਰ ਦੇ ਨਾਲ-ਨਾਲ ਦੂਜੀਆਂ ਸੰਸਥਾਵਾਂ ਵਿਖੇ ਵੀ ਖਾਲੀ ਆਸਾਮੀਆਂ ਭਰਨ ਲਈ ਕਦਮ ਉਠਾਏ ਜਾ ਰਹੇ ਹਨ।

**ਸਰਦਾਰ ਅਮਰਜੀਤ ਸਿੰਘ ਸਾਹੀ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸ਼ਾਇਦ ਇਨ੍ਹਾਂ ਨੂੰ ਗਲਤ ਜਾਣਕਾਰੀ ਦਿੱਤੀ ਗਈ ਹੈ। ਪਟਿਆਲਾ ਵਿਖੇ 12 ਪੋਸਟਾਂ ਹਨ ਜਦੋਂ ਕਿ ਇਨ੍ਹਾਂ ਨੇ ਉੱਤਰ ਵਿਚ ਆਪ ਹੀ ਮੰਨਿਆ ਹੈ ਕਿ ਉਥੇ ਲੈਕਚਰਾਰਾਂ ਦੀਆਂ 6 ਪੋਸਟਾਂ ਵਿਚੋਂ 5 ਹੀ ਭਰੀਆਂ ਹੋਈਆਂ ਹਨ। ਮੰਤਰੀ ਜੀ ਫਿਰ ਇਕ ਵਾਰੀ ਪਤਾ ਕਰ ਲੈਣ ਕਿ ਪਟਿਆਲਾ ਵਿਖੇ ਲੈਕਚਰਾਰਾਂ ਦੀਆਂ ਪੋਸਟਾਂ ਵੱਧ ਹਨ। ਵੈਸੇ ਇਨ੍ਹਾਂ ਨੇ ਵਿਸ਼ਵਾਸ ਦਿਵਾਇਆ ਹੈ ਕਿ ਇਲੈਕਸ਼ਨਾਂ ਤੋਂ ਬਾਅਦ ਅਸਾਮੀ ਭਰ ਲਈ ਜਾਏਗੀ ਕਿਉਂਜੋ ਇਲੈਕਸ਼ਨ ਕੋਡ ਲੱਗਣ ਕਾਰਨ ਹੁਣ ਤਾਂ ਭਰੀ ਨਹੀਂ ਜਾ ਸਕਦੀ, ਮੈਂ ਇਨ੍ਹਾਂ ਦਾ ਧੰਨਵਾਦ ਵੀ ਕਰਦਾ ਹਾਂ ਕਿ ਇਨ੍ਹਾਂ ਨੇ ਯਕੀਨ ਦਿਵਾਇਆ ਹੈ। ਇਹ ਜ਼ਰੂਰ ਭਰੀ ਜਾਵੇ ਕਿਉਂਕਿ ਇਹ ਇਕ ਅਹਿਮ ਮਸਲਾ ਹੈ।

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਬੜੀ ਚਿੰਤਾ ਵਿਅਕਤ ਕੀਤੀ ਹੈ ਕਿ ਉਸ ਕਾਲਜ ਦੇ ਡਿਗਰੀ ਕੋਰਸ ਨੂੰ ਮਾਨਤਾ ਵੀ ਨਹੀਂ ਮਿਲ ਰਹੀ ਕਿਉਂਜੋ ਅਸੀਂ ਲੈਕਚਰਾਰ ਪੂਰੇ ਨਹੀਂ ਦੇ ਸਕੇ। ਇਕ ਲੈਕਚਰਾਰ ਦੀ ਸ਼ਾਰਟੇਜ ਹੈ। ਇਲੈਕਸ਼ਨਾਂ ਤੋਂ ਯਕਦਮ ਬਾਅਦ ਜਦੋਂ ਇਲੈਕਸ਼ਨ ਕੋਡ ਖਤਮ ਹੋ ਜਾਵੇਗਾ, ਵੋਟਾਂ ਪੈ ਜਾਣਗੀਆਂ, ਮੈਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਅਖਬਾਰਾਂ ਵਿਚ ਵਿਗਿਆਪਨ ਦੇ ਕੇ ਇਸ ਪੋਸਟ ਨੂੰ ਭਰ ਲਵਾਂਗੇ ਅਤੇ ਸ਼ਰਤ ਪੂਰੀ ਹੋ ਜਾਵੇਗੀ। ਡਿਗਰੀ ਕੋਰਸ ਨੂੰ ਮਾਨਤਾ ਦਿਵਾਉਣ ਵਾਸਤੇ ਵੀ ਸਰਕਾਰ ਲਿਖ ਕੇ ਭੇਜੇਗੀ। (ਥੰਪਿੰਗ) ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਮੇਰੀ ਇਨਫਰਮੇਸ਼ਨ ਗਲਤ ਨਹੀਂ ਹੋ ਸਕਦੀ। ਮੈਂ ਸਾਰਾ ਰਿਕਾਰਡ ਖੁਦ ਵੇਖਿਆ ਹੈ।

**ਮਾਨਯੋਗ ਸਪੀਕਰ** : ਠੀਕ ਹੈ ਜੀ, ਮੈਂ ਵੀ ਪੜ੍ਹ ਲਿਆ ਹੈ।

---

## PAPERS LAID ON THE TABLE OF THE HOUSE

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ)** : ਸ਼੍ਰੀ ਮਾਨ ਜੀ, ਮੈਂ ਸਾਲ 2006-07 ਲਈ ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਕਾਰਪੋਰੇਸ਼ਨ ਲਿਮਟਿਡ ਦੀ 31ਵੀਂ ਸਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

---

Original with;
Punjab Vidhan Sabha
Digitized by;
Panjab Digital Library

## MOTION UNDER RULE 16

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ—

> "ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।"

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ—

> "ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।"

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

> "ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।"

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

---

## PRESENTATION OF THE REPORTS OF THE COMMITTEES

**ਮਾਨਯੋਗ ਸਪੀਕਰ** : ਅਗਲੀ ਆਈਟਮ, ਰਿਪੋਰਟਾਂ ਪੇਸ਼ ਕਰਨਾ। ਹੁਣ ਡਾਕਟਰ ਦਲਬੀਰ ਸਿੰਘ ਜੀ, ਲੋਕ ਲੇਖਾ ਕਮੇਟੀ ਦੀਆਂ ਰਿਪੋਰਟਾਂ ਪੇਸ਼ ਕਰਨਗੇ।

**ਮੈਂਬਰ, ਲੋਕ ਲੇਖਾ ਕਮੇਟੀ (ਡਾਕਟਰ ਦਲਬੀਰ ਸਿੰਘ)** : ਮਾਨਯੋਗ ਸਪੀਕਰ ਸਾਹਿਬ, ਮੈਂ—

(1) ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨਾਲ ਸਬੰਧਤ ਸਾਲ 2002-03 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2002-03 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਰਨਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 168ਵੀਂ ਰਿਪੋਰਟ ਪੇਸ਼ ਕਰਦਾ ਹਾਂ।

(2) ਖੇਤੀਬਾੜੀ ਵਿਭਾਗ ਨਾਲ ਸਬੰਧਤ ਸਾਲਾਂ 2002-03 ਅਤੇ 2005-06 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆ ਅਤੇ ਸਾਲਾਂ 2002-03 ਅਤੇ 2005-06 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਅਡੀਟਰ ਜਨਰਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 169ਵੀਂ ਰਿਪੋਰਟ ਪੇਸ਼ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

(3) ਖ਼ੁਰਾਕ ਅਤੇ ਸਿਵਲ ਸਪਲਾਈ ਅਤੇ ਉਪਭੋਗਤਾ ਮਾਮਲਿਆਂ ਦੇ ਵਿਭਾਗ ਨਾਲ ਸਬੰਧਤ ਸਾਲ 2004-05 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2004-05 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਰਨਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 170ਵੀਂ ਰਿਪੋਰਟ ਪੇਸ਼ ਕਰਦਾ ਹਾਂ।

(4) ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਨਾਲ ਸਬੰਧਤ ਸਾਲਾਂ 1999-2000 ਅਤੇ 2001-02 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆ ਅਤੇ ਸਾਲਾਂ 1999-2000 ਅਤੇ 2001-02 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਰਨਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 171ਵੀਂ ਰਿਪੋਰਟ ਪੇਸ਼ ਕਰਦਾ ਹਾਂ।

ਮਾਨਯੋਗ ਸਪੀਕਰ : ਸ਼੍ਰੀ ਚੂਨੀ ਲਾਲ ਭਗਤ ਸਥਾਨਕ ਸਰਕਾਰ ਅਤੇ ਪੰਚਾਇਤੀ ਰਾਜ ਸੰਸਥਾਵਾਂ ਸਬੰਧੀ ਕਮੇਟੀ ਦੀ ਦੂਜੀ, ਤੀਜੀ ਅਤੇ ਚੌਥੀ ਰਿਪੋਰਟ ਪੇਸ਼ ਕਰਨਗੇ।

**ਸਭਾਪਤੀ, ਸਥਾਨਕ ਸਰਕਾਰ ਅਤੇ ਪੰਚਾਇਤ ਰਾਜ ਸੰਸਥਾਵਾਂ ਸਬੰਧੀ ਕਮੇਟੀ (ਸ਼੍ਰੀ ਚੂਨੀ ਲਾਲ ਭਗਤ)** : ਸ਼੍ਰੀਮਾਨ ਜੀ ਮੈਂ—

(1) ਨਗਰ ਕੌਂਸਲ, ਖਰੜ ਦੇ ਸਬੰਧ ਵਿੱਚ ਸਾਲ 2008-09 ਲਈ ਸਥਾਨਕ ਸਰਕਾਰ ਅਤੇ ਪੰਚਾਇਤੀ ਰਾਜ ਸੰਸਥਾਵਾਂ ਸਬੰਧੀ ਕਮੇਟੀ ਦੀ ਦੂਜੀ ਰਿਪੋਰਟ ;

(2) ਨਗਰ ਕੌਂਸਲ ਬੰਗਾ ਦੇ ਸਬੰਧ ਵਿੱਚ ਸਾਲ 2008-09 ਲਈ, ਸੰਥਾਨਕ ਸਰਕਾਰ ਅਤੇ ਪੰਚਾਇਤੀ ਰਾਜ ਸੰਸਥਾਵਾਂ ਸਬੰਧੀ ਕਮੇਟੀ ਦੀ ਤੀਜੀ ਰਿਪੋਰਟ; ਅਤੇ

(3) ਨਗਰ ਕੌਂਸਲ, ਗੜ੍ਹਸ਼ੰਕਰ ਦੇ ਸਬੰਧ ਵਿੱਚ ਸਾਲ 2008-09 ਲਈ, ਸਥਾਨਕ ਸਰਕਾਰ ਅਤੇ ਪੰਚਾਇਤੀ ਰਾਜ ਸੰਸਥਾਵਾਂ ਸਬੰਧੀ ਕਮੇਟੀ ਦੀ ਚੌਥੀ ਰਿਪੋਰਟ; ਪੇਸ਼ ਕਰਦਾ ਹਾਂ ਜੀ।

ਮਾਨਯੋਗ ਸਪੀਕਰ : ਹੁਣ ਕੈਪਟਨ ਬਲਬੀਰ ਸਿੰਘ ਬਾਠ ਅਨੁਮਾਨ ਕਮੇਟੀ ਦੀਆਂ ਰਿਪੋਰਟਾਂ ਪੇਸ਼ ਕਰਨਗੇ।

**ਸਭਾਪਤੀ, ਅਨੁਮਾਨ ਕਮੇਟੀ (ਕੈਪਟਨ ਬਲਬੀਰ ਸਿੰਘ ਬਾਠ)** : ਮਾਨਯੋਗ ਸਪੀਕਰ ਸਾਹਿਬ, ਮੈਂ—

(1) ਖੇਤੀਬਾੜੀ ਵਿਭਾਗ ਦੇ ਸਬੰਧ ਵਿੱਚ ਸਾਲ 2008-09 ਲਈ ਅਨੁਮਾਨ ਕਮੇਟੀ ਦੀ ਰਿਪੋਰਟ; ਅਤੇ

(2) ਸਿੰਚਾਈ ਵਿਭਾਗ ਦੇ ਸਬੰਧ ਵਿੱਚ ਸਾਲ 2008-09 ਲਈ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ ਜੀ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਹੁਣ ਸਰਦਾਰ ਵਿਰਸਾ ਸਿੰਘ ਵਲਟੋਹਾ ਅਧੀਨ ਵਿਧਾਨ ਕਮੇਟੀ ਦੀ ਰਿਪੋਰਟ ਪੇਸ਼ ਕਰਨਗੇ।

**ਸਭਾਪਤੀ, ਅਧੀਨ ਵਿਧਾਨ ਕਮੇਟੀ (ਸਰਦਾਰ ਵਿਰਸਾ ਸਿੰਘ ਵਲਟੋਹਾ)** : ਮਾਨਯੋਗ ਸਪੀਕਰ ਸਾਹਿਬ, ਮੈਂ ਸਾਲ 2008-09 ਲਈ ਅਧੀਨ ਵਿਧਾਨ ਕਮੇਟੀ ਦੀ 35ਵੀਂ ਰਿਪੋਰਟ ਪੇਸ਼ ਕਰਦਾ ਹਾਂ।

ਸਪੀਕਰ ਸਾਹਿਬ, ਕਮੇਟੀ ਨੇ ਪੰਜਾਬ ਵੈਲਯੂ ਐਡਿਡ ਟੈਕਸ ਐਕਟ, 2005 ਅਤੇ ਇਸ ਅਧੀਨ ਬਣਾਏ ਗਏ ਪੰਜਾਬ ਵੈਲਯੂ ਐਡਿਡ ਟੈਕਸ ਰੂਲਜ਼, 2005 ਅਤੇ ਪੇਮੈਂਟ ਆਫ ਗਰੈਚੁਟੀ ਐਕਟ, 1972 ਅਧੀਨ ਬਣਾਏ ਗਏ ਪੇਮੈਂਟ ਆਫ ਗਰੈਚੁਟੀ (ਪੰਜਾਬ) ਰੂਲਜ਼, 1973 ਦੀ ਘੋਖ ਪੜਤਾਲ ਕੀਤੀ। ਘੋਖ ਪੜਤਾਲ ਸਮੇਂ ਕਮੇਟੀ ਨੇ ਦੇਖਿਆ ਕਿ ਕੀ ਇਹ ਰੂਲਜ਼ ਐਕਟ ਦੀ ਸਪਿਰਟ ਨਾਲ ਮੇਲ ਖਾਂਦੇ ਹਨ ਅਤੇ ਕੀ ਇਹ ਲੋਕ ਹਿੱਤ ਦੀ ਪੂਰਤੀ ਕਰਦੇ ਹਨ। ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਕੁਝ ਸਿਫਾਰਸ਼ਾਂ ਕੀਤੀਆਂ ਹਨ ਜਿਹੜੀਆਂ ਰਿਪੋਰਟ ਵਿੱਚ ਦਰਜ ਹਨ।

ਕਮੇਟੀ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦੀ ਹੈ ਕਿ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨੂੰ ਪਹਿਲ ਦੇ ਆਧਾਰ ਤੇ ਲਾਗੂ ਕੀਤਾ ਜਾਵੇ। ਧੰਨਵਾਦ।

**ਮਾਨਯੋਗ ਸਪੀਕਰ** : ਹੁਣ ਸਰਦਾਰ ਸੋਹਣ ਸਿੰਘ ਠੰਡਲ, ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ, ਰਿਪੋਰਟ ਪੇਸ਼ ਕਰਨਗੇ।

**ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ (ਸਰਦਾਰ ਸੋਹਣ ਸਿੰਘ ਠੰਡਲ)** : ਮਾਨਯੋਗ ਸਪੀਕਰ ਸਾਹਿਬ, ਮੈਂ ਸਾਲ 2008-09 ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ ਦੀ 34ਵੀਂ ਰਿਪੋਰਟ ਪੇਸ਼ ਕਰਦਾ ਹਾਂ ਜੀ।

ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਆਪ ਜੀ ਦੀ ਆਗਿਆ ਅਨੁਸਾਰ ਇਸ ਕਮੇਟੀ ਨੇ ਪੰਜਾਬ ਵਿਧਾਨ ਸਭਾ ਵਿਖੇ, ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅਤੇ ਪੰਜਾਬ ਤੋਂ ਬਾਹਰ ਦੂਜੀਆਂ ਕੁਝ ਸਟੇਟਾਂ ਵਿੱਚ ਵੀ ਦੌਰੇ ਅਤੇ ਮੀਟਿੰਗਾਂ ਕੀਤੀਆਂ ਅਤੇ ਜੋ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀਆਂ ਮੁਸ਼ਕਲਾਂ ਹਨ, ਉਨ੍ਹਾਂ ਨੂੰ ਹੱਲ ਕਰਨ ਲਈ ਵੀ ਆਪਣੀ ਰਿਪੋਰਟ ਵਿੱਚ ਸਿਫਾਰਸ਼ ਕੀਤੀ ਹੈ। ਮੇਰੀ ਬੇਨਤੀ ਹੈ ਕਿ ਇਨ੍ਹਾਂ ਸਿਫਾਰਸ਼ਾਂ ਨੂੰ ਸਿਰਫ ਰਿਕਾਰਡ ਵਿੱਚ ਹੀ ਨਾ ਰੱਖਿਆ ਜਾਵੇ। ਮੈਂ ਸਰਕਾਰ ਨੂੰ ਪੁਰਜ਼ੋਰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਤੇ ਅਮਲ ਕਰਦੇ ਹੋਏ ਪਹਿਲ ਦੇ ਆਧਾਰ ਤੇ ਲਾਗੂ ਕੀਤਾ ਜਾਵੇ। ਧੰਨਵਾਦ।

**ਮਾਨਯੋਗ ਸਪੀਕਰ** : ਹੁਣ ਸ਼੍ਰੀ ਸੁਰਜੀਤ ਕੁਮਾਰ ਜਿਆਣੀ ਵਿਸ਼ੇਸ਼ ਅਧਿਕਾਰ ਕਮੇਟੀ ਸਬੰਧੀ ਰਿਪੋਰਟ ਪੇਸ਼ ਕਰਨਗੇ।

Original with;
Punjab Vidhan Sabha
Digitized by;
Panjab Digital Library

**ਸਭਾਪਤੀ, ਵਿਸ਼ੇਸ਼ ਅਧਿਕਾਰੀ ਕਮੇਟੀ (ਸ਼੍ਰੀ ਸੁਰਜੀਤ ਕੁਮਾਰ ਜਿਆਣੀ) :** ਮਾਨਯੋਗ ਸਪੀਕਰ ਸਾਹਿਬ, ਮੈਂ ਸਰਦਾਰ ਵਿਰਸਾ ਸਿੰਘ ਵਲਟੋਹਾ, ਐਮ.ਐਲ.ਏ. ਦੁਆਰਾ ਉਠਾਏ ਗਏ ਵਿਸ਼ੇਸ਼ ਅਧਿਕਾਰ ਦੇ ਮਾਮਲੇ ਸਬੰਧੀ ਵਿਸ਼ੇਸ਼ ਅਧਿਕਾਰ ਕਮੇਟੀ ਦੀ ਅੰਤਰਿਮ ਰਿਪੋਰਟ ਪੇਸ਼ ਕਰਦਾ ਹਾਂ ਜੀ।

---

## RESUMPTION OF DISCUSSION ON GOVERNOR'S ADDRESS AND VOTE ON THE MOTION OF THANKS

**ਮਾਨਯੋਗ ਸਪੀਕਰ :** ਹੁਣ 4 ਮਾਰਚ, 2009 ਨੂੰ ਸਰਦਾਰ ਵਿਰਸਾ ਸਿੰਘ ਵਲਟੋਹਾ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਸਰਦਾਰ ਅਮਰਜੀਤ ਸਿੰਘ ਸਾਹੀ, ਐਮ.ਐਲ.ਏ. ਦੁਆਰਾ ਪ੍ਰੋੜ੍ਹਤਾ ਕੀਤੇ ਗਏ ਨਿਮਨਲਿਖਿਤ ਪ੍ਰਸਤਾਵ ਤੇ ਮੁੜ ਬਹਿਸ :—

"ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿਚ ਮਾਣ-ਪੱਤਰ ਪੇਸ਼ ਕੀਤਾ ਜਾਵੇ :—

> "ਕਿ ਇਸ ਸਮਾਗਮ ਵਿਚ ਇੱਕਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਨ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 27 ਫਰਵਰੀ 2009 ਨੂੰ ਸਦਨ ਵਿਚ ਦੇਣ ਦੀ ਕ੍ਰਿਪਾਲਤਾ ਕੀਤੀ।"

ਬਾਦਲ ਸਾਹਿਬ।

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) :** ਸਪੀਕਰ ਸਾਹਿਬ, ਸਾਡੇ ਮਾਨਯੋਗ ਗਵਰਨਰ ਸਾਹਿਬ ਨੇ 27 ਫਰਵਰੀ ਨੂੰ ਇਸ ਪਵਿੱਤਰ ਸਦਨ ਨੂੰ ਐਡਰੈੱਸ ਕੀਤਾ। ਉਨ੍ਹਾਂ ਦੇ ਐਡਰੈੱਸ ਤੇ ਸਾਡੇ ਮਾਨਯੋਗ ਮੈਂਬਰ ਸਰਦਾਰ ਵਿਰਸਾ ਸਿੰਘ ਵਲਟੋਹਾ ਜੀ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਔਰ ਸਰਦਾਰ ਅਮਰਜੀਤ ਸਿੰਘ ਜੀ ਸਾਹੀ ਨੇ ਉਸ ਦੀ ਤਾਈਦ ਕੀਤੀ। ਇਸ ਮਤੇ ਤੇ ਫਿਰ ਬਹੁਤ ਗੰਭੀਰ ਵਿਚਾਰਾਂ ਵੀ ਹੋਈਆਂ। ਮੈਂ ਕਹਿ ਸਕਦਾ ਹਾਂ ਕਿ ਗਵਰਨਰ ਸਾਹਿਬ ਦਾ ਭਾਸ਼ਣ ਜਿਹੜਾ ਹੈ, ਉਹ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਸੀ ਔਰ ਬੜਾ ਹੀ ਸੰਜੀਦਾ ਸੀ। ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਪੰਜਾਬ ਦੇ ਲੋਕਾਂ ਨਾਲ ਤਾਅਲੁੱਕ ਰੱਖਣ ਵਾਲੇ ਸਾਰੇ ਆਰਥਿਕ ਮਸਲੇ, ਸਿਆਸੀ ਮਸਲੇ, ਡਿਵੈਲਪਮੈਂਟ ਨਾਲ ਤਾਅਲੁੱਕ ਰੱਖਣ ਵਾਲੇ ਮਸਲੇ, ਸਮਾਜਿਕ ਮਸਲੇ, ਸਾਰੇ ਹੀ ਬਹੁਤ ਵਿਸਥਾਰ ਨਾਲ ਪੇਸ਼ ਕੀਤੇ ਹਨ। ਮੈਂ ਉਨ੍ਹਾਂ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਔਰ ਮੈਂ ਇਹ ਵੀ ਅਪੀਲ ਕਰਦਾ ਹਾਂ ਕਿ ਸਾਨੂੰ ਇਸ ਹਾਊਸ ਨੂੰ ਇਹ ਮਤਾ ਸਰਬਸੰਮਤੀ ਨਾਲ ਪੇਸ਼ ਕਰਕੇ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਨੂੰ ਬੜਾ ਦੁੱਖ ਹੋਇਆ ਕਿ ਆਪੋਜ਼ੀਸ਼ਨ, ਜਿਸ ਦਾ ਰੋਲ ਸਰਕਾਰ ਦੇ ਬਰਾਬਰ ਦਾ ਹੀ ਹੁੰਦਾ ਹੈ ਉਹ ਸਾਰੇ ਹੀ ਸੈਸ਼ਨ ਵਿਚੋਂ ਬਾਈਕਾਟ ਕਰਕੇ ਚਲੇ ਗਏ। (ਸ਼ੇਮ, ਸ਼ੇਮ ਦੀਆਂ ਅਵਾਜ਼ਾਂ) ਸਾਹਮਣੇ ਸਾਰੀਆਂ ਸੀਟਾਂ ਖਾਲੀ ਪਈਆਂ ਹਨ ਔਰ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਉਨ੍ਹਾਂ ਨੇ ਜੋ ਬਾਈਕਾਟ ਕੀਤਾ ਹੈ, ਮੈਂ ਉਸ ਵਿਚ ਜਾਣਾ ਨਹੀਂ ਚਾਹੁੰਦਾ ਲੇਕਿਨ ਇੱਕ ਬਹੁਤ ਛੋਟੀ ਜਿਹੀ ਗੱਲ ਸੀ, ਛੋਟਾ ਜਿਹਾ ਮੁੱਦਾ ਸੀ ਤੇ ਸਪੀਕਰ ਸਾਹਿਬ, ਤੁਸੀਂ ਉਹ ਲਫਜ਼ ਵੀ ਐਕਸਪੰਜ ਕਰ ਦਿੱਤੇ ਸਨ। ਲੇਕਿਨ ਉਨ੍ਹਾਂ ਨੇ ਇਸ ਸਾਰੇ ਸ਼ੈਸਨ ਦਾ ਬਾਈਕਾਟ ਕੀਤਾ, ਉਸ ਬਾਰੇ ਮੈਂ ਸੋਚਦਾ ਰਿਹਾ ਪਰ ਮੈਨੂੰ ਰੀਜ਼ਨ ਨਜ਼ਰ ਨਹੀਂ ਆਉਂਦਾ। ਸਾਨੂੰ ਪੰਜਾਬ ਦੇ ਲੋਕਾਂ ਨੇ ਚੁਣ ਕੇ ਭੇਜਿਆ ਹੈ। ਉਸ ਵਿੱਚ ਐਮ.ਐਲ.ਏ. ਸਾਹਿਬਾਨ ਦੀ ਸਭ ਤੋਂ ਵੱਡੀ ਡਿਊਟੀ ਇਹ ਹੁੰਦੀ ਹੈ ਕਿ ਜਦੋਂ ਸੈਸ਼ਨ ਹੋਵੇ, ਦੋਵੇਂ ਧਿਰਾਂ ਇੱਕਠੀਆਂ ਬੈਠ ਕੇ ਵਿਚਾਰਾਂ ਕਰਕੇ, ਦਲੀਲਾਂ ਦੇ ਕੇ, ਪੰਜਾਬ ਸਾਹਮਣੇ ਜੋ ਦਰਪੇਸ਼ ਮਸਲੇ ਹਨ, ਉਨ੍ਹਾਂ ਬਾਰੇ ਚੰਗੇ ਢੰਗ ਨਾਲ ਉਨ੍ਹਾਂ ਦਾ ਹੱਲ ਸੋਚਣ। ਪਰ ਇਹ ਭਰਾ ਜੋ ਬਾਈਕਾਟ ਕਰਕੇ ਗਏ, ਮੇਰਾ ਖਿਆਲ ਹੈ ਜਾਂ ਤਾਂ ਸ਼ਾਇਦ ਉਨ੍ਹਾਂ ਕੋਲ ਪੇਸ਼ ਕਰਨ ਵਾਲਾ ਕੋਈ ਮਸਲਾ ਨਹੀਂ ਸੀ ਜਾਂ ਉਨ੍ਹਾਂ ਕੋਲ ਸਾਡੀਆਂ ਗੱਲਾਂ ਸੁਣਨ ਦੀ ਸ਼ਕਤੀ ਨਹੀਂ ਸੀ। ਪਤਾ ਨਹੀਂ, ਮੈਂ ਸਮਝਦਾ ਹਾਂ ਕਿ ਉਹ ਬਾਅਦ ਵਿਚ ਜ਼ਰੂਰ ਮਹਿਸੂਸ ਕਰਦੇ ਹੋਣਗੇ ਕਿ ਉਨ੍ਹਾਂ ਨੇ ਗਲਤੀ ਕੀਤੀ ਹੈ। ਮੇਰਾ ਖਿਆਲ ਹੈ ਕਿ ਪਾਰਲੀਮੈਂਟਰੀਅਨ ਸਿਸਟਮ ਵਿਚ, ਦੁਨੀਆਂ ਵਿੱਚ ਪਹਿਲੀ ਦਫਾ ਇਹ ਗੱਲ ਹੋਈ ਹੈ ਕਿ ਆਪੋਜ਼ੀਸ਼ਨ, ਜਿਸ ਕੋਲ ਆਪਣੀਆਂ ਗੱਲਾਂ ਸਦਨ ਵਿਚ ਰੱਖਣ ਦਾ, ਲੋਕਾਂ ਦੀ ਗੱਲ ਪਹੁੰਚਾਉਣ ਦਾ ਮੌਕਾ ਹੁੰਦਾ ਹੈ, ਉਸ ਸਾਰੇ ਸੈਸ਼ਨ ਦਾ ਉਨ੍ਹਾਂ ਨੇ ਬਾਈਕਾਟ ਕੀਤਾ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੈਤਿਕ ਜ਼ਿੰਮੇਵਾਰੀ ਜਾਂ ਸੰਵਿਧਾਨਿਕ ਜ਼ਿੰਮੇਵਾਰੀ ਨਹੀਂ ਨਿਭਾਈ ਔਰ ਲੋਕਾਂ ਨਾਲ ਵਿਸ਼ਵਾਸਘਾਤ ਕੀਤਾ ਹੈ। ਮੈਨੂੰ ਇਸ ਦਾ ਬਹੁਤ ਗਹਿਰਾ ਦੁੱਖ ਹੈ। ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਮੈਂ ਕਦੇ ਆਪਣੀ ਜ਼ਿੰਦਗੀ ਵਿੱਚ ਸਾਧਾਰਣ ਇਨਸਾਨ ਦੇ ਨਾਲ ਵੀ ਜੋ ਗੱਲਬਾਤ ਕਰਦਾ ਹਾਂ, ਉਸ ਦੇ ਨਾਲ ਕੋਈ ਇਤਰਾਜ਼ਯੋਗ ਸ਼ਬਦ ਮੈਂ ਕਦੇ ਨਹੀਂ ਵਰਤੇ ਅਤੇ ਜਿਹੜੇ ਆਨਰੇਬਲ ਮੈਂਬਰ ਹਨ, ਜਿਨ੍ਹਾਂ ਦੀ ਕਿ ਬਹੁਤ ਵੱਡੀ ਪੁਜੀਸ਼ਨ ਹੈ, ਉਹ ਲੱਖਾਂ ਲੋਕਾਂ ਦੇ ਨੁਮਾਇੰਦੇ ਹਨ, ਉਨ੍ਹਾਂ ਦੇ ਬਾਰੇ ਕੋਈ ਇਤਰਾਜ਼ਯੋਗ ਸ਼ਬਦ ਵਰਤਣ ਬਾਰੇ ਮੈਨੂੰ ਕਿਸੇ ਨੇ ਕਿਹਾ ਹੋਵੇ ਤਾਂ ਮੈਂ ਸਮਝਦਾ ਹਾਂ ਕਿ ਮੈਂ ਨਹੀਂ ਕਹੇ। ਮੈਂ ਐਕਸਪਲੇਨੇਸ਼ਨ ਦੇਣੀ ਚਾਹੁੰਦਾ ਸੀ ਪਰ ਕਿਉਂਕਿ ਤੁਸੀਂ ਹੁਕਮ ਕਰ ਦਿੱਤਾ ਸੀ ਔਰ ਉਹ ਐਕਸਪੰਜ ਵੀ ਹੋ ਗਏ ਸਨ, ਇਸ ਲਈ ਮੈਂ ਫਿਰ ਉਸ ਦਾ ਸਪੱਸ਼ਟੀਕਰਨ ਨਹੀਂ ਦੇਣਾ ਚਾਹੁੰਦਾ। ਅੱਜ ਵੀ ਮੈਂ ਕਹਿੰਦਾ ਹਾਂ ਕਿ ਮੈਂ ਆਨਰੇਬਲ ਮੈਂਬਰ ਦੀ ਸ਼ਾਨ ਦੇ ਖਿਲਾਫ ਇੱਕ ਲਫਜ਼ ਵੀ ਨਹੀਂ ਵਰਤਿਆ। ਉਸ ਨੂੰ ਹੋਰ ਤਰ੍ਹਾਂ ਲਿਆ ਗਿਆ ਹੈ। ਚਲੋ, ਮੈਂ ਇਸ ਗੱਲ ਵਿੱਚ ਜਾਣਾ ਨਹੀਂ ਸੀ ਚਾਹੁੰਦਾ। ਉਹ ਗੱਲ ਖਤਮ ਹੋ ਗਈ ਹੈ।

ਸਪੀਕਰ ਸਾਹਿਬ, ਇਸ ਤੋਂ ਬਾਅਦ ਗਵਰਨਰ ਸਾਹਿਬ ਨੇ ਸਭ ਤੋਂ ਪਹਿਲਾਂ ਆਪਣੇ ਭਾਸ਼ਣ ਵਿੱਚ ਜੋ ਮੁਢਲੇ ਲਫਜ਼ਾਂ ਵਿੱਚ ਗੱਲ ਕੀਤੀ ਹੈ, ਉਹ ਪੰਜਾਬ ਵਿੱਚ ਅਮਨ, ਸ਼ਾਂਤੀ ਅਤੇ ਭਾਈਚਾਰਕ ਸਾਂਝ ਦੀ ਕੀਤੀ ਹੈ। ਮੇਰਾ ਖਿਆਲ ਹੈ ਕਿ ਉਨ੍ਹਾਂ ਨੇ ਪੰਜਾਬ ਦੀ ਅਸਲੀ ਨਬਜ਼ ਤੇ ਹੱਥ ਰੱਖਿਆ ਹੈ। (ਥੰਪਿੰਗ) ਪੰਜਾਬ ਰਿਸ਼ੀਆਂ, ਮੁਨੀਆਂ, ਪੀਰਾਂ, ਪੈਗੰਬਰਾਂ, ਦੇਵਤਿਆਂ ਦੀ ਧਰਤੀ ਹੈ। ਇਹ ਧਰਤੀ ਉਹ ਧਰਤੀ ਹੈ ਜਿਥੇ ਸ੍ਰੀ ਦਰਬਾਰ ਸਾਹਿਬ ਦਾ ਵਾਸਾ ਹੈ। ਸ੍ਰੀ ਦਰਬਾਰ ਸਾਹਿਬ ਦੇ ਚਾਰ ਦਰਵਾਜ਼ੇ ਹਨ, ਜਿਸ ਦਾ ਮਤਲਬ ਹੈ ਕਿ, ਉਪਦੇਸ਼ ਚਹੁੰ ਵਰਨਾਂ ਕੋ ਸਾਂਝਾ, ਦੂਸਰਾ, ਸ੍ਰੀ ਦਰਬਾਰ ਸਾਹਿਬ ਦਾ ਨੀਂਹ ਪੱਥਰ ਮੀਆਂ ਮੀਰ, ਇੱਕ ਮੁਸਲਮਾਨ ਨੇ ਰੱਖਿਆ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਦਾ ਮੀਆਂ ਮੀਰ ਤੋਂ ਪੱਥਰ ਰਖਵਾਉਣ ਦਾ ਮਤਲਬ ਸੀ ਕਿ ਉਨ੍ਹਾਂ ਨੇ ਸੈਕੁਲਰਿਜ਼ਮ ਦੀ ਬਹੁਤ ਵੱਡੀ ਬੁਨਿਆਦ ਰੱਖੀ ਹੈ। ਇਥੇ ਹੀ ਨਹੀਂ ਸਾਡੇ ਗੁਰੂ ਸਾਹਿਬਾਨ ਗੁਰੂ ਅਰਜਨ ਦੇਵ ਜੀ ਮਹਾਰਾਜ, ਗੁਰੂ ਤੇਗ ਬਹਾਦਰ ਜੀ ਮਹਾਰਾਜ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਾਂ ਇਨ੍ਹਾਂ ਅਸੂਲਾਂ ਕਰਕੇ, ਇਨ੍ਹਾਂ ਅਸੂਲਾਂ ਵਾਸਤੇ ਸ਼ਹਾਦਤਾਂ ਦਿੱਤੀਆਂ ਅਤੇ ਆਪਣਾ ਸਰਬੰਸ ਵਾਰ ਦਿੱਤਾ ਹੈ ਔਰ ਸਾਰਾ ਕੁਝ ਜੋ ਹੋਇਆ, ਉਹ ਇਹੀ ਸੀ ਕਿ ਮਨੁੱਖੀ ਅਧਿਕਾਰਾਂ ਵਾਸਤੇ, ਇੱਕਮੁਰਤਾ ਲਈ ਔਰ ਧਾਰਮਿਕ ਆਜ਼ਾਦੀ ਵਾਸਤੇ ਇਹ ਸਾਰਾ ਕੁਝ ਦਿੱਤਾ। ਅਸੀਂ ਜਿਹੜੇ ਉਨ੍ਹਾਂ ਦੇ ਪੈਰੋਕਾਰ ਹਾਂ, ਉਨ੍ਹਾਂ ਦੇ ਸ਼ਿਸ਼ ਜੋ ਕਦੇ ਮਜ਼ਹਬੀ ਤਫਰਕਾਨ, ਨਫਰਤ ਦੀਆਂ ਗੱਲਾਂ ਸੋਚੀਏ ਤਾਂ ਇਹ ਬੜਾ ਵੱਡਾ ਪਾਪ ਹੈ। ਦੂਸਰਾ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਕੋਈ ਇਹੋ ਜਿਹਾ ਧਰਮ ਦੀ ਨਫਰਤ ਦੀ ਗੱਲ ਸੋਚਦਾ ਹੈ, ਉਹ ਗੁਰੂ ਦਾ ਸਿੱਖ ਕਹਾਉਣ ਦਾ ਹੱਕਦਾਰ ਨਹੀਂ ਹੈ। ਇਸ ਲਈ ਮੈਨੂੰ ਬੜਾ ਦੁੱਖ ਹੁੰਦਾ ਹੈ ਕਿ ਕੁਝ ਇਹੋ ਜਿਹੇ ਲੋਕਾਂ ਨੇ, ਜਿਹੜੇ ਅੱਜ ਇਥੇ ਬੈਠੇ ਨਹੀਂ, ਮੈਂ ਉਨ੍ਹਾਂ ਦੀ ਸ਼ਾਨ ਦੇ ਖਿਲਾਫ ਨਹੀਂ ਕਹਿਣਾ ਚਾਹੁੰਦਾ, ਉਨ੍ਹਾਂ ਨੇ ਜੋ ਪੰਜਾਬ ਵਿਚ ਸ਼ਾਂਤੀ ਸੀ, ਜੋ ਇਥੇ ਅਮਨ ਸੀ, ਭਾਈਚਾਰਕ ਸਾਂਝ ਸੀ, ਉਸ ਨੂੰ ਲਾਂਬੂ ਲਾਉਣ ਵਾਸਤੇ ਕੋਈ ਕਸਰ ਨਹੀਂ ਛੱਡੀ ਜਿਸ ਦਾ ਪੰਜਾਬ ਨੂੰ ਅਤੇ ਦੇਸ਼ ਨੂੰ ਅਕਹਿ ਅਤੇ ਅਸਹਿ ਨੁਕਸਾਨ ਹੋਇਆ ਹੈ। ਜਿਹੜਾ ਘਾਟਾ ਕਦੇ ਪੂਰਾ ਹੋਣ ਵਾਲਾ ਨਹੀਂ। ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦਾ ਦੌਰ ਆਇਆ। ਮੈਂ ਇਹ ਗੱਲ ਫ਼ਖ਼ਰ ਨਾਲ ਕਹਿ ਸਕਦਾ ਹਾਂ ਕਿ ਅਸੀਂ ਫਿਰ ਉਨ੍ਹਾਂ ਅਸੂਲਾਂ ਤੇ ਚੱਲਦੇ ਹੋਏ, ਫਿਰ ਪੰਜਾਬ ਵਿੱਚ ਅਮਨ, ਸ਼ਾਂਤੀ ਤੇ ਭਾਈਚਾਰਕ ਸਾਂਝ ਦੀਆਂ ਜੜ੍ਹਾਂ ਦੀਆਂ ਨੀਹਾਂ ਮਜ਼ਬੂਤ ਕੀਤੀਆਂ ਹਨ। (ਥੰਪਿੰਗ)

ਸਪੀਕਰ ਸਾਹਿਬ, ਦੂਸਰਾ ਮੁੱਦਾ ਜੋ ਗਵਰਨਰ ਸਾਹਿਬ ਨੇ ਉਠਾਇਆ ਹੈ, ਉਹ ਕੇਵਲ ਪੰਜਾਬ ਵਾਸਤੇ ਹੀ ਨਹੀਂ ਹੈ ਬਲਕਿ ਉਸ ਦੀ ਅਹਿਮੀਅਤ ਸਾਰੇ ਦੇਸ਼ ਵਾਸਤੇ ਹੈ। ਉਹ ਕੀ ਹੈ ? ਉਨ੍ਹਾਂ ਨੇ ਆਪਣੇ ਭਾਸ਼ਣ ਦੇ ਵਿੱਚ ਕਿਹਾ ਹੈ ਕਿ ਇਸ ਮੁਲਕ ਦੇ ਵਿੱਚ ਫੈਡਰਲ ਸਟਰੱਕਚਰ ਹੋਣਾ ਚਾਹੀਦਾ ਹੈ। ਕਿਉਂਕਿ ਇਹ ਇੱਕ ਬਹੁਤ ਵੱਡਾ ਦੇਸ਼ ਹੈ, ਇੱਥੇ ਵੱਖ ਭਾਸ਼ਾਵਾਂ ਹਨ, ਵੱਖ-ਵੱਖ ਕਲਚਰ ਹਨ, ਵੱਖ-ਵੱਖ ਬੋਲੀਆਂ ਹਨ। ਸਪੀਕਰ ਸਾਹਿਬ, ਮੇਰੇ ਕਹਿਣ ਤੋਂ ਭਾਵ ਹੈ ਕਿ ਦੇਸ਼ ਮਜ਼ਬੂਤੀ ਦੇ ਨਾਲ ਤਾਂ ਹੀ ਚੱਲ ਸਕਦਾ ਹੈ ਜੇਕਰ ਫੈਡਰਲ ਸਿਸਟਮ ਦੇ ਨਾਲ ਹਕੂਮਤ ਚਲਾਈ ਜਾਵੇ। ਉਨ੍ਹਾਂ ਨੇ ਦੋ ਗੱਲਾਂ ਦੇ ਉਤੇ ਖਾਸ ਤੌਰ ਤੇ ਜ਼ੋਰ ਦਿੱਤਾ ਹੈ। ਇੱਕ ਤਾਂ ਸੂਬਿਆਂ ਨੂੰ ਵੱਧ ਵਿੱਤੀ ਅਧਿਕਾਰ ਹੋਣੇ ਚਾਹੀਦੇ ਹਨ ਔਰ ਦੂਸਰਾ ਜਿਹੜੀ ਯੋਜਨਾਬੰਦੀ ਹੈ, ਪਲਾਨਿੰਗ ਹੈ, ਉਸ ਨੂੰ ਡਿਸੈਂਟਰੇਲਾਈਜ਼ ਕਰਨਾ ਚਾਹੀਦਾ ਹੈ। ਸੋ, ਉਨ੍ਹਾਂ ਨੇ ਤਿੰਨ ਮੁੱਦਿਆਂ ਨੂੰ ਉਠਾਇਆ ਹੈ। ਸਪੀਕਰ ਸਾਹਿਬ, ਅੱਜ ਹਿੰਦੁਸਤਾਨ ਦੇ ਵਿੱਚ ਜੋ ਗਰੀਬੀ ਹੈ, ਬੇਰੁਜ਼ਗਾਰੀ ਹੈ, ਅਨਪੜ੍ਹਤਾ ਹੈ ਜਾਂ ਲੋਕਾਂ ਦੀਆਂ ਜੋ ਜ਼ਰੂਰਤ ਵਾਲੀਆਂ ਚੀਜ਼ਾਂ ਹਨ, ਉਹ ਉਨ੍ਹਾਂ ਨੂੰ ਨਹੀਂ ਮਿਲ ਰਹੀਆਂ। ਇਸ ਦਾ ਇੱਕ ਵੱਡਾ ਕਾਰਨ ਇਹ ਹੈ ਕਿ ਸੂਬੇ ਦੀਆਂ ਸਰਕਾਰਾਂ ਨੂੰ ਅਧਿਕਾਰ ਬਹੁਤ ਘੱਟ ਹਨ ਔਰ ਛੋਟੀਆਂ-ਛੋਟੀਆਂ ਗੱਲਾਂ ਦੇ ਵਾਸਤੇ ਸਾਨੂੰ ਸੈਂਟਰ ਦੀ ਸਰਕਾਰ ਕੋਲ ਜਾਣਾ ਪੈਂਦਾ ਹੈ। ਇਸ ਲਈ ਇਹ ਵੀ ਜ਼ਰੂਰੀ ਗੱਲ ਹੈ ਕਿਉਂਕਿ ਅੱਜ ਜੋ ਦੇਸ਼ ਦਾ ਢਾਂਚਾ ਹੈ, ਉਹ ਫੈਡਰਲ ਸਿਸਟਮ ਤੋਂ ਇੱਕ ਯੂਨੀਟਰੀ ਸਿਸਟਮ ਬਣ ਗਿਆ ਹੈ, ਜਿਸ ਨਾਲ ਸਾਰੇ ਅਧਿਕਾਰ ਸੈਂਟਰ ਦੀ ਸਰਕਾਰ ਦੇ ਕੋਲ ਚਲੇ ਗਏ ਹਨ। ਸਪੀਕਰ ਸਾਹਿਬ, ਇਹ ਗੱਲ ਮੈਂ ਇੱਕਲਾ ਹੀ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨਹੀਂ ਕਹਿ ਰਿਹਾ ਸਗੋਂ ਦੇਸ਼ ਦੇ ਸਾਰੇ ਚੀਫ਼ ਮਨਿਸਟਰਾਂ ਦੀ ਮੀਟਿੰਗ ਵਿੱਚ ਜਾਂਦੇ ਹਾਂ ਤਾਂ ਸਾਰਿਆਂ ਵੱਲੋਂ ਇਹ ਗੱਲ ਕੀਤੀ ਜਾਂਦੀ ਹੈ, ਜ਼ੋਰ ਦੇ ਕੇ ਕੀਤੀ ਜਾਂਦੀ ਹੈ ਕਿ ਜੇਕਰ ਹਿੰਦੁਸਤਾਨ ਨੇ ਤਰੱਕੀ ਕਰਨੀ ਹੈ, ਖੁਸ਼ਹਾਲ ਬਣਨਾ ਹੈ, ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਹੈ ਤਾਂ ਸੂਬੇ ਦੀਆਂ ਸਰਕਾਰਾਂ ਦਾ ਹੀ ਸੂਬੇ ਦੇ ਲੋਕਾਂ ਨਾਲ ਸਿੱਧਾ ਤੁਅੱਲਕ ਹੁੰਦਾ ਹੈ। ਇਸ ਲਈ ਇਨ੍ਹਾਂ ਮਾਇਕ ਅਧਿਕਾਰਾਂ ਬਾਰੇ ਫੈਸਲਾ ਕਰਨ ਦੀ ਸ਼ਕਤੀ ਇਨ੍ਹਾਂ ਨੂੰ ਦਿੱਤੀ ਜਾਵੇ। ਦੂਸਰਾ ਉਨ੍ਹਾਂ ਨੇ ਟੈਰੀਟੋਰੀਅਲ ਇਸ਼ੂਜ਼ ਦੇ ਬਾਰੇ ਕਿਹਾ ਹੈ। ਸਪੀਕਰ ਸਾਹਿਬ, ਟੈਰੀਟੋਰੀਅਲ ਇਸ਼ੂਜ਼ ਵਿੱਚ ਇੱਕ ਤਾਂ ਸਾਡਾ ਚੰਡੀਗੜ੍ਹ ਕੈਪੀਟਲ ਆਉਂਦਾ ਹੈ ਅਤੇ ਦੂਜਾ ਸਾਡੇ ਪੰਜਾਬੀ ਬੋਲਦੇ ਇਲਾਕੇ ਆਉਂਦੇ ਹਨ। ਇਨ੍ਹਾਂ ਮਸਲਿਆਂ ਦਾ ਹੱਲ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਉਸ ਵੇਲੇ ਦੀਆਂ ਕਾਂਗਰਸ ਦੀਆਂ ਸਰਕਾਰਾਂ ਵੱਲੋਂ ਪੰਜਾਬ ਦੇ ਨਾਲ ਬਹੁਤ ਵੱਡੀਆਂ ਬੇਇਨਸਾਫ਼ੀਆਂ ਕੀਤੀਆਂ ਗਈਆਂ ਹਨ। ਸਪੀਕਰ ਸਾਹਿਬ, ਰੀਆਰਗੇਨਾਈਜ਼ੇਸ਼ਨ ਤੋਂ ਬਾਅਦ ਜਿੰਨੇ ਵੀ ਨਵੇਂ ਸੂਬੇ ਬਣੇ ਹਨ ਤਾਂ ਹਮੇਸ਼ਾ ਹੀ ਪੇਰੈਂਟ ਸਟੇਟ ਦੇ ਕੋਲ ਹੀ ਰਾਜਧਾਨੀ ਰਹੀ ਹੈ। ਬਦਕਿਸਮਤ ਪੰਜਾਬ ਹੀ ਹੈ ਕਿ ਸਾਰੇ ਕਾਨੂੰਨ ਨੂੰ ਛਿੱਕੇ ਤੇ ਟੰਗ ਕੇ ਸਾਡੇ ਕੋਲੋਂ ਚੰਡੀਗੜ੍ਹ ਨੂੰ ਅਤੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਖੋਹ ਲਿਆ ਹੈ। ਸਪੀਕਰ ਸਾਹਿਬ, ਇਸ ਦੇ ਬਾਰੇ ਸਾਡੇ ਨਾਲ ਵਾਇਦਾ ਵੀ ਕੀਤਾ ਗਿਆ ਸੀ, ਫੈਸਲਾ ਵੀ ਹੋ ਗਿਆ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਮਿਲ ਜਾਵੇਗਾ ਲੇਕਿਨ ਉਨ੍ਹਾਂ ਨੇ ਰਾਤ ਨੂੰ ਪੁਲੀਟੀਕਲੀ ਤੌਰ ਤੇ ਫੈਸਲਾ ਬਦਲ ਦਿੱਤਾ । ਸਪੀਕਰ ਸਾਹਿਬ, ਸਾਡੇ ਕੋਲ ਇਕੋ ਹੀ ਸਰਮਾਇਆ ਹੈ। ਸਪੀਕਰ ਸਾਹਿਬ, ਕਈ ਸੂਬੇ ਇਸ ਲਈ ਤਰੱਕੀ ਕਰਦੇ ਹਨ ਕਿਉਂਕਿ ਉਨ੍ਹਾਂ ਦੇ ਨੇੜੇ ਸਮੁੰਦਰ ਹੁੰਦਾ ਹੈ, ਕਿਸੇ ਸੂਬੇ ਦੇ ਨੇੜੇ ਰਾਜਧਾਨੀ ਹੁੰਦੀ ਜਾਂ ਉਨ੍ਹਾਂ ਦੇ ਕੋਲ ਕੱਚਾ ਮਾਲ ਹੁੰਦਾ ਹੈ। ਸਪੀਕਰ ਸਾਹਿਬ, ਸਾਡੇ ਕੋਲ ਇੱਕੋ-ਇੱਕ ਚੀਜ਼ ਪਾਣੀ ਹੀ ਹੈ ਜਿਸ ਦੇ ਸਿਰ ਤੇ ਪੰਜਾਬ ਆਪ ਰੋਟੀ ਖਾਂਦਾ ਹੈ ਅਤੇ ਹਿੰਦੁਸਤਾਨ ਨੂੰ ਵੀ ਰੋਟੀ ਖਵਾਉਂਦਾ ਹੈ ਪਰ ਬੜੇ ਦੁੱਖ ਦੀ ਗੱਲ ਹੈ ਕਿ ਜੋ ਰਿਪੇਰੀਅਨ ਐਕਟ ਦੇ ਰੂਲਜ਼ ਸਨ, ਉਨ੍ਹਾਂ ਸਾਰਿਆਂ ਨੂੰ ਛਿੱਕੇ ਉਤੇ ਟੰਗ ਕੇ ਸਾਡੇ ਕੋਲੋਂ ਪਾਣੀ ਖੋਹ ਲਿਆ ਗਿਆ ਹੈ।

*3.45 ਵਜੇ ਬਾਅਦ ਦੁਪਹਿਰ

(*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਅੱਜ ਪੰਜਾਬ ਦੀ ਪਾਣੀ ਦੀ ਕੁੱਲ ਡਿਮਾਂਡ ਜੋ ਹੈ, ਉਹ 50 ਐਮ.ਏ.ਐਫ. ਹੈ ਜਦਕਿ ਸਾਡੇ ਕੋਲ ਜਿਹੜੀ ਅਵੇਲੇਬਿਲਟੀ ਹੈ, ਉਹ 33.62 ਐਮ.ਏ.ਐਫ. ਹੈ। ਇਸ ਲਈ ਸਾਨੂੰ ਆਪਣੀ ਖੇਤੀ ਦੇ ਵਾਸਤੇ ਪਾਣੀ ਦੀ ਬਹੁਤ ਜ਼ਿਆਦਾ ਲੋੜ ਹੈ ਲੇਕਿਨ ਸਾਡੇ ਕੋਲੋਂ ਧੱਕੇ ਦੇ ਨਾਲ ਪਾਣੀ ਖੋਹ ਲਿਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਸ ਦੀ ਬਹੁਤੀ ਡੂੰਘਾਈ ਵਿਚ ਨਹੀਂ ਜਾਣਾ ਚਾਹੁੰਦਾ ਕਿਉਂਕਿ ਕਈ ਵਾਰ ਵੱਡੀਆਂ ਬਹਿਸਾਂ ਇਸ ਸਦਨ ਵਿੱਚ ਹੋਈਆਂ ਹਨ। ਗਵਰਨਰ ਸਾਹਿਬ ਨੇ ਪੰਜਾਬ ਨਾਲ ਜੋ ਧੱਕਾ ਹੋ ਰਿਹਾ ਹੈ, ਉਸ ਬਾਰੇ ਗੱਲ ਕੀਤੀ ਹੈ। ਮੈਂ ਅੱਜ ਸਦਨ ਦੇ ਥਰੂ ਸੈਂਟਰ ਸਰਕਾਰ ਕੋਲ ਮੰਗ ਕਰਦਾ ਹਾਂ ਕਿ ਚੰਡੀਗੜ੍ਹ ਤੁਰੰਤ ਪੰਜਾਬ ਨੂੰ ਦਿੱਤਾ ਜਾਵੇ। (ਥੰਪਿੰਗ) ਪੰਜਾਬੀ ਬੋਲਦੇ ਇਲਾਕੇ ਦਿੱਤੇ ਜਾਣ ਅਤੇ ਸਾਡੇ ਤੋਂ ਇੱਕ ਤੁਪਕਾ ਪਾਣੀ ਦਾ ਵੀ ਨਾ ਖੋਹਿਆ ਜਾਵੇ। ਡਿਪਟੀ ਸਪੀਕਰ ਸਾਹਿਬ, ਇੱਥੇ ਹੀ ਬਸ ਨਹੀਂ ਅੱਜ ਵੀ ਸ਼ਰਾਰਤਾਂ ਹੋ ਰਹੀਆਂ ਹਨ। ਤੁਹਾਡੇ ਸਾਹਮਣੇ ਹਾਂਸੀ-ਬੁਟਾਣਾ ਨਹਿਰ ਬਿਨਾਂ ਕਿਸੇ ਮਨਜ਼ੂਰੀ ਤੋਂ ਕੱਢਣ ਜਾ

Original with;
Punjab Vidhan Sabha
Digitized by;
Panjab Digital Library

ਰਹੇ ਹਨ। ਹਾਲਾਂਕਿ ਜਿਹੜਾ ਭਾਖੜਾ-ਨੰਗਲ ਮੈਨੇਜਮੈਂਟ ਬੋਰਡ ਹੈ, ਉਨ੍ਹਾਂ ਤੋਂ ਵੀ ਕਿਸੇ ਨੇ ਮਨਜ਼ੂਰੀ ਨਹੀਂ ਲਈ। ਲੇਕਿਨ ਜਿਹੜੀ ਸਾਡੀ ਗਵਾਂਢੀ ਸਟੇਟ ਹੈ, ਉਸ ਨੇ ਬਿਨਾ ਕਿਸੇ ਮਨਜ਼ੂਰੀ ਤੋਂ ਨਹਿਰ ਕੱਢ ਦਿੱਤੀ, ਫੇਰ ਕਹਿੰਦੇ ਹਨ ਕਿ ਇਸ ਵਿੱਚ ਪਾਣੀ ਪਾਓ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਨਾ ਪਾਣੀ ਸਾਡੇ ਕੋਲ ਹੈ ਅਤੇ ਨਾ ਉਨ੍ਹਾਂ ਦਾ ਹੱਕ ਬਣਦਾ ਹੈ। ਇਹ ਗੱਲ ਸੈਂਟਰ ਸਰਕਾਰ ਨੂੰ ਸੋਚਣੀ ਚਾਹੀਦੀ ਹੈ। ਅਗਲੀ ਗੱਲ ਜੋ, ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਦੱਸੀ ਹੈ, ਉਹ ਇਹ ਕਿ ਉਨ੍ਹਾਂ ਨੇ ਕੰਨਫ੍ਰੰਟੇਸ਼ਨ ਦੇਖੀ ਹੈ। ਡਿਪਟੀ ਸਪੀਕਰ ਸਾਹਿਬ, ਸਾਡੇ ਸਿਆਸੀ ਮਤਭੇਦ ਹੁੰਦੇ ਰਹਿੰਦੇ ਹਨ ਲੇਕਿਨ ਮੈਂ ਕਹਾਂਗਾ ਕਿ ਸਾਡੇ ਕਿੰਨੇ ਵੀ ਸਿਆਸੀ ਮਤਭੇਦ ਹੋਣ ਪਰ ਜ਼ਾਤੀ ਮਤਭੇਦ ਨਹੀਂ ਹੋਣੇ ਚਾਹੀਦੇ, ਟਕਰਾਓ ਦੀ ਨੀਤੀ ਨਹੀਂ ਹੋਣੀ ਚਾਹੀਦੀ। ਪਿਛਲੇ 5 ਸਾਲ ਜਿਹੜੀ ਕਾਂਗਰਸ ਦੀ ਸਰਕਾਰ ਸੀ, ਉਸ ਨੇ ਟਕਰਾਓ ਦੀ ਨੀਤੀ ਦੀ ਸ਼ੁਰੂਆਤ ਕੀਤੀ। ਡਿਪਟੀ ਸਪੀਕਰ ਸਾਹਿਬ, ਜਿਹੜੀ ਟਕਰਾਓ ਦੀ ਨੀਤੀ ਹੈ, ਉਸ ਵਿੱਚ ਪੂਰੇ ਪੰਜ ਸਾਲ ਗਵਾਏ ਗਏ। ਹੁਕਮਰਾਨਾਂ ਨੇ ਇੱਕੋ ਗੱਲ ਅੱਗੇ ਰੱਖੀ ਕਿ ਕਿਵੇਂ ਅਕਾਲੀ ਦਲ ਦੇ ਵਰਕਰਾਂ ਨੂੰ ਨੀਚਾ ਦਿਖਾਉਣਾ ਹੈ, ਕਿਵੇਂ ਅਕਾਲੀ ਦਲ ਦੇ ਲੀਡਰਾਂ ਨੂੰ ਡੀਮੋਰੋਲਾਈਜ਼ ਕਰਕੇ ਜੇਲ੍ਹਾਂ ਵਿੱਚ ਦੇਣਾ ਹੈ। ਇਸੇ ਵਿੱਚ ਉਨ੍ਹਾਂ ਨੇ ਵਕਤ ਲਾਇਆ। ਇਸੇ ਕਾਰਨ ਇਨ੍ਹਾਂ ਦੇ ਪੰਜ ਸਾਲਾਂ ਵਿੱਚ ਜਿਹੜਾ ਪੰਜਾਬ ਕਦੇ ਹਿੰਦੁਸਤਾਨ ਵਿੱਚ ਪਹਿਲੇ ਨੰਬਰ ਤੇ ਹੁੰਦਾ ਸੀ, ਉਹ ਸੱਤਵੇਂ ਨੰਬਰ ਤੇ ਚਲਾ ਗਿਆ। ਡਿਪਟੀ ਸਪੀਕਰ ਸਾਹਿਬ, ਇਹ ਇੱਕ ਦੁੱਖਭਰੀ ਕਹਾਣੀ ਹੈ। ਮੈਨੂੰ ਅਫ਼ਸੋਸ ਹੈ ਕਿ ਉਲਟਾ ਚੋਰ ਕੋਤਵਾਲ ਕੋ ਡਾਂਟੇ। ਕਰਦੇ ਉਹ ਹਨ ਲੇਕਿਨ ਜਾ ਕੇ ਉਲਟਾ ਸਾਡੀਆਂ ਸ਼ਿਕਾਇਤਾਂ ਕਦੇ ਕਿਸੇ ਕਮਿਸ਼ਨ ਕੋਲ ਦਿੰਦੇ ਹਨ, ਅਰਜ਼ੀਆਂ ਦਿੰਦੇ ਹਨ ਕਿ ਸਾਡੇ ਨਾਲ ਇਹ ਹੋਇਆ ਹੈ। ਮੈਂ ਤੁਹਾਡੇ ਸਾਮ੍ਹਣੇ, ਭਾਵੇਂ ਮੈਂ ਪਿਛਲੇ ਸੈਸ਼ਨਾਂ ਵਿੱਚ ਇਸ ਗੱਲ ਦਾ ਜ਼ਿਕਰ ਕਰ ਚੁੱਕਾ ਹਾਂ ਪਰ ਫੇਰ ਵੀ ਇਹ ਥੋੜ੍ਹਾ ਜਿਹਾ ਦੁਹਰਾਉਣਾ ਚਾਹੁੰਦਾ ਹਾਂ ਕਿ ਚਲੋ, ਸਾਡੇ ਨਾਲ ਕਰਨਾ ਚਾਹੁੰਦੇ ਸਨ, ਸਾਨੂੰ ਦੇਖਣਾ ਨਹੀਂ ਚਾਹੁੰਦੇ ਸਨ ਪਰ ਘੱਟੋ-ਘੱਟ ਜਿਹੜੀਆਂ ਲੇਡੀਜ਼ ਸਨ, ਬੱਚੇ ਸਨ, ਉਨ੍ਹਾਂ ਨਾਲ ਤਾਂ ਉਨ੍ਹਾਂ ਦੀ ਕੋਈ ਦੁਸ਼ਮਣੀ ਨਹੀਂ ਸੀ। ਕੋਹਾੜ ਸਾਹਿਬ ਇੱਥੇ ਬੈਠੇ ਹੋਣਗੇ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਗਹਿਰਾ ਦੁੱਖ ਹੋਵੇਗਾ ਕਿ ਸਰਦਾਰ ਅਜੀਤ ਸਿੰਘ ਕੋਹਾੜ ਤੇ ਕੇਸ ਬਣਾਇਆ, ਬੜੀ ਖੁਸ਼ੀ ਨਾਲ ਬਣਾ ਲੈਂਦੇ, ਜੋ ਕੁਝ ਕਰਨਾ ਸੀ ਕਰ ਲੈਂਦੇ, ਇਕੱਲੇ ਇਨ੍ਹਾਂ ਨਾਲ ਹੀ ਨਹੀਂ ਇਨ੍ਹਾਂ ਦੇ ਲੜਕੇ ਤੇ ਵੀ ਕੇਸ ਬਣਾਇਆ, ਚਲੋ ਲੜਕੇ ਤੇ ਵੀ ਸਮਝ ਲੈਂਦੇ ਹਾਂ ਕਿ ਜੇ ਕੁਝ ਮਿਲਦਾ ਸੀ ਤਾਂ ਕਰ ਲੈਂਦੇ ਪਰ ਸਭ ਤੋਂ ਦੁੱਖ ਦੀ ਗੱਲ ਹੈ ਕਿ ਉਨ੍ਹਾਂ ਦੀ ਨੂੰਹ ਰਾਣੀ ਜਿਹੜੀ ਹੈ, ਉਸ ਤੇ ਵੀ ਕੇਸ ਕੀਤਾ, ਨੂੰਹ ਦੇ ਮਦਰ ਸਨ, ਉਨ੍ਹਾਂ ਤੇ ਵੀ ਕੇਸ ਕੀਤਾ, ਉਸ ਦੇ ਚਾਚੇ ਤੇ ਵੀ ਕੀਤਾ, ਨੂੰਹ ਦੀ ਦਾਦੀ ਤੇ ਵੀ ਕੀਤਾ। ਮੇਰਾ ਮਤਲਬ ਹੈ ਕਿ ਕੋਈ ਰਿਸ਼ਤੇਦਾਰ ਨਹੀਂ ਛੱਡਿਆ। ਪਰ ਇਨ੍ਹਾਂ ਨੂੰ ਚਪੇੜ ਵੱਜੀ, ਕੋਹਾੜ ਸਾਹਿਬ ਨੂੰ ਤੇ ਇਨ੍ਹਾਂ ਸਾਰਿਆਂ ਨੂੰ ਕਚਹਿਰੀ ਨੇ ਬਰੀ ਕੀਤਾ। (ਥੰਪਿੰਗ) ਜਿਹੜੀ ਇਨ੍ਹਾਂ ਨੂੰ ਪ੍ਰੇਸ਼ਾਨੀ ਹੋਈ ਹੈ, ਜਿਹੜਾ ਇਨ੍ਹਾਂ ਦੇ ਪਰਿਵਾਰ ਤੇ ਬੋਝ ਪਿਆ ਹੈ, ਕੀ ਉਹ ਵਾਪਸ ਹੋ ਸਕਦਾ ਹੈ ? ਕੀ ਅਸੀਂ ਜਿਹੜੇ ਸਿਆਸੀ ਬੰਦੇ ਹਾਂ, ਉਨ੍ਹਾਂ ਦਾ ਮਕਸਦ ਇੰਨਾ ਹੀ ਹੈ ਕਿ ਜਿਹੜੇ ਆਪੋਜ਼ੀਸ਼ਨ ਵਾਲੇ ਹਨ, ਉਨ੍ਹਾਂ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਜਾਵੇ। ਚਲੋ, ਕੋਹਾੜ ਸਾਹਿਬ ਦੀ ਛੱਡੋ, ਗਰਚਾ ਪਰਿਵਾਰ ਨਾਲ ਕੀ ਕੀਤਾ। ਉਨ੍ਹਾਂ ਦੀ ਵਾਈਫ, ਉਨ੍ਹਾਂ ਦੇ ਭਰਾ ਦੀ ਵਾਈਫ਼ ਦੋਵਾਂ ਤੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਪਰਚਾ ਕੀਤਾ ਗਿਆ। ਕਿੰਨੇ ਦੁੱਖ ਦੀ ਗੱਲ ਹੈ। ਇਸੇ ਤਰ੍ਹਾਂ, ਗੁਰਦੇਵ ਸਿੰਘ ਬਾਦਲ, ਉਨ੍ਹਾਂ ਦਾ ਇੱਕ ਛੋਟਾ ਬੱਚਾ ਵੈਲਫੇਅਰ ਅਫ਼ਸਰ ਸੀ, ਉਸ ਨੂੰ ਵੀ ਅੰਦਰ ਕਰ ਦਿੱਤਾ। ਤੁਸੀਂ ਹੈਰਾਨ ਹੋਵੋਗੇ ਕਿ ਬਾਦਲ ਸਾਹਿਬ ਜਦੋਂ ਲੁਧਿਆਣੇ ਫੜੇ ਗਏ, ਉਦੋਂ ਸੀ.ਆਈ.ਏ. ਸਟਾਫ਼ ਵਿੱਚ ਸਨ। ਮੈਂ ਉਨ੍ਹਾਂ ਨੂੰ ਮਿਲਣ ਗਿਆ। ਉਨ੍ਹਾਂ ਦੀਆਂ ਅੱਖਾਂ ਵਿੱਚ ਅੱਥਰੂ ਸਨ। ਮੈਂ ਕਿਹਾ ਬਾਦਲ ਸਾਹਿਬ, ਤੁਸੀਂ ਤਾਂ ਬੜੇ ਕਰੜੇ ਬੰਦੇ ਹੋ, ਬੜੀਆਂ ਸਜ਼ਾਵਾਂ ਕੱਟੀਆਂ ਹਨ, ਤੁਹਾਡੀਆਂ ਅੱਖਾਂ ਵਿੱਚ ਅੱਥਰੂ! ਮੈਨੂੰ ਅੱਜ ਵੀ ਉਹ ਲਫਜ਼ ਯਾਦ ਹਨ। ਉਹ ਕਹਿਣ ਲੱਗੇ ਮੇਰੀਆਂ ਅੱਖਾਂ ਵਿੱਚ ਅੱਥਰੂ ਇਸ ਕਰਕੇ ਨਹੀਂ ਕਿ ਮੇਰੇ ਨਾਲ ਇਹ ਤਸ਼ੱਦਦ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਮੇਰੀਆਂ ਅੱਖਾਂ ਵਿਚ ਅੱਥਰੂ ਇਸ ਕਰਕੇ ਸਨ ਕਿਉਂਕਿ ਮੇਰੀ ਦਾਹੜੀ ਦੇ ਵਾਲ ਪੁੱਟੇ ਗਏ। ਉਨ੍ਹਾਂ ਨੇ ਬੁੱਕ ਵਾਲਾਂ ਦਾ ਭਰਿਆ। (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਜਿਨ੍ਹਾਂ ਲੋਕਾਂ ਨੇ ਇਹੋ ਜਿਹਾ ਸਲੂਕ ਕੀਤਾ ਹੋਵੇ, ਕੀ ਉਹ ਕਹਿ ਸਕਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਸਾਡੇ ਨਾਲ ਵਿੰਡਿਕਟਿਵ ਹੈ ? ਇਥੋਂ ਹੁਣ ਕੋਹਾੜ ਸਾਹਿਬ ਚਲੇ ਗਏ ਹਨ। ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦੀ ਨੂੰਹ ਨੂੰ ਵੀ ਨਹੀਂ ਛੱਡਿਆ ਗਿਆ। ਉਨ੍ਹਾਂ ਦੀ ਨੂੰਹ ਤੇ ਉਨ੍ਹਾਂ ਦੇ ਲੜਕੇ ਦੀ ਵਾਈਫ ਤੇ ਵੀ ਪਰਚਾ ਦਰਜ ਕੀਤਾ ਗਿਆ। ਸਰਦਾਰ ਬਲਵਿੰਦਰ ਸਿੰਘ ਭੂੰਦੜ ਨੂੰ ਵੀ ਨਹੀਂ ਬਖ਼ਸ਼ਿਆ ਗਿਆ, ਨਾਂਵਾਂ ਦੀ ਬੜੀ ਲੰਬੀ ਲਿਸਟ ਹੈ। ਇਸ ਦਾ ਕੋਈ ਹਿਸਾਬ ਨਹੀਂ ਹੈ। ਮੈਂ ਇਥੇ ਖੜ੍ਹਾ ਹੋ ਕੇ ਆਖ ਸਕਦਾ ਹਾਂ ਕਿ ਇਹ ਰੋਜ਼ ਸਟੇਟਮੈਂਟਾਂ ਦਿੰਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਾਡੇ ਨਾਲ ਕਨਫਰੰਟੇਸ਼ਨ ਕਰ ਰਹੀ ਹੈ, ਪੱਖਪਾਤ ਕਰ ਰਹੀ ਹੈ। ਅੱਜ ਇਹ ਇੱਥੇ ਬੈਠੇ ਨਹੀਂ ਹਨ, ਮੈਨੂੰ ਇਹ ਦੱਸ ਦੇਣ ਕਿ ਇੱਕ ਵੀ ਸਾਬਕਾ ਮਨਿਸਟਰ, ਸਾਬਕਾ ਐਮ.ਐਲ.ਏ. ਦੇ ਖਿਲਾਫ ਕੋਈ ਥੋੜ੍ਹਾ ਜਿਹਾ ਵੀ ਪਰਚਾ ਕੱਟਿਆ ਗਿਆ ਹੋਵੇ, ਜਾਂ ਕੋਈ ਹੋਰ ਇਹੋ ਜਿਹੀ ਗੱਲ ਕੀਤੀ ਗਈ ਹੋਵੇ। ਸਾਡੀ ਪਾਰਟੀ ਇਸ ਤਰ੍ਹਾਂ ਦੀ ਹੈ। ਜ਼ਾਤੀ ਤੌਰ ਤੇ ਵੀ ਮੇਰਾ ਇਸ ਤਰ੍ਹਾਂ ਦਾ ਸੁਭਾਉ ਹੈ, ਜਦੋਂ ਇੰਨੀ ਵੱਡੀ ਕਨਫਰੰਟੇਸ਼ਨ ਤੋਂ ਬਾਅਦ ਸਾਡੀ ਸਰਕਾਰ ਬਣੀ, ਮੈਨੂੰ ਤੁਸੀਂ ਮੁੱਖ ਸੇਵਾਦਾਰ ਬਣਾਇਆ ਔਰ ਮੈਂ ਪਹਿਲੇ ਹੀ ਸੈਸ਼ਨ ਦੇ ਵਿਚ ਪਹਿਲੀ ਗੱਲ ਇਹ ਕੀਤੀ, ਮੈਂ ਆਪਣੇ ਕਾਂਗਰਸੀ ਭਰਾਵਾਂ ਨੂੰ ਆਖਿਆ "ਲੈਟ ਅਸ ਫਾਰਗੈਟ ਐਂਡ ਫੌਰਗਿਵ" (ਥੰਪਿੰਗ) ਜੋ ਚੀਜ਼ ਤੁਸੀਂ ਕੀਤੀ, ਉਥੇ ਮੈਂ ਨਹੀਂ ਜਾਣਾ ਚਾਹੁੰਦਾ। ਆਓ ਆਪਾਂ ਰਲ ਕੇ ਫਿਰ ਪੰਜਾਬ ਦੀ ਤਰੱਕੀ ਔਰ ਖੁਸ਼ਹਾਲੀ ਲਈ, ਆਪੋਜ਼ੀਸ਼ਨ ਤੇ ਰੂਲਿੰਗ ਪਾਰਟੀ, ਦੋਵੇਂ ਤਕੜੇ ਹੋ ਕੇ ਕੰਮ ਕਰੀਏ। (ਥੰਪਿੰਗ) ਵੀਰੋ, ਇਹ ਗੱਲ ਕੋਈ ਉਹੀ ਇਨਸਾਨ ਜਾਂ ਪਾਰਟੀ ਕਹਿ ਸਕਦੀ ਹੈ, ਜਿਸ ਦਾ ਦਿਲ ਵੱਡਾ ਹੋਵੇ, ਜਿਹੜਾ ਫਰਾਖਦਿਲ ਹੋਵੇ। ਨਹੀਂ ਤਾਂ ਜੋ ਕੁਝ ਸਾਡੇ ਨਾਲ ਬੀਤਿਆ ਹੈ, ਉਸ ਤੋਂ ਬਾਅਦ ਕੋਈ ਇਹੋ ਜਿਹੀ ਗੱਲ ਮੁੱਖ ਸੇਵਾਦਾਰ ਨੂੰ ਕਹਿਣੀ ਬੜੀ ਔਖੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਗੱਲ ਤੇ ਕੁਝ ਸਮਾਂ ਆਪੋਜ਼ੀਸ਼ਨ ਪਾਰਟੀ ਨੇ ਅਸਰ ਕੀਤਾ। ਅਸੀਂ ਸਾਰੇ ਸਮਾਜਿਕ/ਸੋਸ਼ਲ ਫੰਕਸ਼ਨਾਂ ਤੇ ਵੀ ਜਾਂਦੇ ਰਹੇ। ਅਸੀਂ ਕ੍ਰਿਕਟ ਦੇ ਮੈਚ ਵੀ ਖੇਡੇ। ਲੋਕ ਵੀ ਖੁਸ਼ ਸਨ ਕਿ ਚਲੋ, ਦੋਵਾਂ ਪਾਰਟੀਆਂ ਦੀ ਕੁੜੱਤਣ ਖਤਮ ਹੋਈ ਹੈ। ਲੇਕਿਨ, ਵੀਰੋ ਇਨ੍ਹਾਂ ਦੀ ਪਾਰਟੀ ਵਿਚ ਇੱਕ ਇਹੋ ਜਿਹਾ ਇਨਸਾਨ ਹੈ, ਜਿਸ ਦਾ ਕਿ ਮੈਂ ਇਥੇ ਨਾਂ ਨਹੀਂ ਲੈਣਾ ਚਾਹੁੰਦਾ, ਉਸਦਾ ਕੰਮ ਸੀ ਕਨਫਰੰਟੇਸ਼ਨ ਕਰੀ ਰੱਖਣਾ। ਜਦੋਂ ਵੀ ਉਹ ਸਾਡੀ ਪਾਰਟੀ ਵਿਚ ਰਿਹਾ, ਉਸ ਵੇਲੇ ਸਾਡੀ ਪਾਰਟੀ ਵਿਚ ਕਨਫਰੰਟੇਸ਼ਨ ਰਹੀ। ਜੇ ਕਾਂਗਰਸ ਪਾਰਟੀ ਵਿਚ ਗਿਆ ਤਾਂ ਉਥੇ ਵੀ ਕਨਫਰੰਟੇਸ਼ਨ ਹੀ ਰਹੀ ਅਤੇ ਜੇ ਚੀਫ ਮਨਿਸਟਰ ਰਿਹਾ, ਫਿਰ ਵੀ ਕਨਫਰੰਟੇਸ਼ਨ

Original with;
Punjab Vidhan Sabha
Digitized by;
Panjab Digital Library

ਹੀ ਰਹੀ। ਉਸ ਨੇ ਇਸ ਚੀਜ਼ ਤੇ ਬੜਾ ਵਾਵੇਲਾ ਕੀਤਾ ਕਿ ਕਾਂਗਰਸ ਪਾਰਟੀ ਅਕਾਲੀ ਦਲ ਨਾਲ ਰਲ ਗਈ ਹੈ। ਇਨ੍ਹਾਂ ਲੋਕਾਂ ਨੇ ਫਿਰ ਵਾਵੇਲਾ ਕਰਨਾ ਸ਼ੁਰੂ ਕਰ ਦਿੱਤਾ। ਕਹਿਣ ਤੋਂ ਭਾਵ ਹੈ ਕਿ ਕਨਫਰੰਟੇਸ਼ਨ ਕਰਨਾ ਤਾਂ ਕੀ ਚਾਹੀਦਾ ਹੈ, ਕਨਫਰੰਟੇਸ਼ਨ ਸਬੰਧੀ ਤਾਂ ਬਿਆਨ ਵੀ ਨਹੀਂ ਦੇਣੇ ਚਾਹੀਦੇ। ਲੇਕਿਨ ਇਨ੍ਹਾਂ ਵੱਲ ਦੇਖੋ, ਕੀ ਕੁਝ ਕਿਹਾ ਗਿਆ। ਇਨ੍ਹਾਂ ਵੱਲੋਂ ਕਿਹਾ ਗਿਆ ਕਿ ਮੈਂ ਬਾਦਲਾਂ ਦੇ ਗਿੱਟੇ ਭੰਨ ਦਿਆਂਗਾ। ਮੈਂ ਬਾਦਲਾਂ ਦੇ ਗੋਡੇ ਭੰਨ ਦਿਆਂਗਾ। ਮੈਂ ਅਖਬਾਰਾਂ ਰਾਹੀਂ ਵੀ ਅਪੀਲ ਕੀਤੀ ਸੀ ਕਿ ਵਾਪਸ ਸਦਨ ਵਿਚ ਆ ਜਾਓ ਪਰ ਇਹ ਮੇਰੀ ਗੱਲ ਸੁਣਦੇ ਹੀ ਨਹੀਂ। ਇਸ ਦਾ ਕਾਰਨ ਕੀ ਹੈ ? ਇਸ ਦਾ ਕਾਰਨ ਮੈਂ ਦੱਸਦਾ ਹਾਂ ਕਿ ਇਹ ਲੀਡਰਲੈੱਸ ਪਾਰਟੀ ਹੈ। ਇਹ ਕਿਸੇ ਦੇ ਆਖੇ ਨਹੀਂ ਲੱਗਦੇ। ਸਰਦਾਰ ਅਵਤਾਰ ਸਿੰਘ ਬਰਾੜ ਨਹੀਂ ਚਾਹੁੰਦੇ ਸੀ ਕਿ ਇਸ ਤਰ੍ਹਾਂ ਦਾ ਤਨਾਅ ਵਧੇ ਜਾਂ ਅਸੀਂ ਇਹੋ ਜਿਹੀਆਂ ਗਲਤੀਆਂ ਕਰ ਦੇਈਏ ਕਿ ਜਿਸ ਦੇ ਲਈ ਪੰਜਾਬ ਸਾਨੂੰ ਲਾਹਨਤਾਂ ਪਾਵੇ। ਪਰ ਵੀਰੋ, ਨਵੇਂ ਬਲੱਡ ਨੇ ਇਨ੍ਹਾਂ ਨੂੰ ਮਜਬੂਰ ਕਰ ਦਿੱਤਾ ਔਰ ਜਿਵੇਂ ਹੁੰਦਾ ਹੈ ਕਿ ਪ੍ਰਾਈਵੇਟ ਲਿਮਟਿਡ ਵਿਚ ਮੇਰਾ ਕੋਈ ਵੱਸ ਨਹੀਂ, ਜਿਵੇਂ ਕਹਿੰਦੇ ਹੋ, ਕਰ ਲਵੋ। ਜਦੋਂ ਪਾਰਟੀ ਦੀ ਲੀਡਰਸ਼ਿਪ ਇੰਨੀ ਕਮਜ਼ੋਰ ਹੋ ਜਾਂਦੀ ਹੈ ਤਾਂ ਫਿਰ ਪਾਰਟੀ ਵਿਚ ਡਿਸਪਲਿਨ ਨਹੀਂ ਰਹਿੰਦਾ। ਮੈਂ ਫਿਰ ਕਹਿਣਾ ਚਾਹੁੰਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਕਿਸੇ ਨਾਲ ਵੀ ਟਕਰਾਉ ਵਾਲੀ ਨੀਤੀ ਨਹੀਂ ਰੱਖਦੀ। (ਥੰਪਿੰਗ) ਸਾਡੇ ਸਾਹਮਣੇ ਬੈਠਣ ਵਾਲੇ ਵੀਰ ਭਾਵੇਂ ਅੱਜ ਇੱਥੇ ਨਹੀਂ ਬੈਠੇ, ਅਸੀਂ ਇਨ੍ਹਾਂ ਦਾ ਇੰਨਾ ਹੀ ਸਤਿਕਾਰ ਕਰਦੇ ਹਾਂ ਜਿੰਨਾ ਕਿ ਆਪਣਾ ਕਰਦੇ ਹਾਂ। ਇਸ ਲਈ ਇਨ੍ਹਾਂ ਨੂੰ ਵੀ ਆਪਣੇ ਵਿਚ ਕੁਝ ਤਬਦੀਲੀ ਕਰਨੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਡਿਵੈਲਪਮੈਂਟ ਦੇ ਮੁੱਦਿਆਂ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਦੋ ਸਾਲਾਂ ਦੇ ਵਿਚ ਕੀ ਕੁਝ ਕੀਤਾ ਹੈ। ਵੈਸੇ ਕਿਸੇ ਸਰਕਾਰ ਵਾਸਤੇ ਦੋ ਸਾਲ ਦਾ ਸਮਾਂ ਕੋਈ ਲੰਬਾ ਸਮਾਂ ਨਹੀਂ ਹੁੰਦਾ। ਦੋ ਸਾਲਾਂ ਵਿਚ ਪਲਾਨਿੰਗ ਹੁੰਦੀ ਹੈ, ਫਿਰ ਕੰਮ ਸ਼ੁਰੂ ਹੁੰਦੇ ਹਨ। ਜਦੋਂ ਸਾਡੀ ਸਰਕਾਰ ਬਣੀ ਤਾਂ ਤਕਰੀਬਨ 50 ਜਾਂ 55 ਹਜ਼ਾਰ ਕਰੋੜ ਰੁਪਏ ਦਾ, ਐਗਜ਼ੈਕਟ ਫਿਗਰ ਤਾਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਪਤਾ ਹੋਵੇਗੀ, 52 ਹਜ਼ਾਰ ਕਰੋੜ ਰੁਪਏ ਦਾ ਸਾਨੂੰ ਘਾਟਾ ਛੱਡ ਕੇ ਗਏ। ਇਹ ਤਾਂ ਗੌਰਮਿੰਟ ਰਿਕਾਰਡ ਦੀ ਗੱਲ ਹੈ। ਅਸੀਂ ਜਦ ਸਰਕਾਰ ਛੱਡ ਕੇ ਗਏ ਸੀ ਤਾਂ ਪੰਜਾਬ ਪਹਿਲੇ ਨੰਬਰ ਤੇ ਸੀ ਅਤੇ ਜਦੋਂ ਅਸੀਂ ਚਾਰਜ ਸੰਭਾਲਿਆ ਤਾਂ ਪੰਜਾਬ ਸੱਤਵੇਂ ਨੰਬਰ ਤੇ ਆ ਚੁੱਕਿਆ ਸੀ। ਇਹ ਇਨ੍ਹਾਂ ਕਰਕੇ ਸੀ। ਪਰ ਸਾਡੇ ਤੇ ਮਾਯੂਸੀ ਨਹੀਂ ਛਾਈ। ਅਸੀਂ ਆਪਣੇ ਡਿਵੈਲਪਮੈਂਟ ਦੇ ਕੰਮ ਆਰੰਭ ਕਰ ਦਿੱਤੇ। ਪਿਛਲੇ 2 ਸਾਲਾਂ ਵਿੱਚ ਜਿਹੜੇ ਵੱਡੇ-2 ਡਿਵੈਲਪਮੈਂਟ ਦੇ ਪ੍ਰੋਗਰਾਮ ਅਸੀਂ ਲੈ ਕੇ ਆਏ ਹਾਂ, ਉਹ ਪੰਜਾਬ ਦੇ ਲੋਕ ਤਾਂ ਕਦੇ ਸੋਚ ਹੀ ਨਹੀਂ ਸਕਦੇ ਹਨ ਅਤੇ ਕਾਂਗਰਸੀਆਂ ਨੂੰ ਤਾਂ ਕਦੇ ਉਸ ਦਾ ਸੁਫਨਾ ਵੀ ਨਹੀਂ ਆ ਸਕਦਾ। ਸਭ ਤੋਂ ਪਹਿਲਾਂ ਜਿਹੜੀ ਮੇਜਰ ਇਨਵੈਸਟਮੈਂਟ ਅਸੀਂ ਲੈਕੇ ਆਏ, ਉਹ ਸੀ ਸ੍ਰੀ ਗੁਰੂ ਗੋਬਿੰਦ ਸਿੰਘ ਰਿਫਾਈਨਰੀ। ਇਹ ਅਸੀਂ ਆਪਣੀ ਪਹਿਲੀ ਸਰਕਾਰ ਵੇਲੇ, ਜਦੋਂ ਵਾਜਪਾਈ ਜੀ ਪ੍ਰਧਾਨ ਮੰਤਰੀ ਸਨ, ਲੈ ਕੇ ਆਏ ਸੀ। ਇੱਕੋ ਰਿਫਾਈਨਰੀ ਮਿਲੀ ਸੀ, ਮੇਰਾ ਉਹ ਕਹਿਣਾ ਮੰਨਦੇ ਸਨ, ਮੈਂ ਉਨ੍ਹਾਂ ਨੂੰ ਰਿਕੁਐਸਟ ਕੀਤੀ ਅਤੇ ਉਨ੍ਹਾਂ ਨੇ ਸਾਨੂੰ ਦੇ ਦਿੱਤੀ। 16000 ਕਰੋੜ ਰੁਪਏ ਦਾ ਉਹ ਪ੍ਰਾਜੈਕਟ ਸੀ ਅਤੇ ਉਹ ਲੱਗਣੀ ਸ਼ੁਰੂ ਹੋ ਗਈ। ਇਹ ਭਰਾ ਜਿਹੜਾ ਉਸ ਵੇਲੇ ਮੁੱਖ ਮੰਤਰੀ ਸੀ, ਉਸ ਨੇ ਇਸ ਨੂੰ ਸਫੈਦ ਹਾਥੀ ਦਸਦੇ ਹੋਏ ਬੰਦ ਕਰਵਾ ਦਿੱਤੀ।

Original with;
Punjab Vidhan Sabha
Digitized by;
Punjab Digital Library

[ਮੁੱਖ ਮੰਤਰੀ]

ਇਹ 5 ਸਾਲ ਬੰਦ ਰਹੀ ਅਤੇ ਜਦੋਂ ਅਸੀਂ ਆਏ ਤਾਂ ਫਿਰ ਇਸ ਨੂੰ ਅਸੀਂ ਚਾਲੂ ਕੀਤਾ। ਅੱਜ ਇਹ ਰਿਫਾਈਨਰੀ ਫਿਰ ਚੱਲ ਰਹੀ ਹੈ, ਭਾਵੇਂ ਇਸ ਤੇ ਤਿੰਨ ਹਜ਼ਾਰ ਕਰੋੜ ਰੁਪਏ ਵੱਧ ਖਰਚਾ ਹੋਣਾ ਹੈ ਪਰ ਸਾਡੀ ਖੁਸ਼ੀ ਹੈ ਕਿ ਉਹ ਚੱਲ ਰਹੀ ਹੈ। ਭਾਰਤ ਨੂੰ ਆਜ਼ਾਦੀ ਮਿਲੇ 60 ਸਾਲ ਹੋ ਗਏ ਜਿਨ੍ਹਾਂ ਵਿੱਚੋਂ ਕਰੀਬ 45 ਸਾਲ ਕਾਂਗਰਸ ਦਾ ਰਾਜ ਰਿਹਾ ਹੈ। ਬਾਕੀ ਸੂਬਿਆਂ ਵਿੱਚ ਵੱਡੇ-ਵੱਡੇ ਵਿਦਿਅਕ ਅਦਾਰੇ ਹਨ ਪਰ ਇਹ ਪੰਜਾਬ ਵਿੱਚ ਕੋਈ ਵੱਡਾ ਵਿਦਿਅਕ ਅਦਾਰਾ ਨਹੀਂ ਲਿਆ ਸਕੇ। ਅਸੀਂ ਆਪਣੇ 2 ਸਾਲਾਂ ਵਿੱਚ ਆਈ.ਆਈ.ਟੀ. ਰੋਪੜ ਵਿੱਚ ਲਿਆਂਦਾ ਹੈ, ਜਿਸ ਤੇ 1000 ਕਰੋੜ ਰੁਪਏ ਦਾ ਖਰਚਾ ਆਉਣਾ ਹੈ। 500 ਏਕੜ ਦੇ ਕਰੀਬ ਅਸੀਂ ਜ਼ਮੀਨ ਵੀ ਇਸ ਵਾਸਤੇ ਦੇ ਦਿੱਤੀ ਹੈ। ਭਾਵੇਂ ਇੱਥੇ ਹਾਲੇ ਆਈ.ਆਈ.ਟੀ. ਦੀ ਬਿਲਡਿੰਗ ਨਹੀਂ ਬਣੀ ਪਰ ਦਿੱਲੀ ਆਈ.ਆਈ.ਟੀ. ਵਿੱਖੇ ਪੰਜਾਬ ਦੇ ਨਾਂ ਤੇ ਕਲਾਸਾਂ ਖੁਲ੍ਹ ਗਈਆਂ ਹਨ। ਅਗਲੇ ਸਾਲ ਤੱਕ ਇਹ ਸਾਰਾ ਰੋਪੜ ਵਿੱਚ ਆ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਜਦੋਂ ਦਾ ਨਵਾਂ ਪੰਜਾਬ ਵਜੂਦ ਵਿੱਚ ਆਇਆ ਹੈ, ਸਿਰਫ 2 ਯੂਨੀਵਰਸਿਟੀਆਂ ਪੰਜਾਬ ਵਿੱਚ ਰਹੀਆਂ ਹਨ, ਇੱਕ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਸਾਹਿਬ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ। ਅਸੀਂ ਆਪਣੇ 2 ਸਾਲਾਂ ਵਿੱਚ 2 ਹੋਰ ਯੂਨੀਵਰਸਿਟੀਆਂ ਪੰਜਾਬ ਵਿੱਚ ਲੈ ਕੇ ਆਏ ਹਾਂ, ਇਹ ਇੱਕ ਇਨਕਲਾਬੀ ਕਦਮ ਹੈ। ਅੱਜ ਇੱਕ ਵਰਲਡ ਕਲਾਸ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਬਣ ਰਹੀ ਹੈ। ਉਸ ਦੀ ਸਾਈਟ ਦੀ ਸਿਲੈਕਸ਼ਨ ਕਰਨ ਵਾਸਤੇ ਹੁਣ ਟੀਮ ਆਉਣੀ ਹੈ ਅਤੇ ਫਿਰ ਸਾਈਟ ਸਿਲੈਕਸ਼ਨ ਦੀ ਫਾਰਮੈਲਿਟੀ ਵੀ ਕੰਪਲੀਟ ਹੋ ਜਾਵੇਗੀ। ਦੂਸਰੀ ਬਠਿੰਡਾ ਵਿੱਚ ਸੈਂਟਰਲ ਯੂਨੀਵਰਸਿਟੀ ਵਾਸਤੇ ਜ਼ਮੀਨ ਐਕੁਆਇਰ ਹੋ ਗਈ ਹੈ, ਇਸ ਦਾ ਅਵਾਰਡ ਸੁਣਾਇਆ ਜਾਣਾ ਹੈ। ਇਸ ਦਾ ਵਾਈਸ ਚਾਂਸਲਰ ਵੀ ਅਪੁਆਇੰਟ ਹੋ ਚੁੱਕਾ ਹੈ। ਡਿਪਟੀ ਸਪੀਕਰ ਸਾਹਿਬ, ਡਿਵੈਲਪਮੈਂਟ ਦੇ ਕੰਮਾਂ ਵਿੱਚ ਦਿਲਚਸਪੀ ਲੈਣੀ ਪੈਂਦੀ ਹੈ। ਇਹ ਕੰਮ ਆਟੋਮੈਟਿਕ ਨਹੀਂ ਹੁੰਦੇ। ਜੇਕਰ 24 ਘੰਟੇ ਕੰਮ ਦੇ ਮਗਰ ਪਏ ਰਹੀਏ ਤਾਂ ਕੋਈ ਗੱਲ ਬਣਦੀ ਹੈ, ਇਸ ਲਈ ਮੈਂ ਪੰਜਾਬ ਨੂੰ ਇਹ ਵੀ ਵਧਾਈ ਦਿੰਦਾ ਹਾਂ ਕਿ ਇੱਥੇ ਐਨੀਆਂ 2 ਵਧੀਆ ਯੂਨੀਵਰਸਿਟੀਆਂ ਪੰਜਾਬ ਵਿੱਚ ਲੈਕੇ ਆਏ ਹਾਂ। ਇਹੀ ਨਹੀਂ, ਮੁਹਾਲੀ ਵਿਖੇ 1500 ਕਰੋੜ ਰੁਪਏ ਦੀ ਲਾਗਤ ਨਾਲ 350 ਏਕੜ ਦੀ ਲਾਗਤ ਨਾਲ ਨਾਲਿਜ ਸਿਟੀ ਬਣਾਉਣ ਜਾ ਰਹੇ ਹਾਂ। ਇਸ ਦੇ ਵਿੱਚ 4-5 ਇੰਸਟੀਚਿਊਟ ਹੋਣਗੇ, ਇੰਸਟੀਚਿਊਟ ਆਫ ਨੈਨੋਸਾਇੰਸ ਐਂਡ ਤਕਨਾਲੋਜੀ, ਇੰਸਟੀਚਿਊਟ ਆਫ ਸਾਇੰਸ ਐਜੂਕੇਸ਼ਨ ਐਂਡ ਰਿਸਰਚ, ਨੈਸ਼ਨਲ ਐਗਰੋ ਫੂਡ ਬਾਇਓਟੈਕਨੋਲੋਜੀਕਲ ਇੰਸਟੀਚਿਊਟ, ਬਾਇਓਟੈਕਨਾਲੋਜੀ ਪਾਰਕ ਅਤੇ ਇੰਡੀਅਨ ਸਕੂਲ ਆਫ ਬਿਜ਼ਨਸ, ਇਹ ਕਾਫੀ ਵੱਡਾ ਲੇਟੈਸਟ ਐਜੂਕੇਸ਼ਨ ਦਾ ਸੈਂਟਰ ਬਣੇਗਾ। ਜੇਕਰ ਅਸੀਂ 2 ਸਾਲਾਂ ਵਿੱਚ ਇੰਨਾ ਕੁਝ ਕਰ ਸਕਦੇ ਹਾਂ ਤਾਂ ਕੀ ਇਹ ਪਿਛਲੇ 45 ਸਾਲਾਂ ਵਿੱਚ ਕੁਝ ਨਹੀਂ ਕਰ ਸਕਦੇ ਸੀ ? ਉਹ ਇਸ ਕਰਕੇ ਕਿ ਇਨ੍ਹਾਂ ਨੂੰ ਪੰਜਾਬ ਨਾਲ ਕੋਈ ਪਿਆਰ ਨਹੀਂ, ਪੰਜਾਬ ਦੇ ਲੋਕਾਂ ਨਾਲ ਕੋਈ ਲਗਾਵ ਨਹੀਂ। ਪੰਜਾਬ ਦੀ ਧਰਤੀ ਨਾਲ ਕੋਈ ਲਗਾਵ ਨਹੀਂ। ਇਹੀ ਨਹੀਂ, ਹੁਣੇ ਇੰਡੀਪੈਂਡੈਂਟ ਐਮ.ਐਲ.ਏ. ਸਾਹਿਬ ਵੀ ਐਕਸਪ੍ਰੈਸ ਵੇਅ ਦੀ ਗੱਲ ਕਰ ਰਹੇ ਸਨ। ਮੁਹਾਲੀ ਤੋਂ ਫਗਵਾੜਾ ਇੱਕ ਐਕਸਪ੍ਰੈਸ ਹਾਈਵੇ ਖੁਲ੍ਹ ਰਿਹਾ ਹੈ ਅਤੇ ਉਸ ਦਾ ਟੈਂਡਰ ਵੀ ਹੋ ਗਿਆ ਹੈ। ਉਸ ਨਾਲ ਜਲੰਧਰ ਤੱਕ ਇੱਕ ਘੰਟੇ ਦਾ ਸਫਰ ਬਚ ਜਾਵੇਗਾ। ਔਰ ਮੈਂ ਇਸ ਹਾਊਸ ਵਿੱਚ ਦੁਬਾਰਾ ਦੁਹਰਾਉਣਾ ਚਾਹੁੰਦਾ ਹਾਂ ਕਿ ਕਿਸਾਨ ਦੀ ਜ਼ਮੀਨ ਉਸ ਨੂੰ ਖੁਸ਼ ਕਰਕੇ ਲੈਣੀ ਚਾਹੀਦੀ ਹੈ। ਅਸੀਂ ਕੋਈ ਜ਼ਬਰਦਸਤੀ ਨਹੀਂ ਕੀਤੀ

Original with;
Punjab Vidhan Sabha
Digitized by;
Panjab Digital Library

ਅਤੇ ਨਾ ਹੀ ਕਰਨੀ ਹੈ। ਥਰਮਲ ਪਲਾਂਟਾਂ ਵਾਸਤੇ ਵੀ ਜਗ੍ਹਾ ਲਈ, ਜਿਥੇ ਕਿਤੇ ਵੀ ਲਈ, ਕੋਈ ਵਾਵੇਲਾ ਨਹੀਂ ਹੋਇਆ। ਸਗੋਂ ਕਿਸਾਨ ਤਾਂ ਖੁਸ਼ ਹੋ ਜਾਂਦੇ ਹਨ ਕਿ ਸਾਡੀ ਜ਼ਮੀਨ ਇਸ ਦੇ ਵਿੱਚ ਆ ਗਈ । ਇਨ੍ਹਾਂ ਪ੍ਰਾਜੈਕਟਾਂ ਤੇ 5,000 ਕਰੋੜ ਰੁਪਿਆ ਖਰਚ ਹੋਣਾ ਹੈ। ਪਰ ਇਹ ਗੱਲ ਇਨ੍ਹਾਂ ਦੀ ਸਮਝ ਵਿੱਚ ਨਹੀਂ ਆ ਸਕਦੀ। ਇਨ੍ਹਾਂ ਦੇ ਦਿਮਾਗ ਤਾਂ ਹੋਰ ਪਾਸੇ ਹੀ ਚਲਦੇ ਹਨ। ਐਸ਼ ਜਾਂ ਕੈਸ਼ ਵਾਲੇ ਪਾਸੇ ਚੱਲਦੇ ਹਨ। 5,000 ਕਰੋੜ ਰੁਪਿਆ ਇਸ ਐਕਸਪ੍ਰੈਸ ਹਾਈਵੇਅ ਤੇ ਲੱਗਣਾ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਡੇ ਸ਼ਹਿਰ ਵਿੱਚ ਤੁਹਾਨੂੰ ਵੀ ਇਕ ਖੁਸ਼ਖਬਰੀ ਦੇਣੀ ਹੈ, ਦੋਰਾਹੇ ਤੋਂ ਲੈ ਕੇ ਜਿਹੜੀ ਨਹਿਰ ਆਉਂਦੀ ਹੈ ਫਿਰੋਜ਼ਪੁਰ ਰੋਡ ਤੇ, ਉਥੇ ਵੀ ਇਕ ਐਕਸਪ੍ਰੈਸ ਹਾਈਵੇਅ 26 ਕਿਲੋਮੀਟਰ ਦਾ ਬਣ ਰਿਹਾ ਹੈ। ਇਸ ਦੇ ਟੈਂਡਰ ਲੱਗ ਚੁੱਕੇ ਹਨ ਔਰ ਉਹ ਜਲਦੀ ਸ਼ੁਰੂ ਹੋ ਜਾਏਗਾ। ਲੁਧਿਆਣੇ ਦੇ ਆਲੇ-ਦੁਆਲੇ ਇਕ ਰਿੰਗ ਰੋਡ ਵੀ ਬਣ ਰਹੀ ਹੈ। ਇਸ ਦੀ ਅਲਾਇਨਮੈਂਟ ਅੰਡਰਵੇਅ ਹੈ, ਇਸ ਤੇ ਤਿੰਨ ਹਜ਼ਾਰ ਕਰੋੜ ਰੁਪਏ ਖਰਚ ਹੋਣੇ ਹਨ। ਬਠਿੰਡਾ ਵਿਖੇ ਇਕ ਫਾਈਵ ਸਟਾਰ ਹੋਟਲ ਖੁੱਲ੍ਹ ਰਿਹਾ ਹੈ। ਗਿੱਦੜਪਿੰਡੀ ਸ਼ੁਰੂ ਤੋਂ ਹੀ ਜਲੰਧਰ ਅਤੇ ਅੰਮ੍ਰਿਤਸਰ, ਦੁਆਬੇ ਤੇ ਮਾਲਵੇ ਦਾ ਲਿੰਕ ਸੀ। ਪਹਿਲਾਂ ਇੱਥੋਂ ਤੱਕ ਹੀ ਰੇਲਵੇ ਲਾਈਨ ਹੁੰਦੀ ਸੀ ਔਰ ਇਥੋਂ ਤੱਕ ਹੀ ਸੜਕ ਚਲਦੀ ਸੀ, ਲੋਕਾਂ ਨੂੰ ਇਸ ਦੀ ਬੜੀ ਤਕਲੀਫ ਹੁੰਦੀ ਸੀ। ਉਸ ਗਿਦੜਪਿੰਡੀ ਦਾ ਵਰਕ ਅਲਾਟ ਹੋ ਗਿਆ ਹੈ, ਉਹ ਬਣਨਾ ਸ਼ੁਰੂ ਹੋ ਜਾਣਾ ਹੈ। ਸਰਾਏ ਕੇ ਪੱਤਣ ਲੋਕਾਂ ਨੂੰ ਬਹੁਤ ਵੱਡੀ ਸਦੀਆਂ ਤੋਂ ਤਕਲੀਫ ਸੀ ਜੋ ਸਾਡੇ ਸੰਤ ਸਰਦਾਰ ਅਜੀਤ ਸਿੰਘ ਜੀ ਦੇ ਹੁਕਮਾਂ ਮੁਤਾਬਿਕ ਦੂਰ ਕੀਤੀ ਹੈ। ਇਸ ਤੋਂ ਇਲਾਵਾ 24 ਆਰ.ਓ.ਬੀ. ਬਣ ਚੁੱਕੇ ਹਨ ਅਤੇ ਹੋਰ ਵੀ ਬਣਨ ਜਾ ਰਹੇ ਹਨ। ਮੁਹਾਲੀ ਵਿਖੇ ਅਲਟਰਾ ਮਾਡਰਨ ਬੱਸ ਸਟੈਂਡ 200 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਿਹਾ ਹੈ। ਪਟਿਆਲੇ ਵੀ ਬਣ ਰਿਹਾ ਹੈ। ਮੈਗਾ ਪ੍ਰਾਜੈਕਟਾਂ ਦੀ ਇਨ੍ਹਾਂ ਦੇ ਸਮੇਂ ਵਿੱਚ ਰੋਜ਼ ਲਿਸਟ ਕੱਢ ਦਿੰਦੇ ਸੀ ਪਰ ਲੱਗਿਆ ਕੋਈ ਨਹੀਂ। ਅਸੀਂ 49 ਮੈਗਾ ਪ੍ਰਾਜੈਕਟਾਂ ਦੀ ਮਨਜ਼ੂਰੀ ਦੇ ਦਿੱਤੀ ਹੈ, ਜਿਨ੍ਹਾਂ ਤੇ 37,000 ਕਰੋੜ ਰੁਪਿਆ ਲੱਗਣਾ ਹੈ। ਏਸੇ ਤਰ੍ਹਾਂ, ਕਾਲੀਆ ਸਾਹਿਬ ਨੂੰ ਪਤਾ ਹੈ, ਜਲੰਧਰ ਵਿਖੇ ਪੀ.ਆਈ.ਐਮ.ਐਸ. ਬਣਨੀ ਹੈ। ਉਹ ਵੀ ਇਕ ਬਾਹਰ ਦੀ ਸੇਂਟ ਜੋਸਫ ਹੈਲਥ ਕੇਅਰ ਕਾਰਪੋਰੇਸ਼ਨ ਹੈ ਯੂ.ਐਸ.ਏ. ਦੀ, ਉਨ੍ਹਾਂ ਨੂੰ ਚਲਾਉਣ ਵਾਸਤੇ ਦਿੱਤੀ ਹੈ। ਉਥੇ ਜਿਹੜਾ ਮੈਡੀਕਲ ਕਾਲਜ ਅਤੇ ਹਸਪਤਾਲ ਬਣਨਾ ਹੈ, ਉਹ 500 ਬੈੱਡ ਦਾ ਹੋਵੇਗਾ। ਸਭ ਤੋਂ ਵੱਡੀ ਖੁਸ਼ੀ ਹੈ ਕਿ ਲੋਕਾਂ ਤੋਂ ਪੀ.ਜੀ.ਆਈ. ਰੇਟਸ ਹੀ ਲਏ ਜਾਣਗੇ। ਇਸ ਲਈ, ਡਿਪਟੀ ਸਪੀਕਰ ਸਾਹਿਬ, ਵੱਡੇ-ਵੱਡੇ ਡਿਵੈਲਪਮੈਂਟ ਦੇ ਕੰਮਾਂ ਦਾ ਮੈਂ ਜ਼ਿਕਰ ਕੀਤਾ ਹੈ।

ਹੁਣ ਮੈਂ, ਡਿਪਟੀ ਸਪੀਕਰ ਸਾਹਿਬ, ਖੇਤੀਬਾੜੀ ਦੇ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ। ਪੰਜਾਬ ਵਿੱਚ ਜਿਹੜੀ ਖੇਤੀਬਾੜੀ ਹੈ, ਉਸ ਵਿੱਚ ਭਾਵੇਂ ਸਾਡਾ 65% ਕਿਸਾਨ ਖੇਤੀਬਾੜੀ ਕਰਨ ਵਾਲਾ ਹੈ ਭਾਵੇਂ ਖੇਤੀ ਮਜ਼ਦੂਰ ਹੈ, ਦੋਨੋਂ ਹੀ ਖੇਤੀ ਤੇ ਡਿਪੈਂਡ ਕਰਦੇ ਹਨ। ਇਸ ਤੋਂ ਬਿਨਾਂ ਸ਼ੈਲਰ ਵਾਲੇ, ਸਪਿੰਨਿੰਗ ਅਤੇ ਜਿਨਿੰਗ ਮਿੱਲਾਂ ਵਾਲੇ ਵੀ, ਆੜ੍ਹਤੀਏ ਵੀ ਅਤੇ ਕਰਿਆਨੇ ਵਾਲੇ ਵੀ ਇਸ ਨਾਲ ਸਬੰਧਤ ਹਨ। ਇਸ ਲਈ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਪੰਜਾਬ ਤਾਂ ਹੀ ਤਰੱਕੀ ਕਰ ਸਕਦਾ ਹੈ ਜੇਕਰ ਖੇਤੀ ਕਰਨ ਵਾਲੇ ਲੋਕ ਖੁਸ਼ਹਾਲ ਹੋਣ ਔਰ ਸਾਨੂੰ ਇਹ ਵੀ ਬੜੀ ਖੁਸ਼ੀ ਹੈ ਕਿ ਅਸੀਂ ਦੇਸ਼ ਦੇ ਵਾਸਤੇ ਕੋਈ 60% ਤੋਂ 70% ਅਨਾਜ, ਜਿਹੜਾ ਕਿ ਸਾਰੇ ਦੇਸ਼ ਨੂੰ ਚਾਹੀਦਾ ਹੈ, ਦੇਸ਼ ਦੇ ਭੰਡਾਰ ਵਿੱਚ ਜਮ੍ਹਾਂ ਕਰਦੇ ਹਾਂ। ਇਹ ਵੀ ਮੈਂ ਵਧਾਈ ਦਿੰਦਾ ਹਾਂ ਪੰਜਾਬ ਦੇ ਕਿਸਾਨਾਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨੂੰ, ਮਜ਼ਦੂਰਾਂ ਨੂੰ, ਕਿ ਇਨ੍ਹਾਂ ਨੇ ਪਿਛਲੇ ਸਾਲ ਜਿਹੜੀ ਕਣਕ ਦੀ ਪੈਦਾਵਾਰ 57.2 ਲੱਖ ਮੀਟ੍ਰਿਕ ਟਨ ਸੀ, ਨੂੰ ਵਧਾ ਕੇ 67.2 ਲੱਖ ਮੀਟ੍ਰਿਕ ਟਨ ਕੀਤਾ ਹੈ। ਜਿਹੜਾ ਪੰਜਾਬ ਦਾ ਪੁਰਾਣਾ ਰਿਕਾਰਡ ਹੈ, ਉਸ ਤੋਂ ਵੱਧ ਪੈਦਾਵਾਰ ਕੀਤੀ। ਜਿੱਥੇ ਉਨ੍ਹਾਂ ਨੇ ਏਨੀ ਮਿਹਨਤ ਕੀਤੀ ਹੈ, ਉਥੇ ਮੈਂ ਵੀ ਇਸ ਗੱਲ ਦਾ ਮਾਣ ਲੈ ਸਕਦਾ ਹਾਂ ਕਿ ਪੰਜਾਬ ਸਰਕਾਰ ਨੇ ਵਕਤ ਸਿਰ ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਦਿੱਤੀਆਂ, ਰਿਆਇਤਾਂ ਦਿੱਤੀਆਂ ਜਿਸ ਨਾਲ ਉਤਸ਼ਾਹਿਤ ਹੋ ਕੇ ਉਨ੍ਹਾਂ ਨੇ ਇਹ ਪੈਦਾਵਾਰ ਵਧਾਈ ਹੈ। ਉਸ ਨਾਲ 6500 ਕਰੋੜ ਰੁਪਿਆ ਕਿਸਾਨਾਂ ਦੀਆਂ ਜੇਬਾਂ ਵਿੱਚ ਪਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਦੇ ਕਿਸਾਨ ਦੀ ਕਿਸੇ ਨੇ ਕੋਈ ਬਾਤ ਨਹੀਂ ਪੁੱਛੀ, ਅੱਜ ਤੱਕ ਕਿਸੇ ਨੂੰ ਇਹ ਗੱਲ ਸਮਝ ਨਹੀਂ ਆਈ ਕਿ ਪੰਜਾਬ ਦੇ ਕਿਸਾਨ ਦਾ ਰੋਲ ਕੀ ਹੈ। ਦੇਖੋ, ਪੰਜਾਬ ਦੇ ਕਿਸਾਨ ਨੇ ਪਹਿਲਾਂ ਖੂਨ-ਪਸੀਨਾ ਇਕ ਕਰਕੇ ਮਿਹਨਤ ਕੀਤੀ, ਉਸ ਤੋਂ ਬਾਅਦ ਆਪਣੀਆਂ ਦੋ ਜਿਹੜੀਆਂ ਸਭ ਤੋਂ ਵੱਧ ਪਿਆਰੀਆਂ ਚੀਜ਼ਾਂ ਸਨ, ਪਾਣੀ ਅਤੇ ਜ਼ਮੀਨ, ਬਾਣੀ ਵਿੱਚ ਵੀ ਆਉਂਦਾ ਹੈ—

ਪਵਨ ਗੁਰੂ ਪਾਣੀ ਪਿਤਾ, ਮਾਤਾ ਧਰਤ ਮਹੱਤ।।

ਡਿਪਟੀ ਸਪੀਕਰ ਸਾਹਿਬ, ਪਾਣੀ ਅਤੇ ਜ਼ਮੀਨ ਦਾ ਪੂਰਾ ਰਿਸ਼ਤਾ ਹੈ ਲੇਕਿਨ ਇਨ੍ਹਾਂ ਨੇ ਆਪਣੀ ਮਾਂ ਬਾਪ ਦੀ ਸ਼ਕਤੀ ਵੀ ਸਾਰੇ ਦੇਸ਼ ਵਾਸਤੇ ਲਾ ਦਿੱਤੀ ਔਰ ਉਹਦੇ ਵਿੱਚ ਇਨ੍ਹਾਂ ਨੂੰ ਕੀ ਮਿਲਿਆ—ਕਰਜ਼ਾ, ਖੁਦਕੁਸ਼ੀਆਂ। ਇਸ ਦੇ ਕੀ ਕਾਰਨ ਹਨ ? ਇਸ ਦੇ ਕਾਰਨ ਸਮਝਣ ਦੀ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਜਿਹੜਾ ਸਾਰਾ ਖੇਤੀਬਾੜੀ ਦਾ ਕੰਮ ਹੈ, ਉਹ ਨਾ ਤਾਂ ਪੰਜਾਬ ਦੇ ਲੋਕਾਂ ਦੇ ਹੱਥ ਵਿਚ ਹੈ ਅਤੇ ਨਾ ਹੀ ਪੰਜਾਬ ਦੀ ਸਰਕਾਰ ਦੇ ਹੱਥ ਵਿਚ ਹੈ। ਖੇਤੀਬਾੜੀ ਦਾ ਸਾਰਾ ਕੰਮ ਸੈਂਟਰ ਦੀ ਸਰਕਾਰ ਨੇ ਆਪਣੇ ਹੱਥਾਂ ਵਿਚ ਕਰ ਲਿਆ ਹੋਇਆ ਹੈ। ਦੋ ਤਰਫਾ ਗੱਲ ਹੁੰਦੀ ਹੈ। ਇਕ ਪਾਸੇ ਆਮਦਨ ਅਤੇ ਇਕ ਪਾਸੇ ਖਰਚ। ਆਮਦਨ ਵੀ ਉਨ੍ਹਾਂ ਨੇ ਆਪਣੇ ਹੱਥ ਵਿਚ ਰੱਖੀ ਹੋਈ ਹੈ ਕਿ ਕਣਕ ਦਾ ਜਾਂ ਝੋਨੇ ਦਾ ਜਿੰਨਾ ਮਰਜ਼ੀ ਉਹ ਰੇਟ ਫਿਕਸ ਕਰ ਦੇਣ। ਖਰਚਾ ਵੀ ਉਨ੍ਹਾਂ ਨੇ ਆਪਣੇ ਹੀ ਹੱਥ ਵਿਚ ਰੱਖਿਆ ਹੋਇਆ ਹੈ ਕਿ ਡੀਜ਼ਲ ਦਾ, ਕੀੜੇ ਮਾਰ ਦਵਾਈਆਂ ਦਾ ਅਤੇ ਮਸ਼ੀਨਰੀ ਦਾ ਜਿੰਨਾ ਮਰਜ਼ੀ ਰੇਟ ਵਧਾ ਦੇਣ, ਫਿਕਸ ਕਰ ਦੇਣ। ਜੇ ਅਸੀਂ ਪਿਛਲੇ 15-16 ਸਾਲ ਦੇ ਅੰਕੜੇ ਕਢਵਾ ਕੇ ਵੇਖੀਏ ਤਾਂ ਸਾਨੂੰ ਸਪਸ਼ਟ ਹੋ ਜਾਂਦਾ ਹੈ ਕਿ ਜਿਸ ਰਫਤਾਰ ਨਾਲ ਖੇਤੀਬਾੜੀ ਦਾ ਖਰਚ ਵਧਿਆ ਹੈ, ਉਸ ਰਫਤਾਰ ਨਾਲ ਕਿਸਾਨ ਦੀ ਆਮਦਨ ਨਹੀਂ ਵਧੀ। ਇਸ ਤਰ੍ਹਾਂ ਉਹ ਹੌਲੀ-ਹੌਲੀ ਸਲੋਅ-ਪੁਆਇਜ਼ਨਿੰਗ ਕਰ ਰਹੇ ਹਨ ਅਤੇ ਅੱਜ ਪੰਜਾਬ ਦੇ ਕਿਸਾਨ ਅਤੇ ਮਜ਼ਦੂਰ ਦੀ ਉਨ੍ਹਾਂ ਨੇ ਇਹ ਹਾਲਤ ਕਰ ਦਿੱਤੀ ਹੋਈ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਕਰਜ਼ੇ ਦੇ ਅੰਕੜੇ ਦੱਸਦਾ ਹਾਂ। 26,000 ਕਰੋੜ ਰੁਪਿਆ ਸਾਡੇ ਉਤੇ ਕਰਜ਼ਾ ਹੈ। ਪ੍ਰਤੀ ਪਰਿਵਾਰ ਢਾਈ ਲੱਖ ਰੁਪਿਆ ਕਰਜ਼ਾ ਆਉਂਦਾ ਹੈ। ਸੈਂਟਰ ਸਰਕਾਰ ਨੇ ਪਿੱਛੇ ਜਿਹਾ ਕਿਹਾ ਕਿ ਅਸੀਂ ਕਰਜ਼ਾ ਮੁਆਫ ਕਰਾਂਗੇ, ਸਾਨੂੰ ਬੜੀ ਖੁਸ਼ੀ ਹੋਈ ਸੀ। ਪਰ ਇਨ੍ਹਾਂ ਨੇ ਸਾਡੇ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਕਿ ਜਿਹੜੀ 7100 ਕਰੋੜ ਰੁਪਏ ਦੇ ਕਰਜ਼ੇ ਦੀ ਮੁਆਫੀ ਦਿੱਤੀ ਗਈ, ਉਸ ਵਿਚੋਂ ਸਾਨੂੰ ਕੇਵਲ 1.5% ਹਿੱਸਾ ਹੀ ਮਿਲਿਆ ਹੈ। ਜਿਵੇਂ ਕਿਸੇ ਪਿਆਸੇ ਦੇ ਮੂੰਹ ਨੂੰ ਮਾੜਾ ਜਿਹਾ ਪਾਣੀ ਲਾ ਦਿੱਤਾ ਹੋਵੇ, ਬਿਲਕੁਲ ਉਸੇ ਤਰ੍ਹਾਂ ਹੀ ਹੋਇਆ ਹੈ। ਜਿਵੇਂ ਇਥੇ ਗੱਲ ਕੀਤੀ ਗਈ ਹੈ ਕਿ ਐਕਸੀਡੈਂਟਾਂ ਵਿੱਚ ਮੌਤ ਹੋ ਜਾਂਦੀ ਹੈ ਜਾਂ ਖੁਦਕਸ਼ੀ ਨਾਲ ਮੌਤਾਂ ਹੋ ਜਾਂਦੀਆਂ ਹਨ। ਹੁਣ

Original with;
Punjab Vidhan Sabha
Digitized by;
Panjab Digital Library

ਅਸੀਂ ਇਹ ਫੈਸਲਾ ਕੀਤਾ ਹੈ ਕਿ ਜਿਹੜੇ ਭਰਾ ਇਸ ਤਰ੍ਹਾਂ ਮਰ ਜਾਂਦੇ ਹਨ, ਪੈਸਾ ਉਨ੍ਹਾਂ ਦੀ ਕਮੀ ਨੂੰ ਤਾਂ ਪੂਰਾ ਨਹੀਂ ਕਰ ਸਕਦਾ ਪਰ ਉਨ੍ਹਾਂ ਦੇ ਪਰਿਵਾਰ ਦਾ ਥੋੜ੍ਹਾ-ਬਹੁਤ ਸਹਾਰਾ ਹੀ ਬਣ ਸਕਦਾ ਹੈ। ਇਸ ਲਈ ਅਸੀਂ ਫੈਸਲਾ ਲਿਆ ਹੈ ਅਤੇ ਇਹ ਅਸੀਂ ਆਪਣੇ ਮੈਨੀਫੈਸਟੋ ਵਿਚ ਵੀ ਲਿਖਿਆ ਸੀ ਕਿ ਜਦੋਂ ਵੀ ਸਾਡੀ ਸਰਕਾਰ ਬਣੇਗੀ, ਜਿਹੜੇ ਪਰਿਵਾਰਾਂ ਦੇ ਮੈਂਬਰ ਖੁਦਕੁਸ਼ੀਆਂ ਕਰ ਜਾਂਦੇ ਹਨ, ਉਨ੍ਹਾਂ ਨੂੰ ਦੋ ਲੱਖ ਰੁਪਿਆ ਅਤੇ ਇਕ ਬੱਚੇ ਨੂੰ ਮੁਲਾਜ਼ਮਤ ਦਿੱਤੀ ਜਾਵੇਗੀ। ਸਾਡੀ ਕੈਬਨਿਟ ਨੇ ਫੈਸਲਾ ਕਰ ਦਿੱਤਾ ਹੈ ਅਤੇ ਇਹ ਲਾਗੂ ਵੀ ਹੋ ਗਿਆ ਹੈ। ਮੈਂ ਇਸ ਸਦਨ ਦੇ ਰਾਹੀਂ ਤਿੰਨ ਚੀਜ਼ਾਂ ਵਿਚ ਗੌਰਮਿੰਟ ਆਫ ਇੰਡੀਆ ਨੂੰ ਆਪਣੇ ਸੁਝਾਓ ਦੇਣਾ ਚਾਹੁੰਦਾ ਹਾਂ ਅਤੇ ਇਨ੍ਹਾਂ ਤੋਂ ਬਗੈਰ ਕਿਸਾਨਾਂ ਦਾ ਭਲਾ ਨਹੀਂ ਹੋ ਸਕੇਗਾ ਅਤੇ ਕਿਸਾਨ ਆਪਣੇ ਪੈਰਾਂ ਤੇ ਖੜ੍ਹਾ ਨਹੀਂ ਹੋ ਸਕੇਗਾ, ਖੇਤ ਮਜ਼ਦੂਰ ਆਪਣੇ ਪੈਰਾਂ ਤੇ ਖੜ੍ਹੇ ਨਹੀਂ ਹੋ ਸਕਣਗੇ। ਜਿੰਨਾ ਵੀ ਹੁਣ ਤੱਕ ਦਾ ਕਰਜ਼ਾ ਹੈ ਇਕ ਵਾਰੀ ਉਸ ਉਤੇ ਲਕੀਰ ਫੇਰ ਦਿੱਤੀ ਜਾਵੇ, ਭਾਵ ਉਸ ਨੂੰ ਬਿਲਕੁਲ ਖਤਮ ਕਰ ਦਿੱਤਾ ਜਾਵੇ। ਬੰਦਾ ਜਦੋਂ ਕਰਜ਼ੇ ਵਿਚ ਦੱਬਿਆ ਹੁੰਦਾ ਹੈ ਤਾਂ ਉਸ ਦੀ ਕੋਈ ਵੀ ਕੰਮ ਕਰਨ ਨੂੰ ਰੂਹ ਨਹੀਂ ਕਰਦੀ। ਉਹ ਸੋਚਦਾ ਹੈ ਕਿ ਉਹ ਖੇਤੀ ਲਈ ਜ਼ੋਰ ਕਿਉਂ ਲਾਵੇ ? ਉਸ ਨੂੰ ਦਿਨ-ਰਾਤ ਕਰਜ਼ੇ ਦੇ ਹੀ ਸੁਫਨੇ ਆਉਂਦੇ ਹਨ। ਦੂਸਰਾ ਹੈ ਐਮ.ਐਸ.ਪੀ. ਫਿਕਸ ਕਰਨਾ। ਭਾਵੇਂ ਹਰ ਸਾਲ ਸਰਕਾਰਾਂ ਆਪਣੀਆਂ ਰਿਪੋਰਟਾਂ ਭੇਜਣ, ਭਾਵੇਂ ਯੂਨੀਵਰਸਿਟੀਆਂ ਆਪਣੀਆਂ ਰਿਪੋਰਟਾਂ ਭੇਜਣ, ਜੇਕਰ ਉਨ੍ਹਾਂ ਨੂੰ ਨਹੀਂ ਮੰਨਣਾ ਤਾਂ ਇਨ੍ਹਾਂ ਦਾ ਕੀ ਫਾਇਦਾ ਹੈ ? ਜਿਹੜਾ ਸੈਂਟਰ ਸਰਕਾਰ ਨੇ ਆਪ ਨੈਸ਼ਨਲ ਫਾਰਮਰਜ਼ ਕਮਿਸ਼ਨ ਮੁਕੱਰਰ ਕੀਤਾ ਹੈ ਅਤੇ ਜਿਸ ਦੇ ਚੇਅਰਮੈਨ ਡਾ. ਸਵਾਮੀਨਾਥਨ ਨੂੰ ਬਣਾਇਆ ਹੈ, ਉਹ ਹਿੰਦੁਸਤਾਨ ਦੇ ਹੀ ਨਹੀਂ ਬਲਕਿ ਸੰਸਾਰ ਦੇ ਬੜੇ ਵੱਡੇ ਖੇਤੀਬਾੜੀ ਦੇ ਸਾਇੰਟਿਸਟ ਹਨ, ਉਸ ਦੇ ਜ਼ਿੰਮੇ ਲਾਇਆ ਕਿ ਖੇਤੀਬਾੜੀ ਕਰਨ ਵਾਲਿਆਂ ਨੂੰ ਕੀ ਪ੍ਰਾਈਸ ਦੇਣੀ ਚਾਹੀਦੀ ਹੈ, ਕੋਈ ਫਾਰਮੂਲਾ ਦੱਸਿਆ ਜਾਵੇ। ਉਨ੍ਹਾਂ ਨੇ ਗੌਰਮਿੰਟ ਆਫ ਇੰਡੀਆ ਨੂੰ ਜਿਹੜੀ ਰਿਪੋਰਟ ਦਿੱਤੀ ਹੈ, ਉਸ ਵਿਚ ਉਨ੍ਹਾਂ ਨੇ ਲਿਖਿਆ ਹੈ ਕਿ ਜਿੰਨਾ ਵੀ ਖਰਚ ਖੇਤੀਬਾੜੀ ਤੇ ਆਉਂਦਾ ਹੈ, ਉਸ ਵਿਚ 50% ਮੁਨਾਫਾ ਲਗਾ ਕੇ ਉਨ੍ਹਾਂ ਨੂੰ ਦੇਣਾ ਚਾਹੀਦਾ ਹੈ। ਇਹ ਉਨ੍ਹਾਂ ਦਾ ਆਪਣਾ ਕਮਿਸ਼ਨ ਹੈ। ਬਾਕੀ ਕਮਿਸ਼ਨਾਂ ਦੀ ਵੀ ਉਹ ਗੱਲ ਮੰਨਦੇ ਹਨ, ਜੇਕਰ ਇਸ ਨੂੰ ਵੀ ਮੰਨ ਲੈਣ ਤਾਂ ਹੀ ਕਿਸਾਨ ਦਾ ਮਸਲਾ ਹੱਲ ਹੋ ਸਕੇਗਾ। ਜਿੰਨਾ ਵਿਆਜ ਕਿਸਾਨ ਨੂੰ ਦੇਣਾ ਪੈਂਦਾ ਹੈ, ਉਹ ਕਿਸਾਨ ਦੇ ਨਹੀਂ ਸਕਦਾ। ਭਾਵੇਂ ਕਿਸਾਨ ਨੇ ਪੈਸਾ ਕੋਆਪਰੇਟਿਵ ਬੈਂਕ ਤੋਂ ਲਿਆ ਹੋਵੇ ਅਤੇ ਭਾਵੇਂ ਕਿਸੇ ਨੈਸ਼ਨਲ ਬੈਂਕ ਤੋਂ ਲਿਆ ਹੋਵੇ, ਉਸ ਤੇ 4% ਵਿਆਜ ਹੀ ਹੋਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਕਿਸ ਤਰ੍ਹਾਂ ਸਾਡੇ ਨਾਲ ਹੋਇਆ ਹੈ। ਮੈਂ ਤਾਂ 40-45 ਸਾਲ ਤੋਂ ਸੈਂਟਰ ਦੀ ਸਰਕਾਰ ਨਾਲ ਲੜਦਾ ਆ ਰਿਹਾ ਹਾਂ ਕਿਉਂਜੋ ਇਨ੍ਹਾਂ ਨੇ ਆਮ ਆਦਮੀ ਨਾਲ ਬਹੁਤ ਧੋਖਾ ਕੀਤਾ ਹੈ। ਥੋੜ੍ਹੇ-ਬਹੁਤੇ ਸਿਆਣੇ ਅਤੇ ਪੜ੍ਹੇ-ਲਿਖੇ ਸੱਜਣਾਂ ਨੂੰ ਵੀ ਪਤਾ ਨਹੀਂ ਲੱਗਦਾ ਕਿ ਸੈਂਟਰ ਖੇਤੀਬਾੜੀ ਵਿਚ ਦੋ ਗੱਲਾਂ ਕਰ ਰਿਹਾ ਹੈ। ਸਾਨੂੰ ਜਿਹੜੇ ਪੈਸੇ ਮਿਲਦੇ ਹਨ, ਉਹ 2 ਸਕੀਮਾਂ ਅਧੀਨ ਮਿਲਦੇ ਹਨ। ਇਕ ਹੈ ਨੈਸ਼ਨਲ ਫੂਡ ਸੀਕਿਊਰਟੀ ਮਿਸ਼ਨ ਔਰ ਉਸਦੇ ਵਿੱਚ 5000 ਕਰੋੜ ਰੁਪਏ ਸਾਰੇ ਹਿੰਦੁਸਤਾਨ ਲਈ ਰੱਖੇ ਗਏ ਸਨ ਅਤੇ ਇਹ 5000 ਕਰੋੜ ਰੁਪਏ ਪ੍ਰੋਡੱਕਟੀਵਿਟੀ ਵਧਾਉਣ ਲਈ ਦੇਣੇ ਸਨ ਕਿ ਫਸਲਾਂ ਦੀ ਪੈਦਾਵਾਰ ਵਧਾਉਣੀ ਹੈ। ਫਾਰਮੂਲਾ ਤਾਂ ਬਣ ਗਿਆ ਪਰ ਇਹ ਪੰਜਾਬ ਦੇ ਉਲਟ ਹੋਇਆ। ਇਕ ਤਾਂ ਜਿਹੜੀ ਅਸੀਂ ਤਿੰਨ ਚੀਜ਼ਾਂ ਦੀ ਪ੍ਰੋਡੱਕਟਿਵਿਟੀ ਵਧਾਉਣੀ ਸੀ, ਉਨ੍ਹਾਂ ਵਿੱਚ ਸੀ ਕਣਕ,

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਝੋਨਾ ਅਤੇ ਦਾਲਾਂ। ਉਨ੍ਹਾਂ ਨੇ ਰਾਈਸ ਤਾਂ ਛੱਡ ਦਿਤਾ ਅਤੇ ਸੈਂਟਰ ਨੇ ਕਿਹਾ ਕਿ ਇਹ ਤਾਂ ਛੱਡ ਦਿਓ, ਦਾਲਾਂ ਸਾਡੇ ਹੁੰਦੀਆਂ ਹੀ ਨਹੀਂ ਅਤੇ ਕਣਕ ਲਈ ਸਾਡੇ 10 ਜ਼ਿਲ੍ਹੇ ਹਨ। ਤੁਸੀਂ ਅੰਦਾਜ਼ਾ ਲਗਾ ਲਓ ਕਿ ਇਸ ਫਾਰਮੂਲੇ ਵਿੱਚ ਸਾਡੇ ਹਿੱਸੇ ਕੀ ਆਉਣਾ ਹੈ 10-20 ਕਰੋੜ ਰੁਪਏ ਭੇਜ ਦੇਣਗੇ, ਉਲਟਾ ਇਹ ਖਬਰਾਂ ਆ ਜਾਣਗੀਆਂ ਕਿ ਇਹ ਵੀ ਯੂਟੇਲਾਈਜ਼ ਨਹੀਂ ਹੋਇਆ। ਦੂਸਰੀ ਹੈ ਰਾਸ਼ਟਰੀ ਵਿਕਾਸ ਯੋਜਨਾ। ਪਿਛਲੀ ਵਾਰ ਐਗਰੀਕਲਚਰ ਤੇ ਸਾਰੇ ਹਿੰਦੁਸਤਾਨ ਦੇ ਮੁੱਖ ਮੰਤਰੀਆਂ ਦੀ ਕੌਂਸਲ ਦੀ ਮੀਟਿੰਗ ਹੋਈ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਚਾਹੇ ਕਿਸੇ ਵੀ ਸਟੇਟ ਨਾਲ ਤਾਅਲੁੱਕ ਰੱਖਣ ਵਾਲਾ ਮੁੱਖ ਮੰਤਰੀ ਸੀ, ਉਸਨੇ ਵੀ ਖੁਲ੍ਹ ਕੇ ਆਪਣੀਆਂ ਵਿਚਾਰਾਂ ਦਿੱਤੀਆਂ ਅਤੇ ਇਹ ਫੈਸਲਾ ਹੋਇਆ ਕਿ 25,000 ਕਰੋੜ ਰੁਪਏ ਖੇਤੀਬਾੜੀ ਲਈ ਦਿੱਤੇ ਜਾਣਗੇ। ਲੇਕਿਨ ਡਿਪਟੀ ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਇਸਦਾ ਫਾਰਮੂਲਾ ਕੀ ਬਣਾਇਆ ਗਿਆ। ਉਨ੍ਹਾਂ ਨੇ

*4.12 ਵਜੇ ਬਾਅਦ ਦੁਪਹਿਰ

(*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

25,000 ਕਰੋੜ ਰੁਪਏ ਵਿਚੋਂ 20% ਜਿੱਥੇ ਇਰੀਗੇਸ਼ਨ ਨਹੀਂ, ਉਸ ਵਾਸਤੇ ਵੱਖਰਾ ਰੱਖ ਲਿਆ। ਸਾਡੇ ਤਾਂ ਇਰੀਗੇਸ਼ਨ ਬਹੁਤ ਹੈ ਅਤੇ 150 ਸਾਲ ਤੋਂ ਸਾਡੇ ਨਹਿਰਾਂ ਬਣੀਆਂ ਹੋਈਆਂ ਹਨ। ਉਨ੍ਹਾਂ ਨੇ ਕਿਹਾ ਕਿ ਤੁਹਾਨੂੰ ਇਹ ਨਹੀਂ ਦੇਣਾ। ਇਹ 20% ਵੀ ਚਲਾ ਗਿਆ। ਉਨ੍ਹਾਂ ਨੇ ਕਿਹਾ ਕਿ ਅੱਗੇ 30% ਉਥੇ ਦੇਣੇ ਹਨ ਜਿਥੇ ਕਣਕ ਦੀ ਪੈਦਾਵਾਰ ਵਧਾਈ ਜਾ ਸਕਦੀ ਹੈ। ਉਹ ਵੀ ਸਾਨੂੰ ਨਹੀਂ ਮਿਲ ਸਕਦਾ ਕਿਉਂਕਿ ਸਾਡੀ ਪ੍ਰੋਡੱਕਸ਼ਨ ਤਾਂ ਸੈਚੂਰੇਸ਼ਨ ਪੁਆਇੰਟ ਤੇ ਹੈ। ਇਸ ਲਈ ਸਾਨੂੰ ਇਹ ਵੀ ਨਹੀਂ ਮਿਲ ਸਕਦਾ। ਸੈਂਟਰ ਨਾ ਸਾਨੂੰ ਭਾਅ ਦਿੰਦਾ ਹੈ ਅਤੇ ਨਾ ਹੋਰ ਕੁਝ ਦਿੰਦਾ ਹੈ। ਇਸ ਲਈ ਇਨ੍ਹਾਂ ਵੀਰਾਂ ਨੇ ਕਦੇ ਕੋਈ ਆਵਾਜ਼ ਨਹੀਂ ਉਠਾਈ ਅਤੇ ਇਹ ਗੱਲ ਕਦੇ ਨਹੀਂ ਦੱਸੀ। ਅਸੀਂ ਪੰਜਾਬ ਸਰਕਾਰ ਵੱਲੋਂ ਜੋ ਕੁਝ ਕਰ ਸਕਦੇ ਸੀ ਕੀਤਾ ਕਿਉਂਕਿ ਅਸੀਂ ਨਾ ਭਾਅ ਮੁਕੱਰਰ ਕਰਦੇ ਹਾਂ ਅਤੇ ਨਾ ਡੀਜ਼ਲ ਦਾ ਭਾਅ ਤਹਿ ਕਰ ਸਕਦੇ ਹਾਂ। ਇਸ ਲਈ ਪੰਜਾਬ ਸਰਕਾਰ ਜੋ ਕਰ ਸਕਦੀ ਸੀ ਕੀਤਾ। ਅਸੀਂ ਟਿਊਬਵੈੱਲ ਦੇ ਲਈ ਬਿਜਲੀ ਮੁਆਫ ਕੀਤੀ, ਨਹਿਰੀ ਪਾਣੀ ਮੁਆਫ ਕੀਤਾ ਅਤੇ ਮਾਮਲਾ ਵੀ ਮੁਆਫ ਕੀਤਾ। ਇਹ ਚੀਜ਼ਾਂ ਸਨ ਜਿਹੜੀਆਂ ਕਿਸਾਨਾਂ ਨੂੰ ਰਾਹਤ ਦੇਣ ਦੀਆਂ ਸਨ ਤਾਂ ਕਿ ਔਖਾ-ਸੌਖਾ ਹੋ ਕੇ ਜੋ ਕਿਸਾਨ ਹਿੰਦੁਸਤਾਨ ਦਾ ਪੇਟ ਭਰਦਾ ਹੈ, ਉਸਦੀ ਮੱਦਦ ਕੀਤੀ ਜਾਵੇ। ਅਸੀਂ ਸੋਚਿਆ ਕਿ ਹੋਰ ਵੀ ਮੱਦਦ ਕੀਤੀ ਜਾਵੇ। ਇਕ ਤਾਂ ਜਿਹੜੀ ਕੋਸਟ ਆਫ ਪ੍ਰੋਡੱਕਸ਼ਨ ਹੈ, ਉਸਨੂੰ ਘਟਾਇਆ ਜਾਵੇ। ਸਪੀਕਰ ਸਾਹਿਬ, ਤੁਸੀਂ ਤਾਂ ਖੁਦ ਕਿਸਾਨ ਹੋ। ਕਿਸਾਨ ਦਾ ਸਭ ਤੋਂ ਵੱਡਾ ਖਰਚਾ ਮਸ਼ੀਨਰੀ ਤੇ ਆਉਂਦਾ ਹੈ। ਜਿਸ ਜ਼ਿਮੀਂਦਾਰ ਦੇ ਪਾਸ 2-3 ਕਿੱਲੇ ਜ਼ਮੀਨ ਦੇ ਹਨ ਉਹ ਵੀ ਟਰੈਕਟਰ, ਡਿਸਕ, ਜੋੜੀ ਅਤੇ ਹੋਰ ਮਸ਼ੀਨਰੀ ਰੱਖਦਾ ਹੈ। ਇਸ ਲਈ ਅਸੀਂ ਸੋਚਿਆ ਕਿ ਕਾਸਟ ਆਫ ਪ੍ਰੋਡੱਕਸ਼ਨ ਘਟਾਈ ਜਾਣੀ ਚਾਹੀਦੀ ਹੈ। ਅਸੀਂ ਐਗਰੋ ਸਰਵਿਸ ਸੈਂਟਰ ਖੋਲ੍ਹਣ ਬਾਰੇ ਸੋਚਿਆ ਹੈ। ਜਿੱਥੋਂ ਦੋ-ਚਾਰ ਘੰਟੇ ਲਈ ਮਸ਼ੀਨਰੀ ਕਿਰਾਏ ਤੇ ਲਈ ਜਾ ਸਕੇ। ਮੇਰਾ ਖਿਆਲ ਹੈ ਕਿ ਜੇ ਇਹ ਅੱਗੇ ਵਧ ਗਿਆ ਤਾਂ ਕਿਸਾਨਾਂ ਦਾ ਖਰਚਾ ਬਹੁਤ ਘਟ ਜਾਵੇਗਾ। ਅਸੀਂ ਐਗਰੋ ਸਰਵਿਸ ਸੈਂਟਰ ਚਾਰ-ਚਾਰ ਖੋਲ੍ਹਣੇ ਹਨ। ਮੈਂ ਬੇਨਤੀ ਕਰਦਾ ਹਾਂ ਕਿ ਜੋ ਸਾਡੇ ਨੌਜਵਾਨ ਬੱਚੇ ਹਨ, ਉਹ ਇਸ ਦੇ ਵਿੱਚ ਕੰਮ ਕਰ ਸਕਦੇ ਹਨ। ਉਹ ਇਸ ਸਕੀਮ ਅਧੀਨ ਸੈਂਟਰ ਅਲਾਟ ਕਰਾਉਣ। ਇਸਦੇ ਵਿੱਚ ਅਸੀਂ 33% ਸਬਸਿਡੀ

Original with;
Punjab Vidhan Sabha
Digitized by;
Panjab Digital Library

ਦੇਵਾਂਗੇ ਅਤੇ ਕਰਜ਼ੇ ਵਾਸਤੇ ਵੀ ਕਿਧਰੇ ਨਹੀਂ ਜਾਣਾ ਪਵੇਗਾ, ਉਸਦਾ ਵੀ ਆਪਣੇ ਆਪ ਹੀ ਬੰਦੋਬਸਤ ਕਰ ਦਿਤਾ ਜਾਵੇਗਾ। ਇਹ ਆਪਾਂ ਸਾਰੇ ਬੰਦੋਬਸਤ ਕਰਾਂਗੇ। ਇੱਕ ਹੋਰ ਨਵਾਂ ਤਰਜਬਾ ਹੋਇਆ ਹੈ, ਉਹ ਹੈ ਲੇਜ਼ਰ ਤਕਨੀਕ। ਇਹ ਨਵੀਂ ਆਈ ਹੈ ਜਿਸ ਨਾਲ ਧਰਤੀ ਪੱਧਰੀ ਹੋ ਜਾਂਦੀ ਹੈ ਔਰ 25% ਪਾਣੀ ਵੀ ਘੱਟ ਲੱਗਦਾ ਹੈ ਔਰ ਪ੍ਰੋਡਕਸ਼ਨ ਵੀ 25% ਵੱਧ ਹੋ ਜਾਂਦੀ ਹੈ। ਇਸ ਤੇ ਵੀ ਸਬਸਿਡੀ ਦਿੱਤੀ ਹੈ। ਪੈਡੀ ਟਰਾਂਸਪਲਾਂਟਰਾਂ ਵਿੱਚ ਵੀ 30% ਸਬਸਿਡੀ ਦਿੱਤੀ ਗਈ ਹੈ। ਇਹ ਸਬਸਿਡੀ ਦੇਣ ਦਾ ਯਤਨ ਕੀਤਾ ਗਿਆ ਹੈ ਕਿਉਂਕਿ ਲੇਬਰ ਵੀ ਘਟ ਗਈ ਹੈ। ਸਪੀਕਰ ਸਾਹਿਬ, ਦੂਸਰੀ ਖੁਸ਼ੀ ਦੀ ਗੱਲ ਹੈ। ਮੈਂ ਧੰਨਵਾਦ ਕਰਦਾ ਹਾਂ ਉਨ੍ਹਾਂ ਕਿਸਾਨਾਂ ਦਾ ਜਿਨ੍ਹਾਂ ਨੇ ਕਿ ਝੋਨੇ ਦੀ ਪਨੀਰੀ ਬੀਜਣ ਵਿੱਚ ਤੇ ਕਲਟੀਵੇਸ਼ਨ ਕਰਨ ਵਿੱਚ ਸਾਡਾ ਪੂਰਾ ਸਾਥ ਦਿੱਤਾ ਹੈ। ਸਾਇੰਟਿਸਟਾਂ ਨੇ ਕਿਹਾ ਹੈ ਕਿ ਇਸ ਨਾਲ ਧਰਤੀ ਹੇਠਲਾ ਪਾਣੀ ਕਈ ਫੁੱਟ ਉਚਾ ਆ ਗਿਆ ਹੈ। ਇਸ ਬਾਰੇ ਐਕਟ ਵੀ ਬਣ ਗਿਆ ਹੈ। ਇੱਕ ਇਹ ਹੈ ਕਿ ਪਾਣੀ ਹੋਰ ਚੰਗੀ ਤਰ੍ਹਾਂ ਵਰਤਣਾ ਹੈ। ਇਸ ਵਿਚ ਮਾਈਕਰੋ ਇਰੀਗੇਸ਼ਨ, ਡਰਿਪ ਇਰੀਗੇਸ਼ਨ ਆ ਜਾਂਦੇ ਹਨ। ਇਸ ਤੇ 75% ਸਬਸਿਡੀ ਦਿੱਤੀ ਜਾਂਦੀ ਹੈ ਔਰ ਬਾਹਰਲੇ ਮੁਲਕਾਂ ਵਿਚ ਮੈਂ ਗਿਆ ਸੀ। ਇਜ਼ਰਾਈਲ ਗਿਆ ਸੀ। ਉਥੇ ਡਰਿਪ ਇਰੀਗੇਸ਼ਨ ਤੇ ਮਾਈਕਰੋ ਇਰੀਗੇਸ਼ਨ ਵਰਤੀ ਜਾਂਦੀ ਹੈ।

ਸਪੀਕਰ ਸਾਹਿਬ, ਹਰ ਤੀਜੇ ਸਾਲ ਸੀਡ ਬਦਲਣੀ ਪੈਂਦੀ ਹੈ। ਇਸ ਲਈ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਅਸੀਂ 1300 ਏਕੜ ਜ਼ਮੀਨ ਤੇ ਸੀਡ ਫਾਰਮ ਬਣਾ ਰਹੇ ਹਾਂ। ਇਸ ਤਰ੍ਹਾਂ ਹੋਰ ਵੀ ਬਹੁਤ ਸਾਰੀਆਂ ਚੀਜ਼ਾਂ ਹਨ। ਮੈਂ ਫਿਰ ਟਾਈਮ ਦੀ ਘਾਟ ਕਰਕੇ ਜ਼ਿਆਦਾ ਨਹੀਂ ਬੋਲਦਾ। ਹੋਰ ਸਬਜੈਕਟਸ ਤੇ ਵੀ ਬੋਲਣਾ ਹੈ।

ਸਪੀਕਰ ਸਾਹਿਬ, ਐਗਰੀਕਲਚਰ ਤੋਂ ਬਾਅਦ ਆਉਂਦਾਂ ਹੈ ਇੰਡਸਟਰੀ ਜੋ ਕਿਸੇ ਰਾਜ ਦੀ ਤਰੱਕੀ ਲਈ, ਖੁਸ਼ਹਾਲੀ ਲਈ ਜ਼ਰੂਰੀ ਹੈ। ਕੋਈ ਸੂਬਾ ਉਦੋਂ ਤੱਕ ਤੱਰਕੀ ਨਹੀਂ ਕਰ ਸਕਦਾ ਜਦ ਤੱਕ ਇੰਡਸਟਰੀ ਵੱਧ ਨਹੀਂ ਹੁੰਦੀ। ਬਾਹਰਲੇ ਮੁਲਕਾਂ ਵਿਚ 5% ਖੇਤੀਬਾੜੀ ਅਤੇ 95% ਇੰਡਸਟਰੀ ਹੁੰਦੀ ਹੈ ਪਰ ਜਿਵੇਂ ਖੇਤੀਬਾੜੀ ਅਤੇ ਸਾਡੇ ਤੇ ਮਾਰੂ ਹਮਲਾ ਹੋਇਆ ਹੈ, ਇੰਡਸਟਰੀ ਵਿਚ ਵੀ ਹਿੰਦੁਸਤਾਨ ਦੀ ਸਰਕਾਰ ਨੇ ਕਾਂਗਰਸ ਵਾਲਿਆਂ ਨੇ ਮਾਰੂ ਹਮਲਾ ਕੀਤਾ ਹੈ। ਦੋ ਫੈਸਲੇ ਅਜਿਹੇ ਕੀਤੇ ਹਨ, ਜਿਸ ਨਾਲ ਪੰਜਾਬ ਜੋ ਹਿੰਦੁਸਤਾਨ ਵਿਚ ਇੰਡਸਟਰੀ ਪੱਖੋਂ ਪਹਿਲੇ ਨੰਬਰ ਤੇ ਸੀ, ਬਹੁਤ ਪਛੜ ਗਿਆ ਹੈ। ਇਹ ਵੱਖਰੀ ਗੱਲ ਹੈ ਕਿ ਪੰਜਾਬ ਦਾ ਇੰਡਸਟਰੀਅਲਿਸਟ ਬਹੁਤ ਤਕੜਾ ਹੈ, ਪੰਜਾਬ ਵਿਚ ਇੰਡਸਟਰੀ ਵਿਚ ਕੰਮ ਕਰਨ ਵਾਲਾ ਕਾਮਾ ਬਹੁਤ ਤਕੜਾ ਹੈ ਲੇਕਿਨ ਮਾਰੂ ਹਮਲਾ ਹੋਵੇ ਤੇ ਕੀ ਕਰੇ ਇੰਡਸਟਰੀਲਿਸਟ, ਕੀ ਕਰੇ ਕਾਮਾ। ਗਵਾਂਢੀ ਸੂਬਿਆਂ ਨੂੰ ਰਿਆਇਤਾਂ ਦੇ ਦਿੱਤੀਆਂ ਗਈਆਂ ਹਨ। ਇਸ ਦਾ ਸਾਰਾ ਅਸਰ ਪੰਜਾਬ ਤੇ ਪਿਆ ਹੈ ਜਿਸ ਕਾਰਨ ਇੰਡਸਟਰੀ ਬਹੁਤ ਸਾਰੀ ਪਛੜ ਗਈ ਹੈ। ਦੂਸਰਾ ਕੁਝ ਸਾਲ ਪਹਿਲਾਂ ਇਹ ਫੈਸਲਾ ਕੀਤਾ ਗਿਆ ਸੀ ਜਿਸ ਨਾਲ ਖਾਸ ਕਰਕੇ ਬਟਾਲਾ ਸ਼ਹਿਰ ਦੀ ਇੰਡਸਟਰੀ ਦਾ ਬਹੁਤ ਨੁਕਸਾਨ ਹੋਇਆ ਹੈ। ਉਹ ਸੀ ਫਲੈਟ ਇਕੁਲਾਈਜ਼ੇਸ਼ਨ। ਪਹਿਲਾਂ ਇੰਡਸਟਰੀ ਲਈ ਜਿਹੜਾ ਕੱਚਾ ਮਾਲ ਲੈਣਾ ਹੁੰਦਾ ਸੀ, ਉਹ ਇੱਕੋ ਰੇਟ ਤੇ ਮਿਲਦਾ ਸੀ। ਉਸ ਨਾਲ ਪੰਜਾਬ ਦੀ ਇੰਡਸਟਰੀ ਕੰਪੀਟ ਕਰਦੀ ਸੀ। ਉਦੋਂ ਇੱਕੋ ਰੇਟ ਸੀ, ਭਾਵੇਂ ਬੰਗਾਲ ਤੋਂ ਲੈ ਲਓ, ਯੂ.ਪੀ. ਤੋਂ ਲੈ ਲਓ ਪਰ ਇਹ ਫੇਰ ਇਕੁਲਾਈਜ਼ੇਸ਼ਨ ਖਤਮ ਕਰ ਦਿੱਤੀ ਗਈ ਇਸ ਨਾਲ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਬਟਾਲੇ ਦੀ ਇੰਡਸਟਰੀ ਨੂੰ ਬਹੁਤ ਨੁਕਸਾਨ ਹੋਇਆ ਹੈ। ਸਪੀਕਰ ਸਾਹਿਬ, ਅਸੀਂ ਜਿਹੜਾ ਵਾਇਦਾ ਕਰਦੇ ਹਾਂ, ਉਸ ਤੋਂ ਕਦੀ ਨਹੀਂ ਮੁਕਰਦੇ। ਕੈਪੀਟਲ ਸਬਸਿਡੀ ਦੇਣੀ ਸੀ। ਤੁਹਾਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਇੰਡਸਟਰੀ ਨੂੰ ਪਹਿਲਾਂ ਦੀ ਸਰਕਾਰ ਨੇ ਦੁਆਨੀ ਨਹੀਂ ਦਿੱਤੀ ਪਰ ਅਸੀਂ ਦੋ ਸਾਲਾਂ ਵਿਚ 350 ਕਰੋੜ ਰੁਪਿਆ ਕੈਪੀਟਲ ਸਬਸਿਡੀ ਦਾ ਦਿੱਤਾ ਹੈ। ਇਸ ਨਾਲ ਇੰਡਸਟਰੀ ਦਾ, ਪੰਜਾਬ ਦਾ, ਮਸਲਾ ਜਿਹੜਾ ਬੜੀ ਦੇਰ ਤੋਂ ਲਟਕ ਰਿਹਾ ਸੀ, ਉਹ ਹੁਣ ਖਤਮ ਹੋ ਜਾਵੇਗਾ। ਸਪੀਕਰ ਸਾਹਿਬ, ਅਸੀਂ 49 ਮੈਗਾ ਪ੍ਰਾਜੈਕਟ ਅਪਰੂਵ ਕੀਤੇ ਹਨ, ਜਿਸ ਨਾਲ 36 ਹਜ਼ਾਰ ਕਰੋੜ ਰੁਪਏ ਦੀ ਇਨਵੈਸਟਮੈਂਟ ਹੋ ਜਾਣੀ ਹੈ। ਤੁਹਾਨੂੰ ਖੁਸ਼ੀ ਹੋਵੇਗੀ ਕਿ ਕਮਿਊਨੀਕੇਸ਼ਨ ਗੈਪ ਨੂੰ ਵੀ ਅਸੀਂ ਦੂਰ ਕੀਤਾ ਹੈ। ਗੌਰਮਿੰਟ ਅਤੇ ਇੰਡਸਟਰੀਅਲਿਸਟ ਨੂੰ ਇੱਕ ਦੂਜੇ ਨੂੰ ਮਿਲਣ ਦਾ ਮੌਕਾ ਨਹੀਂ ਮਿਲਦਾ । ਇੱਕ ਦੂਜੇ ਨੂੰ ਮਿਲਣ ਨਾਲ ਕਈ ਗੱਲਾਂ ਹੱਲ ਹੋ ਜਾਂਦੀਆਂ ਹਨ ਪਰ ਇੱਕ ਦੂਜੇ ਨਾਲ ਵਿਚਾਰ ਕਰਨ ਦਾ ਮੌਕਾ ਨਹੀਂ ਮਿਲਦਾ। ਇਸ ਨਾਲ ਨੁਕਸਾਨ ਹੁੰਦਾ ਹੈ। ਇਸ ਲਈ ਅਸੀਂ ਕਈ ਬੋਰਡ ਬਣਾਏ ਹਨ। ਇਨਫਰਾਸਟਰਕਚਰ ਡਿਵੈਲਪਮੈਂਟ ਬੋਰਡ ਬਣਾਇਆ ਹੈ। ਲਾਰਜ ਸਕੇਲ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਬਣਾਇਆ ਹੈ। ਦੋ ਹੋਰ ਬੋਰਡ ਬਣਾਏ ਹਨ। ਅਸੀਂ ਉਸ ਵਿਚ ਐਮੀਨੈਂਟ ਇੰਡਸਟਰੀਲਿਸਟ ਰੱਖੇ ਹਨ। ਚੇਅਰਮੈਨ ਨੂੰ ਕੈਬਨਿਟ ਮਨਿਸਟਰ ਅਤੇ ਵਾਈਸ ਚੇਅਰਮੈਨ ਨੂੰ ਡਿਪਟੀ ਮਨਿਸਟਰ ਦਾ ਦਰਜਾ ਦਿੱਤਾ ਹੈ। ਉਨ੍ਹਾਂ ਦੀਆਂ ਮੀਟਿੰਗਾਂ ਹੋਈਆਂ ਹਨ ਤੇ ਬਹੁਤ ਸਾਰੇ ਮਸਲੇ ਹੱਲ ਹੋ ਗਏ ਹਨ। ਮੈਂ ਇੰਡਸਟਰੀ ਮਨਿਸਟਰ ਦਾ ਧੰਨਵਾਦ ਕਰਦਾ ਹਾਂ। ਉਨ੍ਹਾਂ ਨੇ ਬੜੀ ਮਿਹਨਤ ਕਰਕੇ ਇੰਡਸਟਰੀ ਪਾਲਿਸੀ ਬਣਾਈ ਹੈ। ਔਰ ਇਹ ਨਹੀਂ ਕਿ ਇੰਡਸਟਰੀ ਪਾਲਿਸੀ ਦਫਤਰਾਂ ਵਿਚ ਬੈਠ ਕੇ ਬਣਾਈ ਹੈ, ਇੱਕ ਦੁਨੀਆਂ ਦੀ ਯੂਨਾਈਟਿਡ ਡਿਵੈਲਪਮੈਂਟ ਆਰਗੇਨਾਈਜ਼ੇਸ਼ਨ ਹੈ। ਇਹ ਜ਼ਿੰਮੇਵਾਰੀ ਉਨ੍ਹਾਂ ਦੇ ਜ਼ਿੰਮੇਂ ਲਾਈ ਹੈ। ਉਨ੍ਹਾਂ ਨੇ ਸਾਰਾ ਕੁਝ ਵਿਚਾਰ ਕੇ, ਦੁਨੀਆਂ ਵੇਖ ਕੇ ਇਹ ਪਾਲਿਸੀ ਬਣਾ ਦਿੱਤੀ ਕਿ ਫਿਸਕਲ ਸਟੇਜ ਕੀ ਹੈ। ਅਸੀਂ ਸਾਰੀਆਂ ਜਿਹੜੀਆਂ ਇੰਡਸਟਰੀ ਆਰਗੇਨਾਈਜ਼ੇਸ਼ਨ ਹਨ, ਭਾਵੇਂ ਸੀ.ਆਈ.ਆਈ. ਹੈ, ਆਈ.ਸੀ.ਸੀ.ਆਈ. ਹੈ, ਜਿੰਨੀਆਂ ਵੀ ਹਨ, ਉਨ੍ਹਾਂ ਸਾਰੀਆਂ ਤੋਂ ਉਨ੍ਹਾਂ ਨੇ ਕਨਸਲਟੇਸ਼ਨ ਲਈ ਹੈ। ਸਪੀਕਰ ਸਾਹਿਬ, ਦੋ ਬਹੁਤ ਵੱਡੀਆਂ ਗੱਲਾਂ ਹੋ ਗਈਆਂ। ਮੈਂ ਕਿੰਨੀਆਂ ਕੁ ਦੱਸਾਂ। ਇੱਕ ਈਸਟਰਨ ਰੇਲਵੇ ਫਰੇਟ ਕਾਰੀਡੋਰ ਜੋ ਕਿ ਸਿੱਧਾ ਮੁੰਬਈ ਤੋਂ ਅਤੇ ਕਲਕੱਤਾ ਤੋਂ ਦਿੱਲੀ ਆਉਣਾ ਹੈ। ਮੈਂ ਉਸ ਵਾਸਤੇ ਜਾ ਕੇ ਪ੍ਰਾਈਮ ਮਨਿਸਟਰ ਸਾਹਿਬ ਨੂੰ ਮਿਲਿਆ, ਰੇਲਵੇ ਮਨਿਸਟਰ ਸਾਹਿਬ ਨੂੰ ਮਿਲਿਆ, ਤੁਹਾਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਕਲਕੱਤਾ ਤੋਂ ਦਿੱਲੀ ਤੱਕ ਜਿਹੜਾ ਈਸਟਰਨ ਰੇਲਵੇ ਫਰੇਟ ਕਾਰੀਡੋਰ ਸੀ, ਉਸ ਨੂੰ ਲੁਧਿਆਣੇ ਤੱਕ ਲੈ ਆਂਦਾ ਹੈ। ਉਸ ਦੀ ਲੁਧਿਆਣੇ ਤੱਕ ਮਨਜ਼ੂਰੀ ਹੋ ਗਈ ਹੈ। ਸਾਡੀ ਕੋਸ਼ਿਸ਼ ਹੈ ਕਿ ਇਹ ਅੰਮ੍ਰਿਤਸਰ ਤੱਕ ਬਣ ਜਾਵੇ। ਉਹ ਵੀ ਮਨਜ਼ੂਰੀ ਦੇ ਨੇੜੇ ਹੈ। ਦੂਜਾ ਇੱਕ ਹੋਰ ਕਾਰੀਡੋਰ ਮੁੰਬਈ ਤੋਂ ਦਿੱਲੀ ਤੱਕ ਆ ਰਿਹਾ ਹੈ, ਉਸ ਦੇ ਵਿੱਚ ਵੀ ਸਾਡੀ ਕੋਸ਼ਿਸ਼ ਹੈ ਕਿ ਉਹ ਅੰਮ੍ਰਿਤਸਰ ਤੱਕ ਆ ਜਾਵੇ। ਇਸ ਦੀ ਅਸੀਂ ਬੜੇ ਜ਼ੋਰ ਨਾਲ ਪੈਰਵਾਈ ਕਰ ਰਹੇ ਹਾਂ। ਸਪੈਸ਼ਲ ਇਕਨਾਮਿਕ ਜ਼ੋਨ, ਮੈਂ ਜ਼ਿਆਦਾ ਵਿਸਥਾਰ ਵਿੱਚ ਨਹੀਂ ਜਾਣਾ ਚਾਹੁੰਦਾ, ਉਹ ਵੀ ਅਸੀਂ ਬਹੁਤ ਵੱਡੀ ਤਾਦਾਦ ਵਿੱਚ ਮਨਜ਼ੂਰ ਕਰਵਾ ਲਏ ਹਨ। ਇੱਕ ਕਲੱਸਟਰ ਡਿਵੈਲਪਮੈਂਟ ਹੈ, ਉਸ ਦੇ ਵਿੱਚ ਜ਼ਿਆਦਾ ਪੈਸਾ ਬਟਾਲੇ ਵਿੱਚ 80 ਕਰੋੜ ਰੁਪਿਆ ਮਸ਼ੀਨ ਟੂਲਜ਼ ਅਤੇ

Original with;
Punjab Vidhan Sabha
Digitized by;
Panjab Digital Library

ਫਾਊਂਡਰੀ ਲਈ ਦਿੱਤਾ ਹੈ। ਜਲੰਧਰ ਵਿੱਚ ਵੀ ਅਸੀਂ ਹੈਂਡ ਟੂਲ ਦੀ ਇੰਡਸਟਰੀ ਲਾਉਣ ਲੱਗੇ ਹਾਂ। ਇਸੇ ਤਰ੍ਹਾਂ ਮੈਨੂੰ ਪਤਾ ਹੈ ਕਿ ਪਿਛਲੀ ਸਰਕਾਰ ਨੇ ਜਿਹੜੇ ਇੰਡਸਟਰੀਅਲ ਫੋਕਲ ਪੁਆਇੰਟ ਬਣਾਏ ਹਨ, ਉਨ੍ਹਾਂ ਦੀ ਮੁਰੰਮਤ ਅਤੇ ਦੇਖਭਾਲ ਵਾਸਤੇ ਕੁਛ ਨਹੀਂ ਕੀਤਾ। ਅਸੀਂ ਹੁਣੇ ਹੀ ਪਿਛਲੇ ਮਹੀਨੇ 20 ਕਰੋੜ ਰੁਪਿਆ ਦਿੱਤਾ ਹੈ ਤਾਂ ਕਿ ਫੋਕਲ ਪੁਆਇੰਟ ਚੰਗੀ ਤਰ੍ਹਾਂ ਕੰਮ ਕਰਨ। (ਥੰਪਿੰਗ) ਅੱਗੇ ਤੋਂ ਫੋਕਲ ਪੁਆਇੰਟ ਵਿੱਚ ਸਾਰੇ ਇੰਡਸਟਰੀ ਵਾਲਿਆਂ ਲਈ ਕਾਮਨ ਸਟਰੱਕਚਰਜ਼ ਮੈਨਟੇਨੈਂਸ ਐਕਟ ਬਣਾਇਆ ਹੈ ਤਾਂ ਕਿ ਇੰਡਸਟਰੀ ਦਾ ਸਾਰਾ ਕੁਝ ਇੱਕਠਾ ਹੋ ਕੇ ਵੇਖਿਆ ਜਾਵੇ। ਇੰਡਸਟਰੀਅਲਿਸਟਸ ਫੈਸਿਲੀਟੇਸ਼ਨ ਐਕਟ ਵੀ ਬਣਾ ਰਹੇ ਹਾਂ। ਇਸੇ ਤਰ੍ਹਾਂ ਹੋਰ ਬਹੁਤ ਸਾਰੇ ਕਨਸੈਸ਼ਨ ਦੇ ਰਹੇ ਹਾਂ। ਬਹੁਤਾ ਸਮਾਂ ਨਹੀਂ, ਨਹੀਂ ਤਾਂ ਮੈਂ ਹੋਰ ਕਹਿ ਦਿੰਦਾ।

ਦੂਸਰਾ ਇਸ ਦੇ ਨਾਲ ਹੀ ਸਬੰਧਤ ਹੈ—ਐਕਸਾਈਜ਼ ਐਂਡ ਟੈਕਸੇਸ਼ਨ। ਤੁਹਾਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜਿਹੜੀ ਵੈਟ ਕੁਲੈਕਸ਼ਨ ਹੈ, ਜਦੋਂ ਅਸੀਂ ਆਏ ਸੀ ਤਾਂ ਇਹ 5136 ਕਰੋੜ ਰੁਪਏ ਸੀ। ਅਸੀਂ ਇਹ ਕੁਲੈਕਸ਼ਨ ਪਹਿਲੇ ਸਾਲ 2007-08 ਵਿੱਚ 5871 ਕਰੋੜ ਰੁਪਏ ਕਰ ਦਿੱਤੀ। ਹੁਣ ਅੱਜ ਜਨਵਰੀ ਤੱਕ ਇਹ 5911 ਕਰੋੜ ਰੁਪਏ ਹੋ ਗਈ ਹੈ ਅਤੇ ਸਾਡਾ ਟਾਰਗਟ 7000 ਕਰੋੜ ਰੁਪਏ ਦਾ ਹੈ। ਇਹ ਅਸੀਂ ਵੈਟ ਅਤੇ ਐਸ.ਟੀ. ਤੋਂ ਇੱਕਠਾ ਕਰਨਾ ਹੈ। ਇਸ ਗੱਲ ਦੇ ਬਾਵਜੂਦ ਕਿ ਰਿਸੈਸ਼ਨ ਹੈ ਲੇਕਿਨ ਬੜੇ ਮਾਣ ਵਾਲੀ ਗੱਲ ਹੈ, ਮੈਂ ਮਹਿਕਮੇ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਸਾਡੀ ਇਨਕਰੀਜ਼ 26 ਪ੍ਰਤੀਸ਼ਤ ਤੋਂ ਵੀ ਜ਼ਿਆਦਾ ਹੈ। ਅੱਗੇ ਜਦੋਂ ਕਾਂਗਰਸ ਸੀ ਤਾਂ ਵੈਟ ਕੁਲੈਕਸ਼ਨ ਵਿੱਚ ਸਾਡਾ ਸਾਰੇ ਹਿੰਦੁਸਤਾਨ ਵਿੱਚ 24ਵਾਂ ਨੰਬਰ ਸੀ। ਸਪੀਕਰ ਸਾਹਿਬ, ਮੈਂ ਕੋਈ ਇਹੋ ਜਿਹੀ ਗੱਲ ਰਿਕਾਰਡ ਤੋਂ ਬਿਨਾਂ ਨਹੀਂ ਕਰ ਰਿਹਾ। ਸਾਡਾ ਉਦੋਂ 24ਵਾਂ ਨੰਬਰ ਸੀ। ਪਿਛਲੇ ਸਾਲ ਸਾਡਾ ਨੌਵਾਂ ਨੰਬਰ ਆ ਗਿਆ ਤੇ ਹੁਣ ਸਾਲ 2008-09 ਵਿੱਚ ਤੀਜਾ ਨੰਬਰ ਆ ਗਿਆ ਹੈ। (ਥੰਪਿੰਗ) ਸਿਰਫ ਦੋ ਇਹੋ ਜਿਹੇ ਸੂਬੇ ਹਨ ਜਿਹੜੇ ਵੈਟ ਕੁਲੈਕਸ਼ਨ ਵਿੱਚ ਸਾਡੇ ਤੋਂ ਅੱਗੇ ਹਨ। ਮੈਂ ਸਮਝਦਾ ਹਾਂ ਕਿ ਅਗਲੇ ਸਾਲ ਵਿੱਚ ਅਸੀਂ, ਜਿਹੜੀ ਪੰਜਾਬ ਦੀ ਪੁਰਾਣੀ ਰਿਵਾਇਤ ਹੈ ਕਿ ਕਿਸੇ ਵੀ ਕੰਮ ਵਿੱਚ ਪਹਿਲੇ ਨੰਬਰ ਤੋਂ ਮਗਰ ਨਹੀਂ ਰਹਿਣਾ, ਅਸੀਂ ਪਹਿਲੇ ਨੰਬਰ ਤੇ ਪਹੁੰਚ ਜਾਣਾ ਹੈ। ਅਸੀਂ ਰਿਟਰਨ ਨੂੰ ਵੀ ਬੜਾ ਸਿੱਧਾ ਕਰ ਦਿੱਤਾ ਹੈ ਕਿ ਈ-ਫਾਈਲਿੰਗ ਨਾਲ ਰਿਟਰਨਾਂ ਭਰੀਆਂ ਜਾਣ। ਸਪੀਕਰ ਸਾਹਿਬ, ਅਸੀਂ ਕਿੰਨੀਆਂ ਗੱਲਾਂ ਦਾ ਕਨਸੈਸ਼ਨ ਇੰਡਸਟਰੀ ਨੂੰ ਦਿੱਤਾ ਹੈ। ਮੇਰਾ ਖਿਆਲ ਹੈ ਕਿ ਕਦੇ ਕਾਂਗਰਸ ਵਾਲਿਆਂ ਨੇ ਸੋਚਿਆ ਵੀ ਨਹੀਂ ਸੀ। ਫਰਨਿਸ ਆਇਲ ਤੇ ਵੈਟ 12.5 ਪ੍ਰਤੀਸ਼ਤ ਸੀ, ਉਸ ਨੂੰ 4% ਕਰ ਦਿੱਤਾ ਹੈ। ਮੁਲਾਇਸਮ ਤੇ ਵੈਟ ਚਾਰ ਪ੍ਰਤੀਸ਼ਤ ਕਰ ਦਿੱਤਾ ਹੈ। ਟਰਨ ਓਵਰ ਟੈਕਸ ਇੱਕ ਪ੍ਰਤੀਸ਼ਤ ਤੋਂ 0.25 ਪ੍ਰਤੀਸ਼ਤ ਕਰ ਦਿੱਤਾ ਹੈ। ਡਰਾਈ ਫਰੂਟ ਦਾ 4 ਪ੍ਰਤੀਸ਼ਤ ਤੋਂ ਇੱਕ ਪ੍ਰਤੀਸ਼ਤ ਕਰ ਦਿੱਤਾ ਹੈ। ਰਾ-ਮੈਟੀਰੀਅਲ ਲਈ ਸਾਨੂੰ ਦਰਬਾਰ ਸਾਹਿਬ, ਦੁਰਗਿਆਣਾ ਮੰਦਰ ਜਾਂ ਨਾਮਧਾਰੀ ਭਾਈਚਾਰੇ ਨੇ ਅਪਰੋਚ ਕੀਤਾ ਸੀ, ਇਨ੍ਹਾਂ ਸਾਰਿਆਂ ਦੇ ਜਿਹੜੇ ਗੁਡਜ਼ ਆਉਂਦੇ ਹਨ, ਉਨ੍ਹਾਂ ਸਾਰਿਆਂ ਤੇ ਹੀ ਵੈਟ ਛੱਡ ਦਿੱਤਾ ਗਿਆ ਹੈ। ਸਿਨੇਮਾ ਹਾਲ ਦਾ ਵੀ ਛੱਡ ਦਿੱਤਾ ਗਿਆ ਹੈ। ਕਿਉਂਕਿ ਅੱਜਕਲ੍ਹ ਸਿਨੇਮਾ ਵੀ ਫੇਲ੍ਹ ਹੋ ਗਿਆ ਹੈ। ਟੀ.ਵੀ. ਤੇ ਹੀ ਸਾਰਾ ਕੁਝ ਆ ਜਾਂਦਾ ਹੈ। ਸਪੀਕਰ ਸਾਹਿਬ, ਭੱਠੇ ਵਾਲਿਆਂ ਬਾਰੇ ਜਲੰਧਰ ਵਾਲੇ ਐਮ.ਐਲ.ਏ. ਸਾਹਿਬ, ਮੱਕੜ ਸਾਹਿਬ ਨੇ ਕਿਹਾ ਸੀ ਕਿ ਸਾਡੇ ਕੋਲੋਂ ਲੰਪਸਮ ਹੀ ਲੈ ਲਿਆ ਕਰੋ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਪੀਕਰ ਸਾਹਿਬ, ਮੈਂ ਕਿਹਾ ਕਿ ਤੁਸੀਂ ਜੋ ਦੇ ਦਿਉਗੇ ਠੀਕ ਹੈ। ਤੁਸੀਂ ਦੇ ਦਿਉ। ਸਪੀਕਰ ਸਾਹਿਬ, ਮੈਂ ਤਾਂ ਇਸ ਤਰ੍ਹਾਂ ਕਦੇ ਨਾਂਹ ਹੀ ਨਹੀਂ ਕੀਤੀ। ਦੇਸੀ ਘਿਓ ਤੇ ਫਲੇਵਰ ਦੁੱਧ ਬਾਰੇ ਜੋ ਕਪਤਾਨ ਸਾਹਿਬ ਦੀ ਮੰਗ ਸੀ ਕਿਉਂਕਿ ਇਹ ਬਣਾਉਂਦੇ ਹਨ, ਇਸ ਦੇ ਉਤੇ 12.5 ਪ੍ਰਤੀਸ਼ਤ ਤੋਂ ਘਟਾ ਕੇ 4 ਪ੍ਰਤੀਸ਼ਤ ਕਰ ਦਿੱਤਾ ਹੈ। ਸੀ.ਐਫ.ਐਲ. ਦੇ ਉਤੇ 12.5 ਪ੍ਰਤੀਸ਼ਤ ਤੋਂ ਘਟਾ ਕੇ 4 ਪ੍ਰਤੀਸ਼ਤ ਕਰ ਦਿੱਤਾ ਹੈ। ਇਸੇ ਤਰ੍ਹਾਂ ਢਾਬਿਆਂ ਵਾਲਿਆਂ ਦੇ ਉਤੇ ਵੀ ਲੰਪਸਮ ਕਰ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਇਹ ਕਹਿ ਸਕਦਾ ਹਾਂ ਕਿ ਮੇਰੇ ਕੋਲ ਕੋਈ ਵੀ ਇੰਡਸਟਰੀ ਵਾਲਾ ਜਾਂ ਹੋਰ ਆਇਆ ਹੈ ਤਾਂ ਮੈਂ ਕਿਸੇ ਨੂੰ ਕੋਈ ਜਵਾਬ ਨਹੀਂ ਦਿੱਤਾ। (ਥੰਪਿੰਗ)।

ਸਪੀਕਰ ਸਾਹਿਬ, ਸਭ ਤੋਂ ਵੱਡਾ ਮਸਲਾ ਜੋ ਪੰਜਾਬ ਦਾ ਹੈ, ਮਸਲੇ ਤਾਂ ਸਾਰੇ ਹੀ ਵੱਡੇ ਹਨ ਪਰ ਸਾਰੇ ਹਿੰਦੁਸਤਾਨ ਵਿਚ ਸ਼ਡਿਊਲਡ ਕਾਸਟ ਲੋਕਾਂ ਦੀ ਸਭ ਤੋਂ ਵੱਧ ਆਬਾਦੀ ਸਾਡੇ ਪੰਜਾਬ ਦੇ ਵਿੱਚ ਹੈ ਅਤੇ ਉਹ ਮੇਰਾ ਖਿਆਲ ਹੈ ਕਿ ਇਸ ਵਕਤ 28.85 ਪ੍ਰਤੀਸ਼ਤ ਤੇ ਪਹੁੰਚ ਗਈ ਹੈ। ਸਪੀਕਰ ਸਾਹਿਬ, ਇਹ ਜਿਹੜਾ ਵਰਗ ਹੈ, ਇਸ ਦੇ ਬਾਰੇ ਕਾਂਗਰਸ ਦੀਆਂ ਸਰਕਾਰਾਂ ਨੇ ਚਾਹੇ ਉਹ ਰਾਜ ਸਰਕਾਰ ਜਾਂ ਦਿੱਲੀ ਦੀ ਸਰਕਾਰ ਸੀ, ਉਨ੍ਹਾਂ ਨੇ ਇਨ੍ਹਾਂ ਲੋਕਾਂ ਨੂੰ ਵਰਗਲਾ ਤਾਂ ਬਹੁਤ ਲਿਆ ਪਰ ਮੈਂ ਅੱਜ ਚੈਲੰਜ ਕਰ ਸਕਦਾ ਹਾਂ ਕਿ ਉਨ੍ਹਾਂ ਨੇ ਇਨ੍ਹਾਂ ਲੋਕਾਂ ਦੀ ਬਿਹਤਰੀ ਵਾਸਤੇ ਇੱਕ ਵੀ ਕੋਈ ਸਕੀਮ ਜਾਂ ਫੈਸਿਲਟੀ ਦਿੱਤੀ ਹੋਵੇ। ਜੋ ਕੁਝ ਕੀਤਾ ਗਿਆ, ਉਦੋਂ ਹੀ ਹੋਇਆ ਜਦੋਂ ਰਾਜ ਦੇ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸੀ। ਸਪੀਕਰ ਸਾਹਿਬ, ਸ਼ਗਨ ਸਕੀਮ ਦੇ ਬਾਰੇ ਸਾਰੇ ਜਾਣਦੇ ਹੋ। ਸਪੀਕਰ ਸਾਹਿਬ, ਕੀ ਕਿਸੇ ਨੂੰ ਕੋਈ ਇਸ ਤਰ੍ਹਾਂ ਦਾ ਖਿਆਲ ਆਇਆ ਸੀ ਕਿ ਕੋਈ ਸਰਕਾਰ ਕਿਸੇ ਦਲਿਤ ਬੱਚੀ ਨੂੰ ਆਪਣੀ ਬੱਚੀ ਸਮਝ ਕੇ ਉਸ ਨੂੰ ਸ਼ਗਨ ਦੇਵੇਗੀ। ਸਪੀਕਰ ਸਾਹਿਬ, ਅੱਜ ਕੱਲ੍ਹ ਤਾਂ ਕਈ ਰਿਸ਼ਤੇਦਾਰ ਵੀ ਸ਼ਗਨ ਨਹੀਂ ਦਿੰਦੇ। ਪਰ ਗੁਰੂ ਸਾਹਿਬ ਨੇ ਕਿਹਾ ਸੀ ਰੰਘਰੇਟੇ ਗੁਰੂ ਕੇ ਬੇਟੇ। ਸਪੀਕਰ ਸਾਹਿਬ, ਜੇ ਉਨ੍ਹਾਂ ਨੇ ਬੇਟੇ ਕਿਹਾ ਸੀ ਤਾਂ ਉਨ੍ਹਾਂ ਬੱਚੀਆਂ ਨੂੰ ਸ਼ਗਨ ਦਿੱਤਾ ਗਿਆ। ਸਪੀਕਰ ਸਾਹਿਬ, ਪਿਛਲੇ ਦੋ ਸਾਲਾਂ ਦੇ ਵਿੱਚ 110 ਕਰੋੜ ਰੁਪਿਆ ਇਸ ਸਕੀਮ ਦੇ ਤਹਿਤ ਦਿੱਤਾ ਹੈ। ਪਰ ਮੈਨੂੰ ਦੁੱਖ ਹੁੰਦਾ ਹੈ ਅਤੇ ਚਾਹੇ, ਸਪੀਕਰ ਸਾਹਿਬ, ਤੁਸੀਂ ਇਸ ਦੇ ਬਾਰੇ ਫੈਕਟਸ ਮੰਗਵਾ ਲਵੋ ਕਿ ਜਦੋਂ ਸਾਹਮਣੇ ਬੈਠੇ ਭਰਾਵਾਂ ਦੀ ਸਰਕਾਰ ਸੀ ਤਾਂ ਇਨ੍ਹਾਂ ਨੇ ਪਹਿਲੇ ਦੋ ਸਾਲ ਦੇ ਵਿੱਚ ਕਿਸੇ ਵੀ ਦਲਿਤ ਵਰਗ ਦੀ ਬੱਚੀ ਨੂੰ ਇੱਕ ਵੀ ਦੁਆਨੀ ਇਸ ਸ਼ਗਨ ਸਕੀਮ ਦੇ ਤਹਿਤ ਨਹੀਂ ਦਿੱਤੀ। ਕੀ ਇੰਨੀ ਵੱਡੀ ਆਬਾਦੀ, ਦਲਿਤ ਭਾਈਚਾਰੇ ਨਾਲ ਮਖੌਲ ਨਹੀਂ ਕੀਤਾ ਗਿਆ ? ਸਪੀਕਰ ਸਾਹਿਬ, ਜਦੋਂ ਅਸੀਂ ਪਿੰਡਾਂ ਦੇ ਵਿੱਚ ਜਾਂਦੇ ਹਾਂ ਤਾਂ ਸਾਨੂੰ ਬਹੁਤ ਦੁੱਖ ਹੁੰਦਾ ਹੈ ਕਿ ਇਹ ਗਰੀਬ ਲੋਕ, ਇਕੋ ਕੋਠੇ ਦੇ ਵਿੱਚ ਰਹਿੰਦੇ ਹਨ, ਉਥੇ ਹੀ ਉਨ੍ਹਾਂ ਦੀ ਧੀਅ, ਨੂੰਹ ਤੇ ਸਭ ਕੁਝ ਹੁੰਦਾ ਹੈ। ਉਹ ਇੱਕ ਅਜਿਹੀ ਜਗ੍ਹਾ ਵਰਗੀ ਵੀ ਲਗਦੀ ਹੈ, ਜਿਸ ਨੂੰ ਅਸੀਂ ਨਰਕ ਵੀ ਕਹਿ ਸਕਦੇ ਹਾਂ ਪਰ ਇਨ੍ਹਾਂ ਨੇ ਆਪਣੇ ਸਮੇਂ ਦੇ ਦੌਰਾਨ ਹਾਊਸਿੰਗ ਵਾਸਤੇ ਕੁਝ ਵੀ ਨਹੀਂ ਕੀਤਾ। ਇਹ ਠੀਕ ਹੈ ਕਿ ਸੈਂਟਰ ਦੀ ਇੱਕ ਸਕੀਮ ਹੈ, ਜਿਸ ਦੇ ਤਹਿਤ ਪੀਲੇ ਕਾਰਡਾਂ ਵਾਲਿਆਂ ਨੂੰ ਮਕਾਨ ਬਣਾ ਕੇ ਦਿੱਤੇ ਜਾਂਦੇ ਹਨ ਪਰ ਉਹ ਵੀ ਕਦੇ ਕਿਸੇ ਪਿੰਡ ਦੇ ਵਿਚੋਂ ਦੋ-ਚਾਰ ਨਿਕਲ ਆਉਂਦੇ ਹਨ, ਕਦੇ ਉਹ ਵੀ ਨਹੀਂ ਮਿਲਦੇ। ਸਪੀਕਰ ਸਾਹਿਬ, ਅਸੀਂ ਪਹਿਲੀ ਵਾਰੀ ਇਹ ਹਾਊਸਿਜ਼ ਬਣਾਉਣ ਦੇ ਵਾਸਤੇ 15 ਕਰੋੜ ਰੁਪਿਆ ਰੱਖਿਆ ਹੈ। ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

ਮੈਂ ਇਹ ਨਹੀਂ ਕਹਿੰਦਾ ਕਿ ਪੰਜਾਬ ਦੇ ਵਿੱਚ ਸਿਰਫ਼ 15 ਕਰੋੜ ਰੁਪਏ ਦੇ ਨਾਲ ਸਾਰੇ ਲੋਕਾਂ ਦੇ ਲਈ ਇਹ ਮਕਾਨ ਬਣ ਜਾਣਗੇ ਪਰ ਕੋਈ ਨਾ ਕੋਈ ਸ਼ੁਰੂਆਤ ਤਾਂ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ। ਸਪੀਕਰ ਸਾਹਿਬ, ਅਸੀਂ 30 ਹਜ਼ਾਰ ਰੁਪਿਆ ਨਵਾਂ ਮਕਾਨ ਬਣਾਉਣ ਵਾਸਤੇ ਦੇਣਾ ਹੈ ਤੇ ਘਰ ਦੀ ਮੁਰੰਮਤ ਲਈ 10 ਹਜ਼ਾਰ ਰੁਪਿਆ ਦੇਣਾ ਹੈ। ਸਪੀਕਰ ਸਾਹਿਬ, ਮੈਂ ਇਥੋਂ ਤੱਕ ਕੀਤਾ ਹੈ ਕਿ ਸਾਰੇ ਪੰਜਾਬ ਦੇ ਵਿਚ ਸਰਵੇ ਕੀਤਾ ਜਾਵੇ ਕਿ ਕਿੰਨੇ ਲੋਕਾਂ ਦੇ ਕੋਲ ਰਹਿਣ ਲਈ ਪਲਾਟ ਨਹੀਂ ਹੈ ਜਾਂ ਫਿਰ ਕੱਚੇ ਮਕਾਨ ਹਨ। ਇਸ ਬਾਰੇ ਮੇਰਾ ਖਿਆਲ ਹੈ ਕਿ ਇਹ ਸਰਵੇ ਜਲਦੀ ਤੋਂ ਜਲਦੀ ਖਤਮ ਹੋ ਜਾਵੇਗਾ ਤੇ ਫਿਰ ਇੱਕ ਵੱਡੀ ਸਕੀਮ ਬਣਾਵਾਂਗੇ ਕਿ ਜਿਨ੍ਹਾਂ ਦੇ ਕੋਲ ਪਲਾਟ ਨਹੀਂ ਹਨ, ਉਨ੍ਹਾਂ ਨੂੰ ਪਲਾਟ ਦਿੱਤੇ ਜਾਣ ਤੇ ਜਿਨ੍ਹਾਂ ਦੇ ਕੋਲ ਕੱਚੇ ਮਕਾਨ ਹਨ, ਉਨ੍ਹਾਂ ਨੂੰ ਪੱਕੇ ਮਕਾਨ ਬਣਾ ਕੇ ਦਿੱਤੇ ਜਾਣ। (ਥੰਪਿੰਗ) ਸਪੀਕਰ ਸਾਹਿਬ, ਕਾਂਗਰਸ ਸਰਕਾਰ ਦਾ ਗਰੀਬ ਲੋਕਾਂ ਦੇ ਵੱਲ ਕੋਈ ਧਿਆਨ ਨਹੀਂ ਸੀ। ਉਨ੍ਹਾਂ ਨੇ ਕਦੇ ਨਹੀਂ ਸੋਚਿਆ ਪਰ ਅਸੀਂ ਪਹਿਲੀ ਵਾਰੀ ਆ ਕੇ ਕਰ ਦਿੱਤਾ ਹੈ ਕਿ ਕੋਈ ਵੀ ਭਾਈਚਾਰੇ ਨਾਲ ਸਬੰਧਤ ਲੋਕ ਹਨ, ਉਹ ਚਾਹੇ ਦਲਿਤ ਭਾਈਚਾਰਾ ਹੈ, ਬਾਜੀਗਰ ਭਾਈਚਾਰਾ ਹੈ ਜਾਂ ਕੋਈ ਵੀ ਹੈ, ਜੇਕਰ ਉਹ 20 ਸਾਲਾਂ ਤੋਂ ਆਪਣਾ ਮਕਾਨ ਬਣਾ ਕੇ ਬੈਠੇ ਹਨ ਤਾਂ ਉਨ੍ਹਾਂ ਨੂੰ ਮਾਲਕ ਬਣਾ ਦਿੱਤਾ ਜਾਵੇਗਾ। ਸਪੀਕਰ ਸਾਹਿਬ, ਜੇਕਰ ਆਪਾਂ ਕੁਝ ਕਰ ਸਕਦੇ ਹਾਂ ਤਾਂ ਇਹ ਸਾਹਮਣੇ ਬੈਠੇ ਭਰਾਵਾਂ ਵੱਲੋਂ ਕਿਉਂ ਨਹੀਂ ਕੀਤਾ ਗਿਆ। ਜਿਹੜੀ ਧਰਮਸ਼ਾਲਾ ਦੀ ਸਕੀਮ ਹੈ, ਉਹ ਵੀ ਸਾਡੇ ਵੇਲੇ ਸ਼ੁਰੂ ਕੀਤੀ ਗਈ ਸੀ। ਸਪੀਕਰ ਸਾਹਿਬ, ਅੱਜ ਇੱਕ ਲੱਖ ਰੁਪਏ ਦੇ ਨਾਲ ਕੁਝ ਨਹੀਂ ਬਣਦਾ। ਅਸੀਂ ਨਵੀਂ ਧਰਮਸ਼ਾਲਾ ਬਣਾਉਣ ਲਈ ਦੋ ਲੱਖ ਰੁਪਿਆ ਕਰ ਦਿੱਤਾ ਹੈ ਅਤੇ ਪੁਰਾਣੀ ਧਰਮਸ਼ਾਲਾ ਦੀ ਮੁਰੰਮਤ ਲਈ 25 ਹਜ਼ਾਰ ਰੁਪਏ ਤੋਂ ਵਧਾ ਕੇ 50 ਹਜ਼ਾਰ ਰੁਪਿਆ ਕਰ ਦਿੱਤਾ ਹੈ। ਇਸੇ ਤਰ੍ਹਾਂ ਹੀ ਇੱਕ ਨਵੀਂ ਚੀਜ਼, ਜਿਸ ਨੂੰ ਸਾਰਿਆਂ ਨੇ ਪਸੰਦ ਕੀਤਾ ਹੈ, ਅਖ਼ਬਾਰਾਂ ਵਾਲਿਆਂ ਨੇ ਵੀ ਕੀਤਾ ਹੈ, ਉਹ ਹੈ ਕਿ ਸਾਡੀ ਸੁਸਾਇਟੀ ਵਿੱਚ ਬਜ਼ੁਰਗਾਂ ਦੀ ਕਦਰ ਨਹੀਂ ਹੈ। ਇਸ ਕਰਕੇ ਜੋ ਕੋਈ ਬੱਚਾ ਆਪਣੇ ਮਾਂ-ਬਾਪ ਦੀ ਰੋਟੀ ਅਤੇ ਕੱਪੜੇ ਦਾ ਇੰਤਜਾਮ ਨਹੀਂ ਕਰੇਗਾ, ਉਸ ਦੀ ਸ਼ਿਕਾਇਤ ਆਵੇਗੀ ਤਾਂ ਉਸ ਨੂੰ ਤਿੰਨ ਮਹੀਨੇ ਦੀ ਕੈਦ ਹੋ ਸਕਦੀ ਹੈ। 5 ਤੋਂ ਦਸ ਲੱਖ ਰੁਪਿਆ ਜੁਰਮਾਨਾ ਹੋ ਸਕਦਾ ਹੈ। ਅੱਗੇ ਮੈਂ ਗੱਲ ਕਰਾਂਗਾ ਜਿਹੜੀ ਆਟਾ-ਦਾਲ ਸਕੀਮ ਹੈ, ਇਸ ਬਾਰੇ ਸੁਨਹਿਰੀ ਅੱਖਰਾਂ ਵਿੱਚ ਪੰਜਾਬ ਤਾਂ ਕੀ ਹਿੰਦੁਸਤਾਨ ਦੇ ਇਤਿਹਾਸ ਵਿੱਚ ਲਿਖਿਆ ਜਾਵੇਗਾ ਕਿ ਪੰਜਾਬ ਵਿੱਚ ਇੱਕ ਅਜਿਹੀ ਸਰਕਾਰ ਆਈ ਜਿਸ ਨੇ ਗਰੀਬ ਨੂੰ ਰੋਟੀ ਦੇਣ ਵਾਸਤੇ ਉਪਰਾਲਾ ਕੀਤਾ, ਤਕਰੀਬਨ 15.70 ਲੱਖ ਲੋਕ 4 ਰੁਪਏ ਕਿਲੋ ਆਟਾ ਅਤੇ 20 ਰੁਪਏ ਕਿਲੋ ਦਾਲ ਇਸ ਵਕਤ ਲੈ ਰਹੇ ਹਨ। ਇਹ ਤਾਂ ਇਵੇਂ ਹੀ ਮਗਰਮੱਛ ਦੇ ਆਂਸੂ ਵਹਾਉਂਦੇ ਰਹੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਅਸਲ ਸੇਵਾ ਅਤੇ ਸੋਚ ਨਹੀਂ ਅਪਣਾਈ।

ਇਸੇ ਤਰ੍ਹਾਂ ਇੰਪਲਾਈਜ਼ ਦੀ ਗੱਲ ਮੈਂ ਕਰਦਾ ਹਾਂ। ਇੰਪਲਾਈਜ਼ ਸਾਡੀ ਸਟੇਟ, ਸੂਬੇ ਦਾ ਬਹੁਤ ਵੱਡਾ ਅੰਗ ਹਨ। ਸਭ ਤੋਂ ਪਹਿਲਾਂ ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਵਧਾਈ ਦੇਣਾ ਚਾਹੁੰਦਾ ਹਾਂ। ਉਨ੍ਹਾਂ ਨੇ ਐਲਾਨ ਕਰ ਦਿੱਤਾ ਹੈ ਕਿ ਜਿਹੜੀ ਪੇ ਕਮਿਸ਼ਨ ਦੀ ਰਿਪੋਰਟ ਹੈ ਉਹ 1 ਜਨਵਰੀ, 2006 ਤੋਂ ਲਾਗੂ ਹੋਵੇਗੀ। (ਥੰਪਿੰਗ) ਇੱਥੇ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਨੂੰ ਕੋਈ ਸ਼ੰਕਾ ਨਾ ਰਹੇ, ਅਸੀਂ ਕਿਵੇਂ ਵੀ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕਰੀਏ, ਔਖੇ ਹੋਈਏ, ਸੌਖੇ ਹੋਈਏ, ਸਾਰਿਆਂ ਦੀਆਂ ਮੰਗਾਂ ਪੂਰੀਆਂ ਕਰਨੀਆਂ ਹਨ, ਸਾਰਿਆਂ ਦੇ ਚਾਅ ਪੂਰੇ ਕਰਨੇ ਹਨ। ਜਿਹੜੇ ਈ.ਟੀ.ਟੀ. ਅਧਿਆਪਕ ਹਨ, ਇਹ ਬੜਾ ਰੌਲਾ-ਰੱਪਾ ਪਾਉਂਦੇ ਰਹੇ ਕਿ ਸਾਨੂੰ ਕਦੇ ਪੁੱਛਿਆ ਨਹੀਂ। ਸਾਡੇ ਬੱਚੇ ਹਨ, ਕੁਝ ਵੀ ਕਰਦੇ ਰਹਿਣ। ਅਸੀਂ ਉਨ੍ਹਾਂ ਦੀ ਗੱਲ ਸਮਝੀ ਕਿਉਂਕਿ ਮਿਲਣ-ਜੁਲਣ ਨਾਲ ਹੀ ਕੋਈ ਫਰਕ ਪੈਂਦਾ ਹੈ। ਮੀਟਿੰਗ ਹੋਈ ਅਤੇ ਦੋਵੇਂ ਮਨਿਸਟਰ ਸਾਹਿਬਾਨਾਂ ਨਾਲ ਗੱਲ ਕੀਤੀ। ਮੈਂ ਧੰਨਵਾਦੀ ਹਾਂ ਬ੍ਰਹਮਪੁਰਾ ਸਾਹਿਬ ਅਤੇ ਐਜੂਕੇਸ਼ਨ ਮਨਿਸਟਰ ਦਾ, ਜਿਨ੍ਹਾਂ ਦੀ ਮਦਦ ਨਾਲ ਇਹ ਮਸਲਾ ਹੱਲ ਹੋਇਆ। ਉਨ੍ਹਾਂ ਦੀ ਜਿਹੜੀ ਮੰਗ ਸੀ ਕਿ ਸਾਡਾ ਜਿਹੜਾ ਕਾਡਰ ਹੈ, ਇਹ ਪ੍ਰੋਵਿੰਸ਼ੇਲਾਈਜ਼ ਕੀਤਾ ਜਾਵੇ, ਅਸੀਂ ਰਹਾਂਗੇ ਜ਼ਿਲ੍ਹਾ ਪ੍ਰੀਸ਼ਦ ਦੀ ਸੁਪਰਵਿਜ਼ਨ ਵਿੱਚ ਲੇਕਿਨ ਸਾਨੂੰ ਟ੍ਰੀਟ ਕੀਤਾ ਜਾਵੇ ਗੌਰਮਿੰਟ ਇੰਪਲਾਈਜ਼ ਵਾਂਗ। They should also be dealt under Punjab Government Service and Punishment Rules. ਉਹ ਖੁਸ਼ੀ-ਖੁਸ਼ੀ ਮੰਨ ਗਏ। ਉਨ੍ਹਾਂ ਨੂੰ ਸ਼ੱਕ ਸੀ ਕਿ ਪਤਾ ਨਹੀਂ ਸਾਡੀ ਗੱਲ ਪੁੱਛੀ ਜਾਵੇਗੀ ਕਿ ਨਹੀਂ। ਉਸ ਤੋਂ ਬਾਅਦ ਨਰਸਿੰਗ ਵਾਲੀਆਂ ਬੱਚੀਆਂ ਜਿਹੜੀਆਂ ਛੇ ਮਹੀਨੇ ਹਸਪਤਾਲਾਂ ਵਿੱਚ ਕੰਮ ਕਰਦੀਆਂ ਰਹੀਆਂ ਪਰ ਉਨ੍ਹਾਂ ਨੂੰ ਇੱਕ ਦੁਆਨੀ ਵੀ ਨਹੀਂ ਦਿੱਤੀ ਜਾਂਦੀ ਜਦ ਕਿ ਉਹ ਦਿਨ-ਰਾਤ ਕੰਮ ਕਰਦੀਆਂ ਹਨ। ਪਹਿਲੀ ਦਫ਼ਾ 4,000 ਰੁਪਿਆ ਉਨ੍ਹਾਂ ਨੂੰ ਆਨਰੇਰੀਅਮ ਦਿੱਤਾ ਹੈ। (ਥੰਪਿੰਗ) ਸਪੀਕਰ ਸਾਹਿਬ, ਆਪਾਂ ਸਕੀਮ ਤਾਂ ਬਣਾ ਲੈਂਦੇ ਹਾਂ ਪਰ ਇਹ ਨਹੀਂ ਦੇਖਦੇ ਕਿ ਇਸ ਵਿੱਚ ਨੁਕਸ ਕੀ ਹੈ। ਡਾਕਟਰ ਪਿੰਡਾਂ ਵਿੱਚ ਰੱਖ ਲਏ। ਉਹ ਆਪੇ ਹੀ ਫਾਰਮਾਸਿਸਟ ਰੱਖ ਲੈਂਦੇ ਸੀ। ਉਹ ਕੀ ਕਰਦੇ ਸੀ ਕਿ ਫਾਰਮਾਸਿਸਟ ਰੱਖ ਲੈਂਦੇ ਸੀ, ਉਨ੍ਹਾਂ ਨੂੰ ਕਹਿੰਦੇ 5,000 ਸੀ ਪਰ ਦਿੰਦੇ 2,000 ਸੀ। ਉਹ ਮੈਨੂੰ ਮਿਲੇ, ਮੈਂ ਫੈਸਲਾ ਕਰ ਦਿੱਤਾ ਕਿ ਸਿੱਧਾ ਚੈੱਕ 5,000 ਰੁਪਏ ਦਾ ਫਾਰਮਾਸਿਸਟ ਨੂੰ ਜਾਵੇਗਾ, ਉਹ ਡਾਕਟਰ ਦੇ ਥਰੂ ਨਹੀਂ ਜਾਵੇਗਾ। ਇਸੇ ਤਰ੍ਹਾਂ ਹੀ ਵੈਟਰਨਰੀ ਫਾਰਮਾਸਿਸਟ ਜਿਹੜੇ ਸੀ, ਉਨ੍ਹਾਂ ਦੀ ਮੰਗ ਸੀ ਕਿ ਸਾਨੂੰ ਇਸ ਦੀ ਬਜਾਏ ਵੈਟਰਨਰੀ ਇੰਸਪੈਕਟਰ ਕਿਹਾ ਜਾਵੇ। ਇਸ ਵਿੱਚ ਸਾਡਾ ਕੀ ਲੱਗਦਾ ਸੀ। ਉਹ ਅਸੀਂ ਕਰ ਦਿੱਤਾ। ਆਂਗਨਵਾੜੀ ਵਰਕਰਾਂ ਬਾਰੇ ਇੱਥੋਂ ਸਵਾਲ ਉਠਾਇਆ ਗਿਆ ਸੀ। ਜਿਹੜੇ ਦੋਵੇਂ ਮੈਂਬਰ ਸਨ ਉਨ੍ਹਾਂ ਨੂੰ ਮਨਿਸਟਰ ਸਾਹਿਬ ਦੇ ਸਾਮ੍ਹਣੇ ਕਰ ਦਿੱਤਾ। ਉਨ੍ਹਾਂ ਦੀ ਸੈਟਲਮੈਂਟ ਹੋ ਗਈ। ਉਨ੍ਹਾਂ ਨੇ ਖੁਸ਼ੀ-ਖੁਸ਼ੀ ਮੰਨ ਲਿਆ। ਜਿਹੜੇ ਆਂਗਨਵਾੜੀ ਵਰਕਰ ਹਨ, ਉਨ੍ਹਾਂ ਦੀ ਮਾਣ ਭੇਟਾ 1,400 ਰੁਪਏ ਤੋਂ ਵਧਾ ਕੇ 2100 ਰੁਪਏ ਕਰ ਦਿੱਤੀ ਅਤੇ ਜਿਹੜੇ ਹੈਲਪਰ ਹਨ ਉਨ੍ਹਾਂ ਦੀ 700 ਤੋਂ ਵਧਾ ਕੇ 1550 ਕਰ ਦਿੱਤੀ ਹੈ। ਸਪੀਕਰ ਸਾਹਿਬ, ਇੱਕ ਨਵੀਂ ਚੀਜ਼ ਕਰ ਰਹੇ ਹਾਂ, ਪੰਜਾਬ ਗਵਰਨੈਂਸ ਰਿਫਾਰਮਜ਼ ਕਮਿਸ਼ਨ ਬਣਾ ਰਹੇ ਹਾਂ ਜਿਸ ਦੁਆਰਾ ਲੋਕਾਂ ਨੂੰ ਜਲਦੀ ਇਨਸਾਫ ਮਿਲੇ ਅਤੇ ਉਨ੍ਹਾਂ ਨੂੰ ਕੋਈ ਤਕਲੀਫ ਨਾ ਹੋਵੇ। 5-6 ਇਕਾਨਮਿਸਟਸ ਇਸ ਵਾਸਤੇ ਲਗਾਏ ਹਨ ਤਾਂ ਕਿ ਉਹ 2-3 ਮਹੀਨਿਆਂ ਵਿੱਚ ਆਪਣੀ ਰਿਪੋਰਟ ਦੇਣ ਅਤੇ ਜਿਹੜੀਆਂ ਗਵਰਨੈਂਸ ਵਿੱਚ ਕਮੀਆਂ ਹਨ, ਉਨ੍ਹਾਂ ਨੂੰ ਦੂਰ ਕੀਤਾ ਜਾਵੇ। ਸਪੀਕਰ ਸਾਹਿਬ, ਇੱਕ ਵੱਡਾ ਮਸਲਾ ਜਿਹੜਾ ਹੈ ਉਹ ਲਾਅ ਐਂਡ ਆਰਡਰ ਦਾ ਹੈ। ਕਿਸੇ ਵੀ ਮੁਲਕ ਵਿੱਚ ਜਾ ਕਿਸੇ ਵੀ ਸੂਬੇ ਵਿੱਚ ਮਾਹੌਲ ਖ਼ਰਾਬ ਹੋਵੇ ਤਾਂ ਉਹ ਸੂਬਾ ਜਾਂ ਮੁਲਕ ਤਰੱਕੀ ਨਹੀਂ ਕਰ ਸਕਦਾ। ਅਸੀਂ ਪੰਜਾਬ ਵਿੱਚ ਵੀ ਇਹੀ ਭੁਗਤਿਆ ਹੈ। ਸਾਡਾ ਗਵਾਂਢੀ ਮੁਲਕ ਪਾਕਿਸਤਾਨ ਅਤੇ ਉਸ ਦੇ ਨਾਲ ਲਗਦਾ ਜੰਮੂ ਐਂਡ ਕਸ਼ਮੀਰ, ਇਹ ਦੋਵੇਂ ਥਾਵਾਂ hot bed of militancy ਹਨ। ਇੱਥੇ ਜਿਵੇਂ

Original with;
Punjab Vidhan Sabha
Digitized by;
Panjab Digital Library

ਮਿਲੀਟੈਂਸੀ ਦੀ ਪੈਦਾਵਾਰ ਹੁੰਦੀ ਹੈ, ਇਸ ਤਰ੍ਹਾਂ ਹੈ। ਤੁਹਾਡੇ ਸਾਹਮਣੇ ਮੁਲਕ ਦੇ ਵਿਚ ਕੀ ਕੁਝ ਹੋ ਰਿਹਾ ਹੈ। ਅੱਜ ਟੈਰੋਰਿਜ਼ਮ ਦੇ ਕੇਸਿਜ਼ ਇੰਨੇ ਵੱਧ ਹੋ ਰਹੇ ਹਨ ਕਿ ਕਿਤੇ ਨਕਸਲਵਾੜੀ ਕਰ ਰਹੇ ਹਨ, ਹੋਰ ਵੀ ਕਈ ਗਰੁੱਪ ਹਨ। ਪਿਛਲੇ ਸਮੇਂ ਦੌਰਾਨ ਹਿੰਦੁਸਤਾਨ ਦੇ ਬਾਕੀ ਹਿੱਸਿਆਂ ਵਿੱਚ, ਜੈਪੁਰ, ਅਹਿਮਦਾਬਾਦ, ਬੰਗਲੌਰ ਅਤੇ ਬੰਬੇ ਵਿਚ ਬੜੇ ਵੱਡੇ-ਵੱਡੇ ਬੰਬ ਧਮਾਕੇ ਹੋਏ ਹਨ। ਇਨ੍ਹਾਂ ਕਾਰਨ ਕਾਫੀ ਵੱਡੇ ਪੱਧਰ ਤੇ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਬੰਬੇ ਵਿਚ ਜੋ ਕੁਝ ਹੋਇਆ ਹੈ, ਉਹ ਤਾਂ ਸਾਡੇ ਮੱਥੇ ਤੇ ਕਲੰਕ ਹੈ ਜਿਹੜਾ ਕਿ ਕਦੇ ਧੋਤਾ ਨਹੀਂ ਜਾ ਸਕਦਾ। ਇਹ ਸਾਡੀ ਪ੍ਰੈਸਟੀਜ਼ ਔਰ ਸਾਵਰਿਟਿ ਆਫ਼ ਇੰਡੀਆ ਤੇ ਬਹੁਤ ਵੱਡਾ ਕਲੰਕ ਸੀ। ਮੈਂ ਇੱਕ ਗੱਲ ਬੜੇ ਫ਼ਖ਼ਰ ਨਾਲ ਕਹਿ ਸਕਦਾ ਹਾਂ ਕਿ ਸਾਰੇ ਸੂਬਿਆਂ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਹੋਈਆਂ ਹਨ, ਪਰ ਪੰਜਾਬ ਵਿਚ ਸਾਲ 2008 ਦੌਰਾਨ ਇੱਕ ਵੀ ਇਹੋ ਜਿਹੀ ਮੰਦਭਾਗੀ ਘਟਨਾ ਨਹੀਂ ਹੋਈ। (ਥੰਪਿੰਗ) ਹਾਲਾਂ ਕਿ ਅਸੀਂ ਪਾਕਿਸਤਾਨ ਦੇ ਬਿਲਕੁਲ ਨੇੜੇ ਬੈਠੇ ਹਾਂ ਅਤੇ ਜੰਮੂ ਤੇ ਕਸ਼ਮੀਰ ਦੇ ਬਿਲਕੁਲ ਨੇੜੇ ਬੈਠੇ ਹਾਂ। ਸਾਡੇ ਪੁਲਿਸ ਡਿਪਾਰਟਮੈਂਟ ਦੀ ਮਿਹਨਤ ਅਤੇ ਐਫੀਸੈਂਸੀ ਦਾ ਇਹ ਨਤੀਜਾ ਹੈ। ਇਨ੍ਹਾਂ ਨੇ ਇਸ ਗੱਲ ਵੱਲ ਵਿਸ਼ੇਸ਼ ਧਿਆਨ ਰੱਖਿਆ ਹੈ। ਸਿਵਲ ਪੁਲਿਸ ਐਡਮਨਿਸਟਰੇਸ਼ਨ ਨੂੰ ਮੈਂ ਇਸ ਚੀਜ਼ ਲਈ ਬਹੁਤ-ਬਹੁਤ ਵਧਾਈ ਦਿੰਦਾ ਹਾਂ।

ਸਪੀਕਰ ਸਾਹਿਬ, ਅੱਜ ਪੰਜਾਬ ਵਿਚ ਲਾਅ ਐਂਡ ਆਰਡਰ ਅੰਡਰ ਕੰਟਰੋਲ ਹੈ ਭਾਵੇਂ ਕਿ ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਕੋਈ ਕਰਾਈਮ ਦੁਨੀਆਂ ਵਿਚ ਹੋਵੇ ਹੀ ਨਾ। ਵੱਡੇ-ਵੱਡੇ ਮੁਲਕਾਂ, ਅਮਰੀਕਾ ਵਰਗਿਆਂ ਵਿਚ ਵੀ ਵੱਡੇ-ਵੱਡੇ ਕਿੰਨੇ ਹੀ ਕਰਾਈਮ ਹੁੰਦੇ ਹਨ। ਸਾਡੇ ਇੱਥੇ ਉਸ ਦੇ ਮੁਕਾਬਲੇ ਵਿਚ ਬਹੁਤ ਥੋੜ੍ਹੀ ਪਰਸੈਂਟੇਜ ਵਿਚ ਕਰਾਈਮ ਹੁੰਦੇ ਹਨ। ਸਵਾਲ ਇਹ ਹੈ ਕਿ ਜੇਕਰ ਕਰਾਈਮ ਹੋ ਜਾਵੇ ਤਾਂ ਉਸ ਦੇ ਮੁਜਰਮ ਫੜੇ ਜਾਣ। ਇੱਥੇ ਵੀ ਤਿੰਨ-ਚਾਰ ਵੱਡੇ ਕਰਾਈਮ ਹੋਏ ਹਨ। ਇਨ੍ਹਾਂ ਤੋਂ ਪਹਿਲਾਂ ਮੈਂ ਇੱਕ ਗੱਲ ਹੋਰ ਦੱਸਣੀ ਚਾਹਾਂਗਾ ਕਿ ਇੱਕ ਬਹੁਤ ਵੱਡੀ ਇਮੋਸ਼ਨਲ ਗੱਲ ਇੱਥੇ ਹੋਈ ਹੈ। ਸੱਚੇ ਸੌਦੇ ਵਰਗਾ ਇੰਸੀਡੈਂਟ ਸਾਡੇ ਇੱਥੇ ਹੋਇਆ ਹੈ। ਇਹ ਇੱਕ ਇਹੋ ਜਿਹਾ ਘਿਨਾਉਣਾ ਇੰਸੀਡੈਂਟ ਸੀ ਜਿਸ ਦੇ ਤਹਿਤ ਬਹੁਤ ਕੁਝ ਇਥੇ ਵਾਪਰ ਸਕਦਾ ਸੀ। ਇਹ ਇਹੋ ਜਿਹਾ ਇਮੋਸ਼ਨਲ ਇੰਸੀਡੈਂਟ ਸੀ, ਜਿਹੜਾ ਕਿ ਹਰੇਕ ਦਿਲ ਤੇ ਅਸਰ ਪਾ ਗਿਆ। ਸਪੀਕਰ ਸਾਹਿਬ, ਲੇਕਿਨ ਅਸੀਂ ਬੜੇ ਨਰੰਮੇ ਨਾਲ ਔਰ ਸਿਆਣਪ ਨਾਲ ਇਸ ਨੂੰ ਸੰਭਾਲਿਆ। ਭਾਵੇਂ ਕਿ ਇਹ ਬਹੁਤ ਵੱਡਾ ਇਮੋਸ਼ਨਲ ਕੇਸ ਸੀ, ਪਰ ਇਸ ਕਾਰਨ ਪੰਜਾਬ ਵਿਚ ਇਹੋ ਜਿਹੀ ਗੱਲ ਨਹੀਂ ਹੋਣ ਦਿੱਤੀ ਜਿਹੜੀ ਕਿ ਹੋਣ ਦਾ ਡਰ ਸੀ ਜੋ ਕਿ ਇਥੇ ਵਾਪਰ ਸਕਦਾ ਸੀ। ਅੱਜ ਅਸੀਂ ਇਸ ਗੱਲ ਨੂੰ ਮਹਿਸੂਸ ਕੀਤਾ ਹੈ ਕਿ ਅੱਜ ਮੁਲਕ ਲਈ ਇੰਟੈਲੀਜੈਂਸ ਵਿੰਗ ਦੀ ਬੜੀ ਵੱਡੀ ਲੋੜ ਹੈ। ਇਹ ਵਿੰਗ ਬਹੁਤ ਤਕੜਾ ਹੋਣਾ ਚਾਹੀਦਾ ਹੈ। ਪੰਜਾਬ ਵਿਚ ਤਕੜਾ ਇੰਟੈਲੀਜੈਂਸ ਵਿੰਗ ਹੋਣਾ ਚਾਹੀਦਾ ਹੈ। ਅਸੀਂ ਇੰਟੈਲੀਜੈਂਸ ਵਿੰਗ ਦਾ ਕਾਡਰ ਸੈਪਰੇਟ ਕਰ ਦਿੱਤਾ ਹੈ। ਅਸੀਂ ਪੁਲਿਸ ਵਿਚ ਜਿਹੜੇ ਸਿਪਾਹੀ ਭਰਤੀ ਕਰਾਂਗੇ, ਉਨ੍ਹਾਂ ਦੀ ਮੀਨੀਮਮ ਕੁਆਲੀਫਿਕੇਸ਼ਨ ਗਰੈਜੂਏਸ਼ਨ ਹੋਵੇਗੀ। ਅਸੀਂ ਕਾਊਂਟਰ ਇੰਟੈਲੀਜੈਂਸ ਵਿੰਗਜ਼ ਨੂੰ ਸਟਰੈਂਥਨ ਕੀਤਾ ਹੈ। ਸੁਪਰਡੰਟ ਪੁਲਿਸ ਜਲੰਧਰ, ਪਟਿਆਲਾ ਅਤੇ ਚੰਡੀਗੜ੍ਹ ਲਗਾਏ ਗਏ ਹਨ। ਇਥੇ ਰੀਟਾ ਬਾਵਾ ਕੇਸ ਹੋਇਆ। ਬੈਂਕ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਡਕੈਤੀਆਂ ਦੇ ਕੇਸ ਹੋਏ ਹਨ। ਬੰਦੇ ਵੀ ਫੜ ਲਏ ਗਏ ਹਨ। ਅਸੀਂ ਬਾਰਡਰ ਤੇ ਬੈਠੇ ਹਾਂ। ਇਸ ਲਈ ਸਮੱਗਲਿੰਗ ਦੇ ਕੇਸ ਵੀ ਇੱਥੇ ਹੋਏ ਹਨ। ਬਾਰਡਰ ਦਾ ਪ੍ਰਬੰਧ ਬੀ.ਐਸ.ਐਫ. ਕੋਲ ਹੈ। ਸਮੱਗਲਿੰਗ ਦੇ ਗੈਰ-ਕਾਨੂੰਨੀ ਧੰਦੇ ਨੂੰ ਰੋਕਣ ਲਈ ਨਾਰਕੋਟਿਕਸ ਸੈੱਲ ਵੀ ਬਣਾਏ ਹਨ। ਅਸੀਂ ਇਸ ਅਪਰਾਧ ਤੇ ਕੰਟਰੋਲ ਕੀਤਾ ਹੈ। ਟਰੈਵਲ ਏਜੰਟਸ ਵੀ ਪੰਜਾਬ ਦਾ ਬਹੁਤ ਵੱਡਾ ਨੁਕਸਾਨ ਕਰਦੇ ਹਨ। ਭੋਲੇ-ਭਾਲੇ ਬੱਚਿਆ ਨੂੰ ਵਰਗਲਾ ਕੇ ਉਨ੍ਹਾਂ ਨਾਲ ਧੋਖਾ ਕਰਦੇ ਹਨ। ਅਸੀਂ ਇਸ ਤਹਿਤ 274 ਕੇਸ ਰਜਿਸਟਰ ਕੀਤੇ ਹਨ। ਪੁਲਿਸ ਕਸਟਡੀ ਵਿਚ ਡੈੱਥ ਮਾੜੀ ਗੱਲ ਹੈ ਇਹੋ ਜਿਹਾ ਇੱਕ ਵੀ ਕੇਸ ਭਾਵੇਂ ਨਹੀਂ ਹੋਣਾ ਚਾਹੀਦਾ ਪਰ ਅਸੀਂ ਅਖਬਾਰਾਂ ਵਿਚ ਪੜ੍ਹਦੇ ਹਾਂ ਕਿ ਫਲਾਣੀ ਥਾਂ ਤੇ ਪੁਲਿਸ ਕਸਟਡੀ ਵਿਚ ਡੈੱਥ ਹੋਈ ਹੈ। ਸਾਡੇ ਇੱਥੇ ਦੋ ਸਾਲਾਂ ਵਿਚ ਦੋ ਡੈੱਥਜ਼ ਪੁਲਿਸ ਕਸਟਡੀ ਵਿਚ ਹੋਈਆਂ ਹਨ। ਪਿਛਲੇ ਪੰਜ ਸਾਲਾਂ ਵਿਚ ਇਸ ਤੋਂ ਪਹਿਲਾਂ 20 ਡੈੱਥਜ਼ ਪੁਲਿਸ ਕਸਟਡੀ ਵਿਚ ਹੋਈਆਂ ਹਨ। ਅਸੀਂ ਐਨ.ਆਰ.ਆਈ. ਸੈੱਲ ਬਣਾਇਆ ਹੈ। ਰਿਕਰੂਟਮੈਂਟ ਵੀ ਹੋਈ ਹੈ ਅਤੇ ਹੋਰ ਵੀ ਕਰਾਂਗੇ। ਅਸੀਂ ਪੰਜਾਬ ਪੁਲਿਸ ਸਕਿਓਰਟੀ ਕਾਰਪੋਰੇਸ਼ਨ ਵੀ ਬਣਾ ਰਹੇ ਹਾਂ। ਇਸ ਤਹਿਤ 12000 ਨੌਜਵਾਨਾਂ ਨੂੰ ਟਰੇਂਡ ਕਰਕੇ ਮੁਲਾਜ਼ਮਤ ਦੇਣੀ ਹੈ।

ਹੁਣ ਮੈਂ ਲੋਕਲ ਗੌਰਮਿੰਟ ਮਹਿਕਮੇ ਸਬੰਧੀ ਦੱਸਣਾ ਚਾਹੁੰਦਾ ਹਾਂ। ਇਸ ਮਹਿਕਮੇ ਤਹਿਤ ਸ਼ਹਿਰੀ ਲੋਕਾਂ ਨੂੰ ਕੀ ਚਾਹੀਦਾ ਹੈ। ਸ਼ਹਿਰਾਂ ਲਈ 4-5 ਚੀਜ਼ਾਂ ਪੂਰੀਆਂ ਹੋਣੀਆਂ ਬੜੀਆਂ ਜ਼ਰੂਰੀ ਹਨ। ਵਾਟਰ ਸਪਲਾਈ ਦੀ ਸਹੂਲਤ ਹੈ, ਸੀਵਰੇਜ ਠੀਕ ਹੋਣਾ ਚਾਹੀਦਾ ਹੈ, ਸੜਕਾਂ ਦੀ ਸਹੀ ਮੈਨੇਜਮੈਂਟ ਹੋਵੇ, ਸਟਰੀਟ ਲਾਈਟਾਂ ਦਾ ਵਧੀਆ ਪ੍ਰਬੰਧ ਹੋਵੇ ਅਤੇ ਸੌਲਿਡ ਵੇਸਟ ਮੈਨੇਜਮੈਂਟ ਦਾ ਪ੍ਰਬੰਧ ਹੋਵੇ। 62 ਸਾਲਾਂ ਦੀ ਅਜ਼ਾਦੀ ਤੋਂ ਬਾਅਦ ਸ਼ਹਿਰੀ ਲੋਕਾਂ ਨੂੰ ਜੇ ਇਹ ਮੁੱਢਲੀਆਂ ਸਹੂਲਤਾਂ ਨਾ ਮਿਲੀਆਂ ਹੋਣ ਤਾਂ ਫਿਰ ਇਸ ਦਾ ਮਤਲਬ ਹੈ ਕਿ ਕਿਤੇ ਤਾਂ ਕਮਜ਼ੋਰੀ ਹੈ। ਸਪੀਕਰ ਸਾਹਿਬ, ਅਸੀਂ ਇਨ੍ਹਾਂ ਚੀਜ਼ਾਂ ਲਈ ਪ੍ਰਬੰਧ ਕੀਤਾ ਹੈ ਔਰ ਇਸ ਪਾਸੇ ਦ੍ਰਿੜ੍ਹ ਇਰਾਦੇ ਨਾਲ ਪ੍ਰਣ ਕੀਤਾ ਹੈ ਕਿ ਜਿਹੜੀ ਸਾਨੂੰ ਲੋਕਾਂ ਨੇ 5 ਸਾਲਾਂ ਦੀ ਟਰਮ ਬਖ਼ਸ਼ੀ ਹੈ, ਅਸੀਂ ਲੋਕਾਂ ਦੀ ਕਚਿਹਰੀ ਵਿੱਚ ਦੁਬਾਰਾ ਜਾਣ ਤੋਂ ਪਹਿਲਾਂ ਇਹ ਸਾਰੀਆਂ ਚੀਜ਼ਾਂ ਜਿਵੇਂ ਵਾਟਰ ਸਪਲਾਈ, ਸੀਵਰੇਜ ਵਗੈਰਾ ਪੂਰਾ ਕਰਨ ਦਾ ਪ੍ਰਬੰਧ ਕਰਨਾ ਹੈ। ਅਸੀਂ ਇਸ ਵਾਸਤੇ 2833 ਕਰੋੜ ਰੁਪਏ ਦੀ ਪਲਾਨ ਬਣਾਈ ਹੈ ਔਰ ਮੈਂ ਇਸ ਵਾਸਤੇ ਲੋਕਲ ਗੌਰਮਿੰਟ ਮਨਿਸਟਰ ਸਾਹਿਬ ਨੂੰ ਵਧਾਈ ਵੀ ਦਿੰਦਾ ਹਾਂ ਔਰ ਇਸ ਪਰਪਜ਼ ਵਾਸਤੇ 1174 ਕਰੋੜ ਰੁਪਿਆ ਰਿਲੀਜ਼ ਵੀ ਕਰ ਦਿੱਤਾ ਹੈ ਜਦਕਿ ਕਾਂਗਰਸ ਸਰਕਾਰ ਵੇਲੇ ਇਸ ਤੇ ਸਿਰਫ 215 ਕਰੋੜ ਰੁਪਏ ਖਰਚੇ ਗਏ ਸੀ। ਅੰਮ੍ਰਿਤਸਰ ਸ਼ਹਿਰ ਦਾ ਮੁਕਾਬਲਾ ਨਹੀਂ ਹੈ, ਬੜਾ ਇਤਿਹਾਸਕ ਸ਼ਹਿਰ ਹੈ। ਉਸ ਸ਼ਹਿਰ ਵਾਸਤੇ ਡਿਵੈਲਪਮੈਂਟ ਦੇ ਕੰਮ ਕਰਨਾ ਸਾਡਾ ਫਰਜ਼ ਵੀ ਬਣਦਾ ਹੈ। ਅਸੀਂ ਅੰਮ੍ਰਿਤਸਰ ਸ਼ਹਿਰ ਲਈ 845 ਕਰੋੜ ਰੁਪਏ ਦੇ ਵਰਕਸ ਸੈਂਕਸ਼ਨ ਕਰੇ ਅਤੇ ਉਨ੍ਹਾਂ ਦੀ ਇੰਪਲੀਮੈਂਟੇਸ਼ਨ ਵੀ ਚੱਲ ਰਹੀ ਹੈ। ਐਲੀਵੇਟਿਡ ਰੋਡ ਪ੍ਰਾਜੈਕਟ ਜੋ ਕਿ 150 ਕਰੋੜ ਰੁਪਏ ਦਾ ਸੀ, ਉਹ 30 ਜੂਨ, 2009 ਨੂੰ ਕੰਪਲੀਟ ਹੋ ਜਾਵੇਗਾ। ਇਸ ਪ੍ਰਕਾਰ ਉਥੋਂ ਦੀਆਂ ਅਤੇ ਬਾਹਰ ਦੀਆਂ ਸੰਗਤਾਂ ਹਰਿਮੰਦਰ ਸਾਹਿਬ ਦੇ ਦਰਸ਼ਨ ਆਸਾਨੀ ਨਾਲ ਕਰ ਸਕਣਗੀਆਂ। ਇਸੇ ਤਰ੍ਹਾਂ ਲੁਧਿਆਣਾ, ਬਠਿੰਡਾ, ਜਲੰਧਰ ਅਤੇ ਪਟਿਆਲਾ ਵਿਖੇ ਵੀ ਡਿਵੈਲਪਮੈਂਟ ਵਰਕਸ ਸ਼ੁਰੂ ਕੀਤੇ ਹਨ। ਜਿਹੜਾ ਪਟਿਆਲੇ ਬਾਰੇ ਇਹ ਐਵੇਂ ਕਹਿ ਦਿੰਦੇ ਹਨ, 169 ਕਰੋੜ ਰੁਪਿਆ ਪਟਿਆਲੇ ਨੂੰ ਦਿੱਤਾ ਹੈ। ਸਪੀਕਰ ਸਾਹਿਬ, ਸਾਡੇ ਤੇ ਦੂਸ਼ਣ ਲਾਇਆ ਜਾਂਦਾ ਹੈ ਕਿ

Original with;
Punjab Vidhan Sabha
Digitized by;
Panjab Digital Library

ਕਾਂਗਰਸੀਆਂ ਦੇ ਪਿੰਡਾਂ ਨਾਲ ਇਹ ਵਿਤਕਰਾ ਕਰਦੇ ਹਨ। ਪਟਿਆਲਾ ਅਜਿਹਾ ਸ਼ਹਿਰ ਹੈ ਜਿੱਥੇ ਮੈਂ ਇੱਕ-ਇੱਕ ਵਾਰਡ ਵਿੱਚ ਗਿਆ ਹਾਂ। ਸਾਡੇ ਸਾਬਕਾ ਮੁੱਖ ਮੰਤਰੀ ਸਾਹਿਬ ਵਾਰਡ ਤਾਂ ਕੀ, ਸਾਰੇ ਸ਼ਹਿਰ ਵਿੱਚ ਪੂਰਾ ਨਹੀਂ ਘੁੰਮੇ। ਮਿਉਂਸਪਲ ਕਮੇਟੀਆਂ ਨੂੰ ਵੀ ਅਸੀਂ ਖੁਲ੍ਹੇ ਗੱਫੇ ਦਿੱਤੇ ਹਨ, ਉਨ੍ਹਾਂ ਨੂੰ 244 ਕਰੋੜ ਰੁਪਿਆ ਦਿੱਤਾ ਹੈ। ਗਰੀਬਾਂ ਦੇ ਘਰਾਂ ਲਈ ਅਤੇ ਸਲੱਮ ਡਿਵੈਲਪਮੈਂਟ ਵਾਸਤੇ ਵੀ ਪੈਸਾ ਦਿੱਤਾ ਹੈ। ਬੱਸਾਂ ਵੀ ਜਲੰਧਰ ਤੱਕ ਸ਼ੁਰੂ ਹੋ ਗਈਆਂ ਹਨ। 101 ਕਰੋੜ ਰੁਪਏ ਦੀ ਲਾਗਤ ਨਾਲ 150 ਬੱਸਾਂ ਅੰਮ੍ਰਿਤਸਰ ਵਿਖੇ ਅਤੇ 200 ਬੱਸਾਂ ਲੁਧਿਆਣੇ ਵੀ ਸ਼ੁਰੂ ਕੀਤੀਆਂ ਹਨ। 1200 ਕਰੋੜ ਰੁਪਏ ਦਾ ਅਸੀਂ ਹੋਰ ਇੰਤਜ਼ਾਮ ਕੀਤਾ ਹੈ। 500 ਕਰੋੜ ਰੁਪਿਆ ਹੁਡਕੋ ਤੋਂ ਲੋਨ ਲਿਆ ਹੈ ਅਤੇ 700 ਕਰੋੜ ਰੁਪਿਆ ਇਨਫਰਾਸਟਰਕਚਰ ਡਿਵੈਲਪਮੈਂਟ ਬੋਰਡ ਵਿੱਚ ਪਾ ਕੇ ਅਸੀਂ ਵਿਕਾਸ ਕਰਨਾ ਹੈ। ਇਸ ਤਰੀਕੇ ਨਾਲ ਅਸੀਂ ਸ਼ਹਿਰਾਂ ਵਿੱਚ ਵੀ ਸੀਵਰੇਜ, ਵਾਟਰ ਸਪਲਾਈ, ਸਟਰੀਟ ਲਾਈਟਜ਼ ਆਦਿ ਦਾ ਪ੍ਰਬੰਧ ਕਰਨਾ ਹੈ। ਐਜੂਕੇਸ਼ਨ ਵੀ ਬਹੁਤ ਇੰਪਾਰਟੈਂਟ ਹੈ। ਇਸ ਦੇ ਬਗੈਰ ਤਰੱਕੀ ਨਹੀਂ ਹੋ ਸਕਦੀ। ਪਿਛਲੀ ਸਰਕਾਰ ਵੇਲੇ ਕਿਤੇ ਪੂਰੇ ਟੀਚਰਜ਼ ਨਹੀਂ ਸਨ, ਕੋਈ ਇਨਫਰਾਸਟਰਕਚਰ ਨਹੀਂ ਸੀ, ਕੋਈ ਫਰਨੀਚਰ ਸਕੂਲਾਂ ਵਿੱਚ ਨਹੀਂ ਸੀ, ਪੀਣ ਦੇ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ, ਸਾਰਾ ਢਾਂਚਾ ਤਹਿਸ-ਨਹਿਸ ਹੋ ਗਿਆ ਸੀ। ਅਸੀਂ ਪਿਛਲੇ ਸਾਲ ਹੀ 142 ਕਰੋੜ ਰੁਪਏ ਖਰਚ ਕਰਕੇ 351 ਸਕੂਲਾਂ ਵਿੱਚ ਇਨ੍ਹਾਂ ਸਾਰੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ ਹੈ। 14 ਹਜ਼ਾਰ ਟੀਚਰ ਰਿਕਰੂਟ ਕੀਤੇ ਹਨ, ਹੋਰ ਵੀ ਕਰਾਂਗੇ ਪਰ ਹੁਣ ਕੋਡ ਲੱਗ ਗਿਆ ਹੈ। ਮੈਂ ਇੰਨਾ ਕਹਿਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਕੋਈ ਵੀ ਸਕੂਲ ਪੰਜਾਬ ਵਿੱਚ ਬਗੈਰ ਟੀਚਰ ਦੇ ਨਹੀਂ ਰਹੇਗਾ। ਕੋਈ ਸਕੂਲ ਅਜਿਹਾ ਨਹੀਂ ਹੋਵੇਗਾ ਜਿੱਥੇ ਬਿਲਡਿੰਗ ਨਾ ਹੋਵੇ, ਪੀਣ ਦਾ ਪਾਣੀ ਨਾ ਹੋਵੇ, ਫਰਨੀਚਰ ਨਾ ਹੋਵੇ। ਕੋਸ਼ਿਸ਼ ਕਰਾਂਗੇ ਕਿ ਇਸ ਤਰ੍ਹਾਂ ਦੇ ਸਕੂਲ ਬਣਾਈਏ ਕਿ ਜਿਸ ਤਰ੍ਹਾਂ ਗਰੀਬਾਂ ਦੇ ਬੱਚੇ ਅੱਜ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ, ਅਮੀਰਾਂ ਦੇ ਬੱਚੇ ਵੀ ਇਨ੍ਹਾਂ ਸਕੂਲਾਂ ਵਿੱਚ ਪੜ੍ਹਨ। ਇਨ੍ਹਾਂ ਸਕੂਲਾਂ ਨੂੰ ਇੰਨਾ ਵਧੀਆ ਬਣਾਵਾਂਗੇ। ਇਸੇ ਤਰ੍ਹਾਂ ਹਰ ਹਲਕੇ ਵਿੱਚ ਇੱਕ ਆਦਰਸ਼ ਸਕੂਲ ਦੇਣਾ ਹੈ। ਮੈਂ ਮੰਨਦਾ ਹਾਂ ਕਿ ਇਸ ਵਿੱਚ ਦੇਰੀ ਹੋ ਗਈ ਹੈ ਪਰ ਅਸੀਂ ਦ੍ਰਿੜ੍ਹ ਹਾਂ ਕਿ ਇਹ ਬਣਾਵਾਂਗੇ। 21 ਸਾਡੇ ਐਜੂਕੇਸ਼ਨਲੀ ਬੈਕਵਰਡ ਬਲਾਕਸ ਹਨ, ਉਨ੍ਹਾਂ ਵਿੱਚ ਨਵੇਂ ਸਕੂਲ ਖੋਲ੍ਹਣੇ ਹਨ ਜਿਹੜੇ ਕਿ ਚੰਗੇ ਸਟੈਂਡਰਡ ਦੇ ਸਕੂਲ ਹੋਣਗੇ। ਬੱਚੀਆਂ ਵਾਸਤੇ ਹੋਸਟਲ ਦਾ ਵੀ ਅਸੀਂ ਇੰਤਜ਼ਾਮ ਕਰਾਂਗੇ। ਕੰਪਿਊਟਰ ਐਜੂਕੇਸ਼ਨ ਵੀ ਬਹੁਤ ਜ਼ਰੂਰੀ ਹੈ। ਸਪੀਕਰ ਸਾਹਿਬ, ਅਸੀਂ ਫੈਸਲਾ ਕੀਤਾ ਹੈ ਕਿ 6ਵੀਂ ਤੋਂ 12ਵੀਂ ਕਲਾਸ ਤੱਕ ਅਸੀਂ ਸਾਰੇ ਸਕੂਲਾਂ ਵਿੱਚ ਕੰਪਿਊਟਰ ਐਜੂਕੇਸ਼ਨ ਦੇਣੀ ਹੈ ਅਤੇ 31 ਮਾਰਚ, 2009 ਨੂੰ ਪੰਜਾਬ ਵਿੱਚ 12ਵੀਂ ਜਮਾਤ ਤੱਕ ਕੋਈ ਅਜਿਹਾ ਸਕੂਲ ਨਹੀਂ ਹੋਵੇਗਾ ਜਿੱਥੇ ਕੰਪਿਊਟਰ ਦੀ ਤਾਲੀਮ ਨਾ ਦਿੱਤੀ ਜਾਵੇ। ਯੂਨੀਵਰਸਿਟੀਆਂ ਦੀ ਮੈਂ ਪਹਿਲੇ ਗੱਲ ਕਰ ਚੁੱਕਿਆ ਹਾਂ। ਅਸੀਂ 15 ਨਵੇਂ ਗੌਰਮਿੰਟ ਕਾਲਜ ਖੋਲ੍ਹੇ ਹਨ। ਪਿਛਲੀ ਕਾਂਗਰਸ ਸਰਕਾਰ ਸਮੇਂ 5 ਸਾਲਾਂ ਵਿੱਚ ਸਿਰਫ 5 ਕਾਲਜਾਂ ਲਈ ਕਾਗਜ਼ਾਂ ਵਿੱਚ ਮੰਜ਼ੂਰੀ ਦਿੱਤੀ ਸੀ। ਅਸੀਂ ਇਹ 15 ਕਾਲਿਜ ਨਵੇਂ ਖੋਲ੍ਹ ਰਹੇ ਹਾਂ, ਜਿਸ ਨਾਲ ਕਿ ਇਕ ਬਹੁਤ ਵੱਡਾ ਐਜੂਕੇਸ਼ਨ ਨੂੰ ਹੁਲਾਰਾ ਮਿਲੇਗਾ। ਇਕ ਪ੍ਰਾਈਵੇਟ ਯੂਨੀਵਰਸਿਟੀ ਵੀ ਬਣਾ ਰਹੇ ਹਾਂ ਤਾਂ ਕਿ ਨਵੀਂ ਇਨਵੈਸਟਮੈਂਟ ਨਾਲ ਪ੍ਰਾਈਵੇਟ ਯੂਨੀਵਰਸਿਟੀਆਂ ਬਣਨ। ਇਹ ਜਿੰਨੀਆਂ ਵੀ ਬਣਨਗੀਆਂ, ਇਸ ਨਾਲ ਪੰਜਾਬ ਨੂੰ ਫਾਇਦਾ ਹੋਏਗਾ। ਇਹ ਵੀ ਖਿਆਲ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਰੱਖਿਆ ਗਿਆ ਹੈ ਕਿ ਏਥੇ ਮਸ਼ਰੂਮਿੰਗ ਨਾ ਹੋਵੇ। ਇਸ ਵਾਸਤੇ ਵੀ ਚੀਫ ਸੈਕਟਰੀ ਸਾਹਿਬ ਦੇ ਅਧੀਨ ਇਕ ਕਮੇਟੀ ਬਣਾਈ ਗਈ ਹੈ। ਇਕ ਰਿਟਾਇਰਡ ਜੱਜ ਆਫ ਦੀ ਹਾਈ ਕੋਰਟ ਦੇ ਅਧੀਨ ਐਜੂਕੇਸ਼ਨਲ ਟ੍ਰਿਬਿਊਨਲ ਬਣਾਇਆ ਗਿਆ ਹੈ। ਪ੍ਰਾਈਵੇਟ ਸਕੂਲ ਅਤੇ ਏਡਿਡ ਕਾਲਜ ਵਾਲੇ ਕਿਸੇ ਨੂੰ ਜੇਕਰ ਕੋਈ ਦੁੱਖ ਤਕਲੀਫ ਹੋਏਗੀ ਤਾਂ ਉਹ ਉਥੇ ਆਪਣੀ ਗੱਲ ਕਰ ਸਕਣਗੇ। ਸਭ ਤੋਂ ਵੱਡੀ ਗੱਲ ਜਿਹੜੀ ਲੰਮੇ ਸਮੇਂ ਤੋਂ ਪਈ ਸੀ, Punjabi as an official language of the State ਕਰ ਦਿੱਤੀ ਗਈ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਹੈਲਥ ਦੀ ਗੱਲ ਹੈ। ਇਕ ਆਮ ਕਹਾਵਤ ਹੈ ਕਿ—

'If wealth is lost nothing is lost, if health is lost something is lost'

ਔਰ ਅਸੀਂ ਏਨੇ ਸਮੇਂ ਵਿੱਚ ਦੋ ਸੁਪਰ ਸਪੈਸਿਲਟੀ ਹਸਪਤਾਲ, ਇਕ ਮੁਹਾਲੀ ਵਿਚ 100 ਕਰੋੜ ਰੁਪਏ ਨਾਲ ਅਤੇ ਇਕ ਬਠਿੰਡਾ ਵਿਖੇ 100 ਕਰੋੜ ਰੁਪਏ ਨਾਲ ਖੋਲ੍ਹੇ ਹਨ। ਮੈਂ ਬੀਬੀ ਜੀ ਨੂੰ ਵੀ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਇਸ ਪਾਸੇ ਬੜੀ ਹਿੰਮਤ ਤੋਂ ਕੰਮ ਲਿਆ ਹੈ। ਅਸੀਂ ਦੇਖਿਆ ਕਿ ਪੰਜਾਬ ਵਿੱਚ ਡਾਕਟਰਾਂ ਦੀ ਕਮੀ ਹੈ। ਅਸੀਂ ਆ ਕੇ 93 ਸਪੈਸ਼ਲਿਸਟ ਡਾਕਟਰ ਭਰਤੀ ਕੀਤੇ ਔਰ ਹੋਰ ਵੀ ਭਰਤੀ ਕਰਨ ਜਾ ਰਹੇ ਹਾਂ। 19284 ਪੈਰਾ ਮੈਡੀਕਲ ਸਟਾਫ ਅਤੇ ਫੂਡ ਇੰਸਪੈਕਟਰ ਬੀਬੀ ਜੀ ਕਹਿੰਦੇ ਹਨ ਕਿ ਘੱਟ ਹਨ ਕਿਉਂਕਿ ਅਸੀਂ ਅਡੱਲਟ੍ਰੇਸ਼ਨ ਨੂੰ ਖਤਮ ਕਰਨਾ ਹੈ। ਇਕ ਹੋਰ ਬਹੁਤ ਹੀ ਚੰਗੀ ਯੋਜਨਾ ਹੈ, ਸਪੀਕਰ ਸਾਹਿਬ, 30 ਰੁਪਏ ਪ੍ਰਤੀ ਪਰਿਵਾਰ ਨੇ ਦੇਣਾ ਹੈ ਜਿਸ ਨਾਲ ਉਸ ਪਰਿਵਾਰ ਦਾ 30,000 ਰੁਪਏ ਦਾ ਬੀਮਾ ਹੋ ਜਾਣਾ ਹੈ। ਇਸ ਤੋਂ ਇਲਾਵਾ ਹਰ ਜ਼ਿਲ੍ਹੇ ਵਿੱਚ ਇਕ-ਇੱਕ ਮੋਬਾਈਲ ਯੂਨਿਟ ਵੀ ਤਿਆਰ ਕਰ ਰਹੇ ਹਾਂ ਕਿਉਂਕਿ ਡਰੱਗ ਮੈਨੇਸ ਬਹੁਤ ਹੈ। ਏਸੇ ਤਰ੍ਹਾਂ ਹੀ 100 ਬੈੱਡ ਹਸਪਤਾਲ ਵਿਚੋਂ 20 ਬੈੱਡ ਡੀਐਡਿਕਸ਼ਨ ਸੈਂਟਰ ਜਿਹੜੇ ਹਨ, ਉਨ੍ਹਾਂ ਵਾਸਤੇ ਅਤੇ 50 ਬੈੱਡ ਹਸਪਤਾਲ ਵਿੱਚੋਂ 10 ਬੈੱਡ ਇਸ ਕੰਮ ਲਈ ਰੱਖੇ ਜਾਣੇ ਹਨ। ਇਸ ਤੋਂ ਇਲਾਵਾ ਤਲਵੰਡੀ ਸਾਬੋ ਵਿੱਚ 20 ਬੈਡਿਡ ਹਸਪਤਾਲ ਬਣਾ ਰਹੇ ਹਾਂ ਔਰ ਇਸ ਨਾਲ ਹੈਲਥ ਵਾਲੇ ਪਾਸੇ ਇਕ ਇਨਕਲਾਬ ਆ ਜਾਵੇਗਾ।

ਸਪੀਕਰ ਸਾਹਿਬ, ਬਿਜਲੀ ਦੇ ਬਾਰੇ ਮੇਰੇ ਤੋਂ ਪਹਿਲਾਂ ਜਿਸ ਨੇ ਵੀ ਬੋਲਿਆ ਹੈ, ਸਾਰਿਆਂ ਨੇ ਇਸ ਤੇ ਬੋਲਿਆ ਹੈ ਕਿ ਬਿਜਲੀ ਪੈਦਾ ਕਰਨ ਵਿੱਚ ਪਿਛਲੀ ਸਰਕਾਰ ਨੇ ਆਪਣੀ ਜ਼ਿੰਮੇਂਵਾਰੀ ਨਹੀਂ ਨਿਭਾਈ। ਅਸੀਂ ਮਹਿਸੂਸ ਕਰਦੇ ਹਾਂ ਕਿ 33% ਬਿਜਲੀ ਜ਼ਰੂਰਤ ਨਾਲੋਂ ਸਾਡੇ ਕੋਲ ਘੱਟ ਹੈ। ਅਸੀਂ ਬਹੁਤ ਯਤਨ ਕਰਕੇ ਭਾਵੇਂ ਕਾਫੀ ਬਿਜਲੀ ਦਾ ਉਤਪਾਦਨ ਵਧਾਇਆ ਹੈ ਲੇਕਿਨ ਹੁਣ ਅਸੀਂ ਫਿਰ ਜੰਗੀ ਪੱਧਰ ਤੇ ਥਰਮਲ ਪਲਾਂਟ ਲਗਾ ਰਹੇ ਹਾਂ। ਰਾਜਪੁਰਾ, ਤਲਵੰਡੀ ਸਾਬੋ, ਗਿੱਦੜਬਾਹਾ, ਗੋਇੰਦਵਾਲ ਵਿਖੇ ਥਰਮਲ ਪਲਾਂਟ ਲਗਾਏ ਜਾਣਗੇ। ਲੌਂਗ ਟਰਮ ਪਾਵਰ ਪ੍ਰਾਜੈਕਟ ਐਗਰੀਮੈਂਟ ਵੀ ਕੀਤਾ ਹੈ। ਅਲਟਰਾ ਮੈਗਾ ਪਾਵਰ ਯੂਨਿਟ ਜਿਹੜੇ ਦੇਸ਼ ਵਿੱਚ ਲੱਗ ਰਹੇ ਹਨ ਉਨ੍ਹਾਂ ਵਿੱਚ ਵੀ ਹਿੱਸਾ ਪਾਇਆ ਹੈ। ਬਾਇਓ ਮਾਸ ਤੋਂ ਵੀ ਬਿਜਲੀ ਪੈਦਾ ਕਰਾਂਗੇ ਅਤੇ ਕੋਈ ਸਮਾਂ ਆਏਗਾ

Original with;
Punjab Vidhan Sabha
Digitized by;
Panjab Digital Library

ਜਦੋਂ ਕਿ ਪੰਜਾਬ ਦਾ ਸੂਬਾ ਇਸ ਸਰਕਾਰ ਦੀਆਂ ਕੋਸ਼ਿਸ਼ਾਂ ਦੇ ਨਾਲ ਬਿਜਲੀ ਦੇ ਖੇਤਰ ਵਿੱਚ ਸਰਪੱਲਸ ਹੋਏਗਾ। ਏਸੇ ਤਰ੍ਹਾਂ ਹੀ ਅਸੀਂ ਨਵੇਂ ਬਿਜਲੀ ਦੇ ਕੁਨੈਕਸ਼ਨ ਵੀ ਦਿੱਤੇ ਹਨ। ਢਾਣੀਆਂ ਨੂੰ ਵੀ ਕੁਨੈਕਸ਼ਨ ਦਿੱਤੇ ਹਨ।

ਇਸੇ ਤਰ੍ਹਾਂ ਹੀ ਰੋਡ ਤੇ ਵਾਟਰ ਸਪਲਾਈ ਵਾਲੇ ਪਾਸੇ ਵੀ ਸਾਡੀ ਸਰਕਾਰ ਨੇ ਬਹੁਤ ਕੰਮ ਕੀਤੇ ਹਨ। ਢੀਂਡਸਾ ਸਾਹਿਬ ਇਸ ਪਾਸੇ ਬਹੁਤ ਦਿਲਚਸਪੀ ਲੈ ਰਹੇ ਹਨ। ਦੋ ਸਾਲਾਂ ਵਿੱਚ ਇਨ੍ਹਾਂ ਨੇ 5490 ਕਿਲੋਮੀਟਰ ਨਵੀਆਂ ਸੜਕਾਂ ਅਤੇ ਰਿਪੇਅਰ ਆਫ ਲਿੰਕ ਰੋਡ ਦੋ ਸਾਲਾਂ ਵਿੱਚ 14552 ਕਿਲੋਮੀਟਰ ਕੀਤੇ ਹਨ। ਇਹ ਵੀ ਇਕ ਰਿਕਾਰਡ ਹੈ। ਫੋਰ-ਲੇਨਿੰਗ ਰੋਡ ਵੀ ਤਿਆਰ ਹੋ ਰਹੇ ਹਨ। ਨਵਾਂ ਆਰ.ਓ. ਸਿਸਟਮ ਵੀ ਲੱਗ ਰਿਹਾ ਹੈ। ਆਉਣ ਵਾਲੇ ਸਮੇਂ ਵਿੱਚ ਵਾਟਰ ਸਪਲਾਈ ਲਈ ਕੋਈ ਪੰਜਾਬ ਦਾ ਇਹੋ ਜਿਹਾ ਪਿੰਡ ਨਹੀਂ ਹੋਏਗਾ, ਜਿਸ ਵਿੱਚ ਕਿ ਵਧੀਆ ਪੀਣ ਵਾਲਾ ਪਾਣੀ ਮੁਹੱਈਆ ਨਾ ਹੋਵੇ। ਇਸੇ ਤਰ੍ਹਾਂ ਹੀ, ਸਪੀਕਰ ਸਾਹਿਬ, ਲੈਂਡ ਰੈਵੀਨਿਊ ਦੇ ਸਿਲਸਿਲੇ ਵਿੱਚ ਵੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਲੈਂਡ ਰੈਵੀਨਿਊ ਰਿਕਾਰਡ ਕੰਪਿਊਟਰਾਈਜ਼ ਕੀਤਾ ਜਾ ਰਿਹਾ ਹੈ, ਫਰਦ ਕੇਂਦਰ ਐਸਟੈਬਲਿਸ਼ ਕੀਤੇ ਜਾ ਰਹੇ ਹਨ। ਸਟੈਂਪ ਡਿਊਟੀ, ਜਿਹੜੀ ਪਹਿਲਾਂ 6% ਸੀ, ਉਹ ਵੀ ਘਟਾ ਕੇ 5% ਕਰ ਦਿੱਤੀ ਹੈ। ਪਹਿਲਾਂ ਇਹ ਹੁੰਦਾ ਸੀ ਕਿ ਜੇ ਕਿਸੇ ਪਿਓ ਨੇ ਆਪਣੇ ਬੱਚਿਆਂ ਦੇ ਨਾਂ ਤੇ ਆਪਣੀ ਜ਼ਮੀਨ ਟਰਾਂਸਫਰ ਕਰਨੀ ਹੁੰਦੀ ਸੀ ਤਾਂ ਉਹ ਡੈੱਥ ਤੋਂ ਬਾਅਦ ਹੀ ਫਰੀ ਟਰਾਂਸਫਰ ਹੁੰਦੀ ਸੀ ਔਰ ਜੇਕਰ ਉਸ ਨੇ ਪਹਿਲਾਂ ਕਰਨੀ ਹੁੰਦੀ ਸੀ ਤਾਂ ਉਸ ਨੂੰ ਇਸ ਵਾਸਤੇ ਖਰਚਾ ਕਰਨਾ ਪੈਂਦਾ ਸੀ। ਅਸੀਂ ਉਹ ਸਾਰਾ ਮੁਆਫ ਕਰ ਦਿੱਤਾ ਹੈ। ਅਰਬਨ ਰੈਜ਼ੀਡੈਂਟਸ ਦੀ ਵੀ ਪ੍ਰਾਪਰਟੀ ਜੇਕਰ ਹੋਵੇ, ਉਹ ਵੀ ਜੇਕਰ ਕਿਸੇ ਨੇ ਆਪਣੇ ਬੱਚਿਆਂ ਦੇ ਨਾਂ ਤੇ ਕਰਨੀ ਹੋਵੇ ਤਾਂ ਉਸ ਤੇ ਵੀ ਕੋਈ ਸਟੈਂਪ ਡਿਊਟੀ ਨਹੀਂ ਲਗੇਗੀ। ਜਦੋਂ ਅਸੀਂ ਜ਼ਮੀਨਾਂ ਐਕਵਾਇਰ ਕਰਦੇ ਹਾਂ, ਜਿਨ੍ਹਾਂ ਦੀਆ ਜ਼ਮੀਨਾਂ ਐਕਵਾਇਰ ਕਰਦੇ ਹਾਂ ਜਦੋਂ ਉਹ ਕਿਧਰੇ ਹੋਰ ਜਾ ਕੇ ਆਪਣੀਆਂ ਜ਼ਮੀਨਾਂ ਖਰੀਦਦੇ ਸਨ ਤਾਂ ਉਨ੍ਹਾਂ ਨੂੰ ਸਟੈਂਪ ਡਿਊਟੀ ਦੇਣੀ ਪੈਂਦੀ ਸੀ, ਹੁਣ ਉਹ ਨਹੀਂ ਦੇਣੀ ਪਵੇਗੀ। ਬਾਰਡਰ ਦੇ ਇਲਾਕੇ ਵਿੱਚ ਅਤੇ ਦਰਿਆਵਾਂ ਦੇ ਕਿਨਾਰਿਆਂ ਤੇ ਜਿਹੜੀਆਂ ਜ਼ਮੀਨਾਂ ਖਾਲੀ ਪਈਆਂ ਸਨ ਅਤੇ ਲੋਕਾਂ ਨੇ ਬੜੀ ਮਿਹਨਤ ਕਰਕੇ ਉਹ ਵਾਹੀਆਂ ਸਨ ਅਤੇ ਕਾਸ਼ਤ ਕੀਤੀ ਸੀ ਪਰ ਉਹ ਵਿਚਾਰੇ ਲੰਮੇ ਸਮੇਂ ਉਨ੍ਹਾਂ ਜ਼ਮੀਨਾਂ ਦੇ ਮਾਲਕ ਨਹੀਂ ਸਨ ਬਣ ਸਕੇ ਕਿਉਂਕਿ ਕਾਂਗਰਸੀਆਂ ਨੂੰ ਉਨ੍ਹਾਂ ਨਾਲ ਹਮਦਰਦੀ ਨਹੀਂ ਸੀ। ਅਸੀਂ 42195 ਏਕੜ ਜ਼ਮੀਨ ਦੇ ਉਨ੍ਹਾਂ ਲੋਕਾਂ ਨੂੰ ਮਾਲਕ ਬਣਾਇਆ ਹੈ। (ਥੰਪਿੰਗ)। ਇਸੇ ਤਰ੍ਹਾਂ ਬਰਨਾਲੇ ਕੋਲ ਜਿਹੜਾ ਕਿਸਾਨ ਐਜੀਟੇਸ਼ਨ ਹੋਇਆ ਸੀ ਅਤੇ ਉਸ ਐਜੀਟੇਸ਼ਨ ਵਿਚ ਜਿਹੜੇ ਮੈਂਬਰ ਮਾਰੇ ਗਏ ਸਨ, ਉਨ੍ਹਾਂ ਨੂੰ ਨੌਕਰੀ ਦੇਣ ਬਾਰੇ ਵੀ ਉਪਰਾਲਾ ਕੀਤਾ ਹੈ। ਇਕ ਹੋਰ ਵੱਡਾ ਸਟੈੱਪ ਅਸੀਂ ਲਿਆ ਹੈ ਕਿ ਜਦੋਂ ਫਸਲ ਦਾ ਟੋਟਲ ਨੁਕਸਾਨ ਹੋ ਜਾਂਦਾ ਹੈ ਤਾਂ ਕੇਵਲ 2000 ਰੁਪਿਆ ਪ੍ਰਤੀ ਏਕੜ ਮੁਆਵਜ਼ਾ ਮਿਲਦਾ ਸੀ, ਜਿਸ ਨੂੰ ਹੁਣ ਅਸੀਂ 5000 ਰੁਪਏ ਕੀਤਾ ਹੈ।

ਇਸ ਤੋਂ ਇਲਾਵਾ ਇਕ ਅਹਿਮ ਤਬਦੀਲੀ ਕੋਆਪਰੇਟਿਵ ਮਹਿਕਮੇ ਵਿੱਚ ਕੈਪਟਨ ਕੰਵਲਜੀਤ ਸਿੰਘ ਹੋਰਾਂ ਦੇ ਯਤਨਾਂ ਨਾਲ ਕੀਤੀ ਹੈ। ਇਨ੍ਹਾਂ ਨੇ ਬੜੀ ਬਰੀਕੀ ਵਿਚ ਜਾ ਕੇ ਸਭ ਤੋਂ ਜਿਹੜਾ ਵੱਡਾ ਮਸਲਾ ਹੱਲ ਕੀਤਾ ਹੈ ਉਹ ਇਹ ਹੈ, ਕਿ ਜਿਹੜੇ ਕਿਸਾਨ ਆਲੂ ਪੈਦਾ ਕਰਦੇ ਹਨ, ਇਸ ਵਾਰ ਆਲੂਆਂ ਦਾ ਗਲੱਟ ਆ ਗਿਆ ਅਤੇ ਲੋਕ ਸੜਕਾਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਉਤੇ ਆਲੂ ਸੁੱਟਣ ਲਈ ਮਜਬੂਰ ਸਨ। ਉਨ੍ਹਾਂ ਨੂੰ ਦੇਸ਼ ਅੰਦਰ ਫਰੇਟ ਸਬਸਿਡੀ 400 ਰੁਪਏ ਪ੍ਰਤੀ ਮੀ. ਟਨ ਅਤੇ ਜਿਨ੍ਹਾਂ ਨੇ ਬਾਹਰ ਭੇਜਣੇ ਹਨ, ਉਨ੍ਹਾਂ ਨੂੰ 1500 ਰੁਪਏ ਪ੍ਰਤੀ ਮੀ. ਟਨ ਦੇ ਰਹੇ ਹਾਂ। ਕੈਪਟਨ ਕੰਵਲਜੀਤ ਸਾਹਿਬ ਦੀ ਹਿੰਮਤ ਨਾਲ ਦੁਬਈ ਅਤੇ ਸ਼੍ਰੀਲੰਕਾ ਵਿਚ ਕਨਸਾਈਨਮੈਂਟ ਮਾਰਕਫੈੱਡ ਦੇ ਰਾਹੀਂ 2 ਮਾਰਚ, 2009 ਤੋਂ ਭੇਜਣੀ ਸ਼ੁਰੂ ਕੀਤੀ ਹੈ ਅਤੇ ਇਹ ਪਹਿਲੇ ਹਫਤੇ ਵਿਚ ਚਲੀਆਂ ਵੀ ਗਈਆਂ ਹਨ। ਇਸ ਤਰ੍ਹਾਂ ਦੇ ਫੈਸਲੇ ਉਹੀ ਮਨਿਸਟਰ ਲੈ ਸਕਦਾ ਹੈ ਜਿਹੜਾ ਕਿ ਆਪਣੇ ਮਹਿਕਮੇ ਨੂੰ ਚੰਗੀ ਤਰ੍ਹਾਂ ਜਾਣਦਾ ਹੋਵੇ। ਸਾਡਾ ਮਿਲਕਫੈੱਡ ਸਾਰੇ ਹਿੰਦੁਸਤਾਨ ਵਿਚ ਸਭ ਤੋਂ ਵੱਧ ਦੁੱਧ ਵਾਲਿਆਂ ਨੂੰ ਪ੍ਰਤੀ ਕਿਲੋ ਵੱਧ ਪੈਸੇ ਦਿੰਦਾ ਹੈ and thus it has become the second largest exporter of milk products in the country. ਸ਼ੂਗਰਫੈੱਡ ਬਾਰੇ ਅਸੀਂ ਜਾਣਦੇ ਹਾਂ ਕਿ ਸ਼ੂਗਰ ਮਿੱਲਾਂ ਬਿਲਕੁਲ ਥੱਲੇ ਬਹਿ ਗਈਆਂ ਸਨ। ਕੈਪਟਨ ਸਾਹਿਬ ਨੇ 9 ਕੋ-ਜੈਨਰੇਸ਼ਨ ਪਲਾਂਟ ਲਗਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਦੇ ਨਾਲ ਇਨ੍ਹਾਂ ਮਿੱਲਾਂ ਨੂੰ ਬੜਾ ਵੱਡਾ ਫਾਇਦਾ ਪਹੁੰਚੇਗਾ। ਭੋਗਪੁਰ ਗੰਨਾ ਮਿੱਲ ਦੀ ਮਸ਼ੀਨਰੀ ਨੂੰ ਅੱਪ-ਡੇਟ ਕੀਤਾ ਗਿਆ ਹੈ। ਇਕ ਭਾਈ ਘਨ੍ਹੱਈਆ ਸਕੀਮ ਚਲਾਈ ਗਈ ਹੈ। ਇਸ ਦੇ ਵਿਚ ਜਿਹੜੇ ਇਸ ਦੇ ਮੈਂਬਰ ਬਣਨਗੇ, ਉਨ੍ਹਾਂ ਨੂੰ ਇਲਾਜ ਲਈ ਦੋ ਲੱਖ ਰੁਪਏ ਮਿਲਣਗੇ। ਇਸੇ ਤਰ੍ਹਾਂ ਮਾਈ ਭਾਗੋ ਸਕੀਮ ਵੀ ਚਲਾਈ ਗਈ ਹੈ। ਸਭ ਤੋਂ ਵੱਡੀ ਗੱਲ ਇਕ ਇੰਟਰਨੈਸ਼ਨਲ ਕੋਆਪਰੇਟਿਵ ਅਲਾਇੰਸ ਨਾਲ ਐਮ.ਓ.ਯੂ. ਸਾਈਨ ਕੀਤਾ ਹੈ। ਉਨ੍ਹਾਂ ਦਾ ਚੇਅਰਮੈਨ ਵੀ ਇਥੇ ਆਇਆ ਸੀ ਅਤੇ ਉਹ ਇਥੇ ਪੰਜਾਬ ਵਿੱਚ ਇੱਕ ਇੰਟਰਨੈਸ਼ਨਲ ਲੈਵਲ ਦਾ ਟ੍ਰੇਨਿੰਗ ਸੈਂਟਰ ਖੋਲ੍ਹਣਗੇ।

ਸਪੀਕਰ ਸਾਹਿਬ, ਕਲਚਰ ਬੜੀ ਇੰਪਾਰਟੈਂਟ ਚੀਜ਼ ਹੈ। ਸਾਡਾ ਖਾਲਸਾ ਹੈਰੀਟੇਜ ਕੰਪਲੈਕਸ ਸਾਡੀ ਸਰਕਾਰ ਵੇਲੇ ਹੀ ਸ਼ੁਰੂ ਹੋਇਆ ਸੀ ਅਤੇ ਅਨੰਦਪੁਰ ਸਾਹਿਬ ਵਿਖੇ ਬਣ ਰਿਹਾ ਹੈ। ਉਹ ਇਸ ਸਾਲ ਦੇ ਅਖੀਰ ਵਿਚ ਆਮ ਲੋਕਾਂ ਦੇ ਦਰਸ਼ਨਾਂ ਲਈ ਖੁੱਲ੍ਹ ਜਾਵੇਗਾ। ਇਸ ਤੇ 250 ਕਰੋੜ ਰੁਪਏ ਦਾ ਖਰਚਾ ਆਇਆ ਹੈ। ਇਸ ਦੇ ਨਾਲ ਹੀ ਅਨੰਦਪੁਰ ਸਾਹਿਬ ਲਈ 90 ਕਰੋੜ ਰੁਪਏ ਅਤੇ ਤਲਵੰਡੀ ਸਾਬੋ ਵਿਖੇ 80 ਕਰੋੜ ਰੁਪਏ ਦਿੱਤੇ ਹਨ। ਅੱਜ ਕੱਲ੍ਹ ਤੁਸੀਂ ਜਿਸ ਪਾਸੇ ਵੀ ਧਿਆਨ ਦਿਉ ਜਿਵੇਂ, ਸਪੀਕਰ ਸਾਹਿਬ, ਇਥੇ ਜਿੰਨੀਆਂ ਕੁਰਬਾਨੀਆਂ ਹੋਈਆਂ ਹਨ, ਉਨੀਆਂ ਸੰਸਾਰ ਵਿੱਚ ਕਿਧਰੇ ਵੀ ਨਹੀਂ ਹੋਈਆਂ। ਵੱਡਾ ਘੱਲੂਘਾਰਾ ਕੁਪਰਹੀੜਾ (ਨੇੜੇ ਮਲੇਰਕੋਟਲਾ) ਵਿਚ 35000 ਬਜ਼ੁਰਗ, ਜਵਾਨ ਤੇ ਬੱਚੇ ਸ਼ਹੀਦ ਹੋਏ ਹਨ। ਉਥੇ ਸ਼ਹੀਦਾਂ ਦੀ ਯਾਦਗਾਰ ਬਣਾ ਰਹੇ ਹਾਂ। ਗੁਰਦਾਸਪੁਰ ਜ਼ਿਲ੍ਹੇ ਵਿੱਚ ਛੋਟਾ ਘੱਲੂਘਾਰਾ ਜਿਹੜਾ ਕਿ ਕਾਹਨੂੰਵਾਲ ਵਿਖੇ ਹੋਇਆ, ਉਥੇ ਵੀ ਯਾਦਗਾਰ ਬਣਾ ਰਹੇ ਹਾਂ। ਬਾਬਾ ਬੰਦਾ ਸਿੰਘ ਬਹਾਦਰ ਜਿਸ ਨੇ ਮੁਹਾਲੀ ਨੇੜੇ ਚੱਪੜਚਿੜੀ ਸਥਾਨ ਤੇ ਲੜਾਈ ਲੜੀ, ਗੁਰਦਾਸ ਨੰਗਲ ਅਤੇ ਸਰਹਿੰਦ ਵਿਖੇ ਦੀਵਾਨ ਟੋਡਰ ਮੱਲ ਦੀ ਯਾਦ ਵਿਚ ਵੀ ਯਾਦਗਾਰਾਂ ਬਣਾਈਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਵਾਸਤੇ 10 ਕਰੋੜ ਰੁਪਿਆ ਦਿੱਤਾ ਗਿਆ ਹੈ। ਸ਼ਹੀਦ ਭਗਤ ਸਿੰਘ ਮਿਊਜ਼ੀਅਮ ਵਾਸਤੇ 16 ਕਰੋੜ ਰੁਪਏ ਦਿੱਤੇ ਹਨ। ਸਰਦਾਰ ਇਸ਼ਮੀਤ ਸਿੰਘ, ਜਿਹੜਾ ਕਿ ਪੰਜਾਬ ਅਤੇ ਦੇਸ਼ ਦੀ ਸ਼ਾਨ ਸੀ, ਉਸ ਦੀ ਯਾਦ ਵਿਚ ਇਕ ਅਕੈਡਮੀ ਖੋਲ੍ਹ ਰਹੇ ਹਾਂ। ਹਰਪਾਲ ਟਿਵਾਣਾ ਦੀ ਯਾਦ ਵਿਚ ਪਟਿਆਲੇ ਵਿਚ ਨਾਟਕ ਅਕੈਡਮੀ ਬਣਾਈ ਜਾ ਰਹੀ ਹੈ।

Original with;
Punjab Vidhan Sabha
Digitized by;
Panjab Digital Library

ਸਭ ਤੋਂ ਅਹਿਮ ਗੱਲ ਹੈ ਇੰਪਲਾਇਮੈਂਟ ਜੈਨਰੇਸ਼ਨ ਦਾ ਮਹਿਕਮਾ ਖੋਲ੍ਹਣਾ ਕਿਉਂਕਿ ਸਾਡੇ ਬਹੁਤ ਬੇਰੁਜ਼ਗਾਰੀ ਹੈ ਅਤੇ ਅਸੀਂ ਆਪਣੇ ਮੈਨੀਫੈਸਟੋ ਵਿਚ ਵੀ ਇਹ ਲਿਖਿਆ ਸੀ ਕਿ ਇੰਪਲਾਇਮੈਂਟ ਜੈਨਰੇਸ਼ਨ ਦਾ ਮਹਿਕਮਾ ਬਣਾਵਾਂਗੇ। ਇਹ ਮਹਿਕਮਾ ਮੈਂ ਆਪਣੇ ਕੋਲ ਹੀ ਰੱਖਿਆ ਹੈ ਤਾਂ ਜੋ ਵੱਧ ਤੋਂ ਵੱਧ ਇਸ ਪਾਸੇ ਸਟੈਪਸ ਲਏ ਜਾਣ। ਇਸ ਅਧੀਨ ਹਰ ਜ਼ਿਲ੍ਹੇ ਵਿਚ ਇਕ-ਇਕ ਸਕਿੱਲ ਸੈਂਟਰ ਬਣਾਇਆ ਜਾ ਰਿਹਾ ਹੈ ਤਾਂ ਕਿ ਬੱਚੇ ਉਥੋਂ ਟਰੇਨਿੰਗ ਲੈ ਕੇ ਕਿਸੇ ਚੰਗੀਆਂ ਥਾਵਾਂ ਤੇ ਆਪਣੇ ਪੈਰਾਂ ਤੇ ਖੜ੍ਹ ਸਕਣ। ਫੌਜੀ ਟਰੇਨਿੰਗ ਲਈ ਸੀ-ਪਾਈਟ ਟਰੇਨਿੰਗ ਸੈਂਟਰ ਖੋਲ੍ਹ ਰਹੇ ਹਾਂ। 10 ਸੈਂਟਰ ਪਹਿਲਾਂ ਖੋਲ੍ਹੇ ਹੋਏ ਹਨ ਅਤੇ ਇਸਦਾ ਵੀ ਸਾਡੇ ਬੱਚਿਆਂ ਨੂੰ ਕਾਫੀ ਲਾਭ ਹੋਵੇਗਾ। ਟੂਰਿਜ਼ਮ ਵੀ ਇਕ ਚੰਗੀ ਚੀਜ਼ ਹੈ, ਉਸਦਾ ਵੀ ਮਾਸਟਰ ਪਲਾਨ ਬਣਾਇਆ ਗਿਆ ਹੈ। ਯੂਨਾਈਟਿਡ ਨੇਸ਼ਨਜ਼ ਵਰਲਡ ਟੂਰਿਜ਼ਮ ਦੇ ਨਾਲ ਰਲ ਕੇ ਲਗਜ਼ਰੀ ਟਰੇਨ ਤੇ 35 ਕਰੋੜ ਰੁਪਏ ਲੱਗਣੇ ਹਨ। ਇਸਦਾ ਹਿੱਸਾ ਬਣਨ ਲਈ ਕੋਕਸ ਐਂਡ ਕਿੰਗਜ਼ ਅਤੇ ਟਾਟਾ ਗਰੁੱਪ ਵਾਲੇ ਸਾਡੇ ਨਾਲ ਐਮ.ਓ.ਯੂ. ਸਾਈਨ ਕਰ ਰਹੇ ਹਨ। ਹੋਟਲ ਮੈਨੇਜਮੈਂਟ ਲਈ ਵੀ ਅਸੀਂ ਬਠਿੰਡਾ ਅਤੇ ਹੁਸ਼ਿਆਰਪੁਰ ਵਿੱਚ ਸੈਂਟਰ ਖੋਲ੍ਹੇ ਹਨ। ਇਸ ਤਰ੍ਹਾਂ ਪਬਲਿਕ ਨੇ ਸਾਡੇ ਤੇ ਸਾਰੀਆਂ ਮੰਗਾਂ ਵਾਸਤੇ ਜੋ ਭਰੋਸਾ ਕੀਤਾ ਹੈ, ਉਸ ਨੂੰ ਬਰਕਰਾਰ ਰੱਖਣ ਵਾਸਤੇ ਅਸੀਂ ਕੋਈ ਕਸਰ ਨਹੀਂ ਛੱਡਾਂਗੇ।

ਅਖੀਰ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਪਵਿੱਤਰ ਸਦਨ ਵਿੱਚ ਸਾਰੀਆਂ ਸਿਆਸੀ ਪਾਰਟੀਆਂ ਅਤੇ ਅਲੱਗ-ਅਲੱਗ ਵਿਚਾਰਧਾਰਾ ਰੱਖਣ ਵਾਲੀਆਂ ਜਥੇਬੰਦੀਆਂ ਨੂੰ ਮੈਂ ਦਿਲੋਂ ਅਪੀਲ ਕਰਦਾ ਹਾਂ ਕਿ ਆਪਾਂ ਸਾਰੇ ਰਲ ਮਿਲ ਕੇ ਕੰਮ ਕਰੀਏ ਅਤੇ ਮਹਾਨ ਗੁਰੂਆਂ, ਰਿਸ਼ੀਆਂ, ਮੁਨੀਆਂ ਅਤੇ ਪੀਰ-ਪੈਗੰਬਰਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਮੈਂ ਸੱਚੇ ਦਿਲੋਂ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਾ ਹਾਂ। ਸਾਡੀ ਸਰਕਾਰ ਸਾਰਿਆਂ ਨਾਲ ਅਤੇ ਵਿਸ਼ੇਸ਼ ਕਰਕੇ ਆਪੋਜ਼ੀਸ਼ਨ ਨਾਲ ਬਹੁਤ ਹੀ ਸਤਿਕਾਰ ਭਾਵਨਾ ਨਾਲ (ਥੰਪਿੰਗ) ਪੰਜਾਬ ਦੀ ਤਰੱਕੀ, ਖੁਸ਼ਹਾਲੀ, ਅਮਨ ਅਤੇ ਸ਼ਾਂਤੀ ਲਈ ਕੰਮ ਕਰਨ ਨੂੰ ਸਭ ਤੋਂ ਵੱਧ ਪਹਿਲ ਦਿੰਦੀ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਸਮੂਹ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਮਾਨਯੋਗ ਗਵਰਨਰ ਸਾਹਿਬ ਵੱਲੋਂ 27 ਫਰਵਰੀ, 2009 ਨੂੰ ਜੋ ਭਾਸ਼ਣ ਸਦਨ ਵਿੱਚ ਦੇਣ ਦੀ ਕਿਰਪਾਲਤਾ ਕੀਤੀ ਗਈ ਸੀ, ਉਸ ਲਈ ਪੇਸ਼ ਕੀਤੇ ਗਏ ਧੰਨਵਾਦ ਦੇ ਮਤੇ ਨੂੰ ਸਰਬ-ਸੰਮਤੀ ਨਾਲ ਪਾਸ ਕੀਤਾ ਜਾਵੇ। (ਥੰਪਿੰਗ)

**ਮਾਨਯੋਗ ਸਪੀਕਰ** : ਹੁਣ ਮੈਂ ਸਰਦਾਰ ਵਿਰਸਾ ਸਿੰਘ ਵਲਟੋਹਾ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਸਰਦਾਰ ਅਮਰਜੀਤ ਸਿੰਘ ਸਾਹੀ, ਐਮ.ਐਲ.ਏ. ਵੱਲੋਂ ਪ੍ਰੋੜ੍ਹਤਾ ਕੀਤੇ ਗਏ ਧੰਨਵਾਦ ਮਤੇ ਨੂੰ ਸਦਨ ਦੀ ਵੋਟ ਲਈ ਪੇਸ਼ ਕਰਦਾ ਹਾਂ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

"ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ-ਪੱਤਰ ਪੇਸ਼ ਕੀਤਾ ਜਾਵੇ—

> "ਕਿ ਇਸ ਸਮਾਗਮ ਵਿੱਚ ਇੱਕਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 27 ਫਰਵਰੀ, 2009 ਨੂੰ ਸਦਨ ਵਿੱਚ ਦੇਣ ਦੀ ਕਿਰਪਾਲਤਾ ਕੀਤੀ।"

*ਪ੍ਰਸਤਾਵ ਸਰਬ-ਸੰਮਤੀ ਨਾਲ ਪ੍ਰਵਾਨ ਹੋਇਆ।*

---

Original with;
Punjab Vidhan Sabha
Digitized by;
Panjab Digital Library

# MOTION REGARDING CONSTITUTION OF ELECTED COMMITTEES FOR THE YEAR 2009-2010

**ਮਾਨਯੋਗ ਸਪੀਕਰ :** ਅਗਲੀ ਆਈਟਮ। ਸਾਲ 2009-10 ਲਈ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ। ਸੰਸਦੀ ਮਾਮਲਿਆ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ–

ਕਿਉਂਜੋ ਸਾਲ 2009-10 ਲਈ–

(1) ਲੋਕ ਲੇਖਾ ਕਮੇਟੀ;

(2) ਅਨੁਮਾਨ ਕਮੇਟੀ;

(3) ਸਰਕਾਰੀ ਕਾਰੋਬਾਰ ਕਮੇਟੀ; ਅਤੇ

(4) ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ;

ਲਈ ਚੋਣਾਂ 31 ਮਾਰਚ, 2009 ਤੋਂ ਪਹਿਲਾਂ ਕੀਤੀਆਂ ਜਾਂਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2009-10 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸ ਦੇ ਉਲਟ ਹੋਣ, ਮੁਅੱਤਲ ਰਹਿਣਗੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਕਿਉਂਜੋ ਸਾਲ 2009-10 ਲਈ–

(1) ਲੋਕ ਲੇਖਾ ਕਮੇਟੀ ;

(2) ਅਨੁਮਾਨ ਕਮੇਟੀ ;

(3) ਸਰਕਾਰੀ ਕਾਰੋਬਾਰ ਕਮੇਟੀ; ਅਤੇ

Original with;
Punjab Vidhan Sabha
Digitized by;
Panjab Digital Library

(4) ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ;

ਲਈ ਚੋਣਾਂ 31 ਮਾਰਚ, 2009 ਤੋਂ ਪਹਿਲਾਂ ਕੀਤੀਆਂ ਜਾਂਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2009-10 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸ ਦੇ ਉਲਟ ਹੋਣ, ਮੁਅੱਤਲ ਰਹਿਣਗੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਕਿਉਂਜੋ ਸਾਲ 2009-10 ਲਈ—

(1) ਲੋਕ ਲੇਖਾ ਕਮੇਟੀ ;

(2) ਅਨੁਮਾਨ ਕਮੇਟੀ ;

(3) ਸਰਕਾਰੀ ਕਾਰੋਬਾਰ ਕਮੇਟੀ; ਅਤੇ

(4) ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ;

ਲਈ ਚੋਣਾਂ 31 ਮਾਰਚ, 2009 ਤੋਂ ਪਹਿਲਾਂ ਕੀਤੀਆਂ ਜਾਂਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2009-10 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸ ਦੇ ਉਲਟ ਹੋਣ, ਮੁਅੱਤਲ ਰਹਿਣਗੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

---

Original with;
Punjab Vidhan Sabha
Digitized by;
Panjab Digital Library

## LEGISLATIVE BUSINESS

## 1. THE INDUSTRIAL DISPUTES (PUNJAB AMENDMENT) BILL, 2009

**ਮਾਨਯੋਗ ਸਪੀਕਰ** : ਮੰਤਰੀ ਜੀ ਬਿਲ ਪੇਸ਼ ਕਰਨਗੇ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ)** : ਸ਼੍ਰੀਮਾਨ ਜੀ, ਮੈਂ ਉਦਯੋਗਿਕ ਝਗੜੇ (ਪੰਜਾਬ ਸੋਧਨਾ) ਬਿਲ, 2009 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ—

ਕਿ ਉਦਯੋਗਿਕ ਝਗੜੇ (ਪੰਜਾਬ ਸੋਧਨਾ) ਬਿਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ—

ਕਿ ਉਦਯੋਗਿਕ ਝਗੜੇ (ਪੰਜਾਬ ਸੋਧਨਾ) ਬਿਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਉਦਯੋਗਿਕ ਝਗੜੇ (ਪੰਜਾਬ ਸੋਧਨਾ) ਬਿਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਕਲਾਜ਼ 2**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

Original with;
Punjab Vidhan Sabha
Digitized by;
Panjab Digital Library

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਸੰਸਦੀ ਮਾਮਲੇ, ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਤਿਕਸ਼ਨ ਸੂਦ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ—

ਕਿ ਉਦਯੋਗਿਕ ਝਗੜੇ (ਪੰਜਾਬ ਸੋਧਨਾ) ਬਿਲ, 2009 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ—

ਕਿ ਉਦਯੋਗਿਕ ਝਗੜੇ (ਪੰਜਾਬ ਸੋਧਨਾ) ਬਿਲ, 2009 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਉਦਯੋਗਿਕ ਝਗੜੇ (ਪੰਜਾਬ ਸੋਧਨਾ) ਬਿਲ, 2009 ਪਾਸ ਕੀਤਾ ਜਾਵੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

---

## 2. THE PUNJAB PACKAGE DEAL PROPERTIES (DISPOSAL) AMENDMENT BILL, 2009

**ਮਾਨਯੋਗ ਸਪੀਕਰ** : ਮਾਲ ਤੇ ਮੁੜ ਵਸੇਬਾ ਮੰਤਰੀ ਪੰਜਾਬ ਜਾਇਦਾਦਾਂ ਨਾਲ ਸਬੰਧਤ ਪੈਕੇਜ ਡੀਲ (ਨਿਪਟਾਰਾ) ਸੋਧਨਾ ਬਿੱਲ ਪੇਸ਼ ਕਰਨ।

**ਮਾਲ ਤੇ ਮੁੜ ਵਸੇਬਾ ਅਤੇ ਸੰਕਟ ਪ੍ਰਬੰਧ ਮੰਤਰੀ (ਸਰਦਾਰ ਅਜੀਤ ਸਿੰਘ ਕੋਹਾੜ)** : ਸ਼੍ਰੀਮਾਨ ਜੀ, ਮੈਂ ਪੰਜਾਬ ਜਾਇਦਾਦਾਂ ਨਾਲ ਸਬੰਧਤ ਪੈਕੇਜ ਡੀਲ (ਨਿਪਟਾਰਾ) ਸੋਧਨਾ ਬਿੱਲ, 2009 ਪੇਸ਼ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

[ਮਾਲ ਤੇ ਮੁੜ ਵਸੇਬਾ ਅਤੇ ਸੰਕਟ ਪ੍ਰਬੰਧ ਮੰਤਰੀ]

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਜਾਇਦਾਦਾਂ ਨਾਲ ਸਬੰਧਤ ਪੈਕੇਜ ਡੀਲ (ਨਿਪਟਾਰਾ) ਸੋਧਨਾ ਬਿੱਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ—

ਕਿ ਪੰਜਾਬ ਜਾਇਦਾਦਾਂ ਨਾਲ ਸਬੰਧਤ ਪੈਕੇਜ ਡੀਲ (ਨਿਪਟਾਰਾ) ਸੋਧਨਾ ਬਿੱਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ।

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ—

ਕਿ ਪੰਜਾਬ ਜਾਇਦਾਦਾਂ ਨਾਲ ਸਬੰਧਤ ਪੈਕੇਜ ਡੀਲ (ਨਿਪਟਾਰਾ) ਸੋਧਨਾ ਬਿੱਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼ਵਾਰ ਵਿਚਾਰ ਕਰੇਗਾ ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ—

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਕਲਾਜ਼ਾਂ 2 ਅਤੇ 3**

**ਮਾਨਯੋਗ ਸਪੀਕਰ :** ਕਿਉਂਕਿ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇੱਕਠੀਆਂ ਹੀ ਸਦਨ ਦੀ ਵੋਟ ਲਈ ਲੈ ਲਈਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ—

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

Original with;
Punjab Vidhan Sabha
Digitized by;
Panjab Digital Library

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਮੰਤਰੀ ਜੀ ਬਿੱਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਮਾਲ ਤੇ ਮੁੜ ਵਸੇਬਾ ਅਤੇ ਸੰਕਟ ਪ੍ਰਬੰਧ ਮੰਤਰੀ (ਸਰਦਾਰ ਅਜੀਤ ਸਿੰਘ ਕੋਹਾੜ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਜਾਇਦਾਦਾਂ ਨਾਲ ਸਬੰਧਤ ਪੈਕੇਜ ਡੀਲ (ਨਿਪਟਾਰਾ) ਸੋਧਨਾ ਬਿੱਲ, 2009 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ—

ਕਿ ਪੰਜਾਬ ਜਾਇਦਾਦਾਂ ਨਾਲ ਸਬੰਧਤ ਪੈਕੇਜ ਡੀਲ (ਨਿਪਟਾਰਾ) ਸੋਧਨਾ ਬਿੱਲ, 2009 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਪੰਜਾਬ ਜਾਇਦਾਦਾਂ ਨਾਲ ਸਬੰਧਤ ਪੈਕੇਜ ਡੀਲ (ਨਿਪਟਾਰਾ) ਸੋਧਨਾ ਬਿੱਲ, 2009 ਪਾਸ ਕੀਤਾ ਜਾਵੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

---

## 3. THE PUNJAB TAX ON LUXURIES BILL, 2009
## (Replacing Ordinance)

**ਮਾਨਯੋਗ ਸਪੀਕਰ** : ਮੁੱਖ ਮੰਤਰੀ ਜੀ ਪੰਜਾਬ ਸੁੱਖ ਸਾਧਨ ਤੇ ਕਰ ਬਿੱਲ, 2009 ਪੇਸ਼ ਕਰਨ।

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਪੰਜਾਬ ਸੁੱਖ ਸਾਧਨ ਤੇ ਕਰ ਬਿੱਲ, 2009 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਸੁੱਖ ਸਾਧਨ ਤੇ ਕਰ ਬਿੱਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ—

ਕਿ ਪੰਜਾਬ ਸੁੱਖ ਸਾਧਨ ਤੇ ਕਰ ਬਿੱਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ।

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ—

ਕਿ ਪੰਜਾਬ ਸੁੱਖ ਸਾਧਨ ਤੇ ਕਰ ਬਿੱਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ ।

**ਕਲਾਜ਼ 1 ਦੀ ਸਬ-ਕਲਾਜ਼ (2)**

ਮਾਨਯੋਗ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਕਲਾਜ਼ 2 ਤੋਂ 49**

ਮਾਨਯੋਗ ਸਪੀਕਰ : ਕਿਉਂਕਿ ਕਲਾਜ਼ਾਂ 2 ਤੋਂ 49 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇੱਕਠੀਆਂ ਹੀ ਸਦਨ ਦੀ ਵੋਟ ਲਈ ਲੈ ਲਈਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ)

ਮਾਨਯੋਗ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ਾਂ 2 ਤੋਂ 49 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ-ਕਲਾਜ਼ (1)**

ਮਾਨਯੋਗ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਸਿਰਲੇਖ**

ਮਾਨਯੋਗ ਸਪੀਕਰ : ਪ੍ਰਸ਼ਨ ਹੈ—

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਹੁਣ ਮੁੱਖ ਮੰਤਰੀ ਜੀ ਬਿੱਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਸੁੱਖ ਸਾਧਨ ਤੇ ਕਰ ਬਿੱਲ, 2009 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ—

ਕਿ ਪੰਜਾਬ ਸੁੱਖ ਸਾਧਨ ਤੇ ਕਰ ਬਿੱਲ, 2009 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਪੰਜਾਬ ਸੁੱਖ ਸਾਧਨ ਤੇ ਕਰ ਬਿੱਲ, 2009 ਪਾਸ ਕੀਤਾ ਜਾਵੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

---

## 4. THE PUNJAB ENTERTAINEMENTS TAX (CINEMATOGRAPH SHOWS) AMENDMENT BILL, 2009 (Replacing Ordinance)

**ਮਾਨਯੋਗ ਸਪੀਕਰ** : ਇਸ ਤੋਂ ਅਗਲਾ ਬਿਲ, ਪੰਜਾਬ ਮਨੋਰੰਜਨ ਕਰ (ਸਿਨੇਮੈਟੋਗਰਾਫਜ਼ ਸ਼ੋਅਜ਼) ਸੋਧਨਾ ਬਿਲ, 2009 । ਹਾਂ ਜੀ, ਸੀ.ਐਮ. ਸਾਹਿਬ।

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਪੰਜਾਬ ਮਨੋਰੰਜਨ ਕਰ (ਸਿਨੇਮੈਟੋਗਰਾਫਜ਼ ਸ਼ੋਅਜ਼) ਸੋਧਨਾ ਬਿਲ, 2009 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਮਨੋਰੰਜਨ ਕਰ (ਸਿਨੇਮੈਟੋਗਰਾਫਜ਼ ਸ਼ੋਅਜ਼) ਸੋਧਨਾ ਬਿਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ—

ਕਿ ਪੰਜਾਬ ਮਨੋਰੰਜਨ ਕਰ (ਸਿਨੇਮੈਟੋਗਰਾਫਜ਼ ਸ਼ੋਅਜ਼) ਸੋਧਨਾ ਬਿਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ । ਕੋਈ ਨਹੀਂ।

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਪੰਜਾਬ ਮਨੋਰੰਜਨ ਕਰ (ਸਿਨੇਮੈਟੋਗਰਾਫਜ਼ ਸ਼ੋਅਜ਼) ਸੋਧਨਾ ਬਿਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਕਲਾਜ਼ਾਂ 2 ਅਤੇ 3**

**ਮਾਨਯੋਗ ਸਪੀਕਰ** : ਕਿਉਂਕਿ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇੱਕਠੀਆਂ ਹੀ ਸਦਨ ਦੀ ਵੋਟ ਲਈ ਲੈ ਲਈਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਮੁੱਖ ਮੰਤਰੀ ਸਾਹਿਬ ਪ੍ਰਸਤਾਵ ਪੇਸ਼ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਮਨੋਰੰਜਨ ਕਰ (ਸਿਨੇਮੈਟੋਗਰਾਫਿਕ ਸ਼ੋਅਜ਼) ਸੋਧਨਾ ਬਿਲ, 2009 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ—

ਕਿ ਪੰਜਾਬ ਮਨੋਰੰਜਨ ਕਰ (ਸਿਨੇਮੈਟੋਗਰਾਫਿਕ ਸ਼ੋਅਜ਼) ਸੋਧਨਾ ਬਿਲ, 2009 ਪਾਸ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

ਮਾਨਯੋਗ ਸਪੀਕਰ : ਪ੍ਰਸ਼ਨ ਹੈ—

ਕਿ ਪੰਜਾਬ ਮਨੋਰੰਜਨ ਕਰ (ਸਿਨੇਮੈਟੋਗਰਾਫਜ਼ ਸ਼ੋਅਜ਼) ਸੋਧਨਾ ਬਿਲ, 2009 ਪਾਸ ਕੀਤਾ ਜਾਵੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

---

## 5. THE PUNJAB PRESERVATION OF SUB-SOIL WATER BILL, 2009

**ਮਾਨਯੋਗ ਸਪੀਕਰ** : ਅਗਲਾ ਬਿਲ, ਪੰਜਾਬ ਧਰਾਤਲ ਦੇ ਹੇਠਾਂ ਦੇ ਪਾਣੀ ਦੀ ਸਾਂਭ-ਸੰਭਾਲ, ਬਿਲ, 2009, ਹਾਂ ਜੀ ਖੇਤੀਬਾੜੀ ਮੰਤਰੀ ਜੀ।

**ਖੇਤੀਬਾੜੀ ਮੰਤਰੀ (ਸਰਦਾਰ ਸੁੱਚਾ ਸਿੰਘ ਲੰਗਾਹ)** : ਸ਼੍ਰੀਮਾਨ ਜੀ, ਮੈਂ ਪੰਜਾਬ ਧਰਾਤਲ ਦੇ ਹੇਠਾਂ ਦੇ ਪਾਣੀ ਦੀ ਸਾਂਭ-ਸੰਭਾਲ, ਬਿਲ, 2009 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਧਰਾਤਲ ਦੇ ਹੇਠਾਂ ਦੇ ਪਾਣੀ ਦੀ ਸਾਂਭ-ਸੰਭਾਲ, ਬਿਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ—

ਕਿ ਪੰਜਾਬ ਧਰਾਤਲ ਦੇ ਹੇਠਾਂ ਦੇ ਪਾਣੀ ਦੀ ਸਾਂਭ-ਸੰਭਾਲ, ਬਿਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ । ਹਾਂ ਜੀ, ਬਾਠ ਸਾਹਿਬ।

**ਕੈਪਟਨ ਬਲਬੀਰ ਸਿੰਘ ਬਾਠ (ਸ਼੍ਰੀ ਹਰਗੋਬਿੰਦਪੁਰ)** : ਸਪੀਕਰ ਸਾਹਿਬ, ਇਸ ਬਿਲ ਦੇ ਵਿਚ ਜਿਹੜੇ ਮੁੱਢਲੇ ਸ਼ਬਦ ਲਿਖੇ ਗਏ ਹਨ ਕਿ ਪੰਜਾਬ ਧਰਾਤਲ ਹੇਠ ਪਾਣੀ ਦੀ ਸਾਂਭ-ਸੰਭਾਲ, ਬਿਲ, 2009, ਅਧਿਸੂਚਿਤ ਮਿਤੀਆਂ ਤੋਂ ਪਹਿਲਾਂ ਝੋਨੇ ਦੀ ਪਨੀਰੀ ਦੀ ਬਿਜਾਈ ਅਤੇ ਟਰਾਂਸਪਲੇਟੇਸ਼ਨ ਰੋਕਣ ਲਈ ਚੰਗਾ ਹੋਵੇਗਾ ਜੇਕਰ ਇਸ ਦੇ ਵਿੱਚ ਕਣਕ ਦੀ ਨਾੜ ਤੇ ਝੋਨੇ ਦੀ ਪਰਾਲੀ ਨੂੰ ਨਾ ਸਾੜਨ ਦਾ ਸ਼ਬਦ ਵੀ ਜੋੜਿਆ ਜਾਵੇ। ਸ਼ਬਦ ਇੰਨੇ ਕੁ ਹੀ ਹਨ ਪਰ ਇਹ ਵੀ ਉਤਨੇ ਹੀ ਇੰਪਾਰਟੈਂਟ ਹਨ ਜਿੰਨੇ ਕੁ ਪਾਣੀ ਨੂੰ ਰੋਕਣ ਦੇ ਬਾਰੇ ਹਨ। ਇਸ ਦੇ ਨਾਲ ਇਹ ਵੀ ਜੋੜ ਲਿਆ ਜਾਵੇ ਤਾਂ ਇਹ ਹਿੱਸਾ ਬਣ ਜਾਵੇਗਾ। ਰੈਜ਼ੋਲਿਊਸ਼ਨ ਤਾਂ ਹਾਲੇ ਪਾਸ ਨਹੀਂ ਹੋਇਆ। ਇਸ ਦੇ ਨਾਲ ਹੀ ਨੰ: 2 ਕਲਾਜ਼ ਹੈ ਕਿ ਪੰਜਾਬ ਵਿੱਚ ਖੁਸ਼ਕ ਝੋਨੇ ਦੀ ਰਵਾਇਤ ਬਣਦੀ ਜਾ ਰਹੀ ਹੈ। ਇਸ ਨਾਲ ਇਹ ਸ਼ਬਦ ਜੋੜ ਲਏ ਜਾਣ, ਲੰਗਾਹ ਸਾਹਿਬ, ਪੜ੍ਹ ਲਓ, ਖੁਸ਼ਕ ਝੋਨਾ ਸ਼ਬਦ ਜੋੜ ਲਏ ਜਾਣ ਤਾਂ ਕਿ ਇੱਕ ਮਹੀਨਾ ਪਹਿਲਾਂ ਬਿਜਾਈ ਦੀ ਇਜ਼ਾਜ਼ਤ ਦਿੱਤੀ ਜਾਵੇ।

**ਮਾਨਯੋਗ ਸਪੀਕਰ** : ਹਾਂ ਜੀ, ਇਹ ਸਵੀਕਾਰ ਹੋ ਗਿਆ ਹੈ, ਜਿਹੜੀ ਇਨ੍ਹਾਂ ਨੇ ਸਲਾਹ ਦਿੱਤੀ ਹੈ, ਇਸ ਨੂੰ ਨਾਲ ਜੋੜ ਲਿਆ ਜਾਵੇ।

Original with;
Punjab Vidhan Sabha
Digitized by;
Panjab Digital Library

**ਖੇਤੀਬਾੜੀ ਮੰਤਰੀ** : ਸਪੀਕਰ ਸਾਹਿਬ, ਇਹ ਆਰਡੀਨੈਂਸ ਦੇ ਨਾਲ ਆ ਜਾਵੇਗਾ। ਉਸ ਦਾ ਸਿਸਟਮ ਬਣਾ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ** : ਜੇਕਰ ਪ੍ਰਵਾਨ ਹੈ ਤਾਂ ਇਹ ਬਾਅਦ ਵਿੱਚ ਵੀ ਹੋ ਜਾਵੇਗਾ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਪੰਜਾਬ ਧਰਾਤਲ ਦੇ ਹੇਠਾਂ ਦੇ ਪਾਣੀ ਦੀ ਸਾਂਭ-ਸੰਭਾਲ, ਬਿਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਕਲਾਜ਼ਾਂ 2 ਤੋਂ 12**

**ਮਾਨਯੋਗ ਸਪੀਕਰ** : ਕਿਉਂਕਿ ਕਲਾਜ਼ਾਂ 2 ਤੋਂ 12 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇੱਕਠੀਆਂ ਹੀ ਸਦਨ ਦੀ ਵੋਟ ਲਈ ਲੈ ਲਈਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਕਲਾਜ਼ਾਂ 2 ਤੋਂ 12 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

*Original with;*
Punjab Vidhan Sabha
*Digitized by;*
Panjab Digital Library

ਖੇਤੀਬਾੜੀ ਮੰਤਰੀ (ਸਰਦਾਰ ਸੁੱਚਾ ਸਿੰਘ ਲੰਗਾਹ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਧਰਾਤਲ ਦੇ ਹੇਠਾਂ ਦੇ ਪਾਣੀ ਦੀ ਸਾਂਭ-ਸੰਭਾਲ ਬਿਲ, 2009 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ—

ਕਿ ਪੰਜਾਬ ਧਰਾਤਲ ਦੇ ਹੇਠਾਂ ਦੇ ਪਾਣੀ ਦੀ ਸਾਂਭ-ਸੰਭਾਲ ਬਿਲ, 2009 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ—

ਕਿ ਪੰਜਾਬ ਧਰਾਤਲ ਦੇ ਹੇਠਾਂ ਦੇ ਪਾਣੀ ਦੀ ਸਾਂਭ-ਸੰਭਾਲ ਬਿਲ, 2009 ਪਾਸ ਕੀਤਾ ਜਾਵੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

---

## 6. THE PUNJAB RURAL DEVELOPMENT (AMENDMENT) BILL, 2009

ਮਾਨਯੋਗ ਸਪੀਕਰ : ਮੰਤਰੀ ਜੀ।

ਖੇਤੀਬਾੜੀ ਮੰਤਰੀ (ਸਰਦਾਰ ਸੁੱਚਾ ਸਿੰਘ ਲੰਗਾਹ) : ਸ਼੍ਰੀਮਾਨ ਜੀ, ਮੈਂ ਪੰਜਾਬ ਦਿਹਾਤੀ ਵਿਕਾਸ (ਸੋਧਨਾ) ਬਿਲ, 2009 ਪੇਸ਼ ਕਰਦਾ ਹਾਂ—

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਦਿਹਾਤੀ ਵਿਕਾਸ (ਸੋਧਨਾ) ਬਿਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ—

ਕਿ ਪੰਜਾਬ ਦਿਹਾਤੀ ਵਿਕਾਸ (ਸੋਧਨਾ) ਬਿਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ—

ਕਿ ਪੰਜਾਬ ਦਿਹਾਤੀ ਵਿਕਾਸ (ਸੋਧਨਾ) ਬਿਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਸਰਵਸੰਮਤੀ ਨਾਲ ਪ੍ਰਵਾਨ ਹੋਇਆ।*

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਕਲਾਜ਼ 2**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਖੇਤੀਬਾੜੀ ਮੰਤਰੀ (ਸਰਦਾਰ ਸੁੱਚਾ ਸਿੰਘ ਲੰਗਾਹ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਦਿਹਾਤੀ ਵਿਕਾਸ (ਸੋਧਨਾ) ਬਿਲ, 2009 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ—

ਕਿ ਪੰਜਾਬ ਦਿਹਾਤੀ ਵਿਕਾਸ (ਸੋਧਨਾ) ਬਿਲ, 2009 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਪੰਜਾਬ ਦਿਹਾਤੀ ਵਿਕਾਸ (ਸੋਧਨਾ) ਬਿਲ, 2009 ਪਾਸ ਕੀਤਾ ਜਾਵੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

---

Original with;
Punjab Vidhan Sabha
Digitized by;
Panjab Digital Library

## 7. THE PUNJAB AGRICULTURAL PRODUCE MARKETS (AMENDMENT) BILL, 2009

**ਮਾਨਯੋਗ ਸਪੀਕਰ** : ਅਗਲਾ ਬਿਲ, ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2009 । ਹਾਂ ਜੀ, ਖੇਤੀਬਾੜੀ ਮੰਤਰੀ ਜੀ।

**ਖੇਤੀਬਾੜੀ ਮੰਤਰੀ (ਸਰਦਾਰ ਸੁੱਚਾ ਸਿੰਘ ਲੰਗਾਹ)** : ਸ਼੍ਰੀਮਾਨ ਜੀ, ਮੈਂ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2009 ਪੇਸ਼ ਕਰਦਾ ਹਾਂ—

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ—

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2009 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਕਲਾਜ਼ 2**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

Original with;
Punjab Vidhan Sabha
Digitized by;
Panjab Digital Library

[ਮਾਨਯੋਗ ਸਪੀਕਰ]

ਕਲਾਜ਼ 1 ਦੀ ਸਬ-ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ—

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਖੇਤੀਬਾੜੀ ਮੰਤਰੀ (ਸਰਦਾਰ ਸੁੱਚਾ ਸਿੰਘ ਲੰਗਾਹ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2009 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ—

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2009 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ—

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2009 ਪਾਸ ਕੀਤਾ ਜਾਵੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

---

## ANNOUNCEMENT BY THE SPEAKER

**Mr. Speaker :** A delegation from Italy is here in the House. I welcome all in the House.

---

Original with;
Punjab Vidhan Sabha
Digitized by;
Punjab Digital Library

## FINANCIAL BUSINESS

**ਮਾਨਯੋਗ ਸਪੀਕਰ :** ਅਗਲੀ ਆਈਟਮ। ਹੁਣ ਵਿੱਤ ਮੰਤਰੀ ਸਾਲ 2008-09 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨਗੇ।

## (i) PRESENTATION OF SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2008-09

**Finance and Planning and Programme Implementation Minister (Sardar Manpreet Singh Badal) :** Sir, I beg to present the Supplementary Demands for Grants for Expenditure of the Government of Punjab for the year 2008-09.

## (ii) PRESENTATION OF THE REPORT OF THE COMMITTEE ON ESTIMATES ON THE SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2008-09

**ਮਾਨਯੋਗ ਸਪੀਕਰ :** ਹੁਣ ਸਭਾਪਤੀ ਅਨੁਮਾਨ ਕਮੇਟੀ ਸਾਲ 2008-09 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਨਗੇ।

**ਸਭਾਪਤੀ, ਅਨੁਮਾਨ ਕਮੇਟੀ (ਕੈਪਟਨ ਬਲਬੀਰ ਸਿੰਘ ਬਾਠ) :** ਸ਼੍ਰੀਮਾਨ ਜੀ, ਮੈਂ ਸਾਲ 2008-09 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

## (iii) SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2008-09

### (I) DISCUSSION ON THE ESTIMATES OF THE EXPENDITURE CHARGED ON REVENUE OF THE STATE

**ਮਾਨਯੋਗ ਸਪੀਕਰ :** ਸਾਲ 2008-09 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਬਹਿਸ। ਜੇਕਰ ਕੋਈ ਮਾਨਯੋਗ ਮੈਂਬਰ ਕਿਸੇ ਆਈਟਮ ਤੇ ਬੋਲਣਾ ਚਾਹੁੰਦੇ ਹਨ ਤਾਂ ਉਹ ਬੋਲ ਸਕਦੇ ਹਨ।

(ਇਸ ਸਮੇਂ ਕੋਈ ਮੈਂਬਰ ਬੋਲਣ ਲਈ ਖੜ੍ਹਾ ਨਹੀਂ ਹੋਇਆ।)

Original with;
Punjab Vidhan Sabha
Digitized by;
Panjab Digital Library

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਸਪੀਕਰ ਸਾਹਿਬ, ਮੈਂ ਇਸ ਤੇ ਥੋੜ੍ਹੀ ਜਿਹੀ ਐਕਸਪਲੇਨੇਸ਼ਨ ਦੇਣਾ ਚਾਹੁੰਦਾ ਹਾਂ ਕਿ ਟੋਟਲ ਸਪਲੀਮੈਂਟਰੀ ਗਰਾਂਟਸ ਸਾਲ 2008-09 ਦੀਆਂ ਇਹ 3100.57 ਕਰੋੜ ਰੁਪਏ ਦੀਆਂ ਡਿਮਾਂਡਜ਼ ਹਨ, ਜਿਹੜੀਆਂ ਕਾਬਿਲੇ-ਤਾਜ਼ੀਮ ਹਾਊਸ ਦੇ ਅੱਗੇ ਰੱਖੀਆਂ ਹਨ। ਇਸ ਵਿੱਚ ਜਿਹੜਾ ਪਲਾਨ ਸਾਈਡ ਤੇ ਖਰਚਾ ਬਜਟ ਤਖਮੀਨਿਆਂ ਤੋਂ ਵਧ ਗਿਆ ਹੈ, ਉਹ 1537.3 ਕਰੋੜ ਰੁਪਏ ਹੈ ਅਤੇ ਨਾਨ-ਪਲਾਨ ਸਾਈਡ ਤੇ ਜਿਹੜਾ ਵਧਿਆ ਹੈ ਉਹ 1563.54 ਕਰੋੜ ਰੁਪਏ ਹੈ। ਸਪੀਕਰ ਸਾਹਿਬ, ਇਹ ਮੇਰੇ ਲਈ ਸ਼ਰਮਿੰਦਗੀ ਦਾ ਵੀ ਬਾਇਸ ਹੈ ਕਿਉਂਕਿ ਨਾਰਮਲੀ ਬਜਟ ਐਸਟੀਮੇਟ ਵਿੱਚ ਵੱਧ ਤੋਂ ਵੱਧ ਸਾਡੇ ਤੋਂ 2-3 ਫੀਸਦ ਤਖਮੀਨਿਆਂ ਵਿੱਚ ਚੂਕ ਹੋ ਜਾਂਦੀ ਹੈ। ਇਸ ਵਾਰ ਇਹ ਥੋੜ੍ਹਾ ਜਿਹਾ ਵਧ ਗਿਆ ਹੈ ਕਿਉਂਕਿ ਸਾਡਾ ਬਜਟ ਤਕਰੀਬਨ ਤੀਹ ਹਜ਼ਾਰ ਕਰੋੜ ਰੁਪਏ ਦਾ ਹੈ ਅਤੇ ਤੀਹ ਹਜ਼ਾਰ ਕਰੋੜ ਰੁਪਏ ਤੋਂ ਉਪਰ ਮੈਂ ਵਿਧਾਨ ਸਭਾ ਤੋਂ 3100 ਕਰੋੜ ਹੋਰ ਮੰਗ ਰਿਹਾ ਹਾਂ। ਇਹ ਇਸ ਕਰਕੇ ਹੋਇਆ ਕਿਉਂਕਿ ਜਿਸ ਵੇਲੇ ਬਜਟ ਬਣ ਰਿਹਾ ਸੀ, ਉਸ ਵੇਲੇ ਅਸੀਂ ਇਸ ਗੱਲ ਦਾ ਅੰਦਾਜ਼ਾ ਨਹੀਂ ਲਗਾ ਸਕੇ ਅਤੇ ਸੀ.ਐਮ. ਸਾਹਿਬ ਨੇ ਦਰਮਿਆਨ ਦੇ ਵਿਚ ਇਹ ਹੁਕਮ ਕੀਤਾ ਅਤੇ ਇਰੀਗੇਸ਼ਨ ਅਤੇ ਪਾਵਰ ਮਹਿਕਮੇ ਵਿੱਚ 334.41 ਕਰੋੜ ਰੁਪਿਆ ਪਲਾਨ ਸਾਈਡ ਤੇ ਯਕਮੁਸ਼ਤ ਖਰਚ ਹੋ ਗਿਆ।

## (2) VOTING ON THE DEMANDS FOR SUPPLEMENTARY GRANTS

**ਮਾਨਯੋਗ ਸਪੀਕਰ** : ਮੈਂ ਜ਼ਰਾ ਤੁਹਾਨੂੰ ਰੋਕ ਕੇ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਇਹ ਸਾਰੀਆਂ ਡਿਮਾਂਡਜ਼ ਪੁਟ ਕਰ ਲੈਣੀਆਂ ਸਨ ਅਤੇ ਫਿਰ ਉਸ ਤੋਂ ਬਾਅਦ ਇਨ੍ਹਾਂ ਤੇ ਬੋਲਣਾ ਵਾਜਿਬ ਹੈ। ਅੱਜ ਦੀ ਕਾਰਜ ਸੂਚੀ ਵਿੱਚ ਸਦਨ ਦੀ ਬਹਿਸ ਅਤੇ ਵੋਟਿੰਗ ਲਈ ਕੁੱਲ 24 ਅਨੁਪੂਰਕ ਮੰਗਾਂ ਹਨ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਸਾਰੀਆਂ ਮੰਗਾਂ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਕੱਠੀਆਂ ਹੀ ਬਹਿਸ ਲਈ ਲੈ ਲਈਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ।)

### ਮੰਗ ਨੰਬਰ 1

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 15,18,17,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰਬਰ 2

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,72,05,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8,35,05,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰਬਰ 3

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4,70,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

Original with;
Punjab Vidhan Sabha
Digitized by;
Panjab Digital Library

**ਮੰਗ ਨੰਬਰ 5**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,35,64,11,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,64,80,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 6**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8,15,63,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 7**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,72,79,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 8**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 4,57,85,77,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 9**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,42,62,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8,59,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਖ਼ੁਰਾਕ ਅਤੇ ਸਪਲਾਈਜ਼ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 10**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8,01,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 11**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,38,17,66,000 ਰੁਪਏ ਅਤੇ ਪੂੰਜੀਗਤ ਲੇਖੇ ਤੇ 84,64,47,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 12**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,41,46,20,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,56,59,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

Original with;
Punjab Vidhan Sabha
Digitized by;
Panjab Digital Library

[ਮਾਨਯੋਗ ਸਪੀਕਰ]

### ਮੰਗ ਨੰਬਰ 14

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,80,94,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰਬਰ 15

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 6,16,19,56,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,62,90,78,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰਬਰ 17

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4,76,48,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,24,35,49,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰਬਰ 18

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 27,63,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰਬਰ 19

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 9,40,94,000 ਰੁਪਏ ਅਤੇ ਪੂੰਜੀਗਤ ਲੇਖੇ ਤੇ 25,52,78,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰਬਰ 21

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 16,57,00,000 ਰੁਪਏ ਅਤੇ ਪੂੰਜੀਗਤ ਲੇਖੇ ਤੇ 91,89,90,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰਬਰ 22

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,39,67,73,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ ਅਤੇ ਪੁਨਰਵਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

Original with;
Punjab Vidhan Sabha
Digitized by;
Panjab Digital Library

ਮੰਗ ਨੰਬਰ 23

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 35,01,45,000 ਰੁਪਏ ਅਤੇ ਪੂੰਜੀਗਤ ਲੇਖੇ ਤੇ 58,76,15,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਦਿਹਾਤੀ ਵਿਕਾਸ ਅਤੇ ਪੰਚਾਇਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰਬਰ 25

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,15,45,000 ਰੁਪਏ ਅਤੇ ਪੂੰਜੀਗਤ ਲੇਖੇ ਤੇ 20,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਅਤੇ ਇਸਤਰੀਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰਬਰ 26

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 23,64,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰਬਰ 28

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 51,47,78,000 ਰੁਪਏ ਅਤੇ ਪੂੰਜੀਗਤ ਲੇਖੇ ਤੇ 13,34,73,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰਬਰ 29

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 13,65,01,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਟ੍ਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰਬਰ 30

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 45,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮਾਨਯੋਗ ਸਪੀਕਰ : ਜਿਹੜੇ ਮਾਨਯੋਗ ਮੈਂਬਰ ਮੰਗਾਂ ਤੇ ਬੋਲਣਾ ਚਾਹੁੰਦੇ ਹੋਣ, ਉਹ ਮੰਗ ਨੰਬਰ ਦਾ ਜ਼ਿਕਰ ਜ਼ਰੂਰ ਕਰਨ।

ਬਹਿਸ।

(ਇਸ ਸਮੇਂ ਕੋਈ ਵੀ ਮਾਨਯੋਗ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ** : ਜੇਕਰ ਮਾਨਯੋਗ ਮੈਂਬਰ ਸਹਿਮਤ ਹੋਣ ਤਾਂ ਇਹ ਸਾਰੀਆਂ ਮੰਗਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ।)

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਪ੍ਰਸ਼ਨ ਹੈ—

**ਮੰਗ ਨੰਬਰ 1**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 15,18,17,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 2**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,72,05,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8,35,05,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 3**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4,70,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 5**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,35,64,11,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,64,80,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 6**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8,15,63,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 7**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,72,79,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 8**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 4,57,85,77,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 9**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,42,62,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8,59,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪਲਾਈਜ਼ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

Original with;
Punjab Vidhan Sabha
Digitized by;
Panjab Digital Library

**ਮੰਗ ਨੰਬਰ 10**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8,01,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 11**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,38,17,66,000 ਰੁਪਏ ਅਤੇ ਪੂੰਜੀਗਤ ਲੇਖੇ ਤੇ 84,64,47,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 12**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,41,46,20,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,56,59,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 14**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,80,94,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 15**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 6,16,19,56,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,62,90,78,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 17**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4,76,48,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,24,35,49,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰਬਰ 18**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 27,63,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

Original with;
Punjab Vidhan Sabha
Digitized by;
Punjab Digital Library

[ਮਾਨਯੋਗ ਸਪੀਕਰ]

ਮੰਗ ਨੰਬਰ 19

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 9,40,94,000 ਰੁਪਏ ਅਤੇ ਪੂੰਜੀਗਤ ਲੇਖੇ ਤੇ 25,52,78,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰਬਰ 21

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 16,57,00,000 ਰੁਪਏ ਅਤੇ ਪੂੰਜੀਗਤ ਲੇਖੇ ਤੇ 91,89,90,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰਬਰ 22

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,39,67,73,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ ਅਤੇ ਪੁਨਰਵਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰਬਰ 23

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 35,01,45,000 ਰੁਪਏ ਅਤੇ ਪੂੰਜੀਗਤ ਲੇਖੇ ਤੇ 58,76,15,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2009 ਨੂੰ ਖਤਮ ਹੋਣ ਵਾਲੇ ਸਾਲ ਲਈ ਦਿਹਾਤੀ ਅਤੇ ਪੰਚਾਇਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰਬਰ 25

**ਮਾਨਯੋਗ ਸਪੀਕਰ :** ਕਿਉਂਕਿ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਲੈ ਲਈਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ—

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਸ਼ਡਿਊਲ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ—

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਕਲਾਜ਼ 1**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ—

ਕਿ ਕਲਾਜ਼-1 ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ—

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

Original with;
Punjab Vidhan Sabha
Digitized by:
Panjab Digital Library

**ਮਾਨਯੋਗ ਸਪੀਕਰ :** ਹੁਣ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**Finance, Planning and Programme Implementation Minister (Sardar Manpreet Singh Badal) :** Sir, I beg to move—

That the Punjab Appropriation (Vote-on-Account) Bill, 2009 be passed.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ—

ਕਿ ਪੰਜਾਬ ਨਮਿੱਤਣ (ਲੇਖਾ-ਅਨੁਦਾਨ) ਬਿਲ, 2009 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ—

ਕਿ ਪੰਜਾਬ ਨਮਿੱਤਣ (ਲੇਖਾ-ਅਨੁਦਾਨ) ਬਿਲ, 2009 ਪਾਸ ਕੀਤਾ ਜਾਵੇ।

*ਪ੍ਰਸਤਾਵ ਸਰਬ-ਸੰਮਤੀ ਨਾਲ ਪ੍ਰਵਾਨ ਹੋਇਆ।*

---

**ਮਾਨਯੋਗ ਸਪੀਕਰ :** ਹਾਊਸ ਐਡਜਰਨ ਕਰਨ ਤੋਂ ਪਹਿਲਾਂ ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਦੱਸਦਾ ਹਾਂ ਕਿ ਹਾਊਸ ਵਿਚ ਲੈਜਿਸਲੇਟਰਜ਼ ਦੇ ਪੈਟਰੋਲ, ਟੈਲੀਫੋਨ ਵਗੈਰਾ ਦੇ ਬਿੱਲਾਂ ਬਾਰੇ ਗੱਲ ਆਈ ਹੈ। ਇਸ ਬਾਰੇ ਸਾਰੇ ਮੈਂਬਰ ਸਾਹਿਬਾਨ ਬੜੀ ਤੀਬਰਤਾ ਨਾਲ ਤੁਹਾਡੇ ਕੋਲੋਂ ਹੱਲ ਕਰਨ ਦੀ ਉਮੀਦ ਰੱਖਦੇ ਹਨ।

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਦੇ ਜੋ ਵੀ ਅਲਾਊਂਸਜ਼ ਹਨ, ਇਨ੍ਹਾਂ ਅਲਾਊਂਸਜ਼ ਦਾ ਜੋ ਐਕਟ ਜਾਂ ਬਿੱਲ ਬਣਿਆ ਹੋਇਆ ਹੈ, ਉਸ ਵਿਚ word "Reimbursement" use ਹੋਇਆ ਹੈ। ਜਦੋਂ ਸ਼ਬਦ ਰੀਇੰਬਰਸਮੈਂਟ ਲਿਖਿਆ ਹੁੰਦਾ ਹੈ ਤਾਂ ਸਾਰੇ ਮੈਂਬਰ ਸਾਹਿਬਾਨ ਨੂੰ ਵੋਚਰ ਜਾਂ ਬਿੱਲ ਪੇਸ਼ ਕਰਨੇ ਜ਼ਰੂਰੀ ਹੁੰਦੇ ਹਨ, ਨਹੀਂ ਤਾਂ Comptroller & Auditor General of India ਵੱਲੋਂ ਆਬਜੈਕਸ਼ਨ ਲੱਗ ਸਕਦਾ ਹੈ। ਇਸ ਦਾ ਕੋਈ ਵੇਅ-ਆਊਟ ਮੈਂ ਦਫਤਰ ਵਿਚ ਬੈਠ ਕੇ ਲੱਭਦਾ ਹਾਂ। ਜੇਕਰ ਕੋਈ ਵੇਅ-ਆਊਟ ਨਾ ਨਿਕਲਿਆ ਤਾਂ ਦੋ ਕੁ ਹਫਤਿਆਂ ਵਿਚ ਕੋਈ ਆਰਡੀਨੈਂਸ ਜਾਂ ਅਜਿਹਾ ਕੁਝ ਕਰਾਂਗੇ।..........

**ਮਾਨਯੋਗ ਸਪੀਕਰ :** ਠੀਕ ਹੈ, ਤੁਸੀਂ ਆਰਡੀਨੈਂਸ ਜਾਰੀ ਕਰੋ ਅਤੇ 10 ਦਿਨਾਂ ਦੇ ਅੰਦਰ-ਅੰਦਰ ਇਹ ਕਾਰਵਾਈ ਕੀਤੀ ਜਾਵੇ। ਇਹ ਹਾਊਸ ਤਾਂ ਸਾਰਾ ਕੁਝ ਹੀ ਪਾਸ ਕਰਨ ਵਾਲਾ ਹਾਊਸ ਹੈ।

ਹੁਣ ਹਾਊਸ ਅਣਮਿਥੇ ਸਮੇਂ ਲਈ ਸਥੱਗਿਤ ਕੀਤਾ ਜਾਂਦਾ ਹੈ।

*5.38 ਵਜੇ ਸ਼ਾਮ (*ਇਸ ਉਪਰੰਤ ਸਦਨ ਅਣਮਿਥੇ ਸਮੇਂ ਲਈ ਸਥੱਗਿਤ ਹੋ ਗਿਆ।)

---

*11785 PVS—Govt. Press, U.T., Chd.*

Original with;
Punjab Vidhan Sabha
Digitized by;
Panjab Digital Library

# APPENDIX

# TO

# PUNJAB VIDHAN SABHA DEBATES

**Monday, the 9th March, 2009**

**Vol. VI—No. 5**

---

## STARRED QUESTION AND ANSWER

### ਵਿਧਾਨ ਸਭਾ ਚੋਣ ਹਲਕਾ ਪੱਟੀ ਲਈ ਨਬਾਰਡ ਪੈਕੇਜ

*917. ਸਰਦਾਰ ਵਿਰਸਾ ਸਿੰਘ ਵਲਟੋਹਾ : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਬਾਰਡ ਦੁਆਰਾ ਸੜਕਾਂ ਦੀ ਉਸਾਰੀ ਲਈ ਵਿਸ਼ੇਸ਼ ਪੈਕੇਜ ਵਜੋਂ ਵਿਧਾਨ ਸਭਾ ਚੋਣ ਹਲਕਾ ਪੱਟੀ ਲਈ ਮੁਹੱਈਆ ਕੀਤੇ ਫੰਡਾਂ ਦੀ ਰਕਮ ਕਿੰਨੀ ਹੈ ਅਤੇ ਦੂਜੇ ਵਿਧਾਨ ਸਭਾ ਚੋਣ ਹਲਕੇ ਦੇ ਨਾਂ, ਜੇਕਰ ਕੋਈ ਹੋਵੇ, ਕੀ ਹੈ, ਜਿਸ ਨੂੰ ਅਜਿਹਾ ਪੈਕੇਜ ਮਿਲਣ ਦੀ ਸੰਭਾਵਨਾ ਹੈ ?

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਨਹੀਂ ਜੀ । ਨਬਾਰਡ ਵੱਲੋਂ ਵਿਧਾਨ ਸਭਾ ਹਲਕੇ ਪੱਟੀ ਲਈ ਵਿਸ਼ੇਸ਼ ਪੈਕੇਜ ਵਜੋਂ ਸੜਕਾਂ ਦੀ ਉਸਾਰੀ ਲਈ ਕੋਈ ਫੰਡਜ਼ ਮੁਹੱਈਆ ਨਹੀਂ ਕਰਵਾਏ ਗਏ। ਰਾਜ ਵਿੱਚ ਕਿਸੇ ਹੋਰ ਵਿਧਾਨ ਸਭਾ ਹਲਕੇ ਲਈ ਵੀ ਅਜਿਹਾ ਕੋਈ ਪੈਕੇਜ ਮਿਲਣ ਦੀ ਸੰਭਾਵਨਾ ਨਹੀਂ ਹੈ।

---

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

© 2009

Published under the authority of the Punjab Vidhan Sabha and printed by the Controller, Printing & Stationery, U.T. Chd.

Original with;
Punjab Vidhan Sabha
Digitized by;
Punjab Digital Library

# ANNEXURE

# TO

# PUNJAB VIDHAN SABHA

# DEBATES

*Monday, the 9th March, 2009*

**Vol. VI - No. 5**

OFFICIAL REPORT

CONTENTS

| | Page |
|---|---|
| Unstarred Questions (Converted as such from being Starred Questions) and Answers | .. (5)1—94 |
| Appendix | .. (i)—(xxxiii) |

**Punjab Vidhan Sabha Secretariat, Chandigarh**

**Price : Rs.** 313-n

Original with;
Punjab Vidhan Sabha
Digitized by;
Punjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Monday, the 9th March, 2009*

ANNEXURE

***This Annexure contains Unstarred Questions (Converted as such from being Starred Questions) and Answers for the meeting dated 9th March, 2009.***

---

## UNSTARRED QUESTIONS (CONVERTED AS SUCH FROM BEING STARRED QUESTIONS) AND ANSWERS

### ਰੂਟ ਪਰਮਿਟਾਂ ਦੀ ਅਲਾਟਮੈਂਟ

*702. (ਸੀ.ਯੂ.) ਸਰਦਾਰ ਅਮਰਜੀਤ ਸਿੰਘ ਸਾਹੀ : ਕੀ ਟ੍ਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਬੱਸਾਂ ਦੇ ਰੂਟ ਪਰਮਿਟ ਪੜ੍ਹੇ ਲਿਖੇ ਬੇਰੁਜ਼ਗਾਰ ਨੌਜੁਆਨਾਂ ਨੂੰ ਅਲਾਟ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

ਮਾਸਟਰ ਮੋਹਨ ਲਾਲ : ਨਹੀਂ ਜੀ।

---

### ਡ੍ਰੇਨਾਂ ਦੀ ਸਫਾਈ

*703. (ਸੀ.ਯੂ.) ਸਰਦਾਰ ਅਮਰਜੀਤ ਸਿੰਘ ਸਾਹੀ : ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਦਸੂਹਾ ਅਤੇ ਮੁਕੇਰੀਆਂ ਸਬ-ਡਵੀਜ਼ਨ ਵਿੱਚ ਪੈਂਦੀਆਂ ਡ੍ਰੇਨਾਂ ਦੀ ਸਫਾਈ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੀ ਸਫਾਈ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਹਾਂ ਜੀ, ਦਸੂਹਾ ਅਤੇ ਮੁਕੇਰੀਆਂ ਉਪ ਮੰਡਲਾਂ ਵਿੱਚ 17 ਡਰੇਨਾਂ ਦੀ ਸਫਾਈ ਅਤੇ ਮੁਰੰਮਤ ਕਰਵਾਉਣ ਦੀ ਤਜਵੀਜ਼ ਹੈ। ਡਰੇਨਾਂ ਦੀ ਸਫਾਈ ਅਤੇ ਮੁਰੰਮਤ ਦਾ ਕੰਮ ਮੌਨਸੂਨ 2009 ਤੋਂ ਪਹਿਲਾਂ-ਪਹਿਲਾਂ ਕਰਵਾਇਆ ਜਾਵੇਗਾ ਬਸ਼ਰਤੇ ਕਿ ਵਿੱਤ ਵਿਭਾਗ ਇਹਨਾਂ ਕੰਮਾਂ ਲਈ ਮੰਗੇ ਗਏ ਫੰਡ ਮੁਹੱਈਆ ਕਰਵਾਏ।

---

### ਹਸਪਤਾਲਾਂ/ਡਿਸਪੈਂਸਰੀਆਂ ਦੀਆਂ ਇਮਾਰਤਾਂ ਦੀ ਮੁਰੰਮਤ

*704. (ਸੀ.ਯੂ.) ਸਰਦਾਰ ਅਮਰਜੀਤ ਸਿੰਘ ਸਾਹੀ : ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਦਸੂਹਾ ਅਤੇ ਮੁਕੇਰੀਆਂ ਸਬ-ਡਵੀਜ਼ਨਾਂ ਵਿੱਚ ਪੈਂਦੇ ਪਸ਼ੂ ਹਸਪਤਾਲਾਂ ਅਤੇ ਡਿਸਪੈਂਸਰੀਆਂ ਦੀਆਂ ਇਮਾਰਤਾਂ ਦੀ ਕੋਈ ਮੁਰੰਮਤ ਕੀਤੀ ਗਈ ਹੈ ; ਜੇਕਰ ਨਹੀਂ, ਤਾਂ ਉਕਤ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

*Original with;*
Punjab Vidhan Sabha
*Digitized by;*
Panjab Digital Library

ਸਰਦਾਰ ਗੁਲਜ਼ਾਰ ਸਿੰਘ ਰਣੀਕੇ : ਹਾਂ, ਸ਼੍ਰੀਮਾਨ ਜੀ। ਜਿਨ੍ਹਾਂ ਪਸ਼ੂ ਹਸਪਤਾਲਾਂ/ ਡਿਸਪੈਂਸਰੀਆਂ ਦੀ ਮੁਰੰਮਤ ਕੀਤੀ ਗਈ ਹੈ, ਉਹਨਾਂ ਦੀ ਸੂਚੀ ਅਨੁਲੱਗ 'ੳ' ਤੇ ਹੈ, ਜੋ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

## ਅਨੁਲੱਗ-"ੳ"

(1) ਸਬ-ਡਵੀਜ਼ਨ ਦਸੂਹਾ

| | ਪਸ਼ੂ ਹਸਪਤਾਲ/ਡਿਸਪੈਂਸਰੀ ਦਾ ਨਾਮ |
|---|---|
| 1 | ਟਾਂਡਾ |
| 2 | ਦਸੂਹਾ |
| 3 | ਪੱਸੀ ਕੰਢੀ |
| 4 | ਬਾਜਾਚੱਕ |
| 5 | ਸੰਸਾਰਪੁਰ |
| 6 | ਬਡਾਲਾ |
| 7 | ਮਾਂਗਟ |
| 8 | ਉੱਚੀ ਬੱਸੀ |
| 9 | ਬਿੱਸੋਚੱਕ |
| 10 | ਰਾਜਪਾਲਵਾਂ |
| 11 | ਲਮੀਣ |
| 12 | ਟੇਰਕੀਆਣਾ |

(2) ਸਬ-ਡਵੀਜ਼ਨ ਮੁਕੇਰੀਆਂ :

| | ਪਸ਼ੂ ਹਸਪਤਾਲ/ਡਿਸਪੈਂਸਰੀ ਦਾ ਨਾਮ |
|---|---|
| 1 | ਅਮਰੋਹ |
| 2 | ਦਾਤਾਰਪੁਰ |
| 3 | ਕਮਾਹੀ ਦੇਵੀ |
| 4 | ਬਰਿੰਗਲੀ |
| 5 | ਭਟੇੜ |
| 6 | ਲੱਬਰ |
| 7 | ਭੰਬੋਤਾੜ |

Original with;
Punjab Vidhan Sabha
Digitized by;
Panjab Digital Library

| ਪਸ਼ੂ ਹਸਪਤਾਲ/ਡਿਸਪੈਂਸਰੀ ਦਾ ਨਾਮ | |
|---|---|
| 8 | ਤਲਵਾੜਾ |
| 9 | ਅਬਦੁੱਲਾਪੁਰ |
| 10 | ਕੋਟਲੀ ਖਾਸ |
| 11 | ਮਨਸੂਰਪੁਰ |
| 12 | ਮਹਿਤਾਬਪੁਰ |
| 13 | ਨੁਸ਼ਹਿਰਾ ਪੱਤਨ |
| 14 | ਟਾਂਡਾ ਚੂੜੀਆਂ |
| 15 | ਹਾਜ਼ੀਪੁਰ |
| 16 | ਕਰਾੜੀ |
| 17 | ਹਰਦੋਖੁੰਦਪੁਰ |
| 18 | ਸਰਿਆਣਾ |
| 19 | ਸਿੰਘੋਵਾਲ |
| 20 | ਚੱਕਮੀਰਪੁਰ |

---

## ਸਰਹੱਦੀ ਖੇਤਰਾਂ ਦੇ ਅਧਿਆਪਕਾਂ ਲਈ ਵੱਖਰਾ ਕਾਡਰ

*707. (ਸੀ.ਯੂ.) ਸਰਦਾਰ ਵਿਰਸਾ ਸਿੰਘ ਵਲਟੋਹਾ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸਰਹੱਦੀ ਖੇਤਰਾਂ ਵਿੱਚ ਅਧਿਆਪਕਾਂ ਦੀ ਕਮੀ ਨੂੰ ਸਦਾ ਲਈ ਦੂਰ ਕਰਨ ਲਈ ਉਨ੍ਹਾਂ ਦਾ ਵੱਖਰਾ ਕਾਡਰ ਸਿਰਜਤ ਕਰਨ ਦਾ ਵਿਚਾਰ ਰੱਖਦੀ ਹੈ, ਜੇਕਰ ਅਜਿਹਾ ਹੋਵੇ, ਤਾਂ ਉਕਤ ਕਾਡਰ ਕਦੋਂ ਤੱਕ ਸਿਰਜਤ ਕੀਤੇ ਜਾਣ ਦੀ ਸੰਭਾਵਨਾ ਹੈ ?

ਡਾਕਟਰ ਉਪਿੰਦਰਜੀਤ ਕੌਰ : ਨਹੀਂ ਜੀ।

---

## ਵਿਧਾਨ ਸਭਾ ਹਲਕਾ, ਵਲਟੋਹਾ ਵਿੱਚ ਅਧਿਆਪਕਾਂ ਦੀ ਕਮੀ

*708. (ਸੀ.ਯੂ.) ਸਰਦਾਰ ਵਿਰਸਾ ਸਿੰਘ ਵਲਟੋਹਾ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ, ਸਰਹੱਦੀ ਖੇਤਰ ਖਾਸ ਕਰਕੇ ਵਿਧਾਨ ਸਭਾ ਹਲਕਾ, ਵਲਟੋਹਾ ਵਿੱਚ ਅਧਿਆਪਕਾਂ ਦੀ ਕਮੀ ਨੂੰ ਦੂਰ ਕਰਨ ਲਈ ਨਵੇਂ ਨਿਯੁਕਤ ਅਧਿਆਪਕਾਂ ਵਿਚੋਂ ਪਹਿਲਤਾ ਦੇ ਅਧਾਰ ਤੇ ਨਿਯੁਕਤ ਕਰਨ ਦਾ ਵਿਚਾਰ ਰੱਖਦੀ ਹੈ ?

Original with;
Punjab Vidhan Sabha
Digitized by;
Panjab Digital Library

ਡਾਕਟਰ ਉਪਿੰਦਰਜੀਤ ਕੌਰ : ਹਾਂ, ਸ਼੍ਰੀਮਾਨ ਜੀ। ਸਰਕਾਰ ਨੇ ਨਵ-ਨਿਯੁਕਤ ਅਧਿਆਪਕਾਂ ਨੂੰ ਸਰਹੱਦੀ/ਕੰਡੀ/ਬੇਟ/ਪੇਂਡੂ ਖੇਤਰ ਦੇ ਕੈਟਾਗਰੀ "ਸੀ" ਅਤੇ "ਡੀ" ਦੇ ਸਕੂਲਾਂ ਵਿੱਚ ਪਹਿਲ ਦੇ ਅਧਾਰ ਤੇ ਪੋਸਟ ਕਰਨ ਦੀ ਨੀਤੀ ਬਣਾਈ ਹੈ। ਇਸ ਲਈ ਸਰਹੱਦੀ ਖੇਤਰ, ਜਿਸ ਵਿੱਚ ਵਿਧਾਨ ਸਭਾ ਹਲਕਾ ਵਲਟੋਹਾ ਸ਼ਾਮਿਲ ਹੈ, ਵਿੱਚ ਨਵ-ਨਿਯੁਕਤ ਅਧਿਆਪਕਾਂ ਦੀਆਂ ਤਾਇਨਾਤੀਆਂ ਕਰਨ ਨੂੰ ਪਹਿਲ ਦੇ ਅਧਾਰ ਤੇ ਵਿਚਾਰਿਆ ਜਾਂਦਾ ਹੈ।

---

## ਉਦਯੋਗਿਕ ਫੋਕਲ ਪੁਆਇੰਟ ਸਥਾਪਤ ਕਰਨੇ

*713. (ਸੀ.ਯੂ.) ਸ਼੍ਰੀ ਅਨਿਲ ਜੋਸ਼ੀ : ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਨਿਕਟ ਭਵਿੱਖ ਵਿੱਚ ਰਾਜ ਵਿੱਚ ਉਦਯੋਗਾਂ ਨੂੰ ਸਹੂਲਤਾਂ ਮੁਹੱਈਆ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ;

(ਅ) ਕੀ ਇਹ ਵੀ ਠੀਕ ਹੈ ਕਿ ਨਿਕਟ ਭਵਿੱਖ ਵਿੱਚ ਸਰਕਾਰ ਦੁਆਰਾ ਕੋਈ ਨਵੇਂ ਫੋਕਲ ਪੁਆਇੰਟ ਵੀ ਸਥਾਪਤ ਕੀਤੇ ਜਾ ਰਹੇ ਹਨ ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੇ ਵੇਰਵੇ ਕੀ ਹਨ ?

ਸ਼੍ਰੀ ਮਨੋਰੰਜਨ ਕਾਲੀਆ : (ੳ) ਉਦਯੋਗਾਂ ਨੂੰ ਸਹੂਲਤਾਂ ਦੇਣ ਸਬੰਧੀ ਨਵੀਂ ਉਦਯੋਗਿਕ ਪਾਲਿਸੀ ਰਾਜ ਸਰਕਾਰ ਦੇ ਵਿਚਾਰ ਅਧੀਨ ਹੈ। ਪੰਜਾਬ ਵਿੱਤ ਨਿਗਮ, ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ ਅਤੇ ਪੰਜਾਬ ਐਗਰੋ ਇੰਡਸਟਰੀਜ ਕਾਰਪੋਰੇਸ਼ਨ ਦੀਆਂ ਬਿਮਾਰ ਇਕਾਈਆਂ ਦੇ ਕਰਜ਼ਦਾਰਾਂ/ਪ੍ਰਮੋਟਰਾਂ ਲਈ ਇੱਕ ਮੁਸ਼ਤ ਸਮਝੌਤਾ ਸਕੀਮ ਨੋਟੀਫਾਈ ਕਰ ਦਿੱਤੀ ਗਈ ਹੈ।

(ਅ) ਜੀ ਹਾਂ, ਕਪੂਰਥਲਾ ਵਿਖੇ 226 ਏਕੜ ਸਰਕਾਰੀ ਜ਼ਮੀਨ ਵਿੱਚ ਇੰਨਟੈਗਰੇਟਿਡ ਮਿਕਸਡ ਯੂਜ਼ ਇੰਡਸਟਰੀਅਲ ਪਾਰਕ ਦਾ ਵਿਕਾਸ ਕਰਨ ਦੀ ਤਜਵੀਜ਼ ਹੈ ਅਤੇ ਇਲੈਕਟਰੋਪਲੇਟਿੰਗ ਇਕਾਈਆਂ ਨੂੰ ਰਿਹਾਇਸ਼ੀ ਖੇਤਰਾਂ ਵਿੱਚੋਂ ਸ਼ਿਫਟ ਕਰਨ ਲਈ ਯੋਗ ਜਗ੍ਹਾ ਲੱਭਣ ਲਈ ਸਰਵੇ ਕਰਵਾਇਆ ਜਾ ਰਿਹਾ ਹੈ।

---

## ਨਜ਼ੂਲ ਜ਼ਮੀਨ ਨੂੰ ਵੇਚਣ ਲਈ ਇਜਾਜ਼ਤ

*714. (ਸੀ.ਯੂ.) ਸ਼੍ਰੀ ਅਨਿਲ ਜੋਸ਼ੀ : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਮਿਉਂਸਿਪਲ ਕਾਰਪੋਰੇਸ਼ਨ, ਅੰਮ੍ਰਿਤਸਰ ਨੂੰ ਅੰਮ੍ਰਿਤਸਰ ਵਿੱਚ ਆਪਣੀ ਨਜ਼ੂਲ ਜ਼ਮੀਨ ਨੂੰ ਵੇਚਣ ਦੀ ਆਗਿਆ ਦੇਣ ਦੀ ਤਜਵੀਜ਼ ਰੱਖਦੀ ਹੈ ; ਜੇ ਕਰ ਅਜਿਹਾ ਹੋਵੇ, ਤਾਂ ਅਜਿਹੀ ਆਗਿਆ ਕਦੋਂ ਤੱਕ ਦਿੱਤੇ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

ਸ੍ਰੀ ਮਨੋਰੰਜਨ ਕਾਲੀਆ : ਨਹੀਂ ਜੀ। ਨਗਰ ਨਿਗਮ, ਅੰਮ੍ਰਿਤਸਰ ਨੂੰ ਨਜ਼ੂਲ ਲੈਂਡ ਵੇਚਣ ਦੀ ਆਗਿਆ ਦੇਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਪਰ ਫਿਰ ਵੀ ਇਹ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ, ਅੰਮ੍ਰਿਤਸਰ ਦੀ ਹਦੂਦ ਅੰਦਰ ਪੈਂਦੀ ਕੁਝ ਨਜ਼ੂਲ ਲੈਂਡ ਦੀ ਮਲਕੀਅਤ ਨੂੰ ਨਗਰ ਨਿਗਮ, ਅੰਮ੍ਰਿਤਸਰ ਨੂੰ ਤਬਦੀਲ ਕਰਨ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 717 (ਸੀ.ਯੂ.)**

---

## ਸ਼ਰਾਬ ਫੜਨਾ

*718. (ਸੀ.ਯੂ.) ਕੈਪਟਨ ਬਲਬੀਰ ਸਿੰਘ ਬਾਠ : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ 2 ਜੂਨ, 2008 ਨੂੰ ਪੁਲਿਸ ਜ਼ਿਲ੍ਹਾ ਬਟਾਲਾ ਵਿੱਚ ਪੁਲਿਸ ਸਟੇਸ਼ਨ ਘੁਮਾਣ ਅਧੀਨ ਪੈਂਦੇ ਪਿੰਡ ਮਾੜੀ ਟਾਂਡਾ ਤੋਂ ਪੁਲਿਸ ਦੁਆਰਾ ਸ਼ਰਾਬ ਦੀਆਂ 250 ਬੋਤਲਾਂ ਫੜੀਆਂ ਗਈਆਂ ਹਨ ; ਜੇਕਰ ਅਜਿਹਾ ਹੋਵੇ, ਤਾਂ ਇਸ ਕੇਸ ਦੀ ਮੌਜੂਦਾ ਸਥਿਤੀ ਕੀ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) : ਹਾਂ ਜੀ। ਐਸ.ਐਸ.ਪੀ. ਬਟਾਲਾ ਦੀ ਰਿਪੋਰਟ ਮੁਤਾਬਿਕ, ਹਰਜਿੰਦਰ ਸਿੰਘ, ਪੁੱਤਰ ਸਾਵਨ ਸਿੰਘ, ਵਾਸੀ ਪੱਤੀ ਟਾਂਡਾ (ਮਾੜੀ ਟਾਂਡਾ) ਥਾਣਾ ਘੁਮਾਣ, ਜ਼ਿਲ੍ਹਾ ਬਟਾਲਾ ਤੋਂ 250 ਬੋਤਲਾਂ ਸ਼ਰਾਬ ਨਜਾਇਜ਼ (1,87,500 ਮਿਲੀ ਲੀਟਰ) ਬਰਾਮਦ ਹੋਈਆਂ ਸਨ। ਉਸ ਦੇ ਖਿਲਾਫ ਮੁਕੱਦਮਾ ਨੰਬਰ 58, ਮਿਤੀ 2 ਜੂਨ, 2008 ਜੁਰਮ 61/1/14 ਆਬਕਾਰੀ ਐਕਟ, ਥਾਣਾ ਘੁਮਾਣ ਦਰਜ ਹੋਇਆ ਸੀ। ਕੈਮੀਕਲ ਐਗਜ਼ਾਮੀਨਰ ਦੀ ਰਿਪੋਰਟ ਮੌਸੂਲ ਹੋ ਚੁੱਕੀ ਹੈ। ਦੋਸ਼ੀ ਹਰਜਿੰਦਰ ਸਿੰਘ ਖਿਲਾਫ ਚਲਾਨ ਤਿਆਰ ਕੀਤਾ ਜਾ ਚੁੱਕਾ ਹੈ ਜੋ ਕਿ ਹਲਕਾ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

---

## ਮੈਡੀਕਲ ਕਾਲਜ, ਜਲੰਧਰ ਲਈ ਜ਼ਮੀਨ ਪ੍ਰਾਪਤ ਕਰਨਾ

*719. (ਸੀ.ਯੂ.) ਕੈਪਟਨ ਬਲਬੀਰ ਸਿੰਘ ਬਾਠ : ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਗੰਨਾ ਖੋਜ ਕੇਂਦਰ, ਜਲੰਧਰ ਦੀ ਜ਼ਮੀਨ, ਜਿਹੜੀ ਕਿ ਮੈਡੀਕਲ ਕਾਲਜ ਅਤੇ ਹਸਪਤਾਲ ਦੀ ਉਸਾਰੀ ਲਈ ਪ੍ਰਾਪਤ ਕੀਤੀ ਗਈ ਹੈ, ਦਾ ਕੁੱਲ ਰਕਬਾ ਕਿੰਨਾ ਹੈ ਅਤੇ ਇਸ ਦੀ ਇਮਾਰਤ ਦੀ ਉਸਾਰੀ ਤੇ ਮਿਤੀ ਅੰਤ ਤੱਕ ਕਿੰਨਾ ਖਰਚਾ ਕੀਤਾ ਗਿਆ ਹੈ ?

---

**For Starred Question No. 717 (C.U.) and reply thereto, please *see* Appendix to this Annexure.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਤਿਕਸ਼ਨ ਸੂਦ** : ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ਗੰਨਾ ਖੋਜ ਕੇਂਦਰ, ਜਲੰਧਰ) ਪਾਸੋਂ ਮੈਡੀਕਲ ਕਾਲਜ ਅਤੇ ਹਸਪਤਾਲ (ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼) ਜਲੰਧਰ ਵਾਸਤੇ 165.40 ਏਕੜ ਜ਼ਮੀਨ ਪ੍ਰਾਪਤ ਕੀਤੀ ਗਈ ਸੀ। ਇਸ ਦੀ ਇਮਾਰਤ ਦੀ ਉਸਾਰੀ ਤੇ ਅੱਜ ਦੀ ਮਿਤੀ ਤੱਕ ਕੁੱਲ 105.34 ਕਰੋੜ ਰੁਪਏ ਖਰਚ ਕੀਤਾ ਗਿਆ ਹੈ।

---

## ਨਸ਼ੀਲੇ ਪਦਾਰਥਾਂ ਦੇ ਨਜਾਇਜ਼ ਮਾਲ (ਕਾਂਟਰਾਬੈਂਡਜ਼) ਨੂੰ ਫੜਨਾ

*720. **(ਸੀ.ਯੂ.) ਕੈਪਟਨ ਬਲਬੀਰ ਸਿੰਘ ਬਾਠ** : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਵਿੱਤੀ ਸਾਲ 2005-06 ਤੋਂ ਲੈ ਕੇ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਰਾਜ ਵਿੱਚ ਫੜੇ ਗਏ ਨਸ਼ੀਲੇ ਪਦਾਰਥਾਂ ਦੇ ਨਜਾਇਜ਼ ਮਾਲ (ਕਾਂਟਰਾਬੈਂਡਜ਼) ਦੇ ਸਾਲ-ਵਾਰ ਵੇਰਵੇ ਕੀ ਹਨ ?

(ਅ) ਕੀ ਇਸ ਸਬੰਧੀ ਕਿਸੇ ਮੁੱਖ ਸਮੱਗਲਰ ਨੂੰ ਫੜ੍ਹਿਆ ਗਿਆ ਹੈ ਜਾਂ ਸਿਰਫ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ ਵਾਲੇ ਵਿਅਕਤੀਆਂ ਨੂੰ ਹੀ ਗ੍ਰਿਫ਼ਤਾਰ ਕੀਤਾ ਗਿਆ ਹੈ ?

**ਸਰਦਾਰ ਸੁਖਬੀਰ ਸਿੰਘ ਬਾਦਲ** : (ੳ) ਵਿੱਤੀ ਸਾਲ 1 ਅਪ੍ਰੈਲ, 2005 ਤੋਂ ਲੈ ਕੇ 31 ਜਨਵਰੀ, 2009 ਤੱਕ ਸਾਲ-ਵਾਰ ਨਜਾਇਜ਼ ਨਸ਼ੀਲੇ ਪਦਾਰਥਾਂ (ਕਾਂਟਰਾਬੈਂਡਜ਼) ਦੀ ਵਿਸਥਾਰਪੂਰਵਕ ਬਰਾਮਦਗੀ ਸਬੰਧੀ ਰਿਪੋਰਟ ਵਿਧਾਨ ਸਭਾ ਦੀ ਟੇਬਲ ਤੇ ਬਤੌਰ ਅਨੁਲੱਗ 'ੳ' ਅਨੁਸਾਰ ਰੱਖੀ ਜਾਂਦੀ ਹੈ ਜੀ।

(ਅ) ਵਿੱਤੀ ਸਾਲ 1 ਅਪ੍ਰੈਲ, 2005 ਤੋਂ ਲੈ ਕੇ 31 ਜਨਵਰੀ, 2009 ਤੱਕ ਕੁੱਲ 1091 ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਨ੍ਹਾਂ ਵਿੱਚੋਂ 255 ਮੁੱਖ ਸਮੱਗਲਰ ਹਨ ਜੀ।

Original with;
Punjab Vidhan Sabha
Digitized by;
Panjab Digital Library

ਅਨੁਲੱਗ 'ੳ'

ਵਿੱਤੀ ਸਾਲ 2005-06 ਤੋਂ ਲੈ ਕੇ 31 ਜਨਵਰੀ, 2009 ਤੱਕ ਪੰਜਾਬ ਰਾਜ ਵਿੱਚ ਨਸ਼ੀਲੇ ਪਦਾਰਥਾਂ ਦੇ ਨਾਜਾਇਜ਼ ਮਾਲ ਦੀ ਬਰਾਮਦਗੀ ਦਾ ਵੇਰਵਾ

| ਸਮਾਂ | ਚਰਸ ਕਿਲੋ | ਭੰਗ ਕਿਲੋ | ਅਫੀਮ ਕਿਲੋ | ਚੂਰਾ ਪੋਸਤ ਕਿਲੋ | ਚਰਸ ਕਿਲੋ | ਸਮੈਕ ਕਿਲੋ | ਗਾਂਜਾ ਕਿਲੋ | ਟੀਕੇ ਕਿਲੋ | ਗੋਲੀਆਂ/ਕੈਪਸੂਲ | ਇਨਟੌਕਸੀਕੇਂਟ ਪਾਊਡਰ ਕਿਲੋ | ਕੋਰੇਕਸ ਬੋਤਲਾਂ | ਕੋਕੀਨ ਕਿਲੋ |
|---|---|---|---|---|---|---|---|---|---|---|---|---|
| 1-4-05 ਤੋਂ 31-3-06 | 97,772 | 337.950 | 363.537 | 127168.565 | 43.439 | 22.901 | 314.934 | 137397 | 1397790 | 81.801 | 1878 | — |
| 1-4-06 ਤੋਂ 31-3-07 | 58.259 | 120.500 | 495.818 | 71288.165 | 97.287 | 30.604 | 367.808 | 44553 | 1549030 | 1585.338 | 1346 | 1.800 |
| 1-4-07 ਤੋਂ 31-3-08 | 112.849 | 510.920 | 585.318 | 98443.786 | 109.658 | 40.116 | 341.190 | 68890 | 5361956 | 250.743 | 8138 | 3.376 |
| 1-4-08 ਤੋਂ 31-1-09 | 94.908 | 61.220 | 484.593 | 44609.963 | 256.304 | 47.810 | 217.432 | 8275 | 3951976 | 171.801 | 1159 | 1.235 |
| ਜੋੜ | 363.788 | 1030.590 | 1929.266 | 341500.479 | 506.688 | 141.431 | 1241.364 | 259115 | 12260752 | 2689.683 | 12521 | 6.411 |

Original with; Punjab Vidhan Sabha Digitized by; Panjab Digital Library

## ਪੰਜਾਬ ਦੇ ਪੁਰਾਤਤਵ ਇਤਿਹਾਸ ਦੀ ਸੁਰੱਖਿਆ

*721. (ਸੀ.ਯੂ.) **ਕੈਪਟਨ ਬਲਬੀਰ ਸਿੰਘ ਬਾਠ** : ਕੀ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਸੈਰ-ਸਪਾਟਾ ਪ੍ਰੋਤਸਾਹਿਤ ਕਰਨ ਲਈ ਅਤੇ ਰਾਜ ਦੇ ਪੁਰਾਤਤਵ ਇਤਿਹਾਸ ਦੀ ਸੁਰੱਖਿਆ ਕਰਨ ਲਈ ਕਿਨ੍ਹਾਂ ਥਾਵਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਥਾਵਾਂ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਦੀ ਸਾਂਭ-ਸੰਭਾਲ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਹੀਰਾ ਸਿੰਘ ਗਾਬੜੀਆ** : ਸ਼੍ਰੀਮਾਨ ਜੀ, ਪੰਜਾਬ ਸਰਕਾਰ ਯਾਤਰਾ ਅਤੇ ਸਭਿਆਚਾਰਕ ਮਾਮਲੇ ਵਿਭਾਗ ਵੱਲੋਂ ਹੇਠ ਦੱਸੀਆਂ ਥਾਵਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ, ਜਿਨ੍ਹਾਂ ਦਾ ਵੇਰਵਾ ਹੇਠ ਦੱਸਿਆ ਗਿਆ ਹੈ :—

**ਟੂਰਿਸਟ ਸਪਾਟ :**

1. ਅੰਮ੍ਰਿਤਸਰ
2. ਹੁਸ਼ਿਆਰਪੁਰ
3. ਰੋਪੜ
4. ਵਾਘਾ (ਅਟਾਰੀ)
5. ਕਪੂਰਥਲਾ
6. ਪਟਿਆਲਾ
7. ਅੰਮ੍ਰਿਤਸਰ, ਮੋਗਾ ਟੂਰਿਸਟ ਡੈਸਟੀਨੇਸ਼ਨ, ਅਤੇ

**ਪੁਰਾਤਤਵੀ ਇਤਿਹਾਸ ਮਹਤੱਤਾ ਵਾਲੀਆਂ ਥਾਵਾਂ :**

1. ਸੰਘੋਲ (ਫਤਿਹਗੜ੍ਹ ਸਾਹਿਬ)
2. ਘੜਾਮ (ਪਟਿਆਲਾ)
3. ਰੋਹਿੜਾ (ਸੰਗਰੂਰ)
4. ਢੋਲਬਾਹਾ (ਹੁਸ਼ਿਆਰਪੁਰ)

ਜਿੱਥੋਂ ਤਕ ਇਨ੍ਹਾਂ ਇਮਾਰਤਾਂ ਦੀ ਸਾਂਭ-ਸੰਭਾਲ ਦਾ ਸਬੰਧ ਹੈ, ਇਸ ਬਾਰੇ ਦੱਸਿਆ ਜਾਂਦਾ ਹੈ ਕਿ ਜ਼ਿਲ੍ਹਾ ਪੱਧਰ ਤੇ ਤਜਵੀਜ਼ਤ ਸਭਿਆਚਾਰਕ, ਵਿਰਾਸਤੀ, ਟੂਰਿਜ਼ਮ ਪ੍ਰੋਮੋਸ਼ਨ ਸੋਸਾਇਟੀਆਂ ਦੇ ਗਠਨ ਸਬੰਧੀ ਮੈਮੋਰੰਡਮ ਕੈਬਿਨਟ ਦੀ ਪ੍ਰਵਾਨਗੀ ਹਿਤ ਪੇਸ਼ ਕਰਨ ਲਈ ਸਰਕਾਰ ਦੇ ਵਿਚਾਰ ਅਧੀਨ ਹੈ। ਇਨ੍ਹਾਂ ਇਮਾਰਤਾਂ/ਸਮਾਰਕਾਂ ਦੀ ਸਾਂਭ ਸੰਭਾਲ ਤੇ ਰੱਖ-ਰਖਾਵ ਦੀ ਜ਼ਿੰਮੇਵਾਰੀ ਵਿਭਾਗ ਤੋਂ ਇਲਾਵਾ ਇਨ੍ਹਾਂ ਜ਼ਿਲ੍ਹਾ ਸੋਸਾਇਟੀਆਂ ਦੀ ਹੋਵੇਗੀ। ਇਹ ਸੋਸਾਇਟੀਆਂ ਜ਼ਿਲ੍ਹੇ ਵਿੱਚ ਸਭਿਆਚਾਰਕ ਗਤੀਵਿਧੀਆਂ ਨੂੰ ਵੀ ਪ੍ਰਫੁੱਲਤ ਕਰਨ ਦੇ ਉਪਰਾਲੇ ਕਰਨਗੀਆਂ।

---

Original with;
Punjab Vidhan Sabha
Digitized by;
Panjab Digital Library

## ਸਿਹਤ ਸੇਵਾਵਾਂ ਲਈ ਫੰਡਾਂ ਦੀ ਵਰਤੋਂ

*726. (ਸੀ.ਯੂ.) ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਕੇਂਦਰ ਸਰਕਾਰ ਤੋਂ ਸਿਹਤ ਸੇਵਾਵਾਂ ਲਈ ਪ੍ਰਾਪਤ ਕੀਤੇ ਗਏ ਫੰਡਾਂ ਨੂੰ ਰਾਜ ਸਰਕਾਰ ਦੁਆਰਾ ਸਿੱਧੇ ਤੌਰ ਤੇ ਜਾਂ ਰੋਟਰੀ ਕਲੱਬ ਜਿਹੀਆਂ ਸੰਸਥਾਵਾਂ ਰਾਹੀਂ ਵਰਤਿਆ ਜਾਂਦਾ ਹੈ ;

(ਅ) ਪਿਛਲੇ ਦੋ ਸਾਲਾਂ ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਕੇਂਦਰੀ ਸਪਾਂਸਰਡ ਸਕੀਮ ਅਧੀਨ ਸਿਹਤ ਸੇਵਾਵਾਂ ਲਈ ਪ੍ਰਾਪਤ ਫੰਡਾਂ ਦੀ ਰਕਮ ਕਿੰਨੀ ਹੈ ਅਤੇ ਉਸ ਨੋਡਲ ਏਜੰਸੀ ਦਾ ਨਾਂ ਕੀ ਹੈ ਜਿਸ ਨੂੰ ਇਸ ਦੀ ਸਾਂਭ-ਸੰਭਾਲ ਦਾ ਕੰਮ ਦਿੱਤਾ ਗਿਆ ਹੈ ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** (ੳ) ਭਾਰਤ ਸਰਕਾਰ ਤੋਂ ਸਿਹਤ ਸੇਵਾਵਾਂ ਲਈ ਪ੍ਰਾਪਤ ਫੰਡ ਸਿੱਧੇ ਤੌਰ ਤੇ ਰਾਜ ਸਰਕਾਰ ਅਤੇ ਇਸ ਦੀਆਂ ਏਜੰਸੀਆਂ ਰਾਹੀਂ ਵਰਤੇ ਜਾਂਦੇ ਹਨ। ਇਨ੍ਹਾਂ ਵਿੱਚੋਂ ਕੁਝ ਫੰਡ ਸਵੈ-ਸੇਵੀ ਸੰਸਥਾਵਾਂ ਨੂੰ ਵੀ ਸਿਹਤ ਸੇਵਾਵਾਂ ਲਈ ਦਿੱਤੇ ਜਾਂਦੇ ਹਨ ।

(ਅ) ਸੈਂਟਰਲੀ ਸਪੌਂਸਰਡ ਸਕੀਮ ਅਧੀਨ ਪ੍ਰਾਪਤ ਹੋਏ ਫੰਡ ਅਤੇ ਏਜੰਸੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਰਾਸ਼ੀ ਲੱਖਾਂ ਵਿੱਚ

| ਵਿਭਾਗ ਦਾ ਨਾਂ | ਸਾਲ 2007-08 | | | ਸਾਲ 2008-09 | | |
|---|---|---|---|---|---|---|
| | ਭਾਰਤ ਸਰਕਾਰ ਦਾ ਹਿੱਸਾ | ਰਾਜ ਦਾ ਹਿੱਸਾ | ਕੁੱਲ | ਅਨੁਮਾਨਤ ਲਾਗਤ | ਭਾਰਤ ਸਰਕਾਰ ਤੋਂ ਪ੍ਰਾਪਤ ਰਾਸ਼ੀ | ਕੁੱਲ |
| ਸਿਹਤ | 456.45 | 40.00 | 496.45 | 253.87 | 260.00 | 513.87 |
| ਪਰਿਵਾਰ ਭਲਾਈ | 5510.72 | - | 5510.72 | 5934.12 | - | 5934.12 |
| ਆਯੁਰਵੇਦਾ | 70.41 | - | 70.41 | 112.85 | - | 112.85 |
| ਹੋਮਿਓਪੈਥੀ | 132.00 | - | 132.00 | 13.00 | - | 13.00 |
| ਐਨ.ਆਰ.ਐਚ.ਐਮ. | 11516.20 | 2841.00 | 14357.20 | 17821.00 | 2600.00 | 20421.00 |
| ਏਡਜ਼ ਕੰਟਰੋਲ ਸੁਸਾਇਟੀ | 465.37 | - | 465.37 | 1063.37 | - | 1063.37 |
| ਕੁੱਲ ਜੋੜ : | 18151.15 | 2881.00 | 21032.15 | 25198.21 | 2860.00 | 28058.21 |

ਨਿਸ਼ਾਨ ਵਾਲਾ ਪ੍ਰਸ਼ਨ ਨੰ: 727 (ਸੀ.ਯੂ.)**

ਨਿਸ਼ਾਨ ਵਾਲਾ ਪ੍ਰਸ਼ਨ ਨੰ: 730 (ਸੀ.ਯੂ.)***

**Reply to Starred Question No. 727 (C.U.) was not received till 2-5-2011 i.e. the date on which this Annexure was sent to the Press for final printing.

***For Starred Question No. 730 (C.U.) and reply thereto, please *see* Appendix to this Annexure.

Please See Appendex (9num) 727

Original with;
Punjab Vidhan Sabha
Digitized by;
Panjab Digital Library

## ਪਸ਼ੂ ਹਸਪਤਾਲਾਂ/ਡਿਸਪੈਂਸਰੀਆਂ ਵਿਚ ਤਾਇਨਾਤ ਅਮਲਾ

*734. (ਸੀ.ਯੂ.) ਸਰਦਾਰ ਅਮਰਜੀਤ ਸਿੰਘ ਸਾਹੀ : ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਬ-ਡਵੀਜ਼ਨ ਦਸੂਹਾ ਅਤੇ ਮੁਕੇਰੀਆਂ ਵਿਚ ਪਸ਼ੂ ਹਸਪਤਾਲਾਂ/ਡਿਸਪੈਂਸਰੀਆਂ ਵਿਚ ਤਾਇਨਾਤ ਕੀਤੇ ਜਾਣ ਲਈ ਅਮਲੇ ਦੀ ਸ਼੍ਰੇਣੀ-ਵਾਰ ਮੰਜ਼ੂਰਸ਼ੁਦਾ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਵਿਚ ਅਸਲ ਵਿਚ ਕਿੰਨਾ ਅਮਲਾ ਤਾਇਨਾਤ ਹੈ;

(ਅ) ਉਕਤ ਹਸਪਤਾਲਾਂ/ਡਿਸਪੈਂਸਰੀਆਂ ਦੀਆਂ ਇਮਾਰਤਾਂ ਦੇ ਰੱਖ-ਰਖਾਵ ਅਤੇ ਇਨ੍ਹਾਂ ਵਿਚ ਦਵਾਈਆਂ ਖਰੀਦਣ ਲਈ ਪਿਛਲੇ ਪੰਜ ਸਾਲਾਂ ਦੌਰਾਨ ਜਾਰੀ ਕੀਤੇ ਗਏ ਫੰਡਜ਼ ਦੇ ਵੇਰਵੇ ਕੀ ਹਨ ?

ਸਰਦਾਰ ਗੁਲਜ਼ਾਰ ਸਿੰਘ ਰਣੀਕੇ : ਸੂਚਨਾ ਅਨੁਲੱਗ 'ੳ', 'ਅ' ਅਤੇ 'ੲ' ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

### ਅਨੁਲੱਗ 'ੳ'

### ਸਬ-ਡਵੀਜ਼ਨ ਦਸੂਹਾ

| ਲੜੀ ਨੰ: | ਅਸਾਮੀ ਦਾ ਨਾਮ | ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ | ਭਰੀਆਂ ਅਸਾਮੀਆਂ ਦੀ ਗਿਣਤੀ |
|---|---|---|---|
| 1 | ਵੈਟਰਨਰੀ ਅਫਸਰ | 13 | 11 |
| 2 | ਵੈਟਰਨਰੀ ਇੰਸਪੈਕਟਰ | 34 | 32 |
| 3 | ਦਰਜਾ ਚਾਰ | 34 | 33 |

### ਸਬ-ਡਵੀਜ਼ਨ ਮੁਕੇਰੀਆਂ

| ਲੜੀ ਨੰ: | ਅਸਾਮੀ ਦਾ ਨਾਮ | ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ | ਭਰੀਆਂ ਅਸਾਮੀਆਂ ਦੀ ਗਿਣਤੀ |
|---|---|---|---|
| 1 | ਵੈਟਰਨਰੀ ਅਫਸਰ | 12 | 10 |
| 2 | ਵੈਟਰਨਰੀ ਇੰਸਪੈਕਟਰ | 33 | 33 |
| 3 | ਦਰਜਾ ਚਾਰ | 33 | 33 |

Original with;
Punjab Vidhan Sabha
Digitized by;
Panjab Digital Library

### ਅਨੁਲੱਗ 'ਅ'

ਸਬ-ਡਵੀਜ਼ਨ ਦਸੂਹਾ ਅਤੇ ਮੁਕੇਰੀਆਂ ਦੇ ਹਸਪਤਾਲਾਂ/ਡਿਸਪੈਂਸਰੀਆਂ ਦੀਆਂ ਇਮਾਰਤਾਂ ਦੇ ਰੱਖ-ਰਖਾਵ ਲਈ ਪਿਛਲੇ ਪੰਜ ਸਾਲਾਂ ਦੌਰਾਨ ਜਾਰੀ ਕੀਤੇ ਗਏ ਫੰਡਾਂ ਦਾ ਵੇਰਵਾ

| ਸਾਲ | ਦਸੂਹਾ (ਰਾਸ਼ੀ ਰੁਪਿਆਂ ਵਿੱਚ) | ਮੁਕੇਰੀਆਂ (ਰਾਸ਼ੀ ਰੁਪਿਆਂ ਵਿੱਚ) |
|---|---|---|
| 2004-05 | 10,324 | — |
| 2005-06 | 10,82,425 | 9,25,000 |
| 2006-07 | — | 12,00,000 |
| 2007-08 | — | — |
| 2008-09 | — | — |

### ਅਨੁਲੱਗ 'ੲ'

ਸਬ-ਡਵੀਜ਼ਨ ਦਸੂਹਾ ਅਤੇ ਮੁਕੇਰੀਆਂ ਲਈ 'ਸਮੱਗਰੀ ਤੇ ਸਪਲਾਈ' ਮੱਦ ਅਧੀਨ ਮੈਡੀਸਨ ਦੀ ਸਪਲਾਈ ਸਬੰਧੀ ਪਿਛਲੇ ਪੰਜ ਸਾਲਾਂ ਦੌਰਾਨ ਕੀਤੀ ਵੰਡ ਦਾ ਵੇਰਵਾ

| ਸਾਲ | ਦਸੂਹਾ (ਰਾਸ਼ੀ ਰੁਪਿਆਂ ਵਿੱਚ) | ਮੁਕੇਰੀਆਂ (ਰਾਸ਼ੀ ਰੁਪਿਆਂ ਵਿੱਚ) |
|---|---|---|
| 2004-05 | 82,980 | 82,980 |
| 2005-06 | 1,15,380 | 1,15,380 |
| 2006-07 | 1,73,494 | 1,15,380 |
| 2007-08 | 94,368 | 62,912 |
| 2008-09 | 1,17,456 | 78,304 |

---

### ਬੇਟ ਖੇਤਰ ਅਤੇ ਹੜ੍ਹ ਕੰਟਰੋਲ ਕਮੇਟੀ ਦੀਆਂ ਬੈਠਕਾਂ

*741. (ਸੀ.ਯੂ.) ਸਰਦਾਰ ਈਸ਼ਰ ਸਿੰਘ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਨੇ ਬੇਟ ਖੇਤਰ ਅਤੇ ਹੜ੍ਹ ਕੰਟਰੋਲ ਲਈ ਰਾਜ ਪੱਧਰੀ ਕਮੇਟੀ ਗਠਿਤ ਕੀਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਸਾਲ 2007 ਅਤੇ 2008 ਦੇ ਸਮੇਂ ਦੌਰਾਨ ਉਕਤ ਕਮੇਟੀ ਦੁਆਰਾ ਕੀਤੀਆਂ ਗਈਆਂ ਬੈਠਕਾਂ ਦੀ ਵੱਖ-ਵੱਖ ਕੁੱਲ ਗਿਣਤੀ ਕਿੰਨੀ ਹੈ ਅਤੇ ਉਕਤ ਬੈਠਕਾਂ ਦੌਰਾਨ ਕੀਤੇ ਗਏ ਕੰਮ-ਕਾਰ ਦੇ ਵੇਰਵੇ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਮਨਪ੍ਰੀਤ ਸਿੰਘ ਬਾਦਲ (ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ) :** ਵਰਤਮਾਨ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਪੰਜਾਬ ਰਾਜ ਬੇਟ ਏਰੀਆਜ਼ ਸਲਾਹਕਾਰ ਕੌਂਸਲ ਦਾ ਪੁਨਰਗਠਨ ਮਿਤੀ 30 ਅਪ੍ਰੈਲ, 2007 ਨੂੰ ਕੀਤਾ ਗਿਆ ਸੀ। ਇਸ ਦੀ ਸਾਲ 2007 ਅਤੇ 2008 ਵਿੱਚ ਕੋਈ ਮੀਟਿੰਗ ਨਹੀਂ ਹੋਈ ਹੈ।

---

## ਸਟੱਡ/ਸਪੱਰ ਦੀ ਮੁਰੰਮਤ ਤੇ ਕੀਤਾ ਗਿਆ ਖਰਚ

*742. (ਸੀ.ਯੂ.) (1) ਸਰਦਾਰ ਈਸ਼ਰ ਸਿੰਘ<br>
(2) ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ } : ਕੀ ਸਿੰਜਾਈ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2007-08 ਅਤੇ 2008-09 ਦੇ ਸਮੇਂ ਦੌਰਾਨ ਰਾਜ ਵਿਚ ਸੱਟਡਾਂ ਅਤੇ ਸਪੱਰਾਂ ਦੀ ਮੁਰੰਮਤ ਕਰਨ ਲਈ ਸਤਲੁਜ ਦਰਿਆ ਦੇ ਨਾਲ-ਨਾਲ ਧੁੱਸੀ ਬੰਨ੍ਹ ਲਈ ਸਰਕਾਰ ਦੁਆਰਾ ਵੱਖ-ਵੱਖ ਕਿੰਨਾ ਬਜਟ ਐਲੋਕੇਟ ਕੀਤਾ ਗਿਆ ਅਤੇ ਉਕਤ ਸਮੇਂ ਦੇ ਦੌਰਾਨ ਉਕਤ ਮੰਤਵ ਲਈ ਜ਼ਿਲ੍ਹਾ-ਵਾਰ ਕਿੰਨੀ ਰਕਮ ਖਰਚ ਕੀਤੀ ਗਈ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਸਾਲ 2007-08 ਅਤੇ 2008-09 ਦੌਰਾਨ ਧੁੱਸੀ ਬੰਧ, ਸਪੱਰਾਂ ਅਤੇ ਸਟੱਡਾਂ ਦੀ ਮੁਰੰਮਤ ਲਈ ਜ਼ਿਲ੍ਹੇ ਅਨੁਸਾਰ ਬਜਟ ਅਤੇ ਖਰਚਾ ਹੇਠ ਲਿਖੇ ਅਨੁਸਾਰ ਕੀਤਾ ਗਿਆ ਹੈ :—

(ਲੱਖਾਂ ਵਿੱਚ)

| ਜ਼ਿਲ੍ਹਾ | ਹੈੱਡ ਆਫ ਅਕਾਊਂਟ | | | 2007-2008 ਦੌਰਾਨ ਖਰਚਾ |
|---|---|---|---|---|
| | ਨਾਨ-ਪਲੈਨ | ਪਲੈਨ | ਸੀ.ਆਰ.ਐਫ. | |
| ਸ਼ਹੀਦ ਭਗਤ ਸਿੰਘ ਨਗਰ | 40.58 | — | — | 40.58 |
| ਜਲੰਧਰ | 213.23 | — | — | 213.23 |
| ਲੁਧਿਆਣਾ | 90.54 | — | — | 90.54 |
| ਫਿਰੋਜ਼ਪੁਰ | 169.41 | 107.45 | — | 276.86 |
| ਮੋਗਾ | 78.18 | — | — | 78.18 |
| ਤਰਨ ਤਾਰਨ | — | — | — | — |
| ਰੋਪੜ | 10.37 | — | — | 10.37 |
| **ਕੁੱਲ ਜੋੜ** | — | — | — | 709.76 |

Original with;
Punjab Vidhan Sabha
Digitized by;
Panjab Digital Library

| ਜ਼ਿਲ੍ਹਾ | ਹੈੱਡ ਆਫ ਅਕਾਊਂਟ | | | 2008-2009 ਦੌਰਾਨ ਖਰਚਾ |
|---|---|---|---|---|
| | ਨਾਨ-ਪਲੈਨ | ਪਲੈਨ | ਸੀ.ਆਰ.ਐਫ. | |
| ਸ਼ਹੀਦ ਭਗਤ ਸਿੰਘ ਨਗਰ | 180.84 | -- | — | 180.84 |
| ਜਲੰਧਰ | 193.22 | — | 30.23 | 223.45 |
| ਲੁਧਿਆਣਾ | 23.92 | — | — | 23.92 |
| ਫਿਰੋਜ਼ਪੁਰ | 99.21 | — | 183.23 | 282.44 |
| ਮੋਗਾ | 70.70 | — | 53.03 | 123.73 |
| ਤਰਨ ਤਾਰਨ | — | — | 312.70 | 312.70 |
| ਰੋਪੜ | 55.55 | — | 48.77 | 104.32 |
| ਕੁੱਲ ਜੋੜ | — | — | — | 1251.40 |

---

## ਜ਼ਿਲ੍ਹਾ ਵਿਕਾਸ ਅਤੇ ਯੋਜਨਾਬੰਦੀ ਬੋਰਡ, ਲੁਧਿਆਣਾ ਦੀਆਂ ਬੈਠਕਾਂ

*743. (ਸੀ.ਯੂ.) (1) ਸਰਦਾਰ ਈਸ਼ਰ ਸਿੰਘ
(2) ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ } : ਕੀ ਵਿੱਤ ਅਤੇ ਯੋਜਨਾਬੰਦੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2007-08 ਅਤੇ 2008-09 ਦੇ ਸਮੇਂ ਦੌਰਾਨ ਜ਼ਿਲ੍ਹਾ ਵਿਕਾਸ ਅਤੇ ਯੋਜਨਾਬੰਦੀ ਬੋਰਡ, ਲੁਧਿਆਣਾ ਦੁਆਰਾ ਕੀਤੀਆਂ ਗਈਆਂ ਬੈਠਕਾਂ ਦੀ ਵੱਖ-ਵੱਖ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਵਿਅਕਤੀਆਂ ਦੇ ਨਾਂ ਕੀ ਹਨ ਜਿਨ੍ਹਾਂ ਨੇ ਉਕਤ ਬੈਠਕਾਂ ਦੀ ਪ੍ਰਧਾਨਗੀ ਕੀਤੀ ?

ਸਰਦਾਰ ਮਨਪ੍ਰੀਤ ਸਿੰਘ ਬਾਦਲ : ਸ਼੍ਰੀਮਾਨ ਜੀ, ਸਾਲ 2007-08 ਅਤੇ 2008-09 ਦੌਰਾਨ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ, ਲੁਧਿਆਣਾ ਦੀ ਕੋਈ ਮੀਟਿੰਗ ਨਹੀਂ ਹੋਈ।

---

## ਸ਼ਿਕਾਇਤ ਨਿਵਾਰਣ ਕਮੇਟੀਆਂ ਦਾ ਗਠਨ

*744. (ਸੀ.ਯੂ.) (1) ਸਰਦਾਰ ਈਸ਼ਰ ਸਿੰਘ
(2) ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ } : ਕੀ ਸ਼ਿਕਾਇਤ ਨਿਵਾਰਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਰਾਜ ਵਿਚ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਕਮੇਟੀਆਂ ਗਠਿਤ ਕੀਤੀਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਉਕਤ ਕਮੇਟੀਆਂ ਵਿਚ ਮੈਂਬਰਾਂ ਨੂੰ ਸ਼ਾਮਲ ਕਰਨ ਲਈ ਕੀ ਕਸੌਟੀ ਅਪਣਾਈ ਗਈ ?

Original with;
Punjab Vidhan Sabha
Digitized by;
Panjab Digital Library

**ਕੈਪਟਨ ਕੰਵਲਜੀਤ ਸਿੰਘ** : ਹਾਂ ਜੀ। ਜ਼ਿਲ੍ਹਾ ਸ਼ਿਕਾਇਤ ਨਿਵਾਰਣ ਕਮੇਟੀਆਂ ਦੇ ਗਠਨ ਲਈ ਸਰਕਾਰ ਵੱਲੋਂ ਅਪਣਾਈ ਜਾਂਦੀ ਕਸੌਟੀ ਸਬੰਧੀ ਜਾਰੀ ਅਧਿਸੂਚਨਾਵਾਂ ਸਦਨ ਦੀ ਮੇਜ਼ ਤੇ ਰੱਖੀਆਂ ਜਾਂਦੀਆਂ ਹਨ।

**ਪੰਜਾਬ ਸਰਕਾਰ**

ਸ਼ਿਕਾਇਤ ਨਿਵਾਰਣ ਵਿਭਾਗ
(ਸ਼ਿਕਾਇਤ ਨਿਵਾਰਣ ਸ਼ਾਖਾ)

**ਅਧਿਸੂਚਨਾ**

ਮਿਤੀ 11 ਜੂਨ, 2007

ਨੰ: 2/37/07-5ਸਿ.ਨਿ./9057.—ਪੰਜਾਬ ਸਰਕਾਰ ਦੀ ਅਧਿਸੂਚਨਾ ਨੰ: 1/1/2002-5ਸ਼ਿ.ਨਿ./6166, ਮਿਤੀ 22 ਮਈ, 2002 ਅਤੇ ਇਸ ਤੋਂ ਬਾਅਦ ਜਾਰੀ ਹੋਈਆਂ ਅਧਿਸੂਚਨਾਵਾਂ ਨੰ: 1/1/2002-5ਸ਼ਿ.ਨਿ./530, ਮਿਤੀ 9 ਜਨਵਰੀ, 2004, 1/1/2002-5ਸ਼ਿ.ਨਿ./2228, ਮਿਤੀ 11 ਫਰਵਰੀ, 2004 ਅਤੇ 1/1/2002-5ਸ਼ਿ.ਨਿ./5170, ਮਿਤੀ 27 ਅਪ੍ਰੈਲ, 2005 ਅਤੇ ਇਹਨਾਂ ਅਧਿਸੂਚਨਾਵਾਂ ਦੇ ਅਧੀਨ ਸਮੇਂ-ਸਮੇਂ ਤੇ ਜਾਰੀ ਹੋਏ ਸਾਰੇ ਹੁਕਮ ਜੋ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਦੇ ਗਠਨ ਸਬੰਧੀ ਸਨ, ਨੂੰ ਅਤੇ ਇਹਨਾਂ ਕਮੇਟੀਆਂ ਦੇ ਨਾਮਜ਼ਦ ਕੀਤੇ ਗੈਰ-ਸਰਕਾਰੀ ਮੈਂਬਰਾਂ ਦੀਆਂ ਨਾਮਜ਼ਦਗੀਆਂ ਨੂੰ ਰੱਦ/ਪ੍ਰਭਾਵਹੀਣ ਕਰਦੇ ਹੋਏ ਪੰਜਾਬ ਦੇ ਰਾਜਪਾਲ ਪ੍ਰਸੰਨਤਾਪੂਰਵਕ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਦੀ ਰਾਜ ਵਿੱਚ ਤੁਰੰਤ ਹੇਠ ਲਿਖੇ ਅਨੁਸਾਰ ਮੁੜ ਸਥਾਪਨਾ ਕਰਨ ਅਤੇ ਇਹਨਾਂ ਕਮੇਟੀਆਂ ਤੇ ਨਵੇਂ ਗੈਰ-ਸਰਕਾਰੀ ਮੈਂਬਰ ਨਾਮਜਦ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੰਦੇ ਹਨ :—

(1) ਚੇਅਰਮੈਨ — ਕੈਬਨਿਟ ਮੰਤਰੀ

(2) ਸਰਕਾਰੀ ਮੈਂਬਰ

(ੳ) ਡਿਪਟੀ ਕਮਿਸ਼ਨਰ

(ਅ) ਸੀਨੀਅਰ ਪੁਲਿਸ ਕਪਤਾਨ

(ੲ) ਸਹਾਇਕ ਕਮਿਸ਼ਨਰ (ਸ਼ਿਕਾਇਤਾਂ) — ਮੈਂਬਰ ਸਕੱਤਰ

(3) ਪਦਵੀ ਵਜੋਂ ਮੈਂਬਰ

(ੳ) ਜ਼ਿਲ੍ਹੇ ਤੋਂ ਪਾਰਲੀਮੈਂਟ (ਲੋਕ ਸਭਾ/ਰਾਜ ਸਭਾ) ਦੇ ਸਮੂਹ ਮੌਜੂਦਾ ਮੈਂਬਰ। ਲੋਕ ਸਭਾ ਹਲਕੇ ਕਈ ਵਾਰ ਇੱਕ ਤੋਂ ਵੱਧ ਜ਼ਿਲ੍ਹਿਆਂ ਵਿੱਚ ਪੈਂਦੇ ਹਨ, ਉਸ ਸੂਰਤ ਵਿੱਚ ਸਬੰਧਤ ਹਲਕੇ ਦੇ ਲੋਕ ਸਭਾ ਦੇ ਮੈਂਬਰ ਉਸ ਜ਼ਿਲ੍ਹੇ ਦੀ ਸ਼ਿਕਾਇਤ ਨਿਵਾਰਨ ਕਮੇਟੀ ਦੇ ਮੈਂਬਰ ਹੋਣਗੇ ਜਿਸ ਜ਼ਿਲ੍ਹੇ ਵਿੱਚ ਉਹਨਾਂ ਦੇ ਹਲਕੇ ਦਾ ਵੱਡਾ ਹਿੱਸਾ ਪੈਂਦਾ ਹੈ। ਪਰੰਤੂ ਜੇਕਰ ਉਹ ਚਾਹੁਣ ਤਾਂ ਦੂਸਰੇ ਜ਼ਿਲ੍ਹੇ ਦੀ ਸ਼ਿਕਾਇਤ ਨਿਵਾਰਨ ਕਮੇਟੀ ਜਿਸ ਵਿੱਚ ਉਹਨਾਂ ਦੇ ਹਲਕੇ ਦਾ ਥੋੜ੍ਹਾ ਹਿੱਸਾ ਪੈਂਦਾ ਹੈ, ਦੀ ਮੀਟਿੰਗ ਵਿੱਚ ਸ਼ਾਮਲ ਹੋ ਸਕਦੇ ਹਨ।

Original with;
Punjab Vidhan Sabha
Digitized by;
Panjab Digital Library

(ਅ) ਜ਼ਿਲ੍ਹੇ ਦੇ ਸਮੂਹ ਵਿਧਾਨਕਾਰ।

(ੲ) ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ।

(ਸ) ਉਪ ਪ੍ਰਧਾਨ ਜ਼ਿਲ੍ਹਾ ਸੈਨਿਕ ਬੋਰਡ।

(ਹ) ਜ਼ਿਲ੍ਹਾ ਹੈੱਡ ਕੁਆਰਟਰ ਦੀ ਮਿਉਂਸਿਪਲ ਕਾਰਪੋਰੇਸ਼ਨ/ਮਿਉਂਸਿਪਲ ਕਮੇਟੀ ਦਾ ਪ੍ਰਧਾਨ।

(4) ਗੈਰ-ਸਰਕਾਰੀ ਮੈਂਬਰ

(ੳ) ਰਾਜਸੀ ਪਾਰਟੀ ਦੇ ਮੈਂਬਰ :

ਹਰ ਇੱਕ ਮਾਨਤਾ ਪ੍ਰਾਪਤ ਰਾਜਸੀ ਪਾਰਟੀ ਦਾ ਹਰੇਕ ਕਮੇਟੀ ਵਿੱਚ ਇੱਕ ਨੁਮਾਇੰਦਾ ਉਸ ਪਾਰਟੀ ਦੀ ਸਿਫਾਰਸ਼ ਤੇ ਨਾਮਜ਼ਦ ਕੀਤਾ ਜਾਵੇਗਾ।

(ਅ) ਸਬੰਧਤ ਜ਼ਿਲ੍ਹੇ ਦੇ ਮੰਤਰੀ/ਮੰਤਰੀਆਂ/ਰਾਜ ਮੰਤਰੀ/ਮੁੱਖ ਸੰਸਦੀ ਸਕੱਤਰ/ਸੰਸਦੀ ਸਕੱਤਰ, ਵਿਧਾਨ ਸਭਾ ਸਪੀਕਰ/ਡਿਪਟੀ ਸਪੀਕਰ ਦਾ ਨੁਮਾਇੰਦਾ।

(ਜੇਕਰ ਕਿਸੇ ਮੰਤਰੀ/ਰਾਜ ਮੰਤਰੀ/ਮੁੱਖ ਸੰਸਦੀ ਸਕੱਤਰ/ਸੰਸਦੀ ਸਕੱਤਰ, ਵਿਧਾਨ ਸਭਾ ਸਪੀਕਰ/ਡਿਪਟੀ ਸਪੀਕਰ ਦੇ ਚੋਣ ਹਲਕੇ ਦੇ ਪਿੰਡ/ਸ਼ਹਿਰ ਹੋਰਨਾਂ ਜ਼ਿਲ੍ਹਿਆਂ ਵਿੱਚ ਵੀ ਆਉਂਦੇ ਹੋਣ ਤਾਂ ਸਬੰਧਤ ਮੰਤਰੀ ਆਦਿ ਉਸ ਦੂਜੇ ਜ਼ਿਲ੍ਹੇ ਦੀ ਸ਼ਿਕਾਇਤ ਨਿਵਾਰਨ ਕਮੇਟੀ ਵਿੱਚ ਵੀ ਆਪਣਾ ਨੁਮਾਇੰਦਾ ਨਾਮਜ਼ਦ ਕਰਵਾ ਸਕਦਾ ਹੈ।

(ੲ) ਆਜ਼ਾਦੀ ਘੁਲਾਟੀਏ, ਸਾਬਕਾ ਫੌਜੀ, ਪਛੜੀਆਂ ਸ੍ਰੇਣੀਆਂ, ਅਨੁਸੂਚਿਤ ਜਾਤੀਆਂ ਮਹਿਲਾ ਵਰਗ ਅਤੇ ਨੌਜਵਾਨ ਵਰਗ ਦਾ ਇੱਕ-ਇੱਕ ਨੁਮਾਇੰਦਾ।

(ਸ) ਪਟਿਆਲਾ, ਸੰਗਰੂਰ ਅਤੇ ਗੁਰਦਾਸਪੁਰ ਦੀਆਂ ਕਮੇਟੀਆਂ ਤੇ ਇੱਕ-ਇੱਕ ਮੁਸਲਿਮ ਪ੍ਰਤੀਨਿੱਧ ਅਤੇ ਗੁਰਦਾਸਪੁਰ ਕਮੇਟੀ ਤੇ ਇੱਕ ਈਸਾਈ ਪ੍ਰਤੀਨਿੱਧ।

(ਹ) 7 ਗੈਰ-ਸਰਕਾਰੀ ਮੈਂਬਰ ਜਿਨ੍ਹਾਂ ਨੇ ਸਮਾਜ ਦੇ ਭਿੰਨ-ਭਿੰਨ ਖੇਤਰਾਂ ਜਿਵੇਂ ਸਮਾਜ ਸੇਵਾ, ਵਪਾਰ, ਉਦਯੋਗ, ਖੇਤੀਬਾੜੀ ਵਿੱਚ ਯੋਗਦਾਨ ਪਾਇਆ ਹੋਵੇ। ਇਸ ਤੋਂ ਇਲਾਵਾ ਨੰਬਰਦਾਰ ਵਰਗ ਦਾ ਇੱਕ ਨੁਮਾਇੰਦਾ ਅਤੇ ਭਾਰਤੀ ਕਿਸਾਨ ਯੂਨੀਅਨ ਦਾ ਇੱਕ ਨੁਮਾਇੰਦਾ।

(ਕ) ਐਨ.ਆਰ.ਆਈਜ਼. ਦਾ ਇੱਕ ਨੁਮਾਇੰਦਾ।

Original with;
Punjab Vidhan Sabha
Digitized by;
Panjab Digital Library

[ਸ਼ਿਕਾਇਤ ਨਿਵਾਰਣ ਮੰਤਰੀ]

(2) ਇਹਨਾਂ ਕਮੇਟੀਆਂ ਤੇ ਨਾਮਜ਼ਦ ਗੈਰ-ਸਰਕਾਰੀ ਮੈਂਬਰਾਂ ਦੀ ਮਿਆਦ 3 ਸਾਲ ਹੋਵੇਗੀ ਪਰ ਜੇਕਰ ਸਰਕਾਰ ਚਾਹੇ ਤਾਂ ਇਹ ਨਾਮਜ਼ਦਗੀਆਂ ਕਿਸੇ ਵੀ ਸਮੇਂ ਰੱਦ ਕੀਤੀਆਂ ਜਾ ਸਕਦੀਆਂ ਹਨ।

(3) ਸਾਰੇ ਵਿਭਾਗਾਂ ਦੇ ਜ਼ਿਲ੍ਹਾ ਮੁਖੀ ਇਹਨਾਂ ਮੀਟਿੰਗਾਂ ਵਿੱਚ ਸ਼ਾਮਲ ਹੋਣਗੇ।

(4) ਇਹਨਾਂ ਕਮੇਟੀਆਂ ਦਾ ਮੁੱਖ ਕੰਮ ਜਨਤਾ ਦੀਆਂ ਸ਼ਿਕਾਇਤਾਂ ਦਾ ਸਮਾਂ-ਬੱਧ ਨਿਵਾਰਨ ਕਰਨਾ ਹੋਵੇਗਾ। ਇਹ ਪ੍ਰਸ਼ਾਸਨ ਅਤੇ ਪੰਜਾਬ ਦੀ ਜਨਤਾ ਵਿਚਕਾਰ ਕੜੀ ਦਾ ਕੰਮ ਕਰਨਗੀਆਂ। ਨਿਰਦੋਸ਼ ਲੋਕਾਂ ਨੂੰ ਅਮਨ ਅਤੇ ਕਾਨੂੰਨ ਬਹਾਲ ਕਰਨ ਵਾਲੇ ਤੰਤਰਾਂ ਵੱਲੋਂ ਪ੍ਰੇਸ਼ਾਨ/ਤੰਗ ਕਰਨ ਸਬੰਧੀ ਸ਼ਿਕਾਇਤਾਂ ਨੂੰ ਵਿਸ਼ੇਸ਼ ਧਿਆਨ ਦੇ ਕੇ ਦੂਰ ਕੀਤਾ ਜਾਵੇਗਾ ਤਾਂ ਕਿ ਰਾਜ ਦੇ ਪ੍ਰਸ਼ਾਸਨ ਦੀ ਇਮਾਨਦਾਰੀ ਤੇ ਪ੍ਰਤੀਬੱਧਤਾ ਵਿੱਚ ਜਨਤਾ ਦਾ ਵਿਸ਼ਵਾਸ ਅਤੇ ਭਰੋਸਾ ਬਹਾਲ ਹੋ ਸਕੇ। ਸ਼ਿਕਾਇਤ ਦਾ ਨਿਪਟਾਰਾ ਸ਼ਿਕਾਇਤ ਦੀ ਪ੍ਰਾਪਤੀ ਤੋਂ ਦੋ ਮਹੀਨੇ ਦੇ ਅੰਦਰ-ਅੰਦਰ ਕਰਨ ਦੇ ਯਤਨ ਕੀਤੇ ਜਾਣਗੇ। ਜੇਕਰ ਸ਼ਿਕਾਇਤ ਦੇ ਨਿਪਟਾਰੇ ਵਿੱਚ 2 ਮਹੀਨੇ ਤੋਂ ਵੱਧ ਸਮਾਂ ਲੱਗਣ ਦੀ ਸੰਭਾਵਨਾ ਹੋਵੇ ਤਾਂ ਉਸ ਸ਼ਿਕਾਇਤ ਦੇ ਨਿਪਟਾਰੇ ਲਈ ਹੋਈ ਪ੍ਰਗਤੀ/ਸਥਿਤੀ ਬਾਰੇ ਸ਼ਿਕਾਇਤਕਰਤਾ ਨੂੰ ਸੂਚਿਤ ਕੀਤਾ ਜਾਵੇਗਾ।

ਜੇਕਰ ਕਿਸੇ ਸ਼ਿਕਾਇਤ ਦਾ ਨਿਪਟਾਰਾ ਦੋ ਮਹੀਨੇ ਤੱਕ ਨਾ ਹੋਵੇ ਤਾਂ ਉਸ ਸ਼ਿਕਾਇਤ ਦਾ ਵੇਰਵਾ ਮੰਤਰੀ, ਸ਼ਿਕਾਇਤ ਨਿਵਾਰਨ ਨੂੰ ਭੇਜ ਦਿੱਤਾ ਜਾਵੇਗਾ ਅਤੇ ਮੰਤਰੀ ਜੀ ਉਹ ਸ਼ਿਕਾਇਤ ਕੈਬਨਿਟ ਮੀਟਿੰਗ ਸਾਹਮਣੇ ਪੇਸ਼ ਕਰਨਗੇ ;

ਜੋ ਸ਼ਿਕਾਇਤਾਂ ਮੁੱਖ ਮੰਤਰੀ ਜੀ, ਗਵਰਨਰ ਸਾਹਿਬ, ਸ਼ਿਕਾਇਤ ਨਿਵਾਰਨ ਵਿਭਾਗ ਜਾਂ ਕੇਂਦਰ ਸਰਕਾਰ ਤੋਂ ਪ੍ਰਾਪਤ ਹੋਣਗੀਆਂ ਉਹਨਾਂ ਸ਼ਿਕਾਇਤਾਂ ਦਾ ਏਜੰਡਾ ਵੱਖਰਾ ਤਿਆਰ ਕੀਤਾ ਜਾਇਆ ਕਰੇਗਾ ਅਤੇ ਇਹਨਾਂ ਤੇ ਕੀਤੀ ਕਾਰਵਾਈ ਵੀ ਵੱਖਰੇ ਤੌਰ ਤੇ ਸ਼ਿਕਾਇਤ ਨਿਵਾਰਨ ਵਿਭਾਗ ਨੂੰ ਭੇਜੀ ਜਾਇਆ ਕਰੇਗੀ।

(5) ਜ਼ਿਲ੍ਹੇ ਦੀਆਂ ਉਪ ਮੰਡਲ ਸ਼ਿਕਾਇਤ ਨਿਵਾਰਨ ਕਮੇਟੀਆਂ ਪਾਸ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਰਿਪੋਰਟ ਹਰ ਮਹੀਨੇ ਜੋ ਕਿ ਡੀ.ਸੀ. ਨੂੰ ਭੇਜੀ ਜਾਣੀ ਹੁੰਦੀ ਹੈ, ਉਹ ਸਮੁੱਚੀ ਰਿਪੋਰਟ ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ ਵਿੱਚ ਇੱਕ ਏਜੰਡੇ ਦੇ ਰੂਪ ਵਿੱਚ ਵਿਚਾਰ-ਵਟਾਂਦਰੇ ਲਈ ਪੇਸ਼ ਕੀਤੀ ਜਾਇਆ ਕਰੇਗੀ।

(6) ਪਿਛਲੀਆਂ ਸ਼ਿਕਾਇਤ ਨਿਵਾਰਨ ਕਮੇਟੀਆਂ ਦੀਆਂ ਮੀਟਿੰਗਾਂ ਵਿੱਚ ਪੇਸ਼ ਹੋਈਆਂ ਸ਼ਿਕਾਇਤਾਂ ਤੇ ਜੇਕਰ ਕੋਈ ਕਾਰਵਾਈ ਕਰਨੀ ਰਹਿੰਦੀ ਹੋਵੇ ਤਾਂ ਅਜਿਹੀਆਂ ਸ਼ਿਕਾਇਤਾਂ ਦਾ ਨਿਪਟਾਰਾ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਦੀ ਅਗਲੀ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਪਹਿਲ ਦੇ ਆਧਾਰ ਤੇ ਕੀਤਾ ਜਾਵੇਗਾ।

(7) ਇਨ੍ਹਾਂ ਕਮੇਟੀਆਂ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਕੈਬਨਿਟ ਮੰਤਰੀ/ਰਾਜ ਮੰਤਰੀ ਜਿਨ੍ਹਾਂ ਨੂੰ ਸਰਕਾਰ ਵੱਲੋਂ ਜ਼ਿਲ੍ਹੇ ਅਲਾਟ ਕੀਤੇ ਜਾਣਗੇ, ਕਰਿਆ ਕਰਨਗੇ ਪਰੰਤੂ ਕਿਸੇ ਵਜ੍ਹਾ ਕਾਰਨ ਉਹਨਾਂ ਦੀ ਗੈਰ-ਹਾਜ਼ਰੀ ਵਿੱਚ ਮੰਡਲਾਂ ਦੇ ਕਮਿਸ਼ਨਰ, ਜੇਕਰ ਜ਼ਿਲ੍ਹਾ ਹੈੱਡ-ਕੁਆਰਟਰ ਵਿਖੇ ਮੌਜੂਦ ਹੋਣ, ਪ੍ਰਧਾਨਗੀ ਕਰਨਗੇ ਨਹੀਂ ਤਾਂ ਸਬੰਧਤ ਡਿਪਟੀ ਕਮਿਸ਼ਨਰ

Original with;
Punjab Vidhan Sabha
Digitized by;
Panjab Digital Library

ਪ੍ਰਧਾਨਗੀ ਕਰਨਗੇ। ਇਹਨਾਂ ਕਮੇਟੀਆਂ ਦੀਆਂ ਮੀਟਿੰਗਾਂ ਹਰ ਮਹੀਨੇ ਦੀ 12 ਤਾਰੀਖ ਤੋਂ ਪਹਿਲਾਂ-ਪਹਿਲਾਂ ਹੋਇਆ ਕਰਨਗੀਆਂ ਅਤੇ ਇਹ ਮਿਤੀ ਚੇਅਰਮੈਨ ਦੀ ਮਨਜ਼ੂਰੀ ਅਨੁਸਾਰ ਮਿੱਥੀ ਜਾਵੇਗੀ। ਜਿੱਥੋਂ ਤੱਕ ਹੋ ਸਕੇ ਇਹ ਮੀਟਿੰਗਾਂ ਹਰ ਜ਼ਿਲ੍ਹੇ ਵਿੱਚ ਦਿਨ ਮਿਥ ਕੇ ਕੀਤੀਆਂ ਜਾਣਗੀਆਂ।

(8) ਸ਼ਿਕਾਇਤ ਨਿਵਾਰਨ ਮੰਤਰੀ, ਪੰਜਾਬ ਜਦੋਂ ਕਦੀ ਵੀ ਲੋੜ ਸਮਝਣਗੇ ਇਹਨਾਂ ਕਮੇਟੀਆਂ ਦੀਆਂ ਵਿਸ਼ੇਸ਼ ਇਕੱਤਰਤਾਵਾਂ (ਮੀਟਿੰਗ) ਕਰਨਗੇ।

(9) ਨਿਪਟਾਏ/ਕੀਤੇ ਕੰਮਾਂ ਦੀ ਪ੍ਰਗਤੀ ਰਿਪੋਰਟ ਸਰਕਾਰ ਨੂੰ ਹਰ ਮਹੀਨੇ ਦੀ 21 ਤਾਰੀਖ ਤੱਕ ਭੇਜੀ ਜਾਵੇਗੀ।

ਆਰ.ਪੀ.ਐਸ. ਪਵਾਰ, ਆਈ.ਏ. ਐਸ.,

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸ਼ਿਕਾਇਤ ਨਿਵਾਰਣ ਵਿਭਾਗ।

ਚੰਡੀਗੜ੍ਹ :
ਮਿਤੀ : 11 ਜੂਨ, 2007.

ਨੰ: 2/37/2007-5ਸਿ:ਨਿ:/9058, ਮਿਤੀ, ਚੰਡੀਗੜ੍ਹ, 11 ਜੂਨ, 2007

ਇਸ ਦਾ ਇੱਕ-ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਜ਼ਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :—

1. ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ ;
2. ਰਾਜ ਦੇ ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ;
3. ਰਾਜ ਦੇ ਸਮੂਹ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਅਫਸਰ ;
4. ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਧਿਸੂਚਨਾ ਨੂੰ ਸਰਕਾਰ ਦੇ ਅਸਾਧਾਰਨ ਗਜ਼ਟ ਪਾਰਟ-1 ਵਿੱਚ ਛਪਾਉਣ ਅਤੇ ਇਸ ਅਧਿਸੂਚਨਾ ਦੀਆਂ 200 ਕਾਪੀਆਂ ਸ਼ਿਕਾਇਤ ਨਿਵਾਰਣ ਵਿਭਾਗ ਨੂੰ ਭੇਜਣ।
5. ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ ;
6. ਸਮੂਹ ਮੰਤਰੀ/ਰਾਜ ਮੰਤਰੀ/ਮੁੱਖ ਸੰਸਦੀ ਸਕੱਤਰ/ਸੰਸਦੀ ਸਕੱਤਰ/ ਸਪੀਕਰ/ਡਿਪਟੀ ਸਪੀਕਰ ਵਿਧਾਨ ਸਭਾ।

ਸਹੀ

ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ,
ਸ਼ਿਕਾਇਤ ਨਿਵਾਰਣ ਵਿਭਾਗ।

Original with;
Punjab Vidhan Sabha
Digitized by;
Panjab Digital Library

[ਸ਼ਿਕਾਇਤ ਨਿਵਾਰਣ ਮੰਤਰੀ]

ਇਸ ਦਾ ਇਕ ਉਤਾਰਾ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਜੀ ਨੂੰ ਮਾਨਯੋਗ ਮੁੱਖ ਮੰਤਰੀ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਹੀ

ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ,
ਸ਼ਿਕਾਇਤ ਨਿਵਾਰਣ ਵਿਭਾਗ।

ਸੇਵਾ ਵਿਖੇ,

ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ

ਅੰ:ਵਿ:ਪੱ: ਨੰ: 2/37/2007-5ਸਿ:ਨਿ:/9059, ਮਿਤੀ, ਚੰਡੀਗੜ੍ਹ, 11 ਜੂਨ, 2007

**ਪੰਜਾਬ ਸਰਕਾਰ**

ਸ਼ਿਕਾਇਤ ਨਿਵਾਰਨ ਵਿਭਾਗ
(ਸ਼ਿਕਾਇਤ ਨਿਵਾਰਨ ਸ਼ਾਖਾ)

**ਅਧਿਸੂਚਨਾ**

ਮਿਤੀ 7 ਸਤੰਬਰ, 2007

ਨੰ: 2/37/07-5ਸਿ.ਨਿ./12952.—ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਪੰਜਾਬ ਸਰਕਾਰ ਵਲੋਂ ਜਾਰੀ ਕੀਤੀ ਅਧਿਸੂਚਨਾ ਨੰ: 2/37/07-5ਸ਼ਿ.ਨਿ./9057, ਮਿਤੀ 11 ਜੂਨ, 2007 ਦੇ ਪੈਰਾ 1(4)(ੲ) ਅਤੇ 1(4)(ਸ) ਵਿੱਚ ਨਿਮਨ-ਲਿਖਤ ਅਨੁਸਾਰ ਅੰਸ਼ਿਕ ਸੋਧ ਕਰਨ ਦੀ ਪ੍ਰਵਾਨਗੀ ਦਿੰਦੇ ਹਨ :—

"1(4)(ੲ) ਕੁੱਲ 10 ਨੁਮਾਇੰਦੇ ਜਿਨ੍ਹਾਂ ਵਿਚੋਂ ਆਜ਼ਾਦੀ ਘੁਲਾਟੀਏ, ਸਾਬਕਾ ਫੌਜੀ, ਪਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤੀਆਂ, ਮਹਿਲਾ ਵਰਗ ਅਤੇ ਨੌਜਵਾਨ ਵਰਗ ਦਾ ਘੱਟੋ ਘੱਟ ਇਕ ਨੁਮਾਇੰਦਾ। ਇਸ ਤੋਂ ਇਲਾਵਾ ਹਰ ਜ਼ਿਲ੍ਹੇ ਵਿੱਚ ਜਿੱਥੇ ਬਾਜੀਗਰ, ਰਾਏ ਸਿੱਖ, ਵਿਮੁਕਤ ਜਾਤੀ, ਕੰਬੋਜ ਆਦਿ ਜਾਤੀਆਂ ਨਾਲ ਸਬੰਧਤ ਆਬਾਦੀਆਂ ਹਨ, ਦੇ ਨੁਮਾਇੰਦੇ।

1(4)(ਸ) ਹਰ ਜ਼ਿਲ੍ਹੇ ਵਿੱਚ ਇੱਕ ਮੁਸਲਮਾਨ ਅਤੇ ਇਸਾਈ ਪ੍ਰਤੀਨਿੱਧ।"

ਇਕਬਾਲ ਸਿੰਘ ਸਿੱਧੂ,
ਸਕੱਤਰ, ਪੰਜਾਬ ਸਰਕਾਰ,
ਸ਼ਿਕਾਇਤ ਨਿਵਾਰਣ ਵਿਭਾਗ।

ਚੰਡੀਗੜ੍ਹ :
ਮਿਤੀ : 6 ਸਤੰਬਰ, 2007.

Original with:
Punjab Vidhan Sabha
Digitized by:
Punjab Digital Library

ਪਿ:ਅੰ:ਨੰ: 2/37/07-5ਸਿ:ਨਿ:/12953, ਮਿਤੀ ਚੰਡੀਗੜ੍ਹ, 7 ਸਤੰਬਰ, 2007

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸਰਕਾਰ ਦੀ ਅਧਿਸੂਚਨਾ ਨੰ: 2/37/07-5ਸਿ:ਨਿ:/9054, ਮਿਤੀ 11 ਜੂਨ, 2007 ਦੀ ਲਗਾਤਾਰਤਾ ਵਿੱਚ ਸੂਚਨਾ ਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ :—

1. ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ।
2. ਰਾਜ ਦੇ ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ।
3. ਰਾਜ ਦੇ ਸਮੂਹ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਫ਼ਸਰ ।
4. ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ ।

ਸਹੀ

ਸੁਪਰਡੰਟ,
ਸ਼ਿਕਾਇਤ ਨਿਵਾਰਣ ਵਿਭਾਗ।

ਇਸ ਦਾ ਇਕ ਉਤਾਰਾ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਨੂੰ ਮਾਨਯੋਗ ਮੁੱਖ ਮੰਤਰੀ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਹੀ

ਸੁਪਰਡੰਟ,
ਸ਼ਿਕਾਇਤ ਨਿਵਾਰਣ ਵਿਭਾਗ।

ਸੇਵਾ ਵਿਖੇ,

ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ।

ਅੰ:ਵਿ:ਪੱ: ਨੰ: 2/37/07-5ਸਿ:ਨਿ:/12954, ਮਿਤੀ ਚੰਡੀਗੜ੍ਹ, 7 ਸਤੰਬਰ, 2007

ਪਿ:ਅੰ:ਨੰ: 2/37/07-5ਸਿ:ਨਿ:/12955, ਮਿਤੀ ਚੰਡੀਗੜ੍ਹ, 7 ਸਤੰਬਰ, 2007

ਇਸ ਦਾ ਇਕ ਉਤਾਰਾ ਸਮੇਤ ਤਸਦੀਕ ਸ਼ੁਦਾ ਕਾਪੀ ਦੇ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਅਧਿਸੂਚਨਾ ਸਰਕਾਰ ਦੇ ਅਸਧਾਰਨ ਗਜ਼ਟ ਵਿੱਚ ਛਾਪੀ ਜਾਵੇ ਅਤੇ ਇਸ ਦੀਆਂ 200 ਕਾਪੀਆਂ ਸ਼ਿਕਾਇਤ ਨਿਵਾਰਨ ਵਿਭਾਗ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

ਸਹੀ

ਸੁਪਰਡੰਟ,
ਸ਼ਿਕਾਇਤ ਨਿਵਾਰਣ ਵਿਭਾਗ।

Original with;
Punjab Vidhan Sabha
Digitized by;
Panjab Digital Library

[ਸ਼ਿਕਾਇਤ ਨਿਵਾਰਣ ਮੰਤਰੀ]

ਪੰਜਾਬ ਸਰਕਾਰ

ਸ਼ਿਕਾਇਤ ਨਿਵਾਰਣ ਵਿਭਾਗ
(ਸ਼ਿਕਾਇਤ ਨਿਵਾਰਣ ਸ਼ਾਖਾ)

ਅਧਿਸੂਚਨਾ

ਮਿਤੀ 27 ਨਵੰਬਰ, 2007

ਨੰ: 2/37/07-5ਸਿ.ਨਿ./16686—ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਪੰਜਾਬ ਸਰਕਾਰ ਦੀ ਅਧਿਸੂਚਨਾ ਨੰ: 2/37/2007-5ਸ਼ਿ.ਨਿ./9057, ਮਿਤੀ 11 ਜੂਨ, 2007 ਦੇ ਪੈਰਾ 1(4) ਵਿੱਚ ਅੰਸ਼ਿਕ ਸੋਧ ਕਰਨ ਦੀ ਆਗਿਆ ਦੇ ਕੇ ਇਸ ਅਧਿਸੂਚਨਾ ਦੇ ਪੈਰਾ 1(4)(ਕ) ਦੇ ਹੇਠਾਂ ਇਕ ਨਵਾਂ ਸਬ-ਪੈਰਾ ਨਿਮਨ-ਲਿਖਤ ਅਨੁਸਾਰ ਸ਼ਾਮਲ ਕਰਨ ਦੀ ਪ੍ਰਵਾਨਗੀ ਦਿੰਦੇ ਹਨ :—

"1(4)(ਖ) "ਬਾਲਮੀਕੀਆਂ ਅਤੇ ਮਜ਼ਬੀ ਸਿੱਖਾਂ ਦਾ ਇੱਕ-ਇੱਕ ਨੁਮਾਇੰਦਾ"।

ਸਹੀ

ਇਕਬਾਲ ਸਿੰਘ ਸਿੱਧੂ, ਆਈ.ਏ.ਐਸ.,

ਚੰਡੀਗੜ੍ਹ :
ਮਿਤੀ : 23 ਨਵੰਬਰ, 2007.

ਸਕੱਤਰ, ਪੰਜਾਬ ਸਰਕਾਰ,
ਸ਼ਿਕਾਇਤ ਨਿਵਾਰਣ ਵਿਭਾਗ।

ਪਿ:ਅੰ:ਨੰ: 2/37/07-5ਸਿ:ਨਿ:/16687, ਮਿਤੀ ਚੰਡੀਗੜ੍ਹ, 27 ਨਵੰਬਰ, 2007

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸਰਕਾਰ ਦੀ ਅਧਿਸੂਚਨਾ ਨੰ: 2/37/07-5ਸਿ:ਨਿ:/9054, ਮਿਤੀ 11 ਜੂਨ, 2007 ਦੀ ਲਗਾਤਾਰਤਾ ਵਿੱਚ ਸੂਚਨਾ ਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ :—

1. ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ ।
2. ਰਾਜ ਦੇ ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ।
3. ਰਾਜ ਦੇ ਸਮੂਹ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਫਸਰ ।
4. ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ ।
5. ਡਾਇਰੈਕਟਰ, ਸ਼ਿਕਾਇਤ ਨਿਵਾਰਣ ਵਿਭਾਗ, ਪੰਜਾਬ।

ਸਹੀ

ਸੁਪਰਡੰਟ,
ਸ਼ਿਕਾਇਤ ਨਿਵਾਰਣ ਵਿਭਾਗ।

Original with;
Punjab Vidhan Sabha
Digitized by;
Panjab Digital Library

ਇਸ ਦਾ ਇਕ ਉਤਾਰਾ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਨੂੰ ਮਾਨਯੋਗ ਮੁੱਖ ਮੰਤਰੀ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਹੀ

ਸੁਪਰਡੰਟ,
ਸ਼ਿਕਾਇਤ ਨਿਵਾਰਣ ਵਿਭਾਗ।

ਸੇਵਾ ਵਿਖੇ,

ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ।

ਅੰ:ਵਿ:ਪੱ: ਨੰ: 2/37/07-5ਸਿ:ਨਿ:/16688, ਮਿਤੀ, ਚੰਡੀਗੜ੍ਹ, 27 ਨਵੰਬਰ, 2007

ਪਿ:ਅੰ:ਨੰ: 2/37/07-5ਸਿ:ਨਿ:/16689, ਮਿਤੀ, ਚੰਡੀਗੜ੍ਹ, 27 ਨਵੰਬਰ, 2007

ਇਸ ਦਾ ਇਕ ਉਤਾਰਾ ਸਮੇਤ ਤਸਦੀਕ ਸ਼ੁਦਾ ਕਾਪੀ ਦੇ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਅਧਿਸੂਚਨਾ ਸਰਕਾਰ ਦੇ ਸਧਾਰਨ ਗਜ਼ਟ ਵਿੱਚ ਛਾਪੀ ਜਾਵੇ ਅਤੇ ਇਸ ਦੀਆਂ 200 ਕਾਪੀਆਂ ਸ਼ਿਕਾਇਤ ਨਿਵਾਰਣ ਵਿਭਾਗ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

ਸਹੀ

ਸੁਪਰਡੰਟ,
ਸ਼ਿਕਾਇਤ ਨਿਵਾਰਣ ਵਿਭਾਗ।

**ਪੰਜਾਬ ਸਰਕਾਰ**

ਸ਼ਿਕਾਇਤ ਨਿਵਾਰਣ ਵਿਭਾਗ
(ਸ਼ਿਕਾਇਤ ਨਿਵਾਰਣ ਸ਼ਾਖਾ)

**ਅਧਿਸੂਚਨਾ**

ਮਿਤੀ 6 ਫਰਵਰੀ, 2008

ਨੰ: 2/37/2007-5ਸਿ.ਨਿ./2158.—ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਕਮੇਟੀਆਂ ਦੇ ਗਠਨ ਸਬੰਧੀ ਜਾਰੀ ਕੀਤੀ ਅਧਿਸੂਚਨਾ ਨੰ: 2/37/2007-5ਸ਼ਿ.ਨਿ./9057, ਮਿਤੀ 11 ਜੂਨ, 2007 ਦੇ ਪੈਰਾ 1(3)(ੳ) ਵਿੱਚ ਅੰਸ਼ਿਕ ਸੋਧ ਅਤੇ ਨੀਤੀ ਦੇ ਪੈਰਾ 1(4) ਵਿੱਚ ਇਕ ਹੋਰ ਉਪਬੰਧ 'ਗ' ਦਾ ਵਾਧਾ ਕਰਨ ਦੀ ਪ੍ਰਵਾਨਗੀ ਹੇਠਾਂ ਅਨੁਸਾਰ ਦਿੰਦੇ ਹਨ :—

ਪੈਰਾ 1(3)(ੳ) "ਸਬੰਧਤ ਜ਼ਿਲ੍ਹਿਆਂ ਦੇ ਪਾਰਲੀਮੈਂਟ (ਲੋਕ ਸਭਾ) ਦੇ ਸਮੂਹ ਮੈਂਬਰ, ਜੇਕਰ ਉਨ੍ਹਾਂ ਦੇ ਹਲਕੇ ਦੇ ਪਿੰਡ ਸ਼ਹਿਰ ਹੋਰਨਾਂ ਜ਼ਿਲ੍ਹਿਆਂ ਵਿੱਚ ਪੈਂਦੇ ਹੋਣ ਤਾਂ ਸਬੰਧਤ ਐਮ.ਪੀ. ਜੇਕਰ ਚਾਹੁਣ ਤਾਂ ਉਨ੍ਹਾਂ ਜ਼ਿਲ੍ਹਿਆਂ ਦੀਆਂ ਸ਼ਿਕਾਇਤ ਨਿਵਾਰਣ ਕਮੇਟੀਆਂ ਵਿੱਚ ਆਪਣੇ ਨੁਮਾਇੰਦੇ

Original with;
Punjab Vidhan Sabha
Digitized by;
Panjab Digital Library

[ਸ਼ਿਕਾਇਤ ਨਿਵਾਰਣ ਮੰਤਰੀ]

ਨਾਮਜ਼ਦ ਕਰਵਾ ਸਕਦੇ ਹਨ। ਸਬੰਧਤ ਐਮ.ਪੀ. ਜੇਕਰ ਕਿਸੇ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਵਿੱਚ ਨਿੱਜੀ ਤੌਰ ਤੇ ਸ਼ਾਮਲ ਹੋਣ ਨੂੰ ਯਕੀਨੀ ਬਣਾ ਸਕਦੇ ਹੋਣ ਤਾਂ ਉਹ ਆਪਣੇ ਹਲਕੇ ਵਿੱਚ ਪੈਂਦੇ ਇਕ ਜ਼ਿਲ੍ਹੇ ਦੀ ਸ਼ਿਕਾਇਤ ਨਿਵਾਰਨ ਕਮੇਟੀ ਆਪਣੇ ਲਈ ਰਾਖਵੀਂ ਰੱਖ ਸਕਦੇ ਹਨ।

ਰਾਜ ਦੇ ਸਾਰੇ ਰਾਜ ਸਭਾ ਮੈਂਬਰ ਵੀ ਜੇਕਰ ਚਾਹੁਣ ਤਾਂ ਆਪਣੀ ਥਾਂ ਤੇ ਆਪਣੇ ਪੈਤ੍ਰਿਕ ਜ਼ਿਲ੍ਹੇ ਦੀ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਵਿੱਚ ਆਪਣਾ ਇੱਕ ਨੁਮਾਇੰਦਾ ਸ਼ਾਮਲ ਕਰਵਾ ਸਕਣਗੇ।"

"ਪੈਰਾ 1(4) (ਗ) ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਸਿਫਾਰਸ਼ ਤੇ ਜ਼ਿਲ੍ਹੇ ਦੇ ਪਤਵੰਤਿਆਂ ਵਿਚੋਂ ਇੱਕ ਵਿਸ਼ੇਸ਼ ਨਿਮੰਤ੍ਰਿਤ ਵਿਅਕਤੀ।"

ਸਹੀ

ਇਕਬਾਲ ਸਿੰਘ ਸਿੱਧੂ, ਆਈ.ਏ.ਐਸ.,

ਚੰਡੀਗੜ੍ਹ :
ਮਿਤੀ : 6 ਫਰਵਰੀ, 2008.

ਸਕੱਤਰ, ਪੰਜਾਬ ਸਰਕਾਰ,
ਸ਼ਿਕਾਇਤ ਨਿਵਾਰਣ ਵਿਭਾਗ।

ਨੰ: 2/37/2007-5ਸਿ:ਨਿ:/2159, ਮਿਤੀ, ਚੰਡੀਗੜ੍ਹ, 6 ਫਰਵਰੀ, 2008

ਇਸ ਦਾ ਇੱਕ-ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਜ਼ਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :—

1. ਰਾਜ ਦੇ ਸਮੂਹ ਜ਼ਿਲ੍ਹਿਆਂ ਦੇ ਕਮਿਸ਼ਨਰ ;
2. ਰਾਜ ਦੇ ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ;
3. ਰਾਜ ਦੇ ਸਮੂਹ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਫਸਰ ;
4. ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਧਿਸੂਚਨਾ ਨੂੰ ਸਰਕਾਰ ਦੇ ਸਧਾਰਨ ਗਜਟ ਵਿੱਚ ਛਪਾਉਣ ਅਤੇ ਇਸ ਅਧਿਸੂਚਨਾ ਦੀਆਂ 200 ਕਾਪੀਆਂ ਸ਼ਿਕਾਇਤ ਨਿਵਾਰਨ ਵਿਭਾਗ ਨੂੰ ਭੇਜਣ।
5. ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ ;
6. ਸਮੂਹ ਮੰਤਰੀ/ਮੁੱਖ ਸੰਸਦੀ ਸਕੱਤਰ/ਸਪੀਕਰ/ਡਿਪਟੀ ਸਪੀਕਰ, ਵਿਧਾਨ ਸਭਾ।
7. ਡਾਇਰੈਕਟਰ, ਸ਼ਿਕਾਇਤ ਨਿਵਾਰਣ, ਪੰਜਾਬ।

ਸਹੀ

ਸੁਪਰਡੰਟ

Original with;
Punjab Vidhan Sabha
Digitized by;
Panjab Digital Library

ਇਸ ਦਾ ਇਕ ਉਤਾਰਾ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਨੂੰ ਮਾਨਯੋਗ ਮੁੱਖ ਮੰਤਰੀ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਹੀ

ਸੁਪਰਡੰਟ

ਸੇਵਾ ਵਿਖੇ,

ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ।

ਅੰ:ਵਿ:ਪੱ: ਨੰ: 2/37/2007-5ਸਿ:ਨਿ:/2160, ਮਿਤੀ, ਚੰਡੀਗੜ੍ਹ, 6 ਫਰਵਰੀ, 2008

ਕਾਪੀ :—

ਰਾਜ ਦੇ ਸਮੂਹ ਲੋਕ ਸਭਾ/ਰਾਜ ਸਭਾ ਮੈਂਬਰ।

---

## ਡ੍ਰੇਨਾਂ ਦੀ ਸਫਾਈ

*746. (ਸੀ.ਯੂ.) **ਸਰਦਾਰ ਜਤਿੰਦਰ ਸਿੰਘ ਕਰੀਹਾ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਪੈਂਦੀਆਂ ਡ੍ਰੇਨਾਂ ਦੀ ਕੁੱਲ ਲੰਬਾਈ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਡ੍ਰੇਨਾਂ ਦੀ ਪਿਛਲੇ ਕਿਸ ਸਾਲ ਵਿਚ ਸਫਾਈ ਕੀਤੀ ਗਈ ਸੀ;

(ੲ) ਕੀ ਉਪਰੋਕਤ ਭਾਗ (ੳ) ਅਤੇ (ਅ) ਵਿਚ ਵਰਣਿਤ ਡ੍ਰੇਨਾਂ ਦੀ ਸਫਾਈ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਤੇ ਕਿੰਨਾ ਖਰਚ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਜਨਮੇਜਾ ਸਿੰਘ ਸੇਖੋਂ :** (ੳ) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ 19 ਡਰੇਨਾਂ ਦੀ ਲੰਬਾਈ 132.40 ਕਿਲੋਮੀਟਰ ਹੈ ਅਤੇ ਈਸਟ ਬੇਈਂ ਜਿਸ ਦੀ ਲੰਬਾਈ 36.58 ਕਿਲੋਮੀਟਰ ਹੈ, ਵੀ ਇਸ ਜ਼ਿਲ੍ਹੇ ਵਿਚ ਪੈਂਦੀ ਹੈ।

(ਅ) ਉਪਰੋਕਤ (ੳ) ਭਾਗ ਵਿੱਚ ਦਰਸਾਈਆਂ ਡਰੇਨਾਂ ਦੀ ਸਫਾਈ ਸਾਲ-ਵਾਰ ਹੇਠ ਲਿਖੇ ਅਨੁਸਾਰ ਕੀਤੀ ਗਈ ਹੈ :—

| ਸਾਲ | ਪਿਛਲੇ ਸਾਲਾਂ ਦੌਰਾਨ ਕਰਾਈ ਗਈ ਡਰੇਨਾਂ ਦੀ ਸਫਾਈ |
|---|---|
| 1994-95 | 3 ਨੰ: ਡਰੇਨ ਲੰਬਾਈ 13.72 ਕਿ.ਮੀ. |
| 1995-96 | 4 ਨੰ: ਡਰੇਨ ਲੰਬਾਈ 16.52 ਕਿ.ਮੀ. |
| 1997-98 | 2 ਨੰ: ਡਰੇਨ ਲੰਬਾਈ 2.59 ਕਿ.ਮੀ. |

Original with;
Punjab Vidhan Sabha
Digitized by;
Panjab Digital Library

[ਸਿੰਜਾਈ ਮੰਤਰੀ]

| ਸਾਲ | ਪਿਛਲੇ ਸਾਲਾਂ ਦੌਰਾਨ ਕਰਾਈ ਗਈ ਡਰੇਨਾਂ ਦੀ ਸਫਾਈ |
|---|---|
| 1998-99 | 1 ਨੰ: ਡਰੇਨ ਲੰਬਾਈ 11.95 ਕਿ.ਮੀ. |
| 1998-99 | 1 ਨੰ: ਈਸਟ ਬੇਈਂ ਲੰਬਾਈ 36.58 ਕਿ.ਮੀ. |
| 2000-01 | 1 ਨੰ: ਡਰੇਨ ਲੰਬਾਈ 22.88 ਕਿ.ਮੀ. |
| 2001-02 | 5 ਨੰ: ਡਰੇਨ ਲੰਬਾਈ 45.53 ਕਿ.ਮੀ. |
| 2002-03 | 2 ਨੰ: ਡਰੇਨ ਲੰਬਾਈ 16.16 ਕਿ.ਮੀ. |
| 2007-08 | 1 ਨੰ: ਡਰੇਨ ਲੰਬਾਈ 3.05 ਕਿ.ਮੀ. |

(ੲ) ਸਾਲ 2009 ਦੇ ਫਲੱਡ ਸੀਜ਼ਨ ਤੋਂ ਪਹਿਲਾਂ 13 ਡਰੇਨਾਂ ਦੀ ਸਫਾਈ ਕਰਵਾਉਣ ਦੀ ਲੋੜ ਹੈ। ਇਨ੍ਹਾਂ ਡਰੇਨਾਂ ਦੀ ਸਫਾਈ ਕਰਾਉਣ ਲਈ 66.75 ਲੱਖ ਰੁਪਏ ਚਾਹੀਦੇ ਹਨ, ਜੋ ਵਿੱਤ ਵਿਭਾਗ ਵੱਲੋਂ ਮੁਹੱਈਆ ਕਰਵਾਉਣ ਤੇ ਇਹ ਕੰਮ ਕਰਵਾਇਆ ਜਾਵੇਗਾ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 749 (ਸੀ.ਯੂ.)**

---

## ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੀਆਂ ਬੱਸਾਂ ਦੀ ਗਿਣਤੀ

*750. (ਸੀ.ਯੂ.) ਸ਼੍ਰੀ ਮਦਨ ਲਾਲ ਠੇਕੇਦਾਰ : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਾਲ 2007-08 ਅਤੇ 2008-09 ਦੇ ਦੌਰਾਨ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ ਵਿਚ ਕਿੰਨੀਆਂ ਸਾਧਾਰਣ ਅਤੇ ਕਿੰਨੀਆਂ ਏਅਰ ਕੰਡੀਸ਼ਨਡ ਬੱਸਾਂ ਪਾਈਆਂ ਗਈਆਂ ਹਨ;

(ਅ) ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਕਿੰਨੀਆਂ ਬੱਸਾਂ ਕੰਡਮ ਹਨ, ਜੋ ਰਾਜ ਵਿਚ ਅਜੇ ਵੀ ਚੱਲ ਰਹੀਆਂ ਹਨ ?

---

**For Starred Question No. 749 (C.U.) and reply thereto, please *see* Appendix to this Annexure.

Original with;
Punjab Vidhan Sabha
Digitized by;
Panjab Digital Library

ਮਾਸਟਰ ਮੋਹਨ ਲਾਲ : (ੳ) ਪੰਜਾਬ ਰੋਡਵੇਜ਼ ਵੱਲੋਂ ਸਾਲ 2007-08 ਅਤੇ 2008-09 ਵਿਚ ਕੋਈ ਨਵੀਂ ਬੱਸ ਨਹੀਂ ਪਾਈ ਗਈ। ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ ਵੱਲੋਂ ਸਾਲ 2007-08 ਦੌਰਾਨ ਕੇਵਲ 61 ਸਾਧਾਰਣ ਬੱਸਾਂ ਅਤੇ ਸਾਲ 2008-09 ਦੌਰਾਨ 75 ਸਾਧਾਰਣ ਬੱਸਾਂ ਅਤੇ 24 ਏ.ਸੀ. ਬੱਸਾਂ ਪਾਈਆਂ ਹਨ।

(ਅ) ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ ਵਲੋਂ ਰਾਜ ਵਿਚ ਕੋਈ ਵੀ ਕੰਡਮ ਬੱਸ ਨਹੀਂ ਚਲਾਈ ਜਾ ਰਹੀ।

---

## ਪੰਜਾਬ ਯੂਨੀਵਰਸਿਟੀ ਲਈ ਗਰਾਂਟਾਂ

*752. (ਸੀ.ਯੂ.) ਸ਼੍ਰੀ ਮਦਨ ਲਾਲ ਠੇਕੇਦਾਰ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿਚ ਵੱਖ-ਵੱਖ ਯੂਨੀਵਰਸਿਟੀਆਂ ਵਿਚ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਸਥਾਪਿਤ ਚੇਅਰਾਂ ਦੇ ਨਾਂ ਕੀ-ਕੀ ਹਨ ਜਿਨ੍ਹਾਂ ਲਈ ਰਾਜ ਸਰਕਾਰ ਦੁਆਰਾ ਗ੍ਰਾਂਟ ਮੁੱਹਈਆ ਕੀਤੀ ਜਾਂਦੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਾਰੀਆਂ ਚੇਅਰਾਂ ਨੂੰ ਗਰਾਂਟ ਨਿਯਮਤ ਅਧਾਰ ਤੇ ਜਾਰੀ ਕੀਤੀ ਜਾ ਰਹੀ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਨ ਹਨ ?

ਡਾਕਟਰ ਉਪਿੰਦਰਜੀਤ ਕੌਰ : ਹਾਂ ਜੀ।

(ੳ) ਵੱਖ-ਵੱਖ ਯੂਨੀਵਰਸਿਟੀਆਂ ਵਿਚ ਸਥਾਪਿਤ ਚੇਅਰਾਂ ਵਿਚੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਸਥਾਪਿਤ ਚੇਅਰਾਂ ਦੇ ਨਾਮ ਡਾ. ਬੀ.ਆਰ. ਅੰਬੇਦਕਰ ਚੇਅਰ, ਸੰਤ ਕਬੀਰ ਚੇਅਰ, ਭਗਤ ਨਾਮ ਦੇਵ ਚੇਅਰ, ਗੁਰੂ ਰਵਿਦਾਸ ਚੇਅਰ, ਨਾਮਧਾਰੀ ਗੁਰੂ ਰਾਮ ਸਿੰਘ ਚੇਅਰ, ਹਜ਼ਰਤ ਮੀਆਂ ਮੀਰ ਚੇਅਰ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਸਥਾਪਿਤ ਚੇਅਰ ਦਾ ਨਾਂ ਬਾਲਮੀਕ ਚੇਅਰ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਕੋਈ ਚੇਅਰ ਸਥਾਪਿਤ ਨਹੀਂ ਕੀਤੀ ਗਈ।

(ਅ) ਉਪਰੋਕਤ ਭਾਗ 'ੳ' ਵਿਚ ਦਰਸਾਈਆਂ ਸਾਰੀਆਂ ਚੇਅਰਜ਼ ਲਈ ਨਿਰੰਤਰ ਰੂਪ ਵਿਚ ਕੋਈ ਵੱਖਰੀ ਗ੍ਰਾਂਟ ਨਹੀਂ ਦਿੱਤੀ ਜਾ ਰਹੀ ਕਿਉਂਜੋ ਯੂਨੀਵਰਸਿਟੀਆਂ ਕੋਲੋਂ ਆਸ ਕੀਤੀ ਜਾਂਦੀ ਹੈ ਕਿ ਉਹ ਪੰਜਾਬ ਸਰਕਾਰ ਦੁਆਰਾ ਦਿੱਤੀ ਜਾ ਰਹੀ ਜਨਰਲ ਗ੍ਰਾਂਟ-ਇਨ-ਏਡ ਰਾਹੀਂ ਹੀ ਇਹ ਖਰਚਾ ਪੂਰਤੀ ਕਰਨ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 753 (ਸੀ.ਯੂ.)**

---

**For Starred Question No. 753 (C.U.) and reply thereto, please *see* Appendix to this Annexure.

Original with;
Punjab Vidhan Sabha
Digitized by;
Panjab Digital Library

## ਬਲਾਕ ਘਨੌਰ ਵਿਚ ਨਵੇਂ ਟਿਊਬਵੈੱਲ ਲਗਾਉਣਾ

*754. (ਸੀ.ਯੂ.) ਸ਼੍ਰੀ ਮਦਨ ਲਾਲ ਠੇਕੇਦਾਰ : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਲਾਕ ਘਨੌਰ ਵਿਚ ਵਾਟਰ ਵਰਕਸ ਲਈ ਨਵੇਂ ਟਿਊਬਵੈੱਲ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਕੰਮ ਨੂੰ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਸੁਖਬੀਰ ਸਿੰਘ ਬਾਦਲ : ਸ਼੍ਰੀਮਾਨ ਜੀ, ਘਨੌਰ ਬਲਾਕ ਵਿਚ ਮੌਜੂਦਾ ਪੇਂਡੂ ਜਲ ਸਪਲਾਈ ਸਕੀਮਾਂ ਦੇ ਵਾਟਰ ਵਰਕਸ ਲਈ ਸਾਲ 2009-10 ਦੌਰਾਨ 10 ਨਵੇਂ ਟਿਊਬਵੈੱਲ ਲਗਾਉਣ ਦੀ ਤਜਵੀਜ਼ ਹੈ। ਇਹ ਟਿਊਬਵੈੱਲ ਲਗਾਉਣ ਦਾ ਕੰਮ 3 ਤੋਂ 6 ਮਹੀਨਿਆਂ ਦੇ ਅੰਦਰ-ਅੰਦਰ ਮੁਕੰਮਲ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ।

---

## ਮਾਈਨਰਾਂ/ਰਜਬਾਹਿਆਂ ਦੀ ਉਸਾਰੀ

*758. (ਸੀ.ਯੂ.) ਸਰਦਾਰ ਅਜਾਇਬ ਸਿੰਘ ਭੱਟੀ : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਬਠਿੰਡਾ ਵਿਚ ਗੋਨਿਆਣਾ ਕਲਾਂ, ਗੋਨਿਆਣਾ ਖੁਰਦ, ਖਨੌਰਾਂ, ਜੰਡਵਾਲਾ, ਢਿਲਵਾਂ, ਪੂਹਲੀ ਦੇ ਖੇਤੀਬਾੜੀ ਖੇਤਰ ਦਾ ਸਿੰਜਾਈ ਲਈ ਮਾਈਨਰਾਂ/ ਰਜਬਾਹਿਆਂ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਹਾਂ ਜੀ, ਬਠਿੰਡਾ ਜ਼ਿਲ੍ਹੇ ਦੇ ਪਿੰਡ ਗੋਨਿਆਨਾ ਕਲਾਂ, ਢਿਲਵਾਂ, ਗੋਨਿਆਨਾ ਖੁਰਦ, ਜੰਡਵਾਲਾ, ਹਰਰਾਏਪੁਰ, ਜੀਦਾ ਅਤੇ ਚੱਕ ਜੀਦਾ ਦੇ ਰਕਬੇ ਦੀ ਸਿੰਚਾਈ ਲਈ ਇਕ ਨਵਾਂ ਰਜਬਾਹਾ ਜਿਸ ਦਾ ਨਾਂ ਢੇਲਵਾਂ ਰਜਬਾਹਾ ਰੱਖਿਆ ਗਿਆ ਹੈ, ਬਨਾਉਣ ਦੀ ਤਜਵੀਜ਼ ਦਾ ਪ੍ਰੋਜੈਕਟ ਜਿਸ ਦੀ ਲਾਗਤ 12.86 ਕਰੋੜ ਰੁਪਏ ਹੈ, ਸਰਕਾਰ ਵੱਲੋਂ ਮਨਜ਼ੂਰ ਹੋ ਚੁੱਕਾ ਹੈ।

---

## ਸ਼ਰਾਬ ਦੀਆਂ ਦੁਕਾਨਾਂ ਦੀ ਨਿਲਾਮੀ

*760. (ਸੀ.ਯੂ.) ਸਰਦਾਰ ਅਜਾਇਬ ਸਿੰਘ ਭੱਟੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਸਰਕਾਰ ਦੁਆਰਾ 2007-08 ਅਤੇ 2008-09 ਦੌਰਾਨ ਨੀਲਾਮ ਕੀਤੀਆਂ ਗਈਆਂ ਵੱਖ-ਵੱਖ ਸ਼ਰਾਬ ਦੀਆਂ ਦੁਕਾਨਾਂ ਦੀ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸ਼ਰਾਬ ਦੀਆਂ ਦੁਕਾਨਾਂ ਵਿਚੋਂ ਉਨ੍ਹਾਂ ਦੁਕਾਨਾਂ ਦੀ ਗਿਣਤੀ ਕਿੰਨੀ ਹੈ ਜੋ ਅਨੁਸੂਚਿਤ ਜਾਤੀਆਂ ਨਾਲ ਸੰਬੰਧਿਤ ਵਿਅਕਤੀਆਂ ਨੂੰ ਅਲਾਟ ਕੀਤੀਆਂ ਗਈਆਂ ਸਨ;

(ੲ) ਸ਼ਰਾਬ ਦੀ ਅਲਾਟਮੈਂਟ ਵਿਚ ਅਨੁਸੂਚਿਤ ਜਾਤੀਆਂ ਲਈ ਰਾਖਵੇਂਕਰਣ ਲਈ ਕੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸ਼੍ਰੀਮਾਨ ਜੀ, (ੳ) ਵਿੱਤੀ ਸਾਲ 2007-08 ਅਤੇ 2008-09 ਦੌਰਾਨ ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦੇ ਠੇਕਿਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਸੀ :—

| ਸਾਲ | ਪੀ.ਐਮ.ਐਲ. | ਆਈ.ਐਮ.ਐਫ.ਐਲ. |
|---|---|---|
| 2007-08 | 3993 | 2081 |
| 2008-09 | 4735 | 2160 |

(ਅ) ਪੰਜਾਬ ਐਕਸਾਈਜ਼ ਐਕਟ ਅਤੇ ਰੂਲਜ਼ ਵਿੱਚ ਕਿਸੇ ਵੀ ਵਰਗ ਲਈ ਠੇਕਿਆਂ ਸਬੰਧੀ ਰਾਖਵਾਂ ਹਿੱਸਾ ਰੱਖਣ ਦਾ ਕੋਈ ਪ੍ਰਾਵਧਾਨ ਨਹੀਂ ਹੈ।

(ੲ) ਨਹੀਂ। ਸਰਕਾਰ ਦੇ ਪੱਧਰ ਤੇ ਠੇਕਿਆਂ ਵਿੱਚ ਅਨੁਸੂਚਿਤ ਜਾਤੀਆਂ ਲਈ ਰਾਖਵੇਂਕਰਣ ਲਈ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

---

## ਮਿਉਂਸਿਪਲ ਕੌਂਸਲ ਜਗਰਾਉਂ ਦਾ ਸੈਨੀਟੇਸ਼ਨ ਸਿਸਟਮ

*763. (ਸੀ.ਯੂ.) ਸਰਦਾਰ ਗੁਰਦੀਪ ਸਿੰਘ ਭੈਣੀ : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਗਰਾਉਂ ਸ਼ਹਿਰ ਵਿਚ ਕਈ ਥਾਵਾਂ ਤੇ ਗੰਦਗੀ ਦੇ ਵੱਡੇ ਢੇਰ ਲੱਗੇ ਹੋਏ ਹਨ; ਜੇਕਰ ਅਜਿਹਾ ਹੋਵੇ, ਤਾਂ ਜਗਰਾਉਂ ਵਿਚ ਸੈਨੀਟੇਸ਼ਨ ਸਿਸਟਮ ਨੂੰ ਸੁਧਾਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

ਸ਼੍ਰੀ ਮਨੋਰੰਜਨ ਕਾਲੀਆ : ਨਹੀਂ ਜੀ।

---

## ਜਗਰਾਉਂ ਵਿਖੇ ਸੀਵਰੇਜ ਸਿਸਟਮ ਦੀ ਮੁਰੰਮਤ

*764. (ਸੀ.ਯੂ.) ਸਰਦਾਰ ਗੁਰਦੀਪ ਸਿੰਘ ਭੈਣੀ : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਗਰਾਉਂ ਦੇ ਵਾਰਡ ਨੰ: 5, 6 ਅਤੇ 7 ਵਿਚ ਵਿਛਾਏ ਸੀਵਰੇਜ ਸਿਸਟਮ ਦੀ ਤੁਰੰਤ ਮੁਰੰਮਤ ਕਰਨ ਦੀ ਲੋੜ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਮੁਰੰਮਤ ਕਰਨ ਲਈ ਸਰਕਾਰ ਦੁਆਰਾ ਚੁੱਕੇ ਗਏ/ਚੁੱਕੇ ਜਾਣ ਵਾਲੇ ਕਦਮ ਕੀ ਹਨ ਅਤੇ ਇਸ ਦੀ ਮੁਰੰਮਤ ਕਦੋਂ ਤੱਕ ਕਰ ਦਿੱਤੇ ਜਾਣ ਕੀ ਸੰਭਾਵਨਾ ਹੈ?

ਸ਼੍ਰੀ ਮਨੋਰੰਜਨ ਕਾਲੀਆ : ਨਹੀਂ ਜੀ।

---

## ਹੜ੍ਹਾਂ ਕਾਰਨ ਪ੍ਰਭਾਵਿਤ ਝੋਨੇ ਦੀ ਫਸਲ

*765. (ਸੀ.ਯੂ.) ਸਰਦਾਰ ਗੁਰਦੀਪ ਸਿੰਘ ਭੈਣੀ : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 2008-09 ਦੇ ਸਮੇਂ ਦੌਰਾਨ ਵਿਧਾਨ ਸਭਾ ਚੋਣ ਹਲਕੇ ਜਗਰਾਉਂ ਵਿਚ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਝੋਨੇ ਅਧੀਨ ਕੁੱਲ ਰਕਬਾ ਕਿੰਨਾ ਹੈ;

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੀਪ ਸਿੰਘ ਭੈਣੀ]

(ਅ) ਕੀ ਸਰਕਾਰ ਨੇ ਉਪਰੋਕਤ ਕਥਿਤ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਮਾਲਕਾਂ ਨੂੰ ਕੋਈ ਮੁਆਵਜ਼ਾ ਅਦਾ ਕੀਤਾ ਹੈ; ਜੇਕਰ ਅਜਿਹਾ ਹੋਵੇ, ਤਾਂ ਅਦਾ ਕੀਤੇ ਮੁਆਵਜ਼ੇ ਦੀ ਪ੍ਰਤੀ ਏਕੜ ਦਰ ਕਿੰਨੀ ਹੈ ?

ਸਰਦਾਰ ਅਜੀਤ ਸਿੰਘ ਕੋਹਾੜ : (ੳ) ਜਗਰਾਉਂ ਚੋਣ ਹਲਕੇ ਵਿੱਚ ਸਾਲ 2008-09 ਦੌਰਾਨ ਹੜ੍ਹਾਂ ਕਾਰਨ ਝੋਨੇ ਅਧੀਨ ਕੋਈ ਰਕਬਾ ਪ੍ਰਭਾਵਿਤ ਨਹੀਂ ਹੋਇਆ।

(ਅ) ਉਪਰੋਕਤ (ੳ) ਦੇ ਸਨਮੁੱਖ ਕੋਈ ਮੁਆਵਜ਼ਾ ਦੇਣ ਦੀ ਲੋੜ ਨਹੀਂ ਸੀ।

---

## ਆਰ.ਓ. ਸਿਸਟਮ ਰਾਹੀਂ ਪੀਣ ਵਾਲੇ ਪਾਣੀ ਦੀ ਸਪਲਾਈ

*772. (ਸੀ.ਯੂ.) ਸਰਦਾਰ ਅਜੀਤ ਸਿੰਘ ਸ਼ਾਂਤ : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਗਿੱਦੜਵਾਹਾ ਵਿਧਾਨ ਸਭਾ ਹਲਕੇ ਦੀ ਤਰਜ ਤੇ ਨਿਹਾਲ ਸਿੰਘ ਵਾਲਾ ਵਿਧਾਨ ਸਭਾ ਹਲਕੇ ਵਿਚ ਆਰ.ਓ. ਸਿਸਟਮ ਰਾਹੀਂ ਪੀਣ ਵਾਲੇ ਪਾਣੀ ਨੂੰ ਸਪਲਾਈ ਕਰਨ ਦੀ ਤਜਵੀਜ਼ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਸੁਖਬੀਰ ਸਿੰਘ ਬਾਦਲ : ਸ਼੍ਰੀਮਾਨ ਜੀ, ਅਸੈਂਬਲੀ ਹਲਕਾ ਨਿਹਾਲ ਸਿੰਘ ਵਾਲਾ ਵਿੱਚ ਰਿਵਰਸ ਔਸਮੋਸਿਸ (ਆਰ.ਓ) ਸਿਸਟਮ ਰਾਹੀਂ ਸ਼ੁੱਧ ਪੀਣ ਵਾਲਾ ਪਾਣੀ ਸਪਲਾਈ ਕਰਨ ਦੀ ਤਜਵੀਜ਼ ਨਹੀਂ ਹੈ, ਕਿਉਂਕਿ ਇਸ ਅਸੈਂਬਲੀ ਹਲਕੇ ਦੀ ਜ਼ਮੀਨੀ ਸਤਹਿ ਦਾ ਪਾਣੀ ਪੀਣਯੋਗ ਹੈ।

---

## ਵੈਟਰਨਰੀ ਫਾਰਮਾਸਿਸਟ ਦੀ ਆਸਾਮੀ ਦਾ ਨਾਂ ਬਦਲਣਾ

*775. (ਸੀ.ਯੂ.) ਸਰਦਾਰ ਅਜੀਤ ਸਿੰਘ ਸ਼ਾਂਤ : ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵੈਟਰਨਰੀ ਫਾਰਮਾਸਿਸਟ ਦੀ ਆਸਾਮੀ ਦਾ ਨਾਂ ਬਦਲ ਕੇ ਵੈਟਰਨਰੀ ਇੰਸਪੈਕਟਰ ਰੱਖਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

ਸਰਦਾਰ ਗੁਲਜਾਰ ਸਿੰਘ ਰਣੀਕੇ : ਵੈਟਰਨਰੀ ਫਾਰਮਾਸਿਸਟ ਦੀ ਆਸਾਮੀ ਦਾ ਨਾਂ ਬਦਲਣ ਸਬੰਧੀ ਤਜਵੀਜ਼ ਪਿਛਲੇ ਕਾਫੀ ਸਮੇਂ ਤੋਂ ਸਰਕਾਰ ਦੇ ਵਿਚਾਰ ਅਧੀਨ ਸੀ। ਹੁਣ ਸਰਕਾਰ ਦੇ ਹੁਕਮ ਮਿਤੀ 20 ਫਰਵਰੀ, 2009 ਅਨੁਸਾਰ ਵੈਟਰਨਰੀ ਫਾਰਮਾਸਿਸਟ ਦੀ ਆਸਾਮੀ ਦਾ ਨਾਂ ਬਦਲ ਕੇ 'ਵੈਟਰਨਰੀ ਇੰਸਪੈਕਟਰ' ਕਰ ਦਿੱਤਾ ਗਿਆ ਹੈ।

---

## ਚੀਨ ਤੋਂ ਆਯਾਤ ਕੀਤੇ ਜਾਂਦੇ ਖਾਧ-ਪਦਾਰਥਾਂ ਤੇ ਰੋਕ

*776. (ਸੀ.ਯੂ.) ਸਰਦਾਰ ਅਜੀਤ ਸਿੰਘ ਸ਼ਾਂਤ : ਕੀ ਸਿਹਤ ਅਤੇ ਪਰਿਵਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਲੋਕਾਂ ਦੀ ਸਿਹਤ ਤੇ ਪੈਂਦੇ ਮਾੜੇ ਪ੍ਰਭਾਵ ਨੂੰ ਦੇਖਦੇ ਹੋਏ ਚੀਨ ਤੋਂ ਆਯਾਤ ਕੀਤੇ ਜਾਂਦੇ ਖਾਧ-ਪਦਾਰਥਾਂ ਤੇ ਰੋਕ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

Original with;
Punjab Vidhan Sabha
Digitized by;
Panjab Digital Library

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਨਹੀਂ, ਸ਼੍ਰੀਮਾਨ ਜੀ।

---

## ਸਟੇਡੀਅਮ ਦੀ ਉਸਾਰੀ

*779. (ਸੀ.ਯੂ.) ਸਰਦਾਰ ਸੰਗਤ ਸਿੰਘ ਗਿਲਜੀਆਂ : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਗਿਆਨੀ ਕਰਤਾਰ ਸਿੰਘ ਮੈਮੋਰੀਅਲ (ਯਾਦਗਾਰ) ਸਰਕਾਰੀ ਕਾਲਜ ਟਾਂਡਾ ਵਿਚ ਖੇਡ ਸਟੇਡੀਅਮ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਸਟੇਡੀਅਮ ਦੀ ਉਸਾਰੀ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਸੁਖਬੀਰ ਸਿੰਘ ਬਾਦਲ : ਨਹੀਂ ਜੀ।

---

## ਰਾਸ਼ਟਰੀ ਸਿਹਤ ਬੀਮਾ ਸਕੀਮ ਦੇ ਲਾਭਪਾਤਰ

*784. (ਸੀ.ਯੂ.) ਸਰਦਾਰ ਇਕਬਾਲ ਸਿੰਘ ਝੂੰਦਾਂ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਿਹਤ ਵਿਭਾਗ ਨੇ ਪਿਛਲੇ ਸਾਲ ਰਾਜ ਵਿਚ ਗਰੀਬੀ ਰੇਖਾਂ ਤੋਂ ਹੇਠਲੇ ਪਰਿਵਾਰਾਂ ਲਈ 30 ਰੁਪਏ ਸਾਲਾਨਾ ਕਿਸ਼ਤ ਤੇ ਇਕ ਰਾਸ਼ਟਰੀ ਸਿਹਤ ਬੀਮਾ ਸਕੀਮ ਸ਼ੁਰੂ ਕੀਤੀ ਸੀ, ਜੇਕਰ ਅਜਿਹਾ ਹੋਵੇ, ਤਾਂ ਇਸ ਸਕੀਮ ਅਧੀਨ ਸਮਾਜ ਦੇ ਗਰੀਬ ਤਬਕੇ ਤੋਂ ਆਉਂਦੇ ਲਾਭਪਾਤਰਾਂ ਦੀ ਗਿਣਤੀ ਕਿੰਨੀ ਹੈ?

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਜੀ ਹਾਂ। ਬੀਮਾ ਕੰਪਨੀ ਨੂੰ ਸਾਲਾਨਾ ਪ੍ਰੀਮੀਅਮ ਭਾਰਤ ਸਰਕਾਰ ਅਤੇ ਰਾਜ ਸਰਕਾਰ ਵੱਲੋਂ 75:25 ਦੇ ਅਨੁਪਾਤ ਵਿੱਚ ਦਿੱਤਾ ਜਾਂਦਾ ਹੈ। ਬੀ.ਪੀ.ਐਲ. ਪਰਿਵਾਰ ਵੱਲੋਂ ਸਿਰਫ 30 ਰੁਪਏ ਬਤੌਰ ਰਜਿਸਟਰੇਸ਼ਨ ਚਾਰਜਿਜ਼ ਵਜੋਂ ਦੇਣੇ ਪੈਂਦੇ ਹਨ। ਸਾਲ 2002 ਦੇ ਸੈਨਸਿਸ ਮੁਤਾਬਕ ਬੀ.ਪੀ.ਐਲ. ਪਰਿਵਾਰਾਂ ਦੀ ਗਿਣਤੀ 4,44,408 ਹੈ।

---

## ਪੱਛੜੀਆਂ ਸ਼੍ਰੇਣੀਆਂ ਲਈ ਸ਼ਗਨ ਸਕੀਮ ਦੇ ਲਾਭ

*785. (ਸੀ.ਯੂ.) ਸਰਦਾਰ ਇਕਬਾਲ ਸਿੰਘ ਝੂੰਦਾਂ : ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਨੁਸੂਚਿਤ ਜਾਤੀਆਂ ਦੇ ਨਾਲ-ਨਾਲ ਪੱਛੜੀਆਂ ਸ਼੍ਰੇਣੀਆਂ ਨੂੰ ਸ਼ਗਨ ਸਕੀਮ ਹੇਠ ਲਿਆਉਣ ਦੀ ਕੋਈ ਤਜ਼ਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ; ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਗੁਲਜ਼ਾਰ ਸਿੰਘ ਰਣੀਕੇ : ਨਹੀਂ ਜੀ। ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

Original with;
Punjab Vidhan Sabha
Digitized by;
Panjab Digital Library

## ਨਰੇਗਾ ਅਧੀਨ ਫੰਡਾਂ ਦੀ ਵਰਤੋਂ

***786. (ਸੀ.ਯੂ.) ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਰੇਗਾ ਸਕੀਮ ਅਧੀਨ ਮੂਲ ਕਲਾਜ਼ 40% ਪਦਾਰਥਾਂ ਅਤੇ 60% ਮਜ਼ਦੂਰੀ ਤੇ ਖਰਚ ਕਰਨ ਦੇ ਅਨੁਪਾਤ ਨਾਲ ਉਕਤ ਸਕੀਮ ਨੂੰ ਰਾਜ ਵਿਚ ਲਾਗੂ ਕਰਨ ਲਈ ਰੁਕਾਵਟਾਂ ਪੈਦਾ ਕਰ ਰਹੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਸਕੀਮ ਅਧੀਨ ਮੁਹੱਈਆ ਕੀਤੇ ਗਏ ਫੰਡ ਦੀ ਉਚਿੱਤ ਵੰਡ ਕਰਕੇ ਰਾਜ ਵਿਚ ਇਸ ਨੂੰ ਸਹੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੁਆਰਾ ਚੁੱਕੇ ਜਾ ਰਹੇ ਕਦਮਾਂ ਦੇ ਵੇਰਵੇ ਕੀ ਹਨ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ :** ਜੀ ਹਾਂ। ਕੇਂਦਰੀ ਐਕਟ ਹੋਣ ਕਾਰਨ, ਰਾਜ ਸਰਕਾਰ ਵੱਲੋਂ ਮਜ਼ਦੂਰੀ ਅਤੇ ਪਦਾਰਥਾਂ ਦੇ ਨਿਰਧਾਰਤ ਅਨੁਪਾਤ 60:40 ਵਿਚ ਤਰਮੀਮ ਕਰਨ ਲਈ ਕੋਈ ਕਦਮ ਨਹੀਂ ਚੁੱਕੇ ਜਾ ਸਕਦੇ।

---

## ਖੇਤੀਬਾੜੀ ਦੇ ਖੇਤਰ ਵਿਚ ਖੋਜ

***787. (ਸੀ.ਯੂ.) ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਦੇ 2008-09 ਦੇ ਸਲਾਨਾ ਬਜਟ ਵਿਚ ਖੇਤੀਬਾੜੀ ਖੋਜ ਲਈ ਮਖ਼ਸੂਸ ਕੀਤੀ ਗਈ ਰਕਮ ਦੇ ਵੇਰਵੇ ਕੀ ਹਨ ਅਤੇ ਇਸ ਸਬੰਧ ਵਿਚ ਕੀਤੇ ਗਏ ਖੋਜ ਦੇ ਕੰਮ ਦੀਆਂ ਕੀ ਪ੍ਰਾਪਤੀਆਂ ਹਨ ?

**ਸਰਦਾਰ ਸੁੱਚਾ ਸਿੰਘ ਲੰਗਾਹ :** ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਲਈ ਸਾਲ 2008-09 ਦੇ ਪੰਜਾਬ ਸਰਕਾਰ ਦੇ ਬਜਟ ਵਿੱਚ (ਨਾਨ ਪਲਾਨ) ਸਕੀਮ 'ਖੇਤੀ ਖੋਜ ਅਤੇ ਸਿੱਖਿਆ' ਅਧੀਨ 100 ਕਰੋੜ ਰੁਪਏ ਰੱਖੇ ਗਏ ਸਨ। ਇਸ ਵਿਚੋਂ 54 ਕਰੋੜ ਰੁਪਏ ਖੋਜ ਵਾਸਤੇ ਵਰਤੇ ਜਾਣੇ ਹਨ। ਸੋਧੇ ਅਨੁਮਾਨਾਂ ਵਿੱਚ ਕੁੱਲ ਰਕਮ ਵਧਾ ਕੇ 110 ਕਰੋੜ ਰੁਪਏ ਕਰ ਦਿੱਤੀ ਗਈ। ਇਸ ਤੋਂ ਇਲਾਵਾ ਯੂਨੀਵਰਸਿਟੀ ਨੂੰ 7.00 ਕਰੋੜ ਰੁਪਏ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (RKVY) ਅਧੀਨ ਵੀ ਦਿੱਤੇ ਗਏ ਹਨ।

ਜਿਥੋਂ ਤੱਕ ਕੀਤੀ ਗਈ ਖੋਜ ਦਾ ਸਬੰਧ ਹੈ, ਸਾਲ 2008-09 ਦੌਰਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵੱਖ-ਵੱਖ ਫਸਲਾਂ ਦੀਆਂ ਸੁਧਰੀਆਂ ਹੋਈਆਂ ਕਿਸਮਾਂ ਦੀ ਖੋਜ ਕੀਤੀ ਗਈ ਹੈ ਜਿਨ੍ਹਾਂ ਵਿੱਚ ਕਣਕ ਦੀ ਡੀ.ਬੀ.ਡਬਲਿਯੂ 17, ਪੰਜਾਬ ਬਨਸਪਤੀ 2, ਨਰਮਾ ਐਲ.ਐਚ. 2076, ਗੰਨਾ ਸੀ.ਓ.ਐਚ. 119 ਪ੍ਰਮੁੱਖ ਹਨ। ਇਸ ਤੋਂ ਇਲਾਵਾ ਯੂਨੀਵਰਸਿਟੀ ਨੇ ਫਸਲਾਂ ਦੀ ਪੈਦਾਵਾਰ ਲਈ ਨਵੀਆਂ ਤਕਨੀਕਾਂ ਅਤੇ ਕੀੜੇ ਮਕੌੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਦਵਾਈਆਂ ਅਤੇ ਉਨ੍ਹਾਂ ਦੀ ਸਹੀ ਮਾਤਰਾ ਆਦਿ, ਬਾਰੇ ਵੀ ਖੋਜ ਕਰਕੇ ਕਿਸਾਨਾਂ ਲਈ ਸਿਫਾਰਸ਼ਾਂ ਕੀਤੀਆਂ ਹਨ। ਇਸ ਸਬੰਧੀ ਹੋਰ ਵੇਰਵੇ ਅਤੇ ਪ੍ਰਾਪਤੀਆਂ ਅਨੁਲੱਗ-1 ਤੇ ਹਨ।

Original with;
Punjab Vidhan Sabha
Digitized by;
Panjab Digital Library

## ਅਨੁਲੱਗ-1

## ਖੇਤੀਬਾੜੀ ਦੇ ਖੇਤਰ ਵਿੱਚ ਖੋਜ

### ਸਾਲ 2008-09 ਦੌਰਾਨ ਖੇਤੀਬਾੜੀ ਦੇ ਖੇਤਰ ਵਿੱਚ ਖੋਜ ਪ੍ਰਾਪਤੀਆਂ

**(1) ਰਾਜ ਵਿੱਚ ਸਿਫਾਰਸ਼ ਕੀਤੀਆਂ ਫਸਲਾਂ ਦੀਆਂ ਨਵੀਆਂ ਕਿਸਮਾਂ :**

ਕਣਕ (ਡੀ. ਬੀ. ਡਬਲਯੂ-17), ਜੌ (ਡੀ.ਡਬਲਯੂ. ਆਰ. ਯੂ. ਬੀ-52 ਅਤੇ ਪੀ.ਐਲ-172), ਚਾਵਲ (ਪੰਜਾਬ ਬਾਸਮਤੀ-2 ਅਤੇ ਪੂਸਾ-1121), ਕਪਾਹ (ਐਲ ਐਚ-2076, ਆਰ.ਸੀ.ਐਚ-308 ਬੀ. ਟੀ. ਅਤੇ ਆਰ. ਸੀ. ਐਚ-314 ਬੀ. ਟੀ.) ਮੱਕੀ (ਪੰਜਾਬ ਸਵੀਟ ਕਾਰਨ-1), ਸੂਰਜਮੁੱਖੀ (ਪੀ. ਐਸ. ਐਚ-569), ਗੰਨਾ (ਸੀ ਓ ਐਚ-119), ਮਾਂਹ (ਮਾਂਹ-114), ਫੁੱਲ ਗੋਭੀ (ਪੰਜਾਬ ਕੱਤਕੀ), ਹਲਦੀ (ਪੰਜਾਬ ਹਲਦੀ-1 ਅਤੇ ਪੰਜਾਬ ਹਲਦੀ-2) ਖੀਰਾ (ਪੰਜਾਬ ਨਵੀਨ), ਪੇਠਾ (ਪੰਜਾਬ ਸਮਰਾਟ), ਧਨੀਆਂ (ਪੰਜਾਬ ਸੁਗੰਧ), ਅਰਬੀ (ਪੀ. ਏ-16), ਨਾਖ (ਪੰਜਾਬ ਨਾਖ), ਆੜੂ (ਪੰਜਾਬ ਨੇਕਟਰੀਨ), ਬਾਰਾਮਾਸੀ ਨਿੰਬੂ (ਪੰਜਾਬ ਬਾਰਾਮਾਸੀ ਨਿੰਬੂ), ਅਮਰੂਦ (ਪੰਜਾਬ ਪਿੰਕ ਅਤੇ ਪੁਰਤਗਾਲ), ਕੇਲਾ (ਗਰੈਂਡ ਨੈਨੇ) ਗਲਦੋਦੀ (ਕੇਲਵਿਨ ਮੈਡਰਿਨ, ਕੇਲਵਿਨ ਟੇਟੂ, ਅਜੇ, ਜੈਲੀਂ ਚਾਰਮ, ਰੀਗਨ ਐਂਪਰਰ, ਰੀਗਨ ਸਫੈਦ ਅਤੇ ਮਦਰ ਟਰੇਸਾ)

ਕਣਕ ਦੀ ਨਵੀਂ ਕਿਸਮ ਡੀ.ਬੀ. ਡਬਲਯੂ.17 ਦੀ ਕਾਸ਼ਤ ਕਰਨ ਨਾਲ ਕਣਕ ਦੀ ਉਪਜ ਵਿੱਚ ਸਥਿਰਤਾ ਆਵੇਗੀ ਅਤੇ ਕਿਸਾਨਾਂ ਦੀ ਆਮਦਨ ਵਧੇਗੀ। ਬਾਸਮਤੀ ਦੀਆਂ ਕਿਸਮਾਂ ਪੂਸਾ-1121 ਅਤੇ ਪੰਜਾਬ ਬਾਸਮਤੀ-2 ਦੀ ਕਾਸਤ ਨਾਲ ਪੰਜਾਬ ਵਿੱਚ ਬਾਸਮਤੀ ਥੱਲੇ ਰਕਬਾ 4 ਗੁਣਾ ਵੱਧ ਗਿਆ ਹੈ ਅਤੇ ਕਿਸਾਨਾਂ ਨੂੰ ਚੰਗਾ ਆਰਥਿਕ ਲਾਭ ਹੋਇਆ ਹੈ। ਜੌਆਂ ਦੀ ਨਵੀਂ ਕਿਸਮ ਪੀ.ਐਲ-172 ਪਛੇਤੀ ਹਾਲਤ ਵਿੱਚ ਵੱਧ ਝਾੜ ਦੇਣ ਵਾਲੀ ਹੈ ਅਤੇ ਡੀ.ਡਬਲਿਓ.ਆਰ.ਯੂ.ਵੀ. 52 ਕਿਸਮ ਵਧੀਆ ਮਾਲਟਿੰਗ ਗੁਣ ਰੱਖਦੀ ਹੈ। ਇਨ੍ਹਾਂ ਦੀ ਕਾਸ਼ਤ ਨਾਲ ਫਸਲ ਵਿਭਿੰਨਤਾ ਵਿੱਚ ਮਦਦ ਮਿਲੇਗੀ। ਸੂਰਜਮੁੱਖੀ ਦਾ ਹਾਈਬਰਿੱਡ ਪੀ.ਐਸ.ਐਚ-569, ਮਾਂਹ ਦੀ ਨਵੀਂ ਕਿਸਮ ਮਾਂਹ-114 ਅਤੇ ਗੰਨੇ ਦੀ ਨਵੀਂ ਕਿਸਮ ਸੀ.ਓ.ਐਚ-119 ਦੀ ਕਾਸ਼ਤ ਕਰਨ ਨਾਲ ਕਿਸਾਨਾਂ ਦੀ ਆਮਦਨ ਵਧੇਗੀ ਅਤੇ ਫਸਲੀ ਵਿਭਿੰਨਤਾ ਵਿੱਚ ਸਹਾਇਤਾ ਮਿਲੇਗੀ। ਫਲਾਂ ਦੀਆਂ ਨਵੀਆਂ ਕਿਸਮਾਂ ਜਿਵੇਂ ਕਿ ਨਾਖ (ਪੰਜਾਬ ਨਾਖ, ਆੜੂ (ਪੰਜਾਬ ਨੈਕਟ੍ਰੈਨ), ਅਮਰੂਦ (ਪੰਜਾਬ ਪਿੰਕ) ਤੇ ਕੇਲਾ (ਗਰੋਂਡ ਨੈਨੇ) ਦੀ ਕਾਸ਼ਤ ਨਾਲ ਫਸਲੀ ਵਿਭਿੰਨਤਾ ਵਿੱਚ ਮਦਦ ਮਿਲੇਗੀ ਅਤੇ ਫਲਾਂ ਦਾ ਉਤਪਾਦਨ ਵਧੇਗਾ। ਪ੍ਰੋਸੈਸਿੰਗ ਯੋਗ ਕਿਸਮਾਂ ਜਿਵੇਂ ਕਿ ਅਮਰੂਦ (ਪੰਜਾਬ ਪਿੰਕ) ਦੀ ਕਾਸ਼ਤ ਨਾਲ ਰਾਜ ਵਿੱਚ ਪ੍ਰੋਸੈਸਿੰਗ ਉਦਯੋਗ ਪ੍ਰਫੁੱਲਤ ਹੋਵੇਗਾ ਅਤੇ ਇਸ ਦੇ ਨਾਲ ਹੀ ਕਿਸਾਨਾਂ ਨੂੰ ਵਧੀਆ ਆਮਦਨ (ਪੰਜਾਹ ਹਜ਼ਾਰ ਰੁਪਏ ਪ੍ਰਤੀ ਹੈਕਟੇਅਰ) ਹੋਵੇਗੀ। ਕੇਲੇ ਦੀ ਫਸਲ ਥੱਲੇ ਰਕਬਾ ਵੱਧਣ ਨਾਲ ਕਿਸਾਨਾਂ ਨੂੰ 32 ਕਰੋੜ ਰੁਪਏ ਦੀ ਸਾਲਾਨਾ ਵਾਧੂ ਆਮਦਨ ਹੋਵੇਗੀ। ਪੰਜਾਬ ਹਲਦੀ-1 ਅਤੇ ਪੰਜਾਬ ਹਲਦੀ-2 ਵਧੀਆ ਕੁਆਲਟੀ ਵਾਲੀਆਂ ਹਲਦੀ ਦੀਆਂ ਕਿਸਮਾਂ ਹਨ। ਇਨ੍ਹਾਂ ਦੀ ਕਾਸ਼ਤ ਨਾਲ ਕਿਸਾਨਾਂ ਦੀ ਆਮਦਨ ਵਧੇਗੀ ਅਤੇ ਰਾਜ ਵਿੱਚ ਉਦਯੋਗ ਨੂੰ ਉਤਸ਼ਾਹ ਮਿਲੇਗਾ। ਧਨੀਆਂ ਦੀ ਨਵੀਂ ਕਿਸਮ ਪੰਜਾਬ ਸੁਗੰਧ ਵਧੀਆ ਝਾੜ ਅਤੇ ਕਈ ਕਟਾਈਆਂ ਦੇਣ ਵਾਲੀ ਹੈ। ਇਸ ਦੀ ਕਾਸ਼ਤ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

ਨਾਲ ਕਿਸਾਨਾਂ ਅਤੇ ਉਪਭੋਗਤਾਵਾਂ ਨੂੰ ਲਾਭ ਹੋਵੇਗਾ। ਪੀ.ਏ.ਯੂ-201 ਕਿਸਮ ਦੀ ਲੁਆਈ 25 ਜੂਨ ਤੋਂ 5 ਜੁਲਾਈ ਤੱਕ ਕੀਤੀ ਜਾ ਸਕਦੀ ਹੈ। ਜਿਸ ਨਾਲ 250 ਕਰੋੜ ਦੀ ਬਿਜਲੀ ਦੀ ਬਚਤ ਹੋਵੇਗੀ। ਸਰੋਂ ਅਤੇ ਰਾਇਆ ਦੀ ਬਿਜਾਈ ਲਈ ਵਿਕਸਤ ਕੀਤੀ ਗਈ ਨਵੀਂ ਡਰਿਲ ਨਾਲ ਤੇਲ ਵਾਲੀਆਂ ਫਸਲਾਂ ਥੱਲੇ ਰਕਬਾ ਵਧੇਗਾ।

**(2) ਰਾਸ਼ਟਰੀ ਪੱਧਰ ਤੇ ਨਵੀਆਂ ਸਿਫਾਰਸ਼, ਕਿਸਮਾਂ :**

ਮੱਕੀ (ਪੀ. ਐਮ. ਐਚ-3) ਅਤੇ ਸੋਇਆਬੀਨ (ਐਸ. ਐਲ-688)

**(3) ਪਰਖ ਅਧੀਨ ਨਵੀਆਂ ਕਿਸਮਾਂ :**

ਕਣਕ (ਪੀ. ਬੀ. ਡਬਲਯੂ. 590), ਜੌਂ (ਪੀ. ਐਲ-807), ਝੋਨਾ (ਪੀ. ਏ. ਯੂ. 2520 ਅਤੇ ਪੰਜਾਬ ਮਹਿਕ-1), ਮਸਰ (ਐਲ. ਐਲ-931), ਤਿਲ (ਆਰ. ਟੀ-346), ਬਾਜਰਾ ਹਾਈਬਰਿਡ (ਪੀ.ਬੀ.ਡੀ.ਐਚ-102) ਅਤੇ ਗੁਆਰਾ (ਐਚ. ਜੀ-365)

**(4) ਉਤਪਾਦਨ ਤਕਨੀਕਾਂ :**

* ਝੋਨੇ ਦੀ ਕਿਸਮ ਪੀ.ਏ.ਯੂ-201 ਦੀ ਲੁਆਈ 25 ਜੂਨ ਤੋਂ 5 ਜੁਲਾਈ ਵਿੱਚ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।
* ਮੱਕੀ-ਕਣਕ ਫਸਲ ਚੱਕਰ ਵਿੱਚ ਫਾਸਫੋਰਸ ਦੀ ਮਾਤਰਾ ਦੀ 50% ਦੀ ਕਟੌਤੀ।
* ਝੋਨੇ ਦੀ ਪਰਾਲੀ ਖੇਤ ਵਿੱਚ ਵਾਹੁਣ ਨਾਲ ਝੋਨੇ ਦੀ ਅਗਲੀ ਫਸਲ ਨੂੰ 30 ਕਿਲੋ ਨਾਈਟਰੋਜਨ ਪ੍ਰਤੀ ਹੈਕਟੇਅਰ ਦੀ ਬਚਤ।
* ਰੇਤਲੀ ਮੈਰਾ ਜਮੀਨਾਂ ਵਿੱਚ ਬੀ. ਟੀ. ਕਪਾਹ (ਆਰ. ਸੀ. ਐਚ-134) ਨੂੰ 75 ਕਿਲੋਂ ਨਾਈਟਰੋਜਨ ਅਤੇ 60 ਕਿਲੋ ਪੋਟਾਸ਼ ਪ੍ਰਤੀ ਹੈਕਟੇਅਰ ਪਾਉਣ ਦੀ ਸਿਫਾਰਸ਼।
* ਮੱਕੀ ਦੀ ਫਸਲ ਵਿੱਚ ਰਵਾਂਹ ਦੀਆਂ ਇੱਕ ਜਾਂ ਦੋ ਕਤਾਰਾਂ ਬੀਜਣ ਦੀ ਸਿਫਾਰਸ਼।
* ਜੈਵਿਕ ਖੇਤੀ ਲਈ ਬਾਸਮਤੀ ਝੋਨਾ-ਕਣਕ, ਮੱਕੀ- ਵਡਾਣਕ ਕਣਕ - ਰਵਾਂਹ (ਚਾਰਾ) ਨਵੇਂ ਫਸਲੀ ਚੱਕਰ।
* ਕਪਾਹ ਵਿੱਚ ਖਾਲੀ ਥਾਵਾਂ ਭਰਨ ਲਈ ਤਿੰਨ ਹਫਤੇ ਦੀ ਪਨੀਰੀ ਦੀ ਵਰਤੋਂ ਕਰਨੀ।
* ਸੱਠੀ ਮੂੰਗੀ ਵਿੱਚ 12.5 ਕਿਲੋ ਨਾਈਟਰੋਜਨ ਅਤੇ 40 ਕਿਲੋ ਫਾਸਫੋਰਸ ਪ੍ਰਤੀ ਹੈਕਟੇਅਰ ਪਾਉਣ ਨਾਲ 22 ਫੀਸਦੀ ਜ਼ਿਆਦਾ ਝਾੜ।
* ਪਾਪੂਲਰ ਦੇ ਖੇਤ ਵਿੱਚ ਕਣਕ ਦੀ ਕਿਸਮ ਪੀ. ਬੀ. ਡਬਲਯੂ. 502 ਵਧੀਆ ਹੁੰਦੀ ਹੈ ਅਤੇ ਪਾਪੂਲਰ-ਕਣਕ-ਚਾਰਾ ਅਧਾਰਿਤ ਵਣ ਖੇਤੀ ਸਿਸਟਮ ਕਣਕ-ਝੋਨੇ ਫਸਲੀ ਚੱਕਰ ਨਾਲ ਆਰਥਿਕ ਪੱਖੋਂ ਵਧੀਆ ਹੈ।

Original with;
Punjab Vidhan Sabha
Digitized by;
Panjab Digital Library

* ਨੈੱਟ ਹਾਊਸ ਵਿੱਚ ਉਗਾਏ ਗਏ ਬੈਂਗਣਾਂ ਤੋਂ 94 ਫੀਸਦੀ ਜ਼ਿਆਦਾ ਝਾੜ ਲੈਣ ਲਈ ਵਧੀਕ ਪਰ ਪਰਾਗਣ ਦੀ ਲੋੜ ਹੈ।
* ਗੰਢਿਆਂ ਦੀ ਫਸਲ ਲਈ ਘੱਟ ਜੈਵਿਕ ਕਾਰਬਨ ਵਾਲੀ ਮੈਰਾ ਰੇਤਲੀ ਜ਼ਮੀਨਾਂ ਵਿੱਚ 125 ਕਿਲੋ ਨਾਈਟਰੋਜਨ ਅਤੇ ਦਰਮਿਆਨੀ ਜੈਵਿਕ ਵਾਲੀ ਰੇਤਲੀ ਮੈਰਾ ਜ਼ਮੀਨਾਂ ਵਿੱਚ 100 ਕਿਲੋ ਨਾਈਟਰੋਜਨ ਪ੍ਰਤੀ ਹੈਕਟੇਅਰ ਚਾਹੀਦੀ ਹੈ।
* ਪੱਥਰ ਨਾਖ ਕਿਸਮ ਦੇ ਦਰਖਤ ਜੋ ਕਿ 4 × 4 ਮੀਟਰ ਦੇ ਫਾਸਲੇ ਤੇ ਬੀਜੇ ਗਏ ਹਨ, ਦੀ ਕਾਂਟ-ਛਾਂਟ 2.5 ਮੀਟਰ ਦੀ ਉਚਾਈ ਤੱਕ ਕਰਨ ਨਾਲ ਵਧੀਆ ਫਲ ਮਿਲਦੇ ਹਨ।
* ਲਸਣ ਦੀ ਫਸਲ ਵਿੱਚ ਰੂੜੀ ਦੀ ਖਾਦ 50 ਟਨ ਪ੍ਰਤੀ ਹੈਕਟੇਅਰ ਪਾਉਣ ਨਾਲ 16 ਪ੍ਰਤੀਸ਼ਤ ਝਾੜ ਵਿੱਚ ਵਾਧਾ ਹੁੰਦਾ ਹੈ।
* ਆਲੂ ਦੀ ਫਸਲ ਵੱਟਾਂ ਉਤੇ ਲਾਉਣ ਨਾਲ ਵੱਧ ਝਾੜ ਦਿੰਦੀ ਹੈ ਅਤੇ ਪਾਣੀ ਦੀ ਬਚਤ ਹੁੰਦੀ ਹੈ।
* ਟੀਸੂ ਕਲਚਰ ਰਾਹੀਂ ਕੇਲੇ ਦੀ ਖੇਤੀ ਦੀ ਤਕਨੀਕ ਵਿਕਸਤ ਕੀਤੀ ਗਈ।
* ਬਟਨ ਖੁੰਬਾਂ ਦੀ ਖੇਤੀ ਲਈ ਝੋਨੇ ਦੀ ਪਰਾਲੀ+ਕਣਕ ਦਾ ਨਾੜ (2:1) ਕੰਪੋਸਟ ਤਿਆਰ ਕੀਤੀ ਗਈ।
* ਦਵਾਈਆਂ ਵਿੱਚ ਵਰਤੀਆਂ ਜਾਣ ਵਾਲੀਆਂ ਖੁੰਬਾਂ ਦੀਆਂ ਕਿਸਮਾਂ ਦੀ ਕਾਸ਼ਤ ਲਈ ਤਕਨੀਕ ਵਿਕਸਤ ਕੀਤੀ ਗਈ।

(5) ਪੌਦ ਸੁਰੱਖਿਆ ਤਕਨੀਕਾਂ :

* ਕਣਕ ਅਤੇ ਰਾਏ ਦੀ ਫਸਲ ਤੇ ਤੇਲੇ ਦੀ ਦਵਾਈਆਂ ਰਾਹੀਂ ਰੋਕਥਾਮ ਅਤੇ ਰਾਏ ਦੇ ਤੇਲੇ ਦੀ ਜੈਵਿਕ ਰੋਕਥਾਮ।
* ਝੋਨੇ ਵਿਚ ਤਣੇ ਦੁਆਲੇ ਪੱਤੇ ਦੀ ਝੁਲਸ ਰੋਗ ਦੀ ਰੋਕਥਾਮ ਲਈ ਉੱਲੀ ਨਾਸਕ ਮੌਨਸਰਨ 250 ਐਸ. ਸੀ.।
* ਬਾਸਮਤੀ ਝੋਨੇ ਵਿਚ ਤਣੇ ਦਾ ਗੜੂੰਆਂ ਅਤੇ ਪੱਤਾ ਲਪੇਟ ਸੁੰਡੀ ਦੀ ਰੋਕਥਾਮ ਲਈ ਫਿਪਰੋਨਿਲ 80% ਡਬਲਯੂ. ਜੀ.।
* ਬਾਸਮਤੀ ਝੋਨੇ ਵਿਚ ਪੈਰਾਂ ਦੇ ਗਲਣ ਦੇ ਰੋਗ ਦੀ ਸਰਵ ਪੱਖੀ ਰੋਕਥਾਮ।
* ਬਹਾਰ ਰੁੱਤੀ ਮੱਕੀ ਵਿੱਚ ਸਾਖ ਦੀ ਮੱਖੀ ਦੀ ਰੋਕਥਾਮ ਲਈ ਗਾਚੀਂ 70 ਡਬਲਯੂ. ਐਸ ਨਾਲ ਬੀਜ ਸੋਧਣ ਲਈ।
* ਝੋਨੇ ਵਿਚ ਕਾਂਗਿਆਰੀ ਅਤੇ ਭੂਰੇ ਧੱਬਿਆਂ ਦੇ ਰੋਗ ਦੀ ਰੋਕਥਾਮ ਲਈ ਬਲਾਈਟੀਂਕਸ 50 ਡਬਲਯੂ. ਪੀ. ਅਤੇ ਟਿਲਟ 25 ਈ. ਸੀ.।

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

* ਕਪਾਹ ਵਿੱਚ ਚੇਪੇ ਦੀ ਰੋਕਥਾਮ ਲਈ ਮਾਰਕਡੋਰ 17.8 ਐਸ. ਐਲ. ਅਤੇ ਅਮਰੀਕਨ ਸੁੰਡੀ, ਤੰਬਾਕੂ ਦੀ ਸੁੰਡੀ ਅਤੇ ਮਿਲੀ ਬੱਗ ਦੀ ਰੋਕਥਾਮ ਲਈ ਮਾਰਕਪਾਈਰੀਫਾਸ 20 ਈ. ਸੀ. ਅਤੇ ਮਾਰਕਫੇਟ 75 ਐਸ. ਪੀ.।
* ਗੰਨੇ ਦੀ ਫਸਲ ਵਿੱਚ ਕੀੜਿਆਂ ਦੀ ਰੋਕਥਾਮ ਲਈ ਜੈਵਿਕ ਪ੍ਰਬੰਧ।
* ਬਰਸੀਮ ਦੀ ਬੀਜ ਵਾਲੀ ਫਸਲ ਵਿੱਚ ਛੋਲਿਆਂ ਦੀ ਸੁੰਡੀ ਦੀ ਰੋਕਥਾਮ ਲਈ ਅਵਾਂਟ 15 ਈ. ਸੀ.।
* ਮੂੰਗੀ ਅਤੇ ਮਾਂਹ ਵਿੱਚ ਚਿੱਟੀ ਮੱਖੀ ਦੀ ਰੋਕਥਾਮ ਲਈ ਥਾਇਆਮੈਥੋਕਸਮ 25 ਡਬਲਯੂ. ਜੀ. ਅਤੇ ਟਰਾਈਏਜੀਂਫਾਸ 40 ਈ. ਸੀ.।
* ਆਲੂ ਵਿੱਚ ਕਾਲੇ ਧੱਬਿਆਂ ਦੇ ਰੋਕ ਦੀ ਰੋਕਥਾਮ ਲਈ ਮੋਨਸਰਨ 250 ਐਸ. ਸੀ. ਜਾਂ ਐਮੀਸਾਨ 6
* ਨਿੰਬੂ ਜਾਤੀ ਦੇ ਫਲਾਂ ਵਿਚ ਪੈਰਾਂ ਦੇ ਗਲਣ ਦੇ ਰੋਗ ਦੀ ਰੋਕਥਾਮ ਲਈ ਮੈਟਕੀਂ 8-64
* ਗੇਂਦੇ ਵਿੱਚ ਝੁਲਸ ਰੋਗ ਦੀ ਰੋਕਥਾਮ ਲਈ ਸਕੀਰ (0.05%) ਜਾਂ ਡਾਇਥੇਨ ਐਮ 45 (0.2%)
* ਜੌਆਂ ਵਿੱਚ ਗੁੱਲੀ ਡੰਡੇ ਦੀ ਰੋਕਥਾਮ ਲਈ ਟਰਾਈਫਲੀਰਾਲਿਨ ਜਾਂ ਫਿਨੌਕਸਾਪਰੋਪ-ਪੀ-ਇਥਾਈਲ ਜਾਂ ਕਲੋਡੀਨਾਫੋਪ।
* ਤਿਲਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ ਲਾਸੋ 50 ਈ. ਸੀ.।

(6) ਬਾਇਓਟੈਕਨਾਲੋਜੀ :

* ਝੋਨੇ ਅਤੇ ਕਮਾਦ ਵਿੱਚ ਬੀ.ਟੀ. ਜੀਨ ਸਥਾਪਿਤ।
* ਕਣਕ ਦੀ ਕਿਸਮ ਪੀ.ਬੀ.ਡਬਲਯੂ. 343 ਵਿੱਚ ਦੋ ਲੀਅਫ ਰਸਟ ਰਜਿਸਟੈਂਸ ਜੀਨ ਐਲ. ਆਰ. 24 ਅਤੇ ਐਲ. ਆਰ. 28 ਸਥਾਪਿਤ।
* ਕਾਸ਼ਤ ਕੀਤੀਆਂ ਜਾਣ ਵਾਲੀਆਂ ਕਣਕ ਦੀਆਂ ਕਿਸਮਾਂ ਵਿੱਚ ਐਚ.ਐਮ. ਡਬਲਯੂ. ਗਲੂਟਿਨ ਸਬ ਯੂਨਿਟ ਜੰਗਲੀ ਕਣਕਾਂ ਚੋਂ ਸਥਾਪਿਤ।
* ਕਾਸ਼ਤ ਕੀਤੀਆਂ ਜਾਣ ਵਾਲੀਆਂ ਕਣਕਾਂ ਵਿੱਚ ਵੀ ਬਿਮਾਰੀ ਰਹਿਤ ਰੱਖਣ ਵਾਲੇ ਜੀਨ ਟਰੀਟੀਕਮ ਅਤੇ ਐਜੀਲੋਪਸ ਚੋਂ ਸਥਾਪਿਤ।
* ਰੋਟੀ ਬਣਾਉਣ ਵਾਲੀਆਂ ਕਣਕਾਂ ਵਿੱਚ ਲੀਫ ਰਸਟ ਸਹਿਨਸ਼ੀਲਤਾ ਸਥਾਪਿਤ।
* ਝੋਨੇ ਦੀਆਂ ਪ੍ਰਮਾਣਤ ਕਿਸਮਾਂ ਪੀ. ਆਰ-106 ਅਤੇ ਪੂਸਾ-44 ਨੂੰ ਝੁਲਸ ਰੋਗ ਤੋਂ ਬਚਾਉਣ ਲਈ 3 ਜੀਨ ਐਕਸ. ਏ. 5, ਐਕਸ. ਏ. 13, ਐਕਸ. ਏ. 21 ਸਥਾਪਿਤ।

Original with;
Punjab Vidhan Sabha
Digitized by;
Panjab Digital Library

* ਡਿਪਲਾਇਡ ਕਣਕ ਵਿੱਚ ਉਸਦਾ ਪੂਰਾ ਨਕਸ਼ਾ ਤਿਆਰ।
* ਪੌਦਿਆਂ ਨੂੰ ਉਲੀ ਰਹਿਤ ਰੱਖਣ ਲਈ 2 ਜੀਨ ਲੱਭੇ ਗਏ।

(7) **ਪੋਸਟ ਹਾਰਵੈਸਟ ਤਕਨੀਕਾਂ :**

* ਕੇਲੇ ਦੇ ਫਲਾਂ ਨੂੰ ਪਕਾਉਣ ਲਈ ਤਕਨੀਕ ਵਿਕਸਤ ਕੀਤੀ ਗਈ।
* ਅਨੇਮਲ ਕੇਨ ਵਿਚ ਨਾਖ ਦੇ ਫਲਾਂ ਦੀ ਪ੍ਰਾਸੈਸਿੰਗ।
* ਨਾਖ ਦੇ ਫਲਾਂ ਦੀ ਪਕਾਉਣ ਤੇ ਗੁਣਵੱਤਾ ਵਧਾਉਣ ਲਈ ਤਕਨੀਕ ਵਿਕਸਤ ਕੀਤੀ ਗਈ।
* ਆਲੂ ਬੁਖਾਰੇ ਤੋਂ ਅਲਕੋਹਲ ਰਹਿਤ ਕਾਰਬੋਨੇਟਿਡ ਬੀਵਰੇਜਿਜ ਤਿਆਰ ਕਰਨ ਦੀ ਵਿਧੀ ਵਿਕਸਤ ਕੀਤੀ।

(8) **ਫਾਰਮ ਮਸ਼ੀਨਰੀ/ਸੰਦ :**

* ਤੇਲ ਬੀਜ ਫਸਲਾਂ ਦੀ ਬਿਜਾਈ ਲਈ ਦੋਹਰੀ ਬੀਜ ਵਾਲੀ ਡਰਿਲ ਵਿਕਸਤ।
* ਖੇਤਾਂ ਵਿਚੋਂ ਘੀਆ, ਤੋਰੀ ਅਤੇ ਤਰ ਦੀ ਤੁੜਾਈ ਲਈ ਨਵਾਂ ਸੰਦ "ਰਿੰਗ ਕਟਰ" ਤਿਆਰ ਕੀਤਾ।

---

## ਲਸਾੜਾ ਰਜਬਾਹਾ ਵਿਚ ਗੰਦੇ ਪਾਣੀ ਨੂੰ ਸੁੱਟਣਾ

***788. (ਸੀ.ਯੂ.) ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਜੁਲਮਗੜ੍ਹ ਦਾ ਗੰਦਾ ਪਾਣੀ ਲਸਾੜਾ ਰਜਬਾਹੇ ਵਿਚ ਸੁੱਟਿਆ ਜਾ ਰਿਹਾ ਹੈ ਜੋ ਕਿ ਅੱਗੇ ਲਸੋਈ, ਮੋਰਾਂਵਾਲੀ ਪਿੰਡਾਂ ਨੂੰ ਪਾਣੀ ਸਪਲਾਈ ਕਰਦਾ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਰਜਬਾਹੇ ਵਿਚ ਅਜਿਹੇ ਗੰਦੇ ਪਾਣੀ ਦੀ ਨਿਕਾਸੀ ਨੂੰ ਕਦੋਂ ਤੋਂ ਰੋਕਿਆ ਜਾਵੇਗਾ ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਇਹ ਠੀਕ ਹੈ ਕਿ ਪਿੰਡ ਜੁਲਮਗੜ੍ਹ ਦਾ ਗੰਦਾ ਪਾਣੀ ਲਸਾੜਾ ਰਜਬਾਹੇ ਵਿੱਚ ਸੁੱਟਿਆ ਜਾ ਰਿਹਾ ਸੀ ਜੋ ਕਿ ਅੱਗੇ ਲਸੋਈ ਅਤੇ ਮੋਰਾਂਵਾਲੀ ਪਿੰਡ ਨੂੰ ਪਾਣੀ ਸਪਲਾਈ ਕਰਦਾ ਹੈ, ਪਰ ਹੁਣ ਇਹ ਬੰਦ ਕਰਵਾ ਦਿੱਤਾ ਗਿਆ ਹੈ। ਜਿਨ੍ਹਾਂ ਪਾਈਪਾਂ ਰਾਹੀਂ ਇਹ ਪਾਣੀ ਲਸਾੜਾ ਰਜਬਾਹੇ ਵਿੱਚ ਸੁੱਟਿਆ ਜਾ ਰਿਹਾ ਸੀ, ਉਹ ਪਾਈਪਾਂ ਤੁੜਵਾ ਦਿੱਤੀਆਂ ਗਈਆਂ ਹਨ। ਜੋ ਪਾਈਪ ਪੱਕੀ ਸੜਕ ਦੇ ਹੇਠੋਂ ਲੰਘ ਰਹੀ ਹੈ, ਉਹ ਕੰਕਰੀਟ ਨਾਲ ਬੰਦ ਕਰਵਾਈ ਜਾ ਰਹੀ ਹੈ।

ਪਿੰਡ ਜੁਲਮਗੜ੍ਹ ਦੇ ਵਾਸੀਆਂ ਨੇ ਵਿਸ਼ਵਾਸ ਦਿਵਾਇਆ ਹੈ ਕਿ ਉਹ ਗੰਦਾ ਪਾਣੀ ਲਸਾੜਾ ਰਜਬਾਹੇ ਵਿੱਚ ਨਹੀਂ ਪੈਣ ਦੇਣਗੇ। ਇਸ ਮੰਤਵ ਲਈ ਉਨ੍ਹਾਂ ਵੱਲੋਂ ਖੂਹ ਨੂੰ ਸਾਫ ਕਰ ਦਿੱਤਾ ਗਿਆ ਹੈ ਅਤੇ ਉਸ ਵਿਚ ਗੰਦਾ ਪਾਣੀ ਪਾਇਆ ਜਾਵੇਗਾ। ਉਨ੍ਹਾਂ ਵੱਲੋਂ ਇਹ ਲਿਖਤੀ ਰੂਪ ਵਿੱਚ ਦਿੱਤਾ ਗਿਆ ਹੈ ਕਿ ਜੇਕਰ ਇਹ ਪਾਣੀ ਫਿਰ ਰਜਬਾਹੇ ਵਿੱਚ ਪੈਂਦਾ ਹੈ ਤਾਂ ਮਹਿਕਮਾ ਉਨ੍ਹਾਂ ਵਿਰੁੱਧ ਕੋਈ ਵੀ ਕਾਰਵਾਈ ਕਰ ਸਕਦਾ ਹੈ।

---

Original with;
Punjab Vidhan Sabha
Digitized by;
Panjab Digital Library

## ਲਿੰਕ ਸੜਕਾਂ/ਗਲੀਆਂ ਨੂੰ ਬਣਾਉਣ ਲਈ ਮਿੱਟੀ ਪਾਉਣਾ

*789. (ਸੀ.ਯੂ.) ਸਰਦਾਰ ਇਕਬਾਲ ਸਿੰਘ ਝੂੰਦਾਂ : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਲਿੰਕ ਸੜਕਾਂ/ਗਲੀਆਂ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਪਿੰਡ ਦੇ ਵਾਸੀਆਂ ਦੁਆਰਾ ਆਪਣੇ ਆਪ ਹੀ ਮਿੱਟੀ ਪਾਈ ਜਾਂਦੀ ਹੈ ਅਤੇ ਉਪਰੋਕਤ ਕੰਮ ਤੇ ਕੀਤਾ ਗਿਆ ਖਰਚਾ ਪੰਚਾਇਤ ਫੰਡ ਵਿਚ ਐਡਜਸਟ ਨਹੀਂ ਕੀਤਾ ਜਾਂਦਾ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ' ਵਿਚ ਹੋਵੇ, ਤਾਂ ਉਪਰੋਕਤ ਖਰਚੇ ਨੂੰ ਪੰਚਾਇਤ ਫੰਡ ਵਿਚੋਂ ਲੈਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਹ ਕੰਮ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : (ੳ) ਹਾਂ ਜੀ।

(ਅ) ਅਜਿਹੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

---

## ਚੰਡੀਗੜ੍ਹ-ਫਗਵਾੜਾ ਐਕਸਪ੍ਰੈਸ ਹਾਈਵੇ ਦੀ ਉਸਾਰੀ

*794. (ਸੀ.ਯੂ.) ਸਰਦਾਰ ਸੋਹਣ ਸਿੰਘ ਠੰਡਲ : ਕੀ ਲੋਕ ਕਾਰਜ (ਭਵਨ ਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਚੰਡੀਗੜ੍ਹ-ਫਗਵਾੜਾ ਐਕਸਪ੍ਰੈਸ ਹਾਈਵੇ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਉਸਾਰੀ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਨਹੀਂ ਜੀ। ਅਸਲ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ ਫਗਵਾੜਾ ਤੱਕ ਐਕਸਪ੍ਰੈਸ ਹਾਈਵੇਅ ਬਣਾਉਣ ਦੀ ਤਜਵੀਜ਼ ਹੈ, ਜਿਸ ਦੇ ਨਿਰਮਾਣ ਦਾ ਕੰਮ ਸਾਲ 2009 ਦੇ ਅੰਤ ਤੱਕ ਸ਼ੁਰੂ ਹੋਣ ਦੀ ਸੰਭਾਵਨਾ ਹੈ।

---

## ਰਾਜ ਵਿਚ ਬਿਜਲੀ ਪੈਦਾ ਕਰਨਾ

*795. (ਸੀ.ਯੂ.) ਸਰਦਾਰ ਸੋਹਣ ਸਿੰਘ ਠੰਡਲ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੌਜੂਦਾ ਸਰਕਾਰ ਦੇ ਬਣਨ ਨਾਲ ਰਾਜ ਵਿਚ ਬਿਜਲੀ ਉਤਪਾਦਨ ਨੂੰ ਵਧਾਉਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਉਸਾਰੀ ਅਧੀਨ ਨਵੇਂ ਥਰਮਲ ਪਲਾਂਟਾਂ ਦੀ ਮੌਜੂਦਾ ਸਥਿਤੀ ਕੀ ਹੈ ?

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਸੂਚਨਾ

ਬਿਜਲੀ ਦਾ ਉਤਪਾਦਨ ਵਧਾਉਣ ਲਈ ਰਾਜ ਸਰਕਾਰ ਦੁਆਰਾ ਚੁੱਕੇ ਗਏ ਕਦਮਾਂ ਦਾ ਵੇਰਵਾ ਨਿਮਨ ਅਨੁਸਾਰ ਹੈ :—

**(1) ਮੁਕੇਰੀਆਂ ਹਾਈਡਲ ਪ੍ਰਾਜੈਕਟ ਸਟੇਜ-II (18 ਮੈ:ਵਾ:) :**

ਇਹ ਪ੍ਰਾਜੈਕਟ ਪੰ:ਰਾ:ਬਿ:ਬੋ: ਦੁਆਰਾ ਵਿਭਾਗੀ ਤੌਰ ਤੇ ਤਿਆਰ ਕੀਤਾ ਜਾ ਰਿਹਾ ਹੈ ਅਤੇ ਉਸਾਰੀ ਅਧੀਨ ਹੈ। ਇਸ ਦੇ ਸਾਲ 2010 ਦੌਰਾਨ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਇਹ 141 ਮਿ:ਯੂ: ਪ੍ਰਤੀ ਸਾਲ ਉਤਪਾਦਨ ਕਰੇਗਾ।

**(2) ਯੂ.ਬੀ.ਡੀ.ਸੀ.-III (75 ਮੈ:ਵਾ:) :**

ਇਸ ਪ੍ਰਾਜੈਕਟ ਨੂੰ ਬੂਟ (BOOT) ਅਧਾਰ ਉਤੇ ਵਿਕਸਤ ਕੀਤਾ ਜਾ ਰਿਹਾ ਹੈ। ਇਸ ਦੇ 2012 ਤੱਕ ਚਾਲੂ ਹੋਣ ਦੀ ਸੰਭਾਵਨਾ ਹੈ ਅਤੇ ਇਹ ਲਗਭਗ 468 ਮਿ.ਯੂ. ਤੋਂ 510 ਮਿ:ਯੂ: ਪ੍ਰਤੀ ਸਾਲ ਉਤਪਾਦਨ ਕਰੇਗਾ।

**(3) ਸ਼ਾਹਪੁਰ ਕੰਡੀ (168 ਮੈ:ਵਾ:) :**

ਇਹ ਪ੍ਰਾਜੈਕਟ ਸਿੰਚਾਈ ਵਿਭਾਗ, ਪੰਜਾਬ ਅਤੇ ਪੰ:ਰਾ:ਬਿ:ਬੋ: ਦੁਆਰਾ ਸੰਯੁਕਤ ਰੂਪ ਵਿੱਚ ਪੂਰਾ ਕੀਤਾ ਜਾਵੇਗਾ। ਭਾਰਤ ਸਰਕਾਰ ਨੇ ਸਿੰਚਾਈ ਤੱਤ ਲਈ ਲੋੜੀਂਦੇ ਫੰਡਾਂ ਦਾ 90% ਦੇਣ ਲਈ ਸਹਿਮਤੀ ਦਿੱਤੀ ਹੈ ਜੋ ਕਿ ਪ੍ਰਾਜੈਕਟ ਦੀ ਕੀਮਤ ਦਾ 20.9% ਹੈ ਜਦੋਂ ਕਿ ਪੰ:ਰਾ:ਬਿ:ਬੋ: ਨੇ ਪਾਵਰ ਕੰਪੋਨੈਂਟ ਨੂੰ ਵੰਡ ਕਰਨ ਲਈ ਪਾਵਰ ਵਿੱਤ ਕਾਰਪੋਰੇਸ਼ਨ ਨੂੰ ਕਰਜ਼ਾ ਦੇਣ ਵਾਸਤੇ ਅਪਲਾਈ ਕੀਤਾ ਹੈ। ਇਸ ਸਮੇਂ ਦੌਰਾਨ ਪ੍ਰਾਜੈਕਟ ਕੇਂਦਰੀ ਵਾਟਰ ਕਮਿਸ਼ਨ ਤੋਂ ਤਕਨੀਕੀ ਪ੍ਰਵਾਨਗੀ ਅਧੀਨ ਹੈ। ਇਸਨੂੰ 12ਵੀਂ ਯੋਜਨਾ ਦੌਰਾਨ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਇਹ ਲਗਭਗ 815 ਮਿ:ਯੂ:/ਸਾਲ ਉਤਪਾਦਨ ਕਰੇਗਾ।

**(4) ਗੋਇੰਦਵਾਲ ਸਾਹਿਬ ਪਾਵਰ ਪ੍ਰਾਜੈਕਟ (2×270 ਮੈ:ਵਾ:) :**

ਪੰ:ਰਾ:ਬਿ:ਬੋ: ਨੇ ਮੈਸ: ਜੀ.ਵੀ.ਕੇ. ਗੋਇੰਦਵਾਲ ਸਾਹਿਬ ਲਿਮ: ਨੂੰ 540 ਮੈਗਾਵਾਟ ਥਰਮਲ ਪਾਵਰ ਪ੍ਰਾਜੈਕਟ ਦੇਣ ਦਾ ਫੈਸਲਾ ਕੀਤਾ ਹੈ। ਇਸ ਪ੍ਰਾਜੈਕਟ ਦੀਆਂ ਸਾਰੀਆਂ ਪ੍ਰਕਿਰਿਆਵਾਂ ਸਬੰਧੀ ਰਸਮੀ ਕਰਵਾਈਆਂ ਸਮੇਤ ਜ਼ਮੀਨ ਦੀ ਪ੍ਰਾਪਤੀ ਦੇ ਮੁਕੰਮਲ ਹੋ ਗਈਆਂ ਹਨ ਸਿਵਾਏ ਇਸਦੇ ਕਿ ਮੁੜ ਬਿਆਨਿਆਂ ਬਿਜਲੀ ਖਰੀਦ ਇਕਰਾਰਨਾਮਾ ਪ੍ਰਵਾਨਗੀ ਲਈ ਅਣਨਿਪਟਾਇਆ ਪਿਆ ਹੈ। ਇਸ ਪ੍ਰਾਜੈਕਟ ਦਾ ਚਾਰਜ ਪੰ:ਰਾ:ਬਿ:ਬੋ: ਦੁਆਰਾ ਮੁੜ ਬਿਆਨੇ ਬਿਜਲੀ ਖਰੀਦ ਇਕਰਾਰਨਾਮੇ ਦੀ ਪ੍ਰਵਾਨਗੀ ਦੇਣ ਮਗਰੋਂ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਪੰ:ਰਾ:ਬਿ:ਬੋ: ਨੂੰ ਇਸ ਪ੍ਰਾਜੈਕਟ ਤੋਂ ਸਾਲ 2012-13 ਵਿੱਚ ਬਿਜਲੀ ਪ੍ਰਾਪਤ ਕਰਨ ਦੀ ਸੰਭਾਵਨਾ ਹੈ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

**(5) 1980(3×660) ਮੈ:ਵਾ: ਤਲਵੰਡੀ ਸਾਬੋ ਥਰਮਲ ਪਾਵਰ ਪ੍ਰਾਜੈਕਟ :**

1980 ਮੈਗਾਵਾਟ ਤਲਵੰਡੀ ਸਾਬੋ ਥਰਮਲ ਪਾਵਰ ਪ੍ਰਾਜੈਕਟ, ਜਿਸਨੂੰ ਬੂ(ਉਸਾਰੋ, ਅਪਣਾਓ ਅਤੇ ਚਲਾਓ) ਦੇ ਅਧਾਰ ਉਤੇ ਵਿਕਸਤ ਕੀਤੇ ਜਾਣ ਦੀ ਤਜਵੀਜ਼ ਹੈ, ਨੂੰ ਮੈਸ: ਸਟਰਲਾਈਟ ਅਨਰਜੀ ਲਿਮਟਿਡ ਮੁਬੰਈ ਨੂੰ ਵਿਕਾਸਕਾਰ ਵਜੋਂ ਦੇਣ ਦਾ ਫੈਸਲਾ ਕੀਤਾ ਗਿਆ ਹੈ। ਵਿਕਾਸਕਾਰ ਨੇ ਕਾਰਜ ਆਪਣੇ ਹੱਥ ਵਿੱਚ ਲੈ ਲਿਆ ਹੈ ਅਤੇ ਬਾਊਂਡਰੀ ਦੀ ਦੀਵਾਰ ਉਸਾਰੀ ਦਾ ਕਾਰਜ ਸ਼ੁਰੂ ਕਰ ਦਿੱਤਾ ਹੈ। ਇਸ ਪਲਾਂਟ ਦੀ ਦਸੰਬਰ, 2011 ਤੱਕ ਬਿਜਲੀ ਉਤਪਾਦਨ ਸ਼ੁਰੂ ਕਰਨ ਦੀ ਸੰਭਾਵਨਾ ਹੈ।

**(6) 1320(2×660) ਮੈਗਾਵਾਟ ਰਾਜਪੁਰਾ ਥਰਮਲ ਪ੍ਰਾਜੈਕਟ :**

ਰਾਜ ਸਰਕਾਰ ਨੇ ਬੂ (BOO) ਅਧਾਰ ਉਤੇ ਰਾਜਪੁਰਾ ਵਿਖੇ 1320 ਮੈਗਾਵਾਟ ਥਰਮਲ ਪਾਵਰ ਪ੍ਰਾਜੈਕਟ ਸਥਾਪਤ ਕਰਨ ਲਈ ਮੈਸ: ਲੈਨਕੋ ਇੰਫਰਾਟੈਕ, ਗੁੜਗਾਓਂ ਦੀ ਬੋਲੀ ਪ੍ਰਵਾਨ ਕਰ ਲਈ ਹੈ। ਪੰ:ਰਾ:ਬਿ:ਬੋ: ਹੁਣ ਇਸ ਪ੍ਰਾਜੈਕਟ ਲਈ ਆਸ਼ਾ ਪੱਤਰ ਜਾਰੀ ਕਰਨ ਵਾਸਤੇ ਪੰ:ਰਾ:ਬਿ:ਰੈ:ਕ: ਦੀ ਪ੍ਰਵਾਨਗੀ ਦੀ ਮੰਗ ਕਰ ਰਿਹਾ ਹੈ। ਇਸ ਪ੍ਰਾਜੈਕਟ ਨੂੰ 2011-12 ਵਿੱਚ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ।

**(7) 2640(4×660) ਮੈਗਾਵਾਟ ਗਿੱਦੜਬਾਹਾ ਥਰਮਲ ਪਾਵਰ ਪ੍ਰਾਜੈਕਟ :**

2640 ਗਿੱਦੜਬਾਹਾ ਥਰਮਲ ਪਲਾਂਟ ਨੂੰ ਬਿਜਲੀ ਮੰਤਰਾਲਾ, ਭਾਰਤ ਸਰਕਾਰ ਦੁਆਰਾ ਜਾਰੀ ਕੀਤੀਆਂ ਸੇਧਾਂ ਅਨੁਸਾਰ ਬੂ (BOO) (ਉਸਾਰੋ, ਅਪਣਾਓ ਅਤੇ ਚਲਾਓ) ਦੇ ਅਧਾਰ ਉੱਤੇ ਵਿਕਸਤ ਕੀਤੇ ਜਾਣ ਦੀ ਤਜਵੀਜ਼ ਹੈ। ਬੋਲੀ ਦੀ ਕਾਰਵਾਈ ਇਸ ਵਕਤ ਚਲ ਰਹੀ ਹੈ। ਪਲਾਂਟ ਦੀ ਮਾਰਚ 2013-14 ਵਿੱਚ ਬਿਜਲੀ ਦਾ ਉਤਪਾਦਨ ਸ਼ੁਰੂ ਕਰਨ ਦੀ ਸੰਭਾਵਨਾ ਹੈ।

---

## ਪੁਲਿਸ ਵਿਭਾਗ ਵਿਚ ਭਰਤੀ

*798. (ਸੀ.ਯੂ.) ਸਰਦਾਰ ਸੁਰਿੰਦਰਪਾਲ ਸਿੰਘ ਸਿਬੀਆ : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਨ੍ਹਾਂ ਸਿਪਾਹੀਆਂ ਅਤੇ ਇੰਸਪੈਕਟਰ ਪੱਧਰ ਤੇ ਪੁਲਿਸ ਕਰਮਚਾਰੀਆਂ ਦੇ ਵੇਰਵੇ ਕੀ ਹਨ, ਜਿਨ੍ਹਾਂ ਨੇ ਜਾਅਲੀ ਯੋਗਤਾ-ਪੱਤਰ ਦੇ ਕੇ ਰੁਜ਼ਗਾਰ ਪ੍ਰਾਪਤ ਕੀਤਾ ਹੈ ਅਤੇ ਹੁਣ ਤਕ ਉਨ੍ਹਾਂ ਖਿਲਾਫ ਕੀਤੀਆਂ ਗਈਆਂ ਕਾਨੂੰਨੀ ਕਾਰਵਾਈਆਂ ਦੇ ਵੇਰਵੇ ਕੀ ਹਨ ?

**ਸਰਦਾਰ ਸੁਖਬੀਰ ਸਿੰਘ ਬਾਦਲ** : ਜਾਅਲੀ ਯੋਗਤਾ ਪੱਤਰ ਦੇ ਕੇ ਰੁਜ਼ਗਾਰ ਪ੍ਰਾਪਤ ਕਰਨ ਵਾਲੇ ਪੁਲਿਸ ਕਰਮਚਾਰੀਆਂ ਦੇ ਵੇਰਵੇ ਅਤੇ ਉਨ੍ਹਾਂ ਖਿਲਾਫ ਕੀਤੀ ਗਈ ਕਾਰਵਾਈ ਦੇ ਵੇਰਵੇ ਅਨੁਲੱਗ 'ੳ' ਤੇ ਰੱਖੇ ਜਾਂਦੇ ਹਨ।

riginal with;
unjab Vidhan Sabha
igitized by;
anjab Digital Library

## ਅਨੁਲੱਗ 'ੳ'

ਜਿਹੜੇ ਉਮੀਦਵਾਰ ਜਾਅਲੀ ਯੋਗਤਾ ਸਰਟੀਫਿਕੇਟ ਦੇ ਕੇ ਭਰਤੀ ਹੋਏ ਹਨ, ਉਨ੍ਹਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ :—

| ਅਹੁਦਾ | ਗਿਣਤੀ ਜੋ ਜਾਅਲੀ ਦਸਤਾਵੇਜ਼ ਦੇ ਕੇ ਭਰਤੀ ਹੋਏ | ਜੋ ਨੌਕਰੀ ਵਿਚੋਂ ਬਰਖਾਸਤ ਕਰ ਦਿੱਤੇ ਗਏ | ਜੋ ਅਜੇ ਵੀ ਪੁਲਿਸ ਵਿਭਾਗ ਵਿੱਚ ਨੌਕਰੀ ਕਰਦੇ ਹਨ | ਨੌਕਰੀ ਵਿਚੋਂ ਬਰਖਾਸਤ ਨਾ ਕਰਨ ਦਾ ਕਾਰਨ | ਕਰਮਚਾਰੀਆਂ ਦੀ ਗਿਣਤੀ ਜਿਨ੍ਹਾਂ ਵਿਰੁੱਧ ਵਿਭਾਗੀ ਕਾਰਵਾਈ ਲੰਬਿਤ ਹੈ |
|---|---|---|---|---|---|
| ਸਿਪਾਹੀ | 61 | 44 | 17 | 16 ਕੋਰਟ ਵਿੱਚ ਪੈਂਡਿੰਗ | 1 |
| ਮੁੱਖ ਸਿਪਾਹੀ | — | — | — | — | — |
| ਏ.ਐਸ.ਆਈ. | 1 | 1 | — | — | — |
| ਸਬ-ਇੰਸਪੈਕਟਰ | — | — | — | — | — |
| ਇੰਸਪੈਕਟਰ | 1 | 1 | — | — | — |

ਇੰਸਪੈਕਟਰ ਧਰਮਪਾਲ ਸਿੰਘ ਨੰ: ਟੀ.ਪੀ. 92 (ਹੁਣ ਡੀ.ਐਸ.ਪੀ.) ਨੇ ਭਰਤੀ ਸਮੇਂ ਜੋ ਮਗਧ ਯੂਨੀਵਰਸਿਟੀ, ਬੋਧਗਿਯਾ, ਬਿਹਾਰ ਦਾ ਬੀ.ਏ. ਦਾ ਸਰਟੀਫਿਕੇਟ ਪੇਸ਼ ਕੀਤਾ ਸੀ, ਉਸ ਸਬੰਧੀ ਇਨਕੁਆਰੀ ਕੀਤੀ ਜਾ ਰਹੀ ਹੈ।

---

## ਸਬ-ਡਵੀਜ਼ਨ ਫਾਜ਼ਿਲਕਾ ਵਿਚ ਡਰੇਨਜ਼ ਸਿਸਟਮ

***801. (ਸੀ.ਯੂ.) ਸ਼੍ਰੀ ਸੁਰਜੀਤ ਕੁਮਾਰ ਜਿਆਣੀ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ-ਡਵੀਜ਼ਨ ਫਾਜ਼ਿਲਕਾ ਵਿਚ ਪੈਣ ਵਾਲੀਆਂ ਡਰੇਨਾਂ ਨਕੋ-ਨੱਕ ਭਰੀਆਂ ਰਹਿੰਦੀਆਂ ਹਨ ਅਤੇ ਬਰਸਾਤਾਂ ਦੇ ਮੌਸਮ ਦੌਰਾਨ ਉਨ੍ਹਾਂ ਵਿਚ ਪਾਣੀ ਦਾ ਉਲਟਾ ਵਹਾਅ ਹੁੰਦਾ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਡਰੇਨਾਂ ਵਿਚ ਪਾਣੀ ਦੀ ਉਚਿਤ ਨਿਕਾਸੀ ਨੂੰ ਯਕੀਨੀ ਬਣਾਉਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਡਰੇਨਾਂ ਜਿਹੜੀਆਂ ਕਿ ਫਾਜ਼ਿਲਕਾ ਉਪ ਮੰਡਲ ਅਧੀਨ ਪੈਂਦੀਆਂ ਹਨ, ਉਹ ਗਿੱਦੜਬਾਹਾ/ਫਿਰੋਜ਼ਪੁਰ ਸਰਕਲ ਦੇ ਖੇਤਰਾਂ ਨੂੰ ਵੀ ਕਵਰ ਕਰਦੀਆਂ ਹਨ ਅਤੇ ਆਪਣੀ ਸਮਰਥਾ/ਡੂੰਘਾਈ ਅਨੁਸਾਰ ਆਪਣੇ ਪੱਧਰ ਤੋਂ ਘੱਟ ਚਲ ਰਹੀਆਂ ਹਨ। ਇਨ੍ਹਾਂ ਡਰੇਨਾਂ ਦੀ ਸਫਾਈ ਮੰਗ ਅਨੁਸਾਰ ਸਾਲ ਵਿਚ ਇਕ ਵਾਰ ਕੀਤੀ ਜਾਂਦੀ ਹੈ।

---

Original with;
Punjab Vidhan Sabha
Digitized by;
Panjab Digital Library

### ਪ੍ਰਿੰਸੀਪਲਾਂ ਦੀਆਂ ਖਾਲੀ ਆਸਾਮੀਆਂ

*804. (ਸੀ.ਯੂ.) ਸ਼੍ਰੀ ਸੁਰਜੀਤ ਕੁਮਾਰ ਜਿਆਣੀ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਇਸ ਸਮੇਂ ਜ਼ਿਲ੍ਹਾ ਫਿਰੋਜ਼ਪੁਰ ਵਿਚ ਸਰਕਾਰੀ ਸੈਕੰਡਰੀ ਸਕੂਲਾਂ ਦੀ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਸਕੂਲਾਂ ਦੀ ਗਿਣਤੀ ਕਿੰਨੀ ਹੈ ਜਿੱਥੇ ਨਿਯਮਿਤ ਅਧਾਰ ਤੇ ਪ੍ਰਿੰਸੀਪਲ ਨਿਯੁਕਤ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਪ੍ਰਿੰਸੀਪਲਾਂ ਦੀਆਂ ਖਾਲੀ ਆਸਾਮੀਆਂ ਨੂੰ ਨਿਯਮਿਤ ਆਧਾਰ ਤੇ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ?

ਡਾਕਟਰ ਉਪਿੰਦਰਜੀਤ ਕੌਰ : (ੳ) ਇਸ ਸਮੇਂ ਜ਼ਿਲ੍ਹਾ ਫਿਰੋਜ਼ਪੁਰ ਵਿੱਚ 81 ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਨ ਇਨ੍ਹਾਂ ਵਿੱਚੋਂ ਕੇਵਲ ਇੱਕ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕਰਨੀ ਖੇੜਾ, ਫਿਰੋਜ਼ਪੁਰ ਵਿਖੇ ਨਿਯਮਿਤ ਤੌਰ ਤੇ ਕੰਮ ਕਰ ਰਿਹਾ ਹੈ।

(ਅ) ਪ੍ਰਿੰਸੀਪਲਾਂ ਦੀਆਂ ਖਾਲੀ ਆਸਾਮੀਆਂ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਕਰਵਾਉਣ ਉਪਰੰਤ ਜਲਦੀ ਹੀ ਭਰ ਦਿੱਤੀਆਂ ਜਾਣਗੀਆਂ।

---

### ਟਿਊਬਵੈੱਲਾਂ ਲਈ ਬਿਜਲੀ ਦੇ ਕੁਨੈਕਸ਼ਨ ਜਾਰੀ ਕਰਨੇ

*805. (ਸੀ.ਯੂ.) ਸ਼੍ਰੀ ਸੁਰਜੀਤ ਕੁਮਾਰ ਜਿਆਣੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿਚ ਬਿਨੈਕਾਰਾਂ ਨੂੰ ਕਿਸ ਸਾਲ ਤੱਕ ਟਿਊਬਵੈੱਲਾਂ ਲਈ ਬਿਜਲੀ ਦੇ ਕੁਨੈਕਸ਼ਨ ਜਾਰੀ ਕਰ ਦਿੱਤੇ ਗਏ ਹਨ;

(ਅ) ਕੀ ਇਹ ਠੀਕ ਹੈ ਕਿ ਬਾਕੀ ਰਾਜ ਦੀ ਤੁਲਨਾ ਵਿਚ ਸਬ-ਡਵੀਜ਼ਨ ਫਾਜ਼ਿਲਕਾ ਵਿਚ ਬਿਜਲੀ ਦੇ ਕੁਨੈਕਸ਼ਨ ਜਾਰੀ ਕਰਨ ਵਿਚ ਫਰਕ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਕਾਰਨ ਕੀ ਹਨ ਅਤੇ ਉਨ੍ਹਾਂ ਬਿਨੈਕਾਰਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਸਬ-ਡਵੀਜ਼ਨ ਫਾਜ਼ਿਲਕਾ ਵਿਚ ਅਜੇ ਕੁਨੈਕਸ਼ਨ ਜਾਰੀ ਕੀਤੇ ਜਾਣੇ ਹਨ ਅਤੇ ਉਕਤ ਕੁਨੈਕਸ਼ਨ ਕਦੋਂ ਤੱਕ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਮੌਜੂਦਾ ਹਦਾਇਤਾਂ ਅਨੁਸਾਰ ਜਨਰਲ ਕੈਟਾਗਰੀ ਅਧੀਨ 31 ਮਾਰਚ, 1991 ਤੱਕ ਪ੍ਰਾਪਤ ਹੋਈਆਂ ਟਿਊਬਵੈੱਲ ਕੁਨੈਕਸ਼ਨਾਂ ਲਈ ਅਰਜ਼ੀਆਂ ਵਿਰੁੱਧ ਡਿਮਾਂਡ ਨੋਟਿਸ ਜਾਰੀ ਕੀਤੇ ਜਾ ਸਕਦੇ ਹਨ।

(ਅ) ਸਬ-ਡਵੀਜ਼ਨ, ਫਾਜ਼ਿਲਕਾ ਅਧੀਨ ਮਿਤੀ 31 ਮਾਰਚ, 1991 ਤੱਕ ਰਜਿਸਟਰਡ ਸਾਰੇ ਬਿਨੈਕਾਰਾਂ ਨੂੰ ਮੰਗ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ। ਇਸ ਸਬ-ਡਵੀਜ਼ਨ

Original with;
Punjab Vidhan Sabha
Digitized by;
Panjab Digital Library

ਵਿੱਚ 698 ਨੰਬਰ ਟੈਸਟ ਰਿਪੋਰਟਾਂ ਬਕਾਇਆ ਹਨ ਅਤੇ ਇਨ੍ਹਾਂ ਨੂੰ 4 ਮਹੀਨੇ ਦੇ ਅੰਦਰ-ਅੰਦਰ ਕੁਨੈਕਸ਼ਨ ਜਾਰੀ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ।

---

## ਨਹਿਰਾਂ ਦੀ ਸਫਾਈ ਕਰਨਾ

***806. (ਸੀ.ਯੂ.) ਸ਼੍ਰੀ ਸੁਰਜੀਤ ਕੁਮਾਰ ਜਿਆਣੀ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਸਬ-ਡਵੀਜ਼ਨ ਫਾਜ਼ਿਲਕਾ ਵਿਚ ਕ੍ਰਮਵਾਰ ਪੂਰਾ ਸਾਲ ਅਤੇ ਛੇਹੀਂ ਮਹੀਨੀ ਵਗਣ ਵਾਲੀਆਂ ਨਹਿਰਾਂ ਦੀ ਸਫਾਈ ਆਖਰੀ ਵਾਰ ਕਿਸ ਸਾਲ ਕੀਤੀ ਗਈ ਸੀ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਨਹਿਰਾਂ ਦੀ ਸਫਾਈ ਦੁਬਾਰਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੀ ਸਫਾਈ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਜਨਮੇਜਾ ਸਿੰਘ ਸੇਖੋਂ :** (ੳ) ਸਬ-ਡਵੀਜ਼ਨ ਫਾਜ਼ਿਲਕਾ ਦੇ ਵਿੱਚ ਪੂਰਾ ਸਾਲ ਵਗਣ ਵਾਲੀਆਂ ਨਹਿਰਾਂ ਦੀ ਸਫਾਈ ਆਖਰੀਵਾਰ ਦਸੰਬਰ, 2008 ਤੋਂ ਫਰਵਰੀ, 2009 ਵਿੱਚ ਕਰਵਾਈ ਗਈ ਹੈ ਅਤੇ ਛਿਮਾਹੀ ਵਗਣ ਵਾਲੀਆਂ ਨਹਿਰਾਂ ਦੀ ਸਫਾਈ ਸਾਲ 2006-07 ਦੌਰਾਨ ਕਰਵਾਈ ਗਈ ਸੀ।

(ਅ) ਪੂਰਾ ਸਾਲ ਵਗਣ ਵਾਲੀਆਂ ਨਹਿਰਾਂ ਦੀ ਸਫਾਈ ਕੀਤੀ ਗਈ ਹੈ। ਇਸ ਲਈ ਇਨ੍ਹਾਂ ਦੀ ਸਫਾਈ ਲਈ ਅਜੇ ਕੋਈ ਤਜਵੀਜ਼ ਨਹੀਂ। ਜਿਥੋਂ ਤੱਕ ਛਿਮਾਹੀ ਵਗਣ ਵਾਲੀਆਂ ਨਹਿਰਾਂ ਦੀ ਸਫਾਈ ਦਾ ਸਬੰਧ ਹੈ, ਇਨ੍ਹਾਂ ਦੀ ਸਫਾਈ ਮਾਰਚ-ਅਪ੍ਰੈਲ, 2009 ਵਿੱਚ ਕਰਨ ਦੀ ਤਜਵੀਜ਼ ਹੈ।

---

## ਨਰੇਗਾ ਦੀ ਸੰਪਤੀ ਦੀ ਸਾਂਭ-ਸੰਭਾਲ

***808. (ਸੀ.ਯੂ.) ਸਰਦਾਰ ਮੱਖਣ ਸਿੰਘ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਰਾਜ ਵਿਚ ਰਾਸ਼ਟਰੀ ਦਿਹਾਤੀ ਰੁਜ਼ਗਾਰ ਗਰੰਟੀ ਐਕਟ ਸਕੀਮ (ਨਰੇਗਾ) ਅਧੀਨ ਹੁਣ ਤੱਕ ਬਣਾਈਆਂ ਗਈਆਂ ਸੰਪਤੀਆਂ ਦੀ ਲਾਭਦਾਇਕਤਾ ਦੇ ਸਬੰਧ ਵਿਚ ਕੋਈ ਅਧਿਐਨ ਕੀਤਾ ਗਿਆ ਹੈ; ਜੇ ਕਰ ਅਜਿਹਾ ਹੋਵੇ, ਤਾਂ ਇਸ ਦੇ ਸਿੱਟੇ ਕੀ ਹਨ;

Original with;
Punjab Vidhan Sabha
Digitized by;
Panjab Digital Library

[ਸਰਦਾਰ ਮੱਖਣ ਸਿੰਘ]

(ਅ) ਕੀ ਸਰਕਾਰ ਨੇ ਉਪਰੋਕਤ ਦੱਸੀ ਸਕੀਮ ਅਧੀਨ ਬਣਾਈਆਂ ਗਈਆਂ ਸੰਪਤੀਆਂ ਦੀ ਸਾਂਭ ਸੰਭਾਲ ਦੇ ਨਿਰੀਖਣ ਲਈ ਕੋਈ ਪ੍ਰਬੰਧ ਕੀਤੇ ਹਨ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : (ੳ) ਸ਼੍ਰੀਮਾਨ ਜੀ, ਇਸ ਸਬੰਧੀ ਅਜਿਹਾ ਕੋਈ ਅਧਿਐਨ ਨਹੀਂ ਕੀਤਾ ਗਿਆ ਹੈ।

(ਅ) ਨਰੇਗਾ ਸਕੀਮ ਅਧੀਨ ਬਣਾਈਆਂ ਗਈਆਂ ਸੰਪਤੀਆਂ ਦੀ ਸਾਂਭ ਸੰਭਾਲ ਦੇ ਨਿਰੀਖਣ ਲਈ ਕੋਈ ਵਿਧੀ ਨਹੀਂ ਬਣਾਈ ਗਈ ਹੈ। ਫਿਰ ਵੀ ਬਣਾਈਆਂ ਗਈਆਂ ਸੰਪਤੀਆਂ ਦੀ ਸਾਂਭ ਸੰਭਾਲ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਵੱਖ-ਵੱਖ ਕਾਰਜਕਰਤਾਵਾਂ ਦੁਆਰਾ ਕੀਤੀ ਜਾਂਦੀ ਹੈ।

---

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 809 (ਸੀ.ਯੂ.)**

---

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 810 (ਸੀ.ਯੂ.)***

---

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 811 (ਸੀ.ਯੂ.)**

---

## ਹਾਊਸ ਬਿਲਡਿੰਗ ਸੋਸਾਇਟੀ ਦੀ ਜਾਅਲੀ ਮੈਂਬਰਸ਼ਿਪ****

*820. (ਸੀ.ਯੂ.) ਸਰਦਾਰ ਮੱਖਣ ਸਿੰਘ : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਗੋਲਡਨ ਟੋਨ ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀ ਲਿਮਟਿਡ, ਐਸ.ਸੀ.ਓ. ਨੰ: 72, ਫੇਜ਼ 11, ਮੋਹਾਲੀ ਦੁਆਰਾ ਜਾਅਲੀ ਮੈਂਬਰਸ਼ਿਪ ਦੀ ਕੋਈ ਸ਼ਿਕਾਇਤ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) : ਜੀ ਹਾਂ, ਚੱਲ ਰਹੇ ਝਗੜੇ ਦਾ ਨਿਪਟਾਰਾ ਹੋ ਗਿਆ ਹੈ ਅਤੇ ਮੈਂਬਰ ਦੀ ਹਰ ਪਖੋਂ ਤਸੱਲੀ ਕਰਵਾ ਦਿੱਤੀ ਗਈ ਹੈ।

---

**For Starred Question No. 809 (C.U.) and reply thereto, please *see* Appendix to this Annexure.

***Reply to Starred Question No. 810 (C.U.) was not received till 2-5-2011 i.e. the date on which this Annexure was sent to the Press for final printing.

**For Starred Question No. 811 (C.U.) and reply thereto, please *see* Appendix to this Annexure.

****Revised reply received on 27th October, 2009.

Original with;
Punjab Vidhan Sabha
Digitized by;
Punjab Digital Library

## ਕੰਮਕਾਜੀ ਔਰਤਾਂ ਦੇ ਹੋਸਟਲ ਲਈ ਜ਼ਮੀਨ ਦੀ ਅਲਾਟਮੈਂਟ

***821. (ਸੀ.ਯੂ.) ਸਰਦਾਰ ਮੱਖਣ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮੋਹਾਲੀ ਵਿਚ ਸੋਸਾਇਟੀਆਂ ਵਿਚੋਂ ਇਕ ਸੁਸਾਇਟੀ ਨੂੰ ਕੰਮਕਾਜੀ ਔਰਤਾਂ ਦੇ ਹੋਸਟਲ ਲਈ ਥਾਂ ਦੀ ਅਲਾਟਮੈਂਟ ਕਰਨ ਲਈ ਮੁੱਖ ਮੰਤਰੀ ਦੀ ਪ੍ਰਧਾਨਗੀ ਅਧੀਨ ਪੁੱਡਾ ਦੀ ਜਾਂਚ ਪੜਤਾਲ ਕਮੇਟੀ ਨੇ ਕੋਈ ਫੈਸਲਾ ਲਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਕਾਰਣ ਕੀ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਨਹੀਂ ਜੀ, ਮੋਹਾਲੀ ਵਿਖੇ ਕਿਸੇ ਵੀ ਸੋਸਾਇਟੀ ਨੂੰ ਕੰਮਕਾਜੀ ਔਰਤਾਂ ਦੇ ਹੋਸਟਲ ਲਈ ਥਾਂ ਅਲਾਟ ਨਹੀਂ ਕੀਤੀ ਗਈ ਹੈ।

---

## ਆਟਾ-ਦਾਲ ਸਕੀਮ ਦੇ ਲਾਭਪਾਤਰਾਂ ਦੀ ਗਿਣਤੀ

***822. (ਸੀ.ਯੂ.) (1) ਸਰਦਾਰ ਅਮਰਜੀਤ ਸਿੰਘ ਸਮਰਾ**
**(2) ਸਰਦਾਰ ਵਿਰਸਾ ਸਿੰਘ ਵਲਟੋਹਾ** } : ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ "ਆਟਾ-ਦਾਲ" ਸਕੀਮ ਦੇ ਲਾਭਪਾਤਰਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ;

(ਅ) ਆਟਾ-ਦਾਲ ਸਕੀਮ ਲਈ ਨੀਲੇ ਕਾਰਡ ਤਿਆਰ ਕਰਨ/ਜਾਰੀ ਕਰਨ ਲਈ ਨਿਰਧਾਰਤ ਕੀਤਾ ਗਿਆ ਸਮਾਂ ਕਿੰਨਾ ਹੈ;

(ੲ) ਕੀ ਰਾਜ ਵਿਚ ਬਾਕੀ ਰਹਿੰਦੇ ਯੋਗ ਪਰਿਵਾਰਾਂ ਨੂੰ ਸ਼ਾਮਿਲ ਕਰਨ ਲਈ ਕੋਈ ਨਵਾਂ ਸਰਵੇਖਣ ਕਰਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ ?

**ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ :** (ੳ) ਰਾਜ ਵਿੱਚ ਆਟਾ-ਦਾਲ ਸਕੀਮ ਦੇ ਲਾਭਪਾਤਰਾਂ ਦੀ ਜ਼ਿਲ੍ਹਾਵਾਰ ਗਿਣਤੀ ਹੇਠ ਅਨੁਸਾਰ ਹੈ :—

| ਡਵੀਜ਼ਨ | ਜ਼ਿਲ੍ਹਾ | ਜਾਰੀ ਕੀਤੇ ਨੀਲੇ ਰਾਸ਼ਨ ਕਾਰਡਾਂ ਦੀ ਕੁੱਲ ਗਿਣਤੀ |
|---|---|---|
| ਜਲੰਧਰ | ਅੰਮ੍ਰਿਤਸਰ | 95829 |
| | ਤਰਨ ਤਾਰਨ | 59812 |
| | ਗੁਰਦਾਸਪੁਰ | 141439 |
| | ਕਪੂਰਥਲਾ | 39301 |
| | ਜਲੰਧਰ | 74300 |
| | ਹੁਸ਼ਿਆਰਪੁਰ | 80116 |
| | ਨਵਾਂ ਸ਼ਹਿਰ | 32308 |

Original with;
Punjab Vidhan Sabha
Digitized by;
Panjab Digital Library

[ਖੁਰਾਕ ਅਤੇ ਸਿਵਲ ਸਪਲਾਈ ਮੰਤਰੀ]

| ਡਵੀਜ਼ਨ | ਜ਼ਿਲ੍ਹਾ | ਜਾਰੀ ਕੀਤੇ ਨੀਲੇ ਰਾਸ਼ਨ ਕਾਰਡਾਂ ਦੀ ਕੁੱਲ ਗਿਣਤੀ |
|---|---|---|
| ਪਟਿਆਲਾ | ਪਟਿਆਲਾ | 89128 |
| | ਸੰਗਰੂਰ | 80325 |
| | ਬਰਨਾਲਾ | 22827 |
| | ਲੁਧਿਆਣਾ | 127508 |
| | ਫਤਿਹਗੜ੍ਹ ਸਾਹਿਬ | 26902 |
| | ਐਸ.ਏ.ਐਸ. ਨਗਰ | 31552 |
| | ਰੋਪੜ | 30537 |
| ਫਿਰੋਜ਼ਪੁਰ | ਫਿਰੋਜ਼ਪੁਰ | 108739 |
| | ਮੋਗਾ | 30907 |
| | ਫਰੀਦਕੋਟ | 45825 |
| | ਮੁਕਤਸਰ | 64499 |
| | ਬਠਿੰਡਾ | 73268 |
| | ਮਾਨਸਾ | 40557 |
| | ਕੁੱਲ ਜੋੜ : | 1295679 |

(ਅ) ਕੋਈ ਸਮਾਂ ਨਿਰਧਾਰਿਤ ਨਹੀਂ ਸੀ ਕੀਤਾ ਗਿਆ।

(ੲ) ਆਟਾ-ਦਾਲ ਸਕੀਮ ਅਧੀਨ ਰਹਿੰਦੇ ਯੋਗ ਪਰਿਵਾਰਾਂ ਨੂੰ ਨਵੇਂ ਸਿਰੇ ਤੋਂ ਸਰਵੇਖਣ ਕਰਵਾਉਣ ਉਪਰੰਤ ਉਨ੍ਹਾਂ ਪਰਿਵਾਰਾਂ ਨੂੰ ਨੀਲੇ ਕਾਰਡ ਜਾਰੀ ਕਰਨ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰਾਂ ਪਾਸੋਂ ਪ੍ਰਾਪਤ ਸੂਚੀਆਂ/ਸਰਵੇ ਫਾਰਮਾਂ ਅਨੁਸਾਰ ਹੀ ਵਿਭਾਗ ਵੱਲੋਂ ਨਵੇਂ ਸ਼ਨਾਖਤ ਪਰਿਵਾਰਾਂ ਨੂੰ ਨੀਲੇ ਕਾਰਡ ਜਾਰੀ ਕੀਤੇ ਜਾਣ ਦੀ ਕਾਰਵਾਈ ਸ਼ੁਰੂ ਹੈ ਅਤੇ ਬਹੁਤ ਸਾਰੀਆਂ ਥਾਵਾਂ ਤੇ ਪੂਰੀ ਵੀ ਹੋ ਚੁੱਕੀ ਹੈ।

---

## ਹੋਮ ਗਾਰਡਜ਼ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨਾ

***832. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਹੋਮ ਗਾਰਡਜ਼ ਦੇ ਲਗਭਗ 12,000 ਜਵਾਨਾਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਸੁਖਬੀਰ ਸਿੰਘ ਬਾਦਲ :** ਨਹੀਂ ਜੀ, ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

Original with;
Punjab Vidhan Sabha
Digitized by;
Panjab Digital Library

## ਅਣਅਧਿਕਾਰਤ ਕਬਜ਼ੇਦਾਰਾਂ ਨੂੰ ਜ਼ਮੀਨ ਦੀ ਅਲਾਟਮੈਂਟ

*833. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਰੀ ਕੇ ਬੰਨ੍ਹ ਦੀ 17053 ਏਕੜ ਝੀਲ ਖੇਤਰ ਵਾਲੀ ਜ਼ਮੀਨ ਅਣਅਧਿਕਾਰਤ ਕਬਜ਼ੇ ਅਧੀਨ ਹੈ ਅਤੇ ਇਹ ਅਣਅਧਿਕਾਰਤ ਕਬਜ਼ੇਦਾਰਾਂ ਨੂੰ ਅਲਾਟ ਕੀਤੀ ਜਾ ਰਹੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਕਾਰਣ ਕੀ ਹਨ ਅਤੇ ਇਸਦੇ ਅਣਅਧਿਕਾਰਤ ਕਬਜ਼ੇਦਾਰਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

ਸਰਦਾਰ ਅਜੀਤ ਸਿੰਘ ਕੋਹਾੜ : ਹਰੀ ਕੇ ਝੀਲ ਲਈ ਸਿੰਚਾਈ ਵਿਭਾਗ ਦੁਆਰਾ ਗ੍ਰਹਿਣ ਕੀਤੀ ਜ਼ਮੀਨ ਜਿਹੜੀ ਕਿ ਅਣਅਧਿਕਾਰਤ ਕਾਬਜ਼ਕਾਰਾਂ ਦੇ ਅਧੀਨ ਹੈ ਅਤੇ ਉਹ ਜ਼ਮੀਨ ਜੰਗਲਾਤ ਮਹਿਕਮੇ ਨਾਲ ਸਬੰਧਤ ਨਹੀਂ ਹੈ ਅਤੇ ਨਾ ਹੀ ਪੰਛੀਆਂ ਦਾ ਸ਼ਰਣ ਸਥਲ (Bird sanctuary) ਜਾਂ ਤਰ ਜ਼ਮੀਨ (wet land) ਨੂੰ ਅਣਅਧਿਕਾਰਤ ਕਾਬਜ਼ਕਾਰਾਂ ਨੂੰ ਅਲਾਟ ਕਰਨ ਲਈ ਸਰਕਾਰ ਨੇ ਨੀਤੀ ਬਣਾਈ ਹੈ ਤੇ ਇਹ ਜ਼ਮੀਨ ਅਲਾਟ ਕਰਨ ਲਈ ਡਿਪਟੀ ਕਮਿਸ਼ਨਰ, ਅੰਮ੍ਰਿਤਸਰ, ਕਪੂਰਥਲਾ, ਗੁਰਦਾਸਪੁਰ, ਜਲੰਧਰ, ਤਰਨ ਤਾਰਨ ਅਤੇ ਫਿਰੋਜ਼ਪੁਰ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਤਰਨ ਤਾਰਨ ਅਤੇ ਜਲੰਧਰ ਤੋਂ ਪ੍ਰਾਪਤ ਸੂਚਨਾ ਅਨੁਸਾਰ ਅਜਿਹੀ ਜ਼ਮੀਨ ਕੇਵਲ 294 ਏਕੜ 2 ਕਨਾਲ 18 ਮਰਲੇ ਹੀ ਹੈ ਜੋ ਕਿ ਅਣਅਧਿਕਾਰਤ ਕਬਜ਼ਿਆਂ ਅਧੀਨ ਹੈ ਅਤੇ ਇਨ੍ਹਾਂ ਦੀਆਂ ਲਿਸਟਾਂ ਨਾਲ ਨੱਥੀ ਕੀਤੀਆਂ ਜਾਂਦੀਆਂ ਹਨ। ਡਿਪਟੀ ਕਮਿਸ਼ਨਰ, ਅੰਮ੍ਰਿਤਸਰ, ਕਪੂਰਥਲਾ, ਗੁਰਦਾਸਪੁਰ ਅਤੇ ਫਿਰੋਜ਼ਪੁਰ ਤੋਂ ਪ੍ਰਾਪਤ ਸੂਚਨਾ ਅਨੁਸਾਰ ਉਨ੍ਹਾਂ ਕੋਲ ਅਜਿਹੀ ਕੋਈ ਭੋਂ ਅਲਾਟ ਕਰਨ ਲਈ ਮੌਜੂਦ ਨਹੀਂ ਹੈ।

**ਹਰੀ ਕੇ ਝੀਲ ਦੀ ਜ਼ਮੀਨ ਉੱਤੇ ਅਣ-ਅਧਿਕਾਰਤ ਕਾਬਜ਼ਕਾਰਾਂ ਦੀ ਸੂਚੀ**

| ਲੜੀ ਨੰਬਰ | ਜ਼ਿਲ੍ਹੇ ਦਾ ਨਾਂ | ਤਹਿਸੀਲ ਦਾ ਨਾਂ | ਪਿੰਡ | ਅਣ-ਅਧਿਕਾਰਤ ਕਾਬਜ਼ਕਾਰਾਂ ਦਾ ਨਾਂ | ਰਕਬਾ ਕਨਾਲ-ਮਰਲੇ | ਵਿਸ਼ੇਸ਼ ਕਥਨ |
|---|---|---|---|---|---|---|
| 1 | ਤਰਨ ਤਾਰਨ | ਪੱਟੀ | ਹਰੀ ਕੇ | ਸ਼੍ਰੀਮਤੀ ਬਲਵਿੰਦਰ ਕੌਰ ਪਤਨੀ ਸ਼੍ਰੀ ਪ੍ਰਗਟ ਸਿੰਘ | 51-2 | |
| 2 | | " | " | ਸ਼੍ਰੀਮਤੀ ਮਨਜੀਤ ਕੌਰ ਪਤਨੀ ਸ਼੍ਰੀ ਨਿਸ਼ਾਨ ਸਿੰਘ | 51-2 | |
| 3 | | " | " | ਸ਼੍ਰੀਮਤੀ ਪਰਮਜੀਤ ਕੌਰ ਪਤਨੀ ਸ਼੍ਰੀ ਖੜਕ ਸਿੰਘ | 51-2 | |
| 4 | | " | " | ਸ਼੍ਰੀ ਹਰਪ੍ਰੀਤ ਸਿੰਘ ਪੁੱਤਰ ਸ਼੍ਰੀ ਹਰਚਰਨ ਸਿੰਘ | 82-19 | |
| 5 | | " | " | ਸ਼੍ਰੀ ਜਸਪ੍ਰੀਤ ਸਿੰਘ ਪੁੱਤਰ ਸ਼੍ਰੀ ਹਰਚਰਨ ਸਿੰਘ | 42-7 | |

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ]

| ਲੜੀ ਨੰਬਰ | ਜ਼ਿਲ੍ਹੇ ਦਾ ਨਾਂ | ਤਹਿਸੀਲ ਦਾ ਨਾਂ | ਪਿੰਡ | ਅਣ-ਅਧਿਕਾਰਤ ਕਾਬਜ਼ਕਾਰਾਂ ਦਾ ਨਾਂ | ਰਕਬਾ ਕਨਾਲ-ਮਰਲੇ | ਵਿਸ਼ੇਸ਼ ਕਥਨ |
|---|---|---|---|---|---|---|
| 6 | ਤਰਨ ਤਾਰਨ | ਪੱਟੀ | ਹਰੀ ਕੇ | ਸ਼੍ਰੀ ਸਤਨਾਮ ਸਿੰਘ ਪੁੱਤਰ ਸ਼੍ਰੀ ਦਲਜੀਤ ਸਿੰਘ | 52-19 | |
| 7 | | " | " | ਸ਼੍ਰੀ ਰਾਜਦੀਪ ਸਿੰਘ ਪੁੱਤਰ ਸ਼੍ਰੀ ਜਸਪ੍ਰੀਤ ਸਿੰਘ | 52-19 | |
| 8 | | " | " | ਸ਼੍ਰੀਮਤੀ ਨਵਰੀਤ ਕੌਰ ਪਤਨੀ ਸ਼੍ਰੀ ਜਸਪ੍ਰੀਤ ਸਿੰਘ | 84-0 | |
| 9 | | " | " | ਸ਼੍ਰੀ ਦਲਜੀਤ ਸਿੰਘ ਪੁੱਤਰ ਸ਼੍ਰੀ ਹਰਨਾਮ ਸਿੰਘ | 11-2 | |
| 10 | | " | " | ਸ਼੍ਰੀ ਦਿਲਬਾਗ ਸਿੰਘ ਪੁੱਤਰ ਸ਼੍ਰੀ ਕੁਲਦੀਪ ਸਿੰਘ | 18-0 | |
| 11 | | " | " | ਸ਼੍ਰੀ ਅਵਤਾਰ ਸਿੰਘ ਪੁੱਤਰ ਸ਼੍ਰੀ ਚੰਨਣ ਸਿੰਘ | 32-0 | |
| | ਜੋੜ : | | | | 529-12 | ਏ-ਕ-ਮ 66-1-12 |
| 12 | | ਤਰਨਤਾਰਨ | ਕੰਬੋ ਢਾਏ ਵਾਲਾ | ਗੁਰਮੇਜ ਕੌਰ ਵਿਧਵਾ ਮਸਤਾਨ ਸਿੰਘ | 0-9 | |
| 13 | | " | " | ਸ਼੍ਰੀ ਸੁਰਜਨ ਸਿੰਘ ਪੁੱਤਰ ਸ਼੍ਰੀ ਕਰਮ ਸਿੰਘ | 0-9 | |
| 14 | | " | " | ਸ਼੍ਰੀ ਚਰਨ ਸਿੰਘ ਪੁੱਤਰ ਸ਼੍ਰੀ ਜਗਤ ਸਿੰਘ | 0-18 | |
| 15 | | " | " | ਸ਼੍ਰੀ ਲਖਬੀਰ ਸਿੰਘ ਪੁੱਤਰ ਸ਼੍ਰੀ ਸੁਰਿੰਦਰ ਸਿੰਘ | 43-2 | |
| 16 | | " | " | ਸ਼੍ਰੀ ਚਰਨ ਸਿੰਘ ਪੁੱਤਰ ਸ਼੍ਰੀ ਝੰਡਾ ਸਿੰਘ | 8-2 | |
| 17 | | " | " | ਸ਼੍ਰੀ ਲਖਬੀਰ ਸਿੰਘ ਪੁੱਤਰ ਸ਼੍ਰੀ ਹਰੀ ਸਿੰਘ | 19-13 | |

Original with;
Punjab Vidhan Sabha
Digitized by;
Panjab Digital Library

| ਲੜੀ ਨੰਬਰ | ਜ਼ਿਲ੍ਹੇ ਦਾ ਨਾਂ | ਤਹਿਸੀਲ ਦਾ ਨਾਂ | ਪਿੰਡ | ਅਣ-ਅਧਿਕਾਰਤ ਕਾਬਜ਼ਕਾਰਾਂ ਦਾ ਨਾਂ | ਰਕਬਾ ਕਨਾਲ-ਮਰਲੇ | ਵਿਸ਼ੇਸ਼ ਕਥਨ |
|---|---|---|---|---|---|---|
| 18 | | ਤਰਨਤਾਰਨ | ਕੰਬੋ ਢਾਏ ਵਾਲਾ | ਸ਼੍ਰੀ ਕਸ਼ਮੀਰ ਸਿੰਘ ਪੁੱਤਰ ਸ਼੍ਰੀ ਹੀਰਾ ਸਿੰਘ | 19-13 | |
| 19 | | " | " | ਸ਼੍ਰੀ ਦਲਬੀਰ ਸਿੰਘ ਪੁੱਤਰ ਸ਼੍ਰੀ ਹੀਰਾ ਸਿੰਘ | 19-13 | |
| 20 | | " | " | ਸ਼੍ਰੀ ਸੁਖਵਿੰਦਰ ਸਿੰਘ ਪੁੱਤਰ ਸ਼੍ਰੀ ਹੀਰਾ ਸਿੰਘ | 19-12 | |
| 21 | | " | " | ਸ਼੍ਰੀ ਗੁਰਦੀਪ ਸਿੰਘ ਪੁੱਤਰ ਸ਼੍ਰੀ ਸੁਰਿੰਦਰ ਸਿੰਘ | 36-2 | |
| 22 | | " | " | ਸ਼੍ਰੀ ਸਰੂਪ ਸਿੰਘ ਪੁੱਤਰ ਸ਼੍ਰੀ ਦਲੀਪ ਸਿੰਘ ਪੁਤਰਾਨ ਸ਼੍ਰੀ ਅਜੀਤ ਸਿੰਘ | 38-2 | |
| 23 | | " | " | ਸ਼੍ਰੀ ਸਤਨਾਮ ਸਿੰਘ ਪੁੱਤਰ ਸ਼੍ਰੀ ਅਜੀਤ ਸਿੰਘ | 1-0 | |
| 24 | | " | " | ਸ਼੍ਰੀ ਦਰਬਾਰਾ ਸਿੰਘ ਪੁੱਤਰ ਸ਼੍ਰੀ ਕਾਬਲ ਸਿੰਘ | 40-3 | |
| 25 | | " | " | ਸ਼੍ਰੀ ਅਨੋਖ ਸਿੰਘ ਪੁੱਤਰ ਸ਼੍ਰੀ ਕਾਬਲ ਸਿੰਘ | 40-3 | |
| 26 | | " | " | ਸ਼੍ਰੀਮਤੀ ਭਾਨੀ ਵਿਧਵਾ ਸ਼੍ਰੀ ਅਨੋਖ ਸਿੰਘ | 26-15 | |
| | ਜੋੜ : | | | | 313-16 | 39-1-16 |
| 27 | | ਤਰਨਤਾਰਨ | ਚੋਬਾ ਕਲਾਂ | ਸ਼੍ਰੀ ਸਤਪਾਲ ਸਿੰਘ ਪੁੱਤਰ ਮੋਹਨ ਸਿੰਘ | 37-6 | |
| 28 | | " | " | ਸ਼੍ਰੀ ਪ੍ਰਿੰਸੀਪਲ ਸਿੰਘ ਪੁੱਤਰ ਸ਼੍ਰੀ ਪਾਖਰ ਸਿੰਘ | 37-6 | |
| 29 | | " | " | ਸ਼੍ਰੀ ਜਮੀਅਤ ਸਿੰਘ ਪੁੱਤਰ ਸ਼੍ਰੀ ਪਾਖਰ ਸਿੰਘ | 1-1 | |
| 30 | | " | " | ਸ਼੍ਰੀ ਅਮਰ ਸਿੰਘ ਪੁੱਤਰ ਸ਼੍ਰੀ ਪਾਖਰ ਸਿੰਘ | 1-0 | |
| 31 | | " | " | ਸ਼੍ਰੀ ਹਰਬੰਸ ਸਿੰਘ ਪੁੱਤਰ ਸ਼੍ਰੀ ਪਾਖਰ ਸਿੰਘ | 1-1 | |

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ]

| ਲੜੀ ਨੰਬਰ | ਜ਼ਿਲ੍ਹੇ ਦਾ ਨਾਂ | ਤਹਿਸੀਲ ਦਾ ਨਾਂ | ਪਿੰਡ | ਅਣ-ਅਧਿਕਾਰਤ ਕਾਬਜ਼ਕਾਰਾਂ ਦਾ ਨਾਂ | ਰਕਬਾ ਕਨਾਲ-ਮਰਲੇ | ਵਿਸ਼ੇਸ਼ ਕਥਨ |
|---|---|---|---|---|---|---|
| 32 | | ਤਰਨਤਾਰਨ | ਚੋਬਾ ਕਲਾਂ | ਸ਼੍ਰੀ ਜਸਵੰਤ ਸਿੰਘ ਪੁੱਤਰ ਸ਼੍ਰੀ ਪਾਖਰ ਸਿੰਘ | 1-0 | |
| 33 | | " | " | ਸ਼੍ਰੀ ਸਰਜਨ ਸਿੰਘ ਪੁੱਤਰ ਸ਼੍ਰੀ ਮੰਗਲ ਸਿੰਘ | 2-16 | |
| 34 | | " | " | ਸ਼੍ਰੀ ਗੁਰਬਖਸ਼ ਸਿੰਘ ਪੁੱਤਰ ਸ਼੍ਰੀ ਮੰਗਲ ਸਿੰਘ | 2-16 | |
| 35 | | " | " | ਸ਼੍ਰੀ ਗੁਰਮਪਤ ਸਿੰਘ ਪੁੱਤਰ ਸ਼੍ਰੀ ਮੰਗਲ ਸਿੰਘ | 3-15 | |
| 36 | | " | " | ਸ਼੍ਰੀ ਕਰਮ ਸਿੰਘ ਪੁੱਤਰ ਸ਼੍ਰੀ ਮਾਹਨ ਸਿੰਘ | 2-15 | |
| 37 | | " | " | ਸ਼੍ਰੀ ਸੋਹਨ ਸਿੰਘ ਪੁੱਤਰ ਸ਼੍ਰੀ ਬਸੰਤ ਸਿੰਘ | 11-3 | |
| 38 | | " | " | ਸ਼੍ਰੀ ਸੋਹਨ ਸਿੰਘ ਪੁੱਤਰ ਸ਼੍ਰੀ ਬਸੰਤ ਸਿੰਘ | 3-15 | |
| 39 | | " | " | ਸ਼੍ਰੀ ਮਾਨ ਸਿੰਘ ਪੁੱਤਰ ਸ਼੍ਰੀ ਬਸੰਤ ਸਿੰਘ | 3-15 | |
| 40 | | " | " | ਸ਼੍ਰੀ ਜਗੀਰ ਸਿੰਘ ਪੁੱਤਰ ਸ਼੍ਰੀ ਬਸੰਤ ਸਿੰਘ | 15-0 | |
| 41 | | " | " | ਸ਼੍ਰੀਮਤੀ ਭਾਨੋ ਵਿਧਵਾ ਸ਼੍ਰੀ ਮਸਤਾਨ ਸਿੰਘ | 22-15 | |
| 42 | | " | " | ਸ਼੍ਰੀ ਪਾਖਰ ਸਿੰਘ ਪੁੱਤਰ ਸ਼੍ਰੀ ਕੋਹਰ ਸਿੰਘ | 22-15 | |
| 43 | | " | " | ਸ਼੍ਰੀਮਤੀ ਹਰਬੰਸ ਕੌਰ ਵਿਧਵਾ ਸ਼੍ਰੀ ਗੁਰਦੀਪ ਸਿੰਘ | 39-11 | |
| 44 | | " | " | ਸ਼੍ਰੀ ਉਤਮ ਚੰਦ ਆਦਿ | 2-10 | |
| 45 | | " | " | ਸ਼੍ਰੀ ਸਰਸਵਤੀ ਵਿਧਵਾ ਟਿਕਾ ਰਾਮ ਆਦਿ | 1-5 | |
| 46 | | " | " | ਸ਼੍ਰੀ ਬਿਸ਼ਨ ਸਿੰਘ ਪੁੱਤਰ ਸ਼੍ਰੀ ਨੱਥੂ ਰਾਮ | 8-0 | |

Original with;
Punjab Vidhan Sabha
Digitized by;
Punjab Digital Library

| ਲੜੀ ਨੰਬਰ | ਜ਼ਿਲ੍ਹੇ ਦਾ ਨਾਂ | ਤਹਿਸੀਲ ਦਾ ਨਾਂ | ਪਿੰਡ | ਅਣ-ਅਧਿਕਾਰਤ ਕਾਬਜ਼ਕਾਰਾਂ ਦਾ ਨਾਂ | ਰਕਬਾ ਕਨਾਲ-ਮਰਲੇ | ਵਿਸ਼ੇਸ਼ ਕਥਨ |
|---|---|---|---|---|---|---|
| 47 | | ਤਰਨਤਾਰਨ | ਚੋਬਾ ਕਲਾਂ | ਸ਼੍ਰੀ ਬੰਤਾ ਸਿੰਘ ਪੁੱਤਰ ਸ਼੍ਰੀ ਬਹਾਦਰ ਸਿੰਘ | 23-4 | |
| 48 | | " | " | ਸ਼੍ਰੀ ਨਰੰਜਨ ਸਿੰਘ ਪੁੱਤਰ ਸ਼੍ਰੀ ਸੁੱਖਾ ਸਿੰਘ | 22-16 | |
| 49 | | " | " | ਸ਼੍ਰੀ ਪ੍ਰਕਾਸ਼ ਕੌਰ ਪੁੱਤਰੀ ਸ਼੍ਰੀ ਗੇਜਾ ਸਿੰਘ | 0-4 | |
| 50 | | " | " | ਸ਼੍ਰੀਮਤੀ ਗੁਰਦੇਵ ਕੌਰ ਪੁੱਤਰੀ ਗੇਜਾ ਸਿੰਘ | 0-4 | |
| 51 | | " | " | ਸ਼੍ਰੀ ਬਲਵਿੰਦਰ ਕੌਰ ਪੁੱਤਰੀ ਸ਼੍ਰੀ ਗੇਜਾ ਸਿੰਘ | 0-3 | |
| 52 | | " | " | ਸ਼੍ਰੀ ਸੂਰਤ ਸਿੰਘ ਪੁੱਤਰ ਸ਼੍ਰੀ ਸੋਹਣ ਸਿੰਘ | 0-4 | |
| 53 | | " | " | ਸ਼੍ਰੀ ਬੇਲਾ ਸਿੰਘ ਪੁੱਤਰ ਸ਼੍ਰੀ ਸੋਹਣ ਸਿੰਘ | 0-4 | |
| 54 | | " | " | ਸ਼੍ਰੀ ਚੂਹੜ ਸਿੰਘ ਪੁੱਤਰ ਸ਼੍ਰੀ ਸੋਹਨ ਸਿੰਘ | 0-4 | |
| 55 | | " | " | ਸ਼੍ਰੀ ਗੁਲਜ਼ਾਰ ਸਿੰਘ ਪੁੱਤਰ ਸ਼੍ਰੀ ਭਗਤ ਸਿੰਘ | 30-16 | |
| 56 | | " | " | ਸ਼੍ਰੀ ਬਲਕਾਰ ਸਿੰਘ ਪੁੱਤਰ ਸ਼੍ਰੀ ਫੌਜਾ ਸਿੰਘ | 2-9 | |
| 57 | | " | " | ਸ਼੍ਰੀ ਹਰਦੀਪ ਸਿੰਘ ਪੁੱਤਰ ਸੌਦਾਗਰ ਸਿੰਘ | 2-10 | |
| 58 | | " | " | ਸ਼੍ਰੀ ਜਰਨੈਲ ਸਿੰਘ ਪੁੱਤਰ ਸ਼੍ਰੀ ਸੌਦਾਗਰ ਸਿੰਘ | 2-10 | |
| 59 | | " | " | ਸ਼੍ਰੀ ਪੂਰਨ ਦਾਸ ਪੁੱਤਰ ਸ਼੍ਰੀ ਦੇਵੀ ਦਾਸ | 106-19 | |
| 60 | | " | " | ਮਕਬੂਜਾ ਗ੍ਰਾਮ ਪੰਚਾਇਤ | 305-02 | |
| | | ਜੋੜ : | | | 714-14 | 89-2-14 |
| | | ਜ਼ਿਲ੍ਹੇ ਦਾ ਕੁੱਲ ਜੋੜ : | | | 1558-2 | 194-6-2 |

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ]

| ਲੜੀ ਨੰਬਰ | ਜ਼ਿਲ੍ਹੇ ਦਾ ਨਾਂ | ਤਹਿਸੀਲ ਦਾ ਨਾਂ | ਪਿੰਡ | ਅਣ-ਅਧਿਕਾਰਤ ਕਾਬਜ਼ਕਾਰਾਂ ਦਾ ਨਾਂ | ਰਕਬਾ ਕਨਾਲ-ਮਰਲੇ | ਵਿਸ਼ੇਸ਼ ਕਥਨ |
|---|---|---|---|---|---|---|
| 1 | ਜਲੰਧਰ | ਚੱਕ ਯੂਸਫਪੁਰ ਆਲੇਵਾਲ | ਸ਼ਾਹਕੋਟ | ਸ਼੍ਰੀ ਜੋਗਿੰਦਰ ਸਿੰਘ ਪੁੱਤਰ ਸ਼੍ਰੀ ਭਗਤ ਸਿੰਘ | 5-18 | |
| 2 | | " | " | ਸ਼੍ਰੀ ਗੁਰਦੀਪ ਸਿੰਘ ਪੁੱਤਰ ਸ਼੍ਰੀ ਭਗਤ ਸਿੰਘ | 4-14 | |
| 3 | | " | " | ਸ਼੍ਰੀ ਅਜੀਤ ਸਿੰਘ ਪੁੱਤਰ ਸ਼੍ਰੀ ਅਜੈਬ ਸਿੰਘ | 25-0 | |
| 4 | | " | " | ਸ਼੍ਰੀ ਹਰਦੇਵ ਸਿੰਘ ਪੁੱਤਰ ਸ਼੍ਰੀ ਗੁਰਨਾਮ ਸਿੰਘ | 5-10 | |
| 5 | | " | " | ਸ਼੍ਰੀ ਬਲਬੀਰ ਸਿੰਘ ਪੁੱਤਰ ਸ਼੍ਰੀ ਹਜ਼ਾਰਾ ਸਿੰਘ | 8-7 | |
| 6 | | " | " | ਸ਼੍ਰੀ ਅਵਤਾਰ ਸਿੰਘ ਪੁੱਤਰ ਸ਼੍ਰੀ ਹਜਾਰ਼ਾ ਸਿੰਘ | 8-6 | |
| 7 | | " | " | ਸ਼੍ਰੀ ਨਿਰਮਲ ਸਿੰਘ ਪੁੱਤਰ ਸ਼੍ਰੀ ਇੰਦਰ ਸਿੰਘ | 1-8 | |
| 8 | | " | " | ਸ਼੍ਰੀ ਲਛਮਣ ਸਿੰਘ ਪੁੱਤਰ ਸ਼੍ਰੀ ਜੋਗਿੰਦਰ ਸਿੰਘ | 1-6 | |
| 9 | | " | " | ਸ਼੍ਰੀ ਨਰਿੰਦਰ ਸਿੰਘ ਪੁੱਤਰ ਸ਼੍ਰੀ ਪ੍ਰੀਤਮ ਸਿੰਘ | 7-14 | |
| 10 | | " | " | ਸ਼੍ਰੀ ਲਖਵਿੰਦਰ ਸਿੰਘ ਪੁੱਤਰ ਸ਼੍ਰੀ ਪ੍ਰੀਤਮ ਸਿੰਘ | 7-14 | |
| 11 | | " | " | ਸ਼੍ਰੀ ਸੰਤੋਖ ਸਿੰਘ ਪੁੱਤਰ ਸ਼੍ਰੀ ਕਰਤਾਰ ਸਿੰਘ | 4-0 | |
| 12 | | " | " | ਸ਼੍ਰੀ ਸੁਖਬੀਰ ਸਿੰਘ ਪੁੱਤਰ ਸ਼੍ਰੀ ਦਰਸ਼ਨ ਸਿੰਘ | 2-0 | |
| 13 | | " | " | ਸ਼੍ਰੀ ਅਜੀਤ ਸਿੰਘ ਪੁੱਤਰ ਸ਼੍ਰੀ ਹਰਨਾਮ ਸਿੰਘ | 65-19 | |

Original with;
Punjab Vidhan Sabha
Digitized by;
Panjab Digital Library

| ਲੜੀ ਨੰਬਰ | ਜ਼ਿਲ੍ਹੇ ਦਾ ਨਾਂ | ਤਹਿਸੀਲ ਦਾ ਨਾਂ | ਪਿੰਡ | ਅਣ-ਅਧਿਕਾਰਤ ਕਾਬਜ਼ਕਾਰਾਂ ਦਾ ਨਾਂ | ਰਕਬਾ ਕਨਾਲ-ਮਰਲੇ | ਵਿਸ਼ੇਸ਼ ਕਥਨ |
|---|---|---|---|---|---|---|
| 14 | ਜਲੰਧਰ | ਚੱਕ ਯੂਸਫਪੁਰ ਆਲੇਵਾਲ | ਸ਼ਾਹਕੋਟ | ਸ਼੍ਰੀ ਅੱਛਰ ਸਿੰਘ ਪੁੱਤਰ ਸ਼੍ਰੀ ਭਗਵਾਨ ਸਿੰਘ | 17-0 | |
| 15 | | " | " | ਸ਼੍ਰੀ ਰੱਛਪਾਲ ਸਿੰਘ ਪੁੱਤਰ ਸ਼੍ਰੀ ਅੱਛਰ ਸਿੰਘ | 17-0 | |
| 16 | | " | " | ਸ਼੍ਰੀ ਸ਼ਿੰਦਰ ਸਿੰਘ ਪੁੱਤਰ ਸ਼੍ਰੀ ਅੱਛਰ ਸਿੰਘ | 17-0 | |
| 17 | | " | " | ਸ਼੍ਰੀ ਹਰਜਿੰਦਰ ਸਿੰਘ ਪੁੱਤਰ ਸ਼੍ਰੀ ਅੱਛਰ ਸਿੰਘ | 17-1 | |
| 18 | | " | " | ਸ਼੍ਰੀ ਰੇਸ਼ਮ ਸਿੰਘ ਪੁੱਤਰ ਸ਼੍ਰੀ ਤਾਰਾ ਸਿੰਘ | 2-0 | |
| 19 | | " | " | ਸ਼੍ਰੀ ਇਕਬਾਲ ਸਿੰਘ ਪੁੱਤਰ ਸ਼੍ਰੀ ਜਗਤਾਰ ਸਿੰਘ | 44-1 | |
| 20 | | " | " | ਸ਼੍ਰੀ ਸੁੱਚਾ ਸਿੰਘ ਪੁੱਤਰ ਸ਼੍ਰੀ ਭਾਗ ਸਿੰਘ | 1-0 | |
| 21 | | " | " | ਸ਼੍ਰੀ ਸੁੱਬਾ ਸਿੰਘ ਪੁੱਤਰ ਸ਼੍ਰੀ ਬੂਟਾ ਸਿੰਘ | 39-15 | |
| 22 | | " | " | ਸ਼੍ਰੀ ਉਜਾਗਰ ਸਿੰਘ ਪੁੱਤਰ ਸ਼੍ਰੀ ਬੂਟਾ ਸਿੰਘ | 39-14 | |
| 23 | | " | " | ਸ਼੍ਰੀ ਸਰਵਣ ਸਿੰਘ ਪੁੱਤਰ ਸ਼੍ਰੀ ਹਰਨਾਮ ਸਿੰਘ | 28-2 | |
| 24 | | " | " | ਸ਼੍ਰੀ ਬਲਵੰਤ ਸਿੰਘ ਪੁੱਤਰ ਸ਼੍ਰੀ ਬੂਟਾ ਸਿੰਘ | 5-6 | |
| 25 | | " | " | ਸ਼੍ਰੀ ਪਿਆਰਾ ਸਿੰਘ ਪੁੱਤਰ ਸ਼੍ਰੀ ਬੂਟਾ ਸਿੰਘ | 2-7 | |
| 26 | | " | " | ਸ਼੍ਰੀ ਦਲੀਪ ਸਿੰਘ ਪੁੱਤਰ ਸ਼੍ਰੀ ਜਗਤ ਸਿੰਘ | 2-7 | |
| 27 | | " | " | ਸ਼੍ਰੀ ਸੰਤੋਖ ਸਿੰਘ ਪੁੱਤਰ ਸ਼੍ਰੀ ਕਰਤਾਰ ਸਿੰਘ | 3-9 | |

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ]

| ਲੜੀ ਨੰਬਰ | ਜ਼ਿਲ੍ਹੇ ਦਾ ਨਾਂ | ਤਹਿਸੀਲ ਦਾ ਨਾਂ | ਪਿੰਡ | ਅਣ-ਅਧਿਕਾਰਤ ਕਾਬਜ਼ਕਾਰਾਂ ਦਾ ਨਾਂ | ਰਕਬਾ ਕਨਾਲ-ਮਰਲੇ | ਵਿਸ਼ੇਸ਼ ਕਥਨ |
|---|---|---|---|---|---|---|
| 28 | ਜਲੰਧਰ | ਚੱਕ ਯੂਸਫਪੁਰ ਆਲੇਵਾਲ | ਸ਼ਾਹਕੋਟ | ਸ਼੍ਰੀ ਕਾਰਜ ਸਿੰਘ ਪਤਨੀ ਸ਼੍ਰੀ ਸੋਹਣ ਸਿੰਘ | 2-5 | |
| 29 | | " | " | ਸ਼੍ਰੀ ਸ਼ਮਿੰਦਰ ਸਿੰਘ ਪੁੱਤਰ ਸ਼੍ਰੀ ਅਜੀਤ ਸਿੰਘ | 2-5 | |
| 30 | | " | " | ਸ਼੍ਰੀ ਕਰਨੈਲ ਸਿੰਘ ਪੁੱਤਰ ਸ਼੍ਰੀ ਸਾਧਾ ਸਿੰਘ | 8-11 | |
| 31 | | " | " | ਸ਼੍ਰੀ ਕਰਮ ਸਿੰਘ ਪੁੱਤਰ ਸ਼੍ਰੀ ਭਗਤ ਸਿੰਘ | 18-17 | |
| 32 | | " | " | ਸ਼੍ਰੀ ਸੁਰਜੀਤ ਸਿੰਘ ਪੁੱਤਰ ਸ਼੍ਰੀ ਜਸਵੰਤ ਸਿੰਘ | 13-12 | |
| 33 | | " | " | ਸ਼੍ਰੀ ਹਰਪ੍ਰੀਤ ਸਿੰਘ ਪੁੱਤਰ ਸ਼੍ਰੀ ਬਲਬੀਰ ਸਿੰਘ | 15-3 | |
| 34 | | " | " | ਸ਼੍ਰੀ ਗੁਰਿੰਦਰ ਸਿੰਘ ਪੁੱਤਰ ਸ਼੍ਰੀ ਰਣਜੀਤ ਸਿੰਘ | 47-15 | |
| 35 | | " | " | ਸ਼੍ਰੀ ਗੁਰਦੇਵ ਸਿੰਘ ਪੁੱਤਰ ਸ਼੍ਰੀ ਸਰਵਣ ਸਿੰਘ | 20-5 | |
| 36 | | " | " | ਸ਼੍ਰੀ ਭੁਪਿੰਦਰ ਸਿੰਘ ਪੁੱਤਰ ਸ਼੍ਰੀ ਸਰਵਣ ਸਿੰਘ | 20-5 | |
| 37 | | " | " | ਸ਼੍ਰੀ ਜਸਵੰਤ ਸਿੰਘ ਪੁੱਤਰ ਸ਼੍ਰੀ ਦੂਲਾ ਸਿੰਘ | 3-0 | |
| 38 | | " | " | ਸ਼੍ਰੀ ਜੋਗਿੰਦਰ ਸਿੰਘ ਪਤਨੀ ਸ਼੍ਰੀ ਬੀਹਲਾ ਸਿੰਘ | 13-5 | |
| 39 | | " | " | ਸ਼੍ਰੀ ਜਗੀਰ ਸਿੰਘ ਪੁੱਤਰ ਸ਼੍ਰੀ ਕਿਸ਼ਨ ਸਿੰਘ | 28-19 | |
| 40 | | " | " | ਸ਼੍ਰੀ ਦਰਸ਼ਨ ਸਿੰਘ ਪੁੱਤਰ ਸ਼੍ਰੀ ਖੇਮ ਸਿੰਘ | 3-15 | |
| 41 | | " | " | ਸ਼੍ਰੀ ਜਗੀਰ ਸਿੰਘ ਪੁੱਤਰ ਸ਼੍ਰੀ ਕਿਸ਼ਨ ਸਿੰਘ | 1-13 | |
| 42 | | " | " | ਸ਼੍ਰੀ ਸਰਵਣ ਸਿੰਘ ਪੁੱਤਰ ਸ਼੍ਰੀ ਕਿਸ਼ਨ ਸਿੰਘ | 1-13 | |

Original with;
Punjab Vidhan Sabha
Digitized by;
Panjab Digital Library

| ਲੜੀ ਨੰਬਰ | ਜ਼ਿਲ੍ਹੇ ਦਾ ਨਾਂ | ਤਹਿਸੀਲ ਦਾ ਨਾਂ | ਪਿੰਡ | ਅਣ-ਅਧਿਕਾਰਤ ਕਾਬਜ਼ਕਾਰਾਂ ਦਾ ਨਾਂ | ਰਕਬਾ ਕਨਾਲ-ਮਰਲੇ | ਵਿਸ਼ੇਸ਼ ਕਥਨ |
|---|---|---|---|---|---|---|
| 43 | ਜਲੰਧਰ | ਚੱਕ ਯੂਸਫਪੁਰ ਆਲੇਵਾਲ | ਸ਼ਾਹਕੋਟ | ਸ਼੍ਰੀ ਦਰਸ਼ਨ ਸਿੰਘ ਪੁੱਤਰ ਸ਼੍ਰੀ ਭਗਤ ਸਿੰਘ | 0-7 | |
| 44 | | ” | ” | ਸ਼੍ਰੀ ਨਰੰਜਣ ਸਿੰਘ ਪੁੱਤਰ ਸ਼੍ਰੀ ਹੀਰਾ ਸਿੰਘ | 2-6 | |
| 45 | | ” | ” | ਸ਼੍ਰੀ ਨਿਸ਼ਾਨ ਸਿੰਘ ਪੁੱਤਰ ਸ਼੍ਰੀ ਬਲਬੀਰ ਸਿੰਘ | 39-7 | |
| 46 | | ” | ” | ਸ਼੍ਰੀ ਨਾਜਰ ਸਿੰਘ ਪੁੱਤਰ ਸ਼੍ਰੀ ਭਾਗ ਸਿੰਘ | 19-14 | |
| 47 | | ” | ” | ਸ਼੍ਰੀ ਰੇਸ਼ਮ ਸਿੰਘ ਪੁੱਤਰ ਸ਼੍ਰੀ ਭਾਗ ਸਿੰਘ | 9-14 | |
| 48 | | ” | ” | ਸ਼੍ਰੀ ਪਰਮਜੀਤ ਸਿੰਘ ਪੁੱਤਰ ਸ਼੍ਰੀ ਰੂੜ ਸਿੰਘ | 2-7 | |
| 49 | | ” | ” | ਸ਼੍ਰੀ ਪੂਰਨ ਸਿੰਘ ਪੁੱਤਰ ਸ਼੍ਰੀ ਸਾਵਨ ਸਿੰਘ | 44-2 | |
| 50 | | ” | ” | ਸ਼੍ਰੀ ਬਲਬੀਰ ਸਿੰਘ ਪੁੱਤਰ ਸ਼੍ਰੀ ਊਧਮ ਸਿੰਘ | 5-16 | |
| 51 | | ” | ” | ਸ਼੍ਰੀ ਬੂਟਾ ਸਿੰਘ ਪੁੱਤਰ ਸ਼੍ਰੀ ਚੰਦਾ ਸਿੰਘ | 12-12 | |
| 52 | | ” | ” | ਸ਼੍ਰੀ ਬਲਕਾਰ ਸਿੰਘ ਪੁੱਤਰ ਸ਼੍ਰੀ ਹਜਾਰਾ ਸਿੰਘ | 5-17 | |
| 53 | | ” | ” | ਸ਼੍ਰੀ ਭਾਗ ਸਿੰਘ ਪੁੱਤਰ ਸ਼੍ਰੀ ਜੀਵਨ ਸਿੰਘ | 4-0 | |
| 54 | | ” | ” | ਸ਼੍ਰੀ ਮੁਖਤਿਆਰ ਸਿੰਘ ਪੁੱਤਰ ਸ਼੍ਰੀ ਪ੍ਰੀਤਮ ਸਿੰਘ | 0-12 | |
| 55 | | ” | ” | ਸ਼੍ਰੀ ਮੁਖਤਿਆਰ ਸਿੰਘ ਪੁੱਤਰ ਸ਼੍ਰੀ ਅਮਰ ਸਿੰਘ | 16-10 | |
| 56 | | ” | ” | ਸ਼੍ਰੀ ਮਲਕੀਅਤ ਸਿੰਘ ਪੁੱਤਰ ਸ਼੍ਰੀ ਅਮਰ ਸਿੰਘ | 2-2 | |
| 57 | | ” | ” | ਸ਼੍ਰੀ ਸੁਖਦੇਵ ਸਿੰਘ ਪੁੱਤਰ ਸ਼੍ਰੀ ਗਜੱਣ ਸਿੰਘ | 47-13 | |

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦੇ ਸਭਾਪਤੀਆਂ ਦੀ ਨਾਮਜ਼ਦਗੀ

*834. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ : ਕੀ ਵਿੱਤ ਅਤੇ ਯੋਜਨਾਬੰਦੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਯੋਜਨਾਬੰਦੀ ਬੋਰਡਾਂ ਦੀ ਥਾਂ ਤੇ ਨਾਮਜ਼ਦ ਕੀਤੇ ਗਏ ਸਭਾਪਤੀਆਂ ਵਾਲੀਆਂ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਕਾਰਣ ਕੀ ਹਨ ?

ਸਰਦਾਰ ਮਨਪ੍ਰੀਤ ਸਿੰਘ ਬਾਦਲ : ਜੀ ਹਾਂ, ਸ਼੍ਰੀਮਾਨ ਜੀ, ਰਾਜ ਵਿਚ 13 ਜ਼ਿਲ੍ਹਿਆਂ ਬਰਨਾਲਾ, ਮੁਕਤਸਰ, ਮਾਨਸਾ, ਸੰਗਰੂਰ, ਬਠਿੰਡਾ, ਫਤਿਹਗੜ੍ਹ ਸਾਹਿਬ, ਫਰੀਦਕੋਟ, ਸ਼ਹੀਦ ਭਗਤ ਸਿੰਘ ਨਗਰ, ਪਟਿਆਲਾ, ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਵਿਚ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡਾਂ ਦੀ ਥਾਂ ਤੇ ਨਾਮਜ਼ਦ ਕੀਤੇ ਗਏ ਸਭਾਪਤੀਆਂ ਵਾਲੀਆਂ ਜ਼ਿਲ੍ਹਾ ਯੋਜਨਾ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਬਾਕੀ ਜ਼ਿਲ੍ਹਿਆਂ ਵਿਚ ਜ਼ਿਲ੍ਹਾ ਯੋਜਨਾ ਕਮੇਟੀਆਂ ਦੇ ਗਠਨ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।

2. ਸਵਿਧਾਨ ਦੀ 74ਵੀਂ ਸੋਧ 1992 ਦੀ ਧਾਰਾ 243 ਜੈਡ.ਡੀ. ਅਨੁਸਾਰ ਹੇਠਲੇ ਪੱਧਰ ਤੇ ਜ਼ਿਲ੍ਹਾ ਵਿਕਾਸ ਯੋਜਨਾ ਤਿਆਰ ਕਰਨ ਦੇ ਉਦੇਸ਼ ਨਾਲ ਦੇਸ ਦੇ ਹਰ ਰਾਜ ਵਿਚ ਜ਼ਿਲ੍ਹਾ ਯੋਜਨਾ ਕਮੇਟੀਆਂ ਦਾ ਗਠਨ ਕਰਨਾ ਜ਼ਰੂਰੀ ਹੈ। ਪੰਜਾਬ ਜ਼ਿਲ੍ਹਾ ਯੋਜਨਾ ਕਮੇਟੀਆਂ ਐਕਟ, 2005 ਦੀ ਧਾਰਾ 6 ਅਨੁਸਾਰ ਜਿਸ ਤਾਰੀਖ ਤੋਂ ਜ਼ਿਲ੍ਹਾ ਯੋਜਨਾ ਕਮੇਟੀਆਂ ਗਠਿਤ ਹੁੰਦੀਆਂ ਹਨ, ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ ਖਤਮ ਹੋ ਜਾਣਗੇ।

---

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 835 (ਸੀ.ਯੂ.)**

---

## ਇਸ਼ਤਿਹਾਰਾਂ ਤੇ ਖਰਚਾ

*837. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਾਲ 2008-09 ਤੋਂ ਮਿਤੀ ਅੰਤ ਤਕ ਦੇ ਦੌਰਾਨ ਅਖਬਾਰਾਂ ਅਤੇ ਟੀ.ਵੀ. ਚੈਨਲਾਂ ਰਾਹੀਂ ਇਸ਼ਤਿਹਾਰਾਂ ਤੇ ਰਾਜ ਸਰਕਾਰ ਦੁਆਰਾ ਕੀਤੇ ਗਏ ਖਰਚੇ ਦੇ ਵੇਰਵੇ ਕੀ ਹਨ ?

ਸਰਦਾਰ ਸੁਖਬੀਰ ਸਿੰਘ ਬਾਦਲ : ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਵੱਲੋਂ ਸਾਲ 2008-09 ਦੌਰਾਨ (ਮਿਤੀ 1 ਅਪ੍ਰੈਲ, 2008 ਤੋਂ 27 ਫਰਵਰੀ, 2009 ਤੱਕ) ਅਖਬਾਰਾਂ ਵਿਚ 7,00,06,103/- ਅਤੇ ਰੇਡੀਓ/ਟੀ.ਵੀ. ਚੈਨਲਾਂ ਰਾਹੀਂ 4,41,00,000/- (ਕੁੱਲ 11,41,06,103/- ਰੁਪਏ ਦੇ ਡਿਸਪਲੇਅ ਇਸ਼ਤਿਹਾਰ ਜਾਰੀ ਕੀਤੇ ਗਏ ਹਨ ਜੀ।

---

**For Starred Question No. 835 (C.U.) and reply thereto, please *see* Appendix to this Annexure.

Original with;
Punjab Vidhan Sabha
Digitized by;
Panjab Digital Library

## ਰਾਜ ਵਿਚ ਥਰਮਲ ਪਲਾਂਟ ਸਥਾਪਿਤ ਕਰਨਾ

***838. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਚਾਰ ਥਰਮਲ ਪਲਾਂਟਾਂ ਦੀ ਸਥਾਪਨਾ ਨਾਲ ਸਬੰਧਤ ਕੰਮ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਨ੍ਹਾਂ ਨੂੰ ਕਦੋਂ ਤੱਕ ਪੂਰਾ ਕੀਤੇ ਜਾਣ ਦੀ ਸੰਭਾਵਨਾ ਹੈ;

(ਅ) ਕੀ ਇਹ ਠੀਕ ਹੈ ਕਿ ਥਰਮਲ ਪਲਾਂਟ, ਤਲਵੰਡੀ ਸਾਬੋ ਲਈ ਬੋਲੀ ਦੇਣ ਵਾਲੇ ਨੇ ਉਕਤ ਬਜਟ ਵਿਚ ਕਟੌਤੀ ਕੀਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਕੀ ਕਾਰਣ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** (ੳ) ਲੋੜੀਂਦੀ ਸੂਚਨਾ ਨਾਲ ਨੱਥੀ ਕੀਤੀ ਜਾਂਦੀ ਹੈ।

(ਅ) ਨਹੀਂ ਜੀ।

### ਸੂਚਨਾਂ

(ੳ) ਪੰਜਾਬ ਵਿੱਚ ਬਿਜਲੀ ਦੀ ਪੈਦਾਵਾਰ ਵਿੱਚ ਵਾਧਾ ਕਰਨ ਲਈ ਪੰਜਾਬ ਸਰਕਾਰ ਵੱਲੋਂ ਹੇਠਾਂ ਦੱਸੇ ਅਨੁਸਾਰ ਥਰਮਲ ਪਾਵਰ ਪ੍ਰਾਜੈਕਟ ਲਗਾ ਕੇ ਪ੍ਰਭਾਵਸ਼ਾਲੀ ਕਦਮ ਚੁੱਕੇ ਗਏ ਹਨ :—

**(1) ਗੋਇੰਦਵਾਲ ਸਾਹਿਬ ਪਾਵਰ ਪ੍ਰਾਜੈਕਟ (2×270 ਮੈ:ਵਾ:) :**

ਪੰ:ਰਾ:ਬਿ:ਬੋ: ਨੇ ਮੈਸ: ਜੀ.ਵੀ.ਕੇ. ਗੋਇੰਦਵਾਲ ਸਾਹਿਬ ਲਿਮ: ਨੂੰ 540 ਮੈਗਾਵਾਟ ਥਰਮਲ ਪਾਵਰ ਪ੍ਰਾਜੈਕਟ ਦੇਣ ਦਾ ਫੈਸਲਾ ਕੀਤਾ ਹੈ। ਇਸ ਪ੍ਰਾਜੈਕਟ ਦੀਆਂ ਸਾਰੀਆਂ ਪ੍ਰਕਿਰਿਆ ਸਬੰਧੀ ਰਸਮੀ ਕਰਵਾਈਆਂ, ਸਮੇਤ ਜ਼ਮੀਨ ਦੀ ਪ੍ਰਾਪਤੀ ਦੇ, ਮੁਕੰਮਲ ਹੋ ਗਈਆਂ ਹਨ ਸਿਵਾਏ ਇਸਦੇ ਕਿ ਮੁੜ ਬਿਆਨਿਆ ਬਿਜਲੀ ਖਰੀਦ ਇਕਰਾਰਨਾਮਾ ਪ੍ਰਵਾਨਗੀ ਲਈ ਅਣਨਿਪਟਾਇਆ ਪਿਆ ਹੈ। ਇਸ ਪ੍ਰਾਜੈਕਟ ਤੇ ਕੰਮ ਪੰ:ਰਾ:ਬਿ:ਬੋ: ਦੁਆਰਾ ਮੁੜ ਬਿਆਨੇ ਬਿਜਲੀ ਖਰੀਦ ਇਕਰਾਰਨਾਮੇ (PPA) ਦੀ ਪ੍ਰਵਾਨਗੀ ਦੇਣ ਮਗਰੋਂ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ। ਇਹ ਪ੍ਰਜੈਕਟ ਸਾਲ 2012-13 ਵਿੱਚ ਬਿਜਲੀ ਦੀ ਪੈਦਾਵਾਰ ਸ਼ੁਰੂ ਕਰ ਦੇਵੇਗਾ।

**(2) 1980(3×360) ਮੈ:ਵਾ: ਤਲਵੰਡੀ ਸਾਬੋ ਥਰਮਲ ਪਾਵਰ ਪ੍ਰਾਜੈਕਟ :**

1980 ਮੈਗਾਵਾਟ ਤਲਵੰਡੀ ਸਾਬੋ ਥਰਮਲ ਪਾਵਰ ਪ੍ਰਾਜੈਕਟ, ਜਿਸਨੂੰ ਬੂ(ਉਸਾਰੋ, ਅਪਣਾਓ ਅਤੇ ਚਲਾਓ) ਦੇ ਅਧਾਰ ਉਤੇ ਵਿਕਸਤ ਕੀਤੇ ਜਾਣ ਦੀ ਤਜਵੀਜ਼ ਹੈ, ਨੂੰ ਮੈਸ: ਸਟਰਲਾਈਟ ਐਨਰਜੀ ਲਿਮਟਿਡ, ਮੁੰਬਈ ਨੂੰ ਵਿਕਾਸਕਾਰ ਵਜੋਂ ਦੇਣ ਦਾ ਫੈਸਲਾ ਕੀਤਾ ਗਿਆ ਹੈ। ਵਿਕਾਸਕਾਰ ਨੇ ਕਾਰਜ ਆਪਣੇ ਹੱਥ ਵਿੱਚ ਲੈ ਲਿਆ ਹੈ ਅਤੇ ਬਾਊਂਡਰੀ ਦੀ ਦੀਵਾਰ ਉਸਾਰੀ ਦਾ ਕਾਰਜ ਸੁਰੂ ਕਰ ਦਿੱਤਾ ਹੈ। ਇਸ ਪਲਾਂਟ ਦੀ ਦਸੰਬਰ, 2011 ਤੱਕ ਬਿਜਲੀ ਉਤਪਾਦਨ ਸ਼ੁਰੂ ਕਰਨ ਦੀ ਸੰਭਾਵਨਾ ਹੈ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(3) 1320(2×660) ਮੈਗਾਵਾਟ ਰਾਜਪੁਰਾ ਥਰਮਲ ਪ੍ਰਾਜੈਕਟ :

ਰਾਜ ਸਰਕਾਰ ਨੇ ਬੂ (BOO) ਅਧਾਰ ਉਤੇ ਰਾਜਪੁਰਾ ਵਿਖੇ 1320 ਮੈਗਾਵਾਟ ਥਰਮਲ ਪਾਵਰ ਪ੍ਰਾਜੈਕਟ ਸਥਾਪਤ ਕਰਨ ਲਈ ਮੈਸ: ਲੈਨਕੋ ਇੰਡਰਾਟੈਕ, ਗੁੜਗਾਓਂ ਦੀ ਬੋਲੀ ਪ੍ਰਵਾਨ ਕਰ ਲਈ ਹੈ। ਪੰ:ਰਾ:ਬਿ:ਬੋ: ਹੁਣ ਇਸ ਪ੍ਰਾਜੈਕਟ ਲਈ ਆਸ਼ਾ ਪੱਤਰ ਜਾਰੀ ਕਰਨ ਵਾਸਤੇ ਪੰ:ਰਾ:ਬਿ:ਰੈ:ਕ: ਦੀ ਪ੍ਰਵਾਨਗੀ ਦੀ ਮੰਗ ਕਰ ਰਿਹਾ ਹੈ। ਇਸ ਪ੍ਰਾਜੈਕਟ ਨੂੰ 2011-12 ਵਿੱਚ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ।

(4) 2640(4×660) ਮੈਗਾਵਾਟ ਗਿੱਦੜਬਾਹਾ ਥਰਮਲ ਪਾਵਰ ਪ੍ਰਾਜੈਕਟ :

2640 ਮੈਗਾਵਾਟ ਗਿੱਦੜਬਾਹਾ ਥਰਮਲ ਪਲਾਂਟ ਨੂੰ ਬਿਜਲੀ ਮੰਤਰਾਲਾ, ਭਾਰਤ ਸਰਕਾਰ ਦੁਆਰਾ ਜਾਰੀ ਕੀਤੀਆਂ ਸੇਧਾਂ ਅਨੁਸਾਰ ਬੂ (BOO) (ਉਸਾਰੋ, ਅਪਣਾਓ, ਚਲਾਓ) ਅਧਾਰ ਉੱਤੇ ਵਿਕਸਤ ਕੀਤੇ ਜਾਣ ਦੀ ਤਜਵੀਜ਼ ਹੈ। ਬੋਲੀ ਦੀ ਕਾਰਵਾਈ ਇਸ ਵਕਤ ਚਲ ਰਹੀ ਹੈ। ਪਲਾਂਟ ਦੀ ਮਾਰਚ, 2013-14 ਵਿੱਚ ਬਿਜਲੀ ਦਾ ਉਤਪਾਦਨ ਸ਼ੁਰੂ ਕਰਨ ਦੀ ਸੰਭਾਵਨਾ ਹੈ।

---

## ਤਹਿਸੀਲ ਅਬੋਹਰ ਵਿਚ ਸੇਮ ਦੀ ਸਮੱਸਿਆ

*848. (ਸੀ.ਯੂ.) ਸਰਦਾਰ ਰਿਪਜੀਤ ਸਿੰਘ ਬਰਾੜ : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਬੁਲ ਖੁਰਾਣਾ ਡ੍ਰੇਨ ਲਈ ਲਿੰਕ ਚੈਨਲਾਂ ਦੀ ਉਪਲੱਬਧਤਾ ਨਾ ਹੋਣਾ ਚਰਘ ਢਾਣੀ, ਆਲਮਗੜ੍ਹ, ਸਰਨਾਂ ਵਾਲੀ, ਸੱਪਾਂ ਵਾਲੀ, ਕਿਲਿਆਂ ਵਾਲੀ ਪਿੰਡਾਂ ਅਤੇ ਅਬੋਹਰ ਸ਼ਹਿਰ ਵਿਚ ਸੇਮ ਦਾ ਕਾਰਨ ਬਣਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਪਿਛਲੇ ਦੋ ਸਾਲਾਂ ਦੇ ਦੌਰਾਨ ਉਕਤ ਸੇਮ ਨੂੰ ਰੋਕਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਨਹੀਂ ਜੀ। ਪਿੰਡ ਚਿਰਾਗਢਾਣੀ, ਆਲਮਗੜ੍ਹ, ਸੈਦਾਂ ਵਾਲੀ, ਸੱਪਾਂ ਵਾਲੀ, ਕਿਲਿਆਂ ਵਾਲੀ ਅਤੇ ਅਬੋਹਰ ਸ਼ਹਿਰ ਵਿੱਚ ਅਬੁਲਖੁਰਾਣਾ ਡਰੇਨ ਨੂੰ ਲਿੰਕ ਡਰੇਨਾਂ ਦੀ ਉਪਲਬੱਧਤਾ ਦਾ ਨਾ ਹੋਣਾ ਸੇਮ ਦਾ ਕਾਰਨ ਨਹੀਂ ਹੈ। ਸੇਮ ਦੀ ਸਮੱਸਿਆ ਇਕ ਕੁਦਰਤੀ ਘਟਨਾਕ੍ਰਮ ਹੈ, ਪਰ ਰਾਜਸਥਾਨ ਫੀਡਰ ਅਤੇ ਸਰਹਿੰਦ ਫੀਡਰ ਤੋਂ ਸੀਪੇਜ ਦੇ ਲਗਾਤਾਰ ਇਨ੍ਹਾਂ ਪਿੰਡਾਂ ਵੱਲ ਵਧਣ ਨਾਲ ਇਹ ਸਮੱਸਿਆ ਹੋਰ ਗੰਭੀਰ ਹੋ ਗਈ ਹੈ। ਇਸ ਸੇਮਗ੍ਰਸਤ ਇਲਾਕੇ ਵਿਚੋਂ ਸੇਮ ਨੂੰ ਰੋਕਣ ਲਈ ਲਿੰਕ ਡਰੇਨਾਂ ਕੱਢਣ ਦਾ ਪ੍ਰੋਜੈਕਟ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਤੋਂ ਇਲਾਵਾ ਰਾਜ ਸਰਕਾਰ ਨੇ ਰਾਜਸਥਾਨ ਫੀਡਰ ਅਤੇ ਸਰਹਿੰਦ ਫੀਡਰ ਦੀ ਰੀਲਾਇਨਿੰਗ ਲਈ ਦੋ ਵੱਖਰੀਆਂ ਤਜਵੀਜ਼ਾਂ ਭਾਰਤ ਸਰਕਾਰ ਦੇ ਜਲ ਸਾਧਨ ਮੰਤਰਾਲੇ ਨੂੰ ਮੁਲਅੰਕਣ ਲਈ ਭੇਜੀਆਂ ਹਨ। ਇਨ੍ਹਾਂ ਪ੍ਰੋਜੈਕਟਾਂ ਦੀ ਕ੍ਰਮਵਾਰ ਲਾਗਤ 897.388 ਕਰੋੜ ਰੁਪਏ ਅਤੇ 363.500 ਕਰੋੜ ਰੁਪਏ ਹੈ ਅਤੇ ਇਹ ਮੁਲਅੰਕਣ ਲਈ ਕੇਂਦਰੀ ਜਲ ਕਮਿਸ਼ਨ ਪਾਸ ਲੰਬਿਤ ਹਨ।

---

Original with;
Punjab Vidhan Sabha
Digitized by;
Panjab Digital Library

## ਜਨਤਕ ਥਾਵਾਂ ਤੇ ਸਿਗਰਟ ਪੀਣ ਤੇ ਪਾਬੰਦੀ

*850. (ਸੀ.ਯੂ.) ਸਰਦਾਰ ਰਿਪਜੀਤ ਸਿੰਘ ਬਰਾੜ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਜਨਤਕ ਥਾਵਾਂ ਤੇ ਸਿਗਰਟ ਪੀਣ ਤੇ ਪਾਬੰਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧ ਵਿਚ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਹਾਂ, ਸ਼੍ਰੀਮਾਨ ਜੀ। ਜਨਤਕ ਥਾਵਾਂ ਤੇ ਸਿਗਰੇਟ ਪੀਣ ਦੀ ਮਨਾਹੀ ਸਬੰਧੀ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਕਾਪੀ ਨੱਥੀ ਕੀਤੀ ਜਾਂਦੀ ਹੈ।

MINISTRY OF HEALTH AND FAMILY WELFARE

(DEPARTMENT OF HEALTH AND FAMILY WELFARE)

**Notification**

New Delhi, the 30th May, 2008

**G.S.R. 417(E).**—In exercise of the power conferred by Section 31 of the Cigarettes and other Tobacoo Products (Prohibition of Advertisement and Regulation of Trade and Commerce, Production, Supply and Distribution) Act, 2003 (34 of 2003), the Central Government hereby makes the following Rules, in supersession to Rule 3 of the Cigarettes and other Tobacco Products (Prohibition of Advertisement and Regulation of Trade and Commerce, Production, Supply and Distribution) Rules, 2004, namely :—

1. **Short title, Extent and Commencement.**—(1) These rules may be called the Prohibition of Smoking in Public Places Rules, 2008.

(2) They shall come into force on the 2nd October, 2008.

2. **Definitions.**—In these rules, unless the context otherwise requires,—

(a) "hotel" shall mean a building or a part of a building where lodging, with or without board or other services, is provided by way of business for consideration monetary or otherwise and includes boarding house and guest house.

(b) "restaurant" shall mean any place to which the public has access and where any kind of food or drink is supplied for consumption

Original with;
Punjab Vidhan Sabha
Digitized by;
Panjab Digital Library

**[Health and Family Welfare Minister]**

on the premises by any person by way of business for consideration monetary or otherwise and shall include the open space surrounding such premises and includes—

(i) refreshment rooms, banquet halls, discotheques, canteen coffee house, pubs, bars, airport lounge, and the like.

(c) "open space" mentioned in Section 3(1) of the Act shall not include any place visited by the public such as open auditorium stadium, railway station, bus stop/stand and other such places.

(d) "public place" defined in Section 3(1) of the Act shall also include work places, shopping malls and cinema halls.

(e) "smoking area of space" mentioned in the proviso to Section 4 of the Act shall mean a separately ventilated smoking room that :

(i) is physically separated and surrounded by full height walls on all four sides;

(ii) has an entrance with an automatically closing door normally kept in close position;

(iii) has an air flow system, as specified in schedule 1;

(iv) has negative air pressure in comparison with the remainder of the building.

(f) Words and expressions used herein and not defined in these rules but defined in the Act shall have the meanings, respectively, assigned to them in the Act.

3. **Prohibition of smoking in a public place.**— (1) The owner, proprietor, manager, supervisor or incharge of the affairs of a public place shall ensure that :

(a) No person smoke in the public place (under his jurisdiction/ implied).

(b) The board as specified in schedule II is displayed prominently at the entrance of the public place, in case there are more than one entrance at each such entrance

Original with;
Punjab Vidhan Sabha
Digitized by;
Panjab Digital Library

and conspicuous place (s) inside. In case if there are more than one floor, at each floor including the staircase and entrance to the lift/s at each floor.

(c) No ashtrays, matches, lighters or other things designed to facilitate smoking are provided in the public place.

(2) The owner, proprietor, manager, supervisor or incharge of the affairs of a public place shall notify and cause to be displayed prominently the name of the person (s) to whom a complaint may be made by a person (s) who observes any person violating the provision of these Rules.

(3) If the owner, prorietor, manager, supervisor or the authorized officer of a public place fails to act on report of such violation, the owner, proprietor, manager, supervisor or the authorized officer shall be liable to pay fine equivalent to the number of individual offences.

(**Explanation :** For the purpose of these rules the word offence means a person found violating any provision of the Rules).

(4) **Hotels, Restaurants and Airports.**—(1) The owner, proprietor, manager, supervisor or incharge of the affairs of a hotel having thirty or more rooms or restaurant having seating capacity of thirty persons or more and the manager of the airport may provide for a smoking area or space as defined in rule 2(e).

(2) Smoking area or space shall not be established at the entrance or exit of the hotel, restaurant and the airport and shall be distinctively marked as "Smoking Area" in English and one Indian language, as applicable.

(3) A smoking area or space shall be used only for the purpose of smoking and no other service (s) shall be allowed.

(4) The owner, proprietor, manager, supervisor or incharge of the affairs of a hotel having thirty or more rooms may designate separate smoking rooms in the manner prescribed as under :

(a) all the rooms so designated shall form a separate section in the same floor or wing as the case may be. In case of more than one floors/wings the room shall be in one floor/ wing as the case may be.

Original with;
Punjab Vidhan Sabha
Digitized by;
Punjab Digital Library

**[Health and Family Welfare Minister]**

(b) all such rooms shall be distinctively marked as "Smoking rooms" in English and one Indian language, as applicable

(c) the smoke from such room shall be ventilated outside and does not infiltrate/permeate into the non smoking areas of the house including lobbies and the conductors.

5. **Recovery of fair by authorized officers.**—The authorized officers mentioned in Schedule III shall be competent to act under and compound the offence committed in violation of Section 4 of the Act.

**Schedule I**

[*See* Rule 2(e)(iii)]

(i) that is exhausted directly to the outside and not mixed back into the supply air for the other parts of the buildings; and

(ii) It is fitted with a non-re circulating exhaust ventilation system or an air cleaning system, or by a technisation of the two, to ensure that the air discharges only in a manner that does not re circulate or transfer it from smoking area or space to non-smoking area.

**Schedule II**

[*See* Rule 3(b)]

1. The board shall be of a minimum size of 60 cm by 30 cm of white background.

2. It shall contain a circle of no less than 15 cm outer diameter with a red perimeter of no less than 3 cm wide with a picture, in the centre, of a cigarette or beedi with black smoke and crossed by a red band.

3. The width of the red band across the cigarette shall equal the width of the red perameter.

4. The board shall contain the warning "No Smoking Area—Smoking Here is an Offence" in English or one Indian language, as applicable.

Original with;
Punjab Vidhan Sabha
Digitized by;
Panjab Digital Library

**Schedule III**

(*See* Rule 5)

**Authorised Officers :** Following persons shall be authorized to impose and collect the fine against the violation of Section 1.

| Sr. No. | Person Authorised to take action | Description of Public Place |
|---|---|---|
| 1 | Inspectors of Central Excise/Income-tax Customs/Sales Tax/Health/Transport and above | All Public Places within their jurisdiction |
| 2 | Station Master/Asstt. Station Master/ Station Head/Station Incharge | Railways and all its Premises |
| 3 | All Gazetted Officers of State/Central Government or equivalent rank and above in Autonomous Organizations/PSU | Government offices/premises and offices of the autonomous bodies and corporations |
| 4 | Director/Medical Superintendent/ Hospital Administrator | Government and Private Hospital |
| 5 | Post Master and above | Respective Post Office in their jurisdiction |
| 6 | Head of the Institution/HR Manager/ Head of Administration | Private Offices/Workplaces |
| 7 | College/School/Headmaster Principal/ Teacher | Respective Educational Institution |
| 8 | Librarian/Asstt. Librarian/Library Incharge/other administrative staff in Library | Libraries/Reading Rooms |
| 9 | Airport Manager/Officers of Airport Authority of India and Officers of all scheduled Airlines | Airports |
| 10 | Director Public Health/Director Health Services | All Public Places |
| 11 | Incharge Administration in Central/ State Government | All Public Places |
| 12 | Nodal Officers/Focal Points of Anti-Tobacco Cell at District and State level | All Public Places |

If No. P. 16015/20/2007 P.H.

B.K. Parsad, Joint Secretary.

Original with;
Punjab Vidhan Sabha
Digitized by;
Panjab Digital Library

## ਪੈਟਰੋਲ/ਡੀਜ਼ਲ ਤੇ ਲਗਾਏ ਕਰ ਤੋਂ ਆਮਦਨ

***851. (ਸੀ.ਯੂ.) ਸਰਦਾਰ ਰਿਪਜੀਤ ਸਿੰਘ ਬਰਾੜ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਾਲ 2008-09 ਲਈ ਬਜਟ ਪੇਸ਼ ਕਰਨ ਤੋਂ ਬਾਅਦ ਪੀ.ਆਈ.ਡੀ.ਬੀ. ਦੁਆਰਾ ਲਗਾਈਆਂ ਗਈਆਂ ਕਰ ਦੀਆਂ ਦਰਾਂ ਦੀ ਸੋਧ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ;

(ਅ) ਸਾਲ 2007 ਅਤੇ 2008 ਦੇ ਸਮੇਂ ਦੌਰਾਨ ਪੈਟਰੋਲ, ਡੀਜ਼ਲ ਅਤੇ ਜ਼ਰਾਇਤੀ ਉਤਪਾਦਾਂ ਤੇ ਲਗਾਏ ਗਏ ਕਰ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਦੇ ਸਾਲ-ਵਾਰ ਵੇਰਵੇ ਕੀ ਹਨ ?

**ਸਰਦਾਰ ਮਨਪ੍ਰੀਤ ਸਿੰਘ ਬਾਦਲ :** (ੳ) ਹਾਂ ਜੀ। ਪੰਜਾਬ ਸਰਕਾਰ ਵੱਲੋਂ ਜਾਰੀ ਅਧਿਸੂਚਨਾ ਨੰ: 7/1/11/2001-5 ਵਿਖ. 4/2680, ਮਿਤੀ 1 ਅਪ੍ਰੈਲ, 2008 ਰਾਹੀਂ ਖੇਤੀਬਾੜੀ ਉਤਪਾਦਾਂ (ਫਲ ਸਬਜੀਆਂ ਅਤੇ ਦਾਲਾਂ ਨੂੰ ਛੱਡ ਕੇ) ਤੇ ਬੁਨਿਆਦੀ ਢਾਂਚਾ ਫੀਸ ਦੀ ਦਰ 2% ਕਰ ਦਿੱਤੀ ਗਈ ਸੀ। ਉਸ ਤੋਂ ਬਾਅਦ ਪੰਜਾਬ ਸਰਕਾਰ ਦੀ ਅਧਿਸੂਚਨਾ ਨੰ: 7/1/11/01-5 ਵਿਖ. 4/5, ਮਿਤੀ 24 ਸਤੰਬਰ, 2008 ਰਾਹੀਂ ਇਹ ਦਰ ਵਧਾ ਕੇ 3% ਕਰ ਦਿੱਤੀ ਗਈ। ਡੀਜ਼ਲ ਤੇ ਕੋਈ ਵੀ ਫੀਸ ਨਹੀਂ ਹੈ।

ਰਾਜ ਸਰਕਾਰ ਵੱਲੋਂ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਅਤੇ ਵਿਨਿਯਮ) ਐਕਟ, 2002 ਦੀ ਧਾਰਾ, 25 ਦੀ ਉਪ ਧਾਰਾ (1) ਅਧੀਨ ਪ੍ਰਾਪਤ ਅਧਿਕਾਰਾਂ ਤਹਿਤ, ਅਧਿਸੂਚਨਾਵਾਂ ਜਾਰੀ ਕਰਕੇ ਬੁਨਿਆਦੀ ਢਾਂਚਾ ਫੀਸ ਵਿੱਚ ਵਾਧਾ ਕੀਤਾ ਗਿਆ ਹੈ।

(ਅ) ਫੀਸ ਪ੍ਰਾਪਤੀ ਸਬੰਧੀ ਸਾਲ-ਵਾਰ ਵੇਰਵਾ ਹੇਠਾਂ ਲਿਖੇ ਅਨੁਸਾਰ ਹੈ :—

| | ਸਾਲ 2007-08 | ਸਾਲ 2008-09 |
|---|---|---|
| ਪੈਟਰੋਲ | 68.55 ਕਰੋੜ | 57.59 ਕਰੋੜ |
| ਖੇਤੀਬਾੜੀ ਉਤਪਾਦ | 136.16 ਕਰੋੜ | 443.18 ਕਰੋੜ |

ਡੀਜ਼ਲ ਤੇ ਕੋਈ ਸੈੱਸ/ਫੀਸ ਨਹੀਂ ਲਗਾਈ ਗਈ ਹੈ।

---

Original with;
Punjab Vidhan Sabha
Digitized by;
Panjab Digital Library

## ਹੋਰ ਰਾਜਾਂ ਨੂੰ ਬਿਜਲੀ ਦੀ ਵਿਕਰੀ

***852. (ਸੀ.ਯੂ.) ਸਰਦਾਰ ਰਿਪਜੀਤ ਸਿੰਘ ਬਰਾੜ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਨਵੰਬਰ, 2008 ਤੋਂ 31 ਜਨਵਰੀ, 2009 ਤੱਕ ਦੇ ਸਮੇਂ ਦੌਰਾਨ ਹੋਰ ਰਾਜਾਂ ਨੂੰ ਵੇਚੀ ਗਈ ਬਿਜਲੀ ਦੀ ਮਾਤਰਾ ਕਿੰਨੀ ਹੈ ਅਤੇ ਇਹ ਕਿਸ ਦਰ ਤੇ ਵੇਚੀ ਗਈ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਮੰਤਵ ਲਈ, ਸ਼ਾਮਲ ਆੜ੍ਹਤੀਆਂ ਦੇ ਨਾਂ ਕੀ ਹਨ ਅਤੇ ਇਸ ਦੀ ਪ੍ਰਤੀ ਯੂਨਿਟ ਦਰ ਕੀ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** (ੳ) 1 ਨਵੰਬਰ, 2008 ਤੋਂ 31 ਜਨਵਰੀ, 2009 ਤੱਕ ਦੇ ਸਮੇਂ ਦੌਰਾਨ ਪੰਜਾਬ ਰਾਜ ਬਿਜਲੀ ਬੋਰਡ ਵੱਲੋਂ ਦੂਜੇ ਰਾਜਾਂ ਨੂੰ 2632.21 ਲੱਖ ਯੂਨਿਟ ਬਿਜਲੀ ਔਸਤਨ ਰੁ: 7.39/ਯੂਨਿਟ ਦੇ ਭਾਅ ਤੇ ਵੇਚੀ ਗਈ।

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਮੰਤਵ ਲਈ ਸ਼ਾਮਲ ਟਰੇਡਰਾਂ ਦੇ ਨਾਂ ਅਤੇ ਪ੍ਰਤੀ ਯੂਨਿਟ ਟਰੇਡਰਜ਼ ਮਾਰਜਨ ਦੀ ਦਰ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਟਰੇਡਰ ਦਾ ਨਾਂ | ਸਮਾਂ | ਟਰੇਡਰ ਮਾਰਜਨ (ਪੈਸਾ/ਯੂਨਿਟ) |
|---|---|---|---|
| 1 | ਐਨ.ਵੀ.ਵੀ.ਐਨ. (ਐਨ.ਟੀ.ਪੀ.ਸੀ. ਵਿਦੁਤ ਵਪਾਰ ਨਿਗਮ) (NVVN) | 01-11-2008 ਤੋਂ 31-1-2009 | ਨਿੱਲ* |
| 2 | ਲੈਂਕੋ (ਲੈਂਕੋ ਇਲੈਕਟ੍ਰਿਕ ਯੂਟਿਲੀਟੀ ਲਿਮਟਿਡ) (ਟ੍ਰੇਡਿੰਗ ਡਵੀਜ਼ਨ) (LANCO) | | ਨਿੱਲ* |
| 3 | ਟਾਟਾ (ਟਾਟਾ ਪਾਵਰ ਟਰੇਡਿੰਗ ਕੰਪਨੀ ਲਿਮਟਿਡ) (TATA) | | ਨਿੱਲ* |
| 4 | ਅਦਾਨੀ (ਅਦਾਨੀ ਇਲੈਕਟ੍ਰਿਕ ਲਿਮਟਿਡ) (ਟ੍ਰੇਡਿੰਗ ਡਵੀਜ਼ਨ) (ADANI) | | ਨਿੱਲ* |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| ਲੜੀ ਨੰ: | ਟਰੇਡਰ ਦਾ ਨਾਂ | ਸਮਾਂ | ਟਰੇਡਰ ਮਾਰਜਨ (ਪੈਸਾ/ਯੂਨਿਟ) |
|---|---|---|---|
| 5 | ਪੀ.ਟੀ.ਸੀ. (ਪਾਵਰ ਟਰੇਡਿੰਗ ਕਾਰਪੋਰੇਸ਼ਨ) (ਪਾਵਰ ਐਕਸਚੇਂਜ) | 01-11-08 ਤੋਂ 15-11-08 | 4 |
| | | 16-11-08 ਤੋਂ 31-1-09 | 2 |

*ਟਰੇਡਰ ਮਾਰਜਨ ਖਰੀਦਦਾਰਾਂ ਵੱਲੋਂ ਅਦਾ ਕੀਤੀ ਗਈ।

---

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 856 (ਸੀ.ਯੂ.)**

---

## ਪਾਲੀਥੀਨ ਦੇ ਲਿਫਾਫਿਆਂ ਤੇ ਰੋਕ

*857. (ਸੀ.ਯੂ.) (1) ਸਰਦਾਰ ਅਜੀਤ ਸਿੰਘ ਸ਼ਾਂਤ
(2) ਸਰਦਾਰ ਜੋਗਿੰਦਰ ਸਿੰਘ ਪੰਜਗਰਾਈਂ } : ਕੀ

ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਪਾਲੀਥੀਨ ਦੇ ਲਿਫਾਫਿਆਂ ਦੀ ਵਰਤੋਂ ਤੇ ਰੋਕ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧ ਵਿੱਚ ਚੁੱਕੇ ਜਾ ਰਹੇ ਕਦਮਾਂ ਦੇ ਵੇਰਵੇ ਕੀ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਹੀਂ ਜੀ। ਸਰਕਾਰ ਵੱਲੋਂ ਪਾਲੀਥੀਨ ਲਿਫਾਫਿਆਂ ਦੀ ਵਰਤੋਂ ਤੇ ਰੋਕ ਲਗਾਉਣ ਸਬੰਧੀ ਦੀ ਪੰਜਾਬ ਪਲਾਸਟਿਕ ਕੈਰੀ ਬੈਗਜ਼ (ਮੈਨੂਫੈਕਚਰ, ਯੂਸੇਜ ਐਂਡ ਡਿਸਪੋਜ਼ਲ) ਐਕਟ, 2005 ਮਿਤੀ 16 ਨਵੰਬਰ, 2005 ਤੋਂ ਲਾਗੂ ਕੀਤਾ ਗਿਆ ਹੈ। ਇਸ ਐਕਟ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਦਰਸਾਏ ਅਨੁਸਾਰ ਹਨ :

(ੳ) 30 ਮਾਈਕਰੋਨ ਤੋਂ ਘੱਟ ਮੋਟਾਈ, 8 12 ਆਕਾਰ ਤੋਂ ਘੱਟ ਦੇ ਅਣਲੱਗ ਪਲਾਸਟਿਕ ਲਿਫਾਫੇ ਬਣਾਉਣ ਤੇ ਧਾਰਾ 3 ਅਨੁਸਾਰ ਮਨਾਹੀ ਹੈ।

(ਅ) ਨਾ-ਗਲਣ ਯੋਗ ਰੀਸਾਈਕਲਡ ਪਲਾਸਟਿਕ ਤੋਂ ਪਲਾਸਟਿਕ ਲਿਫਾਫੇ ਜਾਂ ਕੰਨਟੇਨਰ ਬਣਾਉਣ ਦੀ ਮਨਾਹੀ ਧਾਰਾ 4 ਅਧੀਨ ਕੀਤੀ ਗਈ ਹੈ।

(ੲ) ਹਰ ਉਤਪਾਦਕ ਹਰ ਲਿਫਾਫੇ ਉੱਤੇ ਆਪਣਾ ਨਾਮ, ਪਤਾ, ਰਜਿਸਟ੍ਰੇਸ਼ਨ ਨੰਬਰ, ਆਕਾਰ, ਮੋਟਾਈ, ਪਲਾਸਟਿਕ ਦੀ ਕਿਸਮ ਅਤੇ ਨਿਯਮ ਵਿਵਸਥਾ ਜਿਵੇਂ ਆਈ.ਐਸ. 14534:1988 ਪ੍ਰਿੰਟ ਕਰਨ ਸਬੰਧੀ ਉਪਬੰਧ ਹੈ (ਸੈਕਸ਼ਨ 6)

---

**For Starred Question No. 856 (C.U.) and reply thereto, please *see* Appendix to this Annexure.**

Original with;
Punjab Vidhan Sabha
Digitized by;
Panjab Digital Library

(ਸ) ਜਨਤਕ ਨਾਲਿਆਂ, ਸੀਵਰੇਜ ਜਾਂ ਜਨਤਕ ਥਾਵਾਂ ਵਿੱਚ ਨਾ-ਗਲਣ ਯੋਗ ਕੂੜਾ ਕਰਕਟ ਸੁੱਟਣ ਤੇ ਧਾਰਾ 10 ਅਨੁਸਾਰ ਮਨਾਹੀ ਲਾਗੂ ਕਰਦਾ ਹੈ।

ਸਰਕਾਰ ਵਲੋਂ ਐਕਟ ਨੂੰ ਲਾਗੂ ਕਰਨ ਲਈ ਹੇਠ ਦਰਸਾਏ ਕਦਮ ਚੁੱਕੇ ਗਏ ਹਨ।

(ੳ) ਨੋਟੀਫਿਕੇਸ਼ਨ ਮਿਤੀ 13 ਜੁਲਾਈ, 2006 ਰਾਹੀਂ ਡਿਪਟੀ ਕਮਿਸ਼ਨਰਾਂ ਨੂੰ ਲੋਕਲ ਅਥਾਰਿਟੀ ਵਜੋਂ ਸੈਕਸ਼ਨ 13 ਅਧੀਨ ਜਾਰੀ ਹੁਕਮਾਂ ਵਿਰੁੱਧ ਅਪੀਲ ਸੁਣਨ ਲਈ ਐਕਟ ਅਧੀਨ ਐਪੀਲੈਂਟ ਅਥਾਰਿਟੀ ਬਣਾਇਆ ਗਿਆ ਹੈ।

(ਅ) ਨੋਟੀਫਿਕੇਸ਼ਨ ਮਿਤੀ 13 ਜੁਲਾਈ, 2006 ਰਾਹੀਂ ਸ਼ੁੱਧ ਪਲਾਸਟਿਕ ਤੋਂ ਪਲਾਸਟਿਕ ਕੈਰੀਬੈਗਜ਼ ਬਣਾਉਣ ਲਈ ਵਰਤੇ ਜਾਣ ਵਾਲਾ ਕੁਦਰਤੀ ਜਾਂ ਪਾਰਦਰਸ਼ੀ ਰੰਗ ਨਿਯਤ ਕੀਤਾ ਗਿਆ ਹੈ।

(ੲ) ਨੋਟੀਫਿਕੇਸ਼ਨ ਮਿਤੀ 13 ਜੁਲਾਈ, 2006 ਰਾਹੀਂ ਚੀਫ ਮੈਨੇਜਰ (ਪ੍ਰੋਜੈਕਟ) ਸੈਂਟਰਲ ਇੰਸਟੀਚਿਊਟ ਆਫ ਪਲਾਸਟਿਕ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਅੰਮ੍ਰਿਤਸਰ ਨੂੰ ਐਕਟ ਅਧੀਨ ਜਨਤਕ ਵਿਸ਼ਲੇਸ਼ਣ ਮਾਹਿਰ ਵਜੋਂ ਮਾਨਤਾ ਦਿੱਤੀ ਗਈ ਹੈ।

(ਸ) ਪਲਾਸਟਿਕ ਕੈਰੀ ਬੈਗਜ਼ ਬਣਾਉਣ ਵਾਲੇ ਮੈਨੂਫੈਕਚਰਰ ਨੂੰ ਐਕਟ ਦੀ ਪਾਲਣਾ ਕਰਨ, ਐਕਟ ਦੀ ਧਾਰਾ 1(2) ਵਿਚ ਸੋਧ ਕਰਕੇ ਧਾਰਾ 14 ਤੇ 17 ਨੂੰ ਲਾਗੂ ਕਰਨਾ ਇੱਕ ਸਾਲ ਲਈ ਹੋਰ ਅੱਗੇ ਪਾ ਦਿੱਤਾ ਗਿਆ ਤਾਂ ਕਿ ਉਦਯੋਗ ਆਪਣੀ ਰੀਸਾਈਕਲਡ ਪਲਾਸਟਿਕ ਬੈਗ ਬਣਾਉਣ ਵਾਲੀ ਮਸ਼ੀਨਰੀ ਨੂੰ ਵਰਜਿਨ ਪਲਾਸਟਿਕ ਬੈਗ ਬਣਾਉਣ ਵਾਲੀ ਮਸ਼ੀਨਰੀ ਵਿੱਚ ਤਬਦੀਲ ਕਰ ਸਕਣ। ਇਹ ਧਾਰਾਵਾਂ ਮਿਤੀ 16 ਮਈ, 2007 ਤੋਂ ਹੋਂਦ ਵਿੱਚ ਆ ਗਈਆਂ ਹਨ।

---

## ਨੌਜਵਾਨਾਂ ਦੁਆਰਾ ਨਸ਼ੀਲੇ ਪਦਾਰਥਾਂ ਦੀ ਵਰਤੋਂ

*858. (ਸੀ.ਯੂ.) (1) ਸਰਦਾਰ ਅਜੀਤ ਸਿੰਘ ਸ਼ਾਂਤ
(2) ਸਰਦਾਰ ਜੋਗਿੰਦਰ ਸਿੰਘ ਪੰਜਗਰਾਈਂ } : ਕੀ

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਨਸ਼ੀਲੇ ਪਦਾਰਥਾਂ ਦੀ ਵੱਧ ਰਹੀ ਖਪਤ ਅਤੇ ਇਸਦੇ ਸਿੱਟੇ ਵਜੋਂ ਨੌਜਵਾਨਾਂ ਦੀ ਸਿਹਤ ਉਤੇ ਪੈ ਰਹੇ ਇਸਦੇ ਬੁਰੇ ਪ੍ਰਭਾਵਾਂ ਦਾ ਅਨੁਮਾਨ ਲਗਾਉਣ ਲਈ ਕੋਈ ਸਰਵੇ ਕਰਵਾਇਆ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਸਮਾਜਿਕ ਬੁਰਾਈ ਨੂੰ ਜੜ੍ਹੋਂ ਪੁੱਟਣ ਲਈ ਚੁੱਕੇ ਜਾ ਰਹੇ ਕਦਮਾਂ ਦੇ ਵੇਰਵੇ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਲੋਂ ਚਾਰ ਸਰਹੱਦ ਨਾਲ ਲੱਗਦੇ ਜ਼ਿਲ੍ਹਿਆਂ ਵਿੱਚ ਰਹਿ ਰਹੇ ਨਸ਼ਾ ਪੀੜਿਤਾਂ ਸਬੰਧੀ ਇੱਕ ਸਰਵੇ ਕਰਵਾਇਆ ਜਾ ਰਿਹਾ ਹੈ ਜਿਸ ਦੀ ਰਿਪੋਰਟ ਵਿਭਾਗ ਵਿੱਚ ਮਾਰਚ, 2010 ਤੱਕ ਪ੍ਰਾਪਤ ਹੋਣ ਦੀ ਆਸ ਹੈ।

ਰਾਜ ਸਰਕਾਰ ਨੌਜਵਾਨਾਂ ਵਿੱਚ ਨਸ਼ਿਆਂ ਦੀ ਵਰਤੋਂ ਦੀ ਗੰਭੀਰਤਾ ਤੋਂ ਚੰਗੀ ਤਰ੍ਹਾਂ ਵਾਕਫ ਹੈ। ਸਰਕਾਰ ਵੱਲੋਂ ਨਸ਼ਿਆਂ ਦੀ ਸਮੱਸਿਆ ਨੂੰ ਨਜਿੱਠਣ ਲਈ ਚੁੱਕੇ ਗਏ ਕਦਮ ਅਨੁਲੱਗ 'ੳ' ਤੇ ਉਪਲਬਧ ਹਨ।

## ਅਨੁਲੱਗ 'ੳ'

ਰਾਜ ਸਰਕਾਰ ਨੇ ਨਸ਼ਿਆਂ ਦੀ ਸਮੱਸਿਆ ਨੂੰ ਸਿੱਧੇ ਤੌਰ ਤੇ ਨਜਿੱਠਣ ਦਾ ਫੈਸਲਾ ਕੀਤਾ ਹੈ ਅਤੇ ਜਨਤਾ ਵਲੋਂ ਨਸ਼ੇ ਵਾਲੀ ਦਵਾਈਆਂ ਦੀ ਵਰਤੋਂ ਤੇ ਮੰਗ ਨੂੰ ਘਟਾਉਣ ਲਈ ਹੇਠ ਲਿਖੇ ਉਪਰਾਲੇ ਕਰ ਰਹੀ ਹੈ :—

ਹੇਠ ਲਿਖਿਆਂ 11 ਸਿਹਤ ਅਦਾਰਿਆਂ ਵਿੱਚ ਨਸ਼ਾ ਛੁਡਾਊ ਕੇਂਦਰ ਚਲਾਏ ਜਾ ਰਹੇ ਹਨ :—

1. ਸਰਕਾਰੀ ਮੈਡੀਕਲ ਕਾਲਜ, ਪਟਿਆਲਾ
2. ਸਰਕਾਰੀ ਮੈਡੀਕਲ ਕਾਲਜ, ਫਰੀਦਕੋਟ
3. ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ
4. ਸਿਵਲ ਹਸਪਤਾਲ, ਜਲੰਧਰ
5. ਸਿਵਲ ਹਸਪਤਾਲ, ਕਪੂਰਥਲਾ
6. ਸਿਵਲ ਹਸਪਤਾਲ, ਬਠਿੰਡਾ
7. ਸਿਵਲ ਹਸਪਤਾਲ, ਤਰਨ ਤਾਰਨ
8. ਸਿਵਲ ਹਸਪਤਾਲ, ਫਰੀਦਕੋਟ
9. ਸਿਵਲ ਹਸਪਤਾਲ, ਹੁਸ਼ਿਆਰਪੁਰ
10. ਸਿਵਲ ਹਸਪਤਾਲ, ਪਠਾਨਕੋਟ
11. ਸਿਵਲ ਹਸਪਤਾਲ, ਮੁਕਤਸਰ

ਡਿਸਟ੍ਰਿਕਟ ਮੈਂਟਲ ਹੈਲਥ ਪ੍ਰੋਗਰਾਮ, ਸਿਵਲ ਹਸਪਤਾਲ ਮੁਕਤਸਰ, ਹੁਸ਼ਿਆਰਪੁਰ ਅਤੇ ਸੰਗਰੂਰ ਵਿਖੇ ਤਿੰਨ ਮਨੋਰੋਗ ਮਾਹਿਰ ਕੰਮ ਕਰ ਰਹੇ ਹਨ। ਇਹ ਮਾਹਿਰ ਇਨ੍ਹਾਂ ਜ਼ਿਲ੍ਹਿਆਂ ਵਿਚ ਨਸ਼ਾ ਛੁਡਾਊ ਸੇਵਾਵਾਂ ਵੀ ਪ੍ਰਦਾਨ ਕਰ ਰਹੇ ਹਨ।

Original with;
Punjab Vidhan Sabha
Digitized by;
Panjab Digital Library

ਇਸ ਤੋਂ ਇਲਾਵਾ ਸਿਹਤ ਵਿਭਾਗ ਵਿੱਚ 26 ਸਰਕਾਰੀ ਮਨੋਰੋਗ ਵਿਸ਼ੇਸ਼ਗ ਹਨ ਜਿਨ੍ਹਾਂ ਵਿਚੋਂ 20 ਮਾਹਿਰ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਤੇ ਉਪ ਮੰਡਲ ਸਿਵਲ ਹਸਪਤਾਲਾਂ ਵਿੱਚ ਕੰਮ ਕਰ ਰਹੇ ਹਨ। ਇਹ ਮਾਹਿਰ ਵੀ ਬਾਕੀ ਮਾਨਸਿਕ ਰੋਗ ਸੇਵਾਵਾਂ ਤੋਂ ਇਲਾਵਾ ਨਸ਼ਾ ਛੁਡਾਊ ਸੇਵਾਵਾਂ ਵੀ ਜ਼ਿਲ੍ਹੇ ਦੇ ਅੰਦਰ ਆਮ ਜਨਤਾ ਨੂੰ ਪ੍ਰਦਾਨ ਕਰ ਰਹੇ ਹਨ।

ਵਿਭਾਗ ਨੇ 20 ਮਾਨਸਿਕ ਰੋਗ ਮਾਹਿਰਾਂ ਨੂੰ ਨਸ਼ਿਆਂ ਦੀ ਰੋਕਥਾਮ ਦੇ ਵਿੱਚ ਮਾਸਟਰ ਟਰੇਨਰ ਦੀ ਟਰੇਨਿੰਗ ਨੈਸ਼ਨਲ ਡੱਰਗ ਟਰੀਟਮੈਂਟ ਸੈਂਟਰ, ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼, ਗਾਜ਼ੀਆਬਾਦ ਤੋਂ ਕਰਵਾਈ ਗਈ ਹੈ। ਇਨ੍ਹਾਂ ਵਿਚੋਂ 11 ਮਾਹਿਰ ਵੱਖ-ਵੱਖ ਜ਼ਿਲ੍ਹਿਆਂ ਵਿੱਚ ਨਸ਼ਿਆਂ ਦੀ ਰੋਕਥਾਮ ਅਤੇ ਨਸ਼ੇ ਛੁਡਾਉਣ ਬਾਰੇ ਇਲਾਜ ਦੀ ਸੇਵਾ ਪ੍ਰਦਾਨ ਕਰ ਰਹੇ ਹਨ। ਇਸ ਵੇਲੇ ਸਿਰਫ ਦੋ ਜ਼ਿਲ੍ਹੇ ਨਵਾਂਸ਼ਹਿਰ ਅਤੇ ਫਤਿਹਗੜ੍ਹ ਸਾਹਿਬ ਵਿੱਚ ਕੋਈ ਵੀ ਸਰਕਾਰੀ ਨਸ਼ਾ ਛੁਡਾਊ ਸੇਵਾ ਉਪਲਬਧ ਨਹੀਂ ਹੈ।

ਮੰਗ ਘਟਾਉਣ ਸਬੰਧੀ ਉਪਰਾਲੇ.—ਸ਼ਰਾਬ ਅਤੇ ਨਸ਼ੇ ਦੀ ਨਿਰਭਰਤਾ ਦਿਮਾਗੀ ਤੇ ਮਾਨਸਿਕ ਬਿਮਾਰੀ ਹਨ ਜਿਸਦੇ ਖਤਰਨਾਕ ਅਤੇ ਮਾਰੂ ਸਿਹਤ ਨਤੀਜੇ ਹੋ ਸਕਦੇ ਹਨ। ਸਮੱਸਿਆ ਦੀ ਗੰਭੀਰਤਾ ਨੂੰ ਨਜ਼ਰ ਵਿੱਚ ਰੱਖਦੇ ਹੋਏ ਸਿਹਤ ਵਿਭਾਗ ਵਲੋਂ ਨਸ਼ਿਆਂ ਵਿਰੁੱਧ ਲੜਾਈ ਲੜਨ ਲਈ ਹੇਠ ਦਿੱਤੀ ਗਈ ਤਜਵੀਜ਼ ਬਣਾਈ ਹੈ :—

(ੳ) 20 ਨਸ਼ਾ ਛੁਡਾਊ ਕੇਂਦਰ (ਅੰਦਰੂਨੀ ਮਰੀਜ਼ਾਂ ਲਈ) ਰਾਜ ਦੇ ਸਾਰੇ ਜ਼ਿਲ੍ਹਾ ਹਸਪਤਾਲਾਂ ਵਿੱਚ ਸਥਾਪਿਤ ਕੀਤੇ ਜਾ ਰਹੇ ਹਨ ਤੇ ਇਨ੍ਹਾਂ ਵਿੱਚ ਹਰ ਕੇਂਦਰ ਵਿੱਚ 10 ਹਸਪਤਾਲ ਬਿਸਤਰਿਆਂ ਦੀ ਵਰਤੋਂ (ਇਕ ਹਰ ਇੱਕ ਜ਼ਿਲ੍ਹੇ ਲਈ ਇਸ ਕੰਮ ਲਈ ਸਰਕਾਰੀ ਮਨੋਰੋਗ ਮਾਹਿਰਾਂ ਦੀ ਨਿਗਰਾਨੀ ਵਿੱਚ ਕੰਮ ਕਰਨਗੇ।)

(ਅ) 50 ਬਿਸਤਰਿਆਂ ਦਾ ਰਾਜ ਪੱਧਰੀ ਨਸ਼ਾ ਛੁਡਾਊ ਕੇਂਦਰ ਇੰਸਟੀਚਿਊਟ ਆਫ ਮੈਂਟਲ ਹੈਲਥ ਅੰਮ੍ਰਿਤਸਰ।

**ਨਸ਼ੇ ਸਬੰਧੀ ਸਰਵੇ**.—ਵਿਭਾਗ ਵਲੋਂ ਚਾਰ ਸਰਹੱਦ ਨਾਲ ਲੱਗਦੇ ਜ਼ਿਲ੍ਹਿਆਂ ਵਿੱਚ ਰਹਿ ਰਹੇ ਨਸ਼ਾ ਪੀੜਿਤਾਂ ਸਬੰਧੀ ਇੱਕ ਸਰਵੇ ਕਰਵਾਇਆ ਜਾ ਰਿਹਾ ਹੈ ਜਿਸ ਦੀ ਰਿਪੋਰਟ ਵਿਭਾਗ ਵਿੱਚ ਮਾਰਚ, 2010 ਤੱਕ ਪ੍ਰਾਪਤ ਹੋਣ ਦੀ ਆਸ ਹੈ।

**ਪੂਰਤੀ ਘਟਾਉਣ ਸਬੰਧੀ ਉਪਰਾਲੇ**.—ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨੇ ਆਦਤ ਪਾਉਣ ਵਾਲੀਆਂ ਦਵਾਈਆਂ ਦੀ ਪੂਰਤੀ ਨੂੰ ਘਟਾਉਣ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਹੈ ਜਿਸ ਵਿੱਚ ਡਰੱਗ ਇੰਸਪੈਕਟਰਾਂ ਦੀ ਟੀਮਾ ਆਦਤ ਪਾਉਣ ਵਾਲੀਆਂ ਦਵਾਈਆਂ ਦੀ ਦੁਰਉਪਯੋਗ ਦੀ ਸਮੱਸਿਆ ਨੂੰ ਨਜਿੱਠਣ ਲਈ ਡਰੱਗ ਅਤੇ ਕਾਸਮੈਟਿਕ ਐਕਟ, 1940 ਦੀ ਉਲੰਘਣਾ ਅਧੀਨ ਛਾਪੇ ਮਾਰ ਰਹੀ ਹੈ। ਇਸ ਮੁਹਿੰਮ ਅਧੀਨ ਸਾਲ 2007 ਤੋਂ ਹੁਣ ਤੱਕ ਅਲੱਗ ਅਲੱਗ ਕੈਮਿਸਟਾਂ ਦੀਆਂ ਦੁਕਾਨਾਂ ਅਤੇ ਗੈਰਕਾਨੂੰਨੀ ਗੁਦਾਮਾਂ ਤੋਂ 1,29,78,782 (ਇੱਕ ਕਰੋੜ ਉਨੱਤੀ ਲੱਖ ਅਠੱਹਤਰ ਹਜ਼ਾਰ ਸੱਤ ਸੌ ਬਿਆਸੀ ਰੁਪਏ, ਸਾਲ 2008 ਵਿੱਚ 3,17,78,212 (ਤਿੰਨ ਕਰੋੜ ਸਤਾਰਾਂ ਲੱਖ ਅਠੱਹਤਰ ਹਜ਼ਾਰ ਦੋ ਸੌ ਬਾਰ੍ਹਾਂ ਰੁਪਏ ਅਤੇ ਸਾਲ 2009 (31 ਮਈ, 2009 ਤੱਕ) ਵਿੱਚ 79,78,395

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

(ਉਨਾਸੀ ਲੱਖ ਅਠੱਹਤਰ ਹਜ਼ਾਰ ਤਿੰਨ ਸੌ ਪਚਾਨ੍ਹਵੇਂ ਰੁਪਏ ਦੀਆਂ ਆਦਤ ਪਾਉਣ ਵਾਲੀਆਂ ਅੰਗਰੇਜ਼ੀ ਦਵਾਈਆਂ ਫੜੀਆਂ ਹਨ। 1940 ਐਕਟ ਦੇ ਅਧੀਨ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਗਈ ਹੈ ਅਤੇ ਸਾਲ 2007 ਵਿੱਚ 35 ਦਵਾਈਆਂ ਦੀਆਂ ਦੁਕਾਨਾਂ ਦੇ ਸਾਲ 2008 ਵਿੱਚ 37 ਦਵਾਈਆਂ ਦੀਆਂ ਦੁਕਾਨਾਂ ਅਤੇ ਸਾਲ 2009 ਵਿੱਚ 05 ਦੁਕਾਨਾਂ ਦੇ ਲਾਇਸੈਂਸ ਕੈਂਸਲ ਕੀਤੇ ਗਏ। ਇਸ ਦੇ ਨਾਲ ਹੀ ਸਾਲ 2007 ਵਿੱਚ 65 ਕੈਮਿਸਟਾਂ ਦੇ ਸਾਲ 2008 ਵਿੱਚ 80 ਕੈਮਿਸਟਾਂ ਦੇ ਅਤੇ ਸਾਲ 2009 (31 ਮਈ, 2009 ਤੱਕ) ਵਿੱਚ 35 ਕੈਮਿਸਟਾਂ ਦੇ ਲਾਇਸੈਂਸ ਮੁਅੱਤਲ ਕੀਤੇ ਗਏ ਅਤੇ ਇਸ ਤੋਂ ਇਲਾਵਾ ਸਾਲ 2007 ਵਿੱਚ 51, ਸਾਲ 2008 ਵਿੱਚ 48 ਅਤੇ ਸਾਲ 2009 (31 ਮਈ, 2009 ਤੱਕ) 30 ਦਵਾਈਆਂ ਦੇ ਦੁਕਾਨਦਾਰਾਂ ਦੇ ਲਾਇਸੈਂਸ ਉਕਤ ਮੱਦਾਂ ਦੇ ਨਜ਼ਰ ਤੇ ਅਤੇ ਲਾਇਸੈਂਸ ਰਹਿਤ ਗੁਦਾਮਾਂ ਦੇ ਮਾਲਕਾਂ ਵਿਰੁੱਧ ਡਰੱਗ ਅਤੇ ਕਾਸਮੈਟਿਕਸ ਐਕਟ, 1940 ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਕਾਨੂੰਨੀ ਕਾਰਵਾਈ ਆਰੰਭੀ ਗਈ ਹੈ।

**ਨਸ਼ਿਆਂ ਵਿਰੁੱਧ ਜਾਗਰੂਕਤਾ ਉਪਰਾਲੇ.**—ਆਮ ਲੋਕਾਂ ਵਿੱਚ ਆਦਤ ਪਾਉਣ ਵਾਲੀਆਂ ਦਵਾਈਆਂ ਦੀ ਦੁਰਵਰਤੋਂ ਦੀ ਜਾਗਰੂਕਤਾ ਲਿਆਉਣ ਲਈ ਸੈਮੀਨਾਰ, ਨੁਮਾਇਸ਼ਾਂ, ਡਰਾਮੇ ਰਾਜ ਦੇ ਵੱਖ-ਵੱਖ ਥਾਵਾਂ, ਤੇ ਜਿਨ੍ਹਾਂ ਵਿੱਚ ਵਿਸ਼ੇਸ਼ ਇਕੱਠ ਵਿਦਿਆਰਥੀਆਂ ਦਾ ਕਰਕੇ, ਆਯੋਜਿਤ ਕੀਤੇ ਗਏ। ਇਨ੍ਹਾਂ ਪ੍ਰੋਗਰਾਮਾਂ ਵਿੱਚ ਆਦਤ ਪਾਉਣ ਵਾਲੀਆਂ ਐਲੋਪੈਥਿਕ ਦਵਾਈਆਂ, ਜਿਨ੍ਹਾਂ ਦੀ ਕੀਮਤ ਲਗਭਗ 80 ਲੱਖ ਰੁਪਏ (ਜਿਨ੍ਹਾਂ ਕੇਸਾਂ ਦਾ ਵਿਭਾਗ/ਕੋਰਟ ਵਲੋਂ ਫੈਸਲਾ ਹੋ ਚੁੱਕਿਆ ਸੀ), ਆਮ ਜਨਤਾ, ਪ੍ਰੈਸ ਅਤੇ ਮੀਡੀਆ ਦੀ ਮੌਜੂਦਗੀ ਦੌਰਾਨ ਨਸ਼ਟ ਕੀਤੀਆਂ ਗਈਆਂ ਤਾਂ ਜੋ ਲੋਕਾਂ ਖਾਸ ਤੌਰ ਤੇ ਨੌਜਵਾਨਾਂ ਨੂੰ ਨਸ਼ਿਆਂ ਦੇ ਕੁ-ਪ੍ਰਭਾਵ ਤੋਂ ਜਾਣੂੰ ਕਰਵਾਇਆ ਜਾ ਸਕੇ।

---

## ਸਿਵਲ ਹਸਪਤਾਲ ਚਮਕੌਰ ਸਾਹਿਬ ਲਈ ਇਮਾਰਤ ਦੀ ਉਸਾਰੀ

***863. (ਸੀ.ਯੂ.) ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੁਆਰਾ ਚਮਕੌਰ ਸਾਹਿਬ ਵਿਖੇ ਸਿਵਲ ਹਸਪਤਾਲ ਦੀ ਇਮਾਰਤ ਉਸਾਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਚਮਕੌਰ ਸਾਹਿਬ ਵਿਖੇ ਹਸਪਤਾਲ ਦੀ ਇਮਾਰਤ ਦੀ ਉਸਾਰੀ ਕਰਨ ਲਈ ਪਸ਼ੂਆਂ ਦੇ ਹਸਪਤਾਲ ਦੇ ਨਾਲ ਲਗਦੀ ਜ਼ਮੀਨ ਦੀ ਪਹਿਚਾਣ ਕੀਤੀ ਗਈ ਹੈ ਅਤੇ ਇਸ ਜ਼ਮੀਨ ਦੀ ਮਲਕੀਅਤ ਦੀ ਤਬਦੀਲੀ ਸਿਹਤ ਵਿਭਾਗ ਦੇ ਨਾਂ ਕਰਨ ਦਾ ਮਾਮਲਾ ਸਬੰਧਤ ਵਿਭਾਗ ਨਾਲ ਉਠਾਇਆ ਗਿਆ ਹੈ।

---

Original with;
Punjab Vidhan Sabha
Digitized by;
Panjab Digital Library

### ਪੰਚਾਇਤੀ ਜ਼ਮੀਨ ਦਾ ਰਕਬਾ

*864. (ਸੀ.ਯੂ.) ਸਰਦਾਰ ਚਰਨਜੀਤ ਸਿੰਘ ਚੰਨੀ : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਚਮਕੌਰ ਸਾਹਿਬ ਸਬ-ਡਵੀਜ਼ਨ ਵਿਚ ਪੈਂਦੇ ਪਿੰਡਾਂ ਦੀ ਪੰਚਾਇਤੀ ਜ਼ਮੀਨ ਦਾ ਕੁੱਲ ਰਕਬਾ ਕਿੰਨਾ ਹੈ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਕਾਸ਼ਤਯੋਗ ਅਤੇ ਗੈਰ-ਕਾਸ਼ਤਯੋਗ ਜ਼ਮੀਨ ਦਾ ਰਕਬਾ ਕਿੰਨਾ ਹੈ ਅਤੇ ਗੈਰ-ਕਾਸ਼ਤਯੋਗ ਜ਼ਮੀਨ ਨੂੰ ਕਾਸ਼ਤਯੋਗ ਬਣਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : ਸ਼੍ਰੀ ਮਾਨ ਜੀ, (ੳ) ਚਮਕੌਰ ਸਾਹਿਬ ਸਬ-ਡਵੀਜ਼ਨ ਵਿੱਚ ਪੈਂਦੇ ਪਿੰਡਾਂ ਦੀ ਪੰਚਾਇਤੀ ਜ਼ਮੀਨ ਦਾ ਕੁੱਲ ਰਕਬਾ 4911 ਏਕੜ 7 ਕਨਾਲ 19 ਮਰਲੇ ਹੈ।

(ਅ) ਭਾਗ "ੳ" ਵਿੱਚ ਦਰਸਾਈ ਜ਼ਮੀਨ ਵਿਚੋਂ 1385 ਏਕੜ 2 ਕਨਾਲ 16 ਮਰਲੇ ਵਾਹੀਯੋਗ ਅਤੇ 3526 ਏਕੜ 5 ਕਨਾਲ 3 ਮਰਲੇ ਗੈਰ ਵਾਹੀਯੋਗ ਰਕਬਾ ਹੈ। ਗੈਰ ਕਾਸ਼ਤਯੋਗ ਜ਼ਮੀਨ, ਬੇਟ ਏਰੀਏ ਦੀ ਜ਼ਮੀਨ ਹੋਣ ਕਾਰਨ ਉਚੀ-ਨੀਂਵੀਂ, ਰੇਤੀਲੀ ਅਤੇ ਬੰਜਰ ਕਿਸਮ ਦੀ ਜ਼ਮੀਨ ਹੈ। ਇਸ ਜ਼ਮੀਨ ਤੇ ਜੰਗਲਾਤ ਆਦਿ ਲਗਾ ਕੇ ਪੰਚਾਇਤ ਦੀ ਆਮਦਨ ਦੇ ਵਸੀਲੇ ਵਧਾਉਣ ਦੇ ਯੋਗ ਉਪਰਾਲੇ ਕੀਤੇ ਜਾਣਗੇ

---

### ਫਲੈਕਸ ਪ੍ਰਿੰਟਿਡ ਵਿਗਿਆਪਣ ਬੋਰਡ ਦੀ ਸਮੱਸਿਆ

*866. (ਸੀ.ਯੂ.) ਸਰਦਾਰ ਰਿਪਜੀਤ ਸਿੰਘ ਬਰਾੜ : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਮੁੱਚੇ ਰਾਜ ਵਿਚ ਪ੍ਰਭਾਵਸ਼ਾਲੀ ਲੋਕਾਂ ਦੁਆਰਾ ਆਪਣੀ ਖੁਦ ਦੀ ਖਿਆਤੀ ਲਈ ਵੱਡੀ ਗਿਣਤੀ ਵਿੱਚ ਵਰਤੇ ਜਾਂਦੇ ਫਲੈਕਸ ਪ੍ਰਿੰਟਿਡ ਵਿਗਿਆਪਣ ਬੋਰਡ ਦੀ ਸਮੱਸਿਆ ਨਾਲ ਨਜਿੱਠਣ ਲਈ ਸਰਕਾਰ ਕੀ ਕਦਮ ਚੁੱਕਣ ਦਾ ਵਿਚਾਰ ਰੱਖਦੀ ਹੈ ?

ਸ਼੍ਰੀ ਮਨੋਰੰਜਨ ਕਾਲੀਆ : ਸਮੂਹ ਅਣ-ਅਧਿਕਾਰਤ ਫਲੈਕਸ ਪ੍ਰਿੰਟਿਡ ਵਿਗਿਆਪਣ ਬੋਰਡ ਸਬੰਧਤ ਡਿਪਟੀ ਕਮਿਸ਼ਨਰ ਵੱਲੋਂ ਹਟਾਏ ਜਾਣੇ ਬਣਦੇ ਹਨ।

---

### ਬਲਾਕ ਸਮਾਣਾ ਵਿੱਚ ਫਸਲਾਂ ਦੀ ਤਬਾਹੀ

*872. (ਸੀ.ਯੂ.) ਸਰਦਾਰ ਨਿਰਮਲ ਸਿੰਘ : ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਪਟਿਆਲਾ ਦੇ ਬਲਾਕ ਸਮਾਣਾ ਵਿੱਚ ਪੈਂਦੇ ਪਿੰਡ ਗੁਰਦਿੱਤਪੁਰਾ ਬੀੜ ਵਿਖੇ ਆਵਾਰਾ ਪਸ਼ੂਆਂ ਦੁਆਰਾ ਫਸਲਾਂ ਦੀ ਕੀਤੀ ਜਾਂਦੀ ਤਬਾਹੀ ਨੂੰ ਰੋਕਣ ਲਈ ਕੀ ਕਦਮ ਚੁੱਕੇ ਗਏ ਹਨ/ਚੁੱਕੇ ਜਾਣੇ ਹਨ ?

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਲਜ਼ਾਰ ਸਿੰਘ ਰਣੀਕੇ : ਸੂਚਨਾ ਅਨੁਲੱਗ 'ੳ' ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ।

ਅਨੁਲੱਗ 'ੳ'

ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਕਲਾਜ਼ 11-ਐਫ., ਧਾਰਾ 30, ਚੈਪਟਰ 3 ਅਨੁਸਾਰ ਪਿੰਡਾਂ ਵਿੱਚ ਅਵਾਰਾ ਪਸ਼ੂਆਂ ਨੂੰ ਕਾਬੂ ਕਰਨ ਦਾ ਕੰਮ ਪੰਚਾਇਤਾਂ ਦਾ ਹੈ। ਸ਼ਹਿਰਾਂ ਅਤੇ ਕਸਬਿਆਂ ਵਿੱਚ ਇਸ ਸਮੱਸਿਆ ਦਾ ਹੱਲ ਕਰਨ ਦਾ ਕੰਮ ਲੋਕਲ ਬਾਡੀਜ਼ ਦਾ ਹੈ।

ਫਿਰ ਵੀ ਪਸ਼ੂ ਪਾਲਣ ਵਿਭਾਗ ਕੋਲ ਪਟਿਆਲਾ ਵਿੱਖੇ ਇੱਕ ਕੈਟਲ ਕੈਚਿੰਗ ਪਾਰਟੀ ਬਣਾਈ ਗਈ ਹੈ ਜੋ ਕਿ ਸੂਚਨਾ ਮਿਲਣ ਤੇ ਆਵਾਰਾ ਪਸ਼ੂਆਂ ਨੂੰ ਫੜ ਕੇ ਉਹਨਾਂ ਨੂੰ ਗਊਸ਼ਾਲਾਵਾਂ ਵਿੱਚ ਛੱਡ ਦਿੰਦੀ ਹੈ। ਸਮਾਣਾ ਬਲਾਕ ਦੇ ਗੁਰਦਿੱਤਪੁਰਾ ਪਿੰਡ ਦੇ ਬੀੜ ਵਿੱਚ ਆਵਾਰਾ ਪਸ਼ੂਆਂ ਦੁਆਰਾ ਫਸਲਾਂ ਦੇ ਨੁਕਸਾਨ ਬਾਰੇ ਕਿਸੇ ਵੀ ਸੱਜਣ ਨੇ ਵਿਭਾਗ ਦੀ ਕੈਟਲ ਕੈਚਿੰਗ ਪਾਰਟੀ ਨੂੰ ਸੂਚਨਾ ਨਹੀਂ ਦਿੱਤੀ। ਸੂਚਨਾ ਮਿਲਣ ਤੋਂ ਬਾਅਦ ਹੀ ਇਹ ਪਾਰਟੀ ਆਵਾਰਾ ਪਸ਼ੂਆਂ ਨੂੰ ਪਕੜ ਕੇ ਗਊਸ਼ਾਲਾਵਾਂ ਵਿੱਚ ਛੱਡਣ ਦਾ ਕੰਮ ਕਰ ਸਕਦੀ ਹੈ।

---

ਝੰਬੋਵਾਲੀ ਚੋਅ ਦੀ ਸਫਾਈ

*873. (ਸੀ.ਯੂ.) ਸਰਦਾਰ ਨਿਰਮਲ ਸਿੰਘ : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਾਤੜਾਂ ਮੰਡੀ ਨੇੜੇ ਝੰਬੋਵਾਲੀ ਚੋਅ ਨਾਲੇ ਦੀ ਸਫਾਈ ਕਰਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਹਾਂ ਜੀ, ਝੰਬੋਵਾਲੀ ਚੋਅ ਦੀ ਪਾਤੜਾਂ ਮੰਡੀ ਨੇੜੇ ਸਫਾਈ ਕਰਾਉਣ ਦੀ ਤਜਵੀਜ਼ ਹੈ। ਡਰੇਨ ਦੀ ਸਫਾਈ ਦਾ ਕੰਮ ਮੌਨਸੂਨ, 2009 ਤੋਂ ਪਹਿਲਾਂ-ਪਹਿਲਾਂ ਕਰਵਾਇਆ ਜਾਵੇਗਾ ਬਸ਼ਰਤੇ ਕਿ ਵਿੱਤ ਵਿਭਾਗ ਵਲੋਂ ਇਨ੍ਹਾਂ ਕੰਮਾਂ ਲਈ ਲੋੜੀਂਦੇ ਫੰਡ ਮੁੱਹਈਆ ਕਰਵਾਏ ਜਾਣ।

---

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 879 (ਸੀ.ਯੂ.)**

---

ਪਸਵਕ ਕਮੇਟੀਆਂ ਦਾ ਗਠਨ

*880. (ਸੀ.ਯੂ.) ਡਾਕਟਰ ਦਲਬੀਰ ਸਿੰਘ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਕੂਲਾਂ ਵਿਚ ਪਸਵਕ ਕਮੇਟੀਆਂ ਗਠਿਤ ਕਰਨ ਦਾ ਅਧਿਕਾਰ ਕਿਨ੍ਹਾਂ ਵਿਅਕਤੀਆਂ ਨੂੰ ਹੈ ਅਤੇ ਉਕਤ ਕਮੇਟੀਆਂ ਦੇ ਅਧਿਕਾਰ ਕੀ ਹਨ ?

**For Starred Question No.879 (C.U.) and reply thereto, please *see* Appendix to this Annexure.

Original with;
Punjab Vidhan Sabha
Digitized by;
Panjab Digital Library

**ਡਾਕਟਰ ਉਪਿੰਦਰਜੀਤ ਕੌਰ** : (ੳ) ਪਸਵਕ ਕਮੇਟੀਆਂ ਨੂੰ ਗਠਤ ਕਰਨ ਦੇ ਅਧਿਕਾਰ ਜ਼ਿਲ੍ਹਾ ਸਿੱਖਿਆ ਅਫ਼ਸਰ (ਐ:ਸਿ:) ਪਾਸ ਹੈ। ਇਨ੍ਹਾਂ ਕਮੇਟੀਆਂ ਦੀ ਮਿਆਦ ਤਿੰਨ ਸਾਲ ਹੁੰਦੀ ਹੈ। ਪਸਵਕ ਕਮੇਟੀਆਂ ਦੇ ਹੇਠ ਲਿਖੇ ਅੱਠ ਮੈਂਬਰ ਹੁੰਦੇ ਹਨ :—

- ਮੁੱਖ ਅਧਿਆਪਕ (ਅਹੁਦੇ ਕਾਰਨ) : ਸਕੱਤਰ
- ਪੰਚਾਇਤ ਦੇ ਦੋ ਮੈਂਬਰ (ਇੱਕ ਇਸਤਰੀ ਮੈਂਬਰ ਜ਼ਰੂਰੀ) : ਮੈਂਬਰ
- ਪੀ.ਟੀ.ਏ. ਦੇ ਦੋ ਮੈਂਬਰ (ਇੱਕ ਇਸਤਰੀ ਮੈਂਬਰ ਜ਼ਰੂਰੀ) : ਮੈਂਬਰ
- ਸਾਬਕਾ ਫ਼ੌਜੀ : ਮੈਂਬਰ
- ਸਿੱਖਿਆ ਵਿਭਾਗ ਪੰਜਾਬ ਦਾ ਸੇਵਾ ਮੁਕਤ ਅਧਿਆਪਕ : ਮੈਂਬਰ
- ਦਾਨੀ ਸੱਜਣ ਜਾਂ ਪਰਵਾਸੀ ਭਾਰਤੀ : ਮੈਂਬਰ

ਚੇਅਰਮੈਨ ਦੀ ਚੋਣ ਮੈਂਬਰ ਬਹੁਮਤ ਨਾਲ ਕਰਦੇ ਹਨ ਜਿਸ ਵਿੱਚ ਮੁੱਖ ਅਧਿਆਪਕ ਬਤੌਰ ਮੈਂਬਰ ਭਾਗ ਨਹੀਂ ਲੈਂਦਾ।

(ਅ) ਅਧਿਕਾਰ

ਸਕੂਲ ਦੀ ਉਸਾਰੀ, ਬਿਹਤਰੀ ਅਤੇ ਸਿੱਖਿਆ ਦਾ ਮਿਆਰ ਵਧਾਉਣ ਲਈ ਨਵੀਆਂ ਸਕੀਮਾਂ ਤੇ ਵਿਚਾਰ ਕਰਨਾ, ਸਕੂਲ ਲਈ ਮੰਜ਼ੂਰ ਹੋਏ ਪ੍ਰੋਜੈਕਟਾਂ ਅਤੇ ਖਰਚ ਸਬੰਧੀ ਪਿੰਡ ਵਾਸੀਆਂ ਨੂੰ ਸੂਚਨਾ ਦੇਣੀ, ਉਸਾਰੀ ਦੀ ਯੋਜਨਾ ਬਣਾਉਣੀ, ਉਸਾਰੀ ਅਧੀਨ ਕੰਮਾਂ ਦੀ ਪ੍ਰਗਤੀ ਦੀ ਸਮੀਖਿਆ ਕਰਨਾ, ਸਕੂਲ ਦੀ ਹਰ ਕਿਸਮ ਦੀ ਉਸਾਰੀ ਤੇ ਪੜ੍ਹਾਈ ਸਬੰਧੀ ਸਥਾਨਕ ਸਮੱਸਿਆ ਦਾ ਹੱਲ ਕਰਨਾ ਅਤੇ ਸਕੂਲ ਨਾ ਜਾਣ ਵਾਲੇ ਬੱਚਿਆਂ/ਮਜ਼ਦੂਰੀ ਕਰ ਰਹੇ ਬੱਚਿਆਂ ਦੇ ਮਾਂ-ਬਾਪ ਅਤੇ ਉਨ੍ਹਾਂ ਤੋਂ ਕੰਮ ਕਰਵਾ ਰਹੇ ਮਾਲਕਾਂ ਨੂੰ ਪ੍ਰੇਰਿਤ ਕਰਕੇ ਅਜਿਹੇ ਬੱਚਿਆਂ ਨੂੰ ਸਕੂਲ ਨਾਲ ਜੋੜਨਾ ਹੈ।

2. ਪਸਵਕ ਕਮੇਟੀਆਂ ਨੂੰ 15 ਲੱਖ ਰੁਪਏ ਤੱਕ ਸਰਵ ਸਿੱਖਿਆ ਅਭਿਆਨ ਅਧੀਨ ਦਿੱਤੇ ਗਏ ਫ਼ੰਡਾਂ ਵਿੱਚੋਂ ਕੰਮਕਾਰ ਲਈ ਖ਼ਰਚ ਕਰਨ ਦੇ ਅਧਿਕਾਰ ਹਨ।

---

## ਵਿਸਥਾਪਿਤ ਲੋਕਾਂ ਲਈ ਸਹੂਲਤਾਂ

*882. (ਸੀ.ਯੂ.) **ਸ੍ਰੀ ਦਿਨੇਸ਼ ਸਿੰਘ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਣਜੀਤ ਸਾਗਰ ਡੈਮ ਦੀ ਉਸਾਰੀ ਸਮੇਂ ਉਜਾੜੇ ਗਏ ਪਿੰਡਾਂ ਦੇ ਲੋਕਾਂ ਨੂੰ ਸਰਕਾਰ ਦੁਆਰਾ ਸਹੂਲਤਾਂ ਦੇਣ ਦਾ ਕੋਈ ਵਚਨ ਦਿੱਤਾ ਗਿਆ ਸੀ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ;

(ਅ) ਉਨ੍ਹਾਂ ਲੋਕਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਉਪਰੋਕਤ ਭਾਗ (ੳ) ਵਿਚ ਵਰਣਿਤ ਸਹੂਲਤਾਂ ਹੁਣ ਤਕ ਦੇ ਦਿੱਤੀਆਂ ਗਈਆਂ ਹਨ ਅਤੇ ਬਾਕੀ ਰਹਿੰਦੇ ਲੋਕਾਂ ਨੂੰ ਉਕਤ ਸਹੂਲਤਾਂ ਕਦੋਂ ਤਕ ਦਿੱਤੇ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਜਨਮੇਜਾ ਸਿੰਘ ਸੇਖੋਂ** : (ੳ) ਰਣਜੀਤ ਸਾਗਰ ਡੈਮ ਪ੍ਰੋਜੈਕਟ ਦੀ ਉਸਾਰੀ ਦੇ ਨਤੀਜੇ ਵਜੋਂ ਪ੍ਰਭਾਵਿਤ ਤਿੰਨਾਂ ਪ੍ਰਦੇਸ਼ਾਂ ਜਿਵੇਂ ਕਿ ਪੰਜਾਬ, ਜੰਮੂ ਅਤੇ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੇ ਉਜੜੇ ਪਰਿਵਾਰਾਂ ਨੂੰ ਮੁੜ ਵਸਾਉਣ ਲਈ ਇਕ ਮੁੜ ਵਸਾਊ ਅਤੇ ਮੁੜ ਸੰਸਥਾਪਨ ਪਾਲਿਸੀ ਤਿਆਰ ਕੀਤੀ ਗਈ। ਰਾਜ ਸਰਕਾਰ ਦੀ ਪਾਲਿਸੀ ਅਤੇ ਮੁਆਵਜ਼ੇ ਦਾ ਵਿਸਥਾਰ ਨਾਲ ਨੱਥੀ ਪੱਤਰ ਨੰ: **645-657/DC/R&R/Pb/93 ਮਿਤੀ 8 ਨਵੰਬਰ, 1993, ਪੱਤਰ ਨੰ: 619-630/DC/R&R/Pb/93 ਮਿਤੀ 8 ਨਵੰਬਰ, 1993 ਅਤੇ ਪੱਤਰ ਨੰ: 539/RSDC ਮਿਤੀ 13 ਅਕਤੂਬਰ, 1998 ਵਿੱਚ ਦਰਜ ਹੈ।

(ਅ) ਪ੍ਰੋਜੈਕਟ ਲਈ ਐਕਵਾਇਰ ਕੀਤੀ ਗਈ ਜ਼ਮੀਨ ਦਾ ਮੁਆਵਜ਼ਾ ਸਾਰੇ ਮਾਲਕਾਂ ਨੂੰ ਦੇ ਦਿੱਤਾ ਗਿਆ ਹੈ। ਵਾਜਿਬ 1395 ਪਰਿਵਾਰਾਂ ਨੂੰ ਨੌਕਰੀਆਂ ਦੇ ਦਿੱਤੀਆਂ ਗਈਆਂ ਹਨ ਜਦੋਂ ਕਿ 634 ਪਰਿਵਾਰਾਂ ਨੂੰ ਅਜੇ ਨੌਕਰੀਆਂ ਦੇਣੀਆਂ ਹਨ। 364.76 ਲੱਖ ਰੁਪਏ ਮੁੜ ਵਸਾਊ ਅਤੇ ਮੁੜ ਸੰਸਥਾਪਨ (ਆਰ ਅਤੇ ਆਰ) ਗ੍ਰਾਂਟ ਵਜੋਂ 1259 ਪਰਿਵਾਰਾਂ ਨੂੰ ਵੰਡ ਦਿੱਤੇ ਗਏ ਹਨ ਜਦੋਂ ਕਿ 271.24 ਲੱਖ ਰੁਪਏ 870 ਪਰਿਵਾਰਾਂ ਨੂੰ ਵੰਡਣੇ ਬਾਕੀ ਹਨ ਜੋ ਕਿ ਮਹਿਕਮੇ ਨੇ ਸਬੰਧਤ ਕੁਲੈਕਟਰ ਕੋਲ ਜਮ੍ਹਾਂ ਕਰਵਾ ਦਿੱਤੇ ਹਨ। ਪੈਂਡਿੰਗ ਨੌਕਰੀਆਂ ਅਤੇ ਆਰ ਅਤੇ ਆਰ ਦੇ ਮਸਲੇ ਹੱਲ ਕਰਨ ਲਈ ਅਤੇ ਇਸ ਨੂੰ ਯਕੀਨੀ ਬਣਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ।

---

## ਮੈਡੀਕਲ ਕਾਲਜ, ਜਲੰਧਰ ਨੂੰ ਚਾਲੂ ਕਰਨਾ

***885. (ਸੀ.ਸੂ.) ਸਰਦਾਰ ਜਗਬੀਰ ਸਿੰਘ ਬਰਾੜ** : ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਾਰਾਦਰੀ, ਜਲੰਧਰ ਵਿਖੇ ਸਥਿਤ ਮੈਡੀਕਲ ਕਾਲਜ ਦੀ ਇਮਾਰਤ ਦੀ ਉਸਾਰੀ ਮੁਕੰਮਲ ਹੋ ਚੁੱਕੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਦੋਂ ਤਕ ਚਾਲੂ ਹੋਣ ਦੀ ਸੰਭਾਵਨਾ ਹੈ ?

**ਸ਼੍ਰੀ ਤਿਕਸ਼ਨ ਸੂਦ** : ਬਾਰਾਦਰੀ, ਜਲੰਧਰ ਵਿਖੇ ਸਥਿਤ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼, ਜਲੰਧਰ ਵਿਖੇ ਮੈਡੀਕਲ ਕਾਲਜ ਦੀ ਇਮਾਰਤ ਦੀ ਉਸਾਰੀ ਦਾ ਕੰਮ 96% ਪੂਰਾ ਹੋ ਚੁੱਕਾ ਹੈ। ਇਸ ਇੰਸਟੀਚਿਊਟ ਨੂੰ ਚਲਾਉਣ ਲਈ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀ.ਪੀ.ਪੀ.) ਮੋਡ ਰਾਹੀਂ ਪੰਜਾਬ ਇਨਫਰਾਸਟਰਕਚਰ ਡਿਵੈਲਪਮੈਂਟ ਬੋਰਡ (ਪੀ.ਆਈ.ਡੀ.ਬੀ.) ਨੇ ਐਨ.ਆਰ.ਆਈ. ਅਕਾਡਮੀ ਆਫ ਸਾਇੰਸਜ਼ ਅਤੇ ਹੋਰਾਂ ਦੇ ਸਮੂਹ ਦੀ ਇੱਕ ਕੰਪਨੀ ਨੂੰ ਨੋਟਿਸ ਆਫ ਅਵਾਰਡ ਜਾਰੀ ਕਰ ਦਿੱਤਾ ਗਿਆ ਹੈ ਅਤੇ ਸਮੂਹ ਵੱਲੋਂ ਮਨਜ਼ੂਰ ਵੀ ਕਰ ਲਿਆ ਗਿਆ ਹੈ। ਇਸ ਸਮੂਹ ਵੱਲੋਂ ਮੈਡੀਕਲ ਕਾਲਜ ਹਸਪਤਾਲ ਨੂੰ ਨੋਟਿਸ ਆਫ ਅਵਾਰਡ ਦੀ ਕੰਪਲਾਇੰਸ ਦੀ ਮਿਤੀ ਤੋਂ 8 ਮਹੀਨੇ ਦੇ ਸਮੇਂ ਅੰਦਰ ਆਰੰਭ ਕਰਨਾ ਹੈ ਅਤੇ ਐਮ.ਬੀ.ਬੀ.ਐਸ. ਕੋਰਸ ਦੇ ਦਾਖਲੇ ਵਿੱਦਿਅਕ ਸਾਲ 2010 ਤੋਂ ਚਾਲੂ ਹੋਣੇ ਹਨ।

---

**Placed in the Revisor's Branch.

Original with;
Punjab Vidhan Sabha
Digitized by;
Panjab Digital Library

## ਨਹਿਰਾਂ/ਰਜਬਾਹਿਆਂ ਨੂੰ ਪੱਕਾ ਕਰਨਾ

***886. (ਸੀ.ਯੂ.) ਸਰਦਾਰ ਜਗਬੀਰ ਸਿੰਘ ਬਰਾੜ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਜਲੰਧਰ ਵਿਚ ਪੈਂਦੀਆਂ ਨਹਿਰਾਂ/ਰਜਬਾਹਿਆਂ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਹਾਂ ਜੀ, ਜਲੰਧਰ ਜ਼ਿਲ੍ਹੇ ਵਿੱਚ ਪੈਂਦੀਆਂ ਕੁਝ ਨਹਿਰਾਂ/ਰਜਬਾਹਿਆਂ ਦੀ ਬਰਿਕ ਸਾਈਡ ਲਾਈਨਿੰਗ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

ਬਰਿਕ ਸਾਈਡ ਲਾਇਨਿੰਗ ਕਰਨ ਵਾਲੀਆਂ ਵਿਚਾਰ ਅਧੀਨ ਨਹਿਰਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

1. ਜਲੰਧਰ ਡਿਸਟ੍ਰਿਬਿਊਟਰੀ ।
2. ਆਦਮਪੁਰ ਡਿਸਟ੍ਰਿਬਿਊਟਰੀ ।
3. ਜੰਡੂਸਿੰਘਾ ਡਿਸਟ੍ਰਿਬਿਊਟਰੀ ।
4. ਫਿਲੌਰ ਡਿਸਟ੍ਰਿਬਿਊਟਰੀ ।
5. ਗੋਰਾਇਆਂ ਡਿਸਟ੍ਰਿਬਿਊਟਰੀ ।
6. ਲਸਾੜਾ ਡਿਸਟ੍ਰਿਬਿਊਟਰੀ ।
7. ਅਪਰਾ ਡਿਸਟ੍ਰਿਬਿਊਟਰੀ ।

---

## ਘੱਗਰ ਬੰਨ੍ਹ ਨੂੰ ਚੌੜਾ ਕਰਨਾ

***893. (ਸੀ.ਯੂ.) ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਸੰਗਰੂਰ ਵਿਚ ਮਕਰੌੜ ਸਾਹਿਬ ਤੋਂ ਕੜੈਲ ਤੱਕ ਘੱਗਰ ਦਰਿਆ ਦੇ ਨਾਲ-ਨਾਲ ਬੰਨ੍ਹ ਨੂੰ ਚੌੜਾ ਕਰਨ ਲਈ ਦੂਜੇ ਪੜਾਅ ਦੇ ਕੰਮ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਦਰਿਆ ਘੱਗਰ ਤੇ ਜ਼ਿਲ੍ਹਾ ਸੰਗਰੂਰ ਵਿੱਚ ਮਕਰੌੜ ਸਾਹਿਬ ਤੋਂ ਕੜੈਲ ਤਕ ਦੋਵੇਂ ਪਾਸੇ ਬੰਨ੍ਹਾਂ ਦੀ ਉਸਾਰੀ ਅਤੇ ਚੌੜਾ ਕਰਨ ਦੀ ਤਜਵੀਜ਼ ਨੂੰ ਘੱਗਰ ਸਟੈਂਡਿੰਗ ਕਮੇਟੀ ਦੀ 21ਵੀਂ ਮੀਟਿੰਗ ਵਿੱਚ ਮਿਤੀ 21 ਜਨਵਰੀ, 2009 ਨੂੰ ਵਿਚਾਰਿਆ ਗਿਆ ਸੀ। ਪੰਜਾਬ, ਹਰਿਆਣਾ ਅਤੇ ਰਾਜਸਥਾਨ ਇਸ ਕਮੇਟੀ ਦੇ ਮੈਂਬਰ ਹਨ। ਹਰਿਆਣਾ ਨੇ ਬਿਨਾ ਕਿਸੇ ਤਕਨੀਕੀ ਮੂਲ ਕਾਰਨ ਤੋਂ ਇਸ ਤਜਵੀਜ਼ ਨਾਲ ਆਪਣੀ ਸਹਿਮਤੀ ਨਹੀਂ ਪ੍ਰਗਟਾਈ। ਘੱਗਰ ਸਟੈਂਡਿੰਗ ਕਮੇਟੀ ਦੀ 21ਵੀਂ ਮੀਟਿੰਗ ਦੇ ਫੈਸਲੇ ਮੁਤਾਬਿਕ ਇਕ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ ਦੁਬਾਰਾ ਕੇਂਦਰੀ ਜਲ ਕਮਿਸ਼ਨ ਨੂੰ ਭੇਜੀ ਗਈ ਹੈ। ਕੇਂਦਰੀ ਜਲ ਕਮਿਸ਼ਨ ਅਤੇ ਘੱਗਰ ਸਟੈਂਡਿੰਗ ਕਮੇਟੀ ਦੀ ਕਲੀਅਰੈਂਸ ਤੋਂ ਬਾਅਦ ਹੀ ਇਸ ਪ੍ਰੋਜੈਕਟ ਦਾ ਕੰਮ ਸ਼ੁਰੂ ਕੀਤਾ ਜਾ ਸਕੇਗਾ।

---

Original with;
Punjab Vidhan Sabha
Digitized by;
Panjab Digital Library

## ਟਿਊਬਵੈੱਲ ਬੋਰ ਲਗਾਉਣ ਲਈ ਮੁਆਵਜ਼ਾ

*894. (ਸੀ.ਯੂ.) ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਾਲ 2005-06 ਵਿਚ ਸਰਕਾਰ ਦੁਆਰਾ ਜ਼ਿਲ੍ਹਾ ਸੰਗਰੂਰ ਵਿਚ ਪਿੰਡ ਖਨੌਰੀ ਵਿਚ ਘੱਗਰ ਦਰਿਆ ਦੇ ਨਾਲ-ਨਾਲ ਪ੍ਰਾਪਤ ਕੀਤੀ ਜ਼ਮੀਨ ਵਿਚ ਲਗਾਏ ਗਏ ਟਿਊਬਵੈੱਲ ਬੋਰਾਂ ਦੇ ਮਾਲਕਾਂ ਨੂੰ ਕੋਈ ਮੁਆਵਜ਼ਾ ਅਦਾ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਉਪਰੋਕਤ ਹਰੇਕ "ਬੋਰ" ਲਈ ਕਿੰਨੀ ਰਾਸ਼ੀ ਅਦਾ ਕੀਤੀ ਗਈ ਹੈ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਸ਼੍ਰੀਮਾਨ ਜੀ, ਸਾਲ 2005-06 ਵਿਚ ਪਿੰਡ ਖਨੌਰੀ ਡਿਸਟ੍ਰਿਕ ਸੰਗਰੂਰ ਲਈ ਕੋਈ ਜ਼ਮੀਨ ਐਕਵਾਇਰ ਨਹੀਂ ਕੀਤੀ ਗਈ ਸੀ। ਫਿਰ ਵੀ ਘੱਗਰ ਦਰਿਆ ਦੇ ਕਿਨਾਰਿਆਂ ਦੀ ਉਸਾਰੀ ਲਈ 2006-07 ਵਿਚ ਪਿੰਡ ਖਨੌਰੀ, ਡਿਸਟ੍ਰਿਕਟ ਸੰਗਰੂਰ ਵਿਚ ਜ਼ਮੀਨ ਐਕਵਾਇਰ ਕੀਤੀ ਗਈ ਸੀ। ਇਸ ਜ਼ਮੀਨ ਤੇ ਟਿਊਬਵੈੱਲ ਦਾ ਮੁਆਵਜ਼ਾ ਭੌਂ ਪ੍ਰਾਪਤੀ ਅਫਸਰ, ਮੂਨਕ ਵੱਲੋਂ ਅਜੇ ਤੱਕ ਨਹੀਂ ਦਿੱਤਾ ਗਿਆ। ਵਿਭਾਗ ਵੱਲੋਂ ਭੌਂ ਪ੍ਰਾਪਤੀ ਅਫਸਰ ਨੂੰ 1449403.00 ਦੀ ਲੋੜੀਂਦੀ ਰਾਸ਼ੀ ਜਮ੍ਹਾਂ ਕਰਵਾ ਦਿੱਤੀ ਹੈ। ਟਿਊਬਵੈੱਲ ਮਾਲਕਾਂ ਦਾ ਵੇਰਵਾ ਨਾਲ ਨੱਥੀ ਹੈ ਜੀ।

ਘੱਗਰ ਦਰਿਆ ਨੂੰ ਚੌੜਾ ਕਰਨ ਲਈ ਅਤੇ ਇਸ ਦੀ ਸਮਰਥਾ ਵਧਾਉਣ ਲਈ ਘੱਗਰ ਦਰਿਆ ਦੇ ਦੋਵੇਂ ਪਾਸੇ ਬੰਧ ਉਸਾਰਨ ਲਈ ਪ੍ਰਾਪਤ ਕੀਤੀ ਗਈ ਭੂਮੀ ਦੀ ਸਟਰਿਪ ਵਿਚ ਆਉਂਦੇ ਬੋਰ, ਸਬਮਰਸੀਬਲ ਪੰਪਾਂ ਅਤੇ ਜ਼ਮੀਨ ਦੋਜ਼ ਪਾਇਪਾਂ ਬੁਰਜੀ 58000—131628 ਤੱਕ ਦੀ ਅਦਾਇਗੀ ਕਰਨ ਲਈ।

| ਲੜੀ ਨੰ: | | ਮਾਲਕ ਦਾ ਨਾਂ ਅਤੇ ਪਤਾ | ਰਕਮ (ਰੁ: ਵਿਚ) |
|---|---|---|---|
| 1 | R/S | ਭਜਨ ਸਿੰਘ, ਗੁਰਮੁੱਖ ਸਿੰਘ, ਅਜਮੇਰ ਸਿੰਘ, ਦਲੇਰ ਸਿੰਘ, ਪੁਤਰਾਨ ਇੰਦਰ ਸਿੰਘ, ਪਿੰਡ ਮੰਡਵੀ | 5375 |
| 2 | R/S | ਹਰਨੇਕ ਸਿੰਘ, ਪੁੱਤਰ ਸਾਧੂ ਸਿੰਘ ਪਿੰਡ ਮੰਡਵੀ | 4300 |
| 3 | R/S | ਰਾਜਵਿੰਦਰ ਸਿੰਘ, ਪੁੱਤਰ ਜਰਨੈਲ ਸਿੰਘ ਪਿੰਡ ਮੰਡਵੀ | 51727 |
| 4 | R/S | ਅਮਰ ਸਿੰਘ, ਪੁੱਤਰ ਬੂਟਾ ਸਿੰਘ ਪਿੰਡ ਮੰਡਵੀ | 6450 |
| 5 | R/S | ਸਿੰਦਰ ਸਿੰਘ, ਪੁੱਤਰ ਮੰਗਲ ਸਿੰਘ ਪਿੰਡ ਮੰਡਵੀ | 4730 |
| 6 | R/S | ਗੁਰਦੀਪ ਸਿੰਘ, ਪੁੱਤਰ ਗੋਪਾਲ ਸਿੰਘ ਪਿੰਡ ਮੰਡਵੀ | 49912 |
| 7 | L/S | ਜਸਬੀਰ ਸਿੰਘ, ਪੁੱਤਰ ਸਾਧਾ ਸਿੰਘ ਪਿੰਡ ਮੰਡਵੀ | 54450 |
| 8 | L/S | ਕੁੰਦਨ ਲਾਲ, ਪੁੱਤਰ ਮੁਨਸ਼ੀ ਰਾਮ ਪਿੰਡ ਮੰਡਵੀ | 4300 |
| 9 | R/S | ਬੋਤਾ ਰਾਮ, ਪੁੱਤਰ ਹਜੂਰਾ ਰਾਮ ਪਿੰਡ ਚਾਂਦੂ | 6020 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | | ਮਾਲਕ ਦਾ ਨਾਂ ਅਤੇ ਪਤਾ | ਰਕਮ (ਰੁ: ਵਿਚ) |
|---|---|---|---|
| 10 | R/S | ਮੁਨਸ਼ੀ ਰਾਮ ਪੁੱਤਰ ਹਜ਼ੂਰਾ ਰਾਮ ਪਿੰਡ ਚਾਂਦੂ | 6020 |
| 11 | R/S | ਗ਼ਰੀਬ ਦਾਸ ਪੁੱਤਰ ਹਜ਼ੂਰਾ ਰਾਮ ਪਿੰਡ ਚਾਂਦੂ | 6020 |
| 12 | R/S | ਸੂਬਾ ਰਾਮ ਪੁੱਤਰ ਹਜ਼ੂਰਾ ਰਾਮ ਪਿੰਡ ਚਾਂਦੂ | 35100 |
| 13 | R/S | ਸੂਬਾ ਰਾਮ ਪੁੱਤਰ ਹਜ਼ੂਰਾ ਰਾਮ ਪਿੰਡ ਚਾਂਦੂ | 11071 |
| 14 | R/S | ਜੋਗਾ ਸਿੰਘ, ਪੁੱਤਰ ਸ਼੍ਰੀ ਮੁਖਤਿਆਰ ਸਿੰਘ ਪਿੰਡ ਚਾਂਦੂ ਵਾਸੀ ਮੰਡਵੀ | 6020 |
| 15 | R/S | ਮਹਿੰਗਾ ਸਿੰਘ, ਪੁੱਤਰ ਸੌਣ ਸਿੰਘ ਪਿੰਡ ਚਾਂਦੂ ਵਾਸੀ ਮੰਡਵੀ | 6020 |
| 16 | R/S | ਜੀਤ ਸਿੰਘ, ਪੁੱਤਰ ਫੌਜਾ ਸਿੰਘ ਪਿੰਡ ਮੰਡਵੀ | 40950 |
| 17 | R/S | ਸੀਸ਼ਨ ਸਿੰਘ, ਪੁੱਤਰ ਬੂਟਾ ਸਿੰਘ ਪਿੰਡ ਮੰਡਵੀ | 40950 |
| 18 | R/S | ਬੋਹੜ ਸਿੰਘ, ਪੁੱਤਰ ਬਸਨ ਸਿੰਘ ਪਿੰਡ ਮੰਡਵੀ | 6020 |
| 19 | R/S | ਬੋਹੜ ਸਿੰਘ, ਪੁੱਤਰ ਬਸਨ ਸਿੰਘ ਪਿੰਡ ਮੰਡਵੀ | 40950 |
| 20 | R/S | ਜਸਵੰਤ ਸਿੰਘ, ਪੁੱਤਰ ਵਧਾਵਾ ਸਿੰਘ ਪਿੰਡ ਮੰਡਵੀ | 40950 |
| 21 | R/S | ਗੁਰਮੀਤ ਸਿੰਘ, ਪੁੱਤਰ ਅਜੀਤ ਸਿੰਘ ਪਿੰਡ ਮੰਡਵੀ | 5590 |
| 22 | R/S | ਅਜੀਤ ਸਿੰਘ, ਪੁੱਤਰ ਮੋਹਰ ਸਿੰਘ ਪਿੰਡ ਮੰਡਵੀ | 4300 |
| 23 | R/S | ਦਲੀਪ ਸਿੰਘ, ਪੁੱਤਰ ਮੋਹਰ ਸਿੰਘ ਪਿੰਡ ਮੰਡਵੀ | 4730 |
| 24 | R/S | ਗੁਰਮੀਤ ਸਿੰਘ, ਪੁੱਤਰ ਸ਼ੇਰ ਸਿੰਘ ਪਿੰਡ ਮੰਡਵੀ | 4300 |
| 25 | R/S | ਸਿੰਦਰ ਸਿੰਘ, ਪੁੱਤਰ ਮੋਹਰ ਸਿੰਘ ਪਿੰਡ ਮੰਡਵੀ | 4300 |
| 26 | R/S | ਮਲਕੀਤ ਸਿੰਘ, ਪੁੱਤਰ ਰਵੇਲ ਸਿੰਘ, ਪੁੱਤਰ ਨਿਰੰਜਨ ਸਿੰਘ ਪਿੰਡ ਮੰਡਵੀ | 6020 |
| 27 | R/S | ਮਲਕੀਤ ਸਿੰਘ, ਪੁੱਤਰ ਰਵੇਲ ਸਿੰਘ, ਪੁੱਤਰ ਨਿਰੰਜਨ ਸਿੰਘ ਪਿੰਡ ਮੰਡਵੀ | 44460 |
| 28 | R/S | ਅਜੀਤ ਸਿੰਘ, ਪੁੱਤਰ ਦਪੀਲ ਸਿੰਘ ਪਿੰਡ ਮੰਡਵੀ | 40950 |
| 29 | R/S | ਅਤਰ ਸਿੰਘ, ਪੁੱਤਰ ਮੰਗਲ ਸਿੰਘ ਪਿੰਡ ਮੰਡਵੀ | 40950 |
| 30 | R/S | ਰਘਬੀਰ ਸਿੰਘ, ਪੁੱਤਰ ਲਾਭ ਸਿੰਘ ਪਿੰਡ ਮੰਡਵੀ | 40950 |
| 31 | R/S | ਪ੍ਰੀਤਮ ਸਿੰਘ, ਪੁੱਤਰ ਲਾਭ ਸਿੰਘ ਪਿੰਡ ਮੰਡਵੀ | 40950 |

Original with;
Punjab Vidhan Sabha
Digitized by;
Panjab Digital Library

[ਸਿੰਚਾਈ ਮੰਤਰੀ]

| ਲੜੀ ਨੰ: | | ਮਾਲਕ ਦਾ ਨਾਂ ਅਤੇ ਪਤਾ | ਰਕਮ (ਰੁ: ਵਿਚ) |
|---|---|---|---|
| 32 | R/S | ਰਾਜਵਿੰਦਰ ਸਿੰਘ, ਪੁੱਤਰ ਅਮਰੀਕ ਸਿੰਘ ਪਿੰਡ ਮੰਡਵੀ | 5590 |
| 33 | R/S | ਰਾਜਵਿੰਦਰ ਸਿੰਘ, ਪੁੱਤਰ ਅਮਰੀਕ ਸਿੰਘ ਪਿੰਡ ਮੰਡਵੀ | 40950 |
| 34 | R/S | ਰਘਬੀਰ ਸਿੰਘ, ਪੁੱਤਰ ਗੰਗਾ ਸਿੰਘ ਪਿੰਡ ਮੰਡਵੀ | 6020 |
| 35 | R/S | ਗੁਰਮੀਤ ਸਿੰਘ, ਪੁੱਤਰ ਫੌਜਾ ਸਿੰਘ, ਪੁੱਤਰ ਗੰਗਾ ਸਿੰਘ ਪਿੰਡ ਮੰਡਵੀ | 40950 |
| 36 | L/S | ਦਰਸ਼ਨ ਸਿੰਘ, ਪੁੱਤਰ ਸਾਹੀ ਚੰਦ ਪਿੰਡ ਚਾਂਦੂ | 6020 |
| 37 | L/S | ਗੁਰਦੀਪ ਸਿੰਘ ਸ਼ੇਰ ਮੰਡਵੀ ਫਿਲਿੰਗ ਸਟੇਸ਼ਨ ਪਿੰਡ ਮੰਡਵੀ | 47553 |
| 38 | L/S | ਨਿਰਮਲ ਸਿੰਘ, ਪੁੱਤਰ ਗੁਰਬੱਚਨ ਸਿੰਘ ਪਿੰਡ ਮੰਡਵੀ | 10750 |
| 39 | R/S | ਗ੍ਰਾਂਮ ਪੰਚਾਇਤ ਪਿੰਡ ਚਾਂਦੂ | 8600 |
| 40 | L/S | ਸੁੱਖਾ ਸਿੰਘ, ਪੁੱਤਰ ਸੁਲਖਣ ਸਿੰਘ ਪਿੰਡ ਬੇੜੀ | 49725 |
| 41 | L/S | ਸੁੱਖਾ ਸਿੰਘ, ਪੁੱਤਰ ਸੁਲਖਣ ਸਿੰਘ ਪਿੰਡ ਬੇੜੀ | 13750 |
| | | ਜੋੜ | 894743 |
| 42 | L/S | ਜੋਗਿੰਦਰ ਸਿੰਘ, ਪੁੱਤਰ ਸੁਲੱਖਣ ਸਿੰਘ ਪਿੰਡ ਸਾਹਪੁਰ ਬੇੜੀ | 14300 |
| 43 | L/S | ਨਰਿੰਦਰ ਸਿੰਘ, ਪੁੱਤਰ ਕੇਹਰ ਸਿੰਘ ਪਿੰਡ ਸਾਹਪੁਰ ਬੇੜੀ | 49725 |
| 44 | L/S | ਬੂਟਾ ਸਿੰਘ, ਪੁੱਤਰ ਭਗਵਾਨ ਸਿੰਘ ਪਿੰਡ ਸਾਹਪੁਰ ਬੇੜੀ | 11000 |
| 45 | L/S | ਗੁਰਚਰਨ ਸਿੰਘ, ਪੁੱਤਰ ਕੇਹਰ ਸਿੰਘ ਪਿੰਡ ਸਾਹਪੁਰ ਬੇੜੀ | 11000 |
| 46 | L/S | ਮਨਜੀਤ ਕੌਰ, ਪਤਨੀ ਬਲਵਿੰਦਰ ਸਿੰਘ ਪਿੰਡ ਸਾਹਪੁਰ ਬੇੜੀ | 10450 |
| 47 | L/S | ਮਨਜੀਤ ਸਿੰਘ, ਪੁੱਤਰ ਬਲਕਾਰ ਸਿੰਘ ਪਿੰਡ ਸਾਹਪੁਰ ਬੇੜੀ | 49725 |
| 48 | R/S | ਹਰਦੇਵ ਸਿੰਘ, ਪੁੱਤਰ ਕਰਪਾਲ ਸਿੰਘ ਪਿੰਡ ਸਾਹਪੁਰ ਬੇੜੀ | 16500 |
| 49 | R/S | ਹਰਦੇਵ ਸਿੰਘ, ਪੁੱਤਰ ਕਰਪਾਲ ਸਿੰਘ ਪਿੰਡ ਸਾਹਪੁਰ ਬੇੜੀ | 17875 |
| 50 | | ਸਿਕੰਦਰ ਰਾਮ, ਪੁੱਤਰ ਲੇਖਾ ਰਾਮ ਪਿੰਡ ਬੇੜੀ | 16500 |
| 51 | | ਸਰਦਾਰ ਸਿੰਘ, ਪੁੱਤਰ ਕਪੂਰ ਸਿੰਘ ਪਿੰਡ ਬੇੜੀ | 15950 |
| 52 | | ਸਰਦਾਰ ਸਿੰਘ, ਪੁੱਤਰ ਕਪੂਰ ਸਿੰਘ ਪਿੰਡ ਬੇੜੀ | 49725 |
| 53 | | ਨਿਰੰਜਨ ਸਿੰਘ, ਪੁੱਤਰ ਬੁਧ ਰਾਮ ਪਿੰਡ ਖਨੌਰੀ | 43875 |
| 54 | | ਸੰਤੋਖ ਸਿੰਘ, ਪੁੱਤਰ ਪਿਆਰਾ ਪਿੰਡ ਬਨਾਰਸੀ | 9250 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਮਾਲਕ ਦਾ ਨਾਂ ਅਤੇ ਪਤਾ | ਰਕਮ (ਰੁ: ਵਿਚ) |
|---|---|---|
| 55 | ਪਿਆਰਾ ਸਿੰਘ, ਪੁੱਤਰ ਸੰਤ ਰਾਮ ਪਿੰਡ ਬਨਾਰਸੀ | 8850 |
| 56 | ਰਣਧੀਰ ਸਿੰਘ (ਸੀਹਾ), ਪੁੱਤਰ ਬੀਰੂ ਰਾਮ ਪਿੰਡ ਬਾਊਪੁਰ | 9250 |
| 57 | ਮਹਿੰਦਰ ਸਿੰਘ, ਪੁੱਤਰ ਬੀਰੂ ਰਾਮ ਪਿੰਡ ਬਾਊਪੁਰ | 11000 |
| 58 | ਮਾਮੂ, ਪੁੱਤਰ ਬੀਰੂ ਰਾਮ ਪਿੰਡ ਬਾਊਪੁਰ | 43875 |
| 59 | ਰਛਪਾਲ ਸਿੰਘ, ਪੁੱਤਰ ਛਤਰ ਸਿੰਘ ਪਿੰਡ ਹੋਤੀਪੁਰ | 43875 |
| 60 | ਸੁਖਦੇਵ ਸਿੰਘ, ਪੁੱਤਰ ਦਰਬਾਰਾ ਸਿੰਘ ਪਿੰਡ ਹੋਤੀਪੁਰ | 32760 |
| 61 | ਬਲਵਿੰਦਰ ਸਿੰਘ, ਪੁੱਤਰ ਪਿਆਰਾ ਸਿੰਘ ਪਿੰਡ ਨਵਾਗਾਓਂ | 32175 |
| 62 | ਕਸ਼ਮੀਰ ਸਿੰਘ, ਪੁੱਤਰ ਚੈਨ ਸਿੰਘ ਪਿੰਡ ਨਵਾਗਾਉਂ | 29250 |
| 63 | ਗੁਰਦੀਪ ਸਿੰਘ, ਪੁੱਤਰ ਅਵਤਾਰ ਸਿੰਘ ਪਿੰਡ ਹੋਤੀਪੁਰ | 9250 |
| 64 | ਗੁਰਬਚਨ ਸਿੰਘ, ਪੁੱਤਰ ਰਾਮ ਸਿੰਘ ਪਿੰਡ ਬਨਾਰਸੀ | 9250 |
| 65 | ਮਿਲਖੀ ਰਾਮ, ਪੁੱਤਰ ਰਾਮ ਚੰਦਰ ਪਿੰਡ ਬਨਾਰਸੀ | 9250 |
| | ਜੋੜ : | 1449403 |

## ਸਬ-ਤਹਿਸੀਲ ਬੰਗਾ ਨੂੰ ਅਪ-ਗ੍ਰੇਡ ਕਰਨਾ

*896. (ਸੀ.ਯੂ.) ਚੌਧਰੀ ਮੋਹਨ ਲਾਲ : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਬ-ਤਹਿਸੀਲ ਬੰਗਾਂ ਨੂੰ ਸਬ-ਡਵੀਜ਼ਨ ਵਜੋਂ ਅਪ-ਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਅਜੀਤ ਸਿੰਘ ਕੋਹਾੜ** : ਨਹੀਂ ਜੀ।।

## ਤਾਰਪੁਰ ਸੜਕ ਦੀ ਮੁਰੰਮਤ

*897. (ਸੀ.ਯੂ.) ਚੌਧਰੀ ਮੋਹਨ ਲਾਲ : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬੰਗਾ-ਗੁਣਾਚੌਰ ਸੜਕ ਤੋਂ ਨਿਕਲਦੀ ਤਾਰਪੁਰ ਸੜਕ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਸੁੱਚਾ ਸਿੰਘ ਲੰਗਾਹ** : ਨਹੀਂ ਜੀ।

Original with;
Punjab Vidhan Sabha
Digitized by;
Panjab Digital Library

## ਕੱਟੜੀਆਂ ਮਾਈਨਰ ਨੂੰ ਵਧਾਉਣਾ

*899. (ਸੀ.ਯੂ.) ਚੌਂਧਰੀ ਮੋਹਨ ਲਾਲ : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਿਸਤ ਦੋਆਬ ਨਹਿਰ ਤੋਂ ਨਿਕਲਦੀ ਚੇਤਾ ਤੱਕ ਕੱਟੜੀਆਂ ਮਾਈਨਰ ਨੂੰ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਬਿਸਤ ਦੁਆਬ ਨਹਿਰ ਤੋਂ ਨਿਕਲਦੀ ਕੰਗਰੋੜ ਮਾਈਨਰ (ਕੱਟੜੀਆਂ ਮਾਈਨਰ) ਪਿੰਡ ਚੇਤਾ ਤੱਕ ਪਹਿਲਾਂ ਹੀ ਮਨਜ਼ੂਰ ਹੈ। ਪਿੰਡ ਕੱਟੜੀਆਂ ਤੋਂ ਪਿੰਡ ਚੇਤਾ ਤੱਕ ਇਹ ਨਹਿਰ ਬੰਦ ਪਈ ਹੈ ਅਤੇ ਮੌਕੇ ਤੇ ਮੌਜੂਦ ਨਹੀਂ ਹੈ। ਹੁਣ ਟੇਲ ਦੇ ਪਿੰਡ ਚੇਤਾ ਦੀ ਪਾਣੀ ਦੀ ਮੰਗ ਹੋਣ ਕਰਕੇ ਨਹਿਰ ਨੂੰ ਪਿੰਡ ਕੱਟੜੀਆਂ ਤੋਂ ਪਿੰਡ ਚੇਤਾ ਤੱਕ ਵਿੱਤ ਵਿਭਾਗ ਤੋਂ ਫੰਡਜ਼ ਉਪਲਬੱਧ ਹੋਣ ਤੇ ਬਨਾਉਣ ਦੀ ਤਜਵੀਜ਼ ਹੈ।

---

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 900 (ਸੀ.ਯੂ.)**

---

## ਆਈ.ਟੀ.ਆਈ. ਸੂੰਢ ਤੇ ਕੀਤਾ ਗਿਆ ਖਰਚ

*901. (ਸੀ.ਯੂ.) ਚੌਂਧਰੀ ਮੋਹਨ ਲਾਲ : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਦੋ ਸਾਲਾਂ ਦੇ ਸਮੇਂ ਦੌਰਾਨ ਆਈ.ਟੀ.ਆਈ. ਸੂੰਢ, ਜ਼ਿਲ੍ਹਾ ਨਵਾਂ ਸ਼ਹਿਰ ਤੇ ਕਿੰਨਾ ਖਰਚ ਕੀਤਾ ਗਿਆ ਹੈ ?

ਸ਼੍ਰੀ ਸਵਰਨਾ ਰਾਮ : ਪਿਛਲੇ ਦੋ ਸਾਲਾਂ ਵਿੱਚ ਆਈ.ਟੀ.ਆਈ. ਸੂੰਢ, ਜ਼ਿਲ੍ਹਾ ਨਵਾਂ ਸ਼ਹਿਰ ਵਿਖੇ ਕੁੱਲ 33.20 ਲੱਖ ਰੁਪਏ ਖਰਚ ਕੀਤੇ ਗਏ ਹਨ।

---

## ਝੱਖੋਵਾੜੀ ਵਿਖੇ ਰੇਲਵੇ ਓਵਰ ਬ੍ਰਿਜ ਦੀ ਉਸਾਰੀ

*902. (ਸੀ.ਯੂ.) ਸ਼੍ਰੀ ਬਿਸ਼ੰਬਰ ਦਾਸ : ਕੀ ਲੋਕ ਕਾਰਜ (ਭਵਨ ਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੰਮ੍ਰਿਤਸਰ-ਪਠਾਨਕੋਟ ਸੜਕ ਤੇ ਪਿੰਡ ਝੱਖੋਵਾੜੀ ਵਿਖੇ ਰੇਲਵੇ ਓਵਰ-ਬ੍ਰਿਜ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਉਸਾਰੀ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਹਾਂ ਜੀ। ਰੇਲਵੇ ਓਵਰ ਬ੍ਰਿਜ ਬਣਾਉਣ ਦੀ ਇੱਕ ਤਜਵੀਜ਼ ਭਾਰਤੀ ਕੌਮੀ ਮਾਰਗ ਅਥਾਰਿਟੀ ਦੇ ਵਿਚਾਰ ਅਧੀਨ ਹੈ। ਸਮੇਂ ਬਾਰੇ ਪੰਜਾਬ ਸਰਕਾਰ ਕੁਝ ਨਹੀਂ ਦੱਸ ਸਕਦੀ।

---

**For Starred Question No. 900 (C.U.) and reply thereto, please *see* Appendix to this Annexure.

Original with;
Punjab Vidhan Sabha
Digitized by;
Panjab Digital Library

## ਨੌਮਨੀ ਨਾਲੇ ਦੀ ਸਫ਼ਾਈ

*905. (ਸੀ.ਯੂ.) ਸ਼੍ਰੀ ਬਿਸ਼ੰਬਰ ਦਾਸ : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਰੋਟ ਮਹਿਰਾ ਵਿਧਾਨ ਸਭਾ ਚੋਣ ਹਲਕੇ ਵਿਚ ਪੈਂਦੀ ਕਾਸ਼ਤਯੋਗ ਜ਼ਮੀਨ ਦੀ ਸਿੰਜਾਈ ਦੀ ਸਮੱਸਿਆ ਨਾਲ ਨਜਿੱਠਣ ਲਈ ਨੌਮਨੀ ਨਾਲੇ ਅਤੇ ਪਾਣੀ ਦੇ ਖਾਲਿਆਂ ਦੀ ਸਫਾਈ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਸ਼੍ਰੀਮਾਨ ਜੀ, ਇਸ ਸਮੇਂ ਨੌਮਨੀ ਨਾਲੇ ਦੀ ਸਫਾਈ ਕਰਨ ਦੀ ਕੋਈ ਵੱਖਰੀ ਤਜਵੀਜ਼ ਨਹੀਂ ਹੈ। ਸਿੰਜਾਈ ਵਿਭਾਗ ਵੱਲੋਂ ਨੌਮਨੀ ਨਾਲੇ ਦੀ ਸਫਾਈ ਲਈ 57.46 ਕਰੋੜ ਰੁਪਏ ਦੀ ਸਕੀਮ ਤਿਆਰ ਕੀਤੀ ਹੈ, ਇਹ ਸਕੀਮ ਮਨੀਸਟਰੀ ਆਫ ਵਾਟਰ ਰਿਸੋਰਸਿਜ, ਭਾਰਤ ਸਰਕਾਰ ਨੂੰ ਫਲੱਡ ਮੈਨੇਜਮੈਂਟ ਪ੍ਰੋਗਰਾਮ ਅਧੀਨ ਫੰਡਾਂ ਦੀ ਪ੍ਰਵਾਨਗੀ ਲਈ ਭੇਜੀ ਜਾ ਰਹੀ ਹੈ।

## ਜਲਾਲੀਆਂ ਦਰਿਆ ਦੇ ਵਹਾਉ ਨੂੰ ਨਿਯੰਤ੍ਰਿਤ ਕਰਨਾ

*906. (ਸੀ.ਯੂ.) ਸ਼੍ਰੀ ਬਿਸ਼ੰਬਰ ਦਾਸ : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਮਿਆਲ, ਅਨਿਆਲ, ਮੁੱਠੀ ਅਤੇ ਚੱਕ ਅਮੀਰ ਪਿੰਡਾਂ ਦੀ ਜ਼ਮੀਨ ਦੀ ਸਿੰਜਾਈ ਕਰਨ ਲਈ ਜਲਾਲੀਆਂ ਦਰਿਆਂ ਦੇ ਵਹਾਉ ਨੂੰ ਨਿਯੰਤ੍ਰਿਤ ਕਰਨ ਲਈ ਹਾਈਡਲ ਪ੍ਰਾਜੈਕਟ ਸਥਾਪਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਨਹੀਂ ਜੀ।

---

## ਜਲੰਧਰ ਵਿਖੇ ਸੰਜੇ ਗਾਂਧੀ ਨਗਰ ਅਤੇ ਕ੍ਰਿਸ਼ਨਾ ਨਗਰ ਦੇ ਵਸਨੀਕਾਂ ਲਈ ਮਾਲਕੀ ਹੱਕ

*907. (ਸੀ.ਯੂ.) ਸ਼੍ਰੀ ਕੇ.ਡੀ. ਭੰਡਾਰੀ : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਲੰਧਰ ਵਿਖੇ ਸੰਜੇ ਗਾਂਧੀ ਨਗਰ ਅਤੇ ਕ੍ਰਿਸ਼ਨਾ ਨਗਰ ਦੇ ਵਸਨੀਕਾਂ ਨੂੰ ਮਾਲਕੀ ਹੱਕ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਮਨੋਰੰਜਨ ਕਾਲੀਆ : ਸ਼੍ਰੀਮਾਨ ਜੀ, ਇਸ ਸਬੰਧੀ ਮਾਮਲਾ ਅਦਾਲਤ ਵਿੱਚ ਪੈਂਡਿੰਗ ਹੈ।

---

Original with;
Punjab Vidhan Sabha
Digitized by;
Panjab Digital Library

## ਬਿਸਤ ਦੁਆਬ ਨਹਿਰ ਉਪਰ ਪੁਲਾਂ ਤੇ ਸੁਰੱਖਿਅਤ ਜੰਗਲੇ ਲਗਾਉਣਾ

***910. (ਸੀ.ਯੂ.) ਸਰਦਾਰ ਸਰਬਜੀਤ ਸਿੰਘ ਮੱਕੜ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਉਕਤ ਲਾਂਘਿਆਂ ਤੇ ਬਾਰ-ਬਾਰ ਵਾਪਰਦੀਆਂ ਦੁਰਘਟਨਾਵਾਂ ਦੇ ਹਾਦਸਿਆਂ ਨੂੰ ਰੋਕਣ ਲਈ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਜਲੰਧਰ ਵਿਚੋਂ ਲੰਘਦੀ ਬਿਸਤ ਦੁਆਬ ਨਹਿਰ ਉਪਰ ਬਣਾਏ ਲਾਂਘਿਆਂ ਦੇ ਨਾਲ-ਨਾਲ ਸੁਰੱਖਿਅਤ ਜੰਗਲੇ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਨਹਿਰ ਦੇ ਕਿਨਾਰਿਆਂ ਨਾਲ ਜੰਗਲਿਆਂ ਨੂੰ ਲਗਾਉਣ ਤੋਂ ਇਲਾਵਾ, ਨਹਿਰ ਦੇ ਕਿਨਾਰਿਆਂ ਨਾਲ ਲਗਾਏ ਜੰਗਲਿਆਂ ਰਹਿਤ ਅਤੇ ਵਿੰਗੇ ਆਊਟਲੈਟਸ ਨੂੰ ਸਿੱਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਜਨਮੇਜਾ ਸਿੰਘ ਸੇਖੋਂ :** (ੳ) ਨਹੀਂ ਜੀ, ਜ਼ਿਲ੍ਹਾ ਜਲੰਧਰ ਅਤੇ ਹੁਸ਼ਿਆਰਪੁਰ ਵਿੱਚ ਲੰਘਦੀ ਬਿਸਤ ਦੁਆਬ ਨਹਿਰਾਂ ਤੇ ਬਣੇ ਪੁਲਾਂ ਤੇ ਸੁਰਖਿੱਅਤ ਜੰਗਲੇ ਲਗਾਉਣ ਦਾ ਕੰਮ ਲੋਕ ਨਿਰਮਾਣ ਵਿਭਾਗ ਅਤੇ ਪੰਜਾਬ ਮੰਡੀ ਬੋਰਡ ਵੱਲੋਂ ਕੀਤਾ ਜਾਣਾ ਹੈ। ਇਸ ਅਨੁਸਾਰ ਉਹਨਾਂ ਨਾਲ ਮਾਮਲਾ ਟੇਕਅੱਪ ਕੀਤਾ ਜਾ ਚੁੱਕਾ ਹੈ।

(ਅ) ਬਿਸਤ ਦੁਆਬ ਨਹਿਰ ਤੇ ਬਣੇ ਟੇਢੇ ਪੁਲਾਂ ਦੇ ਰੈਂਪਾਂ ਨੂੰ ਮਜ਼ਬੂਤ ਕਰਨ ਦੀ ਕੋਈ ਤਜਵੀਜ਼ ਸਿੰਚਾਈ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ। ਇਨ੍ਹਾਂ ਪੁਲਾਂ ਤੇ ਬਣੇ ਪੈਰਾਪਿਟਸ ਨੂੰ ਲੋਕ ਨਿਰਮਾਣ ਵਿਭਾਗ ਅਤੇ ਪੰਜਾਬ ਮੰਡੀ ਬੋਰਡ ਵੱਲੋਂ ਠੀਕ ਕਰਵਾਇਆ ਜਾਣਾ ਹੈ।

---

## ਗੰਦੇ ਪਾਣੀ ਦੀ ਨਿਕਾਸੀ

***911. (ਸੀ.ਯੂ.) ਸਰਦਾਰ ਸਰਬਜੀਤ ਸਿੰਘ ਮੱਕੜ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਗੰਦੇ ਪਾਣੀ ਦੀ ਨਿਕਾਸੀ ਕਰਨ ਲਈ ਨਗਰ ਕੌਂਸਲ, ਭੋਗਪੁਰ ਦੁਆਰਾ ਕੀਤੇ ਜਾ ਰਹੇ ਉਪਬੰਧਾਂ ਦੇ ਵੇਰਵੇ ਕੀ ਹਨ ?

**ਸ਼੍ਰੀ ਮਨੋਰੰਜਨ ਕਾਲੀਆ :** ਅਜੇ ਭੋਗਪੁਰ ਕਸਬੇ ਵਿੱਚ ਕੋਈ ਸੀਵਰ ਨਹੀਂ ਹੈ। ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵਲੋਂ ਸੀਵਰੇਜ ਸਕੀਮ ਲਈ 17.20 ਕਰੋੜ ਰੁਪਏ ਲਾਗਤ ਦਾ ਤਖਮੀਨਾ ਤਿਆਰ ਕਰਕੇ ਨਗਰ ਕੌਂਸਲ, ਭੋਗਪੁਰ ਨੂੰ ਮਿਤੀ 11 ਅਪ੍ਰੈਲ, 2008 ਨੂੰ ਫੰਡਜ਼ ਜਮ੍ਹਾਂ ਕਰਾਉਣ ਲਈ ਭੇਜਿਆ ਗਿਆ ਹੈ ਪ੍ਰੰਤੂ ਕੋਈ ਫੰਡਜ਼ ਉਪਲਬਧ ਨਹੀਂ ਕਰਵਾਏ ਗਏ।

---

Original with;
Punjab Vidhan Sabha
Digitized by;
Panjab Digital Library

## ਕਬਜ਼ੇਦਾਰਾਂ ਨੂੰ ਨਜ਼ੂਲ ਜ਼ਮੀਨ ਦੀ ਅਲਾਟਮੈਂਟ

***916. (ਸੀ.ਯੂ.) (1) ਸਰਦਾਰ ਸੋਹਣ ਸਿੰਘ ਠੰਡਲ**
**(2) ਸਰਦਾਰ ਇੰਦਰਬੀਰ ਸਿੰਘ ਬੁਲਾਰੀਆ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਗਰੀਬ ਪਰਿਵਾਰ, ਜਿਨ੍ਹਾਂ ਨੇ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਲੰਮੇ ਸਮੇਂ ਤੋਂ ਕਥਿਤ ਜ਼ਮੀਨ ਤੇ ਕਬਜ਼ਾ ਕੀਤਾ ਹੋਇਆ ਹੈ, ਨੂੰ ਪੱਕੇ ਤੌਰ ਤੇ ਨਜ਼ੂਲ ਜ਼ਮੀਨ ਅਲਾਟ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਮਨੋਰੰਜਨ ਕਾਲੀਆ** : ਨਹੀਂ ਜੀ।

---

## ਪੰਜਾਬ ਅਨੁਸੂਚਿਤ ਜਾਤੀਆਂ ਭੌਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਲਈ ਫੰਡ

***920. (ਸੀ.ਯੂ.) ਸਰਦਾਰ ਸੋਹਣ ਸਿੰਘ ਠੰਡਲ** : ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਸਾਲ 2007-08 ਅਤੇ 2008-09 ਦੌਰਾਨ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਭੌਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੁਆਰਾ ਵੱਖ-ਵੱਖ ਸਕੀਮਾਂ ਲਈ ਵੱਖੋ-ਵੱਖਰੇ ਕਿੰਨੇ ਫੰਡ ਮਖਸੂਸ ਕੀਤੇ ਗਏ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕਾਰਪੋਰੇਸ਼ਨ ਦੀਆਂ ਵੱਖ-ਵੱਖ ਸਕੀਮਾਂ ਅਧੀਨ ਪ੍ਰਾਪਤ ਕੀਤੀਆਂ ਗਈਆਂ ਅਰਜ਼ੀਆਂ ਦੀ ਗਿਣਤੀ ਕਿੰਨੀ ਹੈ ਅਤੇ ਹੁਣ ਤੱਕ ਨਿਪਟਾਏ ਗਏ ਕੇਸਾਂ ਦੀ ਗਿਣਤੀ ਕਿੰਨੀ ਹੈ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਕੇਸਾਂ ਵਿੱਚ ਪੈਂਡਿੰਗ ਪਏ ਕੇਸਾਂ ਨੂੰ ਨਾ ਨਿਪਟਾਉਣ ਦੇ ਕਾਰਣ ਕੀ ਹਨ ?

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : (ੳ) ਸਾਲ 2007-08 ਅਤੇ 2008-09 ਦੌਰਾਨ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਦੁਆਰਾ ਵੱਖ-ਵੱਖ ਸਕੀਮਾਂ ਲਈ ਮਖਸੂਸ ਕੀਤੇ ਫੰਡਜ਼ ਹੇਠ ਲਿਖੇ ਅਨੁਸਾਰ ਹਨ :—

| | 2007-08 | 2008-09 |
|---|---|---|
| 1. ਸ਼ੇਅਰ ਕੈਪੀਟਲ ਫੰਡਜ਼ | 586.00 ਲੱਖ | 490.00 ਲੱਖ |
| 2. ਕੈਪੀਟਲ ਸਬਸਿਡੀ ਅੰਡਰ ਬੈਂਕ ਟਾਈ ਅਪ ਲੋਨਿੰਗ ਪ੍ਰੋਗਰਾਮ | 1000.00 ਲੱਖ | 885.74 ਲੱਖ |
| 3. ਸਪੈਸ਼ਲ ਸੈਂਟਰਲ ਅਸਿਸਟੈਂਸ ਫਾਰ ਸਬਸਿਡੀ ਅੰਡਰ ਨੈਸ਼ਨਲ ਕਾਰਪੋਰੇਸ਼ਨ ਸਕੀਮਜ਼ | 26.00 ਲੱਖ | 35.97 ਲੱਖ (ਬਜਟ ਉਪਬੰਧ ਸੋਧ ਕੇ ਸਰਕਾਰ ਵੱਲੋਂ ਨਿਲ ਕਰ ਦਿੱਤਾ ਗਿਆ ਹੈ।) |

Original with;
Punjab Vidhan Sabha
Digitized by;
Panjab Digital Library

[ਭਲਾਈ ਮੰਤਰੀ]

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕਾਰਪੋਰੇਸ਼ਨ ਦੀਆਂ ਵੱਖ-ਵੱਖ ਸਕੀਮਾਂ ਅਧੀਨ ਪ੍ਰਾਪਤ ਅਰਜੀਆਂ ਅਤੇ ਨਿਪਟਾਏ ਗਏ ਕੇਸਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:—

| | 2007-08 | 2008-09 |
|---|---|---|
| ਪ੍ਰਾਪਤ ਅਰਜ਼ੀਆਂ | 8611 | 4501 |
| ਨਿਪਟਾਰੇ ਗਏ ਕੇਸਾਂ ਦੀ ਗਿਣਤੀ | 7242 | 3987 |

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਕੇਸਾਂ ਨੂੰ ਨਾ ਨਿਪਟਾਉਣ ਦੇ ਕਾਰਣ ਹੇਠ ਲਿਖੇ ਅਨੁਸਾਰ ਹਨ :—

1. ਜ਼ਿਲ੍ਹਾ ਪੱਧਰ ਤੇ ਐਡੀਸ਼ਨਲ ਡਿਪਟੀ ਕਮਿਸ਼ਨਰ (ਵਿਕਾਸ) ਦੀ ਪ੍ਰਧਾਨਗੀ ਹੇਠ ਕਰਜ਼ਾ ਕੇਸਾਂ ਦੀ ਮਨਜ਼ੂਰੀ ਬਾਰੇ ਸਿਫਾਰਸ਼ ਕਰਨ ਲਈ ਬਣੀਆਂ ਸਕਰੀਨਿੰਗ ਕਮੇਟੀਆਂ ਦੀ ਸਮੇਂ ਸਿਰ ਮੀਟਿੰਗ ਨਾ ਹੋਣ ਕਾਰਣ ਦੇਰੀ ਹੁੰਦੀ ਹੈ ਅਤੇ ਅਰਜੀਆਂ ਲੰਬਿਤ ਰਹਿ ਜਾਂਦੀਆਂ ਹਨ।

2. ਅਰਜ਼ੀਆਂ ਸਾਲ ਭਰ ਲਗਾਤਾਰ ਆਉਂਦੀਆਂ ਰਹਿੰਦੀਆਂ ਹਨ। ਮਨਜ਼ੂਰੀ ਉਪਰੰਤ ਕਈ ਵਾਰ ਬਿਨੈਕਾਰ ਵੱਲੋਂ ਆਡ ਰਹਿਣ ਨਾਮਾ ਕਰਵਾਉਣ ਅਤੇ ਹੋਰ ਲੋੜੀਂਦੇ ਕਾਗਜ਼ਾਤ ਪੂਰੇ ਕਰਨ ਅਤੇ ਇਤਰਾਜ ਪੂਰੇ ਕਰਨ ਵਿੱਚ ਸਮਾਂ ਲੱਗ ਜਾਂਦਾ ਹੈ। ਇਸ ਲਈ ਅਰਜੀਆਂ ਲੰਬਿਤ ਰਹਿ ਜਾਂਦੀਆਂ ਹਨ ਜਿਨ੍ਹਾਂ ਦਾ ਨਿਪਟਾਰਾ ਅਗਲੇ ਸਾਲ ਵਿੱਚ ਹੋ ਜਾਂਦਾ ਹੈ।

---

## ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਕਿਤਾਬਾਂ ਦੀ ਸਪਲਾਈ

***921. (ਸੀ.ਯੂ.) ਸਰਦਾਰ ਸੋਹਣ ਸਿੰਘ ਠੰਡਲ** : ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਅਕਾਦਮਿਕ ਸਾਲ ਸ਼ੁਰੂ ਹੋਣ ਤੋਂ ਪਹਿਲਾਂ ਅਨੁਸੂਚਿਤ ਜਾਤੀਆਂ ਦੀ ਸ਼੍ਰੇਣੀ ਨਾਲ ਸਬੰਧਤ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੂੰ ਕਿਸ ਮਿਤੀ ਤੱਕ ਕਿਤਾਬਾਂ ਸਪਲਾਈ ਕੀਤੀਆਂ ਜਾਣੀਆਂ ਲੋੜੀਂਦੀਆਂ ਹਨ;

(ਅ) ਕੀ ਅਕਾਦਮਿਕ ਸਾਲ 2007-08 ਅਤੇ 2008-09 ਦੌਰਾਨ ਭਾਗ (ੳ) ਵਿੱਚ ਵਰਣਿਤ ਕਿਤਾਬਾਂ ਵਿਦਿਆਰਥੀਆਂ ਨੂੰ ਸਮੇਂ ਸਿਰ ਸਪਲਾਈ ਕਰ ਦਿੱਤੀਆਂ ਗਈਆਂ ਸਨ, ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : (ੳ) ਪੰਜਾਬ ਸਰਕਾਰ, ਭਲਾਈ ਵਿਭਾਗ ਦੀ ਮੁਫਤ ਪਾਠ-ਪੁਸਤਕਾਂ ਦੀ ਸਪਲਾਈ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਪਹਿਲੀ ਤੋਂ ਦਸਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪਾਠ-ਪੁਸਤਕਾਂ ਦੀ ਸਪਲਾਈ ਪ੍ਰਾਪਤ ਕਰਕੇ ਵਿਦਿਅਕ ਸੈਸ਼ਨ ਸ਼ੁਰੂ ਹੋਣ ਤੋਂ 15 ਦਿਨਾਂ ਦੇ ਵਿੱਚ ਮੁਫਤ ਪਾਠ-ਪੁਸਤਕਾਂ ਮੁਹੱਈਆ ਕਰਵਾਈਆਂ ਜਾਣੀਆਂ ਹੁੰਦੀਆਂ ਹਨ;

(ਅ) ਅਕਾਦਮਿਕ ਸਾਲ 2007-08 ਵਿੱਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਸਮੇਂ ਸਿਰ ਪਾਠ-ਪੁਸਤਕਾਂ ਮੁਹੱਈਆ ਕਰਵਾ ਦਿੱਤੀਆਂ ਗਈਆਂ ਸਨ। ਅਕਾਦਮਿਕ ਸੈਸ਼ਨ 2008-09 ਦੌਰਾਨ ਜ਼ਿਆਦਾ ਵਿਸ਼ਿਆਂ ਦੀਆਂ ਕਿਤਾਬਾਂ ਸਮੇਂ ਸਿਰ ਸਪਲਾਈ ਕਰ ਦਿੱਤੀਆਂ ਗਈਆਂ ਸਨ ਪ੍ਰੰਤੂ ਕੁਝ ਵਿਸ਼ਿਆਂ ਦੀਆਂ ਕਿਤਾਬਾਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਮੇਂ ਸਿਰ ਸਪਲਾਈ ਨਾ ਕਰਨ ਕਰਕੇ ਲੇਟ ਸਪਲਾਈ ਕੀਤੀਆਂ ਗਈਆਂ ਸਨ।

---

## ਕਾਸ਼ਤਕਾਰਾਂ/ਕਿਸਾਨਾਂ ਨੂੰ ਸਰਕਾਰੀ ਜ਼ਮੀਨ ਦੀ ਅਲਾਟਮੈਂਟ

***922. (ਸੀ.ਯੂ.) ਸਰਦਾਰ ਚਰਨਜੀਤ ਸਿੰਘ ਚੰਨੀ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਜ਼ਿਲ੍ਹਾ ਰੋਪੜ ਵਿਚ ਕਿਸਾਨਾਂ ਦੁਆਰਾ ਲੰਬੇ ਸਮੇਂ ਤੋਂ ਸਰਕਾਰੀ ਜ਼ਮੀਨ ਦਾ ਕੁੱਲ ਕਿੰਨਾ ਖੇਤਰ ਕਾਸ਼ਤ ਕੀਤਾ ਜਾ ਰਿਹਾ ਹੈ;

(ਅ) ਕੀ ਉਪਰੋਕਤ ਜ਼ਮੀਨ ਨੂੰ ਕਾਸ਼ਤਕਾਰਾਂ/ਕਿਸਾਨਾਂ ਨੂੰ ਵਾਜਬ ਦਰਾਂ ਤੇ ਅਲਾਟ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਸਰਦਾਰ ਅਜੀਤ ਸਿੰਘ ਕੋਹਾੜ** : (ੳ) ਜ਼ਿਲ੍ਹਾ ਰੋਪੜ ਵਿੱਚ 2108 ਏਕੜ ਸਰਕਾਰੀ ਰਕਬਾ ਜੋ ਕਿ ਮਹਿਕਮਾ ਵਣ ਵਿਭਾਗ, ਨਹਿਰਾਂ/ਐਸ.ਵਾਈ.ਐਲ. ਅਤੇ ਪੇਂਡੂ ਨਿਕਾਸੀ ਭੌਂ ਨਾਲ ਸਬੰਧਤ ਹੈ, ਕਿਸਾਨਾਂ ਦੁਆਰਾ ਕਾਸ਼ਤ ਕੀਤਾ ਜਾ ਰਿਹਾ ਹੈ।

(ਅ) ਪੰਜਾਬ ਪੈਕਜ ਡੀਲ ਪ੍ਰਾਪਰਟੀਜ਼ ਐਕਟ, 1976 ਦੇ ਤਹਿਤ ਦਿਹਾਤੀ ਨਿਕਾਸੀ ਭੌਂ ਪੰਜਾਬ ਸਰਕਾਰ ਦੇ ਪੱਤਰ ਨੰਬਰ 14/1/2006-ਭ.ਮ.3/5624, ਮਿਤੀ 26 ਸਤੰਬਰ, 2007 ਰਾਹੀਂ ਨਿਪਟਾਰਾ ਕਰਨ ਲਈ ਜਾਰੀ ਕੀਤੀ ਗਈ ਹੈ। ਇਸ ਪਾਲਿਸੀ ਅਨੁਸਾਰ ਅਣ-ਅਧਿਕਾਰਤ ਕਾਬਜ਼ਕਾਰ ਜੋ ਖਰੀਫ਼ 2000 ਦੀ ਫਸਲ ਤੋਂ ਨਿਰੰਤਰ ਕਾਸ਼ਤ ਕਰ ਰਹੇ ਹਨ, ਉਨ੍ਹਾਂ ਅਣ-ਅਧਿਕਾਰਤ ਕਾਸ਼ਤਕਾਰਾਂ ਨੂੰ ਕਬਜ਼ੇ ਦੇ ਅਧਾਰ ਤੇ ਇਹ ਜ਼ਮੀਨ ਅਲਾਟ ਕੀਤੀ ਜਾਂਦੀ ਹੈ। ਸਰਕਾਰ ਨੇ ਯਾਦ ਪੱਤਰ ਨੰਬਰ 14/1/2006-ਭ.ਮ.3/785, ਮਿਤੀ 28 ਜਨਵਰੀ, 2009 ਰਾਹੀਂ ਜ਼ਮੀਨ ਦੀ ਅਲਾਟਮੈਂਟ ਕਰਨ ਲਈ ਬਿਨੈ-ਪੱਤਰ ਪੇਸ਼ ਕਰਨ ਦੀ ਮਿਆਦ ਵਿੱਚ ਮਿਤੀ 30 ਅਪ੍ਰੈਲ, 2009 ਤੱਕ ਵਾਧਾ ਕਰ ਦਿੱਤਾ ਹੈ ਅਤੇ ਇਸ ਮਿਤੀ ਤੱਕ ਅਣ-ਅਧਿਕਾਰਤ ਕਾਬਜ਼ਕਾਰ ਆਪਣੀਆਂ ਦਰਖਾਸਤਾਂ ਜ਼ਮੀਨ ਦੀ ਅਲਾਟਮੈਂਟ ਕਰਨ ਲਈ ਸਬੰਧਤ ਉੱਪ ਮੰਡਲ ਮੈਜਿਸਟ੍ਰੇਟ ਨੂੰ ਦੇ ਸਕਦੇ ਹਨ। ਡਿਪਟੀ ਕਮਿਸ਼ਨਰ, ਰੂਪਨਗਰ ਅਨੁਸਾਰ ਮਹਿਕਮਾ ਵਣ ਵਿਭਾਗ, ਐਸ.ਵਾਈ.ਐਲ. ਨਹਿਰਾਂ ਨੇ ਸਬੰਧਤ ਰਕਬੇ ਦੀ ਅਲਾਟਮੈਂਟ ਕਰਨ ਲਈ ਅਜੇ ਤੱਕ ਕੋਈ ਪਾਲਿਸੀ ਜਾਰੀ ਨਹੀਂ ਕੀਤੀ ਹੈ।

---

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 923 (ਸੀ.ਯੂ.)**

---

## ਚਮਕੌਰ ਸਾਹਿਬ ਵਿਧਾਨ ਸਭਾ ਚੋਣ ਹਲਕੇ ਵਿਚ ਸਰਕਾਰੀ ਕਾਲਜਾਂ ਦੀ ਗਿਣਤੀ

*924. (ਸੀ.ਯੂ.) ਸਰਦਾਰ ਚਰਨਜੀਤ ਸਿੰਘ ਚੰਨੀ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਚਮਕੌਰ ਸਾਹਿਬ ਵਿਧਾਨ ਸਭਾ ਚੋਣ ਹਲਕੇ ਵਿਚ ਸਰਕਾਰੀ ਕਾਲਜਾਂ ਦੀ ਗਿਣਤੀ ਕਿੰਨੀ ਹੈ ਅਤੇ ਚਮਕੌਰ ਸਾਹਿਬ ਵਿਖੇ ਨਵਾਂ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

ਡਾਕਟਰ ਉਪਿੰਦਰਜੀਤ ਕੌਰ : ਚਮਕੌਰ ਸਾਹਿਬ ਅਸੈਂਬਲੀ ਹਲਕੇ ਵਿੱਚ ਕੋਈ ਸਰਕਾਰੀ ਕਾਲਜ ਨਹੀਂ ਹੈ। ਚਮਕੌਰ ਸਾਹਿਬ ਵਿਖੇ ਨਵਾਂ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 925 (ਸੀ.ਯੂ.)**

---

## "ਪੰਜਾਬ ਨਿਰਮਾਣ ਯੋਜਨਾ" ਲਈ ਫੰਡ ਪ੍ਰਾਪਤ ਕਰਨਾ

*930. (ਸੀ.ਯੂ.) ਸਰਦਾਰ ਕੇਵਲ ਸਿੰਘ ਢਿੱਲੋਂ : ਕੀ ਵਿੱਤ ਅਤੇ ਯੋਜਨਾਬੰਦੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਨਿਰਮਾਣ ਯੋਜਨਾ ਲਈ ਕੇਂਦਰ ਸਰਕਾਰ ਤੋਂ ਕੁੱਲ ਕਿੰਨਾ ਫੰਡ ਪ੍ਰਾਪਤ ਹੋਇਆ ਅਤੇ ਇਸ ਦੀ ਵੰਡ ਦੇ ਕੀਤੇ ਗਏ ਜ਼ਿਲ੍ਹਾ-ਵਾਰ, ਪ੍ਰਾਜੈਕਟ-ਵਾਰ ਅਤੇ ਮਿਤੀ-ਵਾਰ ਵੇਰਵੇ ਕੀ ਹਨ ?

ਸਰਦਾਰ ਮਨਪ੍ਰੀਤ ਸਿੰਘ ਬਾਦਲ : ਸ਼੍ਰੀਮਾਨ ਜੀ, ਰਾਜ ਵਿਚ "ਪੰਜਾਬ ਨਿਰਮਾਣ ਯੋਜਨਾ" ਨਾਮ ਦਾ ਕੋਈ ਪ੍ਰੋਗਰਾਮ ਲਾਗੂ ਨਹੀਂ ਕੀਤਾ ਜਾ ਰਿਹਾ। ਹਾਂ, ਇੱਕ ਰਾਜ ਪੱਧਰੀ 'ਪੰਜਾਬ ਨਿਰਮਾਣ ਪ੍ਰੋਗਰਾਮ' ਹੈ ਜਿਸ ਅਧੀਨ ਕੇਂਦਰ ਸਰਕਾਰ ਵੱਲੋਂ ਕੋਈ ਵੀ ਫੰਡ ਪ੍ਰਾਪਤ ਨਹੀਂ ਹੁੰਦੇ।

## ਗੰਦੇ ਪਾਣੀ ਦੇ ਨਾਲੇ ਨੂੰ ਢੱਕਣਾ

*931. (ਸੀ.ਯੂ.) ਸਰਦਾਰ ਇੰਦਰਬੀਰ ਸਿੰਘ ਬੁਲਾਰੀਆ : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੰਮ੍ਰਿਤਸਰ ਸ਼ਹਿਰ ਵਿਚ ਖਜ਼ਾਨਾ ਗੇਟ ਤੋਂ ਬੰਗਲਾ ਬਸਤੀ-ਟੀ-ਪੁਆਇੰਟ ਤੱਕ ਗੰਦੇ ਪਾਣੀ ਦੇ ਨਾਲੇ ਨੂੰ ਢੱਕਣ ਜਾਂ ਉਚਿਤ ਤਰੀਕੇ ਨਾਲ ਪੂਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

---

**For Starred Question No. 923 (C.U.) and reply thereto, please *see* Appendix to this Annexure.

**For Starred Question No. 925 (C.U.) and reply thereto, please *see* Appendix to this Annexure.

Original with;
Punjab Vidhan Sabha
Digitized by;
Panjab Digital Library

ਸ਼੍ਰੀ ਮਨੋਰੰਜਨ ਕਾਲੀਆ : ਜੀ ਹਾਂ, ਨਗਰ ਨਿਗਮ, ਅੰਮ੍ਰਿਤਸਰ ਦੀ ਹਦੂਦ ਅੰਦਰ ਆਉਂਦੇ ਸਾਰੇ ਨਾਲਿਆਂ ਨੂੰ ਕਵਰ ਕਰਨ ਦੀ ਤਜਵੀਜ਼ ਹੈ। ਇਸ ਸਬੰਧੀ ਹਾਊਸ ਨੇ ਪਹਿਲਾਂ ਹੀ ਮਤਾ ਨੰ: ਐਸ.ਈ. (ਓ ਐਂਡ ਐਮ)/28, ਮਿਤੀ 21 ਜੁਲਾਈ, 2008 ਪ੍ਰਵਾਨ ਕੀਤਾ ਹੋਇਆ ਹੈ। ਖਜ਼ਾਨਾ ਗੇਟ ਤੋਂ ਲੈ ਕੇ ਬੰਗਲਾ ਬਸਤੀ ਟੀ-ਪੁਆਇੰਟ ਤੱਕ ਨਾਲੇ ਨੂੰ ਕਵਰ ਕਰਨ ਲਈ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਵਲੋਂ 11.60 ਕਰੋੜ ਦੀ ਡੀ.ਪੀ.ਆਰ. (ਡਿਟੇਲ ਪ੍ਰੋਜੈਕਟ ਰਿਪੋਰਟ) ਤਿਆਰ ਕੀਤੀ ਗਈ ਹੈ। ਇਹ ਪੰਜਾਬ ਸਰਕਾਰ ਦੀ ਸਟੇਟ ਲੈਵਲ ਸਟਿਅਰਿੰਗ ਕਮੇਟੀ ਵੱਲੋਂ ਤਕਨੀਕੀ ਤੌਰ ਤੇ ਪ੍ਰਵਾਨ ਕਰ ਲਈ ਗਈ ਹੈ। ਇਸ ਨੂੰ ਜਵਾਹਰ ਲਾਲ ਨਹਿਰੂ ਨੈਸ਼ਨਲ ਅਰਬਨ ਰਿਨਿਊਅਲ ਮਿਸ਼ਨ ਤਹਿਤ, ਭਾਰਤ ਸਰਕਾਰ ਦੇ ਸ਼ਹਿਰੀ ਵਿਕਾਸ ਮੰਤਰਾਲੇ ਨੂੰ ਤਕਨੀਕੀ ਅਤੇ ਵਿੱਤੀ ਸਹਾਇਤਾ ਲਈ ਭੇਜਿਆ ਗਿਆ ਹੈ।

ਭਾਰਤ ਸਰਕਾਰ ਵੱਲੋਂ ਮਨਜ਼ੂਰ ਹੋਣ ਤੇ ਇਸ ਨੂੰ ਪੂਰਾ ਕਰ ਦਿੱਤਾ ਜਾਵੇਗਾ।

---

## ਅੰਮ੍ਰਿਤਸਰ ਵਿਚ ਸਕੇਤੜੀ ਬਾਗ ਦਾ ਵਿਕਾਸ

*932. (ਸੀ.ਯੂ.) ਸਰਦਾਰ ਇੰਦਰਬੀਰ ਸਿੰਘ ਬੁਲਾਰੀਆ : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੰਮ੍ਰਿਤਸਰ ਸ਼ਹਿਰ ਵਿਚ ਸ਼ਹੀਦ ਬਾਬਾ ਦੀਪ ਸਿੰਘ ਜੀ ਗੁਰਦੁਆਰੇ ਦੇ ਸਾਹਮਣੇ ਸਕੇਤੜੀ ਬਾਗ ਨੂੰ ਵਿਕਸਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ; ਤਾਂ ਇਹ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਮਨੋਰੰਜਨ ਕਾਲੀਆ : ਇਸ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਇਲਾਕੇ ਦੇ ਨਿਵਾਸੀਆਂ ਵੱਲੋਂ ਸਕੇਤੜੀ ਬਾਗ, ਅੰਮ੍ਰਿਤਸਰ ਦੇ ਵਿਕਾਸ ਸਬੰਧੀ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਨੂੰ ਬੇਨਤੀ ਕੀਤੀ ਗਈ ਸੀ ਜਿਸ ਵਿਚ ਉਹਨਾਂ ਨੇ ਇਲਾਕਾ ਵਸਨੀਕਾਂ ਨੂੰ ਇਸ ਬਾਗ ਦੇ ਵਿਕਾਸ ਸਬੰਧੀ ਭਰੋਸਾ ਦਿੱਤਾ ਹੈ। ਇਸ ਬਾਗ ਦੇ ਵਿਕਾਸ ਦਾ ਕੰਮ ਪੰਜਾਬ ਇਨਫਰਾਸਟਰਕਚਰ ਵਿਕਾਸ ਬੋਰਡ, ਚੰਡੀਗੜ੍ਹ ਨੂੰ ਦਿੱਤਾ ਗਿਆ ਹੈ ਅਤੇ ਬੋਰਡ ਵੱਲੋਂ ਇਸ ਬਾਗ ਦੇ ਵਿਕਾਸ ਸਬੰਧੀ ਕੰਸਲਟੈਂਟ ਲਗਾਉਣ ਵਾਸਤੇ ਮਿਤੀ 25 ਫਰਵਰੀ, 2009 ਨੂੰ ਬੋਰਡ ਦੇ ਵਾਸਤੇ ਮੈਸਰਜ਼ ਫੀਡਬੈਕ ਵੈਂਚਰਸ ਵੱਲੋਂ ਟੈਂਡਰ ਕਾਲ ਕੀਤੇ ਗਏ ਸਨ ਜਿਸ ਉਪਰੰਤ ਅਗਲੀ ਕਾਰਵਾਈ ਠੇਕਾ ਦੇਣ ਬਾਬਤ ਪੀ.ਆਈ.ਡੀ.ਬੀ., ਚੰਡੀਗੜ੍ਹ ਵੱਲੋਂ ਕੀਤੀ ਜਾਵੇਗੀ।

---

## ਤਹਿਸੀਲਦਾਰਾਂ ਦੀਆਂ ਖਾਲੀ ਆਸਾਮੀਆਂ

*935. (ਸੀ.ਯੂ.) ਸਰਦਾਰ ਇੰਦਰਬੀਰ ਸਿੰਘ ਬੁਲਾਰੀਆ : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਰਾਜ ਵਿਚ ਇਸ ਸਮੇਂ ਖਾਲੀ ਪਈਆਂ ਤਹਿਸੀਲਦਾਰਾਂ ਦੀਆਂ ਆਸਾਮੀਆਂ ਦੀ ਗਿਣਤੀ ਕਿੰਨੀ ਹੈ;

Original with;
Punjab Vidhan Sabha
Digitized by;
Punjab Digital Library

[ਸਰਦਾਰ ਇੰਦਰਬੀਰ ਸਿੰਘ ਬੁਲਾਰੀਆ]

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਨੂੰ ਭਰਨ ਲਈ ਸਰਕਾਰ ਨਾਇਬ-ਤਹਿਸੀਲਦਾਰਾਂ ਨੂੰ ਤਰੱਕੀ ਦੇਣ ਦੀ ਤਜਵੀਜ਼ ਰੱਖਦੀ ਹੈ ?

**ਸਰਦਾਰ ਅਜੀਤ ਸਿੰਘ ਕੋਹਾੜ** : (ੳ) ਤਹਿਸੀਲਦਾਰਾਂ ਦੇ ਕਾਡਰ ਵਿਚ ਤਰੱਕੀ ਦੇ ਕੋਟੇ ਦੀ ਕੋਈ ਆਸਾਮੀ ਖਾਲੀ ਨਹੀਂ ਹੈ।

(ਅ) ਇਸ ਸਮੇਂ ਤਰੱਕੀ ਦੇ ਕੋਟੇ ਦੀ ਕੋਈ ਆਸਾਮੀ ਭਰਨ ਦੀ ਤਜਵੀਜ਼ ਨਹੀਂ ਹੈ।

---

## ਅੰਮ੍ਰਿਤਸਰ ਸ਼ਹਿਰ ਲਈ ਲੋਕਲ ਬੱਸ ਸਰਵਿਸ

***936. (ਸੀ.ਯੂ.) ਸਰਦਾਰ ਇੰਦਰਬੀਰ ਸਿੰਘ ਬੁਲਾਰੀਆ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੰਮ੍ਰਿਤਸਰ ਨਗਰ ਨਿਗਮ ਦੀਆਂ ਹੱਦਾਂ ਦੇ ਅੰਦਰ ਸ਼ਹਿਰੀ ਬੱਸਾਂ ਚਲਾਉਣ ਦੀ ਤਜਵੀਜ਼ ਦੀ ਮੌਜੂਦਾ ਸਥਿਤੀ ਕੀ ਹੈ ?

**ਸ਼੍ਰੀ ਮਨੋਰੰਜਨ ਕਾਲੀਆ** : ਨਗਰ ਨਿਗਮ, ਅੰਮ੍ਰਿਤਸਰ ਦੀ ਹੱਦ ਅੰਦਰ ਸਿਟੀ ਬੱਸ ਸਰਵਿਸ ਚਲਾਉਣ ਲਈ ਪੰਜਾਬ ਸਰਕਾਰ ਵਲੋਂ ਚਾਰ ਰੂਟ ਘੋਸ਼ਿਤ ਕੀਤੇ ਗਏ ਹਨ ।

(1) ਵੇਰਕਾ ਤੋਂ ਜ਼ਿਲ੍ਹਾ ਕਚਹਿਰੀ, ਵਾਇਆ ਹੁਸੈਨ ਪੁਰਾ (2) ਸੈਂਟਰਲ ਜੇਲ੍ਹ ਤੋਂ ਚਾਟੀਵਿੰਡ ਗੇਟ (3) ਛੇਹਰਟਾ ਤੋਂ ਬੱਸ ਸਟੈਂਡ (4) ਦਬੂਰਜੀ ਤੋਂ ਜ਼ਿਲ੍ਹਾ ਕਚਹਿਰੀ। ਇਹਨਾਂ ਰੂਟਾਂ ਤੇ ਬੱਸਾਂ ਚਲਾਉਣ ਲਈ ਪ੍ਰਾਈਵੇਟ ਅਪਰੇਟਰਾਂ ਤੋਂ ਟੈਂਡਰ ਕਾਲ ਕੀਤੇ ਗਏ ਸਨ ਪਰ ਸਿੰਗਲ ਟੈਂਡਰ ਹੋਣ ਕਰਕੇ ਕਾਰਵਾਈ ਨਹੀਂ ਕੀਤੀ ਜਾ ਸਕੀ। ਹੁਣ ਇਸ ਕੰਮ ਲਈ ਦੁਬਾਰਾ ਟੈਂਡਰ ਕਾਲ ਕੀਤੇ ਜਾ ਰਹੇ ਹਨ। ਇਹਨਾਂ ਬੱਸਾਂ ਨੂੰ ਰਾਤ ਵੇਲੇ ਖੜ੍ਹਾ ਕਰਨ ਵਾਸਤੇ ਬੱਸ ਟਰਮੀਨਲ/ਵਰਕਸ਼ਾਪ ਅਤੇ ਦਫਤਰ ਦੀ ਉਸਾਰੀ ਮਾਲ ਮੰਡੀ ਵਿਖੇ ਕੀਤੀ ਜਾ ਰਹੀ ਹੈ। ਇਹ ਕੰਮ 75% ਮੁਕੰਮਲ ਹੋ ਚੁੱਕਾ ਹੈ। ਇਨ੍ਹਾਂ ਬੱਸਾਂ ਵਿਚ ਜੀ.ਪੀ.ਐਸ. ਸਿਸਟਮ ਲਗਾਇਆ ਜਾਵੇਗਾ ਤਾਂ ਜੋ ਬੱਸ ਸਟਾਪ ਤੇ ਖੜ੍ਹੇ ਅਤੇ ਬੱਸ ਵਿਚ ਸਵਾਰ ਯਾਤਰੂਆਂ ਨੂੰ ਬੱਸ ਬਾਰੇ ਜਾਣਕਾਰੀ ਪ੍ਰਾਪਤ ਹੋ ਸਕੇ। ਇਨ੍ਹਾਂ ਬੱਸਾਂ ਵਿਚ ਟਿਕਟਾਂ ਇਲੈਕਟ੍ਰੋਨਿਕ ਮਸ਼ੀਨਾਂ ਨਾਲ ਜਾਰੀ ਕੀਤੀਆਂ ਜਾਣਗੀਆਂ ਅਤੇ ਪਾਸ ਵੀ ਜਾਰੀ ਕੀਤੇ ਜਾਣਗੇ।

---

## ਟਰਾਂਸਪੋਰਟ ਕੰਪਨੀਆਂ ਤੋਂ ਕਰਾਂ ਨੂੰ ਇਕੱਠਾ ਕਰਨਾ

***937. (ਸੀ.ਯੂ.) ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਸਾਲ 2007-08 ਅਤੇ 2008-09 ਦੌਰਾਨ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਤੋਂ ਵੱਖ-ਵੱਖ ਕੁੱਲ ਕਿੰਨਾ ਕਰ ਇਕੱਠਾ ਕੀਤਾ ਗਿਆ;

Original with;
Punjab Vidhan Sabha
Digitized by;
Punjab Digital Library

(ਅ) ਉਪਰੋਕਤ ਦੱਸੇ ਗਏ ਸਮੇਂ ਦੌਰਾਨ ਸਭ ਤੋਂ ਵੱਧ ਕਰ ਦੇਣ ਵਾਲੀ ਕੰਪਨੀ ਦਾ ਨਾਂ ਕੀ ਹੈ ?

**ਮਾਸਟਰ ਮੋਹਨ ਲਾਲ : ਹਾਂ ਜੀ,**

(ੳ) ਸਾਲ 2007-08 ਅਤੇ 2008-09 ਦੌਰਾਨ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਤੋਂ ਵੱਖ-ਵੱਖ ਕੁੱਲ ਟੈਕਸ ਹੇਠ ਲਿਖੇ ਅਨੁਸਾਰ ਵਸੂਲਿਆ ਗਿਆ ਹੈ :—

| ਸਾਲ | ਕੁੱਲ ਵਸੂਲਿਆ ਗਿਆ ਟੈਕਸ |
|---|---|
| 2007-08 | 101.56 ਕਰੋੜ |
| 2008-09 | 83.49 ਕਰੋੜ |

(1 ਅਪ੍ਰੈਲ, 2008 ਤੋਂ 31 ਜਨਵਰੀ, 2009)

(ਅ) ਉਪਰੋਕਤ ਦੱਸੇ ਸਮੇਂ ਦੌਰਾਨ ਸਭ ਤੋਂ ਵੱਧ ਕਰ ਦੇਣ ਵਾਲੀਆਂ ਕੰਪਨੀਆਂ ਦੇ ਨਾਂ ਹੇਠ ਅਨੁਸਾਰ ਹਨ :—

| 2007-2008 (01-04-07 ਤੋਂ 31-03-08) | 2008-2009 (01-04-08 ਤੋਂ 31-01-09) |
|---|---|
| (1) ਅੰਬਾਲਾ ਬੱਸ ਸਿੰਡੀਕੇਟ (ਪ੍ਰਾ:) ਲਿਮਟਿਡ, ਰੋਪੜ। | (1) ਅੰਬਾਲਾ ਬੱਸ ਸਿੰਡੀਕੇਟ (ਪ੍ਰਾ:) ਲਿਮਟਿਡ, ਰੋਪੜ। |
| (2) ਲਿਬੜਾ ਬੱਸ ਸਰਵਿਸ ਰਜਿ:, ਮਲੇਰਕੋਟਲਾ। | (2) ਕਰਤਾਰ ਬੱਸ ਸਰਵਿਸ ਰਜਿ:, ਜਲੰਧਰ। |
| (3) ਕਰਤਾਰ ਬੱਸ ਸਰਵਿਸ ਰਜਿਸਟਰਡ, ਜਲੰਧਰ। | (3) ਲਿਬੜਾ ਬੱਸ ਸਰਵਿਸ ਰਜਿਸਟਰਡ, ਮਲੇਰਕੋਟਲਾ। |
| (4) ਰਾਜ ਟਰਾਂਸਪੋਰਟ ਕੰਪਨੀ (ਪ੍ਰਾ:) ਲਿਮਟਿਡ, ਅੰਮ੍ਰਿਤਸਰ। | (4) ਰਾਜ ਟਰਾਂਸਪੋਰਟ ਕੰਪਨੀ (ਪ੍ਰਾ:) ਲਿਮਟਿਡ, ਅੰਮ੍ਰਿਤਸਰ। |
| (5) ਨਿਊ ਫਤਿਹਗੜ੍ਹ ਸਾਹਿਬ ਸਰਹਿੰਦ ਬੱਸ ਸਰਵਿਸ (ਪ੍ਰਾ:) ਲਿਮਟਿਡ, ਸਰਹਿੰਦ। | (5) ਨਿਊ ਫਤਿਹਗੜ੍ਹ ਸਾਹਿਬ ਸਰਹਿੰਦ ਬੱਸ ਸਰਵਿਸ (ਪ੍ਰਾ:) ਲਿਮਟਿਡ, ਸਰਹਿੰਦ। |

Original with;
Punjab Vidhan Sabha
Digitized by;
Panjab Digital Library

## ਹੈਪਾਟਾਈਟਸ 'ਬੀ' ਅਤੇ 'ਸੀ' ਦੇ ਕੇਸ

***938. (ਸੀ.ਯੂ.) ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਮਾਨਸਾ ਵਿਚ ਸਾਲ 2007-08 ਅਤੇ 2008-09 ਦੌਰਾਨ ਵੱਖ-ਵੱਖ ਪਾਏ ਗਏ ਹੈਪਾਟਾਈਟਸ 'ਬੀ' ਅਤੇ 'ਸੀ' ਦੇ ਕੇਸਾਂ ਦੀ ਗਿਣਤੀ ਕਿੰਨੀ ਹੈ ਅਤੇ ਇਸ ਨੂੰ ਰੋਕਣ ਲਈ ਚੁੱਕੇ ਗਏ/ਚੁੱਕੇ ਜਾਣ ਵਾਲੇ/ਸੁਧਾਰਕ ਕਦਮਾਂ ਦੇ ਵੇਰਵੇ ਕੀ ਹਨ ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਜ਼ਿਲ੍ਹਾ ਮਾਨਸਾ ਦੀ ਰਿਪੋਰਟ ਅਨੁਸਾਰ ਹੈਪਾਟਾਈਟਸ-ਬੀ ਅਤੇ ਹੈਪਾਟਾਈਟਸ-ਸੀ ਦੇ ਕੇਸਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:—

(ਜ਼ਿਲ੍ਹਾ ਮਾਨਸਾ ਵਿੱਚ ਹੈਪਾਟਾਈਟਸ-ਬੀ ਅਤੇ ਹੈਪਾਟਾਈਟਸ-ਸੀ ਦੇ ਕੇਸਾਂ ਦੀ ਗਿਣਤੀ)

| ਸਾਲ | ਹੈਪਾਟਾਈਟਸ-ਬੀ ਦੇ ਕੇਸ | ਹੈਪਾਟਾਈਟਸ-ਸੀ ਦੇ ਕੇਸ |
|---|---|---|
| 2007-08 | ਨਿੱਲ | ਨਿੱਲ |
| 2008-09 | 2 | ਨਿੱਲ |

- ਹੈਪਾਟਾਈਟਸ-ਬੀ ਅਤੇ ਹੈਪਾਟਾਈਟਸ-ਸੀ ਦੇ ਫੈਲਣ ਦੇ ਕਾਰਣਾਂ ਅਤੇ ਕੀਤੇ ਜਾ ਸਕਣ ਵਾਲੇ ਬਚਾਅ ਉਪਰਾਲਿਆਂ ਸਬੰਧੀ ਕਮਿਊਨਿਟੀ ਸਿਹਤ ਕੇਂਦਰ/ਮੁਢਲਾ ਸਿਹਤ ਕੇਂਦਰ/ਪਿੰਡ ਪੱਧਰ ਤੇ ਲੋਕਾਂ ਨੂੰ ਪੂਰੀ ਤਰ੍ਹਾਂ ਜਾਗਰੂਕ ਕਰਨ ਲਈ ਲਗਾਤਾਰ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਹੈਪਾਟਾਈਟਸ-ਬੀ ਅਤੇ ਹੈਪਾਟਾਈਟਸ-ਸੀ ਦੂਸ਼ਿਤ ਖ਼ੂਨ ਜਾਂ ਖ਼ੂਨ ਲੈਣ ਵਾਲੀਆਂ ਸਰਿੰਜਾਂ/ਹੋਰ ਵਸਤਾਂ ਰਾਹੀਂ ਫੈਲਦਾ ਹੈ।
- ਜ਼ਿਲ੍ਹਾ ਅਤੇ ਰਾਜ ਪੱਧਰ ਤੇ ਸੂਚਨਾ, ਸਿੱਖਿਆ ਅਤੇ ਸੰਚਾਰ ਗਤੀਵਿਧੀਆਂ ਲਗਾਤਾਰ ਅਤੇ ਅਸਰਦਾਰ ਢੰਗ ਨਾਲ ਚਲਾਈਆਂ ਜਾ ਰਹੀਆਂ ਹਨ।
- ਵੈਕਸੀਨ ਰਾਹੀਂ ਰੋਕਥਾਮ ਹੋਣ ਵਾਲੀਆਂ ਬਿਮਾਰੀਆਂ ਦੇ ਟੀਕਾਕਰਣ ਲਈ ਬੱਚਿਆਂ ਨੂੰ ਟੀਕੇ ਲਗਾਉਣ ਲਈ ਖਾਸ ਤੌਰ ਤੇ ਆਟੋ ਡਿਸਏਬਲਡ ਸਰਿੰਜਾਂ ਦੀ ਵਰਤੋਂ ਕੀਤੀ ਜਾਂਦੀ ਹੈ।
- ਸਿਹਤ ਵਿਭਾਗ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਲੋੜ ਪੈਣ ਤੇ ਟੀਕੇ ਰਾਹੀਂ ਦਵਾਈਆਂ ਦੇਣ ਲਈ ਕੀਟਾਣੂੰ ਰਹਿਤ ਸਰਿੰਜਾਂ ਅਤੇ ਸੂਈਆਂ ਵਰਤੀਆਂ ਜਾ ਰਹੀਆਂ ਹਨ। ਡਿਸਪੋਜੇਬਲ ਸਰਿੰਜਾਂ ਰਾਜ ਦੀਆਂ ਸਿਹਤ ਸੰਸਥਾਵਾਂ ਵਿੱਚ ਕਾਫੀ ਮਾਤਰਾ ਵਿੱਚ ਉਪਲਬੱਧ ਹਨ।

Original with;
Punjab Vidhan Sabha
Digitized by;
Panjab Digital Library

- ਜਨਵਰੀ 2008 ਤੋਂ ਹੈਪਾਟਾਈਟਸ-ਬੀ ਦੀ ਰੋਕਥਾਮ ਲਈ ਹੈਪਾਟਾਈਟਸ-ਬੀ ਵੈਕਸੀਨ ਨੂੰ ਸਮੁੱਚੇ ਪੰਜਾਬ ਦੇ ਰੁਟੀਨ ਟੀਕਾਕਰਣ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਪਰੰਤੂ ਇਸ ਸਮੇਂ ਹੈਪਾਟਾਈਟਸ-ਸੀ ਦੀ ਰੋਕਥਾਮ ਲਈ ਕੋਈ ਵੈਕਸੀਨ ਮੌਜੂਦ ਨਹੀਂ ਹੈ।
- ਸਾਰੀਆਂ ਸਿਹਤ ਸੰਸਥਾਵਾਂ ਵਿੱਚ ਸੂਈਆਂ ਅਤੇ ਪਲਾਸਟਿਕ ਦੀਆਂ ਸਰਿੰਜਾਂ ਨੂੰ ਵਰਤੋਂ ਤੋਂ ਬਾਅਦ ਨਸ਼ਟ ਕਰ ਦਿੱਤਾ ਜਾਂਦਾ ਹੈ।
- ਰਾਜ ਦੇ ਸਾਰੇ ਬਲੱਡ ਬੈਂਕਾਂ ਵਿੱਚ ਮਰੀਜ਼ਾਂ ਨੂੰ ਖੂਨ ਚੜ੍ਹਾਉਣ ਤੋਂ ਪਹਿਲਾਂ ਹੈਪਾਟਾਈਟਸ-ਬੀ ਅਤੇ ਹੈਪਾਟਾਈਟਸ-ਸੀ ਦੀ ਜਾਂਚ ਕੀਤੀ ਜਾਂਦੀ ਹੈ।

---

## ਬਠਿੰਡਾ ਵਿਖੇ ਪਾਰਸ ਰਾਮ ਨਗਰ ਹਸਪਤਾਲ ਦੀ ਉਸਾਰੀ

***939. (ਸੀ.ਯੂ.) ਸ਼੍ਰੀ ਹਰਮਿੰਦਰ ਸਿੰਘ ਜੱਸੀ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਬਠਿੰਡਾ ਵਿਖੇ ਪਾਰਸ ਰਾਮ ਨਗਰ ਹਸਪਤਾਲ ਲਈ ਦਾਨ ਦਿੱਤੀ ਜ਼ਮੀਨ ਦਾ ਕੁੱਲ ਰਕਬਾ ਕਿੰਨਾ ਹੈ;

(ਅ) ਉਕਤ ਹਸਪਤਾਲ ਦੀ ਉਸਾਰੀ ਕਰਨ ਲਈ ਸਰਕਾਰ ਦੁਆਰਾ ਜਾਰੀ ਕੀਤੀ ਕੁੱਲ ਰਕਮ ਕਿੰਨੀ ਹੈ ਅਤੇ ਇਸ ਦੀ ਉਸਾਰੀ ਦੇ ਕੰਮ ਦੀ ਮੌਜੂਦਾ ਸਥਿਤੀ ਕੀ ਹੈ ?

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** (ੳ) ਪਾਰਸ ਰਾਮ ਨਗਰ ਵਿਖੇ ਹਸਪਤਾਲ ਲਈ ਦਾਨ ਕੀਤੀ ਗਈ ਜ਼ਮੀਨ ਦਾ ਕੁੱਲ ਰਕਬਾ 3510 ਵਰਗ ਮੀਟਰ ਹੈ।

(ਅ) ਹਸਪਤਾਲ ਦੀ ਉਸਾਰੀ ਕਰਨ ਲਈ ਸਰਕਾਰ ਵੱਲੋਂ ਹਾਲੇ ਕੋਈ ਫੰਡ ਜਾਰੀ ਨਹੀਂ ਕੀਤੇ ਗਏ। ਇਸ ਹਸਪਤਾਲ ਦੀ ਉਸਾਰੀ ਹਾਲੇ ਸ਼ੁਰੂ ਨਹੀਂ ਕੀਤੀ ਗਈ।

---

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 940 (ਸੀ.ਯੂ.)**

---

## ਨਾਭਾ ਸ਼ਹਿਰ ਵਿਚ ਸੀਵਰੇਜ ਵਿਛਾਉਣਾ

***943. (ਸੀ.ਯੂ.) ਸਰਦਾਰ ਰਣਦੀਪ ਸਿੰਘ ਨਾਭਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਨਾਭਾ ਵਿਚ ਸੀਵਰੇਜ ਪ੍ਰਾਜੈਕਟ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸਦੇ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ;

(ਅ) 1 ਮਾਰਚ, 2007 ਤੋਂ ਮਿਤੀ ਅੰਤ ਤੱਕ ਨਗਰ ਪਾਲਿਕਾ ਨਾਭਾ ਵਿਚ ਨਿਯੁਕਤ ਕੀਤੇ ਗਏ ਕਾਰਜਕਾਰੀ ਅਧਿਕਾਰੀਆਂ ਦੇ ਨਾਂ ਕੀ-ਕੀ ਹਨ ਅਤੇ ਕਿਹੜੇ ਅਧਾਰਾਂ ਤੇ ਉਨ੍ਹਾਂ ਦੀ ਨਾਭੇ ਤੋਂ ਬਦਲੀ ਕੀਤੀ ਗਈ ?

---

**For Starred Question No. 940 (C.U.) and reply thereto, please *see* Appendix to this Annexure.

Original with;
Punjab Vidhan Sabha
Digitized by;
Panjab Digital Library

ਸ਼੍ਰੀ ਮਨੋਰੰਜਨ ਕਾਲੀਆ : (ੳ) 22% ਸ਼ਹਿਰ ਵਿੱਚ ਸੀਵਰੇਜ ਦੀ ਸਹੂਲਤ ਉਪਲਬਧ ਹੈ। ਸ਼ਹਿਰ ਦੇ ਬਾਕੀ ਹਿੱਸੇ ਵਿੱਚ ਸੀਵਰ ਪਾਉਣ ਲਈ 21.09 ਕਰੋੜ ਰੁਪਏ ਦਾ ਪ੍ਰੋਜੈਕਟ ਤਿਆਰ ਕੀਤਾ ਗਿਆ ਹੈ ਜਿਸ ਤਹਿਤ 24.38 ਕਿਲੋਮੀਟਰ ਸੀਵਰ ਲਾਈਨਾਂ ਅਤੇ ਇਕ ਨੰਬਰ ਸੀਵਰੇਜ ਟਰੀਟਮੈਂਟ ਪਲਾਂਟ ਲਗਾਉਣ ਦੀ ਤਜਵੀਜ਼ ਹੈ। ਇਸ ਪ੍ਰੋਜੈਕਟ ਲਈ ਫੰਡਜ਼ ਨਗਰ ਕੌਂਸਲ ਨਾਭਾ ਵੱਲੋਂ ਆਪਣੇ ਸਾਧਨਾਂ ਤੋਂ ਜਾਂ ਕਿਸੇ ਵਿੱਤੀ ਅਦਾਰੇ ਤੋਂ ਪ੍ਰਬੰਧ ਕਰਕੇ ਬੋਰਡ ਨੂੰ ਮੁਹੱਈਆ ਕਰਵਾਏ ਜਾਣੇ ਹਨ। ਇਹ ਕੰਮ ਫੰਡਜ਼ ਜਮ੍ਹਾਂ ਹੋਣ ਤੋਂ ਦੋ ਸਾਲ ਦੇ ਸਮੇਂ ਵਿੱਚ ਮੁਕੰਮਲ ਕੀਤਾ ਜਾਵੇਗਾ।

| ਲੜੀ ਨੰ: | ਈ.ਓ. ਦਾ ਨਾਂ | ਸਮਾਂ | ਕਥਨ |
|---|---|---|---|
| 1 | ਸ਼੍ਰੀ ਸੁਰਜੀਤ ਸਿੰਘ | 1-2-06 ਤੋਂ 1-10-08 ਤੱਕ | ਲੋਕ ਹਿੱਤ ਵਿੱਚ |
| 2 | ਸ਼੍ਰੀ ਬ੍ਰਿਜਮੋਹਨ ਚੰਬ | 8-10-08 ਤੋਂ 13-10-08 ਤੱਕ | -ਉਹੀ- |
| 3 | ਸ਼੍ਰੀ ਰਣਵੀਰ ਸਿੰਘ | 15-10-08 ਤੋਂ 10-2-09 ਤੱਕ | -ਉਹੀ- |
| 4 | ਸ਼੍ਰੀ ਜਗਜੀਤ ਸਿੰਘ ਜੱਜ | 16-2-09 ਤੋਂ ਹੁਣ ਤੱਕ | -ਉਹੀ- |

## ਨਾਭਾ ਕੈਂਟ-ਲੋਪੋ ਸੜਕ ਦੀ ਮੁਰੰਮਤ

*944. (ਸੀ.ਯੂ.) ਸਰਦਾਰ ਰਣਦੀਪ ਸਿੰਘ ਨਾਭਾ : ਕੀ ਲੋਕ ਕਾਰਜ (ਭਵਨ ਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਪਟਿਆਲਾ ਵਿਚ ਨਾਭਾ ਕੈਂਟ ਤੋਂ ਲੋਪੋ ਅਤੇ ਚੌਧਰੀ ਮਾਜ਼ਰਾ (ਪੁਲੀ) ਤੋਂ ਲੋਪੋ-ਪੁਲ ਸੜਕਾਂ ਦੀ ਮੁਰੰਮਤ ਅਤੇ ਚੌੜਾ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਨਹੀਂ, ਜੀ। ਅਜੇ ਇਸ ਤਰ੍ਹਾਂ ਦੀ ਕੋਈ ਤਜਵੀਜ਼ ਨਹੀਂ ਹੈ।

## ਰਾਜਿੰਦਰਾ ਹਸਪਤਾਲ, ਪਟਿਆਲਾ ਵਿੱਚ ਅਗਨੀ ਕਾਂਡ ਦੀ ਪੜਤਾਲ

*945. (ਸੀ.ਯੂ.) ਸਰਦਾਰ ਰਣਦੀਪ ਸਿੰਘ ਨਾਭਾ : ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਰਾਜਿੰਦਰਾ ਹਸਪਤਾਲ, ਪਟਿਆਲਾ ਵਿਚ ਹਾਲ ਹੀ ਵਿਚ ਵਾਪਰੇ ਅਗਨੀ ਕਾਂਡ ਦੇ ਕਾਰਣਾਂ ਦੀ ਪੜਤਾਲ ਕੀਤੀ ਹੈ, ਜਿਸ ਵਿਚ ਨਵੇਂ ਜਨਮੇ ਬੱਚੇ ਸੜ ਕੇ ਮਰ ਗਏ ਸਨ; ਜੇਕਰ ਅਜਿਹਾ ਹੋਵੇ, ਤਾਂ ਪੜਤਾਲੀਆ ਰਿਪੋਰਟ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ;

Original with;
Punjab Vidhan Sabha
Digitized by;
Panjab Digital Library

(ਅ) ਰਿਪੋਰਟ ਵਿਚ ਦੋਸ਼ੀ ਪਾਏ ਗਏ ਅਫਸਰਾਂ ਦੇ ਨਾਂ ਕੀ-ਕੀ ਹਨ ਅਤੇ ਉਨ੍ਹਾਂ ਦੇ ਵਿਰੁੱਧ ਕੀ ਕਾਰਵਾਈ ਕੀਤੀ ਗਈ ਹੈ/ਕੀਤੀ ਜਾਣੀ ਤਜਵੀਜ਼ਤ ਹੈ ਅਤੇ ਸਰਕਾਰ ਦੁਆਰਾ ਰਾਜ ਵਿਚ ਭਵਿੱਖ ਵਿਚ ਹਸਪਤਾਲ ਵਿਚ ਅਜਿਹੀਆਂ ਘਟਨਾਵਾਂ ਦੀ ਰੋਕਥਾਮ ਲਈ ਚੁੱਕੇ ਗਏ/ਚੁੱਕੇ ਜਾਣ ਵਾਲੇ ਕਦਮ ਕੀ ਹਨ ?

**ਸ਼੍ਰੀ ਤਿਕਸ਼ਨ ਸੂਦ :** (ੳ) ਅਤੇ (ਅ) ਰਾਜਿੰਦਰਾ ਹਸਪਤਾਲ, ਪਟਿਆਲਾ ਦੇ ਗਾਇਨੀ ਵਾਰਡ ਦੀ ਨਰਸਰੀ ਵਿੱਚ ਮਿਤੀ 31 ਜਨਵਰੀ, 2009 ਨੂੰ ਸਵੇਰੇ ਕਰੀਬ 4.30 ਵਜੇ ਲੱਗੀ ਅੱਗ ਕਾਰਨ ਪੰਜ ਮਾਸੂਮ ਨਵ-ਜੰਮੇ ਬੱਚਿਆਂ ਦੀ ਇਨਕਿਊਬੇਟਰ ਵਿੱਚ ਮੌਤ ਹੋ ਗਈ ਹੈ। ਸਰਕਾਰ ਵੱਲੋਂ ਇਸ ਦੁਰਘਟਨਾ ਦੀ ਜੁਡੀਸ਼ੀਅਲ ਜਾਂਚ ਕਰਨ ਲਈ ਜਸਟਿਸ ਕੇ.ਸੀ. ਗੁਪਤਾ (ਰਿਟਾਇਰਡ) ਜੱਜ, ਪੰਜਾਬ ਅਤੇ ਹਰਿਆਣਾ, ਹਾਈ ਕੋਰਟ ਨੂੰ ਨਿਯੁਕਤ ਕੀਤਾ ਜਾ ਚੁੱਕਾ ਹੈ ਅਤੇ ਰਿਪੋਰਟ ਦੀ ਉਡੀਕ ਹੈ।

ਜੁਡੀਸ਼ੀਅਲ ਜਾਂਚ ਦੇ ਸਿੱਟੇ ਵੱਜੋਂ ਲਾਪਰਵਾਹੀ ਵਰਤਣ ਅਤੇ ਕਸੂਰਵਾਰ ਪਾਏ ਗਏ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਸਰਕਾਰ ਕਰੀਮੀਨਲ ਕੇਸ ਵੀ ਦਰਜ ਕਰਵਾਉਣ ਤੋਂ ਨਹੀਂ ਹਿਚਕਿਚਾਏਗੀ। ਇਸ ਤੋਂ ਇਲਾਵਾ ਡਾਕਟਰ ਬੀ.ਐਨ.ਐਸ. ਵਾਲੀਆ, ਪੂਰਵਲੇ ਡਾਇਰੈਕਟਰ, ਪੀ.ਜੀ.ਆਈ., ਚੰਡੀਗੜ੍ਹ ਦੀ ਪ੍ਰਧਾਨਗੀ ਹੇਠ ਇੱਕ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਹ ਕਮੇਟੀ ਸਰਕਾਰੀ ਮੈਡੀਕਲ ਕਾਲਜਾਂ/ਹਸਪਤਾਲਾਂ ਅਤੇ ਸਰਕਾਰੀ ਡੈਂਟਲ ਕਾਲਜਾਂ/ਹਸਪਤਾਲਾਂ ਦੇ ਵਿੱਚ ਕੀ ਖਾਮੀਆਂ ਹਨ ਅਤੇ ਇਹਨਾਂ ਹਸਪਤਾਲਾਂ ਨੂੰ ਸਟਾਫ ਅਤੇ ਇਕੁਇਪਮੈਂਟ ਦੀ ਕਿੰਨੀ ਜ਼ਰੂਰਤ ਹੈ, ਦਾ ਅਧਿਐਨ ਕਰਕੇ ਸਰਕਾਰ ਨੂੰ ਰਿਪੋਰਟ ਕਰੇਗੀ।

---

## ਸੋਹਾਣੇ ਤੋਂ 220 ਕੇ.ਵੀ.ਏ. ਗ੍ਰਿਡ ਸਟੇਸ਼ਨ ਨੂੰ ਬਦਲਣਾ

***946. (ਸੀ.ਯੂ.) ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੋਹਾਣਾ ਨੇੜੇ ਲਗਾਏ ਜਾ ਰਹੇ 220 ਕੇ.ਵੀ.ਏ. ਗ੍ਰਿਡ ਸਟੇਸ਼ਨ ਨੂੰ ਇਸਦੇ ਚਾਲੂ ਹੋਣ ਤੋਂ ਪਹਿਲਾਂ ਹੀ ਬਦਲਣ ਦੇ ਕਾਰਨ ਕੀ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਸੋਹਾਣਾ ਨੇੜੇ (ਸੈਕਟਰ 80 ਮੋਹਾਲੀ ਵਿਖੇ) ਲਗਾਏ ਜਾ ਰਹੇ 220 ਕੇ.ਵੀ. ਗਰਿਡ ਸਬ-ਸਟੇਸ਼ਨ ਨੂੰ ਬਦਲਣ ਦੀ ਕੋਈ ਤਜਵੀਜ਼ ਨਹੀਂ ਹੈ।

---

Original with;
Punjab Vidhan Sabha
Digitized by;
Panjab Digital Library

## ਗਮਾਡਾ ਦੁਆਰਾ ਜ਼ਮੀਨ ਦੀ ਪ੍ਰਾਪਤੀ

***947. (ਸੀ.ਯੂ.) ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਮੀਨ ਪ੍ਰਾਪਤ ਕਰਨ ਲਈ ਕੀਮਤਾਂ ਨਿਰਧਾਰਿਤ ਕਰਨ ਲਈ ਗਮਾਡਾ ਦੁਆਰਾ ਅਪਣਾਈ ਜਾ ਰਹੀ ਕਸੌਟੀ ਦੇ ਵੇਰਵੇ ਕੀ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਐਕਵਾਇਰ ਕੀਤੀ ਜਾਣ ਵਾਲੀ ਜ਼ਮੀਨ ਦੀ ਕੀਮਤ ਨਿਰਧਾਰਿਤ ਕਰਨ ਲਈ ਪ੍ਰਕ੍ਰਿਆ ਸਰਕਾਰ ਦੁਆਰਾ ਨਿਰਧਾਰਿਤ ਕੀਤੀ ਗਈ ਹੈ। ਇਸ ਪ੍ਰਕ੍ਰਿਆ ਅਨੁਸਾਰ ਜ਼ਿਲ੍ਹਾ ਪੱਧਰ ਮੁੱਲ ਨਿਰਧਾਰਣ ਕਮੇਟੀ ਦੀਆਂ ਸਿਫ਼ਾਰਸ਼ਾਂ ਦੇ ਅਧਾਰ ਤੇ ਇਸ ਸਬੰਧ ਵਿਚ ਬਣਾਈ ਗਈ ਕੈਬਨਿਟ ਸਬ-ਕਮੇਟੀ ਦੁਆਰਾ ਰੇਟ ਨਿਰਧਾਰਿਤ ਕੀਤੇ ਜਾਂਦੇ ਹਨ। ਗਮਾਡਾ ਦਾ ਇਸ ਨਾਲ ਸਿੱਧਾ ਸਬੰਧ ਨਹੀਂ ਹੈ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 948 (ਸੀ.ਯੂ.)****

---

## ਪੰਜਾਬ ਰਾਜ ਸਹਿਕਾਰੀ ਬੈਂਕ ਲਿਮਟਿਡ ਦੇ ਲਾਭ/ਹਾਨੀਆਂ

***949. (ਸੀ.ਯੂ.) ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਦੋ ਸਾਲਾਂ ਲਈ ਪੰਜਾਬ ਰਾਜ ਸਹਿਕਾਰੀ ਬੈਂਕ ਲਿਮਟਿਡ ਦੇ ਖਾਤਿਆਂ ਦੇ ਲਾਭ/ਹਾਨੀਆਂ ਦੇ ਵੇਰਵੇ ਕੀ ਹਨ ?

**ਕੈਪਟਨ ਕੰਵਲਜੀਤ ਸਿੰਘ :** ਪੰਜਾਬ ਰਾਜ ਸਹਿਕਾਰੀ ਬੈਂਕ ਨੇ ਪਿਛਲੇ ਦੋ ਸਾਲਾਂ ਦੌਰਾਨ ਹੇਠਾਂ ਲਿਖੇ ਅਨੁਸਾਰ ਮੁਨਾਫਾ ਕਮਾਇਆ ਹੈ।

| ਸਾਲ | ਮੁਨਾਫੇ ਦੀ ਰਕਮ |
|---|---|
| 2006-07 | 2379.26 ਲੱਖ ਰੁਪਏ |
| 2007-08 | 1034.65 ਲੱਖ ਰੁਪਏ |

ਪੰਜਾਬ ਰਾਜ ਸਹਿਕਾਰੀ ਬੈਂਕ ਦੇ ਪਿਛਲੇ ਦੋ ਸਾਲਾਂ ਦੇ ਲਾਭ ਅਤੇ ਹਾਨੀ ਖਾਤੇ ਦਾ ਵੇਰਵਾ ਨਾਲ ਨੱਥੀ ਅਨੁਲੱਗ (ੳ) ਉਤੇ ਦਿੱਤਾ ਗਿਆ ਹੈ।

---

**For Starred Question No. 948 (C.U.) and reply thereto, please *see* Appendix to this Annexure.

Original with;
Punjab Vidhan Sabha
Digitized by;
Panjab Digital Library

ਅਨੁਲੱਗ (ੳ)

(Amount in Lacs)

| S. No. | Particulars | 2006-07 | 2007-08 |
|---|---|---|---|
| A | **EXPENDITURE** | | |
| 1 | Interest on Deposits and Borrowing | 14151.80 | 18165.77 |
| 2 | Salaries and Allowances and P.F. | 2056.15 | 2375.94 |
| 3 | Directors and Local Committee Members Fee and Allowances | 11.22 | 10.40 |
| 4 | Rent, taxes, insurance, lighting etc. | 219.31 | 200.78 |
| 5 | Law charges | 8.39 | 5.61 |
| 6 | Postage, telegram and telephone charges | 13.91 | 20.49 |
| 7 | Auditor's fees | 13.11 | 7.11 |
| 8 | Depreciation on repair to property | 151.34 | 146.30 |
| 9 | Stationery, printing and advertisement | 24.40 | 33.79 |
| 10 | Loss from sale of or dealing with non banking assets | 0.00 | 0.00 |
| 11 | Other expenditure | 181.09 | 213.79 |
| 12 | Provision for Standard Assets | 177.50 | 340.00 |
| 13 | Provision for NPA as per Income Tax Act | 192.91 | 83.89 |
| 14 | Net Profit (Before tax) | 2379.26 | 1034.65 |
| | **Total** | **19580.39** | **22638.52** |
| B | **INCOME** | | |
| 1 | Interest and Discount | 19485.65 | 22546.44 |
| 2 | Commission, Exchange and Brokerage | 27.25 | 43.97 |
| 3 | Subsidies and donations | 0.00 | 0.00 |
| 4 | Income from Non banking assets and profit from sale of or dealing with such assets | 0.00 | 0.00 |
| 5 | Other receipts | 67.49 | 48.11 |
| 6 | Loss (if any) | 0.00 | 0.00 |
| | **Total** | **19580.39** | **22638.52** |

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 950 (ਸੀ.ਯੂ.)**

---

ਤਮਗੇ ਜਿੱਤਣ ਵਾਲੇ ਖਿਡਾਰੀਆਂ ਦੇ ਕੋਚਾਂ ਲਈ ਨਕਦ ਇਨਾਮ

*951. (ਸੀ.ਯੂ.) ਚੌਧਰੀ ਮੋਹਨ ਲਾਲ : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਉਨ੍ਹਾਂ ਖਿਡਾਰੀਆਂ ਦੇ ਕੋਚਾਂ ਨੂੰ, ਜਿਨ੍ਹਾਂ ਨੇ ਬੀਜਿੰਗ ਉਲੰਪਿਕ ਵਿਚ ਕਾਂਸੀ ਦੇ ਤਮਗੇ ਜਿੱਤੇ ਹਨ, ਰਾਜ ਸਰਕਾਰ ਦੁਆਰਾ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ;

(ਅ) ਕੀ ਇਹ ਠੀਕ ਹੈ ਕਿ ਉਪਰੋਕਤ ਭਾਗ (ੳ) ਵਿਚ ਵਰਣਿਤ ਕੋਚਾਂ ਨੂੰ ਸਨਮਾਨਿਤ ਕਰਦੇ ਸਮੇਂ, ਰਾਜ ਸਰਕਾਰ ਨੇ ਕਿਸੇ ਤਰ੍ਹਾਂ ਦਾ ਵਿਤਕਰਾ ਕੀਤਾ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਕੀ ਕਾਰਨ ਹਨ ?

ਸਰਦਾਰ ਸੁਖਬੀਰ ਸਿੰਘ ਬਾਦਲ : (ੳ) ਜੀ ਹਾਂ, ਪੰਜਾਬ ਸਰਕਾਰ ਵੱਲੋਂ ਸ਼੍ਰੀ ਜੀ.ਐਸ. ਸੰਧੂ, ਚੀਫ ਨੈਸ਼ਨਲ ਕੋਚ, ਬਾਕਸਿੰਗ ਨੂੰ 11.00 ਲੱਖ ਰੁਪਏ ਦੀ ਕੈਸ਼ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ ਹੈ।

(ਅ) ਨਹੀਂ ਜੀ।

---

**Reply to Starred Question No. 950 (C.U.) was not received till 2-5-2011 i.e. the date on which this Annexure was sent to the Press for final printing.

Please see Appendix.

12772 PVS—Govt. Press, U.T., Chd.

Original with;
Punjab Vidhan Sabha
Digitized by;
Panjab Digital Library

# APPENDIX
# TO
# ANNEXURE
# TO
# PUNJAB VIDHAN SABHA
# DEBATES

*Monday, the 9th March, 2009*

*Vol. VI–No. 5*

UNSTARRED QUESTIONS (CONVERTED AS SUCH FROM BEING STARRED QUESTIONS) AND ANSWERS

## ਵਿਆਹ ਰਜਿਸਟ੍ਰੇਸ਼ਨ ਦਫ਼ਤਰ ਦੀ ਸਥਾਪਨਾ

*809. (ਸੀ.ਯੂ.) ਸਰਦਾਰ ਮੱਖਣ ਸਿੰਘ : ਕੀ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਅਪ੍ਰਵਾਸੀ ਭਾਰਤੀ ਪਤੀਆਂ ਦੁਆਰਾ ਛੱਡੀਆਂ ਗਈਆਂ ਮਹਿਲਾਵਾਂ ਨੂੰ ਕਾਨੂੰਨੀ ਅਤੇ ਵਿੱਤੀ ਮੱਦਦ ਮੁਹੱਈਆ ਕਰਾਉਣ ਲਈ ਕੋਈ ਫੈਸਲਾ ਲਿਆ ਹੈ ;

(ਅ) ਕੀ ਸਰਕਾਰ ਅਪ੍ਰਵਾਸੀ ਭਾਰਤੀਆਂ ਲਈ ਵਿਆਹ ਰਜਿਸਟਰੇਸ਼ਨ ਦਫ਼ਤਰ ਸਥਾਪਿਤ ਕਰਨ ਲਈ ਵੀ ਵਿਚਾਰ ਕਰ ਰਹੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਸ ਸਬੰਧ ਵਿੱਚ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ ਹਨ ?

ਡਾਕਟਰ ਉਪਿੰਦਰਜੀਤ ਕੌਰ (ਸਿੱਖਿਆ, ਚੌਕਸੀ ਤੇ ਨਿਆਂ ਮਾਮਲੇ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ) : (ੳ) ਜੀ ਨਹੀਂ।

(ਅ) ਜੀ ਨਹੀਂ ।

---

## ਪ੍ਰਧਾਨ ਮੰਤਰੀ ਸੜਕ ਯੋਜਨਾ ਅਧੀਨ ਨੀਂਹ ਪੱਥਰ ਰੱਖਣ ਦੇ ਸਮਾਰੋਹ

*835. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ : ਕੀ ਲੋਕ ਕਾਰਜ (ਭਵਨ ਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਐਮ.ਐਲ.ਏਜ਼. ਨੂੰ ਉਹਨਾਂ ਦੇ ਆਪਣੇ ਹਲਕਿਆਂ ਵਿੱਚ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਅਧੀਨ ਨੀਂਹ ਪੱਥਰ ਰੱਖਣ ਦੇ ਸਮਾਰੋਹ ਵਿੱਚ ਨਹੀਂ ਸੱਦਿਆ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਣ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਪਰਮਿੰਦਰ ਸਿਘ ਢੀਂਡਸਾ** : ਇਹ ਸੱਚ ਨਹੀਂ ਕਿ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਦੇ ਕੰਮ ਦੇ ਨੀਂਹ ਪੱਥਰ ਰੱਖਣ ਸਮੇਂ ਮੈਂਬਰ ਵਿਧਾਨ ਸਭਾ ਨੂੰ ਨਹੀਂ ਬੁਲਾਇਆ ਜਾਂਦਾ। ਆਮ ਤੌਰ ਤੇ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਦੇ ਅਧੀਨ ਪ੍ਰਵਾਨ ਕੰਮਾਂ ਦਾ ਨੀਂਹ ਪੱਥਰ, ਪੇਂਡੂ ਵਿਕਾਸ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ ਵਲੋਂ ਦਿੱਤੇ ਸੁਝਾਅ ਅਨੁਸਾਰ ਸਬੰਧਤ ਮਾਨਯੋਗ ਲੋਕ ਸਭਾ ਮੈਂਬਰ ਵੱਲੋਂ ਰੱਖਿਆ ਜਾਂਦਾ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਲਾਕੇ ਤੋਂ ਚੁਣੇ ਗਏ ਪ੍ਰਤੀਨਿਧੀਆਂ ਨੂੰ ਸਨਮਾਨ ਸਹਿਤ ਪੁੱਜਣ ਦਾ ਸੱਦਾ ਦਿੱਤਾ ਜਾਂਦਾ ਹੈ।

---

**ਸਰਕਾਰੀ ਦਫ਼ਤਰਾਂ ਦਾ ਕੰਪਿਊਟਰੀਕਰਨ**

***856. (ਸੀ.ਯੂ.) ਸਰਦਾਰ ਅਜੀਤ ਸਿੰਘ ਸ਼ਾਂਤ**
**ਸਰਦਾਰ ਜੋਗਿੰਦਰ ਸਿੰਘ ਪੰਜਗਰਾਈਂ** } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਉਨ੍ਹਾਂ ਸਰਕਾਰੀ ਦਫਤਰਾਂ ਦੀ ਗਿਣਤੀ ਕਿੰਨੀ ਹੈ ਜਿੱਥੇ ਕੰਪਿਊਟਰੀਕਰਨ ਨਾਲ ਸਬੰਧਤ ਕੰਮ ਮੁਕੰਮਲ ਹੋ ਚੁੱਕਿਆ ਹੈ ਅਤੇ ਅਜਿਹੇ ਦਫਤਰਾਂ ਦੀ ਗਿਣਤੀ ਕਿੰਨੀ ਹੈ ਜੋ ਹਾਲੇ ਤੱਕ ਇਸ ਤੋਂ ਵਾਂਝੇ ਹਨ ਅਤੇ ਇਨ੍ਹਾਂ ਨੂੰ ਕਦੋਂ ਤੱਕ ਕੰਪਿਊਟਰੀਕਰਨ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ (ਸੂਚਨਾ ਤਕਨਾਲੋਜੀ ਮੰਤਰੀ)** : ਸ਼੍ਰੀਮਾਨ ਜੀ, ਪੰਜਾਬ ਰਾਜ ਵਿਚ ਸਰਕਾਰੀ ਦਫਤਰਾਂ ਦੇ ਕੰਪਿਊਟਰੀਕਰਨ ਦਾ ਵੇਰਵਾ ਅਨੁਲੱਗ 'ੳ' ਅਨੁਸਾਰ ਹੈ ਜੀ। ਰਾਜ ਵਿਚ ਬਾਕੀ ਰਹਿੰਦੇ ਵਿਭਾਗਾਂ ਦੇ ਕੰਪਿਊਟਰੀਕਰਨ ਦਾ ਕੰਮ ਜਲਦੀ ਤੋਂ ਜਲਦੀ ਪੂਰਾ ਕਰਨ ਦਾ ਉਪਰਾਲਾ ਕੀਤਾ ਜਾਵੇਗਾ ਜੀ।

Original with;
Punjab Vidhan Sabha
Digitized by;
Punjab Digital Library

